www.sikhbookclub.com

# ਕਰਮ ਅਤੇ ਕਲਮ ਦਾ ਵਣਜਾਰਾ

## ਸੌਦਾਗਰ ਸਿੰਘ ਭਿਖਾਰੀ

(ਜੀਵਨ ਤੇ ਰਚਨਾ)



www.sikhbookclub.com

# ਕਰਮ ਅਤੇ ਕਲਮ ਦਾ ਵਣਜਾਰਾ

-ਸੌਦਾਗਰ ਸਿੰਘ ਭਿਖਾਰੀ
(ਜੀਵਨ ਤੇ ਰਚਨਾ)

www.sikhbookclub.com

# ਭਿਖਾਰੀ ਜੀ ਦਾ ਸਾਹਿਤ

1. 'ਪ੍ਰੇਮ ਲਹਿਰਾਂ' ਕਵਿਤਾ ਸੰਗ੍ਰਹਿ-1930 ਕਵੀ ਕੁਟੀਆ ਕੋਲਕੱਤਾ
2. 'ਪੰਚ ਪਰਮੇਸ਼ਰ' ਲੰਮੀ ਕਹਾਣੀ-1928-ਕਵੀ ਕੁਟੀਆ ਕੋਲਕੱਤਾ
3. 'ਸ਼ਾਦੀ ਕਿ ਬਰਬਾਦੀ' ਲੰਮੀ ਕਹਾਣੀ-1935-ਵਿਹਾਰ ਸੁਧਾਰ ਫਗਵਾੜਾ
4. ਠਾਕਰ ਸਿੰਘ ਆਰਟਿਸਟ ਦਾ ਮੁਲੰਕਣ-1933-ਫਾਈਨ ਆਰਟ ਐਸੋਸੀਏਸ਼ਨ ਕੋਲਕੱਤਾ
5. 'ਦੇਵੀ ਚੌਧਰਾਣੀ' (ਨਾਵਲ ਉਲਥਾ) ਬੰਕਿਮ ਚੰਦਰ ਚੈਟਰਜੀ (ਬੰਗਾਲੀ ਤੋਂ) 1931-ਮੈਨੇਜਰ ਮੌਜੀ ਅਮ੍ਰਿਤਸਰ
6. 'ਦੇਸ਼ ਭਗਤੀ' (ਦੂਖੀ ਨਾਲ ਨਾਵਲ ਉਲਥਾ) ਬੰਕਿਮ ਚੰਦਰ ਦੇ ਨਾਵਲ-ਆਨੰਦ ਮੱਠ-1930- ਕਵੀ ਕੁਟੀਆ ਕੋਲਕੱਤਾ
7. 'ਮੁਸਤਫ਼ਾ ਮਗੀਰ' (ਲਘੂ ਨਾਵਲ) 1930-ਕਵੀ ਕੁਟੀਆ ਕਲਕੱਤਾ
8. ਡਾਕੂ ਫਨੇ ਖਾਂ ਤੇ ਜਸੂਸ ਰਾਮ ਚੰਦ-ਡਾ. ਉੱਤਮ ਸਿੰਘ ਸਾਥੀ ਨਾਲ
9. ਚੰਦਰਾਵਤੀ (ਨਾਵਲ) ਡਾ. ਉਤਮ ਸਾਥੀ ਨਾਲ-ਕਵੀ ਕੁਟੀਆ ਕੋਲਕੱਤਾ
10. 'ਕਵੀ' ਮਾਸਿਕ ਪੱਤਰ-ਛੇ ਜਿਲਦਾਂ-36 ਪਰਚੇ (1927-1931) ਕਵੀ ਕੁਟੀਆ ਕੋਲਕੱਤਾ
11. 'ਕਵੀ' ਕੁਟੀਆ ਵਲੋਂ ਪ੍ਰਕਾਸ਼ਤ ਟ੍ਰੈਕਟ-1922-193

ਦਸ਼ਮੇਸ਼ ਨਜ਼ਾਰੇ-1922. ਚੋਜੀ ਪ੍ਰੀਤਮ-1923. ਨਿਰੰਕਾਰੀ ਝਲਕ-1924 ਦਸ਼ਮੇਸ਼ ਦਰਸ਼ਨ-1924, ਬੀਰ ਪ੍ਰਕਾਸ਼-1925. ਪੀਰ ਨਾਨਕ-1925, ਸ਼ਹੀਦ ਯਾਦ-1925, ਦੇਗ ਤੇਗ ਵਾਲੀ-1925, ਸ਼ਾਂਤੀ ਪੁੰਜ-1926, ਕਲਗੀਧਰ-1926. ਸੁਭਾਗ ਵਿਸਾਖੀ-1927, ਕਲਗੀਵਾਲਾ-1927, ਮਾਨ ਪੱਤਰ-1929, ਦਸ਼ਮੇਸ਼ ਤਲਵਾਰ-1930, ਰੱਬੀ ਨੂਰ-1930, ਇਲਾਹੀ ਕਿਰਨਾਂ-1931

ਖਰੜੇ :

- 'ਪ੍ਰੇਮ ਛੱਲਾਂ' (ਕਵਿਤਾ ਸੰਗ੍ਰਹਿ)
- 'ਲਹਿਰਾਂ' (ਕਵਿਤਾ ਸੰਗ੍ਰਹਿ)
- 'ਦੁਰਗਾਦਾਸ' ਨਾਟਕ (ਡੀ. ਐਲ. ਰਾਏ) ਬੰਗਾਲੀ ਤੋਂ ਅਨੁਵਾਦ
- 'ਰਾਜਪੂਤਾਣੀ' (ਬੀਰਾਗਣਾ) ਬੰਗਾਲੀ ਤੋਂ ਪ੍ਰਮਤੰਨਾਥ ਚਟੋਪਾਧਿਆ ਦੀ ਰਚਨਾ 'ਤੇ ਆਧਾਰਿਤ
- 'ਕਹਾਣੀਆਂ' (20 ਸੰਗ੍ਰਹਿ)

www.sikhbookclub.com

# ਕਰਮ ਅਤੇ ਕਲਮ ਦਾ ਵਣਜਾਰਾ

(ਭਿਖਾਰੀ ਸਿਮਰਤੀ ਗ੍ਰੰਥ)

ਸੌਦਾਗਰ ਸਿੰਘ ਭਿਖਾਰੀ
ਜੀਵਨ ਤੇ ਰਚਨਾ

ਭਿਖਾਰੀ ਯਾਦਗਾਰੀ ਫਾਊਂਡੇਸ਼ਨ
ਅਮ੍ਰਿਤਸਰ

www.sikhbookclub.com

**KARAM TE KALAM DA WANJARA**
(S. Saudagar Singh Bhikhari : Jeewan te Rachna)

Compiled by :
S. Saudagar Singh Bhikhari Foundation
S. Saudagar Singh Bhikhari Sahit Parkashan Samiti
Engineers Villa / Kavi Kutia
177, Rani Ka Bagh, Amritsar
Ph : 225199, 212027

© : ਭਿਖਾਰੀ ਫਾਊਂਡੇਸ਼ਨ

ਪ੍ਰਕਾਸ਼ਕ : ਇੰਜ. ਪ੍ਰਤਾਪ ਸਿੰਘ
ਇੰਜੀਨੀਅਰਜ਼ ਵਿਲਾ / ਕਵੀ ਕੁਟੀਆ
ਸੌਦਾਗਰ ਸਿੰਘ ਭਿਖਾਰੀ ਫਾਊਂਡੇਸ਼ਨ
-ਭਿਖਾਰੀ ਸਾਹਿਤ ਪ੍ਰਕਾਸ਼ਨ ਸਮਿਤੀ, ਅਮ੍ਰਿਤਸਰ
177, ਰਾਣੀ ਕਾ ਬਾਗ, ਅਮ੍ਰਿਤਸਰ । ਫੋਨ : 225199, 212027

ਸ਼ਬਦ ਜੜਤ : ਸੁਖਨ ਗ੍ਰਾਫ਼ਿਕਸ, ਚੌਕ ਹੁਸੈਨਪੁਰਾ, ਅੰਮ੍ਰਿਤਸਰ, ਫੋਨ : 586107

ਛਾਪਕ : ਜੀਵਨ ਪ੍ਰਿੰਟਰਜ਼, ਅਮ੍ਰਿਤਸਰ

ਮੁੱਲ : 200 ਰੁਪਏ, 50 ਡਾਲਰ, 25 ਪੌਂਡ

www.sikhbookclub.com

◆

ਸਾਡੇ ਸਭ ਦੇ ਪ੍ਰੇਰਨਾ ਸ੍ਰੋਤ
ਮਾਤਾ ਸਰਦਾਰਨੀ ਆਸ ਕੌਰ
ਦੇ ਨਾਮ

◆

www.sikhbookclub.com

## ਸੌਦਾਗਰ ਸਿੰਘ ਭਿਖਾਰੀ ਜੀ ਦੀ ਹੱਥ ਲਿਖਤ ਦਾ ਇਕ ਨਮੂਨਾ

ਅਮਰ ਆਰਤੀ

1\. ਗੁਰੂ ਨਾਨਕ ਜੋਤੀ ਜਗਦੀ, ਕੋਈ ਵਿਰਲਾ ਜਾਣੇ ਜਾ ਜਾਵੇ।
ਉਪੱਦਰ ਰੋਗ ਨਾਸਿ ਜਾਵਣ, ਅਮਨ ਵਿਸ਼ਵ ਤੇ ਛਾ ਜਾਵੇ।
2\. [illegible]
[illegible] ਦੇ ਨਾਲ ਮਿਲਾ ਜਾਵੇ।
3\. [illegible]
[illegible] ਜਗਤ ਤੇ ਫੈਲ ਜਾਵੇ।
4\. ਧਰਤੀ ਸੁਰਗ ਬਣ ਜਾਵੇ, [illegible]
[illegible] ਜਾਵੇ।
5\. ਦੌਲਤ, ਵਿੱਦਿਆ, ਸਿਹਤ, ਆਜ਼ਾਦੀ ਸਭ ਨੂੰ ਹੋਵਣ;
[illegible] ਜਾਵੇ।
6\. 'ਭਿਖਾਰੀ' [illegible] ਜਾਵੇ।
ਗੁਰੂ ਆਪੇ ਜੋਤੀ ਜਗਦੀ, ਕੋਈ ਵਿਰਲਾ ਜਾਣੇ ਜਾ ਜਾਵੇ।

www sikhbookclub.com

# ਕੁਝ ਸ਼ਬਦ

ਸ੍ਰ. ਸੁਦਾਗਰ ਸਿੰਘ ਭਿਖਾਰੀ ਸਾਡੇ ਮਾਣ ਯੋਗ ਹੀ ਨਹੀਂ ਸਨ, ਸਾਡੇ ਸਰਪ੍ਰਸਤ ਰਾਹਨੁਮਾ ਵੀ ਸਨ। ਉਨ੍ਹਾਂ ਦੀ ਸਾਰੀ ਜ਼ਿੰਦਗੀ ਇਕ ਖੁੱਲ੍ਹੀ ਕਿਤਾਬ ਵਾਂਗ ਸਾਡੇ ਸਾਹਮਣੇ ਹੈ। ਆਪਣੇ ਕੋਲਕੱਤਾ ਪਰਵਾਸ ਦੌਰਾਨ ਉਨ੍ਹਾਂ ਦੇ ਸਾਹਿਤਕ, ਸਮਾਜਿਕ ਤੇ ਰਾਜਨੀਤਕ ਸਰੋਕਾਰ ਪੰਜਾਬੀ ਦੇ ਸਾਹਿਤਕ ਤੇ ਸਭਿਆਚਾਰਕ ਇਤਿਹਾਸ ਦਾ ਇਕ ਅਹਿਮ ਹਿੱਸਾ ਬਣੇ ਹੋਏ ਹਨ। ਕੋਲਕੱਤੇ ਦੀ ਕਵੀ ਕੁਟੀਆ ਆਜ਼ਾਦੀ ਸੰਗਰਾਮੀਆ ਦਾ ਪ੍ਰੇਰਨਾ ਸਰੋਤ ਸੀ। ਇਥੇ ਰਹਿੰਦਿਆਂ ਹੀ ਭਿਖਾਰੀ ਜੀ ਨੇ ਆਪਣੇ ਜੀਵਨ ਨੂੰ ਬਹੁਪੱਖੀ ਸਰਗਰਮੀਆਂ ਦਾ ਆਧ.ਰ ਬਣਾਇਆ। ਉਨ੍ਹਾਂ ਨੇ ਸਾਰੇ ਕਾਰਜ ਨਿੱਜੀ ਹਿੱਤਾਂ ਤੋਂ ਉੱਪਰ ਉਠ ਕੇ ਕੀਤੇ ਸਨ। ਪੈਸਾ ਕਮਾਉਣਾ ਕਦੇ ਵੀ ਭਿਖਾਰੀ ਜੀ ਦਾ ਮੂਲ ਉਦੇਸ਼ ਨਹੀਂ ਰਿਹਾ। ਆਜ਼ਾਦੀ ਸੰਗਰਾਮ ਵਿਚ ਆਪਣੇ ਅੰਦਾਜ਼ ਵਿਚ ਹਰ ਕਿਸੇ ਦੇ ਯੋਗਦਾਨ ਵਾਂਗ ਭਿਖਾਰੀ ਜੀ ਵੀ ਆਪਣੀ ਭੂਮਿਕਾ ਨਿਭਾਉਂਦੇ ਰਹੇ। ਆਪਣੇ ਸੀਮਤ ਮਾਲੀ ਸਾਧਨਾ ਦੇ ਬਾਵਜੂਦ ਵੀ ਮਾਸਿਕ ਪੱਤਰ ਕਵੀ ਦਾ ਸੰਪਾਦਨ ਤੇ ਪ੍ਰਕਾਸ਼ਨ ਉਸਾਰੂ ਸੋਚਾਂ ਨੂੰ ਜਨ ਸਮੂਹ ਤਕ ਪੁਚਾਉਣ ਦਾ ਵਸੀਲਾ ਹੀ ਸੀ।

ਉਨ੍ਹਾਂ ਦੀ ਬਰਸੀ ਤੇ ਅਸੀਂ ਸਾਰੇ ਪਰਿਵਾਰ ਵਾਲਿਆਂ ਨੇ ਉਸਾਰੂ ਸੋਚਾਂ ਵਾਲੇ ਆਪਣੇ ਹਮਖਿਆਲਾਂ ਦੀ ਸਲਾਹ ਨਾਲ ਸੁਦਾਗਰ ਸਿੰਘ ਭਿਖਾਰੀ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਤੇ ਉਨ੍ਹਾਂ ਦੇ ਸਮਕਾਲੀਆਂ ਦੀਆਂ ਉਨ੍ਹਾਂ ਨਾਲ ਸੰਬੰਧਿਤ ਯਾਦਾਂ ਨੂੰ ਇਕ ਥਾਂ ਇਕੱਤਰ ਕਰਕੇ ਪਾਠਕਾਂ ਤਕ ਪਹੁੰਚਾਇਆ ਸੀ। ਸਾਡਾ ਇਹ ਯਤਨ ਸਭ ਨੂੰ ਪਸੰਦ ਆਇਆ ਸੀ।

ਫਾਊਂਡੇਸ਼ਨ ਦੀ ਹੀ ਅਗਲੀ ਕੜੀ ਦੇ ਰੂਪ ਵਿਚ ਭਿਖਾਰੀ ਸਾਹਿਤ ਪ੍ਰਕਾਸ਼ਨ ਸਮਿਤੀ ਦੀ ਰੂਪ ਰੇਖਾ ਉਲੀਕੀ ਗਈ ਹੈ, ਜਿਸ ਦੇ ਅੰਤਰਗਤ ਇਸ ਪੁਸਤਕ ਦਾ ਪ੍ਰਕਾਸ਼ਨ ਹੋ ਰਿਹਾ ਹੈ। ਜ਼ਿੰਦਗੀ ਦੇ ਵੱਖ ਵੱਖ ਰੂਪਾਂ ਨਾਲ ਜੁੜੇ ਵਿਚਾਰਾਂ ਨੂੰ ਅਸੀਂ ਸਮੇਂ ਸਮੇਂ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਦੇ ਰਹਾਂਗੇ, ਜਿਸ ਨਾਲ ਭਿਖਾਰੀ ਜੀ ਦੇ ਵਿਚਾਰਾਂ ਦੀ ਨਿਰੰਤਰਤਾ ਬਣੀ ਰਹੇ। ਇਹ ਸਾਰਾ ਕਾਰਜ ਕਿਸੇ ਵੀ ਤਰ੍ਹਾਂ ਦੇ ਮਾਇਕ ਲਾਭ ਹਿਤ ਨਹੀਂ ਕੀਤਾ ਜਾ ਰਿਹਾ। ਅਗਾਂਹਵਧੂ ਸੋਚਾਂ ਤੇ ਖ਼ਿਆਲਾਂ ਨੂੰ ਪੇਸ਼ ਕਰਦੇ ਸਾਹਿਤ ਦਾ ਪ੍ਰਕਾਸ਼ਨ ਹੀ ਸਾਡਾ ਮੁੱਖ ਨਿਸ਼ਾਨਾ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਫਾਊਂਡੇਸ਼ਨ ਦੇ ਸਮੂਹ ਕਾਰਜ ਕਰਤਿਆਂ ਤੋਂ ਇਲਾਵਾ ਅਸੀਂ ਵਿਸ਼ੇਸ਼ ਰੂਪ ਡਾ. ਗੁਰਬਖ਼ਸ਼ ਸਿੰਘ ਫਰੈਕ, ਡਾ. ਹਰਿਭਜਨ ਸਿੰਘ ਭਾਟੀਆ, ਪ੍ਰੋ. ਮੋਹਨ ਸਿੰਘ ਤੇ ਪ੍ਰਮਿੰਦਰਜੀਤ ਦੇ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਦੇ ਇਸ ਬਹੁ-ਆਕਾਰੀ ਕਾਰਜ ਨੂੰ ਪੂਰਾ ਕਰਨ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ, ਇਨ੍ਹਾਂ ਦਾ ਸਹਿਯੋਗ ਸਾਨੂੰ ਨਿਰੰਤਰ ਮਿਲਦਾ ਰਹੇਗਾ। ਇਹ ਸਾਨੂੰ ਪੂਰਾ ਭਰੋਸਾ ਹੈ। ਉਨ੍ਹਾਂ ਸਮੂਹ ਲੇਖਕਾਂ ਦਾ ਉਚੇਚਾ ਧੰਨਵਾਦ, ਜਿਨ੍ਹਾਂ ਦੀਆਂ ਅਮੁੱਲੀਆਂ ਕਿਰਤਾਂ ਇਸ ਕਿਤਾਬ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ।

-ਇੰਜ. ਪ੍ਰਤਾਪ ਸਿੰਘ

www sikhbookclub.com

# ਤਰਤੀਬ


ਮੁੱਢਲੀ ਗੱਲ 11

ਕੁੱਝ ਫੁੱਲ ਸ਼ਰਧਾ ਦੇ 13
- ਭਗਤ ਸਿੰਘ ਬਿਲਗਾ 14
- ਨਰਿੰਦਰ ਸਿੰਘ ਸੋਚ 15
- ਪ੍ਰੋਫੈਸਰ ਪ੍ਰੀਤਮ ਸਿੰਘ 18
- ਬਸੰਤ ਸਿੰਘ ਹੰਸਪਾਲ 20
- ਸੁਰਜੀਤ ਸਿੰਘ ਮਿਨਹਾਸ 22
- ਮਨਜੀਤ ਸਿੰਘ ਕਲਕੱਤਾ 23

ਕਰਮ ਅਤੇ ਕਲਮ ਦਾ ਮੁਜੱਸਮਾ : ਸੌਦਾਗਰ ਸਿੰਘ ਭਿਖਾਰੀ 25

ਸਤਿਕਾਰ ਸਨੇਹ ਅਤੇ ਸਨਮਾਨ 41
- ਕਾਵਿ ਫੁਲਵਾੜੀ ਨੈਰੋਬੀ ਵਲੋਂ 42
- ਕਾਵਿ ਮਾਲਾ ਦਿੱਲੀ ਵਲੋਂ 44
- ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ 46
- ਸੰਤ ਸਿੰਘ ਸੁੱਖਾ ਸਿੰਘ ਪੁਰਸਕਾਰ 48

ਹਰਫ਼ ਰਹਿਣ ਹਮੇਸ਼ 51
- ਦੁਖੀ ਜੀ, ਮੈਂ, ਕਵੀ ਕੁਟੀਆ ਤੇ ਪ੍ਰੈੱਸ 52
- ਚਾਤ੍ਰਿਕ ਜੁਗ ਜੁਗ ਜੀਵੈ 55
- ਸਤਿਕਾਰ ਅਤੇ ਸ਼ਰਧਾ ਦੇ ਫੁੱਲ 60
- ਸਾਹਿਤ ਦਾ ਪ੍ਰਯੋਜਨ ਅਤੇ ਅਨੁਵਾਦ ਦੀ ਮਹੱਤਤਾ 62

ਨਜ਼ਮ ਨਮੂਨੇ 69
- ਆਦਰਸ਼ਕ ਜੀਵਨ 70
- ਮੇਰਾ ਦੇਸ਼ 72

www sikhbookclub.com

ਹੱਕ ਇਨਸਾਨ ਦਾ ਕੀ ਏ ? 74
ਇਸ ਲਈ ਸਾਡੇ ਬੁਰੇ ਹਾਲ ਹੋ ਗਏ 76
ਹਲੂਣਾ 77
ਚਿਤਾਵਨੀ 79
ਕਾਵਿ ਟੋਟੇ 81

ਪ੍ਰੇਮ ਲਹਿਰਾਂ : ਸਮਕਾਲੀਆਂ ਦੇ ਝਰੋਖੇ 'ਚੋਂ 83
ਭਾਈ ਵੀਰ ਸਿੰਘ 84
ਕਾਹਨ ਸਿੰਘ ਨਾਭਾ 84
ਬ੍ਰਿਜ ਲਾਲ ਸ਼ਾਸਤਰੀ 84
ਮੌਲਾ ਬਖ਼ਸ਼ ਕੁਸ਼ਤਾ 85
ਬਾਵਾ ਬੁਧ ਸਿੰਘ 85
ਸ. ਸ. ਚਰਨ ਸਿੰਘ ਸ਼ਹੀਦ 86
ਰਾਜਾ ਸਰਦਲਜੀਤ ਸਿੰਘ 86
ਸਰ ਜੋਗਿੰਦਰ ਸਿੰਘ 86
ਦੀਵਾਨ ਸਿੰਘ ਕਾਲੇਪਾਣੀ 87
ਮੁਨਸ਼ਾ ਸਿੰਘ ਦੁਖੀ 87
ਪ੍ਰਿੰਸੀਪਲ ਤੇਜਾ ਸਿੰਘ 88

ਭਿਖਾਰੀ ਜੀ : ਪਰਿਵਾਰ ਦੇ ਝਰੋਖੇ 'ਚੋਂ 85

ਚਿੰਤਨ ਅਤੇ ਚਿੰਤਕਾਂ ਦੀ ਨਜ਼ਰ ਥਾਣੀਂ 129
ਸ਼ਬਦ ਸੌਦਾਗਰ -ਡਾ. ਆਤਮ ਹਮਰਾਹੀ 130
ਸਾਹਿਤ ਤੇ ਸਮਾਜ ਦੀ ਸੰਬਾਦਕਤਾ -ਡਾ. ਗੁਰਬਖ਼ਸ਼ ਸਿੰਘ ਫਰੈਂਕ 133
ਸਾਹਿਤ ਤੇ ਕ੍ਰਾਂਤੀ -ਡਾ. ਸ਼ਿਆਮ ਸੁੰਦਰ ਦੀਪਤੀ 148
ਲੇਖਕ ਸਾਹਿਤ ਸਭਾਵਾਂ ਤੇ ਸਾਡਾ ਵਿਰਸਾ -ਤਲਵਿੰਦਰ ਸਿੰਘ 153
ਭਿਖਾਰੀ ਜੀ -ਗੁਰਾਂਦਿਤਾ ਖੰਨਾ 156

www.sikhbookclub.com

ਪੰਜਾਬੀ ਸਾਹਿਤ ਦੇ ਉਸਰੀਏ ਭਿਖਾਰੀ ਜੀ -ਨਰਿੰਦਰ ਸਿੰਘ ਕਪੂਰ 158
ਤਪੀਸ਼ਵਰ 'ਭਿਖਾਰੀ' ਦੇ ਅੰਗ ਸੰਗ -ਡਾ. ਕੁਲਬੀਰ ਸਿੰਘ ਕਾਂਗ 164
ਭਿਖਾਰੀ ਬਾਰੇ ਸੋਚਣ ਦੀ ਲੋੜ -ਡਾ. ਸੰਤੋਖ ਸਿੰਘ ਸ਼ਹਰਯਾਰ 174
'ਕਵੀ ਕੁਟੀਆ' ਕਲਕੱਤਾ ਤੇ ਭਿਖਾਰੀ ਜੀ -ਡਾ. ਬਿਕਰਮ ਸਿੰਘ ਘੁੰਮਣ 176
ਭਿਖਾਰੀ ਜੀ : ਇਕ ਸਫਲ ਕਾਵਿ ਵਣਜਾਰਾ -ਹਰਦਿਆਲ ਸਿੰਘ ਚੀਮਾ 181
ਭਿਖਾਰੀ ਜੀ : ਮੇਰੇ ਉਸਤਾਦ -ਅਮਰ ਸਿੰਘ ਨਾਸ਼ਾਦ 186
ਭਿਖਾਰੀ : ਬਹੁਪੱਖੀ ਸ਼ਖ਼ਸੀਅਤ -ਹਰਦੇਵ ਸਿੰਘ ਗਰੇਵਾਲ 191
ਆਜ਼ਾਦੀ ਦੇ ਜੁਝਾਰੂ ਸੌਦਾਗਰ ਸਿੰਘ ਭਿਖਾਰੀ -ਰਾਮ ਲੁਭਾਇਆ ਪਦਮ 194
ਗੁਰਮਤੀ ਦਰ ਦਾ ਭਿਖਾਰੀ -ਸਵਰਨ ਸਿੰਘ ਸਨੇਹੀ 197
ਦੇਸ਼ ਭਗਤ : ਸੌਦਾਗਰ ਸਿੰਘ ਭਿਖਾਰੀ -ਸ਼ਮੀਰ ਸਿੰਘ 211
ਪੰਜਾਬੀ ਸਾਹਿਤ ਪੱਤਰਕਾਰੀ ਵਿਚ 'ਕਵੀ' ਦਾ ਯੋਗਦਾਨ -ਡਾ. ਸਥਿੰਦਰਜੀਤ ਸਿੰਘ ਸਾਗਰ 215
ਭਿਖਾਰੀ ਜੀ ਦੀ ਕਵਿਤਾ : ਸਵੈ ਚੇਤਨਾ ਤੋਂ ਸਮੂਹ ਚੇਤਨਾ ਦਾ ਸਫ਼ਰ -ਹਰਚਰਨ ਸਿੰਘ ਬੇਪਾਰਾਏ 222
'ਪ੍ਰੇਮ ਲਹਿਰਾਂ' ਦਾ ਭਾਵ-ਜਗਤ -ਡਾ. ਇਕਬਾਲ ਕੌਰ 229
ਸੌਦਾਗਰ ਸਿੰਘ ਭਿਖਾਰੀ : ਵਤਨ ਦੀ ਆਜ਼ਾਦੀ ਲਈ ਸੰਘਰਸ਼ -ਡਾ. ਰਾਏ ਜਸਬੀਰ ਸਿੰਘ 234
ਗ਼ਦਰ ਕਾਵਿ ਤੋਂ ਕਲਕੱਤੇ ਦੇ ਕਵੀ ਤਕ -ਡਾ. ਹਰਚੰਦ ਸਿੰਘ ਬੇਦੀ 243
ਸ੍ਰ. ਸੌਦਾਗਰ ਸਿੰਘ "ਭਿਖਾਰੀ" ਇਕ ਯਾਦ -ਪ੍ਰੋ. ਪ੍ਰੀਤਮ ਸਿੰਘ ਪਰਵਾਨਾ 249
ਯੁੱਗ ਪਲਟਾਊ ਸ਼ਖ਼ਸੀਅਤ : ਸੌਦਾਗਰ ਸਿੰਘ ਭਿਖਾਰੀ -ਜਗਦੀਸ਼ ਸਿੰਘ 253
ਸ੍ਰ. ਸੌਦਾਗਰ ਸਿੰਘ ਭਿਖਾਰੀ : ਸ਼ਰਧਾ ਸੁਮਨ -ਗੁਰਦਿਆਲ ਸਿੰਘ 255
ਸ੍ਰ. ਭਿਖਾਰੀ ਅਤੇ ਪੰਜਾਬੀ ਗ਼ਲਪਕਾਰੀ -ਡਾ. ਸੁਖਦੇਵ ਸਿੰਘ ਖਾਹਰਾ 256
ਭਿਖਾਰੀ ਜੀ : ਸਾਡਾ ਵਿਰਸਾ ਤੇ ਵਰਤਮਾਨ -ਡਾ. ਹਰਿਭਜਨ ਸਿੰਘ ਭਾਟੀਆ 262

ਜੀਵਨ ਬਿਓਰਾ 269

◆

www.sikhbookclub.com

## ਮੁੱਢਲੀ ਗੱਲ

ਬੀਤੇ ਵਰ੍ਹੇ 15 ਨਵੰਬਰ 1998 ਨੂੰ ਸੌਦਾਗਰ ਸਿੰਘ ਭਿਖਾਰੀ ਜੀ ਦੀ ਜਨਮ ਸ਼ਤਾਬਦੀ ਦੇ ਅਵਸਰ ਉਪਰ ਸੰਤ ਸਿੰਘ ਸੁੱਖਾ ਸਿੰਘ ਸਕੂਲ, ਅੰਮ੍ਰਿਤਸਰ ਵਿਖੇ ਇਕ ਸ਼ਾਨਦਾਰ ਅਤੇ ਯਾਦਗਾਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਇਸ ਸਮਾਗਮ ਵਿਚ ਪੰਜਾਬੀ ਦੇ ਜਾਣੇ-ਪਛਾਣੇ ਵਿਦਵਾਨਾਂ ਤੇ ਸਨੇਹੀਆਂ ਵਲੋਂ ਭਿਖਾਰੀ ਜੀ ਦੀ ਪੰਜਾਬੀ ਭਾਸ਼ਾ, ਸਾਹਿਤ, ਚਿੰਤਨ ਅਤੇ ਸਭਿਆਚਾਰ ਨੂੰ ਦੇਣ ਦੇ ਵਿਭਿੰਨ ਪਹਿਲੂਆਂ ਉੱਪਰ ਚਾਨਣਾ ਪਾਇਆ ਗਿਆ ਸੀ। ਇਸ ਮੌਕੇ ਉੱਪਰ ਭਿਖਾਰੀ ਜੀ ਸੰਬੰਧੀ ਇਕ ਯਾਦਗਾਰੀ ਪੱਤਰ ਵੀ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸਦੀ ਹਰ ਪਾਸੋਂ ਭਰਵੀਂ ਸਰਾਹਨਾ ਹੋਈ। ਉਸ ਸਮਾਰੋਹ ਦਾ ਆਯੋਜਨ ਕਰਨ ਅਤੇ ਯਾਦਗਾਰੀ ਪੱਤਰ ਪ੍ਰਕਾਸ਼ਿਤ ਕਰਨ ਲਈ ਭਿਖਾਰੀ ਯਾਦਗਾਰੀ ਫਾਉਂਡੇਸ਼ਨ ਨੇ ਇਕ ਜਨਮ ਸ਼ਤਾਬਦੀ ਕਮੇਟੀ ਬਣਾਈ ਸੀ ਜਿਸਨੇ ਸਾਰਾ ਕਾਰਜ ਖੁਸ਼ ਅਸਲੂਬੀ ਅਤੇ ਸੁਹਿਰਦਤਾ ਨਾਲ ਨੇਪਰੇ ਚਾੜ੍ਹਿਆ।

ਭਿਖਾਰੀ ਯਾਦਗਾਰੀ ਫਾਉਂਡੇਸ਼ਨ ਦਾ ਗਠਨ ਇਕ ਤੋਂ ਵੱਧ ਕਾਰਣਾਂ ਕਰਕੇ ਕੀਤਾ ਗਿਆ ਸੀ : ਪਹਿਲਾ, ਭਿਖਾਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ; ਦੂਸਰਾ, ਉਨ੍ਹਾਂ ਦੀ ਇਤਿਹਾਸਕ ਦੇਣ ਨੂੰ ਉਜਾਗਰ ਕਰਨ ਲਈ; ਤੀਸਰਾ, ਉਨ੍ਹਾਂ ਦੇ ਸਮਕਾਲੀ ਮਹਾਨ ਅਦੀਬਾਂ ਤੇ ਦਾਨਿਸ਼ਵਰਾਂ ਦੇ ਉਨ੍ਹਾਂ ਦੀਆਂ ਲਿਖਤਾਂ ਪ੍ਰਤਿ ਹੁੰਗਾਰੇ ਨੂੰ ਸਾਹਮਣੇ ਲਿਆਉਣ ਲਈ; ਚੌਥਾ, ਉਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਦੇ ਨਮੂਨੇ ਪੇਸ਼ ਕਰਨ ਲਈ; ਪੰਜਵਾ, ਉਨ੍ਹਾਂ ਵਲੋਂ ਕੀਤੀ ਕਰਮ ਤੇ ਕਲਮ ਦੀ ਸਾਧਨਾ ਦੀ ਅਜੋਕੇ ਯੁੱਗ ਵਿਚ ਪ੍ਰਾਸੰਗਿਕਤਾ ਦੀ ਪਛਾਣ ਲਈ ਅਤੇ ਛੇਵਾਂ, ਉਨ੍ਹਾਂ ਦੀਆਂ ਜੀਵਨ ਕੀਮਤਾਂ ਅਤੇ ਆਦਰਸ਼ਾਂ ਨੂੰ ਅਗਾਂਹ ਤੋਰਨ ਲਈ। ਸਾਨੂੰ ਜਾਪਦਾ ਹੈ ਕਿ ਅਸੀਂ ਪੰਜਾਬੀ ਜਿਵੇਂ ਆਪਣੇ ਇਤਿਹਾਸਕ ਨਾਇਕਾਂ ਦੀ ਕਦਰ ਪਾਉਣੀ ਭੁੱਲ ਗਏ ਹਾਂ। ਉਨ੍ਹਾਂ ਦੀ ਕਦਰ ਪਾਉਣ ਦੀ ਜਾਚ ਸਿੱਖ ਕੇ ਹੀ ਅਸੀਂ ਆਪਣੇ ਵਰਤਮਾਨ ਨੂੰ ਸਮਝ ਵੀ ਸਕਦੇ ਹਾਂ ਅਤੇ ਭਵਿੱਖ ਦੇ ਨਕਸ਼ਾਂ ਅਤੇ ਦਿਸ਼ਾ ਦੀ ਤਲਾਸ਼ ਵੀ ਕਰ ਸਕਦੇ ਹਾਂ। ਸਾਡਾ ਇਹ ਦਾਅਵਾ ਹਰਗਿਜ਼ ਨਹੀਂ ਕਿ ਅਸਾਂ ਇਕ-ਅੱਧ ਸਮਾਗਮ ਕਰਵਾ ਕੇ ਭਿਖਾਰੀ ਜੀ ਦੇ ਆਦਰਸ਼ਾਂ ਨੂੰ ਮੂਰਤੀਮਾਨ ਕਰ ਦਿੱਤਾ ਹੈ। ਇਹ ਤਾਂ ਉਸ ਦਿਸ਼ਾ ਵਲ ਇਕ ਮੁੱਢਲਾ ਜੇਹਾ ਯਤਨ ਸੀ। ਫਾਉਂਡੇਸ਼ਨ ਇਹ ਵੀ ਮਹਿਸੂਸ ਕਰਦੀ ਹੈ ਕਿ ਅਜੋਕੇ ਯੁੱਗ ਵਿਚ ਸਾਡੀ ਅਤੀਤ ਸੰਬੰਧੀ ਪਹੁੰਚ ਦਰੁਸਤ ਤੇ ਵਿਗਿਆਨਕ ਨਹੀਂ। ਇਸੇ ਨੁਕਸਦਾਰ ਪਹੁੰਚ ਦੇ ਸਿੱਟੇ ਵਜੋਂ ਅਸੀਂ ਧਾਰਮਿਕ-ਸੰਪਰਦਾਇਕ ਤੇ ਅਸਲੋਂ ਰੁਮਾਂਟਿਕ ਰਚਨਾਵਾਂ ਵਿਚੋਂ ਸਾਮਰਾਜ ਵਿਰੋਧੀ ਪੈਂਤੜਿਆਂ ਦੀ ਤਲਾਸ਼ ਕਰਨ ਵਿਚ ਰੁੱਝੇ ਹੋਏ ਹਾਂ ਅਤੇ ਸਾਡੀ ਸੁਚੇਤ ਬੌਧਿਕ ਚਲਾਕੀ ਦੇ ਹੇਠ ਦੇਸ਼ ਦੀ ਆਜ਼ਾਦੀ ਤੇ ਸੁੱਚੇ ਆਦਰਸ਼ਾਂ ਲਈ ਕੰਮ ਕਰਨ

www sikhbookclub.com

ਵਾਲੇ ਨਾਇਕਾਂ ਦੀ ਦੇਣ ਅਸਲੋਂ ਨਜ਼ਰ ਅੰਦਾਜ਼ ਹੋ ਗਈ ਹੈ। ਫਾਊਂਡੇਸ਼ਨ ਇਸ ਰੁਝਾਨ ਦੇ ਖਾਤਮੇ ਪ੍ਰਤਿ ਸੁਚੇਤ ਉੱਦਮ ਕਰੇਗੀ ਅਤੇ ਅਤੀਤ ਪ੍ਰਤਿ ਠੀਕ ਪਹੁੰਚ ਤੇ ਦ੍ਰਿਸ਼ਟੀ ਨੂੰ ਵਿਕਸਤ ਕਰਨ ਲਈ ਯਤਨਸ਼ੀਲ ਰਹੇਗੀ। ਉਂਜ ਵੀ ਭਿਖਾਰੀ ਜੀ ਦੀ ਕਾਰਗੁਜ਼ਾਰੀ ਤਾਂ ਸਾਡੇ ਲਈ ਇਕ ਮਾਧਿਅਮ ਹੈ, ਬਹਾਨਾ ਹੈ ਚੰਗੀਆਂ ਕੀਮਤਾਂ ਨਾਲ ਜੁੜਨ ਦਾ, ਸੁਆਰਥ ਰਹਿਤ ਆਦਰਸ਼ਕ ਕੀਮਤਾਂ ਦੇ ਪ੍ਰਸਾਰ ਦਾ, ਸਮਾਜੀ ਵਿਹਾਰ ਨੂੰ ਸਮਝਣ ਦਾ, ਰਾਜਨੀਤੀ ਦੇ ਆਡੰਬਰ ਪਿੱਛੇ ਕੰਮ ਕਰਦੀ ਅਸਲੀਅਤ ਨੂੰ ਜਾਨਣ ਦਾ, ਵਧੀਆ ਸਾਹਿਤਕ ਸਭਿਆਚਾਰ ਸਿਰਜਣ ਦਾ ਅਤੇ ਸ਼ਬਦ ਦੇ ਮਾਧਿਅਮ ਰਾਹੀਂ ਕਰਮ ਅਤੇ ਕਰਮ ਤੋਂ ਕ੍ਰਾਂਤੀ ਤਕ ਅਪੜਨ ਦਾ।

ਪਿਛਲੇ ਵਰ੍ਹੇ ਹੀ ਅਸਾਂ ਫਾਊਂਡੇਸ਼ਨ ਵਲੋਂ ਪੁਸਤਕਾਂ ਛਾਪਣ ਦਾ ਇਕਰਾਰ ਕੀਤਾ ਸੀ। ਬਹੁਤੀ ਵਾਰ ਅਜਿਹੇ ਇਕਰਾਰ ਅੰਜਾਮ ਤਕ ਨਹੀਂ ਅਪੜਦੇ, ਪਰੰਤੂ ਅਸੀਂ ਤਾਂ ਆਪਣੀ ਮੰਜ਼ਿਲ ਵਲ ਅੱਗੇ ਵਧਣ ਦਾ ਦ੍ਰਿੜ ਨਿਸ਼ਚਾ ਕੀਤਾ ਹੋਇਆ ਹੈ। ਪਹਿਲੀ ਕਿਤਾਬ ਤੁਹਾਡੇ ਹੱਥਾਂ ਵਿਚ ਹੈ ਜਿਸ ਵਿਚ ਸ਼ਰਧਾ ਵੀ ਹੈ ਅਤੇ ਬੌਧਿਕ ਵਿਸ਼ਲੇਸ਼ਣ ਦੀ ਭਾਵਨਾ ਵੀ। ਜਿਉਂ ਜਿਉਂ ਇਹ ਕਾਰਜ ਵਧਦਾ ਜਾਏਗਾ ਇਸ ਵਿਚੋਂ ਸ਼ਰਧਾ ਦਾ ਅੰਸ਼ ਘਟਦਾ ਜਾਏਗਾ। ਬਹੁਤ ਜਲਦ ਅਸੀਂ ਦੂਸਰੀ ਪੁਸਤਕ ਵੀ ਤੁਹਾਡੇ ਤਕ ਅਪੜਦੀ ਕਰ ਦੇਵਾਂਗੇ। ਇਸ ਪੁਸਤਕ ਸੰਬੰਧੀ ਤੁਹਾਡੀ ਨੇਕ ਰਾਇ ਦੇ ਅਸੀਂ ਉਡੀਕਵਾਨ ਹਾਂ।

ਭਿਖਾਰੀ ਯਾਦਗਾਰੀ ਫਾਊਂਡੇਸ਼ਨ
177 ਰਾਣੀ ਕਾ ਬਾਗ਼
ਅੰਮ੍ਰਿਤਸਰ

◆

www.sikhbookclub.com

# ਕੁਝ ਫੁੱਲ ਸ਼ਰਧਾ ਦੇ

www.sikhbookclub.com

# ਕਵੀ ਕੁਟੀਆ ਕਲਕੱਤਾ

ਪੰਜਾਬ ਤੇ ਬੰਗਾਲ ਭਾਵੇਂ ਹਿੰਦੋਸਤਾਨ ਦੇ ਦੁਰਾਡੇ ਸਿਰਿਆਂ ਤੇ ਵਸਦੇ ਹਨ, ਪਰ ਪਤਾ ਨਹੀਂ ਕਿਉਂ ਪੰਜਾਬ ਦੀ ਇਨਕਲਾਬੀ ਲਹਿਰ ਵਿਚ ਬੰਗਾਲੀਆਂ ਦੀ ਸ਼ਖ਼ਸੀਅਤ ਜ਼ਾਹਰਾ ਹੈ ਤੇ ਬੰਗਾਲ ਵਿਚ ਪੰਜਾਬੀਆਂ ਨੇ ਨੌਜਵਾਨ ਬੰਗਾਲੀ ਇਨਕਲਾਬੀਆਂ ਦੀ ਮਦਦ ਵੀ ਕੀਤੀ ਹੈ ਅਤੇ ਇਨ੍ਹਾਂ ਦੇ ਇਨਕਲਾਬੀ ਕੰਮਾਂ ਵਿਚ ਸ਼ਾਮਲ ਵੀ ਹੋਏ। ਕਵੀ ਕੁਟੀਆ ਕਲਕੱਤਾ, ਉਸ ਵੇਲੇ ਪੰਜਾਬੀਆਂ ਦਾ ਰਾਜਸੀ ਕੇਂਦਰ ਸੀ। ਗ਼ਦਰੀ ਬਾਬਾ ਮੁਨਸ਼ਾ ਸਿੰਘ ਦੁਖੀ ਅੰਡੇਮਾਨ ਤੋਂ ਰਿਹਾਅ ਹੋ ਕੇ ਕਲਕੱਤੇ ਟਿਕ ਗਏ ਸਨ। ਇਸ ਮਹਾਨ ਕਵੀ ਦੀ ਸਿਆਸੀ ਜ਼ਿੰਦਗੀ ਨੂੰ ਜਾਰੀ ਰਖਣ ਲਈ 'ਭਿਖਾਰੀ' ਜੀ ਨੇ ਕਵੀ ਕੁਟੀਆ ਕਲਕੱਤੇ ਦੀ ਸਥਾਪਨਾ ਕੀਤੀ ਜਿਸ ਵਿਚ ਕਵੀ ਦਰਬਾਰ ਹੁੰਦੇ ਤੇ ਪੰਜਾਬੀ ਦੇ ਲਿਟਰੇਰੀ ਸੈਮੀਨਾਰ ਵੀ ਕਰਵਾਏ ਜਾਂਦੇ। ਦਰਅਸਲ ਭਿਖਾਰੀ ਜੀ ਪੇਸ਼ੇ ਵਜੋਂ ਇੰਜੀਨੀਅਰ ਸਨ ਤੇ ਕਵੀ ਕੁਟੀਆ ਕਲਕੱਤੇ ਵਲੋਂ ਰਚੀਆਂ ਗਈਆਂ ਲਿਖਤਾਂ ਵਿਚ ਉਨ੍ਹਾਂ ਨੇ ਕਈ ਉਪ-ਨਾਮ ਵਰਤੇ ਤੇ ਦੁਖੀ ਜੀ ਦੀਆਂ ਰਚਨਾਵਾਂ ਵਿਚ ਵੀ, ਜੋ ਦੁਖੀ ਜੀ ਦੇ ਨਾਮ ਹੇਠ ਛਪੀਆਂ, ਉਹਨਾਂ ਦੀ ਕਾਫੀ ਦੇਣ ਹੈ। ਕਾਂਗਰਸ, ਕਮਿਊਨਿਸਟ, ਫਾਰਵਰਡ ਬਲਾਕ ਆਦਿ ਬੰਗਾਲ ਦੀਆਂ ਜਥੇਬੰਦੀਆਂ ਵਿਚ ਇਨ੍ਹਾਂ ਪੰਜਾਬੀ ਹਸਤੀਆਂ ਨੇ ਆਪਣਾ ਯੋਗਦਾਨ ਪਾਇਆ। 'ਦੇਸ ਦਰਪਨ', 'ਸਿੰਡੀਕੇਟ' ਆਦਿ ਅਖ਼ਬਾਰ ਵੀ ਕੱਢੇ ਗਏ। ਦਰਅਸਲ ਬੰਗਾਲ ਦੀ ਟਰਾਂਸਪੋਰਟ ਉਤੇ ਪੰਜਾਬੀਆਂ ਦਾ ਤਕਰੀਬਨ ਮੁਕੰਮਲ ਕਬਜ਼ਾ ਸੀ। ਇਹ ਆਮ ਰਿਵਾਜ ਹੀ ਸੀ ਕਿ ਇਨਕਲਾਬੀ ਨੌਜਵਾਨਾਂ ਤੋਂ ਟੈਕਸੀਆਂ ਜਾਂ ਬੱਸਾਂ ਦਾ ਕਿਰਾਇਆ ਨਾ ਲਿਆ ਜਾਏ।

ਸਭ ਤੋਂ ਵੱਡੀ ਗੱਲ ਬਾਬੇ ਨੰਦ ਸਿੰਘ ਦੇ ਢਾਬੇ ਦੀ ਹੈ। ਜਿਸ ਨੇ ਟਰੇਡ ਯੂਨੀਅਨ ਲੀਡਰਾਂ ਨੂੰ ਐਲਾਨੀਆ ਕਹਿ ਦਿੱਤਾ ਸੀ ਕਿ ਰਾਤ ਨੂੰ ਭੁਖੇ ਨਾ ਸੋਇਓ', ਬਾਬੇ ਭਾਈ ਨੰਦ ਸਿੰਘ ਦੇ ਢਾਬੇ ਵਿਚ ਮੁਫ਼ਤ ਰੋਟੀ ਮਿਲੇਗੀ। ਇਨਕਲਾਬੀਆਂ ਲਈ ਬੜਾ ਸਖ਼ਤ ਸਮਾਂ ਸੀ। ਉਨ੍ਹਾਂ ਦੀ ਮਦਦ ਕਰਨਾ ਖ਼ਤਰਾ ਮੁੱਲ ਲੈਣਾ ਸੀ ਅਤੇ ਪੁਲਸ ਤੇ ਜਬਰ ਦਾ ਸਾਹਮਣਾ ਕਰਨਾ ਪੈਂਦਾ ਸੀ।

ਦਰਅਸਲ ਇਸ ਸਾਰੀ ਦੇਣ ਦੇ ਪਿੱਛੇ ਕਵੀ ਕੁਟੀਆ ਕਲਕੱਤਾ ਤੇ ਉਸ ਦੇ ਮੋਢੀ 'ਭਿਖਾਰੀ' ਤੇ 'ਦੁਖੀ' ਦਾ ਹਥੱ ਸੀ। ਉਨ੍ਹਾਂ ਨੇ ਪੰਜਾਬ ਦੇ ਅਖ਼ਬਾਰਾਂ ਨੂੰ ਬੰਗਾਲ ਦੇ ਡਰਾਮੇ ਤੇ ਲਿਖਤਾਂ ਪੰਜਾਬੀ ਵਿਚ ਉਲੱਥਾ ਕਰਕੇ ਵੀ ਭੇਜੀਆਂ, ਜਿਸ ਨਾਲ ਪੰਜਾਬ ਤੇ ਬੰਗਾਲ ਦੀ ਨੇੜਤਾ ਵਧੀ। ਮੈਨੂੰ ਖੁਸ਼ੀ ਹੈ ਕਿ ਭਿਖਾਰੀ ਜੀ ਬਾਰੇ ਸਿਮਰਤੀ ਗ੍ਰੰਥ ਤਿਆਰ ਹੋ ਰਿਹਾ ਹੈ। ਮੈਂ ਵੀ ਉਸ ਵਿਚ ਛਪਣ ਲਈ ਆਪਣੇ ਵਲੋਂ ਚੰਦ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

-ਭਗਤ ਸਿੰਘ ਬਿਲਗਾ

◆

www.sikhbookclub.com

# ਸੁਤੰਤਰਤਾ ਸੰਗਰਾਮ ਅਤੇ ਸਾਹਿਤ ਰਚਨਾ ਦਾ ਪ੍ਰੇਰਨਾ ਸ੍ਰੋਤ

ਆਪਣੇ ਸਮੇਂ ਦੇ ਜਾਣੇ ਪਛਾਣੇ ਕਵੀ ਸੌਦਾਗਰ ਸਿੰਘ 'ਭਿਖਾਰੀ' ਦੀ ਜਨਮ ਸ਼ਤਾਬਦੀ ਦੇ ਸ਼ੁਭ ਅਵਸਰ ਤੇ ਉਹਨਾਂ ਦੇ ਪਰਿਵਾਰ ਵਲੋਂ ਆਯੋਜਿਤ ਸਿਮਰਤੀ ਸਮਾਰੋਹ ਦਾ ਸਮਾਚਾਰ ਸਭ ਤੋਂ ਪਹਿਲਾਂ ਮੈਨੂੰ ਉਨ੍ਹਾਂ ਦੇ ਸਪੁੱਤਰ ਪਰਤਾਪ ਸਿੰਘ ਹੰਸਪਾਲ ਰੀਟਾਇਰਡ ਨਿਗਰਾਨ ਇੰਜੀਨੀਅਰ, ਨਹਿਰੀ ਵਿਭਾਗ ਅਮ੍ਰਿਤਸਰ ਪਾਸੋਂ ਪ੍ਰਾਪਤ ਹੋਇਆ ਸੀ। ਮੇਰੇ ਲਈ ਇਹ ਇੱਕ ਬਹੁਤ ਵੱਡੀ ਖੁਸ਼ੀ ਸੀ ਕਿਉਂਕਿ ਸੌਦਾਗਰ ਸਿੰਘ 'ਭਿਖਾਰੀ' ਦਾ ਰਚਨਾ ਕਾਲ ਮੇਰੀ ਆਪਣੀ ਯੁਵਾਵਸਥਾ ਦਾ ਸਮਾਂ ਵੀ ਸੀ ਅਤੇ ਸਾਹਿਤਕ ਗਗਨ ਵਿਚ ਉਡਾਰੀਆਂ ਮਾਰਨ ਨੂੰ ਮੇਰਾ ਮਨ ਵੀ ਬੇਚੈਨ ਸੀ। ਉਹਨਾਂ ਦੀਆਂ ਕਵਿਤਾਵਾਂ ਗਾਹੇ ਬਗਾਹੇ ਪੜ੍ਹਨ ਅਤੇ ਘੋਖਣ ਦਾ ਮੌਕਾ ਬਣਦਾ ਰਹਿੰਦਾ ਸੀ।

ਸੌਦਾਗਰ ਸਿੰਘ 'ਭਿਖਾਰੀ' ਬਾਰੇ ਕੋਈ ਗੱਲ ਕਰਨ ਤੋਂ ਪਹਿਲਾਂ ਮੈਂ ਉਸ ਸਮੇਂ ਦੇ ਬੰਗਾਲ ਅਤੇ ਉਸ ਸਮੇ ਦੇ ਪੰਜਾਬ ਦੇ ਭਾਈਚਾਰਕ ਸੰਬੰਧਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਆਜ਼ਾਦੀ ਦੀ ਲੜਾਈ ਵਿਚ ਅਸੀਂ ਸਭ ਬੰਗਾਲ ਨੂੰ ਸਿਰ ਅਤੇ ਪੰਜਾਪ ਨੂੰ ਧੜ ਮੰਨਦੇ ਹਾਂ। ਜਿਸ ਤਰ੍ਹਾਂ ਸਿਰ ਅਤੇ ਧੜ ਮਿਲ ਕੇ ਦੁਸ਼ਮਣ ਨਾਲ ਲੜਾਈ ਕਰਦੇ ਹਨ ਇਸੇ ਤਰ੍ਹਾਂ ਇਨਕਲਾਬੀ ਲੋਕ ਰਲ ਮਿਲ ਕੇ ਕੰਮ ਕਰਦੇ ਸਨ। ਇਥੋਂ ਤਕ ਕਿ ਬੰਗਾਲ ਦੇ ਬਾਗੀ ਮਰਦ ਸਿੰ। ਘਰਾਂ ਵਿਚ ਸਾਡੀਆਂ ਮਾਵਾਂ ਕੋਲ, ਸਾਡੀਆਂ ਭੈਣਾਂ ਕੋਲ, ਸਾ ਡੀਆਂ ਬੇਟੀਆਂ ਕੋਲ ਲੁਕ ਛਿਪ ਕੇ, ਕਿਤੇ ਪੁੱਤਰ ਬਣਕੇ, ਕਿਤੇ ਭਰਾ ਬਣ ਕੇ ਅਤੇ ਕਿਤੇ ਬਾਪ ਬਣ ਕੇ ਰਹਿੰਦੇ ਰਹੇ ਅਤੇ ਅੰਗਰੇਜ਼ੀ ਹਕੂਮਤ ਤੋਂ ਛੁਟਕਾਰਾ ਪਾਉਣ ਲਈ ਯੋਜਨਾਵਾਂ ਬਣਾਉਂਦੇ ਰਹੇ। ਇਸੇ ਤਰ੍ਹਾਂ ਪੰਜਾਬੀ ਬਾਗ਼ੀ ਵੀ ਬੰਗਾਲੀਆਂ ਦੇ ਘਰਾਂ ਵਿਚ ਰਹਿੰਦੇ ਰਹੇ। ਆਜ਼ਾਦੀ ਲਹਿਰ ਦਾ ਇਹ ਪੱਖ ਧਿਆਨ ਗੋਚਰ ਹੈ।

ਇਸ ਤਰ੍ਹਾਂ ਜਿਹੜੇ ਪੰਜਾਬੀ ਬੰਗਾਲੀ ਮਾਹੌਲ ਵਿਚ ਵਿਚਰੇ, ਬੰਗਾਲੀ ਸਭਿਆਚਾਰ ਦਾ ਪ੍ਰਭਾਵ ਉਹਨਾ ਤੇ ਪੈਣਾ ਸੁਭਾਵਿਕ ਸੀ। ਬੰਗਾਲੀਆਂ ਦਾ ਸਾਹਿਤ-ਪ੍ਰੇਮ, ਸੰਗੀਤ ਪਿਆਰ ਅਤੇ ਪਕਵਾਨ-ਕਲਾ ਆਪਣੀ ਮਿਸਾਲ ਆਪ ਹਨ।

ਇਸ ਸੰਦਰਭ ਵਿਚ ਜਦੋਂ ਮੁਨਸ਼ਾ ਸਿੰਘ 'ਦੁਖੀ' ਅਤੇ ਸੌਦਾਗਰ ਸਿੰਘ 'ਭਿਖਾਰੀ' ਕਲਕੱਤੇ ਗਏ ਤਾਂ ਬੰਗਾਲੀ ਕੋਮਲ ਹੁਨਰਾਂ ਨੇ ਉਨ੍ਹਾਂ ਨੂੰ ਵੀ ਟੁੰਬਿਆ। ਭਾਸ਼ਾਈ ਪੱਧਰ ਤੇ ਵੀ ਅਗਰ ਵੇਖੀਏ ਤਾਂ ਪੰਜਾਬੀ ਅਤੇ ਬੰਗਾਲੀ ਦੋਵੇਂ ਸੰਸਕ੍ਰਿਤ ਮੂਲ ਦੀਆਂ ਭਾਸ਼ਾਵਾਂ ਹਨ। ਇਸ ਲਈ ਇਹ ਵਿਰਸਾ ਵੀ

www.sikhbookclub.com

ਸਾਂਝਾ ਹੈ। ਉਧਰੋਂ ਇਕ ਸਾਂਝ ਹੋਰ ਵੀ ਸੀ। ਬੰਗਾਲੀ ਵੀ ਦੇਸ਼ ਭਗਤ ਸਨ। ਭਿਖਾਰੀ ਹੁਰੀਂ ਵੀ ਵੱਡੇ ਦੇਸ਼ ਭਗਤ ਸਨ। ਇਹਨਾਂ ਦਾ ਤਾਂ ਸਮਝੋਂ ਧਰਮ ਹੀ ਵਤਨ-ਪ੍ਰਸਤੀ ਸੀ ਅਤੇ ਇਸੇ ਧਰਮ ਦਾ ਹੀ ਇਹਨਾਂ ਨੇ ਉਥੇ ਪ੍ਰਚਾਰ ਕੀਤਾ।

ਜਿਹੜੀ ਵੱਡੀ ਗੱਲ ਇਹਨਾਂ ਨੇ ਕਲਕੱਤੇ ਵਿਚ ਕੀਤੀ ਉਹ ਇਹ ਸੀ ਕਿ ਉਸ ਸਮੇਂ ਵਿਚ, ਓਪਰੇ ਸੂਬੇ ਵਿਚ ਜਾ ਕੇ ਪੰਜਾਬੀ ਪਰਚਾ ਜਾਰੀ ਕਰਨਾ ਜਦ ਕਿ ਉਦੋਂ ਇਥੇ ਪੰਜਾਬ ਵਿਚ ਵੀ ਇਕ ਦੋ ਪਰਚੇ ਹੀ ਛਪਦੇ ਸਨ। ਉਹਨਾਂ ਨੇ ਆਪਣੇ ਪਰਚੇ ਦਾ ਨਾਮ ਰਖਿਆ, 'ਕਵੀ' ਅਤੇ ਕਵੀ ਦੇ ਦਫ਼ਤਰ ਦਾ ਨਾਮ ਰੱਖਿਆ 'ਕਵੀ-ਕੁਟੀਆ', ਜੋ ਕਿ ਭਿਖਾਰੀ ਹੁਰਾਂ ਦਾ ਆਪਣਾ ਨਿੱਕਾ ਜਿਹਾ ਘਰ ਹੀ ਹੁੰਦਾ ਸੀ।

ਜੋ ਗੱਲ ਅੱਜ ਦੇ ਪਾਠਕਾਂ ਨਾਲ ਕਰਨੀ ਵਧੇਰੇ ਬਣਦੀ ਹੈ ਉਹ ਇਹ ਹੈ ਕਿ ਸੁਤੰਤਰਤਾ ਲਹਿਰ ਵਿਚ ਕਵੀਆਂ ਦੀ ਭੂਮਿਕਾ ਬਹੁਤ ਵੱਡੀ ਸੀ। ਜਦੋਂ ਅਕਾਲ ਤਖ਼ਤ ਤੋਂ ਗ੍ਰਿਫ਼ਤਾਰੀ ਲਈ ਜਥੇ ਜਾਂਦੇ ਹੁੰਦੇ ਸਨ ਤਾਂ ਜੱਥੇ ਨੂੰ ਤੋਰਨ ਤੋਂ ਪਹਿਲਾਂ ਕੋਈ ਦਿਲ ਨੂੰ ਟੁੰਬਣ ਵਾਲੀ ਕਵਿਤਾ ਪੜ੍ਹ ਕੇ ਸੁਣਾਈ ਜਾਂਦੀ ਸੀ, ਜਿਸਦਾ ਸਾਰੰਸ਼ ਤਕਰੀਬਨ ਐਸਾ ਹੁੰਦਾ ਸੀ ਕਿ ਅਸੀਂ ਤਾਂ ਸ਼ਹੀਦੀਆਂ ਪ੍ਰਾਪਤ ਕਰਨ ਜਾ ਰਹੇ ਹਾਂ, ਸਾਡੇ ਪਿਛੋਂ ਸਾਡੇ ਘਰਾਂ ਦਾ, ਡੰਗਰ-ਵੱਛੇ ਦਾ, ਫ਼ਸਲਾਂ ਦਾ ਧਿਆਨ ਤੁਸੀਂ ਹੀ ਰੱਖਣਾ ਹੈ। ਨਿਰਸੰਦੇਹ ਸੁਤੰਤਰਤਾ ਸੰਗਰਾਮੀਆਂ ਦੀ ਨਫ਼ਰੀ ਵਧਦੀ ਗਈ, ਜਿਸਦਾ ਸਿਹਰਾ ਕਵੀਆਂ ਨੂੰ ਵੀ ਜਾਂਦਾ ਸੀ।

ਪੱਤਰਕਾਰੀ ਦੇ ਪ੍ਰਸੰਗ ਵਿਚ ਇਕ ਗੱਲ ਹੋਰ ਯਾਦ ਆ ਰਹੀ ਹੈ। ਉਹਨਾਂ ਦਿਨਾਂ ਵਿਚ ਇਕ ਵਾਰੀ ਮਦਨ ਮੋਹਨ ਮਾਲਵੀਆ ਲਾਹੌਰ ਆਇਆ। ਪਹਿਲਾਂ ਤਾਂ ਉਸਨੂੰ ਕੋਈ ਮਿਲਣ ਹੀ ਨਾ ਗਿਆ, ਪਰ ਬਾਅਦ ਵਿਚ ਸੁੰਦਰ ਸਿੰਘ 'ਲਾਇਲਪੁਰੀ' ਨੇ ਜਾ ਕੇ ਆਖਿਆ ਕਿ ਜਨਾਬ 'ਇਥੇ ਤਾਂ ਸਭੇ ਭੇਡਾਂ ਕਾਲੀਆਂ ਹਨ'। ਮਾਲਵੀਆ ਨੇ ਕਿਹਾ ਕਿ ਸਰਦਾਰ ਜੀ ਕੋਈ ਚਿੱਟੀ ਭੇਡ ਲਿਆਓ। ਫੇਰ ਜਦੋਂ ਤਿੰਨ ਸੱਜਣ ਮਾਲਵੀਆਂ ਨੂੰ ਮਿਲਣ ਗਏ ਤਾਂ ਉਸਨੇ ਸਾਫ਼ ਸਾਫ਼ ਆਖਿਆ ਕਿ ਕੋਈ ਅਖ਼ਬਾਰ ਸ਼ੁਰੂ ਕਰੋ, ਅਖ਼ਬਾਰ ਤੋਂ ਬਿਨਾਂ ਇਹ ਲਹਿਰ ਕਾਮਯਾਬ ਨਹੀਂ ਹੋ ਸਕਦੀ। ਕੇਵਲ 300/- (ਤਿੰਨ ਸੌ ਰੁਪੈ) ਦੀ ਮਾਮੂਲੀ ਜਿਹੀ ਰਕਮ ਨਾਲ ਥੋੜ੍ਹੀ ਜਿਹੀ ਅਸ਼ਾਇਤ ਨਾਲ ਜਿਹੜਾ ਪਰਚਾ ਸ਼ੁਰੂ ਹੋਇਆ, ਉਸਦੀ ਅਸ਼ਾਇਤ ਵਧ ਕੇ ਹਜ਼ਾਰਾਂ ਵਿਚ ਪਹੁੰਚ ਗਈ ਜਦੋਂ ਹੀਰਾ ਸਿੰਘ 'ਦਰਦ' ਵਰਗੇ ਸੁਤੰਤਰਤਾ ਕਵੀਆਂ ਦੀਆਂ ਰਚਨਾਵਾਂ ਛਪਣ ਲਗੀਆਂ। ਉਸ ਅਖ਼ਬਾਰ ਦਾ ਨਾਮ ਸੀ 'ਅਕਾਲੀ'। ਇਹ ਗੱਲ ਮੈਂ ਤਾਂ ਲਿਖ ਰਿਹਾ ਹਾਂ ਕਿ ਉਦੋਂ ਕਵੀ ਸਮਾਜਿਕ ਪਰਿਵਰਤਨ ਲਿਆਉਣ ਦੀ ਹੈਸੀਅਤ ਰੱਖਦੇ ਸਨ ਅਤੇ ਆਪਣੀ ਹੈਸੀਅਤ ਵਰਤਦੇ ਵੀ ਸਨ।

ਅਜਿਹੇ ਸਮੇਂ ਵਿਚ ਬੰਗਾਲ ਵਿਚ ਜਾ ਕੇ 'ਕਵੀ' ਮਾਸਕ ਪੱਤਰ ਜਾਰੀ ਕਰਨਾ ਸਹੀ ਅਰਥਾਂ ਵਿਚ ਇਕ ਮਾਰਕੇ ਦਾ ਕੰਮ ਸੀ ਅਤੇ ਇਸ ਤੋਂ ਵੱਡੀ ਪ੍ਰਾਪਤੀ ਸੀ ਬੰਗਾਲ ਵਿਚ ਜਾ ਕੇ ਪੰਜਾਬੀ ਛਾਪਾਖਾਨਾ ਸਥਾਪਿਤ ਕਰਨਾ ਅਤੇ ਪੰਜਾਬੀ ਵਿਚ ਕਵਿਤਾ ਦੀ ਪੁਸਤਕ ਪਬਲਿਸ਼ ਕਰਨਾ। ਮੇਰਾ ਇਸ਼ਾਰਾ ਸੌਦਾਗਰ ਸਿੰਘ 'ਭਿਖਾਰੀ' ਦੀ ਕਾਵਿ-ਰਚਨਾ 'ਪ੍ਰੇਮ ਲਹਿਰਾਂ' ਵੱਲ ਹੈ। ਜਿਸ ਦੀ ਅਤਿ ਪਿਆਰੀ ਹਰੇ ਰੰਗ ਦੀ ਜਿਲਦ 'ਤੇ ਲਹਿਰਾਂ ਦੀ ਭਾਅ ਮਾਰਦਾ ਡਿਜ਼ਾਈਨ ਮੈਨੂੰ ਅਜੇ ਤਕ ਯਾਦ ਹੈ।

ਪੰਜਾਬ ਪਰਤਣ ਉਪਰੰਤ ਸੁਦਾਗਰ ਸਿੰਘ ਨੇ ਕਾਰਲ ਮਾਰਕਸ ਨੂੰ ਪੜ੍ਹਿਆ ਅਤੇ ਘੋਖਿਆ ਅਤੇ ਕਈ ਨੌਜਵਾਨਾਂ ਨੂੰ ਮਾਰਕਸੀ ਵਿਚਾਰਧਾਰਾ ਦੀ ਐਸੀ ਪੁੱਠ ਚੜ੍ਹਾਈ ਕਿ ਉਹ ਸਮਾਜਿਕ ਪਰਿਵਰਤਨ

www sikhbookclub.com

ਲਿਆਉਣ ਵਿਚ ਰੁੱਝ ਗਏ। ਇਹ ਸਭ ਗੱਲਾਂ ਉਦੋਂ ਦੀਆਂ ਹਨ ਜਦੋਂ ਅਜੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਸ ਖੇਤਰ ਵਿਚ ਨਹੀਂ ਸੀ।

'ਭਿਖਾਰੀ ਨਾਲ ਜੁੜੀਆਂ ਐਹੋ ਜਿਹੀਆਂ ਕਈ ਯਾਦਾਂ ਹਨ। ਮੈਂ ਇਸ ਅਵਸਰ ਤੇ ਉਹਨਾਂ ਦੇ ਪਰਿਵਾਰ ਨੂੰ ਸ਼ੁਭ ਇੱਛਾਵਾਂ ਭੇਟ ਕਰਦਾ ਹਾਂ ਅਤੇ ਅਸੀਸਾਂ ਦਿੰਦਾ ਹਾਂ ਜਿਨ੍ਹਾਂ ਨੇ ਉਹਨਾਂ ਦੀ ਯਾਦ ਨੂੰ ਏਨੀ ਮਿਠਾਸ ਨਾਲ ਬਰਕਰਾਰ ਰੱਖਿਆ ਹੈ।

–ਨਰਿੰਦਰ ਸਿੰਘ ਸੋਚ

◆

www.sikhbookclub.com

## ਸੌਦਾਗਰ ਸਿੰਘ ਭਿਖਾਰੀ

ਅੱਜ ਪੰਜਾਬੀ ਲੇਖਕਾਂ ਦੇ ਲਿਖੇ ਅੱਖਰ ਦਾ ਮੁੱਲ ਪੈਣ ਲਗ ਪਿਆ ਹੈ। ਲਿਖਤ, ਮਾਇਕ ਲਾਭ ਵਾਲੀ ਪੈਦਾਵਾਰ ਬਣ ਚੁੱਕੀ ਹੈ, ਜਿਸ ਨੂੰ ਖ਼ਰੀਦ ਕੇ ਅਖ਼ਬਾਰ ਤੇ ਰਿਸਾਲੇ ਆਪਣੀ ਗਾਹਕੀ ਵਿਚ ਵਾਧਾ ਕਰਦੇ ਰਹਿੰਦੇ ਹਨ। ਅਜੀਤ, ਪੰਜਾਬੀ ਟ੍ਰਿਬਿਊਨ, ਜਾਗ੍ਰਿਤੀ, ਸਮਕਾਲੀ ਸਾਹਿਤ, ਸਮਦਰਸ਼ੀ, ਆਲੋਚਨਾ, ਪੰਜਾਬੀ ਦੁਨੀਆਂ, ਜਨ ਸਾਹਿਤ, ਖੋਜ ਪਤ੍ਰਿਕਾ, ਪੰਖੜੀਆਂ, ਪ੍ਰਾਇਮਰੀ ਸਿੱਖਿਆ, ਗੁਰਮਤਿ ਪ੍ਰਕਾਸ਼ ਤੇ ਅਕਸ ਵਰਗੇ ਕਈ ਅਖ਼ਬਾਰਾਂ ਤੇ ਰਿਸਾਲਿਆਂ ਵਿਚ ਛਪਣ ਵਾਲੀਆਂ ਰਚਨਾਵਾਂ ਦਾ, ਆਮ ਤੌਰ ਉਤੇ, ਕੁਝ ਨਾ ਕੁਝ ਮੁਆਵਜ਼ਾ ਮਿਲਦਾ ਹੈ। ਕਵਿਤਾ, ਕਹਾਣੀ, ਇਕਾਂਗੀ ਜਾਂ ਲੇਖਾਂ ਵਰਗੀਆਂ ਰਚਨਾਵਾਂ ਹੀ ਨਹੀਂ, ਪੁਸਤਕ-ਰੀਵੀਊ, ਬਲਕਿ ਲਤੀਫ਼ੇ ਵੀ ਵਿਕਰੀ ਵਾਲੀ ਵਸਤ ਬਣ ਚੁੱਕੇ ਹਨ। ਪਰ 1922 ਵਿਚ, ਜਦੋਂ ਦਸਾਂ ਨਹੁੰਆਂ ਦੀ ਕਮਾਈ ਕਰਦਿਆਂ, ਸ. ਸੌਦਾਗਰ ਸਿੰਘ ਭਿਖਾਰੀ ਤੇ ਉਨ੍ਹਾਂ ਦੇ ਕੁਝ ਉੱਦਮੀ ਸਹਿਯੋਗੀਆਂ ਨੇ, ਕਲਕੱਤੇ ਵਿਚ 'ਕਵੀ ਕੁਟੀਆ' ਨਾਂ ਦੀ ਇਕ ਸੰਸਥਾ ਕਾਇਮ ਕਰ ਕੇ ਆਪਣੀਆਂ ਕਵਿਤਾਵਾਂ, ਪੈਂਫਲਿਟਾਂ ਦੇ ਰੂਪ ਵਿਚ ਪੱਲਿਓਂ ਛਪਵਾ-ਛਪਵਾ ਕੇ ਗੁਰਦੁਆਰਿਆਂ ਵਿਚ ਵੰਡਣੀਆਂ ਸ਼ੁਰੂ ਕੀਤੀਆਂ ਅਤੇ ਨਾਲ ਹੀ ਇਸ ਕਾਵਿਕ ਸਮੱਗਰੀ ਨਾਲ ਉਸ ਵੇਲੇ ਦੇ ਪੰਜਾਬ ਦੇ ਅਖ਼ਬਾਰਾਂ ਤੇ ਰਿਸਾਲਿਆਂ ਤੇ ਢਿੱਡ ਭਰਨੇ ਸ਼ੁਰੂ ਕੀਤੇ, ਓਦੋਂ ਇਹ ਖੇਡ ਘਰ ਫੂਕ ਤਮਾਸ਼ਾ ਵੇਖਣ ਵਾਲੀ ਹੁੰਦੀ ਸੀ। ਪਰ 'ਕਵੀ ਕੁਟੀਆ' ਦੇ ਜੱਥੇ ਨੂੰ, ਜਿਸ ਵਿਚ ਭਿਖਾਰੀ ਜੀ ਤੋਂ ਇਲਾਵਾ ਮੁਨਸ਼ਾ ਸਿੰਘ 'ਦੁਖੀ', ਨਿਰੰਜਨ ਸਿੰਘ 'ਤਾਲਿਬ' ਤੇ ਗੁਰਾਂ ਦਿੱਤਾ ਖੰਨਾ ਵਰਗੇ ਦੇਸ-ਭਗਤ ਸ਼ਾਮਿਲ ਸਨ, ਇਹ ਖੇਡ ਏਨੀ ਚੰਗੀ ਲੱਗੀ ਕਿ ਸਾਰਿਆਂ ਨੇ ਰਲ ਕੇ, ਦੁਖੀ ਜੀ ਦੇ ਸੰਪਾਦਨ ਹੇਠ, 1927 ਵਿਚ, 'ਕਵੀ' ਨਾਂ ਦਾ ਰਿਸਾਲਾ ਜਾਰੀ ਕਰ ਲਿਆ ਤੇ ਛੇਤੀ ਹੀ ਆਪਣਾ 'ਕਵੀ ਪ੍ਰੈਸ' ਵੀ ਚਾਲੂ ਕਰ ਲਿਆ ਤਾਂ ਜੋ ਰਿਸਾਲਾ ਛਪਵਾਉਣ ਲਈ ਅਮ੍ਰਿਤਸਰ ਨਾ ਜਾਣਾ ਪਵੇ। ਇਸ ਜੱਥੇ ਦੇ ਮੈਂਬਰ, ਧਰਮ, ਸਦਾਚਾਰ, ਦੇਸ਼-ਪਿ ਾਰ ਤੇ ਸੁਤੰਤਰਤਾ ਸੰਗਰਾਮ ਵਾਲੇ ਖੇਤਰਾਂ ਵਿਚ ਅੱਗੇ ਹੀ ਸਰਗਰਮ ਸਨ, 'ਕਵੀ ਕੁਟੀਆ' ਤੇ 'ਕਵੀ' ਨਾਲ, ਸਾਹਿਤ ਤੇ ਸਮਾਲੋਚਨਾ ਦੇ ਖੇਤਰ ਵਿਚ ਵੀ ਉਨ੍ਹਾਂ ਦੀਆਂ ਸਰਗਰਮੀਆਂ ਤਿੱਖੀਆਂ ਹੋ ਗਈਆਂ। ਤੰਗ ਨਜ਼ਰ ਇਤਿਹਾਸਕਾਰ ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਦੀ ਕੁਰਬਾਨੀ ਨੂੰ ਭਾਵੇਂ ਅਣਗੌਲਿਆ ਕਰ ਦੇਣ, ਪਰ ਤਤਕਾਲੀ ਪੰਜਾਬੀ ਸਮਾਜ ਦੇ ਸਾਹਿਤਿਕ ਜਾਗ ਵਾਲੇ ਲੋਕਾਂ ਵਿਚ 'ਕਵੀ' ਨੇ ਜਿੰਨੀ ਛੇਤੀ ਆਪਣੀ ਆਦਰਯੋਗ ਥਾਂ ਬਣਾਈ, ਉਸ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਲੋਕਾਂ ਨੇ ਇਸ ਰਿਸਾਲੇ ਦੇ ਸੰਚਾਲਕਾਂ ਦੀ ਸੇਵਾ ਨੂੰ ਰੱਜ ਕੇ ਮਾਨਤਾ ਦਿੱਤੀ ਸੀ। ਭਿਖਾਰੀ ਜੀ, ਇਸ ਅਨੋਖੇ ਜੱਥੇ ਦੇ ਮੋਢੀ ਆਗੂਆਂ ਵਿਚੋਂ ਸਨ। ਅਣਹੋਏ ਨੂੰ ਹੋਇਆ ਬਣਾਉਣ, ਸੁਫਨੇ ਘੜਨ ਤੇ ਉਨ੍ਹਾਂ ਨੂੰ ਸਾਕਾਰ ਰੂਪ ਦੇਣ ਅਤੇ ਨਵੀਂ

www sikhbookclub.com

ਘਾੜਤ ਨੂੰ ਰੇਖਾਂਕਿਤ ਕਰ ਕੇ ਸੰਗਠਿਤ ਸ਼ਕਲ ਦੇਣ ਦਾ ਗੁਣ ਉਨ੍ਹਾਂ ਦੇ ਘਰ ਪੀੜ੍ਹੀਓਂ-ਪੀੜ੍ਹੀ ਚੱਲਿਆ ਆ ਰਿਹਾ ਸੀ। ਇਸ ਗੁਣ ਨੂੰ ਉਨ੍ਹਾਂ ਖਰਾਦ ਤੇ ਕਲਮ ਉੱਤੇ ਸਮਾਨ ਕੁਸ਼ਲਤਾ ਨਾਲ ਵਰਤਿਆ। 'ਕਵੀ ਕੁਟੀਆ', 'ਕਵੀ' ਤੇ 'ਕਵੀ ਪ੍ਰੈਸ' ਦੀ ਕਲਪਨਾ ਨੂੰ ਸਥੂਲ ਦੇਹੀ ਬਖ਼ਸ਼ਣ ਵਿਚ, ਭਿਖਾਰੀ ਜੀ ਨੂੰ ਵਿਰਸੇ ਵਿਚ ਮਿਲੇ ਇਸ ਗੁਣ ਦਾ ਬੜਾ ਵੱਡਾ ਹੱਥ ਸੀ। ਮੈਨੂੰ ਲਗਦਾ ਹੈ ਕਿ ਜੇ 'ਕਵੀ ਕੁਟੀਆ' ਵਾਲੇ ਜੱਥੇ ਵਿਚ ਭਿਖਾਰੀ ਜੀ ਵਰਗਾ ਕੋਈ 'ਕਿੱਲੇ ਠੋਕਵਾਂ' ਇੰਜੀਨੀਅਰ ਨਾ ਹੁੰਦਾ ਤਾਂ ਸੰਸਥਾ ਦੀਆਂ ਚੂਲਾਂ ਮੁੱਢ ਤੋਂ ਹੀ ਢਿੱਲੀਆਂ ਰਹਿ ਜਾਣੀਆਂ ਸਨ। ਇਸ ਲਈ 'ਕਵੀ ਕੁਟੀਆ', 'ਕਵੀ' ਤੇ 'ਕਵੀ ਪ੍ਰੈਸ' ਦੀ ਇਤਿਹਾਸਕ ਦੇਣ ਦੇ ਪਿਛੇ ਲੁਕੇ ਭਿਖਾਰੀ ਜੀ ਦੇ ਮਿਹਨਤੀ ਹੱਥ ਦੀ ਕਾਰਗੁਜ਼ਾਰੀ ਨੂੰ ਯਾਦ ਕਰਨਾ ਸਾਡਾ ਫ਼ਰਜ਼ ਬਣਦਾ ਹੈ।

ਭਿਖਾਰੀ-ਸ਼ਤਾਬਦੀ ਮਨਾਉਣ ਵਾਲਿਆਂ ਨੂੰ ਮੇਰਾ ਸਲਾਮ!

-ਪ੍ਰੀਤਮ ਸਿੰਘ

◆

www.sikhbookclub.com

## ਭਿਖਾਰੀ ਜੀ-ਇਕ ਚਾਨਣ ਮੁਨਾਰਾ

ਭਿਖਾਰੀ ਜੀ ਦੇ ਜੀਵਨ ਤੋਂ ਮੈਂ ਬੇਹੱਦ ਮੁਤਾਸਰ ਹੋਇਆ ਹਾਂ। ਉਹਨਾਂ ਦਾ ਜੀਵਨ ਸਰਬਪੱਖੀ ਸੀ। ਉਹਨਾਂ ਦਾ ਇਲਮੀ ਗਿਆਨ ਕਿੰਨਾ ਉਤਸ਼ਾਹ ਵਾਲਾ ਸੀ। ਅੱਜ ਦੀਆਂ ਸਹੂਲਤਾਂ ਸਾਹਮਣੇ ਦਿਮਾਗ ਚਕ੍ਰਿਤ ਹੋ ਜਾਂਦਾ ਹੈ। ਕਿਵੇਂ ਕਿਸੇ ਵੀ ਸਕੂਲ ਕਾਲਜ ਦੀ ਪੜ੍ਹਾਈ ਤੋਂ ਬਗੈਰ ਹੀ ਪੰਜਾਬੀ, ਹਿੰਦੀ, ਬੰਗਾਲੀ, ਉਰਦੂ ਤੇ ਅੰਗਰੇਜ਼ੀ ਵਿਚ ਐਨੀ ਮੁਹਾਰਤ ਹਾਸਲ ਕਰ ਲਈ, ਜਿਸ ਸਦਕਾ ਉਨ੍ਹਾਂ ਦੇ ਲੇਖ ਅਖ਼ਬਾਰਾਂ, ਰਸਾਲਿਆਂ ਦਾ ਸ਼ਿੰਗਾਰ ਬਣੇ। ਕਿਵੇਂ ਉਹਨਾਂ ਨੇ ਮੁਲਕ ਪਿਆਰ ਦੀਆਂ ਕਹਾਣੀਆਂ ਦੇ ਅਨੁਵਾਦ ਕੀਤੇ ਤੇ ਪੰਜਾਬੀ ਦਾ ਭੰਡਾਰਾ ਭਰਿਆ। ਉਹਨਾਂ ਦੀਆਂ ਕਵਿਤਾਵਾਂ ਸਾਡੇ ਪਾਸ ਅਭੁੱਲ ਯਾਦਾਂ ਵਾਂਗ ਕਿਤਾਬੀ ਸ਼ਕਲ ਵਿਚ ਤਾਂ ਹਨ ਹੀ ਪਰੰਤੂ ਕਵਿਤਾਵਾਂ ਵਿਚ ਮੁਲਕ ਲਈ ਉਹਨਾਂ ਦੀ ਦਿਲੀ ਹਮਦਰਦੀ ਸਿਖਰ ਨੂੰ ਛੂੰਹਦੀ ਏ। ਪ੍ਰਤੱਖ ਲਗਦਾ ਏ ਜੋ ਉਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਨੂੰ ਮੁਲਕ 'ਚੋਂ ਕੱਢਣ ਲਈ ਤਹਈਆ ਕਰ ਰਖਿਆ ਸੀ। ਉਨ੍ਹਾਂ ਦੇ ਹਿਰਦੇ ਤੋਂ ਵਲਵਲੇ ਬਣ ਕੇ ਸੋਮੇ ਦੇ ਰੂਪ ਵਿਚ ਕਵਿਤਾ ਜਨਮੀ ਹੈ, ਜਿਸ ਤੋਂ ਨੌਜਵਾਨਾਂ ਨੂੰ ਮੁਲਕ ਦੀ ਆਜ਼ਾਦੀ ਲਈ ਲਗਨ ਭਰਪੂਰ ਰੌਸ਼ਨੀ ਮਿਲੀ, ਜਿਸ ਨਾਲ ਉਹਨਾਂ ਵਿਚ ਹੁਬਲ-ਵਤਨੀ ਦੇ ਜਜ਼ਬੇ ਜਾਗੇ।

ਕੁਦਰਤ ਦੇ ਨੇਮ ਅਨੁਸਾਰ ਗ੍ਰਹਿਸਥੀ ਜੀਵਨ ਵਿਚ ਇਕ ਚੰਗੇ ਪਰਿਵਾਰ ਦੇ ਸਿਰਜਕ ਸਨ, ਤਿੰਨ ਪੁੱਤਰ ਦੋ ਧੀਆਂ ਨੂੰ ਪੜ੍ਹਾਇਆ। ਸਭ ਨੂੰ ਵਿੱਦਿਆ ਕਾਲਜਾਂ ਤਕ ਦੁਆਈ, ਜਿਸ ਕਰਕੇ ਸਾਰੇ ਹੀ ਸਫਲ ਜੀਵਨ ਵਿਚ ਵਿਚਰ ਰਹੇ ਹਨ। ਪਰ ਦੂਜਾ ਉਹਨਾਂ ਦਾ ਪਰਿਵਾਰ ਸੀ ਹਮਜੋਲੀਆਂ ਦਾ, ਹਮਖ਼ਿਆਲੀਆਂ ਦਾ, ਕੌਮੀ ਲਗਨ ਵਾਲਿਆਂ ਦਾ ਜੋ ਸੋਚਦੇ ਸਨ ਮੁਲਕ ਵਿਚ ਗਰੀਬੀ ਲਈ ਜ਼ਿੰਮੇਵਾਰ ਸਮਾਜ ਦੀ ਕਾਣੀ ਵੰਡ ਹੈ। ਜਿਸ ਦੇ ਖ਼ਿਲਾਫ਼ ਆਪਣੀ ਲੇਖਣੀ ਅਤੇ ਕਵਿਤਾਵਾਂ ਵਿਚ ਭਰਪੂਰ ਅਸਰਦਾਇਕ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਲਾਮਬੰਦ ਕਰਦੇ ਸਨ। ਇਹ ਪ੍ਰਚਾਰ ਭਾਰਤ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਨਿਜਾਤ ਦਿਵਾਉਣ ਲਈ ਸੀ। ਸਿਰਫ ਲਿਖਦੇ ਤੇ ਪ੍ਰਚਾਰ ਹੀ ਨਹੀਂ ਸਨ ਕਰਦੇ ਸਗੋਂ ਆਪਾ ਵਾਰਨ ਲਈ ਵੀ ਤਤਪਰ ਰਹਿੰਦੇ ਸਨ। ਇਸ ਪਰਿਵਾਰ ਨੇ ਆਪਣੀ ਵਿਉਂਤਬੰਦੀ ਮੁਤਾਬਿਕ ਕਈ ਵਾਰ ਕੈਦਾਂ ਕੱਟੀਆਂ, ਮਾਰਾਂ ਖਾਦੀਆਂ, ਜ਼ੁਲਮ ਸਹੇ। ਪਰ 'ਮਾਤਾ ਧਰਮ ਮਹਤ' ਦਾ ਪਿਆਰ ਅਫ਼ਜ਼ਲ ਸਮਝਿਆ। ਇਹਨਾਂ ਦੇ ਦਿਲੀ ਮਨੋਰਥ ਇਹਨਾਂ ਦੇ ਲਾਈਨਾਂ ਤੋਂ ਹੀ ਪ੍ਰਗਟਾ ਹੋ ਜਾਂਦੇ ਨੇ।

"ਵਤਨ ਦਾ, ਕੌਮ ਦਾ, ਮੇਰੇ ਸਿਰੋਂ ਕਰਜ਼ਾ ਅਦਾ ਹੋਵੇ,
ਵਤਨ ਤੇ ਕੌਮ ਤੋਂ ਲੋਕੋਂ ਮੇਰੀ ਜ਼ਿੰਦੜੀ ਫ਼ਿਦਾ ਹੋਵੇ।"

www sikhbookclub.com

ਇਹਨਾਂ ਦੀ ਕੌਮ ਵਿਚ ਤਰੱਕੀ ਦੀ ਚਾਹ ਕਿਤੇ ਘਟ ਹੀ ਮਿਲਦੀ ਹੈ। ਕਿਸੇ ਇੰਜੀਨੀਅਰਿੰਗ ਕਾਲਜ ਦੀ ਡਿਗਰੀ ਤੋਂ ਬਗ਼ੈਰ, ਆਪਣੀ ਲਗਨ ਤੇ ਤਜਰਬੇ ਦੇ ਅਧਾਰ ਤੇ ਇਕ ਛੋਟੇ ਜਿਹੇ ਕੰਮ ਨੂੰ ਐਨੀ ਵੱਡੀ ਫੈਕਟਰੀ ਵਿਚ ਬਦਲਣ ਦਾ ਵਸੀਲਾ ਬਣਨਾ। ਇਹ ਕੋਈ ਸਾਧਾਰਨ ਮਨੁੱਖ ਨਹੀਂ ਕਰ ਸਕਦਾ, ਇਹ ਤਾਂ ਕੋਈ ਦੈਵੀ ਕਲਾ ਸਮਰਥ ਦਿਮਾਗੀ ਸੂਝ, ਕੰਮ ਦੀ ਵੰਡ ਦੀ ਤਰਤੀਬ ਅਤੇ ਕੰਮ ਵਿਚ ਪੂਰੀ ਇਮਾਨਦਾਰੀ ਦੀ ਲਗਨ ਹੀ ਐਨੀਆਂ ਉਚੀਆਂ ਪ੍ਰਾਪਤੀਆਂ ਨੂੰ ਛੋਹ ਸਕਦੀ ਏ।

ਉਨ੍ਹਾਂ ਦਾ ਜੀਵਨ ਈਮਾਨਦਾਰੀ, ਕਹਿਣੀ ਤੇ ਕਰਨੀ ਦੇ ਸਿਰ ਹੋ ਨਿਬੜਦਾ। ਆਪਣੇ ਲਈ ਸੰਤੋਖ ਅਤੇ ਦੂਜਿਆਂ ਲਈ ਦਇਆ ਦੇ ਮਾਲਕ ਸਾਹਵੇਂ ਸਿਰ ਨਿਵਾ ਕੇ ਪ੍ਰਣਾਮ ਕਰਦਾ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ਅਤੇ ਅਰਦਾਸਗੋ ਹਾਂ ਸਰਬ ਸ਼ਕਤੀਮਾਨ ਅੱਜ ਭਾਰਤ ਦੇ ਰਹਿਬਰਾਂ ਨੂੰ ਉਹਨਾਂ ਦੇ ਸਮੁੱਚੇ ਜੀਵਨ 'ਚੋਂ ਕੁਝ ਚਿਣਗ ਮਾਤਰ ਇਹਨਾਂ ਦੇ ਮਨ ਵਸਾ ਜਿਸ ਸਦਕਾ ਭਾਰਤ ਦਿਨ ਬਦਿਨ ਵਧ ਰਹੇ ਕਸ਼ਟਾਂ 'ਚੋਂ ਨਜਾਤ ਪਾ ਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਸਕੇ।

-ਬਸੰਤ ਸਿੰਘ ਹੰਸਪਾਲ

◆

www.sikhbookclub.com

## ਸੌਦਾਗਰ ਸਿੰਘ ਭਿਖਾਰੀ

ਕੌਮ ਅਤੇ ਦੇਸ਼ ਦੀ ਸਿਰਜਨਾਤਮਕ ਉਸਾਰੀ ਵਿਚ ਸਾਹਿਤਕਾਰ, ਕਵੀ, ਲਿਖਾਰੀ ਤੇ ਚਿੰਤਕ ਆਪਣੇ ਵਿਤ ਅਨੁਸਾਰ ਮਹੱਤਵਪੂਰਨ ਯੋਗਦਾਨ ਦੇਂਦੇ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਦੇ ਪਿੜ ਵਿਚ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਭਾਈ ਵੀਰ ਸਿੰਘ ਜੀ ਵਲੋਂ ਪਾਈ ਪਰਪਾਟੀ ਦਾ ਵਿਸ਼ੇਸ਼ ਉਲੇਖ ਕਰਨਾ ਬਣਦਾ ਹੈ। ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਵਿਚ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਜਿੰਨ੍ਹਾਂ ਵਰਣਨਯੋਗ ਸੱਜਣਾਂ ਨੇ ਪੰਜਾਬੀ ਮਾਂ ਬੋਲੀ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਅ ਦਾ ਮਾਧਿਅਮ ਬਣਾਇਆ ਉਨ੍ਹਾਂ ਵਿਚੋਂ ਸ. ਸੌਦਾਗਰ ਸਿੰਘ 'ਭਿਖਾਰੀ' ਦਾ ਸਥਾਨ ਬੜਾ ਨਿਵੇਕਲਾ ਤੇ ਉੱਚਾ ਹੈ। ਕਲਕੱਤੇ ਰਹਿੰਦਿਆਂ ਉਥੇ 1922 ਵਿਚ 'ਕਵੀ ਕੁਟੀਆ' ਦੀ ਸਥਾਪਨਾ ਕਰਨੀ ਤੇ 1927 ਵਿਚ ਉਥੋਂ ਹੀ 'ਕਵੀ' ਮਾਸਕ ਪੱਤਰ ਜਾਰੀ ਕਰਨਾ ਆਪ ਦੀਆਂ ਅਲੌਕਿਕ ਪ੍ਰਾਪਤੀਆਂ ਹਨ। ਹੌਲੀ ਹੌਲੀ ਕਲਕੱਤਾ ਪੰਜਾਬੀ ਸਾਹਿਤਕ ਮੈਦਾਨ ਵਿਚ ਆਪਣਾ ਸਥਾਨ ਬਣਾਉਣ ਲੱਗਾ ਤੇ ਕਵੀ ਜਨ ਤੇ ਲਿਖਾਰੀ ਇਸ ਵਿਚ ਹਿੱਸਾ ਪਾਉਣ ਲੱਗੇ।

1930 ਵਿਚ ਆਰੰਭ ਹੋਇਆ ਦੈਨਿਕ 'ਦੇਸ਼ ਦਰਪਣ' ਤੇ ਹਫ਼ਤਾਵਾਰੀ 'ਖ਼ਾਲਸਾ ਗਜ਼ਟ' ਜੋ ਕਿ ਸ. ਨਿਰੰਜਣ ਸਿੰਘ ਤਾਲਿਬ ਦੀ ਸੰਪਾਦਨਾ ਹੇਠ ਤੇ ਫੇਰ ਉੱਘੇ ਚਿੰਤਕ ਤੇ ਗੁਰਮਤਿ ਦੇ ਗਿਆਤਾ ਸ. ਰਘਬੀਰ ਸਿੰਘ 'ਬੀਰ' ਆਫ਼ ਆਤਮ ਸਾਇੰਸ ਦੇ ਪ੍ਰਬੰਧ ਹੇਠ ਦੇਸ਼, ਕੌਮ ਤੇ ਪੰਜਾਬੀ ਜੋਧਿਆਂ ਦੇ ਆਜ਼ਾਦੀ ਸੰਘਰਸ਼ ਵਿਚ ਅਹਿਮ ਰੋਲ ਅਦਾ ਕਰਦਾ ਰਿਹਾ। ਭਿਖਾਰੀ ਜੀ ਦੇ ਉਘੇ ਸਾਥੀਆਂ ਵਿਚ ਇਨਕਲਾਬੀ ਕਵੀ ਸ. ਮੁਨਸ਼ਾ ਸਿੰਘ ਦੁਖੀ, ਡਾ. ਦੀਵਾਨ ਸਿੰਘ ਕਾਲੇਪਾਣੀ, ਡਾ. ਉੱਤਮ ਸਿੰਘ ਸਾਥੀ ਆਦਿ ਦਾ ਨਾ ਸਰੇ ਫਹਿਰਿਸਤ ਆਉਂਦਾ ਹੈ।

ਭਿਖਾਰੀ ਨੇ ਕਵਿਤਾ ਤੋਂ ਇਲਾਵਾ ਨਾਵਲ, ਛੋਟੀ ਕਹਾਣੀ, ਲਘੂ ਨਾਟਕ ਦੇ ਖੇਤਰ ਵਿਚ ਵੀ ਪੰਜਾਬੀ ਅਦਬ ਨੂੰ ਅਮਰ ਕੀਤਾ। ਉਨ੍ਹਾਂ ਦੀ ਰਹਿਣੀ ਗੁਰਸਿੱਖਾਂ ਵਾਂਗ ਬੜੀ ਸਾਦਾ ਸੀ। ਮੱਧਰਾ ਕੱਦ, ਖੁਲ੍ਹਾ ਲੰਮਾ ਰੋਅਬਦਾਰ ਦਾਹੜਾ, ਸਫੈਦ ਕਪੜੇ, ਚੂੜੀਦਾਰ ਪਜਾਮਾ, ਉਨ੍ਹਾਂ ਦੀ ਸ਼ਖਸੀਅਤ ਨੂੰ ਚਾਰ ਚੰਦ ਲਾਉਂਦੇ ਸਨ।

ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਦੇ ਅਵਸਰ ਤੇ ਉਨ੍ਹਾਂ ਦੀ ਪੰਜਾਬੀ ਮਾਂ ਭਾਸ਼ਾ ਨੂੰ ਦਿੱਤੀ ਅਦੁੱਤੀ ਦੇਣ ਨੂੰ ਸਮਰਪਿਤ ਸਿਮਰਤੀ ਗ੍ਰੰਥ ਛਾਪਣਾ ਸਾਡੇ ਵਲੋਂ ਉਨ੍ਹਾਂ ਨੂੰ ਸਾਡੀ ਨਿੱਘੀ ਸ਼ਰਧਾਂਜਲੀ ਦਾ ਪ੍ਰਤੀਕ ਹੋਵੇਗਾ।

-ਸੁਰਜੀਤ ਸਿੰਘ ਮਿਨਹਾਸ

www.sikhbookclub.com

## ਭਿਖਾਰੀ ਜੀ ਇਕ ਸੰਸਥਾ

ਕਲਕੱਤੇ ਦੇ ਮੰਨੇ ਪ੍ਰਮੰਨੇ ਗੁਰਸਿੱਖ ਸ. ਸੌਦਾਗਰ ਸਿੰਘ ਭਿਖਾਰੀ ਸਾਡੇ ਨਾਲੋਂ ਉਮਰ ਵਿਚ ਤਾਂ ਬਹੁਤ ਵੱਡੇ ਸਨ, ਪਰ ਰਿਹਾ ਹਜ਼ਰਾ ਰੋਡ, ਕਲਕੱਤਾ ਵਿਖੇ ਰਹਿੰਦੇ ਹੋਣ ਕਾਰਨ, ਛੋਟੇ ਹੁੰਦਿਆਂ ਦਰਸ਼ਨ ਤਾਂ ਜ਼ਰੂਰ ਹੋ ਜਾਂਦੇ ਸਨ। ਉਹਨਾਂ ਦੀ ਸਭ ਤੋਂ ਛੋਟੀ ਪੁੱਤਰੀ ਭੈਣ ਬਰਜਿੰਦਰ ਕੌਰ, ਜੋ ਅੱਜਕਲ੍ਹ ਆਸਟਰੇਲੀਆ ਵਿਚ ਹੈ, ਮੇਰੀ ਜਮਾਤਣ ਸੀ, ਇਸ ਲਈ ਭਿਖਾਰੀ ਸਾਹਿਬ ਦੇ ਪਰਿਵਾਰ ਨਾਲ ਨੇੜਤਾ ਹੋਰ ਵਧ ਗਈ ਸੀ। ਸ. ਪ੍ਰਤਾਪ ਸਿੰਘ ਐਸ. ਈ. ਰਿਟਾਇਰਡ, ਸ. ਕੁਲਦੀਪ ਸਿੰਘ ਬੰਬਈ ਵਾਲੇ, ਸ. ਹਰਬਖ਼ਸ਼ ਸਿੰਘ ਦਿੱਲੀ, ਭਿਖਾਰੀ ਸਾਹਿਬ ਦੇ ਸਪੁੱਤਰ ਉਚੇਰੀ ਵਿਦਿਆ ਪ੍ਰਾਪਤ ਕਰ ਰਹੇ ਸਨ, ਇਸ ਲਈ ਉਨ੍ਹਾਂ ਨੂੰ ਮਿਲਣ ਦਾ ਮੌਕਾ ਬਹੁਤਾ ਨਹੀਂ ਸੀ ਮਿਲਦਾ।

ਭਿਖਾਰੀ ਸਾਹਿਬ ਨੇ ਆਪਣੇ ਜੀਵਨ ਨੂੰ ਆਜ਼ਾਦੀ ਦੀ ਲਹਿਰ ਵਿਚ ਉਦੋਂ ਝੋਕ ਦਿੱਤਾ ਸੀ ਜਦੋਂ ਆਜ਼ਾਦੀ ਦੀ ਕਿਰਨ ਦਿਖਾਈ ਨਹੀਂ ਸੀ ਦੇਂਦੀ। ਬੀ. ਐਮ. ਸਿੰਘ ਐਂਡ ਸੰਨਜ਼ ਵਿਖੇ ਸਭ ਤੋਂ ਉੱਚੀ ਪਦਵੀ ਤੇ ਹੁੰਦਿਆਂ ਹੋਇਆਂ ਵੀ ਉਨ੍ਹਾਂ ਦਾ ਤਾਲ-ਮੇਲ ਸਾਰੇ ਗ਼ਦਰੀਆਂ ਨਾਲ ਹੁੰਦਾ, ਜਿਨ੍ਹਾਂ ਦਾ ਆਉਣ ਜਾਣ ਉਨ੍ਹਾਂ ਦੇ ਘਰ ਹੋਣ ਕਾਰਨ, ਪੁਲਿਸ ਦੇ ਛਾਪੇ ਆਮ ਪੈਂਦੇ। ਭਿਖਾਰੀ ਜੀ ਦੀ 'ਕਵੀ ਕੁਟੀਆਂ', ਸਿੱਖ ਸਾਹਿਤਕਾਰਾਂ, ਗ਼ਦਰੀਆਂ ਅਤੇ ਸਿੱਖ ਬੁੱਧੀਜੀਵੀਆਂ ਦਾ ਅੱਡਾ ਸੀ। ਸ. ਮੁਨਸ਼ਾ ਸਿੰਘ 'ਦੁਖੀ' ਭਿਖਾਰੀ ਜੀ ਦੇ ਖਾਸ ਉਲ ਖਾਸ ਦੋਸਤ ਸਨ ਅਤੇ ਇਹ 'ਕਵੀ' ਪਰਚਾ ਵੀ ਕੱਢਦੇ ਰਹੇ। ਭਿਖਾਰੀ ਜੀ ਧਾਰਮਿਕ ਅਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖਦੇ, ਟ੍ਰੈਕਟ ਛਾਪਦੇ ਅਤੇ ਵੰਡਦੇ ਜਿਹਨਾਂ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਲੇਖ ਅਤੇ ਕਵਿਤਾਵਾਂ ਹੁੰਦੀਆਂ ਅਤੇ ਆਜ਼ਾਦੀ ਦੇ ਸੰਗਰਾਮ ਲਈ ਸੰਦੇਸ਼। ਆਪ ਜਗਤ ਸੁਧਾਰ ਗੁਰਦੁਆਰਾ ਸਾਹਿਬ ਰਾਸ ਬਿਹਾਰੀ ਐਵੀਨਿਊ ਕਾਲੀਘਾਟ ਦੇ ਬਾਨੀ ਸਨ। ਬਜ਼ੁਰਗ ਦੱਸਦੇ ਹਨ ਕਿ ਭਿਖਾਰੀ ਸਾਹਿਬ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਤੋਂ ਪਹਿਲਾਂ, ਕਲਕੱਤੇ ਸ਼ਹਿਰ ਦੀਆਂ ਖੁਲ੍ਹੀਆਂ ਥਾਵਾਂ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੀਵਾਨ ਸਜਾਉਂਦੇ ਅਤੇ ਸੰਗਤਾਂ ਦੀ ਸੇਵਾ ਕਰਦੇ।

ਇਹੋ ਜਿਹੇ ਮਹਾਨ ਗੁਰਸਿੱਖ ਸੰਗਰਾਮੀਏ ਦਾ, ਜਿਨ੍ਹਾਂ ਨੇ ਕੌਮ ਤੇ ਦੇਸ਼ ਲਈ ਬਗੈਰ ਕਿਸੇ ਖ਼ੌਫ ਦੇ ਅੰਗਰੇਜ਼ੀ ਸਮਰਾਜ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ, ਜਿੰਨਾ ਵੀ ਸਤਿਕਾਰ ਕਰੀਏ ਥੋੜ੍ਹਾ ਹੈ। ਮੈਂ ਉਨ੍ਹਾਂ ਦੇ ਪਰਿਵਾਰ ਨੂੰ ਜੋ ਬਹੁਤ ਹੀ ਪੜ੍ਹਿਆ ਲਿਖਿਆ ਗੁਰਮੁਖ ਘਰਾਣਾ ਹੈ, ਉਨ੍ਹਾਂ ਦੀ ਇਸ 100 ਵੀਂ ਵਰ੍ਹੇ ਗੰਢ ਤੇ ਬਹੁਤ ਮੁਬਾਰਕਬਾਦ ਦੇਂਦਾ ਹਾਂ

-ਮਨਜੀਤ ਸਿੰਘ ਕਲਕੱਤਾ

◆

www.sikhbookclub.com

www.sikhbookclub.com

# ਕਰਮ ਅਤੇ ਕਲਮ ਦਾ ਮੁਜੱਸਮ
# ਸੌਦਾਗਰ ਸਿੰਘ ਭਿਖਾਰੀ

# ਕਰਮ ਅਤੇ ਕਲਮ ਦਾ ਮੁਜੱਸਮ
# ਸੌਦਾਗਰ ਸਿੰਘ ਭਿਖਾਰੀ

ਕੌਮ ਦੀ ਸਿਰਜਣਾ ਅਜਿਹੀਆਂ ਸ਼ਖ਼ਸੀਅਤਾਂ ਦੀ ਮੰਗ ਕਰਦੀ ਹੈ ਜਿਨ੍ਹਾਂ ਨੂੰ ਆਪਣੇ ਨਿੱਜੀ ਹਿੱਤਾਂ ਨਾਲੋਂ ਆਪਣਾ ਦੇਸ਼ ਕਿਤੇ ਵੱਧ ਪਿਆਰਾ ਹੁੰਦਾ ਹੈ। ਇਹ ਵਲਵਲਾ ਅਤੇ ਕੌਮੀ ਸਿਰਜਣਾ ਲਈ ਜੂਝ ਮਰਨ ਦੀ ਦਲੇਰੀ, ਮਿਲਦੀ ਹੈ ਇਨਕਲਾਬੀ ਕਵੀਆਂ ਤੋਂ, ਜੋ ਕਿ ਕੌਮ ਦੇ ਨੇਤਰ ਹੁੰਦੇ ਹਨ।

ਵੀਹਵੀਂ ਸਦੀ ਦੇ ਆਰੰਭ ਵਿਚ ਇਕ ਪਾਸੇ ਗੋਰੇ ਸਾਮਰਾਜ ਨਾਲ ਟੱਕਰ ਲੈਣ ਵਿਚ ਅਤੇ ਦੂਜੇ ਪਾਸੇ ਸਮਾਜੀ ਲੁੱਟ-ਖਸੁੱਟ, ਗਰੀਬੀ ਅਤੇ ਜਹਾਲਤ ਵਿਰੁੱਧ ਸੰਘਰਸ਼ਾਂ ਵਿਚ ਇਹਨਾਂ ਕਵੀਆਂ ਦੀ ਬਹੁਤ ਵੱਡੀ ਦੇਣ ਹੈ।

ਅਜਿਹੇ ਹੀ ਇਕ ਦੇਸ਼ ਭਗਤ ਕਵੀ ਸ. ਸੌਦਾਗਰ ਸਿੰਘ ਜੀ 'ਭਿਖਾਰੀ' ਦਾ ਜਨਮ 15 ਨਵੰਬਰ 1898 ਨੂੰ ਪਿੰਡ ਭੰਗਾਲੀ, ਜ਼ਿਲ੍ਹਾ ਅਮ੍ਰਿਤਸਰ ਵਿਚ ਇਕ ਗਰੀਬ ਕਿਰਤੀ ਪਰਿਵਾਰ ਵਿਚ ਸ. ਦੇਵਾ ਸਿੰਘ ਜੀ ਦੇ ਘਰ ਮਾਤਾ ਸ. ਜੀਵਨ ਕੌਰ ਦੀ ਕੁੱਖੋਂ ਹੋਇਆ।

ਸ. ਦੇਵਾ ਸਿੰਘ ਜੀ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਸ. ਈਸ਼ਰ ਸਿੰਘ, ਸ. ਨਰਾਇਣ ਸਿੰਘ ਵੱਡੇ ਭਰਾ ਸਨ ਤੇ ਇਹਨਾਂ ਦੇ ਪਿਤਾ ਜੀ ਸ. ਜਮੀਅਤ ਸਿੰਘ ਸਨ। ਸ. ਈਸ਼ਰ ਸਿੰਘ ਦਾ ਵਧੇਰੇ ਸਮਾਂ ਜੰਮੂ-ਕਸ਼ਮੀਰ ਵਿਚ ਲੰਘਿਆ ਤੇ ਛੋਟੇ ਸ. ਨਰੈਣ ਸਿੰਘ ਜੀ ਕਰਾਚੀ ਆਰਾ ਘਰ ਵਿਚ ਕੰਮ ਕਰਦੇ ਰਹੇ। ਸ. ਦੇਵਾ ਸਿੰਘ ਕੁਝ ਚਿਰ ਕਰਾਚੀ ਅਤੇ ਫਿਰ ਈਸਟ ਅਫ਼ਰੀਕਾ ਵਿਚ ਰਹੇ। ਨੈਰੋਬੀ ਦੀ ਰੇਲਵੇ ਵਰਕਸ਼ਾਪ ਵਿਚ ਬਹੁਤ ਦੇਰ ਆਰਾ ਘਰ ਤੇ ਕੈਰਿਜ ਸ਼ਾਪ ਵਿਚ ਵੱਡੇ ਮਿਸਤਰੀ ਰਹੇ। ਬਹੁਤ ਦੇਰ ਆਪਣਾ ਸੁਤੰਤਰ ਕੰਮਕਾਰ ਵੀ ਕਰਦੇ ਰਹੇ। ਅਫ਼ਰੀਕਾ ਵਿਚ ਆਪ ਨੇ ਇਕ ਛਾਂਭਾ (ਉਪਜਾਊ ਜ਼ਮੀਨ) ਲਿਆ ਤੇ ਪਲਾਟ ਖਰੀਦ ਕੇ ਮਕਾਨ ਬਣਾ ਲਿਆ ਜੋ ਸਮੇਂ ਦੀ ਹੇਰਾਫੇਰੀ ਵਿਚ ਜਾਂਦਾ ਰਿਹਾ। ਆਪ ਅਫ਼ਰੀਕਾ ਵਿਚ ਤਕਰੀਬਨ ਸਤਾਰਾਂ ਅਠਾਰਾਂ ਸਾਲ ਰਹੇ। ਆਪ ਫ਼ਰਵਰੀ 1927 ਨੂੰ ਪਿੰਡ ਭੰਗਾਲੀ, ਜ਼ਿਲ੍ਹਾ ਅਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਅਮ੍ਰਿਤਸਰ ਸ਼ਹਿਰ ਤੋਂ ਕੋਈ ਸੋਲ੍ਹਾਂ ਮੀਲ ਉੱਤਰ ਵੱਲ ਅਮ੍ਰਿਤਸਰ ਤੋਂ ਪਠਾਨਕੋਟ ਵਲ ਜਾਂਦੀ ਰੇਲਵੇ ਲਾਈਨ ਤੋਂ ਤੀਸਰਾ ਸਟੇਸ਼ਨ ਜੈਂਤੀਪੁਰ ਹੈ। ਸਟੇਸ਼ਨ ਤੋਂ ਢਾਈ ਮੀਲ ਪਿੰਡ ਹੈ ਅਤੇ ਆਬਾਦੀ ਪੰਜ ਹਜ਼ਾਰ ਹੈ। ਇਸ ਪਿੰਡ ਦਾ ਸਿੱਖ ਇਤਿਹਾਸ ਨਾਲ ਗੂੜ੍ਹਾ ਸੰਬੰਧ ਰਿਹਾ ਹੈ। ਨਾਮ 'ਭੈਂਗੀਆਂ ਵਾਲੀ' ਤੋਂ ਵਿਗੜ ਕੇ ਭੰਗਾਲੀ ਬਣਿਆ ਹੋਇਆ ਹੈ। ਬਾਬਾ ਵੀਰ ਸਿੰਘ ਜੀ, ਜਿਨ੍ਹਾਂ ਪਾਸ ਸ. ਪਿਥੋਰਾ ਸਿੰਘ ਜੀ ਨੇ ਪਨਾਹ ਲਈ ਸੀ, ਏਥੇ ਕੁਝ ਚਿਰ ਅਟਕੇ ਸਨ। ਇਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਟਾਹਲੀ ਸਾਹਿਬ ਏਥੇ ਮੌਜੂਦ ਹੈ। ਪਿੰਡ ਵਿਚ

ਦੋ ਗੁਰਦਆਰੇ, ਇਕ ਸ਼ਿਵ ਦੁਆਲਾ ਤੇ ਦੋ ਮਸੀਤਾਂ, ਦੋ ਸਕੂਲ ਹਨ।

ਇਨ੍ਹਾਂ ਦਾ ਜਨਮ ਮੱਘਰ ਸੁਦੀ ਏਕਮ 1955 ਬਿਕ੍ਰਮੀ ਦਿਨ ਸੋਮਵਾਰ ਦਾ ਹੈ। ਇਹ ਤਕਰੀਬਨ ਅੱਧ ਨਵੰਬਰ 1898 ਈਸਵੀ ਪੈਂਦਾ ਹੈ।

ਸ. ਸੌਦਾਗਰ ਸਿੰਘ ਜੀ ਤਿੰਨ ਭਰਾ ਸਨ ਤੇ ਇਨ੍ਹਾਂ ਦੀ ਇਕ ਭੈਣ ਸੀ। ਵੱਡੇ ਸ. ਉਜਾਗਰ ਸਿੰਘ ਜੀ ਆਪਣੀ ਜੁਆਨ ਅਵਸਥਾ ਵਿਚ ਹੀ ਚਲਾਣਾ ਕਰ ਗਏ ਸਨ। ਇਹ ਬੜੇ ਸਾਧੂ ਸੁਭਾ ਦੇ ਪੁਰਸ਼ ਸਨ। ਇਨ੍ਹਾਂ ਨੂੰ ਕੋਈ ਤੇਰ੍ਹਾਂ ਚੌਦਾਂ ਸਾਲ ਦੀ ਉਮਰ ਵਿਚ ਹੀ ਮਿਰਗੀ ਰੋਗ ਹੋ ਗਿਆ ਸੀ, ਜਿਸ ਕਾਰਨ 25 ਸਾਲ ਦੀ ਆਯੂ ਹੀ ਭੋਗ ਸਕੇ। ਛੋਟੇ ਭਰਾ ਸ. ਹੁਕਮ ਸਿੰਘ ਜੀ ਬੜੇ ਅਗਾਂਹ ਵਧੂ ਖ਼ਿਆਲਾਂ ਦੇ ਪੁਰਸ਼ ਸਨ। ਇਹ ਬੜੇ ਸੁਚੱਜੇ ਇੰਜੀਨੀਅਰ ਸਨ ਤੇ ਆਪਣੀ ਆਯੂ ਵਿਚ ਇਨ੍ਹਾਂ ਬਹੁਤ ਉੱਨਤੀ ਕੀਤੀ। ਸਾਹਿਤ ਨਾਲ ਵੀ ਬੜਾ ਪਿਆਰ ਰਖਦੇ ਸਨ। ਕਦੇ ਕਦੇ ਕਵਿਤਾ ਵੀ ਲਿਖ ਲੈਂਦੇ ਸਨ।

ਸੱਤ ਸਾਲ ਦੀ ਉਮਰ ਵਿਚ ਸਕੂਲ ਗਏ। ਉਦੋਂ ਕੁ ਹੀ ਪਿੰਡ ਵਿਚ ਪ੍ਰਾਇਮਰੀ ਸਕੂਲ ਖੁੱਲ੍ਹਾ ਸੀ। ਪਹਿਲਾਂ ਮਸੀਤ ਵਿਚ ਤੇ ਫਿਰ ਇਕ ਵਖਰੀ ਬਿਲਡਿੰਗ ਬਣ ਗਈ ਸੀ। ਪਹਿਲੀ ਜਮਾਤ ਦਾ ਇਮਤਿਹਾਨ ਹੋਇਆਂ ਤਾਂ ਵੱਡੇ ਭਰਾ ਜੀ ਫਸਟ ਤੇ ਇਹ ਸੈਕੰਡ ਆਏ। ਉਨ੍ਹਾਂ ਨੂੰ ਚਾਰ ਆਨੇ ਤੇ ਇਨ੍ਹਾਂ ਨੂੰ ਤੇ ਤੀਜੇ ਨੰਬਰ ਤੇ ਰਹਿਣ ਵਾਲੇ ਨੂੰ ਦੋ-ਦੋ ਆਨੇ ਇਨਾਮ ਮਿਲਿਆ ਸੀ। ਕੁਝ ਹੋਰ ਮੁੰਡਿਆ ਨੂੰ, ਜੋ ਪੜ੍ਹਾਈ ਵਿਚ ਚੰਗੇ ਨਿਕਲੇ ਸਨ, ਆਨਾ ਆਨਾ ਇਨਾਮ ਮਿਲਿਆ ਸੀ। ਇਨ੍ਹਾਂ ਦੇ ਪਿਤਾ ਜੀ ਉਦੋਂ ਹੀ ਅਫ਼ਰੀਕਾ ਤੋਂ ਆਏ ਸਨ। ਉਨ੍ਹਾਂ ਨੇ ਉਦੋਂ ਸਕੂਲ ਵਿਚ ਸਾਰੇ ਮੁੰਡਿਆਂ ਨੂੰ ਲੱਡੂ ਵੰਡੇ ਸਨ। ਸਭ ਦੇ ਚਾਰ ਚਾਰ ਹਿੱਸੇ ਆਏ ਸਨ।

ਦੂਜੀ ਦੇ ਇਮਤਿਹਾਨ ਵਿਚ ਵੱਡੇ ਭਰਾ ਜੀ ਅੱਵਲ ਆਏ ਸਨ ਪਰ ਆਪ ਤੀਜੇ ਨੰਬਰ ਤੇ ਆਏ। ਇਸਦਾ ਇਨ੍ਹਾਂ ਨੂੰ ਬੜਾ ਦੁਖ ਲੱਗਾ। ਤੀਜੇ ਸਾਲ ਦਾ ਇਮਤਿਹਾਨ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਹੀ ਕਿਸੇ ਕਾਰਨ ਸਕੂਲ ਛੱਡਣਾ ਪੈ ਗਿਆ।

ਕੋਈ ਗਿਆਰਾਂ ਸਾਲ ਦੀ ਉਮਰ ਵਿਚ ਇਨ੍ਹਾਂ ਦਾ ਵਿਆਹ ਹੋਇਆ। ਸ. ਚੰਦਾ ਸਿੰਘ ਜੀ ਓਵਰਸੀਅਰ ਲਾਈਨ ਪਲੇਟੀਅਰ, ਪਿੰਡ ਭੰਗਵਾਂ, ਜ਼ਿਲ੍ਹਾ ਗੁਰਦਾਸਪੁਰ ਦੀ ਤੀਜੀ ਸਪੁੱਤਰੀ ਨਾਲ। ਇਨ੍ਹਾਂ ਦੇ ਪਿਤਾ ਜੀ ਸੰਤ ਮੂਲਾ ਸਿੰਘ ਜੀ ਮਜੀਠੇ ਵਾਲਿਆਂ ਦੇ ਸ਼ਰਧਾਲੂ ਸਨ। ਦੂਜੇ ਬੰਨੇ ਸ. ਚੰਦਾ ਸਿੰਘ ਜੀ ਵੀ ਇਨ੍ਹਾਂ ਸੰਤਾਂ ਨੂੰ ਬਹੁਤ ਮੰਨਦੇ ਸਨ। ਉਨ੍ਹਾਂ ਦੀ ਆਗਿਆ ਅਨੁਸਾਰ ਹੀ ਇਹ ਸਬੰਧ ਹੋਇਆ। ਇਨ੍ਹਾਂ ਦੇ ਵਿਆਹ ਵਾਲੇ ਦਿਨ ਬੜਾ ਹੀ ਮੀਂਹ ਪਿਆ ਤੇ ਪਿੰਡ ਭੰਗਾਲੀ ਤੋਂ ਲੈ ਕੇ ਪਿੰਡ ਭੰਗਵੀ ਪਹੁੰਚਣ ਤਕ ਪੈਂਦਾ ਰਿਹਾ, ਪਰ ਸ. ਚੰਦਾ ਸਿੰਘ ਜੀ ਨੇ ਬਾਹਰ ਫਿਰਨ ਤੁਰਨ ਵਾਲੇ ਹੋਣ ਕਾਰਨ ਜੰਞ ਦੀ ਬੜੀ ਸੇਵਾ ਕੀਤੀ। ਰੋਟੀ ਪਾਣੀ ਦਾ ਚੰਗਾ ਪ੍ਰਬੰਧ ਕੀਤਾ। ਦਿਨ ਵੀ ਸਿਆਲ ਦੇ ਸਨ। ਮੱਘਰ ਦਾ ਮਹੀਨਾ ਸੀ। ਅਗਲੇ ਦਿਨ ਸ਼ਾਮ ਆਤਸ਼ਬਾਜੀ ਚਲਾਈ ਗਈ ਸੀ। ਦੋਵੇਂ ਧਿਰਾਂ ਗੁਰਮਤਿ ਦੀਆਂ ਪੈਰੋਕਾਰ ਹੋਣ ਕਾਰਨ, ਵਿਆਹ ਗੁਰਮਤਿ ਅਨੁਸਾਰ ਹੀ ਹੋਇਆ ਸੀ। ਉਦੋਂ ਮੁੰਡੇ ਕੁੜੀਆਂ ਦੇ ਛੋਟੀ ਉਮਰ ਵਿਚ ਹੀ ਵਿਆਹ ਕਰ ਦਿੱਤੇ ਜਾਂਦੇ ਸਨ।

ਇਸ ਤੋਂ ਚਾਰ ਛੇ ਮਹੀਨੇ ਹੀ ਪਿਛੋਂ ਪਿਤਾ ਜੀ ਇਨ੍ਹਾਂ ਨੂੰ ਕਰਾਚੀ ਲੈ ਗਏ। ਉਹ ਉਸ ਵੇਲੇ ਰੇਲਵੇ ਵਰਕਸ਼ਾਪ ਆਰਾ ਘਰ ਵਿਚ ਕੰਮ ਕਰਦੇ ਸਨ। ਇਨ੍ਹਾਂ ਨੂੰ ਪਹਿਲਾਂ ਕੈਰਜ ਸ਼ਾਪ ਵਿਚ ਲਕੜੀ ਦੇ ਕੰਮ ਵਿਚ ਪਾਣ ਦੀ ਕੋਸ਼ਿਸ਼ ਕੀਤੀ ਗਈ। ਪਰ ਛੋਟੀ ਉਮਰ ਹੋਣ ਕਾਰਨ ਡਾਕਟਰ ਨੇ

ਪਾਸ ਨਾ ਕੀਤਾ। ਕੋਈ ਦੋ ਤਿੰਨ ਮਹੀਨੇ ਪਿੱਛੋਂ ਦੂਜੀ ਕੋਸ਼ਿਸ਼ ਲੋਕੋ ਸ਼ਾਪ ਵਿਚ ਅਪ੍ਰੈਂਟਿਸ ਰਖਾਣ ਦੀ ਕੀਤੀ ਗਈ। ਇਹ ਕੋਸ਼ਿਸ਼ ਸਫਲ ਰਹੀ। ਪਹਿਲੇ ਸਾਲ ਮਸ਼ੀਨ ਸ਼ਾਪ ਵਿਚ ਭੇਜਿਆ ਗਿਆ। ਉਸ ਵੇਲੇ ਦੇ ਰੇਲਵੇ ਅਪ੍ਰੈਂਟਿਸ ਨਿਯਮਾਂ ਅਨੁਸਾਰ ਇਨ੍ਹਾਂ ਨੂੰ ਤਿੰਨ ਆਨੇ ਰੋਜ਼ ਮਿਲਣ ਲੱਗੇ। ਦੂਜੇ ਸਾਲ ਚਾਰ ਪਾਈ ਇਨਕਰੀਮੈਂਟ ਹੋ ਗਈ। ਪਰ ਬੜੀ ਛੇਤੀ ਇਨ੍ਹਾਂ ਦੇ ਪਿਤਾ ਜੀ ਨੇ ਉਥੋਂ ਕੰਮ ਛੱਡ ਦਿੱਤਾ ਤੇ ਇਨ੍ਹਾਂ ਨੂੰ ਵਾਪਸ ਪਿੰਡ ਆਉਣਾ ਪਿਆ।

ਇਸ ਡੇਢ ਕੁ ਸਾਲ ਦੇ ਅਰਸੇ ਵਿਚ ਇਨ੍ਹਾਂ ਲਈ ਇਕ ਮਾਸਟਰ ਵੀ ਲਗਾ ਦਿੱਤਾ ਗਿਆ। ਮਾਤਾ ਜੀ ਕਿਉਂਕਿ ਸ਼ੁਰੂ ਸ਼ੁਰੂ ਵਿਚ ਉਥੇ ਨਹੀਂ ਸਨ, ਇਸ ਲਈ ਕਾਫ਼ੀ ਦੇਰ ਤਕ ਰੋਟੀਆਂ ਸ਼ਾਮ ਦੀਆਂ ਇਨ੍ਹਾਂ ਦੇ ਜ਼ਿੰਮੇ ਲਗ ਗਈਆਂ। ਰੋਟੀਆਂ ਪਕਾਣੀਆਂ, ਬਰਤਨ ਸਾਫ਼ ਕਰਨੇ, ਫਿਰ ਪੜ੍ਹਨਾ। ਸਵੇਰ ਦੀ ਰੋਟੀ ਇਨ੍ਹਾਂ ਦੇ ਪਿਤਾ ਜੀ ਖ਼ੁਦ ਬਣਾ ਲੈਂਦੇ। ਇਹ ਛੋਟੇ ਹੋਣ ਕਰਕੇ ਨਹਾ ਕੇ ਰੋਟੀ ਖਾ ਕੇ ਮਸਾਂ ਵੇਲੇ ਸਿਰ ਤਿਆਰ ਹੁੰਦੇ ਸਨ। ਦੁਪਹਿਰ ਦੀ ਰੋਟੀ ਨਾਲ ਲੈ ਜਾਂਦੇ ਸਨ। ਰੋਟੀ ਖਾਣ ਪਿੱਛੋਂ ਕੋਈ ਪੌਣਾ ਕੁ ਘੰਟਾ ਦੁਪਹਿਰੇ ਪੜ੍ਹਨ ਲਿਖਣ ਦਾ ਟਾਇਮ ਮਿਲ ਜਾਂਦਾ ਸੀ। 1911 ਦੇ ਅਖ਼ੀਰ ਵਿਚ ਕਰਾਚੀ ਤੋਂ ਛੁੱਟੀ ਆਏ ਫੇਰ ਵਾਪਸ ਨਹੀਂ ਗਏ। ਕੁਦਰਤ ਨੂੰ ਇਸ ਤਰ੍ਹਾਂ ਹੀ ਮਨਜ਼ੂਰ ਸੀ। ਨਹੀਂ ਤਾਂ ਸ਼ਾਇਦ ਉਥੇ ਪੰਜ ਸਾਲ ਕੋਰਸ ਪੂਰਾ ਕਰਕੇ ਹੁਣ ਤਕ ਰੇਲਵੇ ਦੀ ਕਿਸੇ ਚੰਗੀ ਪੋਸਟ ਤੇ ਹੁੰਦੇ। ਪਰ ਇਨ੍ਹਾਂ ਨੂੰ ਅਫ਼ਸੋਸ ਕੋਈ ਨਹੀਂ ਹੋਇਆ। ਆਪਣੇ ਸਾਥੀਆਂ ਨਾਲੋਂ ਇਨ੍ਹਾਂ ਨੇ ਜੀਵਨ ਵਿਚ ਬਹੁਤ ਵਧੇਰੇ ਉਨਤੀ ਕੀਤੀ।

ਕਰਾਚੀ ਤੋਂ ਵਾਪਸ ਆ ਕੇ ਇਨ੍ਹਾਂ ਦੇ ਪਿਤਾ ਜੀ ਅਫ਼ਰੀਕਾ ਚਲੇ ਗਏ ਤੇ ਇਨ੍ਹਾਂ ਨੂੰ ਅੰਮ੍ਰਿਤਸਰ ਵਿਚ ਸ. ਠਾਕਰ ਸਿੰਘ ਜੀ ਪਾਸ, ਜੋ ਆਰਟ ਸਕੂਲ ਵਿਚ ਮਾਸਟਰ ਸਨ, ਟੱਕ ਪੱਛ ਦਾ ਕੰਮ ਸਿੱਖਣ ਲਈ ਲਾ ਦਿੱਤਾ ਗਿਆ। ਹਾਲ ਬਾਜ਼ਾਰ ਵਿਚ ਇਨ੍ਹਾਂ ਦੀ ਦੁਕਾਨ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਆਸ ਪਾਸ ਦੇ ਪਿੰਡਾਂ ਦੇ ਬਹੁਤੇ ਲੜਕੇ ਇਨ੍ਹਾਂ ਪਾਸ ਕੰਮ ਸਿਖਦੇ ਰਹਿੰਦੇ ਸਨ। ਇਹ ਚਾਰ ਪੰਜ ਮੁੰਡੇ ਤਾਂ ਦੁਕਾਨ ਤੇ ਸੌਂ ਰਹਿੰਦੇ ਸਨ। ਇਨ੍ਹਾਂ ਦਾ ਨਿੱਤ ਦਾ ਕੰਮ ਪਹਿਲਾਂ ਸਵੇਰੇ ਉਸਤਾਦ ਜੀ ਦੇ ਘਰ ਜਾ ਕੇ ਪਾਣੀ ਭਰਨਾ, ਦੁਪਹਿਰੇ ਵਾਰੋ ਵਾਰੀ ਉਨ੍ਹਾਂ ਦਾ ਖਾਣਾ ਘਰੋਂ ਲਿਆਉਣਾ ਤੇ ਰਾਤ ਨੂੰ ਉਸਤਾਦ ਤੇ ਉਸਤਾਨੀ ਦੀਆਂ ਮੁੱਠੀਆਂ ਭਰਨੀਆਂ। ਦਿਨੇ ਦੁਕਾਨ ਤੇ ਨਵਿਆਂ ਨੇ ਮੁੱਢੀਆਂ ਟੁਕਣੀਆਂ ਤੇ ਰਤਾ ਕੁ ਜਾਣਨ ਵਾਲਿਆਂ ਨੇ ਸਕ੍ਰੀਨਾਂ ਜਾਂ ਹੋਰ ਚੀਜ਼ਾਂ ਤੇ ਟੱਕ ਪੱਛੀ ਦਾ ਕੰਮ ਕਰਨਾ। ਸਕੂਲ ਤੋਂ ਛੁੱਟੀ ਹੋਣ ਮਗਰੋਂ ਸ. ਠਾਕੁਰ ਸਿੰਘ ਜੀ ਖ਼ੁਦ ਦੁਕਾਨ ਤੇ ਆ ਕੇ ਹੱਥੀਂ ਕੰਮ ਕਰਦੇ ਤੇ ਇਨ੍ਹਾਂ ਨੂੰ ਸਿਖਾਂਦੇ ਸਨ। ਇਹ ਦੋਵੇਂ ਤੰਦੂਰ ਤੋਂ ਰੋਟੀ ਖਾਂਦੇ। ਹੱਥੀਂ ਕਪੜੇ ਧੋਂਦੇ ਤੇ ਰਾਤ ਨੂੰ ਦੁਕਾਨ ਤੇ ਸੌਂ ਰਹਿੰਦੇ। ਏਥੇ ਛੇ ਮਹੀਨੇ ਇਹ ਰਹੇ।

ਮਾਰਚ 1912 ਵਿਚ ਪਿੰਡੋਂ ਕਈ ਆਦਮੀ ਅਫ਼ਰੀਕਾ ਗਏ। ਇਨ੍ਹਾਂ ਦੇ ਪਿਤਾ ਜੀ ਨੇ ਇਨ੍ਹਾਂ ਨੂੰ ਉਨ੍ਹਾਂ ਦੇ ਨਾਲ ਹੀ ਬੁਲਾ ਲਿਆ। ਇਨ੍ਹਾਂ ਦੇ ਪਿਤਾ ਯੂਗੰਡਾ ਰੇਲਵੇ ਵਰਕਸ਼ਾਪ ਨੈਰੋਬੀ ਵਿਚ ਕੈਰਜ ਸ਼ਾਪ ਵਿਚ ਵੱਡੇ ਮਿਸਤਰੀ ਸਨ। ਇਨ੍ਹਾਂ ਨੂੰ ਮਸ਼ੀਨ ਸ਼ਾਪ ਵਿਚ ਲਗਵਾ ਦਿੱਤਾ। ਪੰਝੀ ਰੁਪੈ ਤਨਖਾਹ ਲੱਗੀ। ਆਮ ਚੰਗੇ ਕਾਰੀਗਰਾਂ ਦੀ ਤਨਖਾਹ ਉਸ ਵੇਲੇ ਪੰਤਾਲੀ ਰੁਪਏ ਹੁੰਦੀ ਸੀ ਤੇ ਰਾਸ਼ਨ ਮੁਫ਼ਤ ਹੁੰਦਾ ਸੀ।

ਕੋਈ ਛੇ ਮਹੀਨੇ ਇਹ ਸੁਤੰਤਰ ਇਕ ਮਸ਼ੀਨ ਤੇ ਕੰਮ ਕਰਦੇ ਰਹੇ। ਉਥੇ ਜਿਹੜੇ ਲਾਹੌਰ ਦੇ ਬਾਬਾ ਸਵਾਇਆ ਸਿੰਘ ਜੀ ਕੰਮ ਕਰਦੇ ਸਨ, ਜਿਹੜੇ ਕੰਮ ਮੁਤਲਕ ਕਾਫ਼ੀ ਦਸਦੇ ਰਹਿੰਦੇ ਸਨ। ਇਹ ਮੁਸ਼ਕਲ ਕਿਸਮ ਦੇ ਕੰਮ ਕਰਦੇ ਸਨ। ਕੋਈ ਤਿੰਨ ਮਹੀਨੇ ਵਿਚ ਸਾਰੇ ਕੰਮ ਚੰਗੇ ਕਾਰੀਗਰ ਵਾਂਗ ਕਰਨ

ਲਗ ਪਏ।

ਬਾਬਾ ਸਵਾਇਆ ਸਿੰਘ ਜੀ ਨਾਈਟ ਸ਼ਿਫ਼ਟ ਦੇ ਮਿਸਤਰੀ ਬਣਾ ਦਿੱਤੇ ਗਏ। ਉਨ੍ਹਾਂ ਦੀ ਮਸ਼ੀਨ ਇਨ੍ਹਾਂ ਨੂੰ ਸੁਤੰਤਰ ਤੌਰ ਤੇ ਮਿਲ ਗਈ। ਉਸ ਮਸ਼ੀਨ ਤੇ ਚੋਟੀ ਦਾ ਵਧੀਆ ਕੰਮ ਹੁੰਦਾ ਸੀ। ਥੋਹੜੇ ਚਿਰ ਵਿਚ ਚੰਗੇ ਕਾਰੀਗਰਾਂ ਵਾਂਗ ਸੁਹਣਾ ਤੇ ਪੂਰਾ ਕੰਮ ਕਰਨ ਲਗ ਪਏ। ਤਿੰਨ ਮਹੀਨੇ ਬਾਅਦ ਨੈਰੋਬੀ ਮੋਟਰ ਗੈਰਜ ਵਿਚ ਲਾ ਦਿੱਤਾ ਗਿਆ। ਸ. ਰੂੜ ਸਿੰਘ ਇਸ ਵਰਕਸ਼ਾਪ ਦੇ ਮਿਸਤਰੀ ਸਨ। ਪੰਤਾਲੀ ਰੁਪੈ ਤਨਖਾਹ ਲਗ ਗਈ। ਇਸ ਵਰਕਸ਼ਾਪ ਵਿਚ ਇਕੋ ਲੇਥ ਮਸ਼ੀਨ ਸੀ ਤੇ ਸਾਰਾ ਵਿੰਗਾ-ਟੇਢਾ, ਸੁਖਾਲਾ ਮੁਸ਼ਕਲ ਕੰਮ ਇਨ੍ਹਾਂ ਨੂੰ ਕਰਨਾ ਪੈਂਦਾ ਸੀ। ਛੇ ਮਹੀਨੇ ਵਿਚ ਹੀ ਇਹ ਆਪਣੇ ਕੰਮ ਦੇ ਮਾਹਰ ਉਸਤਾਦ ਬਣ ਗਏ। ਮੋਟਰ ਰਿਪੇਅਰ ਦਾ ਕੰਮ ਵੀ ਕਰਨਾ ਪੈਂਦਾ। ਮੋਟਰ ਇੰਜਣ, ਗੀਅਰ ਤੇ ਹੋਰ ਕੰਮਾਂ ਬਾਰੇ ਪੂਰੀ ਵਾਕਫ਼ੀਅਤ ਹਾਸਲ ਕਰ ਲਈ। ਸਾਰੀ ਗੱਡੀ ਦੀ ਰਿਪੇਅਰ ਇਹ ਕਰ ਲੈਂਦੇ ਸਨ।

ਇਸ ਵਰਕਸ਼ਾਪ ਦੀ ਇਕ ਘਟਨਾ ਬੜੀ ਦਿਲਚਸਪ ਹੈ। ਇਕ ਫੋਰਡ ਮੋਟਰ ਓਵਰਹਾਲ ਹੋਈ। ਕੁਝ ਚਿਰ ਲਈ ਸਟਾਰਟ ਹੋ ਕੇ ਫਿਰ ਇਸਦੇ ਇੰਜਨ ਨੇ ਚਲਣੋਂ ਇਨਕਾਰ ਕਰ ਦਿੱਤਾ। ਕੋਈ ਪੰਦਰਾਂ ਦਿਨ ਦੋ ਚੰਗੇ ਕਾਰੀਗਰ ਇਸਦੇ ਪਿੱਛੇ ਪਏ ਰਹੇ। ਕੰਮਯੂਟੇਟਰ ਦੀਆਂ ਤਾਰਾਂ ਨਵੀਆਂ ਪਾਈਆਂ ਗਈਆਂ, ਮੁੜ ਮੁੜ ਕਾਰਬੋਰੇਟਰ ਸਾਫ਼ ਤੇ ਐਡਜਸਟ ਕੀਤਾ ਗਿਆ। ਮੁੜ ਮੁੜ ਮੈਗਨਟ ਨੂੰ ਪਰਖਿਆ ਗਿਆ। ਪਰ ਇਹ ਚਲੇ ਹੀ ਨਾ। ਗੈਰਜ ਦਾ ਮਾਲਕ ਮਿਸਟਰ ਹੈਟਜ਼ਲ ਖ਼ੁਦ ਚੰਗਾ ਕਾਰੀਗਰ ਸੀ। ਉਸ ਨੇ ਵੀ ਜ਼ੋਰ ਲਾਇਆ ਪਰ ਕੁਝ ਨਾ ਬਣਿਆ। ਇਨ੍ਹਾਂ ਦੇ ਦਿਲ ਵਿਚ ਕੁਝ ਆਈ ਤੇ ਮੋਟਰ ਨੂੰ ਜਾ ਲੱਗੇ। ਪਹਿਲਾਂ ਕੰਮਯੂਟੇਟਰ ਦੀਆਂ ਤਾਰਾਂ ਟੋਹੀਆਂ। ਇਹ ਬਿਲਕੁਲ ਨਵੀਆਂ ਪਾਈਆਂ ਗਈਆਂ ਸਨ। ਸ਼ੱਕ ਪਿਆ ਕੋਈ ਨਵੀਂ ਤਾਰ ਹੀ ਅੰਦਰੋਂ ਟੁੱਟੀ ਨਾ ਹੋਵੇ। ਸ਼ੱਕ ਠੀਕ ਹੀ ਨਿਕਲਿਆ। ਤਾਰ ਬਦਲ ਦਿੱਤੀ। ਜ਼ਰਾ ਕੁ ਹੈਂਡਲ ਮਾਰਿਆ। ਇੰਜਣ ਫਰਰ ਕਰਕੇ ਚਾਲੂ ਹੋ ਗਿਆ।

ਇੰਜਣ ਦੀ ਆਵਾਜ਼ ਸੁਣ ਕੇ ਮਾਲਕ ਦੌੜ ਕੇ ਆਇਆ। ਉਸ ਨੇ ਸਮਝਿਆ ਕੋਈ ਆਦਮੀ ਗੱਡੀ ਚਾਲੂ ਕਰਕੇ ਲੈ ਚਲਿਆ ਹੈ। ਪਟਰੋਲ ਘਟ ਵਧ ਕਰਕੇ ਇੰਜਣ ਦੀ ਨਾਕਿੰਗ ਆਦਿ ਠੀਕ ਕਰ ਰਹੇ ਸਨ। ਅਚਾਨਕ ਉਸ ਵੇਲੇ ਇਨ੍ਹਾਂ ਦੇ ਮੋਢੇ ਤੇ ਹੱਥ ਰਖ ਦਿੱਤਾ। ਇਹ ਤ੍ਰਬਕ ਪਏ। ਉਹ ਬੋਲਿਆ, "ਗੁੱਡ ਬੌਏ, ਯੂ ਹੈਵ ਡੀਫੀਟਿਡ ਅੱਸ। ਵੱਟ ਹੈਵ ਯੂ ਡਨ" ਮੈਂ ਤਾਰ ਟੁੱਟੀ ਦਿਖਾਈ। ਉਸ ਦਿਨ ਤੋਂ ਇਹ ਵੀ ਉਥੇ ਚੰਗੇ ਮੋਟਰ ਮਕੈਨਿਕ ਗਿਣੇ ਜਾਣ ਲਗ ਪਏ। ਤਨਖਾਹ ਵਿਚ ਪੰਜ ਰੁਪੈ ਵਾਧਾ ਹੋ ਗਿਆ। ਇਸ ਵਰਕਸ਼ਾਪ ਵਿਚ ਡੇਢ ਸਾਲ ਕੰਮ ਕੀਤਾ।

1914 ਵਾਲੀ ਲੜਾਈ ਲਗ ਚੁੱਕੀ ਸੀ। ਸਾਹਿਬ ਨੇ ਕਾਰੋਬਾਰ ਬੰਦ ਕਰਕੇ ਵਲਾਇਤ ਜਾਣ ਦਾ ਇਰਾਦਾ ਕੀਤਾ। ਇਨ੍ਹਾਂ ਨੂੰ ਛੱਡ ਸਾਰੇ ਕਾਰੀਗਰ ਹਟਾ ਦਿੱਤੇ। ਉਸ ਨੇ ਆਪਣਾ ਕੰਮ ਕਾਜ ਸਮੇਟ ਕੇ ਇਨ੍ਹਾਂ ਨੂੰ ਇਕ ਹੋਟਲ ਵਾਲੇ ਅੰਗਰੇਜ਼ ਪਾਸ ਰਖਵਾ ਕੇ ਉਹ ਆਪ ਵਲੈਤ ਚਲਾ ਗਿਆ। ਇਨ੍ਹਾਂ ਲਈ ਦੋ ਕੰਪਨੀਆਂ ਤੋਂ ਮੰਗ ਆਈ। ਇਕ ਨਿਊ ਲੈਂਡ ਟਾਲਟਨ ਵਿਚ ਇਕ ਵਰਕਸ਼ਾਪ ਤੇ ਦੂਜੀ ਇਕ ਅੰਗਰੇਜ਼ੀ ਹੋਟਲ। ਪਹਿਲੀ ਵਿਚ ਮਕੈਨੀਕਲ ਕੰਮ ਤੇ ਦੂਜੀ ਵਿਚ ਮੋਟਰਾਂ ਦੀ ਰਿਪੇਅਰ ਤੇ ਡ੍ਰਾਈਵਿੰਗ। ਇਨ੍ਹਾਂ ਦੂਜੀ ਨੂੰ ਪਸੰਦ ਕੀਤਾ, ਕਿਉਂਕਿ ਇਨ੍ਹਾਂ ਨੂੰ ਡ੍ਰਾਈਵਿੰਗ ਦਾ ਬਹੁਤ ਸ਼ੌਕ ਸੀ। ਵਰਕਸ਼ਾਪ ਦੀ ਅੱਠ ਘੰਟੇ ਦੀ ਬੰਦਸ਼ ਇਨ੍ਹਾਂ ਨੂੰ ਜੇਲ੍ਹ ਜਾਪੀ।

ਪਰ ਏਥੇ ਕੰਮ ਬਹੁਤ ਚਿਰ ਨਹੀਂ ਕੀਤਾ। ਇਸ ਸਮੇਂ ਵਿਚ ਇਕ ਐਕਸੀਡੈਂਟ ਹੋ ਗਿਆ। ਇਕ ਸ਼ਰਾਬੀ ਅੰਗਰੇਜ਼ ਸਾਈਕਲ ਤੇ ਚੜ੍ਹਿਆ ਇਨ੍ਹਾਂ ਦੀ ਗੱਡੀ ਵਿਚ ਆਣ ਵੱਜਾ। ਉਸਦਾ ਸਾਈਕਲ ਟੁੱਟ ਗਿਆ ਤੇ ਇਨ੍ਹਾਂ ਦੀ ਗੱਡੀ ਦੀ ਸਕ੍ਰੀਨ। ਕੇਸ ਚੱਲਿਆ ਤੇ ਇਨ੍ਹਾਂ ਨੂੰ ਪੰਝਤਰ ਰੁਪੈ ਜੁਰਮਾਨਾ ਹੋ ਗਿਆ। ਮੁੜ ਮੋਟਰ ਡ੍ਰਾਈਵਰੀ ਕਰਨ ਦਾ ਨਾਂ ਨਹੀਂ ਲਿਆ। ਇਸ ਤੋਂ ਪਿਛੋਂ ਇਹ ਮਿਲਟਰੀ ਗੈਰਜ਼ ਵਿਚ ਜਾ ਲੱਗੇ। ਤੇ ਦੋ ਸਾਲ ਕੰਮ ਕੀਤਾ। 1916 ਵਿਚ ਇਹ ਕੰਮ ਛੱਡ ਕੇ ਹਿੰਦੋਸਤਾਨ ਆ ਗਏ। ਇਸ ਲੇਖੇ ਅਪ੍ਰੈਲ 1912 ਤੋਂ ਨਵੰਬਰ 1916 ਤਕ ਇਹ ਈਸਟ ਅਫ਼ਰੀਕਾ ਵਿਚ ਰਹੇ (ਬ੍ਰਿਟਿਸ਼)।

1917 ਵਿਚ ਇਹ ਕਲਕੱਤੇ ਆ ਗਏ। ਐਲਬੀਅਨ ਸ਼ੈਲ ਫੈਕਟਰੀ ਸ਼ਿਬਪੁਰ ਵਿਚ ਲੜਾਈ ਦਾ ਸਮਾਨ ਬਣ ਰਿਹਾ ਸੀ। ਕੰਮ ਮਿਲ ਗਿਆ। ਪੰਝੀ ਪੰਜਾਬੀ ਕੰਮ ਕਰਦੇ ਸਨ। ਵਰਕਸ਼ਾਪ ਦੀ ਪ੍ਰੋਡਕਸ਼ਨ ਦੋ-ਤਿੰਨ ਗੁਣਾ ਕਰ ਦਿੱਤੀ।

ਇਸ ਵਰਕਸ਼ਾਪ ਵਿਚ ਕੰਮ ਕਰਦਿਆਂ ਇਨ੍ਹਾਂ ਦੀ ਜਾਣ ਪਹਿਚਾਨ ਸ. ਪਾਲਾ ਸਿੰਘ ਠੇਕੇਦਾਰ ਸ਼ਾਲੀਮਾਰ ਨਾਲ ਹੋ ਗਈ। ਇਨ੍ਹਾਂ ਨੂੰ ਸ਼ਬਦ ਕੀਰਤਨ ਦਾ ਵੀ ਸ਼ੌਕ ਸੀ। ਠੇਕੇਦਾਰ ਦੇ ਘਰ ਜੋੜ ਮੇਲਾ ਲਗਦਾ; ਸ਼ਬਦ ਕੀਰਤਨ ਕਰਦੇ, ਸਿੱਖ ਸੰਗਤ ਦੇ ਕਾਰਕੁਨਾਂ ਨਾਲ ਵੀ ਜਾਣ ਪਹਿਚਾਨ ਹੋ ਗਈ, ਗੁਰਦਆਰੇ ਬੜੀ ਸਿੱਖ ਸੰਗਤ ਜੁੜਦੀ। ਇਹ ਹਰ ਐਤਵਾਰ ਜਾਂਦੇ ਤੇ ਸ਼ਬਦ ਕੀਰਤਨ ਕਰਦੇ।

ਐਲਬੀਅਨ ਸ਼ੈਲ ਫੈਕਟਰੀ ਬੰਦ ਹੋ ਗਈ। ਏਥੇ ਇਨ੍ਹਾਂ ਡੇਢ ਸਾਲ ਕੰਮ ਕਰਕੇ ਛੱਡ ਦਿੱਤਾ। ਕੰਮ ਛੱਡ ਕੇ ਇਹ ਬੜੇ ਔਖੇ ਹੋਏ। ਮਹੀਨਾ ਭਰ ਫਿਰਦੇ ਰਹੇ। ਕਿਤੇ ਕੰਮ ਨਾ ਮਿਲਿਆ। ਪੈਸਾ ਧੇਲਾ ਖ਼ਤਮ ਹੋਣ ਤੇ ਆ ਗਿਆ।

ਇਕ ਦਿਨ ਬਾਬੂ ਜਸਵੰਤ ਸਿੰਘ ਜੀ ਇਨ੍ਹਾਂ ਨੂੰ ਸ. ਜੋਧ ਸਿੰਘ ਜੀ ਪਾਸ ਲੈ ਗਏ। ਇਹ ਵੀ ਗੁਰਦਆਰਾ ਕਮੇਟੀ ਦੇ ਖ਼ਾਸ ਕਾਰਕੁਨਾਂ ਵਿਚੋਂ ਸਨ। ਇਨ੍ਹਾਂ ਦੀ ਮਿਹਨਤ ਦਾ ਸਦਕਾ ਹੀ ਪਿੱਛੋਂ ਗੁਰਦਆਰਾ ਬੜੀ ਸਿਖ ਸੰਗਤ ਟ੍ਰਸਟੀ ਪ੍ਰਬੰਧ ਹੇਠੋਂ ਨਿਕਲ ਕੇ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਇਆ ਸੀ। ਇਹ ਸ. ਜੋਧ ਸਿੰਘ ਜੀ ਇਨ੍ਹਾਂ ਨੂੰ ਭਾਈ ਨਗੀਨਾ ਰਾਮ ਜੀ ਕੋਲ ਲੈ ਗਏ। ਇਹ ਰਸਾ ਇੰਜੀਨੀਅਰਿੰਗ ਵਰਕਸ ਵਿਚ ਮਸ਼ੀਨ ਸ਼ਾਪ ਵਿਚ ਨਾਈਟ ਡਿਊਟੀ ਤੇ ਵੱਡੇ ਮਿਸਤਰੀ ਸਨ। ਇਨ੍ਹਾਂ ਨੂੰ ਵੀ ਨਾਈਟ ਡਿਊਟੀ ਤੇ ਲਾ ਦਿੱਤਾ। ਇਹ ਬੜੇ ਕਰੜੇ ਦਿਨ ਸਨ। ਕਦੇ ਇਨ੍ਹਾਂ ਨੂੰ ਭੁਲਦੇ ਨਹੀਂ ਸਨ।

ਭਵਾਨੀਪੁਰ ਕੰਮ ਕਰਦੇ ਸਨ। ਰਾਤ ਦੇ ਸਾਢੇ ਬਾਰਾਂ ਵਜੇ ਛੁੱਟੀ ਹੁੰਦੀ। ਪੈਦਲ ਹਾਵੜੇ ਸਟੇਸ਼ਨ ਪੁੱਜਦੇ। ਟ੍ਰਾਮ ਦਸ ਵਜੇ ਬੰਦ ਹੋ ਜਾਂਦੀ। ਹਾਵੜਾ ਸਟੇਸ਼ਨ ਇਸ ਥਾਂ ਤੋਂ ਕੋਈ ਚਾਰ ਮੀਲ ਹੋਵੇਗਾ। ਤਕਰੀਬਨ ਸਾਢੇ ਤਿੰਨ ਵਜੇ ਘਰ ਪਹੁੰਚਦੇ। ਰੋਟੀ ਖਾਂਦੇ ਤੇ ਸੌਂ ਜਾਂਦੇ। ਸਵੇਰ ਦਾ ਸ਼ਾਹ ਵੇਲਾ ਕਰਕੇ ਫਿਰ ਤੁਰ ਪੈਂਦੇ। ਫੈਰੀ ਬੋਟ ਤੋਂ ਇਹ ਤਖਤਾ ਘਾਟ ਪਹੁੰਚਦੇ। ਤਖਤਾ ਘਾਟ ਤੋਂ ਵਰਕਸ਼ਾਪ ਕੋਈ ਦੋ ਮੀਲ ਸੀ। ਘੋੜ ਦੌੜ ਵਿਚੋਂ ਪੈਦਲ ਹੀ ਰਸਤਾ ਮੁਕਾਣਾ ਪੈਂਦਾ ਸੀ। ਟ੍ਰਾਮ ਇਸ ਪਾਸੇ ਵਲ ਕੋਈ ਨਹੀਂ ਸੀ ਤੇ ਬੱਸਾਂ ਦਾ ਜੁਗ ਇਸ ਤੋਂ ਢੇਰ ਮਗਰੋਂ ਚਾਲੂ ਹੋਇਆ। ਇਹ ਦਿਨ ਸੱਚਮੁੱਚ ਹੀ ਬੜੇ ਕਰੜੇ ਸਨ।

ਖ਼ਿਆਲ ਆਉਂਦਾ ਹੈ ਕਿ ਐਡੀ ਦੂਰ ਉਸ ਪਾਸੇ ਰਹਿਣ ਦੀ ਕੀ ਲੋੜ ਸੀ। ਇਹ ਇਨ੍ਹਾਂ ਦੀ ਬੇਬਸੀ ਸੀ। ਬੰਗਾਲੀ ਲੋਕ ਪੰਜਾਬੀਆਂ ਨੂੰ ਘਰ ਨਹੀਂ ਦੇਂਦੇ ਸਨ। ਦੂਸਰਾ ਆਪਣਾ ਖਰਚ ਰਖ ਕੇ ਸਭ ਕੁਝ ਘਰ ਨੂੰ ਭੇਜ ਦਿੰਦੇ ਸਨ। ਜਿਸ ਦੁਕਾਨ ਤੋਂ ਸੌਦਾ ਲੈਂਦੇ ਸਨ, ਉਨ੍ਹਾਂ ਕੋਲੋਂ ਕੁਝ ਨਕਦੀ ਵੀ

ਲੈ ਲੈਂਦੇ ਸਨ।

ਤਿੰਨ ਮਹੀਨੇ ਇਨ੍ਹਾਂ ਆਪਣੇ ਸਾਥੀ ਜੀਵਨ ਸਿੰਘ ਸੋਹਲਾਂ ਵਾਲੇ ਨਾਲ ਬੜੀ ਮੁਸ਼ਕਲ ਨਾਲ ਲੰਘਾਏ। ਸ਼ਿਬਪੁਰ ਛੱਡਣ ਦੀ ਇਸ ਲਈ ਹਿੰਮਤ ਨਹੀਂ ਪੈਂਦੀ ਸੀ ਮਤਾਂ ਦੁਕਾਨਦਾਰ ਇਹ ਨਾ ਸਮਝੇ ਕਿ ਇਨ੍ਹਾਂ ਦੇ ਪੈਸੇ ਮਾਰ ਕੇ ਭੱਜ ਗਏ ਹਨ।

ਇਕ ਦਿਨ ਦੁਕਾਨਦਾਰ ਨੂੰ ਪੁੱਛਿਆ ਕਿ ਉਹ ਭਵਾਨੀਪੁਰ ਚਲੇ ਜਾਣ ਤੇ ਸੌਦਾ ਫੇਰ ਵੀ ਉਹ ਦਿੰਦਾ ਰਹੇਗਾ? ਉਹ ਕਹਿਣ ਲੱਗਾ, "ਸਰਦਾਰ ਜੀ! ਜਿੰਨੇ ਪੈਸੇ ਤੁਹਾਨੂੰ ਚਾਹੀਦੇ ਹਨ ਲੈ ਲਵੋ, ਜਦੋਂ ਕੋਲ ਹੋਣਗੇ ਦੇ ਜਾਣਾ। ਪਰ ਇਨ੍ਹਾਂ ਦੀ ਆਤਮਾ ਨਾ ਮੰਨੀ। ਭਵਾਨੀਪੁਰ ਇਨ੍ਹਾਂ ਨੂੰ ਘਰ ਮਿਲ ਗਿਆ। ਇਕ ਕਮਰਾ ਤੇ ਇਕ ਰਸੋਈ। ਹਰ ਐਤਵਾਰ ਸ਼ਿਬਪੁਰ ਜਾਂਦੇ ਤੇ ਸੌਦਾ ਲੈਂਦੇ ਲੱਦੇ ਚਲੇ ਆਉਂਦੇ। ਦਿਨ ਲੰਘਦੇ ਗਏ।

ਰਸਾ ਇੰਜੀਨੀਅਰਿੰਗ ਵਰਕਸ ਵਿਚ ਕੰਮ ਕਰਦਿਆਂ ਇਨ੍ਹਾਂ ਨੂੰ ਦਿਨ ਵਿਚ ਇਕ ਹੋਰ ਛੋਟੀ ਜਹੀ ਵਰਕਸ਼ਾਪ ਵਿਚ ਕੰਮ ਮਿਲ ਗਿਆ। ਬਊ ਬਜ਼ਾਰ ਵਿਚ ਇਕ 'ਦੀ ਕ੍ਰਾਊਨ ਇਲੈਕਟ੍ਰਿਕ ਐਂਡ ਮੋਟਰ ਕੰਪਨੀਂ' ਦੇ ਮਾਲਕ ਐਮ. ਐਲ. ਲਾਅ ਸਨ, ਇਨ੍ਹਾਂ ਕੋਲ ਕੰਮ ਮਿਲ ਗਿਆ। ਰਸਾ ਵਰਕਸ ਵਿਚ ਤਨਖਾਹ ਪੰਤਾਲੀ ਰਹਿ ਗਈ ਸੀ। ਸਵੇਰੇ ਨੌਂ ਵਜੇ ਇਸ ਵਰਕਸ਼ਾਪ ਵਿਚ ਕੰਮ ਕਰਨਾ, ਤਿੰਨ ਵਜੇ ਤਕ ਏਥੇ ਕੰਮ ਕਰਦੇ। ਵਾਪਸ ਘਰ ਪਹੁੰਚਦੇ ਫੇਰ ਸਾਢੇ ਚਾਰ ਵਜੇ ਅਸਲੀ ਡਿਊਟੀ ਰਸਾ ਇੰਜੀਨੀਅਰਿੰਗ ਵਿਚ ਕਰਦੇ। ਇਸ ਤਰ੍ਹਾਂ ਪੂਰੇ ਚੌਦਾਂ ਘੰਟੇ ਕੰਮ ਕਰਦੇ। ਸ਼ਿਬਪੁਰ ਵਾਲੇ ਦੁਕਾਨ ਦਾ ਉਧਾਰ ਲਾਹ ਕੇ ਮੁੜ ਉਧਾਰ ਸੌਦਾ ਨਾ ਲੈਣ ਦਾ ਪ੍ਰਣ ਕਰ ਲਿਆ।

ਇਹ ਬੰਗਾਲ ਟੈਲੀਫੂਨ ਕੰਪਨੀ ਵਿਚ ਕੰਮ ਕਰਦੇ ਸਨ। ਨੌਕਰੀ ਤੋਂ ਵੱਖ ਇਕ ਹੋਰ ਭਾਈਵਾਲ ਨਾਲ ਮਿਲ ਕੇ ਇਨ੍ਹਾਂ ਇਹ ਕੰਮ ਖੋਲ੍ਹ ਰਖਿਆ ਸੀ। ਏਥੇ ਇਨ੍ਹਾਂ ਦੇ ਪਿਤਾ ਬਾਬੂ ਨੰਦ ਲਾਲ ਜੀ ਬੈਠਦੇ ਸਨ। ਜੋ ਕੰਮ ਬਾਰੇ ਕੁਝ ਵੀ ਨਹੀਂ ਜਾਣਦੇ ਸਨ। ਇਨ੍ਹਾਂ ਨੂੰ ਇਨ੍ਹਾਂ ਦਾ ਬੜਾ ਸਹਾਰਾ ਹੋ ਗਿਆ।

ਇਨ੍ਹਾਂ ਨੇ ਰਸਾ ਕੰਪਨੀ ਤੋਂ ਇਨ੍ਹਾਂ ਨੂੰ ਛੁਡਾ ਲਿਆ ਤੇ ਆਪਣੇ ਕੋਲ ਪੱਕਾ ਰੱਖ ਲਿਆ। ਪਰ ਏਥੇ ਵੀ ਬਹੁਤ ਚਿਰ ਨਾ ਚਲਿਆ। ਇਨ੍ਹਾਂ ਨੇ ਬੀ. ਐਮ. ਸਿੰਘ ਐਂਡ ਸਨਜ਼ ਨੂੰ ਕਾਰਖਾਨਾ ਵੇਚ ਦਿੱਤਾ।

ਐਮ. ਐਲ. ਲਾ ਇੰਡੀਆ ਇਲੈਕਟ੍ਰਿਕ ਵਰਕਸ ਲਿਮਟਿਡ ਦੇ ਜਨਮਦਾਤਾ ਸਨ। ਭਾਰਤ ਵਿਚ ਇੰਡੀਆ ਫੈਨ ਸਭ ਤੋਂ ਵੱਡੀ ਤੇ ਚੰਗੇ ਪੱਖੇ ਬਨਾਣ ਦੀ ਕੰਪਨੀ ਸੀ। ਇਸਦੀਆਂ ਪਹਿਲੀਆਂ ਦੋ ਮਸ਼ੀਨਾਂ ਇਨ੍ਹਾਂ ਆਪਣੇ ਹੱਥੀਂ-ਫਿੱਟ ਕੀਤੀਆਂ ਸਨ।

ਇਨ੍ਹਾਂ ਦੇ ਨਾਲ ਦੇ ਸਾਥੀ ਚੰਗੀਆਂ ਪੋਸਟਾਂ ਤੇ ਸਨ। ਕਈ ਆਪਣਾ ਕੰਮ ਖੋਲ੍ਹ ਕੇ ਚੰਗੇ ਪੈਸੇ ਕਮਾ ਰਹੇ ਸਨ। ਪਰ ਇਹ ਕਹਿੰਦੇ ਸਨ, "ਅਫਸੋਸ ਕੋਈ ਨਹੀਂ, ਖਟਿਆ ਮੈਂ ਵੀ ਬਥੇਰਾ ਹੈ, ਪੈਸਾ ਨਾ ਸਹੀ, ਪੰਜਾਬੀ ਜਗਤ ਤੇ ਸਾਹਿਤਕ ਮਾਣ ਨਾਲ ਮੇਰਾ ਖ਼ਜ਼ਾਨਾ ਭਰਿਆ ਪਿਆ ਹੈ, ਜੋ ਕਦੀ ਮੁੱਕ ਨਹੀਂ ਸਕਦਾ। ਕਲਕੱਤੇ ਨੇ ਮੈਨੂੰ ਬੜਾ ਕੁਝ ਦਿੱਤਾ ਹੈ।"

ਬੀ. ਐਮ. ਸਿੰਘ ਐਂਡ ਸਨਜ਼ ਦੀ ਵਰਕਸ਼ਾਪ ਚਾਲੂ ਹੋਈ, 150 ਲੋਅਰ ਚੀਤਪੁਰ ਰੋਡ ਉਤੇ ਛੇ ਸਤ ਵਰਕਮੈਨ ਤੇ ਇਨਚਾਰਜ਼ ਇਹ ਸਨ। ਹੌਲੀ ਹੌਲੀ ਵਰਕਮੈਨ 30-40 ਹੋ ਗਏ ਗਏ। ਜਦ ਇਸ ਵਰਕਸ਼ਾਪ ਤੋਂ ਰਿਟਾਇਰ ਹੋਏ ਸਾਰੀ ਕੰਪਨੀ ਵਿਚ ਤਿੰਨ ਚਾਰ ਹਜ਼ਾਰ ਆਦਮੀ ਕੰਮ ਕਰਦਾ ਸੀ। ਆਪ ਇਹ ਇਕ ਚੰਗੇ ਤਜ਼ਰਬੇਕਾਰ ਪ੍ਰੈਕਟੀਕਲ ਇੰਜੀਨੀਅਰ ਸਨ। ਪ੍ਰੋਡਕਸ਼ਨ ਦੇ ਪੂਰੇ ਜ਼ਿੰਮੇਵਾਰ

ਸਨ। ਇਹ ਕੰਮ ਵਿਚ ਖਪ ਜਾਂਦੇ ਸਨ ਤੇ ਸ਼ਾਮ ਨੂੰ ਅਧਮੋਏ ਜਹੇ ਹੋ ਕੇ ਘਰ ਪਹੁੰਚਦੇ ਸਨ। 1927 ਵਿਚ ਇਹ ਬੀਮਾਰ ਪੈ ਗਏ। ਕੋਈ ਦੋ ਮਹੀਨੇ ਦੀ ਬਿਮਾਰੀ ਪਿਛੋਂ ਹਵਾ ਬਦਲੀ ਲਈ। ਇਨ੍ਹਾਂ ਨੂੰ ਪਹਾੜ ਜਾਣ ਦੀ ਸਲਾਹ ਦਿੱਤੀ ਗਈ। ਸ. ਮੁਨਸ਼ਾ ਸਿੰਘ ਜੀ ਦੁਖੀ ਇਨ੍ਹਾਂ ਨੂੰ ਸ਼ਿਮਲੇ ਲੈ ਗਏ। ਉਥੇ ਸ. ਗੁਰਦਿਆਲ ਸਿੰਘ ਰੀਹਲ ਹੋਰਾਂ ਇਨ੍ਹਾਂ ਦੀ ਬੜੀ ਸੇਵਾ ਕੀਤੀ।

ਪਰ ਵਾਪਸ ਔਣ ਤੇ ਕੰਪਨੀ ਨੇ ਇਨ੍ਹਾਂ ਨੂੰ ਦੋ ਮਹੀਨੇ ਦੀ ਤਨਖਾਹ ਨਾ ਦਿੱਤੀ। ਹਾਲਾਂਕਿ ਚਾਰ ਪੰਜ ਸਾਲ ਤੋਂ ਇਨ੍ਹਾਂ ਛੁੱਟੀ ਕੋਈ ਨਹੀਂ ਲਈ ਸੀ। ਪਰ ਦੇਸੀ ਕੰਮ ਕਾਰ। ਕੋਈ ਹਿਸਾਬ ਥੋੜ੍ਹਾ ਹੀ ਸੀ ? ਇਨ੍ਹਾਂ ਨੂੰ ਬੜਾ ਦੁੱਖ ਹੋਇਆ। ਇਨ੍ਹਾਂ ਬੱਧੀ ਤਨਖਾਹ ਦੇ ਬਦਲੇ ਰੋਜ਼ ਦਾ ਹਿਸਾਬ ਕਰਵਾ ਲਿਆ। ਸਾਢੇ ਚਾਰ ਰੁਪੈ ਰੋਜ਼ ਤੇ ਆਊਟਪੁਟ ਤੇ ਇਕ ਰੁਪਿਆ ਫੀਸਦੀ ਕਮਿਸ਼ਨ।

ਇਸ ਕੰਮਕਾਰ ਵਿਚੋਂ ਇਨ੍ਹਾਂ ਨੂੰ ਸਮਾਜਿਕ ਅਰਥਚਾਰੇ ਦੇ ਪ੍ਰਬੰਧ ਦਾ ਕੁਝ ਕੁਝ ਤਜਰਬਾ ਹੋਣਾ ਸ਼ੁਰੂ ਹੋਇਆ।

ਕਾਫ਼ੀ ਮਿਹਨਤ ਕਰਨ ਤੋਂ ਬਾਦ ਵੀ ਸੇਠਾਂ ਕੋਲੋਂ ਮੁਆਵਜ਼ਾ ਬਹੁਤ ਘੱਟ ਮਿਲਦਾ ਸੀ। ਮਸਾਂ ਹੀ ਟੱਬਰ ਦਾ ਗੁਜ਼ਾਰਾ ਚਲਦਾ ਸੀ। ਇਸ ਮਿਹਨਤ ਤੇ ਚਿੰਤਾ ਕਾਰਨ ਸਰੀਰ ਨੂੰ ਜਿਵੇਂ ਬਿਮਾਰੀ ਨੇ ਘੇਰ ਲਿਆ। ਕਈ ਵਾਰੀ ਕਹਿੰਦੇ ਸੁਣੀਦੇ ਸਨ, "ਜਿਸ ਵੱਡੀ ਫੈਕਟਰੀ ਨੂੰ ਇਕ ਕਾਰੀਗਰ ਨੇ ਆਪਣੀ ਹੱਥੀਂ ਬੜੀ ਰੀਝ ਨਾਲ ਐਡੀ ਵੱਡੀ ਕੀਤਾ ਹੋਵੇ, ਉਹ ਕਾਰੀਗਰ ਕਰਤਾ ਉਸਦਾ ਮਾਲਕ ਕਿਉਂ ਨਾ ਹੋਵੇ ? ਉਸਦੀ ਮਿਹਨਤ ਦੀ ਖੱਟੀ ਤਾਂ ਸੇਠ ਕੋਲ ਜਾਵੇ ਤੇ ਕਾਰੀਗਰ ਕਰਤੇ ਕੋਲ ਰਹਿ ਜਾਵੇ ਸਿਰਫ਼ ਬੀਮਾਰੀ, ਨੰਗ, ਭੁੱਖ, ਟੱਬਰ ਪਾਲਣ ਦੀ ਚਿੰਤਾ ਤੇ ਮਾਲਕ ਦੀਆਂ ਘੁਰਕੀਆਂ ?"

ਇਸ ਨਿੱਜੀ ਤਜਰਬੇ ਤੋਂ ਮਾਲਕ-ਨੌਕਰ ਦੇ ਆਰਥਿਕ ਰਿਸ਼ਤੇ ਦੀ ਸਮਝ ਪਈ। ਮੁਨਾਫ਼ੇ ਦੀ ਕਾਣੀ ਵੰਡ ਦਾ ਕਾਰਨ ਲੱਭਿਆ। "ਕਿਸਮਤ" ਸ਼ਬਦ ਦੇ ਭਰਮੀ ਅਰਥ ਦਾ ਪਤਾ ਲੱਗਾ। ਨੌਕਰੀ ਛੱਡ ਕੇ ਆਪਣਾ ਕੰਮ ਕਰਨ ਲਈ ਸੋਚਿਆ। ਪਰ ਸਰਮਾਇਆ ਕਿੱਥੇ ? ਦਿਹਾੜੀਦਾਰ ਕੋਲ ਪੈਸੇ 'ਕੱਠੇ ਹੀ ਨਹੀਂ ਹੋ ਸਕਦੇ। ਇਸ ਲਈ ਕਿਸੇ ਧਨੀ ਰਿਸ਼ਤੇਦਾਰ ਨਾਲ ਭਾਈਵਾਲੀ ਪਾਈ। ਇਸਦੇ ਸਿੱਟੇ ਦੇ ਸੰਬੰਧ ਦਾ ਵੀ ਕਾਫ਼ੀ ਗਿਆਨ ਹੋਇਆ। ਛੱਡ ਕੇ ਮੁੜ ਉਸੇ ਸੇਠ ਕੋਲ ਨੌਕਰੀ ਕਰਨੀ ਪਈ। ਉਹੀ ਮੁਸੀਬਤ। ਹੋਰ ਹੋ ਵੀ ਕੀ ਸਕਦਾ ਸੀ।

ਇਹ 31 ਜੁਲਾਈ ਨੂੰ ਕੰਮ ਛੱਡ ਕੇ 15 ਅਗਸਤ 1937 ਨੂੰ ਪੰਜਾਬ ਆ ਗਏ। ਕਲਕੱਤਾ ਛੱਡਣ ਦਾ ਇਨ੍ਹਾਂ ਨੂੰ ਬੜਾ ਦੁੱਖ ਹੋਇਆ। ਇਨ੍ਹਾਂ ਏਥੇ ਵੀਹ ਵਰ੍ਹੇ ਗੁਜ਼ਾਰੇ ਸਨ। ਭਵਿੱਖ ਦਾ ਵੀ ਕੋਈ ਪਤਾ ਨਹੀਂ ਸੀ, ਉਜਲਾ ਹੈ ਕਿ ਹਨ੍ਹੇਰਾ। ਪਰ ਸਮੇਂ ਨੇ ਦਸਿਆ ਕਿ ਠੀਕ ਹੀ ਹੋਇਆ।

ਲਾਹੌਰ ਵਿਚ ਕਾਰਖਾਨਾ ਲਾਉਣ ਲਈ ਮਸ਼ੀਨਰੀ ਇਨ੍ਹਾਂ ਏਥੇ ਕੰਮ ਕਰਦੇ ਹੀ ਖਰੀਦ ਲਈ ਸੀ। ਰੁਪਿਆ ਮੋਹਨ ਸਿੰਘ ਜੀ ਦੇ ਬਾਬਾ ਜੀ ਦਾ ਸੀ। ਇਨ੍ਹਾਂ ਪਾਸ ਕੋਈ ਪੈਸਾ ਨਹੀਂ ਸੀ। ਘਰ ਦੀ ਸਥਿਤੀ ਤੇ ਇਨ੍ਹਾਂ ਦੇ ਅਕਸਰ ਬੀਮਾਰ ਰਹਿਣ ਕਾਰਨ ਮਸਾਂ ਖਰਚ ਹੀ ਚਲਦਾ ਸੀ ਤੇ ਲੇਖਾ ਬਰਾਬਰ-ਬਰਾਬਰ ਰਹਿੰਦਾ ਸੀ। ਇਨ੍ਹਾਂ ਕਹਿ ਦਿੱਤਾ ਸੀ ਇਹ ਪੈਸਾ ਨਹੀਂ ਲਾ ਸਕਦੇ। ਪਰ ਇਸ ਕੰਮ ਵਿਚ ਤਜਰਬਾ ਕੀਤਾ ਕਿ ਆਪਣੇ ਪੈਸੇ ਤੋਂ ਬਿਨਾਂ ਭਲੇ ਪੁਰਸ਼ ਲਈ ਕੋਈ ਕੰਮ ਕਰਨਾ ਅਸੰਭਵ ਹੈ।

ਦੋ ਖਰਾਦ ਇਕ ਵਰਮਾ ਲੈ ਕੇ ਇਨ੍ਹਾਂ ਕੰਮ ਚਾਲੂ ਕੀਤਾ। ਐਲਫਰਿਡ ਹੈਰਬਰਟ ਕੰਪਨੀ ਪਾਸੋਂ ਇਨ੍ਹਾਂ ਖਾਸ ਖਾਸ ਟੂਲ ਖਰੀਦੇ ਜੋ ਲਾਹੌਰ ਦੀ ਹੋਰ ਕਿਸੇ ਛੋਟੀ ਜਿਹੀ ਵਰਕਸ਼ਾਪ ਵਿਚ ਨਹੀਂ ਸਨ। ਇਨ੍ਹਾਂ

ਪਾਸ ਮਸ਼ੀਨ ਵੀ ਅਮਰੀਕਨ ਸੀ। ਐਕੂਰੇਸੀ ਤੇ ਸਾਫ਼ ਸੁਥਰੇ ਕੰਮ ਕਾਰਨ ਸਹਿਜੇ ਸਹਿਜੇ ਜਾਣ-ਪਛਾਣ ਵਧਣ ਲੱਗੀ। ਕਾਰੀਗਰ ਵੀ ਚੰਗਾ ਮਿਲ ਗਿਆ। ਕਦੀ ਕਦੀ ਖੁਦ ਵੀ ਕੰਮ ਵਿਚ ਜੁਟ ਜਾਂਦੇ ਸਨ। ਕੋਈ ਪੰਜ ਮਹੀਨੇ ਵਿਚ ਦੁਕਾਨ ਆਪਣਾ ਖਰਚ ਕੱਢਣ ਲਗੀ। ਦੋ ਇਕ ਚੀਜ਼ਾਂ ਇਨ੍ਹਾਂ ਐਸੀਆਂ ਵੀ ਬਣਾਈਆਂ, ਜੋ ਉਥੋਂ ਦੀ ਦੁਨੀਆਂ ਲਈ ਬਹੁਤ ਮੁਸ਼ਕਲ ਜਾਪੀਆਂ।

ਘਰੋਗੀ ਗੱਲ ਹੋਣ ਕਾਰਨ ਇਨ੍ਹਾਂ ਦੀ ਕੋਈ ਲਿਖਾ ਪੜ੍ਹੀ ਨਹੀਂ ਹੋਈ ਸੀ। ਇਨ੍ਹਾਂ ਦਾ ਖ਼ਿਆਲ ਸੀ ਕਿ ਜਦ ਤਕ ਦੁਕਾਨ 'ਚੋਂ ਖੁੱਲੀ ਆਮਦਨੀ ਚਾਲੂ ਨਹੀਂ ਹੋਵੇਗੀ, ਇਨ੍ਹਾਂ ਦੀ ਤੇ ਮੋਹਣ ਸਿੰਘ ਦੀ ਤਨਖਾਹ ਨੀਯਤ ਰਹੇਗੀ। ਇਸ ਤਨਖਾਹ ਵਿਚੋਂ ਜਾਂ ਜਦ ਦੁਕਾਨ ਕਾਫ਼ੀ ਬੱਚਤ ਕਰਨ ਲਗ ਜਵੇਗੀ, ਉਸ ਬੱਚਤ ਵਿਚੋਂ ਇਨ੍ਹਾਂ ਦੇ ਹਿੱਸੇ ਦੀ ਰਕਮ ਸਹਿਜੇ ਸਹਿਜੇ ਅੱਧੇ ਹਿੱਸੇ ਦੀ ਰਕਮ ਪੂਰੀ ਕਰ ਦੇਵੇਗੀ। ਇਸ ਸੰਬੰਧੀ ਕਈ ਵਾਰ ਮੋਹਨ ਸਿੰਘ ਦੇ ਬਾਬਾ ਜੀ ਨਾਲ ਜ਼ਿਕਰ ਵੀ ਕੀਤਾ। ਉਹ ਹਾਂ ਹਾਂ ਕਰ ਛੱਡਦੇ ਤੇ ਜਿਵੇਂ ਤੁਸੀਂ ਕਹੋ, ਕਹਿ ਛੱਡਦੇ। ਇਨ੍ਹਾਂ ਲਿਖਾ ਪੜ੍ਹੀ ਕਰਨ ਲਈ ਵੀ ਇਕ ਦੋ ਵਾਰ ਕਿਹਾ ਪਰ ਉਹ ਹਾਂ, ਹੱਛਾ ਕਰ ਛੱਡਦੇ ਰਹੇ।

ਏਧਰ ਇਨ੍ਹਾਂ ਲਈ ਘਰ ਦਾ ਖਰਚ ਚਲਾਉਣਾ ਮੁਸ਼ਕਲ ਹੋ ਗਿਆ। ਵੱਡੇ ਲੜਕੇ ਪ੍ਰਤਾਪ ਨੂੰ ਕਲਕੱਤੇ ਤੋਂ ਪੜ੍ਹਨੋਂ ਹਟਾ ਕੇ ਲਾਹੌਰ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਨੇ ਪਾ ਦਿੱਤਾ। ਉਹ ਉਸ ਵੇਲੇ ਨੌਵੀਂ ਵਿਚ ਸੀ। ਦੋ ਲੜਕੇ ਪਿੰਡ ਦੇ ਸਕੂਲ ਵਿਚ ਪੜ੍ਹਦੇ ਸਨ। ਇਨ੍ਹਾਂ ਦੀ ਆਮਦਨੀ ਦਾ ਪੱਕਾ ਜ਼ਰੀਆ ਨਾ ਬਣਨ ਕਾਰਨ ਇਨ੍ਹਾਂ ਨੂੰ ਆਪਣਾ ਭਵਿੱਖ ਅਨ੍ਹੇਰਾ ਜਿਹਾ ਜਾਪਣ ਲੱਗਾ। ਇਨ੍ਹਾਂ ਵਿਚ ਇਕ ਵਾਰ ਸੱਤਰ੍ਹ ਰੁਪੈ ਮੋਹਨ ਸਿੰਘ ਦੇ ਬਾਬਾ ਜੀ ਤੋਂ ਲਏ। ਇਨ੍ਹਾਂ ਨੂੰ ਇਉਂ ਜਾਪਿਆ ਜਿਸ ਤਰ੍ਹਾਂ ਇਹ ਕਰਜ਼ ਲੈ ਰਹੇ ਹਨ। ਇਨ੍ਹਾਂ ਦਾ ਦਿਲ ਬੜਾ ਦੁਖੀ ਹੋਇਆ। ਇਹ ਸੱਤਰ੍ਹ ਰੁਪੈ ਹੀ ਇਨ੍ਹਾਂ ਉਸ ਦੁਕਾਨ ਵਿਚ ਸੱਤ ਅੱਠ ਮਹੀਨੇ ਕੰਮ ਕਰਨ ਦੀ ਮਜ਼ੂਰੀ ਸਮਝੀ ਜਾਂ ਬਿਜ਼ਨੈੱਸ ਦੀ ਬੱਚਤ। ਇਨ੍ਹਾਂ ਦਾ ਦਿਲ ਕੁਝ ਉਦਾਸ ਜਿਹਾ ਰਹਿਣ ਲੱਗਾ। ਇਨ੍ਹਾਂ ਨੇ ਆਪਣੇ ਹੱਥ ਨੂੰ ਇਸ ਵਰਕਸ਼ਾਪ ਵਿਚ ਸੱਟ ਵੀ ਲਵਾਈ। ਇਨ੍ਹਾਂ ਦੀ ਚੀਚੀ ਇਸ ਸੱਟ ਕਾਰਨ ਸਿੱਧੀ ਨਹੀਂ ਸੀ ਹੁੰਦੀ ਤੇ ਲਿਖਣ ਵਿਚ ਇਨ੍ਹਾਂ ਨੂੰ ਤਕਲੀਫ਼ ਹੁੰਦੀ ਸੀ। ਸੱਜੇ ਹੱਥ ਦੀ ਚੀਚੀ ਵਾਲੀ ਨਾੜ ਤਕੜਾ ਜ਼ਖ਼ਮ ਲੱਗਣ ਕਾਰਨ ਕੱਟੀ ਗਈ ਸੀ।

ਕਦੀ ਕਦੀ ਪਿੰਡ ਆ ਜਾਂਦੇ ਸੀ। ਫਰਵਰੀ ਦਾ ਮਹੀਨਾ ਸੀ। ਰਾਤ ਨੂੰ ਬੜੇ ਜ਼ੋਰ ਦਾ ਮੀਂਹ ਪਿਆ। ਇਨ੍ਹਾਂ ਦੇ ਮਕਾਨ ਦੀ ਬਾਹਰ ਦੀ ਵਲਗਣ ਦੀ ਦੀਵਾਰ ਕੱਚੀ ਸੀ। ਅੱਧੀ ਰਾਤ ਨੂੰ ਇਹ ਕੰਧ ਡਿੱਗ ਪਈ।

ਕੰਧ ਬਣਾਉਣ ਦਾ ਪ੍ਰੋਗਰਾਮ ਬਣਿਆ। ਕੰਮ ਚਾਲੂ ਕੀਤਾ। ਜਦ ਨੀਂਹ ਦੀ ਚਿਣਾਈ ਰਸਤੇ ਦੀ ਉਪਰਲੀ ਤਹਿ ਤਕ ਆਈ। ਪਿੰਡ ਦੇ ਕੁਝ ਲੋਕਾਂ ਨੇ ਜਿਹੜੇ ਕੁਝ ਖਾਣ ਦੇ ਚਾਹਵਾਨ ਸਨ, ਕੰਧ ਰੋਕ ਦਿੱਤੀ। ਪਿੰਡਾਂ ਵਿਚ ਅਕਸਰ ਐਸਾ ਹੋਇਆ ਕਰਦਾ ਹੈ। ਕੋਈ ਚਾਰ ਦਿਨ ਰੇੜਕਾ ਪਿਆ ਰਿਹਾ। ਅੰਤ ਜਦ ਉਨ੍ਹਾਂ ਨੂੰ ਇਹ ਨਿਸ਼ਚਾ ਹੋ ਗਿਆ ਕਿ ਇਨ੍ਹਾਂ ਤਿਲਾਂ ਵਿਚੋਂ ਤੇਲ ਨਹੀਂ ਨਿਕਲੇਗਾ ਤਾਂ ਉਹ ਪਿੱਛੇ ਹਟ ਗਏ ਤੇ ਕੰਮ ਫੇਰ ਚਾਲੂ ਹੋ ਗਿਆ। ਮੱਥੇ ਵਾਲੀ ਕੰਧ ਬਣੀ, ਨਾਲ ਦੋ ਛੋਟੇ ਕਮਰੇ ਬਣੇ। ਦੋ ਛੋਟੀਆਂ ਛੋਟੀਆਂ ਦੁਕਾਨਾਂ ਬਣ ਗਈਆਂ। ਪ੍ਰੋਗਰਾਮ ਕੁਝ ਸੀ ਤੇ ਬਣ ਕੁਝ ਗਿਆ। ਸ਼ਾਇਦ ਮਕਾਨ ਬਣਾਉਣ ਵੇਲੇ ਐਸਾ ਹੀ ਹੁੰਦਾ ਹੋਵੇ। ਇਸ ਕੰਮ ਵਿਚ ਦੋ ਮਹੀਨੇ ਲਗ ਗਏ।

ਇਨ੍ਹਾਂ ਦਿਨਾਂ ਵਿਚ ਅਫ਼ਰੀਕਾ ਤੋਂ ਗੁੱਜਰਪੁਰੇ ਵਾਲੇ ਨਰੈਣ ਸਿੰਘ ਜੀ ਦੀ ਚਿੱਠੀ ਆਈ।

ਅਫ਼ਰੀਕਾ ਵਿਚ ਇਨ੍ਹਾਂ ਦੇ ਪਿਤਾ ਜੀ ਨੇ ਇਕ ਮਕਾਨ ਬਣਾਇਆ ਸੀ। ਉਹ ਆਪਣੇ ਕਾਰੋਬਾਰ ਦੀਆਂ ਹੇਰਾ ਫੇਰੀਆਂ ਵਿਚ ਇਸ ਨੂੰ ਬਿਲਕੁਲ ਸੁਰੱਖਿਅਤ ਨਾ ਰਖ ਸਕੇ। ਪਹਿਲਾਂ ਇਕ ਥਾਂ ਫਿਰ ਦੂਜੇ ਥਾਂ ਥੋੜ੍ਹੇ ਥੋੜ੍ਹੇ ਸ਼ਲਿੰਗ ਲੈ ਕੇ ਇਹ ਗਹਿਣੇ ਪਿਆ ਹੋਇਆ ਸੀ। ਕੀਨੀਆ ਸਰਕਾਰ ਨੇ ਉਹ ਏਰੀਆ ਐਕੁਆਇਰ ਕਰ ਲਿਆ ਸੀ, ਏਰੋਡਰਾਮ ਬਣਾਉਣ ਲਈ। ਇਸ ਮਕਾਨ ਦਾ ਰੁਪਿਆ ਲਹਿਣੇਦਾਰ ਨੂੰ ਨਹੀਂ ਮਿਲ ਰਿਹਾ ਸੀ। ਇਸ ਬਾਬਤ ਚਿੱਠੀ ਸੀ ਕਿ ਜੇ ਇਨ੍ਹਾਂ ਵਿਚੋਂ ਕੋਈ ਜਣਾ ਪ੍ਰਾਪਤੀ ਅਥਾਰਟੀ ਲੈ ਕੇ ਪਹੁੰਚ ਜਾਏ ਤਾਂ ਰੁਪਿਆ ਇਨ੍ਹਾਂ ਨੂੰ ਮਿਲ ਸਕਦਾ ਸੀ। ਲਹਿਣੇਦਾਰ ਨੂੰ ਦੇ ਕੇ ਕੁਝ ਰਕਮ ਵਧਣ ਦੀ ਆਸ ਸੀ। ਰਕਮ ਕਾਫ਼ੀ ਸੀ। ਇਨ੍ਹਾਂ ਪਾਸਪੋਰਟ ਬਣਾਉਣਾ ਸ਼ੁਰੂ ਕੀਤਾ। ਪੰਜਾਬ ਦੇ ਸਰਕਾਰੀ ਮਹਿਕਮਿਆਂ ਦਾ ਇਨ੍ਹਾਂ ਨੂੰ ਚੰਗਾ ਤਜਰਬਾ ਹੋਇਆ। ਬੜਾ ਭੱਦਾ ਵਰਤਾਓ। ਬੜੇ ਗੰਦੇ ਮਹਿਕਮੇ। ਜਿਥੇ ਜਾਓ, ਨਵਾਬੀ। ਕੋਈ ਸਿੱਧੇ ਮੂੰਹ ਗੱਲ ਹੀ ਨਹੀਂ ਸੀ ਕਰਦਾ। ਬਸ ਪੈਸੇ ਦਿਉ ਆਪਣਾ ਕੰਮ ਕਢਾ ਲਉ, ਨਹੀਂ ਤਾਂ ਮਹੀਨਿਆਂ ਬੱਧੀ ਫੇਰੇ ਮਾਰੀ ਜਾਉ। ਇਨ੍ਹਾਂ ਨੂੰ ਪੈਸੇ ਦੇਣ ਦੀ ਜਾਚ ਨਹੀਂ ਸੀ। ਬੜੀ ਦਿੱਕਤ ਪੇਸ਼ ਆਈ। ਇਸ ਦੋ ਤ੍ਰੈ ਹਫ਼ਤੇ ਦੇ ਕੰਮ ਵਿਚ ਇਨ੍ਹਾਂ ਦੇ ਤਿੰਨ ਚਾਰ ਮਹੀਨੇ ਲਗ ਗਏ।

ਲਾਹੌਰ ਵਾਲੇ ਕੰਮ ਵਲੋਂ ਇਨ੍ਹਾਂ ਨੂੰ ਨਿਰਾਸਤਾ ਹੋ ਗਈ ਸੀ। ਮੋਹਨ ਦੇ ਬਾਬਾ ਜੀ ਸ. ਝੰਡਾ ਸਿੰਘ ਹੋਰਾਂ ਇਨ੍ਹਾਂ ਦੀ ਲੋੜੀਂਦੀ ਕਦਰ ਨਾ ਕੀਤੀ। ਇਨ੍ਹਾਂ ਕਾਰਖਾਨੇ ਦਾ ਖ਼ਿਆਲ ਛੱਡ ਦਿੱਤਾ। ਇਹ ਵਿਹਲੇ ਸਨ। ਬੱਚਿਆਂ ਦੀ ਪੜ੍ਹਾਈ ਤੇ ਵੱਡੀ ਫੈਮਿਲੀ ਦਾ ਖਰਚ ਇਨ੍ਹਾਂ ਦੇ ਸਿਰ ਤੇ ਸੀ। ਇਹ ਚਿੰਤਾਤੁਰ ਰਹਿੰਦੇ ਸਨ। ਇਹ ਕਾਰਖਾਨਾ ਜਿਹੜਾ ਇਨ੍ਹਾਂ ਆਪਣੇ ਹੱਥੀਂ ਮੋਹਨ ਜੀ ਨੂੰ ਲਾ ਕੇ ਦਿੱਤਾ ਸੀ, ਬੜਾ ਵਧਿਆ ਫੁਲਿਆ। ਮੋਹਨ ਸਿੰਘ ਨੇ ਇਸ ਵਿਚ ਚੰਗੇ ਪੈਸੇ ਵੀ ਕਮਾਏ ਤੇ ਰਾਮਗੜ੍ਹ ਲਾਹੌਰ ਵਿਚ ਇਕ ਸੁਹਣਾ ਮਕਾਨ ਵੀ ਬਣਾਇਆ। ਜੋ 1947 ਵਿਚ ਜਿਉਂ ਦਾ ਤਿਉਂ ਛੱਡ ਕੇ ਆਉਣਾ ਪਿਆ। ਉਨ੍ਹਾਂ ਦਸਿਆ ਕਿ ਮੋਹਨ ਜੀ ਨਾਲ ਕੋਈ ਗਿਲਾ ਨਹੀਂ। ਬੱਚਿਆਂ ਵਾਂਗ ਪਿਆਰ ਕਰਦੇ ਰਹੇ। ਇਨ੍ਹਾਂ ਨੂੰ ਕੰਮ ਵੀ ਸਿਖਾਇਆ ਤੇ ਕਾਰਖਾਨਾ ਵੀ ਲਾ ਦਿੱਤਾ। ਇਸ ਘਟਨਾ ਨੂੰ ਜੀਵਨ ਦੀ ਇਕ ਮਾਮੂਲੀ ਘਟਨਾ ਜਾਣ ਕੇ ਉਨ੍ਹਾਂ ਵਿਸਾਰ ਦਿੱਤਾ ਸੀ।

1939 ਨੂੰ ਜਨਵਰੀ ਵਿਚ ਇਹ ਅਫ਼ਰੀਕਾ ਦੇ ਜਹਾਜ਼ੇ ਚੜ੍ਹ ਗਏ। ਅਫ਼ਰੀਕਾ ਦੀ ਸ਼ਕਲ ਹੀ ਬਦਲ ਗਈ ਸੀ। ਵੀਹ ਬਾਈ ਸਾਲ ਪਹਿਲਾਂ ਜੋ ਅਫ਼ਰੀਕਾ ਛੱਡ ਕੇ ਗਏ ਸਨ ਅੱਜ ਉਸਦਾ ਨਕਸ਼ਾ ਉਸ ਤੋਂ ਕਿਤੇ ਵੱਖਰਾ ਸੀ। ਜਿਹੜੇ ਜੰਗਲੀ ਅੱਗੇ ਤਨ ਤੇ ਕਪੜੇ ਨਹੀਂ ਰਖਦੇ ਸਨ ਉਹ ਅੱਜ ਕੁੜਤਾ, ਹਾਫ਼ ਪੈਂਟਾਂ ਤੇ ਕੋਟ ਪਤਲੂਣਾਂ ਕੱਸੀ ਫਿਰਦੇ ਸਨ। ਉਨ੍ਹਾਂ ਦੀਆਂ ਔਰਤਾਂ ਜੋ ਅੱਗੇ ਸਿਰਫ਼ ਗੁਪਤ ਅੰਗ ਢਕਣ ਲਈ ਮਾੜੀ ਜਹੀ ਸੁਦਨੀ ਬੰਨ੍ਹ ਲੈਂਦੀਆਂ ਸਨ ਤੇ ਬਾਕੀ ਸਰੀਰ ਦੇ ਸਾਰੇ ਅੰਗ ਨੰਗੇ ਰਖਦੀਆਂ ਸਨ, ਅੱਜ ਗਾਊਨ ਪਾਉਂਦੀਆਂ ਤੇ ਪੂਰੀਆਂ ਮੇਮਾਂ ਬਣੀਆਂ ਹੋਈਆਂ ਸਨ। ਪੰਜਾਬੀਆਂ ਦਾ ਸਟੈਂਡਰਡ ਵੀ ਕਾਫ਼ੀ ਉੱਚਾ ਹੋ ਚੁੱਕਾ ਸੀ ਤੇ ਕਈ ਚੰਗੇ ਚੰਗੇ ਕਾਰੋਬਾਰ ਕਰਦੇ ਸਨ। ਇਨ੍ਹਾਂ ਦੇ ਪਿਤਾ ਜੀ ਦਾ ਨਾਮ ਉਥੇ ਅਜੇ ਤਕ ਬੜੇ ਮਾਣ ਨਾਲ ਲਿਆ ਜਾਂਦਾ ਸੀ। ਉਨ੍ਹਾਂ ਦੇ ਯਾਰਾਂ ਦੋਸਤਾਂ ਇਨ੍ਹਾਂ ਨੂੰ ਬੜਾ ਮਾਣ ਬਖ਼ਸ਼ਿਆ। ਉਹ ਬੜੇ ਖੁਸ਼ ਹੋਏ। ਸ. ਈਸ਼ਰ ਸਿੰਘ ਜੀ ਪਾਖਰਪੁਰੀਏ ਨੇ ਇਨ੍ਹਾਂ ਨੂੰ ਇਕ ਥਾਂ ਕੰਮ ਤੇ ਵੀ ਲੁਆ ਦਿੱਤਾ। ਇਸ ਕੰਪਨੀ ਦਾ ਨਾਮ ਈਸ਼ਰਵੁੱਡ ਸੀ। ਉਥੋਂ ਦੀ ਕਵੀ ਸੰਸਥਾ ਨੇ 'ਭਿਖਾਰੀ' ਦੀ ਆਮਦ ਅਫ਼ਰੀਕਾ ਵਿਚ ਸੁਣ ਕੇ ਇਨ੍ਹਾਂ ਨੂੰ ਢੂੰਡ ਕੱਢਿਆ। ਇਨ੍ਹਾਂ ਦੀ ਲੁਕੇ ਰਹਿਣ ਦੀ ਇੱਛਾ ਉਨ੍ਹਾਂ ਨੇ ਪੂਰੀ ਨਾ ਹੋਣ ਦਿੱਤੀ। ਹਰ ਕਵੀ ਦਰਬਾਰ, ਹਰ ਜੋੜ ਮੇਲੇ ਤੇ ਇਨ੍ਹਾਂ ਨੂੰ ਲਈ ਫਿਰਦੇ। ਇਹ ਸਭ ਕੁਝ ਇਨ੍ਹਾਂ ਦੀ

ਮਰਜ਼ੀ ਦੇ ਖ਼ਿਲਾਫ਼ ਹੁੰਦਾ ਸੀ, ਤਾਂ ਵੀ ਇਨ੍ਹਾਂ ਨੂੰ ਮੰਨਣਾ ਪੈਂਦਾ।

ਜਿਸ ਕੰਮ ਲਈ ਇਹ ਉਥੇ ਗਏ ਸਨ, ਉਸਦਾ ਪਤਾ ਲਿਆ। ਲੈਂਡਸ ਡੀਪਾਰਟਮੈਂਟ ਵਿਚੋਂ ਆਪਣੇ ਕਾਗਜ਼ ਪੱਤਰ ਦੇਖੇ। ਸਰਕਾਰੀ ਮਹਿਮਕੇ ਦਾ ਕਿੰਨਾ ਚੰਗਾ ਵਰਤਾਉ ਸੀ। ਉਥੇ ਵੀ ਇਨ੍ਹਾਂ ਦੇ ਭਰਾ ਹੀ ਕੰਮ ਕਰਦੇ ਸਨ। ਪਰ ਫਰਕ ਜ਼ਮੀਨ ਅਸਮਾਨ ਦਾ ਸੀ। ਥੋੜ੍ਹੀ ਜਿਹੀ ਰੈਫਰੈਂਸ ਦੇਣ ਤੋਂ ਕੋਈ ਦਸਾਂ ਕੁ ਮਿੰਟਾਂ ਵਿਚ ਉਨ੍ਹਾਂ ਬਾਰੇ ਕਾਗਜ਼ ਪੱਤਰ ਕੱਢ ਦਿੱਤੇ। ਕਾਗਜ਼ ਪੜ੍ਹ ਕੇ ਦੇਖਣ ਦੀ ਫੀਸ ਵੀ ਮਾਮੂਲੀ ਸੀ, ਜੋ ਦੇ ਕੇ ਇਹ ਕੋਈ ਘੰਟਾ ਭਰ ਕਾਗਜ਼ ਦੇਖਦੇ ਰਹੇ। ਪਿੱਛੋਂ ਵਕੀਲ ਨੂੰ ਦਿਖਾਣ ਲਈ ਨਕਲਾਂ ਦੀ ਲੋੜ ਮਹਿਸੂਸ ਕੀਤੀ। ਉਨ੍ਹਾਂ ਲਫ਼ਜ਼ਾਂ ਦਾ ਹਿਸਾਬ ਲਾ ਕੇ ਫੀਸ ਲੈ ਲਈ ਤੇ ਕਾਗਜ਼ ਹਫ਼ਤੇ ਪਿੱਛੋਂ ਇਨ੍ਹਾਂ ਦੇ ਘਰ ਰਜਿਸਟਰੀ ਹੋ ਕੇ ਪਹੁੰਚ ਗਏ। ਇਹ ਦੇਖ ਕੇ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਇਹੋ ਜਿਹੇ ਸੋਹਣੇ ਪ੍ਰਬੰਧ ਦੀ ਇੰਡੀਆ ਵਿਚ ਆਸ ਰਖੀ ਜਾ ਸਕਦੀ ਹੈ?

ਅਫ਼ਰੀਕਾ ਵਿਚ ਇਨ੍ਹਾਂ ਦਾ ਬਹੁਤਾ ਦਿਲ ਨਾ ਲੱਗਾ। ਮੁੜ ਹਿੰਦੁਸਤਾਨ ਆਉਣ ਦੀਆਂ ਤਿਆਰੀਆਂ ਕਰ ਲਈਆਂ ਤੇ ਜੁਲਾਈ 1939 ਨੂੰ ਬੰਬਈ ਪਹੁੰਚ ਗਏ। ਉਥੋਂ ਸਿੱਧੇ ਕਲਕੱਤੇ ਚਲੇ ਗਏ, ਤੇ ਮੁੜ ਸੇਠਾਂ ਕੋਲ ਕੰਮ ਕਰਨ ਲਗ ਪਏ। ਉਨ੍ਹਾਂ ਦਾ ਕੰਮ ਚਲ ਨਹੀਂ ਸੀ ਰਿਹਾ। ਕੁਝ ਅੱਗੇ ਨਾਲੋਂ ਸਹੂਲਤਾਂ ਵੱਧ ਦੇ ਕੇ ਉਨ੍ਹਾਂ ਫਿਰ ਇਨ੍ਹਾਂ ਨੂੰ ਰੱਖ ਲਿਆ।

ਸਹਿਜੇ ਸਹਿਜੇ ਰੇਲਵੇ ਦਾ ਕੰਮ ਘੱਟ ਤੇ ਲੜਾਈ ਦਾ ਵਧੇਰੇ ਮਿਲਣਾ ਸ਼ੁਰੂ ਹੋ ਗਿਆ। ਲੜਾਈ ਸ਼ਾਇਦ ਕਾਰੋਬਾਰੀਆਂ ਲਈ ਕਮਾਈ ਦਾ ਚੰਗਾ ਜ਼ਰੀਆ ਹੁੰਦੀ ਹੈ। ਮਾਲਕਾਂ ਦਾ ਕੰਮ ਖ਼ੂਬ ਜ਼ੋਰਾਂ ਤੇ ਚੱਲ ਪਿਆ। ਇਨ੍ਹਾਂ ਨੂੰ ਕਾਫ਼ੀ ਮਿਹਨਤ ਕਰਨੀ ਪੈਂਦੀ। ਪਰ ਐਨੀ ਮਿਹਨਤ ਤੇ ਸਿਰਖਪਾਈ ਦਾ ਲਾਭ ਕਿਸਨੂੰ? ਇਨ੍ਹਾਂ ਦੇਖਿਆ ਕੇਵਲ ਤੇ ਕੇਵਲ ਮਾਲਕ ਨੂੰ। ਕਾਰੀਗਰਾਂ ਵਿਚਾਰਿਆਂ ਨੂੰ ਸਿਰਫ਼ ਓਵਰ ਟਾਈਮ ਮਿਲਦਾ। ਕੁਝ ਨਾ ਕੁਝ ਸਹੂਲਤਾਂ ਵਰਕਮੈਨਾਂ ਨੂੰ ਦੇਣੀਆਂ ਪਈਆਂ, ਪਰ ਜਿੰਨੀਆਂ ਕੁ ਘੱਟੋ ਘਟ ਸਹੂਲਤਾਂ ਨਾਲ ਉਹ ਵਰਕਮੈਨਾਂ ਨੂੰ ਸੰਭਾਲੀ ਰਖ ਸਕਦੇ–ਬਸ ਉਨ੍ਹੀਆਂ ਹੀ ਮਹਿੰਗਾਈ ਦੇ ਟਾਕਰੇ ਸਹੂਲਤਾਂ ਬਹੁਤ ਘਟ ਸਨ।

1941 ਦੇ ਦਸੰਬਰ ਮਹੀਨੇ ਵਿਚ ਕਲਕੱਤੇ ਵਿਚ ਹੇਠਾਂ ਉੱਤੇ ਪੰਜ ਸੱਤ ਦਿਨ ਬੰਬਾਰੀ ਹੋਈ। ਕਲਕੱਤੇ ਵਿਚ ਹਫੜਾ ਦਫੜੀ ਮੱਚ ਗਈ। ਕਲਕੱਤਾ ਦੂਜੀ ਵਾਰੀ ਖਾਲੀ ਹੋਣਾ ਸ਼ੁਰੂ ਹੋ ਗਿਆ। ਪਹਿਲੀ ਵਾਰ ਜਾਪਾਨ ਦੇ ਰੰਗੂਨ ਤੇ ਹਮਲਾ ਕਰਨ ਵੇਲੇ ਹੋਇਆ ਸੀ। ਕਲਕੱਤੇ ਵਿਚੋਂ ਕਈ ਚੰਗੇ ਚੰਗੇ ਬਿਜ਼ਨਸਮੈਨ ਪਿਛਾਂਹ ਚਲੇ ਗਏ। ਇਨ੍ਹਾਂ ਦੀ ਫਰਮ ਨੇ ਵੀ ਲਖਨਊ ਜਾਣ ਦਾ ਪ੍ਰੋਗਰਾਮ ਬਣਾ ਲਿਆ। ਇਨ੍ਹਾਂ ਦਾ ਪਰਿਵਾਰ ਸਭ ਚਲਾ ਗਿਆ ਤੇ ਰਹਿ ਗਏ ਸਿਰਫ਼ ਇਹ ਲੋਕ ਜਿਨ੍ਹਾਂ ਦੀ ਜ਼ਿੰਦਗੀ ਦਾ ਸ਼ਾਇਦ ਮਾਲਕਾਂ ਦੀਆਂ ਨਜ਼ਰਾਂ ਵਿਚ ਕੋਈ ਮੁੱਲ ਨਾ ਹੋਵੇ। ਇਨ੍ਹਾਂ ਨੇ ਲਖਨਊ ਮਸ਼ੀਨਾਂ ਫਿਟ ਕਰ ਦਿੱਤੀਆਂ ਤੇ ਥੋੜ੍ਹੇ ਆਦਮੀਆਂ ਨਾਲ ਕੰਮ ਚਾਲੂ ਕਰ ਦਿੱਤਾ। 8 ਜੁਲਾਈ 1942 ਨੂੰ ਇਹ ਪਿੰਡ ਭੰਗਾਲੀ ਚਲੇ ਗਏ, ਪਰਿਵਾਰ ਨੂੰ ਮਿਲਣ ਵਾਸਤੇ।

ਇਨ੍ਹਾਂ ਦਿਨਾਂ ਵਿਚ ਬੰਬਈ ਆਲ ਇੰਡੀਆਂ ਕਾਂਗਰਸ ਦਾ ਸੈਸ਼ਨ ਹੋ ਰਿਹਾ ਸੀ। ਭਾਰਤ ਛੱਡੋ ਦਾ ਮਤਾ ਪਾਸ ਕੀਤਾ ਗਿਆ। ਸਾਰੀ ਕਾਂਗਰਸ ਕਮੇਟੀ ਫੜੀ ਗਈ। ਦੇਸ਼ ਵਿਚ ਇਕ ਹਲਚਲ ਜਹੀ ਮਚ ਗਈ। ਰੇਲਾਂ ਪੁੱਟੀਆਂ ਗਈਆਂ। ਟੈਲੀਗ੍ਰਾਫ ਤਾਰਾਂ ਦੇ ਖੰਬੇ ਪੁੱਟੇ ਗਏ। ਸਟੇਸ਼ਨ ਸਾੜੇ ਗਏ। ਕਚਹਿਰੀਆਂ ਤੇ ਸਰਕਾਰੀ ਇਮਾਰਤਾਂ ਉੱਤੇ ਕਾਂਗਰਸ ਦਾ ਝੰਡਾ ਝੁਲਾਇਆ ਗਿਆ। ਬੜੀ ਮੁਸ਼ਕਲ

ਨਾਲ ਇਹ ਲਖਨਊ ਪਹੁੰਚੇ ਤੇ ਫੇਰ ਕਲਕੱਤੇ। ਰੇਲ ਅੱਗੇ ਪਾਇਲਟ ਇੰਜਨ ਲਗਦਾ ਸੀ। ਰਸਤਾ ਦੇਖਦਾ ਸੀ। ਕਈ ਕਈ ਟ੍ਰੇਨਾਂ ਇਕੱਠੀਆਂ ਚਲਦੀਆਂ ਸਨ। ਕਾਫ਼ੀ ਦਿਨ ਲਗਾ ਕੇ ਇਹ ਕਲਕੱਤੇ ਪਹੁੰਚੇ। ਸ਼ਹਿਰ ਵਿਚ ਕੰਮਕਾਰ ਦੁਬਾਰਾ ਚਾਲੂ ਹੋ ਚੁੱਕੇ ਸਨ। ਰੱਬ ਜਾਣੇ ਕੁਝ ਹੋਣ ਵਾਲਾ ਸੀ ਜਾਂ ਨਹੀਂ, ਜੇ ਹੋਣ ਵਾਲਾ ਸੀ ਤਾਂ ਗਵਰਨਮੈਂਟ ਦੇ ਵਕਤ ਸਿਰ ਐਕਸ਼ਨ ਲੈ ਲੈਣ ਕਰਕੇ ਨਹੀਂ ਸੀ ਹੋਇਆ ਜਾਂ ਕੁਝ ਹੋਣ ਵਾਲਾ ਹੀ ਨਹੀਂ ਸੀ, ਪਰ ਗਵਰਨਮੈਂਟ ਨੂੰ ਆਪਣਾ ਪਾਲਾ ਮਾਰ ਰਿਹਾ ਸੀ। ਜਿਸ ਕਰਕੇ ਉਸਨੇ ਮਾਰੇ ਡਰ ਦੇ ਕਈ ਨਿਹੱਥੇ ਤੇ ਅਮਨ ਪਸੰਦ ਸ਼ਹਿਰੀਆਂ ਨੂੰ ਜ਼ਖ਼ਮੀ ਕੀਤਾ ਤੇ ਕਈਆਂ ਦੀਆਂ ਜਾਨਾਂ ਲਈਆਂ ਸਨ। ਜੋ ਹੋਵੇ, ਇਸ ਵੇਲੇ ਸ਼ਹਿਰ ਵਿਚ ਅਮਨ ਤੇ ਸ਼ਾਂਤੀ ਸੀ ਤੇ ਕਾਰੋਬਾਰ ਬਾਕਾਇਦਾ ਚਲ ਰਹੇ ਸਨ। ਡਾਕ ਤਾਰ ਤੇ ਗੱਡੀਆਂ ਦਾ ਸਿਲਸਿਲਾ ਕਈ ਦਿਨ ਟੁੱਟਾ ਰਿਹਾ ਸੀ, ਹੁਣ ਉਹ ਵੀ ਕੁਝ ਘਟ, ਕੁਝ ਵਧ ਚਾਲੂ ਹੋ ਚੁੱਕਾ ਸੀ।

ਆਜ਼ਾਦੀ ਤੇ ਗੁਰਦਵਾਰਾ ਸੁਧਾਰ ਲਹਿਰ (1921) ਨੇ ਇਨ੍ਹਾਂ ਦੇ ਮਨ ਤੇ ਕਾਫ਼ੀ ਅਸਰ ਕੀਤਾ। ਫਰਵਰੀ 1921 ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਇਸ ਵਿਚ ਮਹੰਤ ਨਰਾਇਣ ਦਾਸ ਨੇ ਡੇਢ ਕੁ ਸੌ ਦੇ ਕਰੀਬ ਸਿੰਘਾਂ ਦੇ ਜਥੇ ਨੂੰ ਗੁਰਦਵਾਰੇ ਦੇ ਦਰਵਾਜ਼ੇ ਬੰਦ ਕਰਕੇ ਸ਼ਾਂਤਮਈ ਪਾਠ ਕਰਦਿਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਪਿੱਛੋਂ ਸ਼ਹੀਦ ਹੋ ਚੁਕੇ ਤੇ ਸਹਿਕਦੇ ਸਿੰਘਾਂ ਨੂੰ ਬਾਹਰ ਕੱਢ ਕੇ ਤੇਲ ਪਾ ਕੇ ਸਾੜ ਦਿੱਤਾ। ਇਸ ਜਥੇ ਦੇ ਜਥੇਦਾਰ ਸਰਦਾਰ ਲਛਮਣ ਸਿੰਘ ਜੀ ਸਨ। ਇਸ ਸਾਕੇ ਨਾਲ ਪੰਜਾਬ ਵਿਚ ਤਰਥੱਲੀ ਮੱਚ ਗਈ। ਗਿਆਨੀ ਹੀਰਾ ਸਿੰਘ ਜੀ 'ਦਰਦ' ਤੇ ਸ. ਮੰਗਲ ਸਿੰਘ ਜੀ ਦੀ ਸੰਪਾਦਕੀ ਹੇਠ ਪਹਿਲਾ ਰੋਜ਼ਾਨਾ 'ਅਕਾਲੀ' ਅਖ਼ਬਾਰ ਨਿਕਲਿਆ। ਇਸ ਵਿਚ ਇਨ੍ਹਾਂ ਦੀ ਪਹਿਲੀ ਕਵਿਤਾ ਇਕ ਕਬਿੱਤ ਛਪੀ :

ਸ਼ਾਬਾਸ਼ ਅਕਾਲੀ ਤੇਰੀ ਚਾਲ ਹੈ ਨਿਰਾਲੀ
ਡਾਢੀ ਘਾਲ ਕੇ ਤੇ ਘਾਲ ਸੇਵਾ ਪੰਥ ਦੀ ਕਮਾਈ ਤੂੰ।
ਝਖੜ ਹਨੇਰਿਆਂ ਦੀ ਕੀਤੀ ਪਰਵਾਹ ਨਹੀਂ,
ਹੋਇਕੇ ਬੇਖ਼ੌਫ਼ ਸੱਚੋ ਸੱਚ ਕਹਿ ਸੁਣਾਈ ਤੂੰ।

ਇਸ ਤੋਂ ਪਹਿਲਾਂ ਇਨ੍ਹਾਂ ਛੋਟੇ ਸਹਿਬਜ਼ਾਦਿਆਂ ਦੀ ਸ਼ਹੀਦੀ ਤੇ ਇਕ ਕਵਿਤਾ ਲਿਖੀ ਸੀ ਜੋ ਗਾਈ ਜਾ ਸਕਦੀ ਸੀ। ਪਿੰਡ ਦੇ ਗੁਰਦਆਰੇ ਵਿਚ ਗੁਰਪੁਰਬ ਦੇ ਜੋੜ ਮੇਲੇ ਤੇ ਇਨ੍ਹਾਂ ਹਾਰਮੋਨੀਅਮ ਨਾਲ ਇਸਦਾ ਕੀਰਤਨ ਕੀਤਾ। ਸ੍ਰੋਤਿਆਂ ਨੇ ਕਾਫੀ ਸਲਾਹਿਆ। 1918 ਵਿਚ ਅਮ੍ਰਿਤਸਰ ਦਰਬਾਰ ਸਾਹਿਬ ਵਿਚ ਸਜੇ ਦੀਵਾਨ ਵਿਚ ਰਾਗੀ ਸਿੰਘ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਸੁਣਾ ਰਹੇ ਸਨ। ਇਸਦਾ ਪ੍ਰਭਾਵ ਇਨ੍ਹਾਂ ਦੇ ਮਨ ਤੇ ਬਹੁਤ ਪਿਆ। ਇਸੇ ਹੀ ਤਰਜ਼ ਤੇ ਇਨ੍ਹਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਿਖੀ। ਇਹ ਇਨ੍ਹਾਂ ਦੀ ਪਹਿਲੀ ਰਚਨਾ ਸੀ।

ਪਹਿਲੀ ਜੰਗ ਖਤਮ ਹੋਣ ਤੇ ਕਲਕੱਤੇ ਭਵਾਨੀਪੁਰ ਚਲੇ ਗਏ। ਏਥੇ ਸਿੰਘ ਸਭਾ ਦੇ ਗ੍ਰੰਥੀ ਭਾਈ ਦਰਬਾਰਾ ਸਿੰਘ ਜੀ ਮਿਲੇ। ਚੰਗੇ ਵਿਦਵਾਨ ਵੈਦਾਂਤੀ ਖ਼ਿਆਲਾਂ ਦੇ ਸਨ। 1922 ਪੋਹ ਸੁਦੀ ਸਤਵੀਂ ਦਾ ਗੁਰਪੁਰਬ ਆਇਆ। ਚਾਰ ਪੰਜ ਆਪਣੀਆਂ ਤੇ ਦੋ ਤਿੰਨ ਭਾਈ ਦਰਬਾਰਾ ਸਿੰਘ ਤੇ ਚਾਰ ਪੰਜ ਹੋਰਨਾਂ ਸੱਜਣਾਂ ਤੋਂ ਲੈ ਕੇ ਇਕ ਚਾਲੀ ਸਫ਼ੇ ਦਾ 'ਦਸ਼ਮੇਸ਼ ਨਜ਼ਾਰੇ' ਨਾਮੀ ਟ੍ਰੈਕਟ ਸੰਗ੍ਰਹਿ ਕਰਕੇ ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ ਤੋਂ ਛਪਵਾ ਕੇ ਸੰਗਤਾਂ

ਵਿਚ ਵੰਡ ਦਿੱਤਾ। ਇਸ ਟ੍ਰੈਕਟ ਤੇ ਰੋਜ਼ਾਨਾ 'ਅਕਾਲੀ' ਵਿਚ ਇਨ੍ਹਾਂ ਦੀਆਂ ਕਵਿਤਾਵਾਂ ਛਪਣ ਉਤੇ, ਇਨ੍ਹਾਂ ਦਾ ਕਵਿਤਾ ਲਿਖਣ ਦਾ ਉਤਸ਼ਾਹ ਵਧ ਗਿਆ। ਫਿਰ ਇਹ ਖ਼ਾਸ ਖ਼ਾਸ ਮੌਕਿਆਂ ਤੇ ਸੱਜੇ ਭਾਰੀ ਦੀਵਾਨਾਂ ਵਿਚ ਕਵਿਤਾ ਸੁਨਾਉਣ ਲਗ ਪਏ।

1922 ਵਿਚ ਭਵਾਨੀਪੁਰ ਪਾਰਕ ਇਕ ਵੱਡਾ ਦੀਵਾਨ ਲੱਗਾ। ਇਸ ਵਿਚ ਸ਼੍ਰੋਮਣੀ ਕਮੇਟੀ ਵਲੋਂ ਸ. ਰਘਬੀਰ ਸਿੰਘ ਜੀ ਬੀਰ ਤੇ ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਿਰ ਭੇਜੇ ਗਏ। ਇਸ ਵਿਚ ਸ. ਮੁਨਸ਼ਾ ਸਿੰਘ ਜੀ ਦੁਖੀ ਜੀ ਨੇ ਕਵਿਤਾ ਪੜ੍ਹੀ ਤੇ ਇਨ੍ਹਾਂ ਵੀ ਪੜ੍ਹੀ। ਰਚਨਾਵਾਂ ਕਾਫ਼ੀ ਸਲਾਹੀਆਂ ਗਈਆਂ। ਉਦੋਂ ਗੁਰਦਆਰਾ ਲਹਿਰ ਬੜੇ ਜ਼ੋਰਾਂ ਤੇ ਸੀ। ਗੁਰੂ ਕੇ ਬਾਗ ਦਾ ਮੋਰਚਾ ਲੱਗਾ ਹੋਇਆ ਸੀ। ਇਨ੍ਹਾਂ ਦੀ ਕਵਿਤਾ ਦੀਆਂ ਦੋ ਲਾਈਨਾਂ, "ਪਿਆਰੇ ਦੇਸ਼ ਤੇ ਗੁਰਦਆਰਿਆਂ ਲਈ, ਅਸਾਂ ਹੈ, ਰੱਤੀ ਰੱਤੀ ਕਟ ਜਾਣਾ।"

'ਦੁਖੀ' ਜੀ ਨਾਲ ਮੁਲਾਕਾਤ ਤੇ ਜਾਣ ਪਹਿਚਾਨ ਇਸੇ ਦੀਵਾਨ ਵਿਚ ਹੋਈ। ਐਸੀ ਹੋਈ ਕਿ ਪੱਕੇ ਮਿੱਤਰ ਬਣ ਗਏ ਤੇ ਕਾਫ਼ੀ ਅਰਸਾ ਇਹ ਜੋੜੀ ਇਕੱਠੀ ਰਹੀ—ਦੁਖੀ-ਭਿਖਾਰੀ ਨਾਮ ਇਕੱਠਾ ਲੋਕ ਲੈਣ ਲਗ ਪਏ। ਦੁਖੀ ਜੀ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਖ਼ਾਸ ਕਾਰਕੁੰਨਾਂ ਵਿਚੋਂ ਸਨ। ਅਮਰੀਕਾ ਤੋਂ ਆਉਂਦਿਆਂ ਹੀ ਫੜ੍ਹੇ ਗਏ ਸਨ ਤੇ ਜੰਗ ਖ਼ਤਮ ਹੋਣ ਤੇ ਛੱਡੇ ਗਏ ਸਨ। ਇਨ੍ਹਾਂ ਦੇ ਦੋ ਛੋਟੇ ਭਰਾ ਸ. ਭੋਲਾ ਸਿੰਘ ਤੇ ਸ. ਦੌਲਤ ਸਿੰਘ ਰੇਲਵੇ ਵਰਕਸ਼ਾਪ ਕੰਚਰਾਪਾੜਾ (ਕਲਕੱਤੇ ਤੋਂ ਤੀਹ ਮੀਲ) ਵਿਚ ਕੰਮ ਕਰਦੇ ਸਨ। ਇਨ੍ਹਾਂ ਪਾਸ ਦੁਖੀ ਜੀ ਠਹਿਰੇ, ਇਨ੍ਹਾਂ ਦਾ ਪਿੰਡ ਜੰਡਿਆਲਾ ਜ਼ਿਲ੍ਹਾ ਜਲੰਧਰ ਸੀ।

ਦੋ ਤਿੰਨ ਸੱਜਣਾਂ ਨੇ ਮਿਲ ਕੇ 1923 ਵਿਚ ਇਕ ਸੰਸਥਾ 'ਕਵੀ ਕੁਟੀਆ' ਨਾਮ ਦੀ ਬਣਾ ਲਈ। ਦੁਖੀ ਜੀ ਪ੍ਰਧਾਨ ਤੇ ਸਕੱਤਰੀ ਇਨ੍ਹਾਂ ਦੇ ਜ਼ਿੰਮੇ ਆਈ। 1922 ਵਿਚ 'ਪ੍ਰੀਤਮ' ਮਾਸਕ ਪੱਤਰ, 1923 ਵਿਚ 'ਫੁਲਵਾੜੀ' ਮਾਸਕ ਨਿਕਲ ਆਏ। ਇਨ੍ਹਾਂ ਵਿਚ ਕਵਿਤਾਵਾਂ ਛਪਦੀਆਂ ਰਹੀਆਂ। ਗੁਰਪੁਰਬਾਂ ਤੇ ਟ੍ਰੈਕਟ ਪ੍ਰਕਾਸ਼ਿਤ ਕਰਨੇ ਤੇ ਸੰਗਤਾਂ ਵਿਚ ਵੰਡ ਦੇਣੇ। ਪੈਸੇ ਆਪਣੇ ਕੋਲੋਂ ਪਾਉਣੇ।

'ਕਵੀ ਕੁਟੀਆ' ਦੀਆਂ ਬੈਠਕਾਂ ਜ਼ਿਆਦਾਤਰ ਇਨ੍ਹਾਂ ਦੇ ਘਰ ਵਿਚ ਹੁੰਦੀਆਂ ਜਾਂ ਫਿਰ ਪਾਰਕਾਂ ਵਿਚ ਹੁੰਦੀਆਂ। ਕਵੀ ਸੱਜਣ ਦੇਸ਼ ਪਿਆਰ, ਭਗਤੀ, ਸੁਧਾਰ ਦੀਆਂ, ਕ੍ਰਾਂਤੀ ਦੀਆਂ ਕਵਿਤਾਵਾਂ ਪੜ੍ਹਦੇ, ਵਿਚਾਰਾਂ ਹੁੰਦੀਆਂ। ਦੁਖੀ ਭਿਖਾਰੀ ਜੀ ਤੋਂ ਇਲਾਵਾ, ਭਾਈ ਦਰਬਾਰਾ ਸਿੰਘ, ਬਚਿੰਤ ਸਿੰਘ, ਰਤਨ ਸਿੰਘ ਸੇਵਕ, ਮਹਿਤਾਬ ਸਿੰਘ ਪਰਚਾਰਕ, ਬਸੰਤ ਸਿੰਘ ਗ੍ਰੰਥੀ ਸਿੰਘ ਸਭਾ, ਨਰੈਣ ਸਿੰਘ, ਈਸ਼ਰ ਸਿੰਘ ਕੇਹਰ, ਸਾਹਿਬ ਸਿੰਘ ਸਨੇਹੀ, ਰਘਬੀਰ ਸਿੰਘ ਬੀਰ, ਡਾ. ਉੱਤਮ ਸਿੰਘ ਸਾਥੀ, ਚਤਰ ਸਿੰਘ ਬਾਲਕ ਇਤਆਦਿ ਕਲਕੱਤਿਓਂ ਸਨ ਅਤੇ ਬਾਹਰ ਦੇ ਮੈਂਬਰ ਸਨ ਡਾ. ਦੀਵਾਨ ਸਿੰਘ ਕਾਲੇਪਾਣੀ, ਕਰਤਾਰ ਸਿੰਘ ਮਿੱਤਰ, ਗੁਰਬਖ਼ਸ਼ ਸਿੰਘ ਬਾਗਬਾਨਪੁਰੀ, ਗੁਰਾਂਦਿੱਤਾ ਖੰਨਾ, ਲਾਲਾ ਧਨੀ ਰਾਮ ਚਾਤ੍ਰਿਕ, ਐਸ. ਐਸ. ਚਰਨ ਸਿੰਘ ਜੀ ਸ਼ਹੀਦ, ਭਾਈ ਕਾਹਨ ਸਿੰਘ ਨਾਭਾ, ਲਾਲ ਕਿਰਪਾ ਸਾਗਰ ਲਾਹੌਰ, ਬਾਵਾ ਬੁਧ ਸਿੰਘ, ਪ੍ਰੋ. ਬ੍ਰਿਜ ਲਾਲ ਸ਼ਾਸਤਰੀ, ਗਿ. ਗੁਰਮੁਖ ਸਿੰਘ ਮੁਸਾਫ਼ਰ, ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ ਅਮ੍ਰਿਤਸਰ, ਅਵਤਾਰ ਸਿੰਘ ਆਜ਼ਾਦ, ਅਰਜਨ ਸਿੰਘ ਗੜਗਜ, ਬਲਵੰਤ ਸਿੰਘ ਗਜਰਾਜ, ਸਾਧੂ ਸਿੰਘ ਫੋਰਮੈਨ ਟਾਟਾਨਗਰ।

ਕਵੀ ਮਾਸਿਕ ਪੱਤਰ 1927 ਵਿਚ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਆਪੋ ਆਪਣਾ ਕੰਮ ਕਰਦੇ ਸਨ। ਸਭ ਨੇ ਕੁਝ ਪੈਸੇ ਪਾ ਕੇ ਇਸਦਾ ਖਰਚ ਚਲਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੀ

ਲਗਨ ਪੰਜਾਬੀ ਪ੍ਰਤੀ ਸ਼ਰਧਾ ਨਾਲ ਤਿੰਨ ਚਾਰ ਸਾਲ 'ਕਵੀ' ਤੇ ਟ੍ਰੈਕਟ ਇਨ੍ਹਾਂ ਦੀ ਪ੍ਰਬੰਧਕੀ ਵਿਚ ਛਪਦੇ ਰਹੇ। ਸੰਪਾਦਕੀ ਦਾ ਕੰਮ ਦੁਖੀ-ਭਿਖਾਰੀ ਰਲ ਮਿਲਕੇ ਕਰਦੇ ਸਨ। ਦੁਖੀ ਜੀ ਬਾਹਰ ਦਾ ਕੰਮ ਕਰਦੇ ਸਨ ਤੇ ਭਿਖਾਰੀ ਜੀ ਲਿਖਣ ਦਾ ਜ਼ਿਆਦਾ ਕਰਦੇ ਸਨ।

ਨਾਭੇ ਦੇ ਨਿਰੰਜਨ ਸਿੰਘ ਤਾਲਿਬ ਵੀ ਇਨ੍ਹਾਂ ਨਾਲ ਰਲ ਗਏ। ਪ੍ਰੈੱਸ ਲਿਮਿਟਿਡ ਕਰ ਦਿੱਤਾ। ਇਕ ਰੋਜ਼ਾਨਾ ਪੰਜਾਬੀ ਅਖ਼ਬਾਰ 'ਦੇਸ਼ ਦਰਪਨ' ਨਾਮ ਦਾ ਪ੍ਰਕਾਸ਼ਤ ਕਰਨ ਲਗ ਪਏ। ਤਾਲਿਬ ਨੇ ਸੁਭਾਸ਼ ਬੋਸ ਨੂੰ ਕਲਕੱਤਿਓਂ ਬਾਹਰ ਕੱਢਣ ਵਿਚ ਹਿੱਸਾ ਪਾਇਆ। ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਵੀ ਰਹੇ ਫਿਰ ਵਜ਼ੀਰ ਵੀ ਬਣੇ। ਪ੍ਰੈੱਸ ਵਿਚ ਅਕਸਰ ਸਰਕਾਰ ਵਲੋਂ ਤਲਾਸ਼ੀ ਹੁੰਦੀ ਰਹਿੰਦੀ। ਸਰਕਾਰ ਨੂੰ ਸ਼ੱਕ ਰਹਿੰਦਾ ਸੀ ਕਿ ਇਥੇ ਸਰਕਾਰ ਵਿਰੋਧੀ ਲਿਟਰੇਚਰ ਛਪਦਾ ਹੈ।

'ਕਵੀ ਕੁਟੀਆ' ਦਾ ਉਦੇਸ਼ ਹੀ ਸਾਹਿਤ ਕਵਿਤਾ ਰਾਹੀਂ ਦੇਸ਼ ਪਿਆਰ, ਸਮਾਜ ਸੁਧਾਰ, ਜੀਵਨ ਜਾਚ ਦਾ ਪਰਚਾਰ ਸੀ। ਇਸਦੇ ਸਾਥੀ ਸੰਚਾਲਕ ਸੱਚੀ ਲਗਨ ਤੇ ਕੁਰਬਾਨੀ ਕਰਨ ਵਾਲੇ ਜੀਉੜੇ ਸਨ। ਉਹ ਪੈਸੇ ਕਮਾਉਣ ਲਈ ਏਧਰ ਲਗੇ ਹੋਏ ਕੋਈ ਪੇਸ਼ਾਵਰ ਲੋਕ ਨਹੀਂ ਸਨ।

'ਕਵੀ ਕੁਟੀਆ' ਸਾਹਿਤਕ ਲੇਖਕਾਂ ਦੀ ਸਭ ਤੋਂ ਪਹਿਲੀ ਪੰਜਾਬੀ ਜਥੇਬੰਦੀ ਸੀ। ਸਰਕਾਰ ਪਾਸੋਂ ਇਹ ਕੋਈ ਮੰਗ ਨਹੀਂ ਸੀ ਕਰਦੀ। ਪੰਜਾਬੀ ਨੂੰ ਦੂਸਰੀ ਜ਼ਬਾਨਾਂ ਦੇ ਮੁਕਾਬਲੇ ਤੇ ਲਿਆਉਣ ਦੀ ਰੀਝ ਬੜੀ ਸੀ। ਉਲੱਥੇ ਕੀਤੇ, ਮੌਲਿਕ ਰਚਨਾਵਾਂ ਰਚੀਆਂ। ਛਪੀਆਂ ਪੁਸਤਕਾਂ ਵਿਚ ਪ੍ਰੇਮ ਲਹਿਰਾਂ (ਕਾਵਿ ਸੰਗ੍ਰਹਿ), ਦੇਵੀ ਚੌਧਰਾਣੀ (ਨਾਵਲ), ਪੰਚ ਪਰਮੇਸ਼ਵਰ (ਕਹਾਣੀ), ਹਨ। ਹੋਰਨਾਂ ਨਾਲ ਰਲਕੇ ਹੋਰ ਪ੍ਰਕਾਸ਼ਤ ਪੁਸਤਕਾਂ ਵਿਚ ਦੇਸ਼ ਭਗਤੀ ਮੁਸਤਫ਼ਾ ਸਗੀਰ ਚੰਦਰਾਵਤੀ, ਡਾਕੂ ਫਜੇ ਖਾਂ ਆਦਿ। ਉਨ੍ਹਾਂ ਦੀਆਂ ਰਚਨਾਵਾਂ ਕਈ ਪੱਤਰਕਾਵਾਂ ਵਿਚ ਵੀ ਛਪਦੀਆਂ ਰਹੀਆਂ, ਜਿਵੇਂ ਕਵੀ, ਕਿਰਤੀ, ਗਦਰ ਗੂੰਜਾਂ, ਹੰਸ, ਫੁਲਵਾੜੀ, ਪ੍ਰੀਤਮ, ਮੌਜੀ, ਫ਼ਤਹਿ ਆਦਿ ਵਿਚ। ਕਵੀ ਪ੍ਰੈੱਸ ਛਾਪਾਖਾਨਾ ਭਵਾਨੀਪੁਰ ਵਿਚ ਲਾਇਆ, ਜੋ ਅੱਜ ਵੀ ਚਲ ਰਿਹਾ ਹੈ। ਰੋਜ਼ਾਨਾ ਪੰਜਾਬੀ ਅਖ਼ਬਾਰ 'ਦੇਸ਼ ਦਰਪਨ' 1930 ਤੋਂ ਸ਼ੁਰੂ ਹੋਇਆ ਤੇ ਅੱਜ ਵੀ ਪ੍ਰਕਾਸ਼ਤ ਹੋ ਰਿਹਾ ਹੈ।

ਦਿਨੇ ਫੈਕਟਰੀ ਵਿਚ ਤੇ ਰਾਤ ਨੂੰ ਲਿਖਣ ਦਾ ਕੰਮ–ਇਹ ਭਿਖਾਰੀ ਜੀ ਦਾ ਨਿਤਨੇਮ ਸੀ। ਸਿਹਤ ਕਾਫ਼ੀ ਮਿਹਨਤ ਕਰਕੇ ਢਿੱਲੀ ਰਹਿੰਦੀ ਸੀ ਪਰ ਜਾਗ੍ਰਿਤੀ ਲਿਆਉਣ ਦੀ ਲਗਨ ਨੇ ਇਨ੍ਹਾਂ ਨੂੰ ਕਾਫ਼ੀ ਹੌਸਲਾ ਦਿੱਤਾ। ਖ਼ੂਬ ਲਿਖਦੇ ਸਨ। ਛਾਪਣ ਦਾ ਖਰਚ ਚਾਰ ਪੰਜ ਸਾਥੀ ਰਲਕੇ ਕਰ ਲੈਂਦੇ ਸਨ। ਮੰਗਣ ਦਾ ਵੱਲ ਤਾਂ ਆਉਂਦਾ ਨਹੀਂ ਸੀ। ਇਹ ਸਦਾ ਯਾਦ ਰੱਖਦੇ ਸਨ : ਮੰਗਣ ਗਿਆ ਸੋ ਮਰ ਗਿਆ, ਮੰਗਣ ਮੂਲ ਨਾ ਜਾਏ। ਵਪਾਰੀ ਇਹ ਸਨ ਨਹੀਂ। ਭਲਾ ਨੌਕਰੀ ਕਰਨ ਵਾਲੇ ਦਿਹਾੜੀਦਾਰ ਨੂੰ ਬਿਜ਼ਨਿਸ ਕਿੱਥੇ ਆਉਂਦਾ ਹੈ ? ਇਸਦੇ ਹੱਥਕੰਡਿਆ ਤੋਂ ਇਹ ਨਾਵਾਕਫ਼ ਹੁੰਦੇ ਹਨ। ਫੇਰ ਕੰਮ ਚੱਲੇ ਕਿੱਦਾਂ ? ਪ੍ਰੈੱਸ ਦਾ ਕੰਮ ਸ. ਨਿਰੰਜਨ ਸਿੰਘ ਤਾਲਿਬ ਤੇ ਸ. ਰਘਬੀਰ ਸਿੰਘ ਬੀਰ ਨੂੰ ਸੌਂਪ ਦਿੱਤਾ ਤੇ ਆਪ ਸਿਰਫ਼ ਲਿਖਣ ਦਾ ਕੰਮ ਹੀ ਸੰਭਾਲਿਆ। ਸਰਕਾਰ ਨੇ ਕਈ ਵਾਰੀ ਪ੍ਰੈੱਸ ਬੰਦ ਕਰਵਾਇਆ। ਕ੍ਰਾਂਤੀਕਾਰੀਆਂ ਦੀਆਂ ਬੈਠਕਾਂ ਇਨ੍ਹਾਂ ਦੇ ਘਰ ਵਿਚ ਹੁੰਦੀਆਂ ਸਨ। ਇਹ ਸਮਝ ਲਉ 'ਕਵੀ ਕੁਟੀਆ' ਉਪਰੋਂ ਉਪਰੋਂ ਇਕ ਸਾਹਿਤਕਾਰਾਂ ਦੀ ਕੁਟੀਆ ਪਰ ਅੰਦਰਖਾਤੇ ਇਨਕਲਾਬੀਆਂ ਦੀ ਗੁਪਤ ਗੁਫ਼ਾ ਵਾਂਗ ਸੀ।

ਪੰਜਾਬੀ ਜਗਤ ਵਿਚ ਸਾਹਿਤ ਦੁਆਰਾ ਪੰਜਾਬੀ ਲੇਖਕ ਆਪਣੀ ਰੋਜ਼ੀ ਨਹੀਂ ਕਮਾ ਸਕਦਾ। ਤਦੇ ਇਨ੍ਹਾਂ ਸਾਹਿਤ ਰਚਨਾ ਨੂੰ ਜੀਵਕਾ ਦਾ ਆਧਾਰ ਨਹੀਂ ਬਣਾਇਆ।

ਸਿਆਸੀ ਤੇ ਸਮਾਜਕ ਕੰਮ ਸੰਬੰਧੀ ਸਾਹਿਤ ਕਦੇ ਰੋਜ਼ੀ ਦਾ ਆਧਾਰ ਨਹੀਂ ਬਣਨਾ ਚਾਹੀਦਾ, ਫੇਰ ਹੀ ਲੇਖਕ ਸੁਤੰਤਰ ਰੂਪ ਵਿਚ ਸਮਾਜ ਦੀ ਸਹੀ ਤਸਵੀਰ ਆਪਣੀ ਲੇਖਣੀ ਵਿਚ ਖਿੱਚ ਸਕਦਾ ਹੈ। ਇਹ ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ। ਨੌਕਰੀ ਮਜ਼ਬੂਰੀ ਦੀ ਹਾਲਤ ਵਿਚ ਕਰਨੀ ਪਈ। ਮਕੈਨੀਕਲ ਕੰਮ ਕਰਦੇ ਸਨ, ਥੋੜ੍ਹੀ ਆਮਦਨ ਵਿਚ ਗੁਜ਼ਾਰਾ ਕਰਦੇ ਸਨ।

ਆਪਣੇ ਆਪ ਨੂੰ ਸਦਾ ਗੁਪਤ ਰੱਖਦੇ ਸਨ। ਕਦੇ ਵੀ ਮਾਣ ਵਡਿਆਈ ਵਾਲੇ ਰਾਹ ਨਹੀਂ ਸਨ ਜਾਂਦੇ ਹਾਲਾਂਕਿ ਕਈ ਜਥੇਬੰਦੀਆਂ, ਕਾਨਫ਼ਰੰਸਾਂ ਅਤੇ ਜਲੂਸਾਂ ਦਾ ਪ੍ਰਬੰਧ ਆਪ ਬੜੇ ਹੀ ਮਿਆਰੀ ਢੰਗ ਨਾਲ ਕਰਿਆ ਕਰਦੇ ਸਨ। ਜਦ ਕਦੇ ਕੋਈ ਸਨਮਾਨ ਦੇਣ ਦੀ ਗੱਲ ਕਰਦਾ ਤਾਂ ਕਹਿੰਦੇ, "ਮੇਰਾ ਆਦਰਸ਼ ਗੁੰਮਨਾਮ ਉਸਾਰੂ ਸੇਵਾ ਹੈ। ਮੇਰੇ ਵਰਗੇ ਬੰਦਿਆਂ ਦਾ ਇਹੋ ਜਿਹਾ ਸਨਮਾਨ ਜਨਤਾ ਲਈ ਲਾਭਦਾਇਕ ਨਹੀਂ ਹੋ ਸਕਦਾ।" ਨਿਰਮਾਣਤਾ ਤੇ ਪਬਲਿਕ ਜ਼ਿੰਦਗੀ ਲਈ ਇਹ ਕਿਤਨਾ ਉੱਚਾ ਇਸ਼ਾਰਾ ਹੈ। ਜਦੋਂ ਇਨ੍ਹਾਂ ਦਾ ਵੱਡਾ ਭੁਜੰਗੀ ਪ੍ਰਤਾਪ ਸਿੰਘ ਬਨਾਰਸ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦਿਆਂ 'ਭਾਰਤ ਛੱਡੋ' (1942) ਲਹਿਰ ਦੇ ਸਿਲਸਿਲੇ ਵਿਚ ਕੈਦ ਹੋ ਗਿਆ, ਇਨ੍ਹਾਂ ਖੁਸ਼ੀ ਪ੍ਰਗਟ ਕੀਤੀ ਤੇ ਕਿਹਾ, "ਭਲਾ ਹੋਇਆ, ਮੇਰਾ ਕਰਜ਼ਾ ਲੱਥਾ, ਪ੍ਰਤਾਪ ਰੰਗ ਦਿਖਾਏਗਾ।"

ਇਹ ਸਦਾ ਕਹਿੰਦੇ ਹੁੰਦੇ ਸਨ ਕਿ ਬੱਚਿਆਂ ਦੀ ਆਚਰਨ ਉਸਾਰੀ ਵਿਚ ਸਭ ਤੋਂ ਵੱਧ ਭਾਗ ਮਾਪਿਆਂ ਦਾ ਹੁੰਦਾ ਹੈ। ਇਨ੍ਹਾਂ ਦਾ ਭੁਝੰਗੀ ਇਕ ਅੰਗਰੇਜ਼ੀ ਦੀ ਕਵਿਤਾ ਉੱਚੀ ਉੱਚੀ ਯਾਦ ਕਰ ਰਿਹਾ ਸੀ। ਉਸਦੀ ਪਹਿਲੀ ਸਤਰ ਸੀ 'ਗੌਡ ਸੇਵ ਆਵਰ ਗ੍ਰੇਸ਼ਿਅਸ ਕਿੰਗ'। ਸੁਣਦੇ ਸਾਰ ਉਸਨੂੰ ਪੜ੍ਹਨ ਤੋਂ ਰੋਕ ਦਿੱਤਾ। ਇਕ ਚਿੱਠੀ ਲਿਖ ਕੇ ਮਾਸਟਰ ਨੂੰ ਦੇਣ ਲਈ ਕਿਹਾ ਕਿ ਆਪਣੇ ਬੱਚਿਆਂ ਉਤੇ ਅੰਗਰੇਜ਼ੀ ਸਾਮਰਾਜ ਦੀ ਉਸਤਤੀ ਦਾ ਅਸਰ ਨਾ ਪਵੇ। ਇਸ ਵਿਚ ਉਨ੍ਹਾਂ ਦੀ ਕਿੰਨੀ ਦੂਰ-ਅੰਦੇਸ਼ੀ ਸੀ।

ਦੁਖੀ ਜੀ (ਸ. ਮੁਨਸ਼ਾ ਸਿੰਘ) ਦਾ ਸਾਥ ਇਨ੍ਹਾਂ ਨੂੰ ਸ਼ੁਰੂ ਤੋਂ ਮਿਲਿਆ, ਇਹ ਤਕਰੀਬਨ ਪੰਜ਼ੀ ਸਾਲ ਇਕੱਠੇ ਰਹੇ।

ਇਨ੍ਹਾਂ ਦੋਹਾਂ ਵਿਚ ਬਹੁਤ ਪਿਆਰ ਸੀ। ਇਕ ਥਾਂ ਲਿਖਦੇ ਹਨ :

ਜੋ ਜੋ ਗੱਲਾਂ ਰਿਦੇ ਗ੍ਰੰਥ ਵਿਚ ਡਿੱਠੀਆਂ
ਬੈਠ ਪ੍ਰੇਮ ਵਿਚਿ 'ਦੁਖੀ-ਭਿਖਾਰੀ' ਲਿਖੀਆਂ
'ਕੁਟੀਆ' ਤੇ ਸੇਵ 'ਕਵੀ' ਦੇ ਵਿਚ
ਰਾਤਾਂ ਦੇ ਦੋ ਦੋ ਵਜ ਜਾਂਦੇ
ਫਿਰ ਭੀ ਨਾ ਮੁਕਦਾ ਕੰਮ ਸੱਜਣ
ਪੈ ਰਹੇ ਰੁਝੇਵੇਂ ਭਾਰੇ ਨੇ।
ਮਿਲਦੇ ਹੀ ਰਹਿਣ, ਮਿਲੇ ਹੀ ਰਹਿਣ
'ਭਿਖਾਰੀ-ਦੁਖੀ' ਪਿਆਰੇ ਨੇ।

ਇਨ੍ਹਾਂ ਦੇ ਇਕ ਹੋਰ ਸਾਥੀ ਵਿਸ਼ਵ ਚਿੱਤਰਕਾਰ ਸ. ਐਸ. ਜੀ. ਠਾਕਰ ਸਿੰਘ ਜੀ ਸਨ, ਜੋ ਕਲਕੱਤੇ ਵਿਚ ਇਕ ਪਾਰਸੀ ਥੀਏਟਰ ਵਿਚ ਸਟੇਜ ਦੇ ਪਰਦੇ ਚਿਤਰਨ ਦਾ ਕੰਮ ਕਰਦੇ ਸਨ। ਲੈਂਡ ਸਕੇਪ ਤੇ ਪੋਰਟ੍ਰੇਟ ਦੇ ਮਾਹਿਰ ਸਨ ਤੇ ਅੰਮ੍ਰਿਤਸਰ ਦੀ ਇੰਡੀਅਨ ਫਾਈਨ ਆਰਟ ਅਕੈਡਮੀ ਦੇ ਬਾਨੀ। ਭਿਖਾਰੀ ਜੀ ਉਨ੍ਹਾਂ ਨੂੰ ਸਮਾਜ ਦੀ ਹਾਲਤ ਤੇ ਵਿਚਾਰ ਪ੍ਰਗਟ ਕਰਨ ਵਾਲੇ ਚਿੱਤਰ ਬਣਾਉਣ

ਦੀ ਪ੍ਰੇਰਨਾ ਦਿੰਦੇ ਰਹਿੰਦੇ।

ਉਮਰ ਦੇ ਅਖੀਰਲੇ ਵਰ੍ਹਿਆਂ ਵਿਚ ਆਪ ਅੰਮ੍ਰਿਤਸਰ ਰਹੇ। ਘਰ ਵਿਚ ਕਵੀਆਂ ਦੀਆਂ ਬੈਠਕਾਂ ਦਾ ਸਿਲਸਿਲਾ ਫੇਰ ਤੋਂ ਸ਼ੁਰੂ ਹੋ ਗਿਆ। ਕਹਿਣ ਲੱਗੇ :

ਸ਼ੁਕਰ ਹੈ ਓ ਕਵੀਓ ਤੁਹਾਡਾ
ਨਜ਼ਰ ਮੇਹਰ ਦੀ ਪਾ ਦਿੱਤੀ
ਉਜੜੀ ਪੁਜੜੀ ਬਰਬਾਦ ਮੇਰੀ
ਕੁਟੀਆ ਫਿਰ ਵਸਾ ਦਿੱਤੀ।

ਪ੍ਰੋ. ਪ੍ਰੀਤਮ ਸਿੰਘ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਨੇ 'ਕਵੀ ਕੁਟੀਆ' ਦੇ ਦੋ ਮਹਾਨ ਬਜ਼ੁਰਗ ਸੇਵਕਾਂ (ਭਿਖਾਰੀ ਤੇ ਖੰਨਾ ਜੀ) ਨੂੰ ਗੁਪਤਵਾਸ ਵਿਚੋਂ ਲੱਭ ਕੇ ਸਾਥੀ ਸੋਹਣ ਸਿੰਘ 'ਜੋਸ਼' ਦੀ ਪ੍ਰਧਾਨਗੀ ਹੇਠ 11-01-81 ਨੂੰ ਸਨਮਾਨਣ ਦਾ ਉਦਮ ਕੀਤਾ। ਆਪ ਕਹਿੰਦੇ ਹਨ, "ਮੇਰੇ ਵਰਗੇ ਸਕੂਲੀ ਵਿਦਿਆ ਤੋਂ ਵਾਂਝੇ ਰਹਿਣ ਵਾਲੇ ਇਕ ਤੁਕ-ਬੰਦੀ ਦੇ ਲਿਖਾਰੀ ਕੋਲੋਂ, ਯੂਨੀਵਰਸਿਟੀ ਦੇ ਪੀ. ਐਚ-ਡੀ. ਪੰਡਤਾਂ ਨੂੰ ਕੀ ਸੇਧ ਮਿਲ ਸਕਦੀ ਹੈ? ਲਿਖਾਰੀ ਦਾ ਸਭ ਤੋਂ ਵੱਡਾ ਸਨਮਾਨ ਤਾਂ ਇਹ ਹੈ ਕਿ ਉਸਦੀਆਂ ਰਚਨਾਵਾਂ ਵੱਧ ਤੋਂ ਵੱਧ ਜਨਤਾ ਕੋਲ ਹੋਣ ਅਤੇ ਉਹ ਪੜ੍ਹਨ।"

ਉਹ ਆਪਣੇ ਪੁਰਾਣੇ ਸਾਹਿਤਕਾਰ ਸਾਥੀਆਂ ਨੂੰ ਸਦਾ ਯਾਦ ਕਰਦੇ ਰਹਿੰਦੇ ਸਨ। ਉਹ ਸਨ ਸ. ਮੁਨਸ਼ਾ ਸਿੰਘ ਦੁਖੀ, ਸ. ਮੋਹਨ ਸਿੰਘ ਵੈਦ, ਡਾ. ਦੀਵਾਨ ਸਿੰਘ ਕਾਲੇਪਾਣੀ, ਡਾ. ਉੱਤਮ ਸਿੰਘ ਸਾਥੀ, ਸ. ਚਰਨ ਸਿੰਘ ਸ਼ਹੀਦ, ਮੌਲਾ ਬਖ਼ਸ਼ ਕੁਸ਼ਤਾ, ਲਾਲਾ ਧਨੀ ਰਾਮ ਚਾਤ੍ਰਿਕ, ਸ. ਚੰਨਣ ਸਿੰਘ ਜੇਠੂਵਾਲੀਆ, ਸ. ਹੀਰਾ ਸਿੰਘ 'ਦਰਦ', ਗਿ. ਗੁਰਮੁਖ ਸਿੰਘ ਮੁਸਾਫ਼ਰ, ਸ. ਠਾਕਰ ਸਿੰਘ ਆਰਟਿਸਟ। ਆਪਣੀ ਜ਼ਿੰਦਗੀ ਦਾ ਸਫ਼ਰ ਕਰਦੇ ਹੋਏ ਉਹ 14-01-82 ਦੀ ਰਾਤ ਨੂੰ ਨਿੱਤ ਦੇ ਸਮੇਂ ਮੁਤਾਬਕ ਸੁੱਤੇ, ਪਰ ਕਿਸੇ ਨੂੰ ਕੀ ਪਤਾ ਸੀ ਕਿ ਉਨ੍ਹਾਂ ਲਈ ਸਵੇਰ ਹੁਣ ਕਦੇ ਵੀ ਨਹੀਂ ਹੋਵੇਗੀ। ਸਵੇਰੇ ਉਨ੍ਹਾਂ ਦੇ ਜੀਵਨ ਸਾਥੀ ਨੇ ਉਨ੍ਹਾਂ ਦੇ ਨਾ ਉੱਠਣ ਉਪਰੰਤ ਉਠਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਪਰ ਉਨ੍ਹਾਂ ਨੂੰ ਬੇਹੋਸ਼ ਪਾਇਆ। ਉਸੇ ਵੇਲੇ ਹਸਪਤਾਲ ਦਾਖ਼ਲ ਕਰਵਾਇਆ ਗਿਆ। ਡਾਕਟਰੀ ਮੁਆਇਨੇ ਤੋਂ ਬਾਦ ਪਤਾ ਲੱਗਾ ਕਿ ਦਿਮਾਗ਼ ਦੀ ਖ਼ੂਨ ਦੀ ਨਾੜੀ ਫਟ ਜਾਣ ਕਰਕੇ ਬਚਣਾ ਮੁਸ਼ਕਲ ਹੈ। ਆਖ਼ਰ ਪੰਜ ਦਿਨ ਬੇਹੋਸ਼ੀ ਦੀ ਹਾਲਤ ਤੋਂ ਬਾਅਦ 20-01-82 ਨੂੰ ਸਾਢੇ ਅੱਠ ਵਜੇ ਸਵੇਰੇ ਸਵਾਸ ਤਿਆਗ ਗਏ। ਉਸ ਸਮੇਂ ਉਨ੍ਹਾਂ ਦੀ ਵੱਡੀ ਨੂੰਹ ਬਲਵੰਤ ਕੌਰ ਤੇ ਉਨ੍ਹਾਂ ਦਾ ਪੋਤਰਾ ਡਾ. ਨਵਪ੍ਰੀਤ ਸਿੰਘ ਕੋਲ ਸੀ, ਜਿਸ ਨੇ ਉਨ੍ਹਾਂ ਦੇ ਦਿਲ ਦੀ ਆਖ਼ਰੀ ਧੜਕਣ ਸੁਣੀ।

ਉਨ੍ਹਾਂ ਦੀ ਦਿਲੀ ਖ਼ਾਹਿਸ਼ ਸੀ ਕਿ ਇਕ ਪੰਜਾਬੀ ਸਾਹਿਤ ਦਾ ਪੁਸਤਕਾਲਾ ਅੰਮ੍ਰਿਤਸਰ ਵਿਚ ਉਸਾਰਿਆ ਜਾਵੇ। ਪੰਜਾਬੀ ਵਿਚ ਹਰ ਵਿਸ਼ੇ ਤੇ ਪੁਸਤਕਾਂ ਪ੍ਰਕਾਸ਼ਤ ਹੋਣ। ਤਕਨੀਕੀ ਪੁਸਤਕਾਂ ਪੰਜਾਬੀ ਵਿਚ ਛਪਣ।

ਉਨ੍ਹਾਂ ਦਾ ਜੀਵਨ ਉਨ੍ਹਾਂ ਨੌਜਵਾਨਾਂ ਲਈ ਇਕ ਪ੍ਰੇਰਨਾ-ਸ੍ਰੋਤ ਅਤੇ ਚਾਨਣ ਮੁਨਾਰੇ ਦਾ ਪ੍ਰਤੀਕ ਹੈ, ਜੋ ਵਤਨ ਤੇ ਕੌਮ ਦੀ ਬੇਹਤਰੀ ਲਈ ਗੁਮਨਾਮ ਰਹਿ ਕੇ ਜ਼ੁਲਮ ਅਤੇ ਅਨਿਆਏ ਵਿਰੁੱਧ ਸੰਘਰਸ਼ ਜਾਰੀ ਰੱਖਣਾ ਚਾਹੁੰਦੇ ਹਨ।

◆

# ਸਤਿਕਾਰ, ਸਨੇਹ ਅਤੇ ਸਨਮਾਨ

# ਕਾਵਯ ਫੁਲਵਾੜੀ ਨੈਰੋਬੀ
## ਵੱਲੋਂ
## ਸ੍ਰੀਮਾਨ ਕਵੀ-ਕੁਲ-ਭੂਸ਼ਨ ਸ. ਸੌਦਾਗਰ ਸਿੰਘ ਜੀ 'ਭਿਖਾਰੀ'
## ਦੀ ਸੇਵਾ ਵਿਖੇ
# ਮਾਨ ਪੱਤਰ

ਕਵੀ-ਸੰਸਾਰ ਦੇ ਉੱਚੇ ਅਕਾਸ਼-ਮੰਡਲ ਵਿਚ ਉਡਾਰੀਆਂ ਲਾਣ ਵਾਲੇ 'ਭਿਖਾਰੀ' ਜੀਓ, ਸਤ ਸ੍ਰੀ ਅਕਾਲ।

ਆਪ ਜਹੀਆਂ ਉੱਚ ਹਸਤੀਆਂ ਉੱਤੇ ਕੌਮਾਂ ਨੂੰ ਸਦਾ ਹੀ ਮਾਨ ਹੋਇਆ ਕਰਦਾ ਹੈ। ਇਕਬਾਲ ਦੇ ਕਥਨ ਅਨੁਸਾਰ, "ਕਵੀ ਕੌਮ ਦੀ ਅੱਖ ਹੋਇਆ ਕਰਦਾ ਹੈ", ਕਿਉਂਕਿ ਗਿਰਿਆਂ ਹੋਇਆਂ ਨੂੰ ਉੱਚਿਆਂ ਉਠਾਉਣਾ ਕਵੀ ਦਾ ਖ਼ਾਸ ਗੁਣ ਹੋਇਆ ਕਰਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹੋਮਰ ਜੈਸੇ ਕਵੀਆਂ ਨੇ ਆਪਣੇ ਮਸਤਾਨੇ ਬੋਲਾਂ ਨਾਲ ਗੁਲਾਮੀ ਦੇ ਗੜ੍ਹੇ ਵਿਚ ਗਿਰ ਚੁੱਕੀ ਸਾਰੀ ਕੌਮ ਨੂੰ ਮੁੜ ਬਚਾ ਲਿਆ ਸੀ। ਅੱਜ, ਇਸ ਕਰਕੇ, ਅੰਗਰੇਜ਼ਾਂ ਦਾ ਬੱਚਾ ਬੱਚਾ ਕਹਿ ਰਿਹਾ ਹੈ ਕਿ ਸਾਡੀ ਸਾਰੀ ਦੀ ਸਾਰੀ ਸੰਪਤੀ ਚਲੀ ਜਾਏ ਤਾਂ ਬੇਸ਼ਕ ਚਲੀ ਜਾਏ, ਪਰ ਸ਼ੈਕਸਪੀਅਰ ਸਾਡੇ ਪਾਸੋਂ ਨਾ ਖੁੱਸੇ।

ਦੂਰ ਜਾਣ ਦੀ ਲੋੜ ਨਹੀਂ, ਸਾਡੇ ਆਪਣੇ ਭਾਰਤ ਵਿਚ ਹੀ ਸੰਸਾਰ-ਪ੍ਰਸਿੱਧ ਕਵੀ ਟੈਗੋਰ, ਇਕਬਾਲ, ਪੂਰਨ ਸਿੰਘ, ਵੀਰ ਸਿੰਘ, ਚਾਤ੍ਰਿਕ, ਦੁਖੀ, ਆਦਿਕ ਮਹਾਨ ਹਸਤੀਆਂ ਕਵਿਤਾ ਦੇ ਬਲ ਦੁਆਰਾ ਭਾਰਤ ਵਰਸ਼ ਦੀ ਗਿਰੀ ਹੋਈ ਹਾਲਤ ਨੂੰ ਮੁੜ ਉਭਾਰ ਰਹੀਆਂ ਹਨ। ਜੈਸਾ ਕਿ ਆਪ ਜੀ ਨੇ ਵੀ ਇਕ ਜਗ੍ਹਾ ਇਉਂ ਲਿਖਿਆ ਹੈ:

"ਕਲਮ! ਆ ਦੁਰਦਸ਼ਾ ਆਪਣੀ ਤੇ ਦੋ ਅੱਥਰੂ ਵਹਾ ਦੇਈਏ,
ਸਖ਼ਤ ਪੱਥਰ-ਦਿਲਾਂ ਤਾਈਂ ਹਿਲਾ ਸ੍ਰਿਸ਼ਟੀ ਕੰਬਾ ਦਈਏ।
ਭਲਾ ਜੇ ਭੁੱਲ ਸਮਝ ਆਪਣੀ ਉਹ ਜੁਗ ਨੂੰ ਦੇ ਦੇਵੇ ਪਲਟਾ,
ਬਿਪਤ ਆਪਣੀ ਦਾ ਖਿਚ ਇਕ ਸੀਨ, ਬ੍ਰਹਮਾ ਨੂੰ ਰੁਆ ਦਈਏ।

ਆਪ ਦੀ ਕਲਮ ਬ੍ਰਹਮਾ ਨੂੰ ਵੀ ਰੁਆ ਦੇਣ ਤੇ ਜੁੱਗ ਪਲਟਾ ਦੇਣ ਦੀ ਤਾਕਤ ਰੱਖਦੀ ਹੈ।

ਇਸੇ ਤਰ੍ਹਾਂ ਕਵੀ ਕੁਟੀਆ ਕਲਕੱਤਾ ਦੀ ਰਾਹੀਂ ਆਪ ਜੀ ਨੇ ਸਾਹਿਤ-ਸੇਵਾ ਦਾ ਜੋ ਕੰਮ ਕੀਤਾ ਹੈ, ਪੰਜਾਬੀ ਇਤਿਹਾਸ ਵਿਚ ਉਹ ਇਕ ਸੁਨਹਿਰੀ ਪੱਤਰਾ ਹੈ। ਜਿਸ ਵੇਲੇ ਕਿ ਸੈਂਟਰਲ ਪੰਜਾਬੀ ਸਭਾ

ਵੀ ਅਜੇ ਕਾਇਮ ਨਹੀਂ ਸੀ ਹੋਈ. ਉਸ ਵਕਤ ਇਕੱਲੇ ਦੁਕੱਲੇ ਤਾਂ ਭਾਵੇਂ ਬਹੁਤ ਸੱਜਣ ਇਹ ਕੰਮ ਕਰਦੇ ਸਨ. ਪਰ ਜਥੇਬੰਦੀ ਦੇ ਰੂਪ ਵਿਚ ਕੰਮ ਕਰਨ ਦਾ ਸਿਹਰਾ ਆਪ ਜੀ ਦੇ ਹੀ ਸਿਰ ਹੈ।

ਅਸੀਂ ਬਹੁਤ ਵਿਸਥਾਰ ਵਿਚ ਨਾ ਜਾਂਦੇ ਹੋਏ ਏਥੇ ਹੀ ਬੱਸ ਕਰਦੇ ਹਾਂ, ਅਤੇ ਆਸ਼ਾ ਕਰਦੇ ਹਾਂ ਕਿ ਆਪ ਇਸ ਮੁਲਕ ਵਿਚ ਵੀ ਉਸ ਛੋਹੇ ਹੋਏ ਕੰਮ ਨੂੰ ਉਸੇ ਤਰ੍ਹਾਂ ਜਾਰੀ ਰੱਖੋਗੇ। ਇਨ੍ਹਾਂ ਅੱਖਰਾਂ ਦੁਆਰਾ ਕਾਵਯ ਫੁਲਵਾੜੀ ਦੇ ਸਮੂਹ ਮੈਂਬਰ ਆਪ ਜੀ ਨੂੰ ਜੀਓ ਆਇਆ ਆਖਦੇ ਹਨ। ਬੰਦੇ ਮਾਤਰਮ!

**ਪ੍ਰੇਮ ਸਿੰਘ**
ਪ੍ਰਧਾਨ,
**ਗੋਪਾਲ ਸਿੰਘ ਚੰਦਨ,**
ਸਕੱਤਰ, ਕਾਵਯ ਫੁਲਵਾੜੀ, ਨੈਰੋਬੀ

ਨੈਰੋਬੀ 26-02-39

◆

੧ੴ ਵਾਹਿਗੁਰੂ ਜੀ ਫ਼ਤਹਿ

# ਮਾਨ ਪੱਤਰ

ਪਰਮ ਸਤਿਕਾਰਯੋਗ ਪਿਆਰੇ ਵੀਰ ਸ. ਸੌਦਾਗਰ ਸਿੰਘ ਭਿਖਾਰੀ ਜੀਓ।

ਸਤ ਸ੍ਰੀ ਅਕਾਲ।

ਅੱਜ ਅਸੀਂ ਆਪ ਜੀ ਨੂੰ ਸਿੱਖ ਦਸਤਕਾਰ ਸਭਾ ਤੇ ਕਵੀ ਮਾਲਾ ਦਿੱਲੀ ਵਲੋਂ ਬੁਲਾਏ ਗਏ ਸਮਾਗਮ ਵਿਚ ਬੈਠਿਆਂ ਦੇਖ ਕੇ ਸੱਚਮੁੱਚ ਗੱਦ-ਗੱਦ ਹੋ ਰਹੇ ਹਾਂ। ਆਪ ਜਹੇ ਪੰਥਕ ਹਿਤੈਸ਼ੀ, ਕਵੀਆਂ ਦੇ ਮੋਢੀ, ਦਸਤਕਾਰ ਦੇ ਚਾਹਵਾਨ ਅਤੇ ਸੇਵਾ ਦੇ ਪੁੰਜ ਨੂੰ ਇਸ ਤਰ੍ਹਾਂ ਸੁਸ਼ੋਭਤ ਹੋਇਆਂ ਦੇਖ ਕੇ ਆਪਣੇ ਭੀ ਤੇ ਇਨ੍ਹਾਂ ਉਪਰੋਕਤ ਸੰਸਥਾਵਾਂ ਦੇ ਭੀ ਧਨਭਾਗ ਸਮਝਦੇ ਹਾਂ।

ਅਸੀਂ ਆਪ ਇਨ੍ਹਾਂ ਸਭਾਵਾਂ ਦੇ (ਸੇਵਾਦਾਰ) ਭਿਖਾਰੀ ਜੀ ਦੇ ਜੀਵਨ ਤੇ ਕੁਝ ਰੋਸ਼ਨੀ ਪਾਉਣਾ ਚਾਹੁੰਦੇ ਹਾਂ ਤੇ ਆਪ ਜੀ ਨੂੰ ਮੋਟੀ ਮੋਟੀ ਵਾਕਫ਼ੀਅਤ ਕਰਾ ਰਹੇ ਹਾਂ।

ਭਾਵੇਂ ਆਪ ਜੀ ਦਾ ਜੀਵਨ ਅਤੇ ਆਪ ਜੀ ਦੇ ਕਾਰਨਾਮੇ ਜੁੱਗ ਵਿਚ ਸੂਰਜ ਵਾਂਗ ਰੋਸ਼ਨ ਹਨ, ਅਤੇ ਇਸ ਗੱਲ ਦੇ ਮੁਹਤਾਜ਼ ਨਹੀਂ ਕਿ ਆਪ ਜੀ ਨੂੰ ਕੁਝ ਦਸੀਏ, ਪਰ ਫਿਰ ਵੀ ਜਦ ਕੇ ਅਸੀਂ ਵੀਰ ਨੂੰ ਮਾਨ ਪੱਤਰ ਪੇਸ਼ ਕਰ ਰਹੇ ਹਾਂ ਤਾਂ ਜ਼ਰੂਰੀ ਹੈ ਕਿ ਸਰਦਾਰ ਸਾਹਿਬ ਜੀ ਦੇ ਜੀਵਨ ਸਬੰਧੀ ਆਪ ਜੀ ਨੂੰ ਗਿਆਤ ਕੀਤਾ ਜਾਵੇ, ਜੋ ਅੱਜਕਲ੍ਹ ਦੇ ਨੌਜਵਾਨਾਂ ਵਾਸਤੇ ਮਿਸਾਲ ਦਾ ਕੰਮ ਕਰੇਗਾ।

ਮਾਨਯੋਗ ਭਿਖਾਰੀ ਜੀ ਦਾ ਜਨਮ ਪੰਜਾਬ ਵਿਚ ਪਿੰਡ ਭੰਗਾਲੀ ਜ਼ਿਲ੍ਹਾ ਅਮ੍ਰਿਤਸਰ ਵਿਚ ਹੋਇਆ ਅਤੇ ਆਪ ਜੀ ਨੇ ਆਪਣੀ ਬਚਪਨ ਦੀ ਕਾਬਲੀਅਤ ਤੋਂ ਹੀ ਬੜੇ ਉਤਸ਼ਾਹ ਨਾਲ ਵਿੱਦਿਆ ਪ੍ਰਾਪਤ ਕੀਤੀ ਅਤੇ ਨਾਲ ਨਾਲ ਇੰਜੀਨੀਅਰਿੰਗ ਤੇ ਮਕੈਨੀਕਲ ਕੰਮ ਵੱਲ ਭੀ ਧਿਆਨ ਦੇਂਦੇ ਰਹੇ।

ਭਰ ਜਵਾਨੀ ਵਿਚ ਆਪ ਇਕ ਆਲਾ ਦਰਜੇ ਦੇ ਇੰਜੀਨੀਅਰ ਬਣ ਗਏ ਅਤੇ ਆਪ ਨੂੰ ਪ੍ਰਦੇਸਾਂ ਵਿਚ ਅਥਵਾ ਕਰਾਚੀ ਅਤੇ ਅਫ਼ਰੀਕਾ ਜਾਣ ਦਾ ਮੌਕਾ ਮਿਲਿਆ, ਉਥੇ ਆਪ ਜੀ ਨੇ ਆਪਣੀ ਕਾਬਲੀਅਤ ਨਾਲ ਬਹੁਤ ਨਾਮਣਾ ਖਟਿਆ।

ਜ਼ਿੰਦਗੀ ਦੇ ਜ਼ਰੂਰੀ ਕਾਰੋ-ਬਾਰਾਂ ਤੋਂ ਇਲਾਵਾ ਆਪ ਨੂੰ ਸੁਸਾਇਟੀਆਂ ਵਿਚ ਕੰਮ ਕਰਨ ਦੀ ਬੜੀ ਲਗਨ ਰਹੀ ਹੈ ਅਤੇ ਕਈ ਇਕ ਨਵੀਆਂ ਸੁਸਾਇਟੀਆਂ ਭੀ ਆਪ ਨੇ ਕਾਇਮ ਕੀਤੀਆਂ।

ਜਦ ਆਪ ਅਫ਼ਰੀਕਾ ਤੋਂ ਆਏ ਤਾਂ ਆਪ ਨੂੰ ਉਥੋਂ ਦੇ ਵਾਸੀਆਂ ਨੇ ਇਕ ਪਾਰਟੀ ਦੇ ਕੇ ਮਾਨ ਪੱਤਰ ਪੇਸ਼ ਕੀਤਾ ਅਤੇ ਆਪ ਦੀਆਂ ਕੀਤੀਆਂ ਹੋਈਆਂ ਕੌਮੀ ਸਰਗਰਮੀਆਂ 'ਤੇ ਰੌਸ਼ਨੀ ਪਾਈ।

ਜਿਥੇ ਆਪ ਨੇ ਆਪਣੇ ਦੇਸ਼ ਤੋਂ ਬਾਹਰ ਜਾ ਕੇ ਐਨਾ ਨਾਮਣਾ ਖੱਟਿਆ ਕਿ ਉਥੇ ਅਸੀਂ ਇਹ

ਕਹਿ ਦਈਏ ਕਿ ਸਾਡੇ ਭਾਰਤ ਦਾ ਵੀ ਇਸ ਵਿਚ ਨਾਮ ਉਜਾਗਰ ਹੋਇਆ ਤਾਂ ਇਸ ਵਿਚ ਕੋਈ ਸੰਦੇਹ ਨਹੀਂ ।

1923 ਵਿਚ ਆਪ ਕਲਕੱਤੇ ਆ ਗਏ ਤੇ ਇਕ ਫਰਮ ਵਿਚ ਮੈਨੇਜਰ ਦੇ ਅਹੁਦੇ ਤੇ ਲੱਗ ਗਏ, ਜਿਥੇ ਅੱਜ ਤੱਕ ਬੜੀ ਕਾਬਲੀਅਤ ਨਾਲ ਕਾਰੋਬਾਰ ਚਲਾ ਰਹੇ ਹਨ ਅਤੇ ਆਪ ਦਾ ਸਟਾਫ ਆਪ ਦੇ ਸੁਭਾਉ ਤੇ ਉੱਚ ਚਲਨ ਨੂੰ ਦੇਖ ਕੇ ਮਾਨ ਕਰਦਾ ਹੈ।

ਜਿਥੇ ਆਪ ਇੰਜੀਨੀਅਰਿੰਗ ਵਿਚ ਕਮਾਲ ਦਾ ਦਿਮਾਗ਼ ਰਖਦੇ ਹਨ, ਉਥੇ ਪੰਜਾਬੀ ਸਾਹਿਤ, ਕਵਿਤਾ ਆਦਿ ਦੇ ਗੁਣਾਂ ਵਿਚ ਵੀ ਸੰਪੰਨ ਹਨ। ਆਪ ਨੇ ਕਲਕੱਤੇ ਵਿਚ ਕਵੀ ਕੁਟੀਆ ਕਾਇਮ ਕੀਤੀ ਜੋ ਪੰਜਾਬੀ ਦੀਆਂ ਕਾਵਯ ਸੰਸਥਾਵਾਂ ਵਿਚੋਂ ਸਭ ਤੋਂ ਪੁਰਾਣੀ ਤੇ ਅਸਲੀ ਅਰਥਾਂ ਵਿਚ ਮਾਨ ਨੀਯਕ ਰਹੀ ਹੈ।

ਆਪ ਜੀ ਨੇ ਪੰਜਾਬੀ ਦੀਆਂ ਕਈ ਇਕ ਕਿਤਾਬਾਂ, ਨਾਟਕ ਅਥਵਾ "ਪ੍ਰੇਮ ਲਹਿਰਾਂ" ਅਤੇ "ਦੇਵੀ" ਚੌਧਰਾਣੀ ਲਿਖੀਆਂ ਹਨ, ਕਵੀ ਕੁਟੀਆ ਕਲਕੱਤਾ ਵਲੋਂ ਇਕ "ਕਵੀ" ਰਿਸਾਲਾ ਨਿਕਲਦਾ ਰਿਹਾ ਸੀ, ਜੋ ਆਪ ਜੀ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਸਿੱਟਾ ਸੀ।

ਆਪ ਆਪਣੀ ਜ਼ਿੰਦਗੀ ਵਿਚ ਆਪਣੇ ਆਪ ਨੂੰ ਬੜਾ ਗੁਪਤ ਰਖਦੇ ਹਨ ਅਤੇ ਕਦੀ ਵੀ ਮਾਣ ਵਡਿਆਈ ਵਾਲੇ ਰਾਹ ਨਹੀਂ ਜਾਂਦੇ, ਸਾਨੂੰ ਇਸ ਗੱਲ ਦਾ ਮਾਣ ਹੈ ਕਿ ਆਪ ਜੀ ਨੇ ਸੇਵਕਾਂ ਨੂੰ ਇਹ ਸੁਭਾਗ ਬਖਸ਼ਿਆ ਹੈ।

ਆਪ ਬੜੇ ਸ਼ੀਤਲ ਸੁਭਾਉ, ਨਾਮ ਰਸੀਏ ਤੇ ਮਿੱਠਾ ਬੋਲਣ ਵਾਲੇ ਗੁਰਮੁਖ ਹਨ। ਆਪ ਨੇ ਅਕਾਲੀ ਲਹਿਰ ਵੇਲੇ ਭੀ ਆਪਣਾ ਵਧੀਕ ਸਮਾਂ ਦੇ ਕੇ ਪੰਥਕ ਸੇਵਾਂ ਕੀਤੀਆਂ ਸਨ।

ਅੱਜ ਦੇ ਪੰਥਕ ਵਾਯੂ ਮੰਡਲ ਵਿਚ ਆਪ ਜਹੀਆਂ ਬਹੁਤ ਘਟ ਹਸਤੀਆਂ ਹਨ, ਜਿਨ੍ਹਾਂ ਉਤੇ ਅਸੀਂ ਮਾਣ ਕਰ ਸਕਦੇ ਹਾਂ। ਸਤਿਗੁਰੂ ਆਪ ਜੀ ਨੂੰ ਇਸ ਤੋਂ ਭੀ ਉੱਚਾ ਮਰਤਬਾ ਬਖਸ਼ੇ, ਦਿਮਾਗ਼ ਵਿਚ ਵਾਧਾ ਕਰੇ ਤਾਂ ਕਿ ਆਪ ਦੇਸ਼ ਅਤੇ ਕੌਮ ਦੀ ਇਸ ਤੋਂ ਭੀ ਵਧੀਕ ਸੇਵਾ ਕਰਦੇ ਰਹੋ, ਇਹ ਸਾਡੀ ਦਿਲੀ ਅਰਦਾਸ ਹੈ।

ਸਾਨੂੰ ਪੂਰਨ ਆਸ ਹੈ ਕਿ ਅਸੀਂ ਛੇਤੀ ਛੇਤੀ ਆਪ ਦਾ ਕੋਈ ਖ਼ਾਸ ਮਾਣ ਨਹੀਂ ਕਰ ਸਕੇ, ਨਹੀਂ ਤਾਂ ਇਸ ਤੋਂ ਵਧੀਕ ਰੌਣਕੀ ਸਮਾਂ ਬਣਾਉਂਦੇ, ਪਰ ਇਹ ਭੀ ਆਪ ਜੀ ਦੀ ਉਦਾਰਤਾ ਹੈ ਕਿ ਆਪ ਨੇ ਸੇਵਕਾਂ ਨੂੰ ਏਨਾ ਸਮਾਂ ਭੀ ਬਖ਼ਸ਼ ਕੇ ਕ੍ਰਿਤਾਰਥ ਕੀਤਾ ਹੈ।

ਅੰਤ ਵਿਚ ਫੇਰ ਅਸੀਂ ਆਪ ਜੀ ਨੂੰ ਦਿੱਲੀ ਆ ਕੇ ਇਸ ਸਮੇਂ ਦਰਸ਼ਨ ਦੇਣ ਤੇ ਜੀਓ ਆਇਆ ਆਖਦੇ ਹਾਂ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥

4-4-1950

ਅਸੀਂ ਹਾਂ ਆਪ ਦੇ ਵੀਰ
ਪ੍ਰਧਾਨ ਤੇ ਮੈਂਬਰ ਸਿੱਖ ਦਸਤਕਾਰ ਸਭਾ ਅਤੇ ਕਵੀ ਮਾਲਾ, ਦਿੱਲੀ ।

◆

# ਕੇਂਦਰੀ ਪੰਜਾਬੀ ਲੇਖਕ ਸਭਾ

ਵੱਲੋਂ

'ਕਵੀ ਕੁਟੀਆ' ਸਨਮਾਨ ਸਮਾਰੋਹ ਵਿਚ 11 ਜਨਵਰੀ 1981 ਨੂੰ ਅਮ੍ਰਿਤਸਰ
ਵਿਖੇ ਸ. ਸੌਦਾਗਰ ਸਿੰਘ ਭਿਖਾਰੀ
ਨੂੰ ਭੇਂਟ ਕੀਤਾ ਗਿਆ

# ਮਾਨ ਪੱਤਰ

ਸ. ਸੌਦਾਗਰ ਸਿੰਘ ਭਿਖਾਰੀ ਪੰਜਾਬੀ ਮਾਂ ਦੇ ਉਨ੍ਹਾਂ ਸਪੂਤਾਂ ਵਿਚੋਂ ਹਨ, ਜਿਨ੍ਹਾਂ ਨੇ ਪੰਜਾਬੀ ਦਾ ਪਰਚਮ ਉਦੋਂ ਲਹਿਰਾਇਆ ਜਦੋਂ ਇਸ ਭਾਸ਼ਾ ਨੂੰ ਕਿਸੇ ਵੀ ਪੱਧਰ ਉੱਤੇ ਕੋਈ ਮਾਨਤਾ ਨਹੀਂ ਸੀ। ਇਕ ਇੰਜੀਨੀਅਰ ਹੋਣ ਦੇ ਨਾਤੇ ਆਪ ਜੀ ਨੇ ਜੋ ਅਨੇਕਾਂ ਭਵਨਾਂ ਤੇ ਕਾਰਖਾਨਿਆਂ ਦਾ ਨਿਰਮਾਣ ਕੀਤਾ ਹੈ, ਤਾਂ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉਸਾਰੀ ਵਿਚ ਭਰਪੂਰ ਯੋਗਦਾਨ ਹੈ। ਅੱਜ ਆਪਣੀ ਉਮਰ ਦੇ 82ਵੇਂ ਵਰ੍ਹੇ ਵਿਚ ਵੀ ਉਹ ਪੰਜਾਬੀ ਸਾਹਿਤ ਦੇ ਸਾਹਣਾਂ ਨਾਲ ਸਾਹ ਲੈ ਰਹੇ ਹਨ।

ਆਪ ਨਾਉਂ ਦੇ ਭਿਖਾਰੀ ਹਨ, ਉਂਝ ਆਪ ਜੀ ਨੇ ਭਰਪੂਰ ਤੇ ਸਫਲ ਜੀਵਨ ਜੀਵਿਆ ਹੈ। ਜੇ ਆਪ ਜੀ ਨੇ ਕੋਈ ਭਿਖਿਆ ਮੰਗੀ ਹੈ, ਤਾਂ ਕੇਵਲ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਲੋੜੀਂਦੀ ਲਗਨ ਤੇ ਸ਼ਕਤੀ ਦੀ। ਚੰਗੇ ਭਾਗਾਂ ਨੂੰ ਆਪ ਜੀ ਦੀ ਝੋਲੀ ਵਿਚ ਕਵਿਤਾ ਦੀ ਦਾਤ ਹੀ ਨਹੀਂ ਪਈ, ਆਪ ਦੇਸ਼ ਸੇਵਾ ਤੇ ਨਿਸ਼ਕਾਮਤਾ ਦੇ ਉੱਤਮ ਗੁਣਾਂ ਨਾਲ ਵੀ ਵਰਸੋਏ ਗਏ।

'ਕਵੀ ਕੁਟੀਆ' ਕਲਕੱਤਾ ਦੀ ਸਥਾਪਨਾ ਕਰਨ ਅਤੇ ਕਵੀ ਪਰਚੇ ਨੂੰ ਜਾਰੀ ਕਰਨ ਵਿਚ ਪ੍ਰਸਿੱਧ ਦੇਸ਼ ਭਗਤ ਦੇ ਸਾਹਿਤ-ਸੇਵੀ ਸ. ਮੁਨਸ਼ਾ ਸਿੰਘ ਦੁਖੀ ਨੂੰ ਆਪ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਰਿਹਾ ਹੈ। ਦੁਖੀ ਜੀ ਨਾਲ ਰਲਕੇ 'ਕਵੀ' ਦੀ ਸੁਚੱਜੀ ਸੰਪਾਦਨਾ ਵਿਚ ਆਪ ਜੀ ਨੇ ਜੋ ਘਾਲਣਾ ਘਾਲੀ ਹੈ, ਉਹ ਅੱਜ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਲਈ ਨੀਂਹ ਦਾ ਕੰਮ ਦੇ ਰਹੀ ਹੈ। 1926 ਤੋਂ 1930 ਤਕ ਦੇ ਚਾਰ ਵਰ੍ਹੇ ਤਾਂ ਆਪ ਨੇ 'ਕਵੀ' ਤੂੰ ਤਨ, ਮਨ, ਧਨ ਨਾਲ ਅਰਪਿਤ ਕੀਤੇ ਹਨ। ਇਸ ਤੋਂ ਉਪਰੰਤ ਇਸ ਸਦੀ ਦੇ ਤੀਜੇ ਦਹਾਕੇ ਤੋਂ ਟ੍ਰੈਕਟਾਂ ਦੀ ਪ੍ਰਕਾਸ਼ਨਾ ਦੇ ਰੂਪ ਵਿਚ ਪ੍ਰਾਰੰਭ ਹੋਈਆਂ ਆਪ ਜੀ ਦੀਆਂ ਕੀਰਤੀਆਂ ਦਾ ਵਿਸਤਾਰ ਏਨਾ ਗੌਰਵਮਈ ਹੈ ਕਿ ਆਪਣੇ ਆਪ ਸਿਰ ਸ਼ਰਧਾ ਨਾਲ ਝੁਕਦਾ ਹੈ।

ਆਪ ਗੁਰਸਿੱਖੀ ਦੇ ਪਿਆਰ ਵਿਚ ਲਬਰੇਜ਼ ਅਜਿਹੇ ਮਹਾਨੁਭਵ ਹਨ, ਜੋ ਧਰਮ-ਨਿਰਪੇਖ ਪੰਜਾਬੀਅਤ ਅਤੇ ਰਾਸ਼ਟਰੀਅਤਾ ਦੇ ਆਲਮ ਬਰਦਾਰ ਵੀ ਬਣੇ ਹਨ। ਆਰੰਭ ਵਿਚ ਜੇ ਗੁਰਸਿੱਖੀ ਪਿਆਰ ਕਵਿਤਾ ਲਿਖਣ ਲਈ ਮੂਲ ਪ੍ਰੇਰਨਾ ਸ੍ਰੋਤ ਬਣਿਆ ਸੀ ਤਾਂ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ

ਰਾਸ਼ਟਰੀ ਦੁਖਾਂਤ ਨੇ ਆਪ ਜੀ ਦੀ ਕਲਮ ਨੂੰ ਪ੍ਰਚੰਡਤਾ ਪ੍ਰਦਾਨ ਕੀਤੀ ਸੀ।

ਆਪ ਜੀ ਦੀ ਕਾਵਿ ਪ੍ਰਤਿਭਾ ਅੱਜ ਤੋਂ ਅੱਧੀ ਸਦੀ ਪਹਿਲਾਂ ਹੀ ਪੰਜਾਬੀ ਸਾਹਿਤ ਜਗਤ ਵਿਚ ਪ੍ਰਵਾਨ ਚੜ੍ਹ ਗਈ ਸੀ, ਜਦੋਂ 1930 ਵਿਚ ਪ੍ਰਕਾਸ਼ਿਤ ਆਪਣੇ ਕਾਵਿ-ਸੰਗ੍ਰਹਿ 'ਪ੍ਰੇਮ ਲਹਿਰਾਂ' ਦੀ ਉਸ ਸਮੇਂ ਦੇ ਪ੍ਰਮੁੱਖ ਵਿਦਵਾਨਾਂ ਨੇ ਇਕਮਤ ਹੋ ਕੇ ਪ੍ਰਸ਼ੰਸਾ ਕੀਤੀ ਸੀ, ਜਿਨ੍ਹਾਂ ਵਿਚ ਲਾਲਾ ਧਨੀ ਰਾਮ ਚਾਤ੍ਰਿਕ, ਭਾਈ ਮੋਹਨ ਸਿੰਘ ਵੈਦ ਅਤੇ ਭਾਈ ਵੀਰ ਸਿੰਘ ਆਦਿ ਦੇ ਨਾਂ ਪ੍ਰਮੁੱਖ ਹਨ। ਪੰਜਾਬੀ ਭਾਸ਼ਾ ਦੇ ਸਰਲ ਤੇ ਠੇਠ ਰੰਗ ਵਿਚ ਰੰਗੀ ਆਪ ਦੀ ਕਵਿਤਾ ਵਿਵਿਧ ਵਿਸ਼ਿਆਂ ਨੂੰ ਛੋਂਹਦੀ ਹੈ।

ਕਵਿਤਾ ਤੋਂ ਬਿਨਾਂ ਆਪ ਨੇ ਕਹਾਣੀਆਂ ਦੀ ਰਚਨਾ ਵੀ ਕੀਤੀ ਹੈ, ਜਿਨ੍ਹਾਂ ਵਿਚ ਸਮਾਜ ਸੁਧਾਰ ਦੀ ਭਾਵਨਾ ਤੋਂ ਪ੍ਰੇਰਿਤ ਲੰਮੀ ਕਹਾਣੀ 'ਸ਼ਾਦੀ ਕਿ ਬਰਬਾਦੀ' ਦਾ ਵਿਸ਼ੇਸ਼ ਸਥਾਨ ਹੈ। ਬੰਗਾਲੀ 'ਚੋਂ ਕਈ ਪੁਸਤਕਾਂ ਅਨੁਵਾਦ ਕਰਕੇ ਵੀ ਆਪ ਜੀ ਨੇ ਪੰਜਾਬੀ ਮਾਂ ਦੇ ਖਜ਼ਾਨੇ ਨੂੰ ਭਰਪੂਰ ਕਰਨ ਦਾ ਯੱਤਨ ਕੀਤਾ ਹੈ। ਬੰਕਮ ਬਾਬੂ ਦਾ ਨਾਵਲ 'ਦੇਵੀ ਚੌਧਰਾਣੀ' ਦ੍ਵਿਜੇਂਦਰ ਲਾਲ ਰਾਏ ਦਾ ਨਾਵਲ 'ਦੁਰਗਾਦਾਸ' ਅਤੇ ਪ੍ਰਮਥੋਂ ਨਾਥ ਚਟੋਪਾਧਿਆਏ ਦਾ ਨਾਵਲ 'ਰਾਜਪੂਤ ਬਾਲਾ' ਇਸ ਪ੍ਰਸੰਗ ਵਿਚ ਖ਼ਾਸ ਵਰਣਨਯੋਗ ਹਨ।

ਪੰਜਾਬੀ ਮਾਂ ਦੇ ਇਸ ਬਹਾਦਰ ਸਪੂਤ ਤੇ ਨਿਸ਼ਕਾਮ ਸੇਵਕ ਨੂੰ ਪੰਜਾਬੀ ਲੇਖਕਾਂ ਦੀ ਪ੍ਰਤੀਨਿਧ ਸੰਸਥਾ-ਕੇਂਦਰੀ ਪੰਜਾਬੀ ਲੇਖਕ ਸਭਾ, ਅੱਜ ਚਿੰਨ੍ਹਮਈ ਸਨਮਾਨ ਦਿੰਦਿਆਂ ਹੋਇਆਂ ਬਹੁਤ ਗੌਰਵ ਮਹਿਸੂਸ ਕਰਦੀ ਹੈ।

| | | |
|---|---|---|
| **ਪ੍ਰੀਤਮ ਸਿੰਘ**<br>ਪ੍ਰਧਾਨ | **ਸੋਹਣ ਸਿੰਘ ਜੋਸ਼**<br>ਸਭਾਪਤ | **ਰਘਬੀਰ ਸਿੰਘ**<br>ਜਨਰਲ ਸਕੱਤਰ |

◆

## ਐਸ. ਐਸ. ਐਸ. ਐਸ. ਪੁਰਸਕਾਰ
### ਜੋ
### ਸ. ਸੌਦਾਗਰ ਸਿੰਘ ਜੀ 'ਭਿਖਾਰੀ' ਨੂੰ ਪ੍ਰਦਾਨ ਕੀਤਾ ਗਿਆ

ਸ. ਸੌਦਾਗਰ ਸਿੰਘ ਭਿਖਾਰੀ ਪੰਜਾਬੀ ਮਾਂ ਬੋਲੀ ਦੇ ਉਨ੍ਹਾਂ ਸਪੂਤਾਂ ਵਿਚੋਂ ਸਨ, ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ ਦਾ ਪਰਚਮ ਉਸ ਸਮੇਂ ਲਹਿਰਾਇਆ ਜਦੋਂ ਇਸ ਭਾਸ਼ਾ ਨੂੰ ਕਿਸੇ ਵੀ ਪੱਧਰ ਉਪਰ ਕੋਈ ਮਾਨ ਸਨਮਾਨ ਪ੍ਰਾਪਤ ਨਹੀਂ ਸੀ, ਸਗੋਂ ਇਸ ਭਾਸ਼ਾ ਵਿਚ ਸਾਹਿਤ ਰਚਨ ਵਾਲਿਆਂ ਨੂੰ ਤ੍ਰਿਸਕਾਰ ਤੇ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਅਜਿਹੇ ਸਮੇਂ ਆਪ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਆਪਣੇ ਯਤਨ ਅਰੰਭੇ। ਚੰਗੇ ਭਾਗਾਂ ਨੂੰ ਆਪ ਜੀ ਦੀ ਝੋਲੀ ਵਿਚ ਕੇਵਲ ਕਵਿਤਾਵਾਂ ਦੀ ਦਾਤ ਹੀ ਨਹੀਂ ਪਾਈ, ਸਗੋਂ ਆਪ ਦੇਸ਼ ਸੇਵਾ ਤੇ ਨਿਸ਼ਕਾਮਤਾ ਦੇ ਉੱਤਮ ਗੁਣਾਂ ਨਾਲ ਵੀ ਵਰੋਸਾਏ ਗਏ।

'ਕਵੀ ਕੁਟੀਆ' (1921) ਕਲਕੱਤਾ ਦੀ ਸਥਾਪਨਾ ਕਰਕੇ ਤੇ 'ਕਵੀ' ਪਰਚੇ ਦੀ ਸੁਚੱਜੀ ਸੰਪਾਦਨਾ ਵਿਚ ਆਪ ਜੀ ਨੇ ਘਾਲਣਾ ਘਾਲੀ, ਉਹ ਅੱਜ ਦੀ ਸਾਹਿਤਕ ਪੱਤਰਕਾਰੀ ਲਈ ਪ੍ਰੇਰਨਾ ਸ੍ਰੋਤ ਬਣੀ। 1930 ਈ. ਤੋਂ ਟ੍ਰੈਕਟਾਂ ਦੀ ਪ੍ਰਕਾਸ਼ਨਾ ਦੇ ਰੂਪ ਵਿਚ ਆਰੰਭ ਹੋਈਆਂ ਆਪ ਜੀ ਦੀਆਂ ਕਿਰਤਾਂ ਦਾ ਭੰਡਾਰ ਇੰਨਾ ਗੌਰਵਮਈ ਹੈ, ਕਿ ਇਨ੍ਹਾਂ ਸਾਹਵੇਂ ਹਰ ਪੰਜਾਬੀ ਦਾ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਆਪ ਗੁਰਸਿੱਖੀ ਦੇ ਪਿਆਰ ਵਿਚ ਲਬਰੇਜ਼ ਅਜਿਹੇ ਮਹਾਨ ਵਿਅਕਤੀ ਸਨ, ਧਰਮ ਨਿਰਪੇਖ ਪੰਜਾਬੀਅਤ ਅਤੇ ਰਾਸ਼ਟਰੀਅਤਾ ਦੇ ਆਲਮ–ਬਰਦਾਰ ਬਣੇ। ਆਰੰਭ ਵਿਚ ਜੇ ਗੁਰਸਿੱਖੀ ਪਿਆਰ ਕਵਿਤਾ ਲਈ ਪ੍ਰੇਰਨਾ ਸ੍ਰੋਤ ਬਣਿਆ ਤਾਂ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਕਈ ਰਾਸ਼ਟਰੀ ਦੁਖਾਤਾਂ ਨੇ ਆਪ ਜੀ ਦੀ ਕਲਮ ਨੂੰ ਪ੍ਰਚੰਡਤਾ ਪ੍ਰਦਾਨ ਕੀਤੀ।

ਆਪ ਜੀ ਦੀ ਕਾਵਿ ਪ੍ਰਤਿਭਾ ਅੱਜ ਤੋਂ ਬਹੁਤ ਸਮਾਂ ਪਹਿਲਾਂ ਹੀ ਪੰਜਾਬੀ ਸਾਹਿਤ ਜਗਤ ਵਿਚ ਪ੍ਰਵਾਨ ਚੜ੍ਹ ਗਈ ਸੀ, ਜਦੋਂ 1930 ਈ. ਵਿਚ ਪ੍ਰਕਾਸ਼ਿਤ ਆਪ ਜੀ ਦੇ ਕਾਵਿ ਸੰਗ੍ਰਹਿ 'ਪ੍ਰੇਮ ਲਹਿਰਾਂ' ਦੀ ਉਸ ਸਮੇਂ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਨੇ ਧਨੀ ਰਾਮ ਚਾਤ੍ਰਿਕ ਜਿਹੇ ਵਿਦਵਾਨਾਂ ਨੇ ਇਕ ਮੱਤ ਹੋ ਕੇ ਪ੍ਰਸੰਸਾ ਕੀਤੀ। ਕਵਿਤਾ ਤੋਂ ਬਿਨਾਂ ਆਪ ਨੇ ਸਮਾਜ ਸੁਧਾਰ ਤੋਂ ਪ੍ਰੇਰਿਤ ਕਹਾਣੀਆਂ ਦੀ ਰਚਨਾ ਵੀ ਕੀਤੀ। ਕਹਾਣੀ 'ਸ਼ਾਦੀ ਕਿ ਬਰਬਾਦੀ' ਕਹਾਣੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰਖਦੀ ਹੈ।

ਬੰਗਾਲੀ ਤੋਂ ਕਈ ਪੁਸਤਕਾਂ ਦਾ ਅਨੁਵਾਦ ਕਰਕੇ ਆਪ ਜੀ ਨੇ ਪੰਜਾਬੀ ਮਾਂ ਬੋਲੀ ਦੇ ਖਜ਼ਾਨੇ ਨੂੰ ਭਰਪੂਰ ਕੀਤਾ।

ਸ. ਸੌਦਾਗਰ ਸਿੰਘ ਭਿਖਾਰੀ ਤੋਂ ਬਾਅਦ ਉਨ੍ਹਾਂ ਦੀ ਲਗਨ ਦਾ ਸੰਚਾਰ ਉਨ੍ਹਾਂ ਦੇ ਬਾਲ ਪਰਿਵਾਰ ਵਿਚ ਵੀ ਹੋਇਆ ਹੈ। ਪੰਜਾਬੀ ਸਾਹਿਤ ਦੇ ਪੰਜਾਬੀ ਮਾਂ ਬੋਲੀ ਪ੍ਰਤੀ ਉਨ੍ਹਾਂ ਦੀਆਂ ਬਹੁ-ਮੁੱਲੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਅਸੀਂ ਸੰਤ ਸਿੰਘ ਸੁੱਖਾ ਸਿੰਘ, ਸਮੂਹ ਵਿਦਿਅਕ ਸੰਸਥਾਵਾਂ ਵਲੋਂ ਆਪ ਨੂੰ 1995-96 ਦੇ ਐਸ. ਐਸ. ਐਸ. ਐਸ. ਪੁਰਸਕਾਰ ਨਾਲ ਸਨਮਾਨਤ ਕਰਨ ਵਿਚ ਵਡਿਆਈ ਅਤੇ ਮਾਣ ਮਹਿਸੂਸ ਕਰਦੇ ਹਾਂ।

ਇਹ ਪੁਰਸਕਾਰ ਸ੍ਰੀ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਸਨਿਚਰਵਾਰ 11 ਮਈ, 1996 ਨੂੰ ਪ੍ਰਦਾਨ ਕੀਤਾ।

**ਜਗਦੀਸ਼ ਸਿੰਘ**
ਡਾਇਰੈਕਟਰ

**ਦਿਲਬੀਰ ਸਿੰਘ**
ਆਨਰੇਰੀ ਸਕੱਤਰ

◆

# ਹਰਫ਼ ਰਹਿਣ ਹਮੇਸ਼

# ਦੁਖੀ ਜੀ, ਮੈਂ ਕਵੀ ਕੁਟੀਆ ਤੇ ਪ੍ਰੈਸ

ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਤੋਂ ਪਿੱਛੋਂ ਜੋ 1922 ਵਿਚ ਹੋਇਆ ਸੀ, ਅਗਲੇ ਸਾਲ ਕਲਕੱਤੇ ਭਵਾਨੀਪੁਰ ਕੰਸਾਰੀਪਾੜਾ ਵਿਚ ਇਕ ਭਾਰੀ ਸਿੱਖ ਦੀਵਾਨ ਸਜਿਆ, ਜਿਸ ਵਿਚ 'ਦੁਖੀ' ਜੀ ਨੇ ਇਕ ਕਵਿਤਾ ਪੜ੍ਹੀ :

ਸਾਨੂੰ ਮਾਰ ਗੁਲਾਮੀ ਨੇ ਛਾਰ ਕੀਤਾ, ਆ ਸ਼ਹੀਦੀਏ ਦੇਸ਼ ਵਸਾਉਂਦੀ ਜਾ।
ਪਰ ਵਸ ਪਿੰਜਰੇ ਪਿਆਂ ਪੰਖੇਰੂਆਂ ਨੂੰ, ਤਾੜੀ ਪ੍ਰੇਮ ਦੀ ਮਾਰ ਉਡਾਉਂਦੀ ਜਾ।

ਇਸ ਤੋਂ ਪਿਛੋਂ ਮੈਂ ਵੀ ਇਕ ਕਵਿਤਾ ਪੜ੍ਹੀ ਜੋ ਹੋਰ ਸੱਜਣਾਂ ਦੇ ਨਾਲ 'ਦੁਖੀ' ਜੀ ਨੂੰ ਵੀ ਕੁਝ ਚੰਗੀ ਲੱਗੀ। ਉਹ ਮੇਰੇ ਕੋਲ ਆਣ ਕੇ ਕਹਿਣ ਲੱਗੇ, "ਕਦ ਕੁ ਦੇ ਲਿਖ ਰਹੇ ਹੋ ? ਕਾਫ਼ੀ ਸੋਹਣੀ ਹੈ।" ਮੈਂ ਕਿਹਾ, "ਤੁਹਾਡਾ ਟਾਕਰਾ ਤੇ ਨਹੀਂ ਨਾ ਕਰ ਸਕਦੀ।" ਬਸ ਉਦੋਂ ਹੀ ਸਾਡੀ ਪਹਿਲੀ ਮੁਲਾਕਾਤ ਹੋਈ।

ਉਦੋਂ 'ਦੁਖੀ' ਜੀ ਆਪਣੇ ਸਭ ਤੋਂ ਛੋਟੇ ਭਰਾ ਸ. ਦੌਲਤ ਸਿੰਘ ਜੀ ਪਾਸ ਕੰਚਰੇਪਾੜੇ ਰਹਿੰਦੇ ਸਨ। ਉਹ ਤਦ ਤੋਂ ਆਉਣ ਜਾਣ ਲੱਗ ਪਏ ਤੇ ਜਦ ਵੀ ਕਲਕੱਤੇ ਆਉਂਦੇ, ਮੈਨੂੰ ਮਿਲਦੇ। ਫਿਰ ਜਲਦੀ ਹੀ ਉਹ ਆਪਣੇ ਛੋਟੇ ਵੀਰ ਸ. ਭੋਲਾ ਸਿੰਘ ਦੇ ਨਾਲ ਕਲਕੱਤੇ ਰਹਿਣ ਲੱਗ ਪਏ। ਫਿਰ ਅਸੀਂ ਜਲਦੀ ਜਲਦੀ ਮਿਲਣ ਲਗ ਪਏ।

ਫਿਰ 1923 ਵਿਚ ਅਸਾਂ 'ਕਵੀ ਕੁਟੀਆ' ਨਾਮ ਦੀ ਸੰਸਥਾ ਸਥਾਪਤ ਕਰ ਲਈ। ਮੈਨੂੰ ਉਸਦਾ ਸੈਕ੍ਰੇਟਰੀ ਹੋਣ ਦਾ ਮਾਣ ਦਿੱਤਾ ਗਿਆ ਤੇ 'ਦੁਖੀ' ਜੀ ਨੂੰ ਪ੍ਰਧਾਨ ਦੀ ਪਦਵੀ ਸੌਂਪੀ ਗਈ। ਉਥੋਂ ਦੇ ਅੱਠ ਦਸ ਹੋਰ ਕਵੀ ਸੱਜਣ ਇਸ ਵਿਚ ਸ਼ਾਮਲ ਹੋ ਗਏ। ਦਫ਼ਤਰ ਸ਼ੁਰੂ ਵਿਚ ਮੇਰੇ ਘਰ ਹੀ ਰਿਹਾ।

ਹਫ਼ਤਾਵਾਰ ਸਾਡੀਆਂ ਬੈਠਕਾਂ ਹੋਣੀਆਂ ਸ਼ੁਰੂ ਹੋ ਗਈਆਂ। ਉਸ ਵਿਚ ਛੋਟੀ ਜਿਹੀ ਸਮੱਸਿਆ ਦਿੱਤੀ ਜਾਂਦੀ ਤੇ ਜੋ ਸੱਜਣ ਲਿਖ ਲਿਆਉਂਦੇ, ਉਸ ਦੇ ਗੁਣ ਦੋਸ਼ਾਂ 'ਤੇ ਵਿਚਾਰ ਹੁੰਦੀ। 'ਦੁਖੀ' ਜੀ ਪੁਰਾਣੇ ਲਿਖਾਰੀ ਹੋਣ ਕਰਕੇ ਵਾਹਵਾ ਅਗਵਾਈ ਦਿੰਦੇ ਰਹੇ।

ਸ਼ੁਰੂ ਸ਼ੁਰੂ ਵਿਚ ਅਸਾਂ ਹਰ ਗੁਰਪੁਰਬ ਤੇ ਗੁਰਜੱਸ ਭਰਪੂਰ ਟ੍ਰੈਕਟ ਪ੍ਰਕਾਸ਼ਤ ਕਰਨੇ ਸ਼ੁਰੂ ਕੀਤੇ ਜੋ ਅੰਮ੍ਰਿਤਸਰ ਗੁਰੂ ਖ਼ਾਲਸਾ ਪ੍ਰੈੱਸ ਤੋਂ ਅਸੀਂ ਦਾਨੀ ਸੱਜਣਾਂ ਦੇ ਦਾਨ ਦੀ ਕ੍ਰਿਪਾਲਤਾ ਦਵਾਰਾ ਛਪਵਾ ਕੇ ਦਰਜਨ ਦੇ ਕਰੀਬ ਪ੍ਰਕਾਸ਼ਤ ਕੀਤੇ ਅਤੇ ਉਹ ਬਹੁਤ ਪਸੰਦ ਕੀਤੇ ਗਏ। ਇਸਦੇ ਨਾਲ ਨਾਲ ਹੀ ਅਸੀਂ 1927 ਵਿਚ 'ਕਵੀ' ਮਾਸਿਕ ਪੱਤਰ ਰਸਾਲਾ ਜਾਰੀ ਕਰ ਦਿੱਤਾ ਤੇ 'ਦੁਖੀ' ਜੀ ਨੂੰ ਇਸਦਾ ਐਡੀਟਰ ਥਾਪ ਦਿੱਤਾ। ਜਿਸ ਦੇ ਪਹਿਲੇ ਕੁਝ ਅੰਕ ਗੁਰੂ ਖ਼ਾਲਸਾ ਪ੍ਰੈੱਸ, ਅੰਮ੍ਰਿਤਸਰ ਵਿਚ ਹੀ ਛਪੇ। ਫਿਰ ਅਸੀਂ ਥੋੜ੍ਹੇ ਥੋੜ੍ਹੇ ਰੁਪੈ ਪਾ ਕੇ ਟਾਈਪ ਮੰਗਵਾ ਲਿਆ ਤੇ ਦਸੰਬਰ 1927 ਵਿਚ ਕਲਕੱਤੇ ਵਿਚ ਪ੍ਰੈੱਸ

ਜਾਰੀ ਕਰ ਦਿੱਤਾ। ਟ੍ਰੈਕਟਾਂ ਦੇ ਨਾਲ ਨਾਲ 'ਕਵੀ' ਦਾ ਵੀ ਵਾਹਵਾ ਸੁਆਗਤ ਹੋਇਆ।

ਟ੍ਰੈਕਟਾਂ ਤੇ 'ਕਵੀ' ਦੇ ਪ੍ਰਕਾਸ਼ਨ ਵਿਚ ਸਾਨੂੰ ਪੰਜਾਬ ਦੇ ਉਘੇ ਉਘੇ ਕਵੀਆਂ ਲਾਲ ਧਨੀ ਰਾਮ 'ਚਾਤ੍ਰਿਕ', ਸਰਦਾਰ ਐਸ. ਐਸ. ਚਰਨ ਸਿੰਘ 'ਸ਼ਹੀਦ', ਲਾਲਾ ਕਿਰਪਾ ਸਾਗਰ, ਸ੍ਰੀ ਬ੍ਰਿਜਲਾਲ ਸ਼ਾਸਤ੍ਰੀ, ਬਾਵਾ ਬੁਧ ਸਿੰਘ ਜੀ ਐਗਜ਼ੈਕਟਿਵ ਇੰਜੀਨੀਅਰ 'ਹੰਸ ਚੋਗ', 'ਕੋਇਲਕੂ' ਦੇਕਰਤਾ, ਬਾਬੂ ਫਿਰੋਜ਼ਦੀਨ ਸ਼ਰਫ਼, ਸ੍ਰੀਮਾਨ ਮੌਲਾ ਬਖ਼ਸ਼ 'ਕੁਸ਼ਤਾ', ਦੀ ਮਿਲਵਰਤਨ ਮਿਲਦੀ ਰਹੀ। ਲੇਖ ਤੇ ਕਵਿਤਾਵਾਂ ਮਿਲਦੀਆਂ ਰਹੀਆਂ। ਭਾਵੇਂ 'ਕਵੀ' ਦਾ ਪੰਜਾਬੀ ਸੰਸਾਰ ਵਿਚ ਡਾਢਾ ਸਤਿਕਾਰ ਹੋਇਆ, ਪਰ ਅਸੀਂ ਮਾਇਕ ਤੰਗੀ ਕਰਕੇ ਇਸਨੂੰ ਤਿੰਨ ਸਾਲ ਤੋਂ ਵਧ ਜਾਰੀ ਨਾ ਰੱਖ ਸਕੇ ਅਤੇ ਆਖਰੀ 'ਕਵੀ' ਮਾਰਚ 1931 ਵਿਚ ਪਬਲਿਸ਼ ਹੋ ਕੇ ਬੰਦ ਹੋ ਗਿਆ, ਕਿਉਂਕਿ ਕਵੀ ਦੇ ਗ੍ਰਾਹਕ ਬਹੁਤੇ ਕਵੀ ਹੀ ਸਨ, ਤੇ ਕਵੀਆਂ ਨੂੰ ਸਾਨੂੰ ਮੁਫ਼ਤ ਹੀ ਭੇਜਣਾ ਪੈਂਦਾ ਸੀ।

'ਕਵੀ ਪ੍ਰੈੱਸ' ਅਗਸਤ (1947) ਵਿਚ ਹੈਰਿਸ ਮੁਕਰਜੀ ਰੋਡ ਭਵਾਨੀਪੁਰ ਵਿਚ ਖੋਲ੍ਹਿਆ ਸੀ। ਫਿਰ ਮਈ 1929 ਵਿਚ ਸਾਡੀ ਰਿਹਾਇਸ਼ ਵਾਲੇ ਮਕਾਨ ਦਾ ਹੇਠਲਾ ਪੋਰਸ਼ਨ 11 ਨੰਬਰ ਸੰਕਾਰੀ ਪਾੜਾ ਰੋਡ, ਪ੍ਰੈੱਸ ਨੂੰ ਉੱਥੇ ਲੈ ਆਂਦਾ।

ਅਪ੍ਰੈਲ 1929 ਵਿਚ ਸ. ਨਿਰੰਜਨ ਸਿੰਘ ਜੀ 'ਤਾਲਿਬ' ਕੁਡਾਈ ਕਨਾਲ ਤੋਂ ਕਲਕੱਤੇ ਆ ਗਏ ਅਤੇ ਸਾਡੇ ਪਾਸ ਹੀ ਠਹਿਰੇ। ਸਾਡੀ ਮਾਇਕ ਹਾਲਤ ਕੁਝ ਡਾਵਾਂਡੋਲ ਸੀ ਤੇ 'ਤਾਲਿਬ' ਹੋਰੀਂ ਵਿਹਲੇ ਸਨ। ਉਨ੍ਹਾਂ ਤਜਵੀਜ਼ ਕੀਤਾ ਕਿ 'ਕਵੀ ਪ੍ਰੈੱਸ' ਨੂੰ ਪ੍ਰਾਈਵੇਟ ਲਿਮਟਿਡ ਕਰ ਦਿੱਤਾ ਜਾਵੇ, ਸੋ ਉਨ੍ਹਾਂ ਨੇ ਕੁਝ ਹਿੱਸੇ ਪਾਏ ਤੇ ਕੁਝ ਹੋਰ ਸੱਜਣਾਂ ਪਾਸੋਂ ਹਿੱਸਾ ਪਾ ਕੇ ਫਰਵਰੀ 1931 ਵਿਚ ਕਵੀ ਪ੍ਰੈੱਸ ਲਿਮਟਿਡ ਕਰ ਦਿੱਤਾ ਗਿਆ। ਇਨ੍ਹਾਂ ਦਿਨਾਂ ਵਿਚ ਹੀ ਅਸੀਂ ਉਥੇ 'ਦੇਸ਼ ਦਰਪਨ' ਨਾਮ ਦਾ ਰੋਜ਼ਾਨਾ ਅਖ਼ਬਾਰ ਜਾਰੀ ਕਰ ਦਿੱਤਾ ਜੋ ਹੁਣ ਤਕ ਚਲ ਰਿਹਾ ਹੈ। ਇਹ ਪ੍ਰੈੱਸ ਤੇ ਅਖ਼ਬਾਰ ਪਿੱਛੋਂ ਸ. ਨਿਰੰਜਨ ਸਿੰਘ ਜੀ 'ਤਾਲਿਬ' ਜਦੋਂ ਏਧਰ ਪੰਜਾਬ ਆਏ ਤੇ ਅਸੈਂਬਲੀ ਦੇ ਮੈਂਬਰ ਬਣ ਗਏ ਤਾਂ ਸ. ਰਘਬੀਰ ਸਿੰਘ 'ਬੀਰ' ਬੀ. ਏ. ਹੋਰਾਂ ਨੂੰ ਦੇ ਆਏ। ਸਾਡਾ ਇਹ ਲਾਇਆ ਬੂਟਾ ਹੁਣ ਤਕ ਕਲਕੱਤੇ ਵਿਚ ਕਾਇਮ ਹੈ।

ਐਸ. ਜੀ. ਠਾਕਰ ਸਿੰਘ ਜੀ ਵੀ ਕਵੀ ਪ੍ਰੈੱਸ ਦੇ ਹਿੱਸੇਦਾਰ ਸਨ। ਉਨ੍ਹਾਂ ਸਲਾਹ ਦਿੱਤੀ ਕਿ ਪ੍ਰੈੱਸ ਨੂੰ ਧਰਮਤੱਲੇ ਵਲ ਲੈ ਚਲੀਏ। ਕਵੀ ਪ੍ਰੈੱਸ ਨੂੰ ਸੰਕਾਰੀਪਾੜਾ ਤੋਂ ਉਥੇ ਲੈ ਗਏ। ਪਰ ਬਜਾਏ ਉੱਨਤ ਹੋਣ ਦੇ ਇਕ ਐਸੀ ਘਟਨਾ ਵਾਪਰੀ ਕਿ 'ਤਾਲਿਬ' ਜੀ ਕਿਸੇ ਮਾਮਲੇ ਵਿਚ ਗ੍ਰਿਫ਼ਤਾਰ ਹੋ ਗਏ ਤੇ ਪ੍ਰੈੱਸ ਪੁਲਿਸ ਨੇ ਸੀਲ ਕਰ ਦਿੱਤਾ। ਕਿਉਂਕਿ 'ਤਾਲਿਬ' ਜੀ ਇਸਦੇ ਮੈਨੇਜਰ ਸਨ, 'ਤਾਲਿਬ' ਹੋਰਾਂ ਦੇ ਕੇਸ ਖ਼ਤਮ ਹੋਣ ਤੇ ਅਸੀਂ ਪ੍ਰੈੱਸ ਨੂੰ ਫਿਰ ਭਵਾਨੀਪੁਰ ਲੈ ਆਏ, ਚੱਕਰਬੜੀਆ ਰੋਡ 'ਤੇ। ਬੜੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਸੀਂ ਇਸ ਨੂੰ ਚਲਾ ਨਾ ਸਕੇ। ਆਖ਼ਰ ਅਸੀਂ ਇਹ ਪ੍ਰੈੱਸ ਤਾਲਿਬ ਜੀ ਨੂੰ ਹੀ ਦੇ ਦਿੱਤਾ।

ਏਥੇ ਇਹ ਗੱਲ ਦੱਸਣੀ ਮੁਬਾਲਗਾ ਨਹੀਂ ਹੋਵੇਗੀ ਕਿ ਕਲਕੱਤੇ ਵਰਗੇ ਸ਼ਹਿਰ ਵਿਚ ਉਸ ਸਮੇਂ ਤਕ ਪੰਜਾਬੀ ਦਾ ਕੋਈ ਹੋਰ ਪ੍ਰੈੱਸ ਨਹੀਂ ਸੀ ਅਤੇ 'ਕਵੀ ਕੁਟੀਆ' ਵਰਗੀ ਪੰਜਾਬੀ ਸਾਹਿਤ ਦੀ ਸੇਵਕ ਸੋਸਾਇਟੀ ਅਜੇ ਤਕ ਪੰਜਾਬ ਵਿਚ ਵੀ ਕਾਇਮ ਨਹੀਂ ਸੀ ਹੋਈ। ਪੰਜਾਬੀ ਸਭਾ ਪੰਜਾਬ ਇਸ ਤੋਂ ਪਿੱਛੋਂ ਹੋਂਦ ਵਿਚ ਆਈ ਸੀ।

ਏਹ ਤਾਂ ਬੜੀ ਸੰਖੇਪ ਜਿਹੀ ਦੁਖੀ ਜੀ ਦੀ ਤੇ ਮੇਰੀ ਪੰਜਾਬੀ ਸਾਹਿਤ ਸੇਵਾ ਦੀ ਕਹਾਣੀ। ਵੈਸੇ ਦੁਖੀ ਜੀ ਨੇ ਅਮਰੀਕਾ ਵਿਚ ਗ਼ਦਰ ਪਾਰਟੀ ਦੀ 'ਗ਼ਦਰ' ਅਖ਼ਬਾਰ ਵਿਚ ਲੇਖ ਅਤੇ ਕਵਿਤਾਵਾਂ ਦੇ ਕੇ ਜੋ ਸੇਵਾ ਕੀਤੀ ਸੀ, ਉਹ ਬੜੀ ਲੰਮੀ ਤੇ ਇਸ ਤੋਂ ਵੱਖ ਕਹਾਣੀ ਹੈ, ਜੋ ਮੇਰੀ ਉਮਰ ਜ਼ਿਆਦਾ ਹੋ ਜਾਣ ਕਰਕੇ ਯਾਦ ਸ਼ਕਤੀ ਮਾਰੀ ਜਾਣ ਕਰਕੇ ਇਸ ਵੇਲੇ ਯਾਦ ਨਹੀਂ ਆ ਰਹੀ। ਉਹ ਸ਼ਾਇਦ 1914-15 ਵਿਚ ਅਮਰੀਕਾ ਤੋਂ ਹਿੰਦੁਸਤਾਨ ਆਏ ਸਨ ਤੇ ਕੁਝ ਚਿਰ ਅੰਡਰ ਗ੍ਰਾਊਂਡ ਰਹਿੰਦੇ ਹੋਏ ਆਖ਼ਰ ਗ੍ਰਿਫ਼ਤਾਰ ਹੋ ਗਏ ਸਨ। ਫੇਰ 1919 ਵਿਚ ਪਹਿਲਾ ਸੰਸਾਰ ਯੁੱਧ ਮੁੱਕਣ ਤੇ ਛੱਡੇ ਗਏ ਸਨ। ਪਰ ਛੱਡ ਦੇਣ ਤੋਂ ਵੀ ਭਾਰਤ ਵਿਚ ਕਿਉਂਕਿ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦਾ ਐਜੀਟੇਸ਼ਨ ਜਾਰੀ ਹੋਣ ਕਰਕੇ ਸੀ. ਆਈ. ਡੀ. ਪਰਛਾਵੇਂ ਵਾਂਗ ਉਨ੍ਹਾਂ ਦੇ ਨਾਲ ਨਾਲ ਰਹਿੰਦੀ ਸੀ। ਮੈਨੂੰ ਯਾਦ ਹੈ ਕਿ 1927 ਮੇਰੇ ਸਖ਼ਤ ਬਿਮਾਰ ਹੋ ਜਾਣ ਤੋਂ ਬਾਦ ਮੇਰੇ ਰਾਜ਼ੀ ਹੋ ਜਾਣ ਪਿੱਛੋਂ ਮੈਨੂੰ ਹਵਾ ਬਦਲੀ ਲਈ ਆਪਣੇ ਇਕ ਰਿਸ਼ਤੇਦਾਰ ਦੇ ਸ਼ਿਮਲੇ ਲਿਆਏ ਸਨ ਅਤੇ ਪੁਲਿਸ ਪਰਛਾਵੇਂ ਵਾਂਗ ਸਾਡੇ ਨਾਲ ਨਾਲ ਚਲ ਰਹੀ ਸੀ। 'ਦੁਖੀ' ਜੀ ਇਕ ਚੰਗੇ ਗੁਰਸਿਖ ਹੋਣ ਦੇ ਨਾਲ ਨਾਲ ਇਕ ਚੰਗੇ ਇਨਸਾਨ ਸਨ। ਉਹ ਕਿਹਾ ਕਰਦੇ ਸਨ ਕਿ ਬਾਣੀ ਨੂੰ ਤੋਤੇ ਵਾਂਗ ਰਟੀ ਜਾਣ ਤੋਂ ਕੁਝ ਲਾਭ ਨਹੀਂ ਹੁੰਦਾ। ਜਦ ਤਕ ਕਿ ਇਸਨੂੰ ਸਮਝ ਕੇ ਉਸ ਉੱਤੇ ਅਮਲ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਉਨ੍ਹਾਂ ਦੇ ਇਕ ਚੰਗੇ ਇਨਸਾਨ ਹੋਣ ਦੀਆਂ ਇਕ ਦੋ ਘਟਨਾਵਾਂ ਮੈਨੂੰ ਯਾਦ ਆ ਰਹੀਆਂ ਹਨ। ਇਕ ਵਾਰ ਉਨ੍ਹਾਂ ਦੇ ਕਿਸੇ ਮਿੱਤਰ ਨੇ ਉਨ੍ਹਾਂ ਪਾਸੋਂ ਕੁਝ ਰੁਪਏ ਹੁਦਾਰ ਮੰਗੇ। ਉਨ੍ਹਾਂ ਪਾਸ ਉਸ ਵੇਲੇ ਹੈ ਨਹੀਂ ਸਨ। ਉਸ ਵੇਲੇ ਕਿਸੇ ਪਾਸੋਂ ਸੂਦੀ ਚੁੱਕ ਕੇ ਉਸ ਆਦਮੀ ਦਾ ਕੰਮ ਪੂਰਾ ਕੀਤਾ।

ਇਕ ਵਾਰ ਉਹ ਕਲਕੱਤੇ ਤੋਂ ਕੰਚਰੇਪਾੜੇ ਜਾ ਰਹੇ ਸਨ। ਉਨ੍ਹਾਂ ਦੇ ਲਾਗੇ ਦੋ ਬੰਗਾਲੀ ਬਾਬੂ ਬੈਠੇ ਸਨ, ਜਿਨ੍ਹਾਂ ਵਿਚ ਇਕ ਸਿਗਰਟ ਤੋਂ ਸਿਗਰਟ ਚੜ੍ਹਾਈ ਜਾ ਰਿਹਾ ਸੀ ਤੇ ਧੂੰਆਂ ਇਨ੍ਹਾਂ ਵਲ ਸੁੱਟ ਰਿਹਾ ਸੀ। ਜਦ ਉਸਨੇ ਇਕ ਪੀਤੀ ਤਾਂ ਇਨ੍ਹਾਂ ਮੂੰਹ ਦੂਜੇ ਪਾਸੇ ਕਰ ਛੱਡਿਆ, ਜਦ ਦੂਜੀ ਪੀਤੀ ਤਾਂ ਵੀ ਇਨ੍ਹਾਂ ਮੂੰਹ ਦੂਜੇ ਪਾਸੇ ਕਰ ਛੱਡਿਆ। ਪਰ ਜਦ ਤੀਜੀ ਮੂੰਹ 'ਚ ਪਾ ਕੇ ਉਸਨੇ ਤੀਲੀ ਲਾਈ ਤਾਂ ਇਨ੍ਹਾਂ ਉਹਦੇ ਮੂੰਹ 'ਚੋਂ ਧੂਹ ਕੇ ਬਾਹਰ ਸੁੱਟ ਦਿੱਤੀ ਤੇ ਆਪ ਹੱਥ ਰੁਮਾਲ ਨਾਲ ਝਾੜ ਸੁੱਟੇ। ਇਸ ਤੇ ਉਹ ਬਾਬੂ ਕੁਝ ਲਾਲ ਪੀਲਾ ਹੋਇਆ ਤਾਂ ਉਨ੍ਹਾਂ ਇਕ ਆਨਾ ਕੱਢ ਕੇ ਉਸਦੇ ਅੱਗੇ ਰੱਖ ਦਿਤਾ। ਪਰ ਆਪ ਚੁੱਪ ਆਖ਼ਰ ਥੋਹੜੇ ਬਹੁਤੇ ਬੋਲ ਬੁਲਾਰੇ ਪਿੱਛੋਂ ਲੋਕਾਂ ਨੇ ਮਿਟ ਮਿਟਾ ਕਰਵਾ ਦਿੱਤਾ। ਅਗਲੇ ਦਿਨ ਕੰਚਰਪਾੜੇ ਇਕ ਬੜਾ ਭਾਰੀ ਪਬਲਿਕ ਜਲਸਾ ਹੋਇਆ। ਉਥੇ ਇਨ੍ਹਾਂ ਨੇ ਵੀ ਇਕ ਲੈਕਚਰ ਦਿੱਤਾ। ਕੁਦਰਤੀ ਉਹ ਦੋਵੇਂ ਬੰਗਾਲੀ ਬਾਬੂ ਵੀ ਉਸ ਜਲਸੇ ਵਿਚ ਸਨ ਤੇ ਇਨ੍ਹਾਂ ਦੇ ਲੈਕਚਰ ਸੁਣ ਕੇ ਉਨ੍ਹਾਂ ਨੇ ਆ ਕੇ ਮਾਫ਼ੀ ਮੰਗੀ।

'ਦੁਖੀ' ਜੀ ਬਹੁਤ ਸਾਰੀਆਂ ਸਿਫ਼ਤਾਂ ਦੇ ਮਾਲਿਕ ਸਨ। ਦੇਸ਼ ਸੇਵਾ ਤੇ ਸਾਹਿਤ ਸੇਵਾ ਉਨ੍ਹਾਂ ਦੇ ਹੱਡਾਂ ਵਿਚ ਰਚੀ ਹੋਈ ਸੀ। ਉਨ੍ਹਾਂ ਦੇ ਚਲਾਣੇ ਨਾਲ ਸਾਹਿਤ ਸੰਸਾਰ ਨੂੰ ਬੜਾ ਘਾਟਾ ਪਿਆ ਹੈ। ਅਸਾਂ ਦੋਹਾਂ ਨੇ ਰਲਕੇ 25 ਸਾਲ ਸਾਹਿਤ ਸੇਵਾ ਕੀਤੀ ਹੈ। ਅੱਜ ਉਨ੍ਹਾਂ ਦੀ ਪਹਿਲੀ ਬਰਸੀ ਸਮੇਂ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਆਪਣੀ ਯਾਦ ਸ਼ਕਤੀ ਖੋਹ ਜਾਣ ਕਰਕੇ ਬਹੁਤਾ ਕੁਝ ਤੇ ਨਹੀਂ ਲਿਖ ਸਕਿਆ, ਜਿਸਦਾ ਮੈਨੂੰ ਖੇਦ ਹੈ।

–ਸੌਦਾਗਰ ਸਿੰਘ ਭਿਖਾਰੀ

# 'ਚਾਤ੍ਰਿਕ' ਜੁਗ ਜੁਗ ਜੀਵੇ

'ਚਾਤ੍ਰਿਕ' ਜੀ ਦੇ ਦਰਸ਼ਨ ਮੈਂ ਪਹਿਲੀ ਵਾਰ ਅੱਜ ਤੋਂ ਕੋਈ ਤੀਹ ਕੁ ਸਾਲ ਪਹਿਲਾਂ ਕੀਤੇ ਸਨ। ਮੈਨੂੰ ਕਿਤੋਂ ਮੌਡਲ ਪ੍ਰੈੱਸ ਲਾਹੌਰ ਦੀ ਛਪੀ ਹੋਈ ਪੁਸਤਕ 'ਫੁੱਲਾਂ ਦੀ ਟੋਕਰੀ' ਮਿਲ ਗਈ। ਉਹ, ਉਸ ਸਮੇਂ ਦੀਆਂ ਕੁਝ ਕੁ ਚੋਣਵੀਆਂ ਕਵਿਤਾਵਾਂ ਤੇ ਲੇਖਾਂ ਦਾ ਸੰਗ੍ਰਹਿ ਸੀ। ਉਸ ਵਿਚ ਵਧੇਰੇ ਹਿੱਸਾ ਸ਼ਾਇਦ 'ਚਾਤ੍ਰਿਕ' ਦੀ ਰਚਨਾ ਹੀ ਸੀ। 'ਹਰਧਨੀ' ਦੇ ਨਾਮ ਹੇਠ ਮੈਂ ਉਸ ਵਿਚੋਂ ਕਈ ਕਵਿਤਾਵਾਂ ਪੜ੍ਹੀਆਂ ਤੇ ਮੁੜ ਮੁੜ ਪੜ੍ਹੀਆਂ :

"ਸੁੱਖ ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਈਂ ਅਮੀਰੀ ਦੇ।
ਬੰਦੀ ਜਨ ਦੇ ਹਲਵੇ ਨਾਲੋਂ, ਟੁਕੜੇ ਭਲੇ ਫ਼ਕੀਰਾਂ ਦੇ।"

- - - - - - - - - - - - - - - - - - - - -

ਉੱਠ ਘਰ ਵਿਚ ਬਾਲ ਮਸ਼ਾਲ ਸਜਨ।
ਫਿਰ ਮੰਦਰ ਦੀਵਾ ਬਾਲ ਸਜਨ।

- - - - - - - - - - - - - - - - - - - - -

ਤੇਰੇ ਪਿਤਾ ਪਿਤਾਮਾ ਬੜੇ ਬੜੇ ਪਤਵੰਤੇ ਸਨ ਮੰਨ ਲਿਆ।
ਬਹੁ-ਇੱਜ਼ਤਦਾਰ ਘਰਾਣਾ ਸੀ, ਤੇ ਵੰਸ ਉਚੇਰੀ ਸੁਣਾ ਲੀਤਾ।
ਉਹ ਵਡਿਆਂ ਨਾਲ ਵਡਾਈ ਸੀ, ਤੇ ਨਾਲ ਉਨ੍ਹਾਂ ਦੇ ਗਈ ਸਿਧਾ।
ਕਰ ਯਾਦ ਉਨ੍ਹਾਂ ਨੂੰ ਆਕੜ ਨਾ, ਇਹ ਕਦੇ ਨਹੀਂ ਹੈ ਮਿਤ੍ਰ ਭਲਾ।
ਇਹ ਦੱਸ ਕੇ ਦਯਾ ਗ਼ਰੀਬਾਂ ਤੇ ਕਰ ਕਿਤੋਂ (ਤੂੰ ਭੀ) ਉਦਾਰ ਕਹਾਇਆ ਹੈ ?"

- - - - - - - - - - - - - - - - - - - - -

ਮੈਨੂੰ ਉਸ ਵੇਲੇ ਕਵਿਤਾ ਦੀ ਐਨੀ ਜਾਚ ਪਰਖ ਨਹੀਂ ਸੀ। ਮੈਂ ਅਜੇ ਕਵਿਤਾ ਲਿਖਣੀ ਸ਼ੁਰੂ ਹੀ ਕੀਤੀ ਸੀ। ਮੈਨੂੰ ਇਹ ਕਵਿਤਾ ਬੜੀਆਂ ਚੰਗੀਆਂ ਲਗੀਆਂ। 'ਹਰਧਨੀ' ਕੀ ਬਲਾ ਹੈ ? ਕਿਤੇ ਮੈਂ ਵੀ ਹਰਧਨੀ ਵਰਗੀ ਸੁਹਣੀ ਕਵਿਤਾ ਲਿਖਣ ਲਗ ਜਾਵਾਂ। ਰੰਗ ਬੱਝ ਜਾਵੇ। ਹਰਧਨੀ ਦੀਆਂ ਨਵੀਆਂ-ਨਵੀਆਂ ਤੇ ਹੋਰ ਹੋਰ ਲਿਖਤਾਂ ਲਈ ਮੈਂ ਢੂੰਡਾਊ ਰਹਿਣ ਲਗ ਪਿਆ। ਪਰ ਉਸ ਵੇਲੇ ਸ਼ਾਇਦ ਇਕੱਲਾ 'ਖ਼ਾਲਸਾ ਮਾਰਚ' ਅਖ਼ਬਾਰ ਹੀ ਨਿਕਲਦਾ ਸੀ। ਉਸ ਦੇ ਗੁਰਪੁਰਬ ਨੰਬਰਾਂ ਵਿਚ ਕਦੇ-ਕਦੇ ਅੱਛੀਆਂ-ਅੱਛੀਆਂ ਕਵਿਤਾਵਾਂ ਛਪਦੀਆਂ ਸਨ; ਪਰ ਹਰਧਨੀ ਵਾਲਾ ਰਸ ਉਨ੍ਹਾਂ ਵਿਚ ਨਹੀਂ ਸੀ। ਹਰਧਨੀ ਉਸ ਵੇਲੇ ਕਿਤੇ ਗੁੰਮ ਸੀ। ਢੂੰਡਣ ਤੋਂ ਵੀ ਨਹੀਂ ਸੀ ਲੱਭਦਾ। ਸਿਵਾਇ 'ਮੌਡਲ ਪ੍ਰੈੱਸ' ਲਾਹੌਰ ਦੀਆਂ

ਛਪੀਆਂ ਪੁਸਤਕਾਂ ਤੋਂ ਹਰਧਨੀ ਨੂੰ ਢੂੰਡਣਾ ਅਸੰਭਵ ਸੀ।

ਅੰਦਾਜ਼ਨ 1923-25 ਵਿਚ ਅਸੀਂ ਕੁਝ ਕੁ ਕਵਿਤਾਵਾਂ ਲਿਖਣ ਦੇ ਸ਼ੌਕੀਨ ਇਕੱਠੇ ਹੋ ਕੇ 'ਕਵੀ ਕੁਟੀਆ' ਨਾਮ ਦੀ ਛੋਟੀ ਜਿਹੀ ਕਵੀ ਸੰਸਥਾ ਬਣਾਉਣ ਵਿਚ ਸਫਲ ਹੋ ਗਏ। ਸ. ਮੁਨਸ਼ਾ ਸਿੰਘ ਜੀ 'ਦੁਖੀ' ਨੂੰ ਉਸ ਵੇਲੇ ਜੇਲ੍ਹੋਂ ਛੁਟ ਕੇ ਆਇਆਂ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ। ਇਹ ਬੜੀ ਚੰਗੀ ਧਾਰਮਿਕ ਤੇ ਪੋਲੀਟੀਕਲ ਕਵਿਤਾ ਲਿਖਦੇ ਸਨ। 'ਕਵੀ ਕੁਟੀਆ' ਦੇ ਮੈਂਬਰਾਂ ਦੀ ਬਹੁ-ਗਿਣਤੀ ਸਿਖ ਹੋਣ ਕਾਰਨ ਪਹਿਲਾ ਝੁਕਾਉ ਗੁਰਪੁਰਬ ਟ੍ਰੈਕਟਾਂ ਵਲ ਹੋ ਗਿਆ।

ਅਸੀਂ ਹਰ ਗੁਰਪੁਰਬ ਤੇ ਇਕ ਨਾ ਇਕ ਚੰਗੀਆਂ ਕਵਿਤਾਵਾਂ ਦਾ ਗੁਲਦਸਤਾ ਪੇਸ਼ ਕਰਨ ਲਗ ਪਏ। ਸਾਡੇ ਇਹ ਟ੍ਰੈਕਟ ਗੁਰੂ ਖ਼ਾਲਸਾ ਪ੍ਰੈੱਸ ਅਮ੍ਰਿਤਸਰ ਵਿਚ ਛਪਦੇ ਸਨ। ਬੜੀ ਜਲਦੀ ਸਰਦਾਰ ਸ. ਸ. ਚਰਨ ਸਿੰਘ ਜੀ ਰਾਹੀਂ ਸਾਨੂੰ ਹਰਧਨੀ ਜੀ ਦਾ ਪਤਾ ਲਗ ਗਿਆ ਤੇ ਅਸਾਂ ਇਨ੍ਹਾਂ ਨੂੰ ਆਪਣੇ ਟ੍ਰੈਕਟਾਂ ਲਈ ਕਵਿਤਾ ਲਿਖਣ ਲਈ ਮਨਾ ਲਿਆ। ਇਹ 'ਹਰਧਨੀ' ਜੀ ਸਾਡੇ ਮਾਨੇ ਸਤਿਕਾਰੇ ਕਵੀ 'ਚਾਤ੍ਰਿਕ' ਜੀ ਹੀ ਸਨ।

ਸਾਡੀ 'ਕਵੀ ਕੁਟੀਆ' ਫਲਦੀ ਫੁਲਦੀ ਤੇ ਉੱਨਤੀ ਕਰਦੀ ਗਈ। ਅਸਾਂ ਬੜੀ ਜਲਦੀ 'ਕਵੀ' ਨਾਮ ਦਾ ਮਾਸਿਕ ਪੱਤਰ ਜਾਰੀ ਕਰ ਦਿੱਤਾ। 'ਕਵੀ' ਨੂੰ ਸਾਹਿਤ ਸੰਸਾਰ ਨੇ ਬੜਾ ਮਾਣ ਬਖਸ਼ਿਆ। 'ਕਵੀ' ਦਾ ਹਰ ਅੰਕ 'ਚਾਤ੍ਰਿਕ' ਜੀ ਦੀ ਕਵਿਤਾ ਨਾਲ ਸ਼ਿੰਗਾਰਿਆ ਹੁੰਦਾ ਸੀ। 'ਚਾਤ੍ਰਿਕ' ਦੀ ਕਵਿਤਾ, ਚਾਤ੍ਰਿਕ ਦੇ ਕਾਵਿ ਸੰਬੰਧੀ ਉੱਚ ਲੇਖ 'ਕਵੀ' ਵਿਚ ਖ਼ਾਸ ਕੀਮਤੀ ਚੀਜ਼ਾਂ ਹੁੰਦੀਆਂ ਸਨ।

'ਚਾਤ੍ਰਿਕ' ਦੀ ਸਹਾਇਤਾ ਤੇ ਕੀਮਤੀ ਸਲਾਹਾਂ ਨਾਲ ਅਸੀਂ 'ਕਵੀ' ਨੂੰ ਦਿਨੋਂ ਦਿਨ ਚੜ੍ਹਦੀਆਂ ਕਲਾਂ ਵਲ ਲਈ ਗਏ। ਤਕਰੀਬਨ 1927 ਵਿਚ ਅਸਾਂ ਏਥੇ 'ਕਵੀ ਪ੍ਰੈੱਸ' ਕਾਇਮ ਕਰ ਦਿੱਤਾ ਤੇ 'ਕਵੀ' ਤੇ ਟ੍ਰੈਕਟ ਆਦਿ ਇਸ ਵਿਚ ਛਪਣੇ ਸ਼ੁਰੂ ਹੋ ਗਏ। ਫਿਰ ਅਸਾਂ 'ਦੇਸ਼ ਦਰਪਨ' ਨਾਮ ਦਾ ਸਪਤਾਹਿਕ ਅਖ਼ਬਾਰ ਜਾਰੀ ਕਰ ਦਿੱਤਾ, ਜੋ ਅੱਜ ਰੋਜ਼ਾਨਾ ਹੋ ਕੇ ਗੁਰੂ ਪੰਥ ਤੇ ਬੰਗਾਲ ਵਾਸੀ ਖ਼ਾਲਸੇ ਦੀ ਵਧ ਤੋਂ ਵਧ ਸੇਵਾ ਕਮਾ ਰਿਹਾ ਹੈ।

ਭਾਵੇਂ ਮਾਇਕ ਤੁਰੱਟੀਆਂ ਕਾਰਨ ਅਸੀਂ 'ਕਵੀ' ਨੂੰ ਸਦਾ ਜਾਰੀ ਨਾ ਰਖ ਸਕੇ ਤੇ ਮਸਾਂ ਤਿੰਨ ਚਾਰ ਸਾਲ ਚਲਾ ਕੇ ਹੀ ਇਸ ਨੂੰ ਬੰਦ ਕਰਨ ਤੇ ਮਜਬੂਰ ਹੋ ਗਏ ਤੇ ਪ੍ਰੈੱਸ ਦੀ ਵਾਗਡੋਰ ਸਾਨੂੰ ਦੂਜੇ ਹੱਥਾਂ ਵਿਚ ਦੇਣੀ ਪੈ ਗਈ ਪਰ 'ਕਵੀ ਪ੍ਰੈੱਸ' ਤੇ 'ਦੇਸ਼ ਦਰਪਨ' ਦੀ ਅੱਜ ਦੀ ਚੜ੍ਹਦੀ ਕਲਾ ਸਾਨੂੰ 'ਚਾਤ੍ਰਿਕ' ਜੀ ਦੀਆਂ ਕੀਮਤੀ ਸਲਾਹਾਂ ਦੀ ਯਾਦ ਦਿਵਾ ਰਹੀ ਹੈ।

'ਚਾਤ੍ਰਿਕ' ਜੀ ਦੀ ਕਵਿਤਾ ਸੰਬੰਧੀ ਬੜਾ ਕੁਝ ਲਿਖਣ ਦੀ ਗੁੰਜਾਇਸ਼ ਹੈ ਪਰ ਮੈਂ ਬੜੇ ਚਿਰਾਂ ਤੋਂ ਆਪਣੀ ਸਿਹਤਕ ਕਮਜ਼ੋਰੀ ਕਾਰਨ ਸਾਹਿਤ-ਸੰਸਾਰ ਤੋਂ ਵੱਖ ਹੋ ਚੁੱਕਾ ਹੋਇਆ ਹਾਂ। ਲਿਖਣਾ ਪੜ੍ਹਨਾ ਮੈਥੋਂ ਬਿਲਕੁਲ ਛੁੱਟ ਚੁੱਕਾ ਹੈ। ਮੇਰੀ ਸਾਰੀ ਲਾਇਬ੍ਰੇਰੀ ਲੜਾਈ ਦੇ ਦਿਨਾਂ ਵਿਚ ਪੰਜਾਬ ਭੇਜੀ ਹੋਈ, ਉਥੇ ਠੱਪੀ ਪਈ ਹੈ। 'ਚਾਤ੍ਰਿਕ' ਦੀ ਕਿਸੇ ਕਵਿਤਾ ਦਾ ਪ੍ਰਮਾਣ ਦੇਣ ਨੂੰ ਮੇਰੇ ਪਾਸ ਕੁਝ ਨਹੀਂ। ਪਰ ਪ੍ਰਮਾਣ ਦੇਣ ਦੀ ਲੋੜ ਹੀ ਕੀ ਹੈ?

'ਚਾਤ੍ਰਿਕ' ਨੂੰ ਸਾਰਾ ਜੁੱਗ ਜਾਣਦਾ ਹੈ। ਅੱਲ੍ਹੜ, ਅਧ-ਖੜ ਤੇ ਚੋਟੀ ਦਾ ਲਿਖਾਰੀ 'ਚਾਤ੍ਰਿਕ' ਦੀ ਕਵਿਤਾ ਤੇ ਮੋਹਿਤ ਹੈ। 'ਚਾਤ੍ਰਿਕ' ਦੀ ਲਿਖਤ ਕਵਿਤਾ ਦੇ ਜਾਣੂ-ਸਿਆਣੂ ਤੇ ਪਾਰਖੂ ਦੀ ਕਦਰ ਨਾ ਕਰਨ ਵਾਲਿਆਂ ਨੂੰ ਕੁਝ ਚਿਰ ਪਿੱਛੋਂ ਹੋਸ਼ ਆਈ ਤੇ ਫੇਰ ਉਸ ਦੇ ਬੁੱਤ ਬਣਾਉਣ ਤੇ ਦਿਨ ਮਨਾਉਣ

ਲੱਗੇ।

ਫੇਰ ਚਿਰ ਸਾਡਾ ਇਹੋ ਹਾਲ ਰਿਹਾ। ਜਦ ਗੁਲਾਮੀ ਗਈ, ਅਜ਼ਾਦੀ ਆਈ ਭਾਰਤ ਗ਼ੈਰਾਂ ਦੀ ਗ਼ੁਲਾਮੀ ਦਾ ਜੂਲਾ ਗਰਦਨ ਤੋਂ ਲਾਹ ਕੇ ਸਿਰ ਉੱਚਾ ਕਰ ਕੇ ਖਲੋ ਗਿਆ ਤਾਂ ਦੇਸ਼ ਵਾਲਿਆਂ ਦੀ ਉਮੰਗਾਂ, ਵਲਵਲੇ ਤੇ ਅੱਗੇ ਵਧਣ ਵਾਲੀਆਂ ਖ਼ਾਹਸ਼ਾਂ ਜਾਗ ਪਈਆਂ। ਉਨ੍ਹਾਂ ਨੂੰ ਆਪਣੇ, ਪਰਾਏ-ਚੰਗੇ ਮੰਦੇ ਦੀ ਕੀਮਤ ਮਾਲੂਮ ਹੋਣ ਲੱਗੀ। ਜਿਨ੍ਹਾਂ ਦੇਸ਼ ਦੀ ਆਜ਼ਾਦੀ, ਉੱਨਤੀ ਤੇ ਖੁਸ਼ਹਾਲੀ ਲਈ ਆਪਣੀ ਕਲਮ, ਆਪਣੀ ਜ਼ਬਾਨ ਤੇ ਆਪਣੇ ਮਾਲ ਨਾਲ ਕੋਸ਼ਿਸ਼ ਕੀਤੀ ਸੀ, ਉਨ੍ਹਾਂ ਦੀ ਕੁਰਬਾਨੀ ਦੀ ਕਦਰ ਕੀਮਤ ਜਾਪਣ ਲੱਗੀ ਕਿਉਂ ਜੋ ਆਜ਼ਾਦ ਕੌਮਾਂ ਦੀ ਇਹ ਨਿਸ਼ਾਨੀ ਹੈ ਕਿ ਉਹ ਮੁਰਦਿਆਂ ਨੂੰ ਛੱਡ ਕੇ ਜਿਉਂਦਿਆਂ ਦੀ ਵੀ ਕਦਰ ਕਰ ਕੇ ਦੁਨੀਆਂ ਸਾਹਮਣੇ ਇਕ ਸੋਹਣੀ ਮਿਸਾਲ ਪੇਸ਼ ਕਰਦੀਆਂ ਨੇ। ਤਾਂ ਜੋ ਉਨ੍ਹਾਂ ਦੇ ਹੋਰ ਗੱਭਰੂ ਜੁਆਨ ਉਨ੍ਹਾਂ ਦੀ ਦੇਸ਼ ਸੇਵਾ ਦੀ ਸਲਾਹੁਤਾ ਵੇਖ ਕੇ ਉਹ ਵੀ ਆਪਣੀ ਕੌਮ ਦੀ ਭਲਾਈ ਤੇ ਬਿਹਤਰੀ ਦੀ ਗੱਲ ਕਰਨੀ ਸਿੱਖਣ, ਕਿਉਂ ਜੋ ਅੱਜ ਅਸੀਂ ਜੇ ਆਪਣੇ ਕਿਸੇ ਬਜ਼ੁਰਗ ਜਾਂ ਦੇਸ਼ ਸੇਵਕ ਦੀ ਕਦਰ, ਵਡਿਆਈ ਕਰਾਂਗੇ, ਉਸ ਦਾ ਦਿਲ ਵਧਾਵਾਂਗੇ, ਤਾਂ ਆਉਣ ਵਾਲੀਆਂ ਨਸਲਾਂ ਸਾਡੀ ਏਸ ਕੋਸ਼ਿਸ਼ ਨੂੰ ਸਲਾਹੁਣਗੀਆਂ ਤੇ ਉਨ੍ਹਾਂ ਦੇ ਕਦਮਾਂ ਦੇ ਨਿਸ਼ਾਨਾਂ ਉੱਤੇ ਤੁਰਨ ਦੀ ਕੋਸ਼ਿਸ਼ ਕਰਨਗੀਆਂ। ਆਉਣ ਵਾਲੇ ਇਹ ਸਮਝਣਗੇ ਕਿ ਸਾਡੇ ਦੇਸ਼ ਵਾਲੇ ਚੰਗੇ ਕੰਮਾਂ ਦੀ ਕਦਰ ਕਰਨੀ ਜਾਣਦੇ ਨੇ। ਇਸ ਤਰ੍ਹਾਂ ਉਨ੍ਹਾਂ ਦੇ ਹੌਂਸਲੇ ਵੀ ਵਧਣਗੇ ਤੇ ਉਨ੍ਹਾਂ ਵਿਚੋਂ ਕਈ ਅਜਿਹੇ ਹੋਣਗੇ ਜਿਹੜੇ ਜੰਮਦਿਆਂ ਤੇ ਸਿਰਫ਼ ਮਾਪਿਆਂ ਦੀਆਂ ਅੱਖਾਂ ਦੇ ਤਾਰੇ ਹੋਣ, ਪਰ ਵੱਡੇ ਹੋ ਕੇ ਆਪਣੇ ਅਮਲ ਨਾਲ ਦੇਸ਼ ਦੀਆਂ ਅੱਖਾਂ ਦੇ ਤਾਰੇ ਬਣ ਜਾਣ ਤੇ ਵਤਨ ਦੇ ਅਸਮਾਨ ਤੇ ਚੰਦ ਸੂਰਜ ਬਣ ਕੇ ਚਮਕਣ।

ਮਸ਼ਰਕੀ ਪੰਜਾਬ ਦੇ ਹਿੰਦੂ ਤੇ ਸਿੱਖ, ਖ਼ਾਸ ਤੌਰ ਤੇ ਸ. ਜੋਧ ਸਿੰਘ ਐਮ. ਏ., ਪ੍ਰਿੰਸੀਪਲ ਡਾ. ਮੋਹਨ ਸਿੰਘ ਜੀ ਦੀਵਾਨਾ ਐਮ. ਏ. ਪੀ. ਐਚ-ਡੀ., ਲਾਲਾ ਗੁਰਾਂਦਿਤਾ ਮੱਲ ਜੀ ਖੰਨਾ, ਪੰ. ਕਿਰਪਾ ਰਾਮ ਜੀ ਸ਼ਰਮਾ ਤੇ ਹੋਰ ਸੱਜਣ, ਜਿਨ੍ਹਾਂ ਦੇਸ਼ ਵਾਸੀਆਂ ਵਾਸਤੇ ਇਕ ਸੁਹਣੀ ਮਿਸਾਲ ਕਾਇਮ ਕੀਤੀ ਹੈ, ਸਾਰਿਆਂ ਵਲੋਂ ਬੜੇ ਬੜੇ ਧੰਨਵਾਦ ਦੇ ਭਾਗੀ ਹਨ, ਕਿ ਉਨ੍ਹਾਂ ਦੇ ਮੁਲਕ ਦੀ ਇਕ ਬਹੁਤ ਵੱਡੀ ਹਸਤੀ, ਇਕ ਬੜੇ ਗੁਣੀਂ, ਸੱਚੇ ਤੇ ਉੱਚੇ ਦਰਜੇ ਦੇ ਦੇਸ਼ ਸੇਵਕ ਕਵੀ ਦੀ ਜਾਇਜ਼ ਤੇ ਬਹੁਤ ਮੁਨਾਸਬ ਹੌਂਸਲਾ ਅਫ਼ਜਾਈ ਕੀਤੀ ਏ ਤੇ ਉਹਦੀ ਜ਼ਿੰਦਗੀ ਵਿਚ ਉਹਦੀ ਵਤਨ ਦੋਸਤੀ, ਦੇਸ਼ ਸੇਵਾ ਤੇ ਕੌਮੀ ਖ਼ਿਦਮਤ ਦਾ ਏਤਰਾਫ਼ ਕਰ ਕੇ ਉਹਦਾ ਮਾਣ ਵਧਾਇਆ ਏ। ਤੇ ਮੁਲਕ ਦੇ ਸਾਹਮਣੇ ਸੁਹਣੀ ਮਿਸਾਲ ਪੇਸ਼ ਕੀਤੀ ਏ।

ਇਹ ਅਜੀਬ ਇਤਫ਼ਾਕ ਏ ਕੇ ਮਗ਼ਰਬੀ ਪੰਜਾਬ ਵਾਲਿਆਂ ਨੇ ਆਜ਼ਾਦ ਹੋ ਕੇ ਇਕ ਉਰਦੂ ਸ਼ਾਇਰ ਖ਼ਾਨ ਬਹਾਦਰ ਹਫੀਜ਼ ਜਾਲੰਧਰੀ ਦੀ ਗੋਲਡਨ ਜੁਬਲੀ ਮਨਾਈ ਤੇ ਉਸ ਨੂੰ ਲੱਖ ਰੁਪਏ ਦੀ ਥੈਲੀ ਪੇਸ਼ ਕਰਕੇ ਉਹਦਾ ਮਾਣ ਤੇ ਹੌਂਸਲਾ ਵਧਾਇਆ ਤੇ ਮਸ਼ਰਕੀ ਪੰਜਾਬ ਵਾਲਿਆਂ ਨੇ ਭੀ ਆਜ਼ਾਦ ਹੋਣ ਦੇ ਬਾਅਦ ਸਭ ਤੋਂ ਪਹਿਲਾਂ ਆਪਣੇ ਇਕ ਹਰਮਨ ਪਿਆਰੇ ਕਵੀ ਪਰਮ ਮਿੱਤਰ ਲਾਲਾ ਧਨੀ ਰਾਮ 'ਚਾਤ੍ਰਿਕ' ਦੀ ਦੇਸ਼ ਤੇ ਕੌਮ ਸੇਵਾ ਦਾ ਏਤਰਾਫ਼ ਕਰਦਿਆਂ ਹੋਇਆਂ ਵਗ਼ੈਰੀਢ ਮਨਾਈ ਹੈ ਜਿਵੇਂ ਸ਼ਾਇਰ ਅਸਲ ਵਿਚ ਇਸ ਇੱਜ਼ਤ ਤੇ ਮਾਣ ਦੇ ਲਾਇਕ ਹੈ ਕਿਉਂ ਜੋ ਫਾਰਸੀ ਵਾਲੇ ਕਹਿੰਦੇ ਹਨ, "ਸ਼ਾਇਰੀ ਪੈਗ਼ੰਬਰੀ ਦਾ ਅੰਗ ਹੈ" ਤੇ ਅਰਬ ਵਾਲੇ ਆਖਦੇ ਹਨ, "ਕਵੀ ਪਰਮਾਤਮਾ ਦਾ ਚੇਲਾ ਹੁੰਦਾ

ਹੈ" ਤੇ ਇਹ ਕੋਈ ਝੂਠ ਵੀ ਨਹੀਂ। ਕਵੀ ਦੀ ਅੱਖ ਜੋ ਕੁਝ ਵੀ ਵੇਖਦੀ ਹੈ, ਦੁਨੀਆਂਦਾਰਾਂ ਵਿਚੋਂ ਘਟ ਹੀ ਅਜਿਹੇ ਲੋਕ ਹੁੰਦੇ ਨੇ ਜਿਨ੍ਹਾਂ ਦੀ ਅੱਖ ਐਡੀ ਦੂਰ ਤਕ ਰਸਾਈ ਰਖਦੀ ਹੋਵੇ। ਸ਼ਾਇਰ ਆਮ ਤੌਰ ਤੇ ਜੋ ਕੁਝ ਆਖਦਾ ਹੈ, ਉਹ ਉਸ ਦੀ ਆਤਮਾ ਦੀ ਆਵਾਜ਼ ਹੁੰਦੀ ਹੈ। ਚੰਗਾ ਕਵੀ ਆਪਣੇ ਵਤਨ ਵਾਲਿਆਂ ਦੀ ਭਲਾਈ ਲਈ ਆਪਣੇ ਸ਼ਿਅਰਾਂ ਰਾਹੀਂ ਉਹ ਕੰਮ ਕਰ ਜਾਂਦਾ ਏ ਜਿਹੜਾ ਵੱਡੇ ਵੱਡੇ ਵਿਦਵਾਨ ਤੇ ਚੋਟੀ ਦੇ ਲੀਡਰ ਵਰ੍ਹਿਆਂ ਵਿਚ ਨਹੀਂ ਕਰ ਸਕਦੇ।

ਉਹ ਸਿਆਲਕੋਟ ਜਿਸ ਨੇ ਇਕਬਾਲ ਵਰਗਾ ਸ਼ਾਇਰ ਜੰਮਿਆ, ਉਹ ਸਿਆਲਕੋਟ ਜਿਸਨੇ ਪੂਰਨ ਵਰਗਾ ਭਗਤ ਪੈਦਾ ਕੀਤਾ, ਉਸ ਸਿਆਲਕੋਟ ਨੇ ਪੰਜਾਬੀਆਂ ਨੂੰ ਇਕ ਹੋਰ ਅਨਮੋਲ ਹੀਰਾ ਬਖਸ਼ਿਆ ਜਿਸ ਨੂੰ ਅੱਜ ਅਸੀਂ, 'ਧਨੀ ਰਾਮ ਚਾਤ੍ਰਿਕ' ਆਖਦੇ ਹਾਂ।

ਧਨੀ ਰਾਮ ਚਾਤ੍ਰਿਕ ਪੰਜਾਬੀ ਬੋਲੀ ਦੇ ਬੜੇ ਉੱਚੇ ਦਰਜੇ ਦੇ ਸ਼ਾਇਰ, ਦੇਸ਼ ਦੇ ਸੱਚੇ ਸੇਵਕ, ਤੇ ਭਾਰਤ ਦੇ ਸੱਚੇ ਸਪੂਤ ਹਨ। ਦੇਸ਼ ਵਾਲੇ ਉਨ੍ਹਾਂ ਉੱਤੇ ਜਿੰਨਾ ਮਾਣ ਕਰਨ ਘੱਟ ਹੈ। ਉਨ੍ਹਾਂ ਦੇ ਕਲਾਮ ਵਿਚ ਸਾਦਗੀ, ਮਿਠਾਸ ਤੇ ਕਸ਼ਿਸ਼ ਹੈ। ਮੈਨੂੰ ਯਾਦ ਹੈ ਜਦ ਉਨ੍ਹਾਂ ਆਪਣੀ ਮਨ-ਖਿੱਚਵੀ ਜ਼ਬਾਨ ਵਿਚ 'ਰਾਜਾ ਨਲ-ਦਮਯੰਤੀ', 'ਰਾਜਾ ਭਰਥਰੀ' ਤੇ 'ਵਿਕ੍ਰਮਾਜੀਤ' ਦੇ ਕਿੱਸੇ ਸੋਹਣੀ ਪੰਜਾਬੀ ਬੋਲੀ ਵਿਚ ਲਿਖੇ, ਲੋਕਾਂ ਨੇ ਉਨ੍ਹਾਂ ਨੂੰ ਬੜਾ ਸਲਾਹਿਆ। ਉਹ ਬੜੇ ਪ੍ਰਚਲਤ ਹੋਏ ਤੇ ਉਨ੍ਹਾਂ ਦੀ ਪ੍ਰਚਲਤਾ ਵੇਖ ਕੇ ਕਈਆਂ ਹਾਸਿਦਾਂ ਦੇ ਢਿੱਡ ਵਿਚ ਮਰੋੜ ਉਠਿਆ। ਆਖ਼ਰ ਅਮ੍ਰਿਤਸਰ ਦੇ ਇਕ ਕੁਤਬ ਫਰੋਸ਼ ਨੇ 'ਚਾਤ੍ਰਿਕ' ਦੇ ਬਦਲੇ ਵਿਚ ਕਿਸੇ ਨਕਲੀ ਬੰਦੇ ਮਾਤ੍ਰਿਕ ਕੋਲੋਂ ਇਕ ਕਿੱਸਾ ਲਿਖਵਾਇਆ ਤੇ ਉਨ੍ਹਾਂ ਨਾਲ ਮਿਲਦੀ ਜੁਲਦੀ ਸ਼ਕਲ, ਸੂਰਤ ਤੇ ਨਾਂ ਨਾਲ ਲੋਕਾਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ, ਪਰ ਸੋਨਾ, ਸੋਨਾ ਹੀ ਹੁੰਦਾ ਹੈ। ਮੁਲੰਮਾ ਕਦੇ ਸੋਨਾ ਨਹੀਂ ਬਣ ਸਕਦਾ। ਸੂਰਜ ਦੀ ਰੋਸ਼ਨੀ ਤੇ ਦੀਵੇ ਦੀ ਲੋਅ ਵਿਚ ਫ਼ਰਕ ਏ। ਲੋਕਾਂ ਪਿਆਰੇ ਚਾਤ੍ਰਿਕ ਨੂੰ ਛੱਡ ਕੇ ਮਾਤ੍ਰਿਕ ਵੱਲ ਤੱਕਿਆ ਵੀ ਨਾ ਤੇ ਚਾਤ੍ਰਿਕ ਦੇ ਸਾਹਮਣੇ ਮਾਤ੍ਰਿਕ ਦਾ ਦੀਵਾ ਗੁੱਲ ਹੋ ਗਿਆ। ਮਾਤ੍ਰਿਕ ਮਾਤ ਪੈ ਗਿਆ, ਕਿਉਂ ਜੋ ਮਾਤ੍ਰਿਕ ਮਾਤ ਪੈਣਾ ਉਸਦੀ ਕਿਸਮਤ ਤੇ ਅਸਲੇ ਵਿਚ ਸ਼ਾਮਲ ਸੀ।

ਪਰਮ ਮਿੱਤਰ ਚਾਤ੍ਰਿਕ ਪੰਜਾਬੀ ਦੀ ਉੱਨਤੀ ਦੇ ਸਦਾ ਚਾਹਵਾਨ ਰਹੇ। ਮੈਨੂੰ ਉਹ ਦਿਨ ਵੀ ਯਾਦ ਏ, ਜਦ ਚਾਤ੍ਰਿਕ ਜੀ ਤੇ ਮੈਂ ਗਿਆਨੀ ਹੀਰਾ ਸਿੰਘ ਦਰਦ, ਐਡੀਟਰ 'ਫੁਲਵਾੜੀ' ਹਾਲ ਬਜ਼ਾਰ, ਅਮ੍ਰਿਤਸਰ ਦੇ ਦਫ਼ਤਰ ਵਿਚ ਬੈਠੇ ਸਾਂ। ਇਹ ਸੰਨ 1925 ਦੀ ਗੱਲ ਹੈ। ਉਨ੍ਹਾਂ ਨੂੰ ਵੀ ਮੇਰੀ ਤਰ੍ਹਾਂ ਪੰਜਾਬੀ ਦੀ ਚੇਟਕ ਲੱਗੀ ਸੀ। ਇਹ ਚੇਟਕ ਜਨੂੰਨ ਦੇ ਦਰਜੇ ਤਕ ਪਹੁੰਚੀ ਹੋਈ ਸੀ। ਅਸਾਂ ਤਿੰਨਾਂ ਬੈਠਕੇ ਸੋਚਿਆ, ਪੰਜਾਬੀ ਬੋਲੀ ਨੂੰ ਜ਼ਿੰਦਾ ਰੱਖਣ ਲਈ ਕੁਝ ਕਰਨਾ ਚਾਹੀਦਾ ਏ ਤੇ ਉਸ ਦਿਨ 'ਪੰਜਾਬੀ ਸਭਾ' ਦਾ ਢਾਂਚਾ ਤਿਆਰ ਕੀਤਾ। ਗਿਆਨ ਜੀ ਨੂੰ ਪ੍ਰਧਾਨ, ਮੈਨੂੰ ਉਪ-ਪ੍ਰਧਾਨ ਤੇ 'ਚਾਤ੍ਰਿਕ' ਜੀ ਨੂੰ ਜਨਰਲ ਸਕੱਤਰ ਮਿਥਿਆ ਗਿਆ। ਕੁਝ ਮੈਂਬਰ ਬਣਾਏ ਗਏ ਤੇ ਪੰਜਾਬੀ ਦਰਬਾਰ ਕਰ ਕੇ ਲੋਕਾਂ ਨੂੰ ਪੰਜਾਬੀ ਦੀ ਚੇਟਕ ਲਗਾਣ ਦੀ ਕੋਸ਼ਿਸ਼ ਕੀਤੀ ਗਈ। ਜਿਹੜੀ ਪਰਵਾਨ ਚੜ੍ਹੀ ਤੇ ਸ. ਐਸ. ਐਸ. ਚਰਨ ਸਿੰਘ ਸ਼ਹੀਦ, ਸਰ ਸ਼ਹਾਬੁਦ ਦੀਨ, ਦੀਵਾਨ ਬਹਾਦਰ, ਐਸ. ਪੀ. ਸਿੰਘ, ਪ੍ਰੋ. ਆਈ. ਸੀ. ਨੰਦਾ, ਲਾਲਾ ਕਿਰਪਾ ਸਾਗਰ, ਜੋਸ਼ੂਆ ਫ਼ਜ਼ਲਦੀਨ ਐਡਵੋਕੇਟ, ਕਰਨਲ ਭੋਲਾ ਨਾਥ ਤੇ ਹੋਰ ਕਈ ਉੱਚੇ ਖ਼ਿਆਲ ਦੇ ਵੱਡੇ ਲੋਕ ਸ਼ਾਮਲ ਹੋ ਗਏ। ਪੰਜਾਬੀ ਪਰਵਾਨ ਚੜ੍ਹਨ ਲੱਗੀ। ਹਿੰਦੂ ਮੁਸਲਮਾਨ ਤੇ ਸਿੱਖ ਕਵੀ ਇਕ ਸਟੇਜ ਤੋਂ ਇਕ ਆਵਾਜ਼ ਹੋ ਕੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਨ ਲੱਗੇ। ਸ਼ਹੀਦ

ਜੀ ਦੀ ਹਿੰਮਤ ਨਾਲ ਸ਼ਿਮਲੇ ਵਿਚ ਪੰਜਾਬੀ ਦਰਬਾਰ ਹੋਏ, ਜਿਸ ਨਾਲ ਲੋਕਾਂ ਨੂੰ ਪੰਜਾਬੀ ਦੀ ਲਗਨ ਲੱਗ ਗਈ। 'ਚਾਤ੍ਰਿਕ' ਜੀ ਤੇ ਜੋਸ਼ੂਆ ਫ਼ਜ਼ਲ ਦੀਨ ਦੀ ਹਿੰਮਤ ਨਾਲ 'ਪੰਜਾਬੀ ਦਰਬਾਰ' ਤੇ ਕਰਨਲ ਭੋਲਾ ਨਾਧ ਤੇ ਪਰਾਸ਼ਰ ਦੀ ਕੋਸ਼ਿਸ਼ ਨਾਲ 'ਸਾਰੰਗ' (ਉਰਦੂ ਅੱਖਰਾਂ ਵਿਚ ਮਾਸਕ ਪੱਤਰ) ਜਾਰੀ ਹੋਏ, ਤੇ ਉਦੋਂ ਪੰਜਾਬੀ ਦੀ ਢੇਰ ਸੇਵਾ ਕੀਤੀ ਅਤੇ ਗੁਰਮੁਖੀ ਅੱਖਰਾਂ ਵਿਚ ਛਪਣ ਵਾਲੇ ਮਾਸਿਕ ਪੱਤਰ 'ਫੁਲਵਾੜੀ', 'ਪ੍ਰੀਤਮ' ਤੇ 'ਹੰਸ' ਦੀ ਸੇਵਾ ਕਰਨ ਵਲੋਂ ਘਟ ਨਹੀਂ ਸਨ। ਇਸ ਬੋਲੀ ਨੂੰ ਸੂਬੇ ਦੀ ਸਭ ਤੋਂ ਵੱਡੀ ਤੇ ਹਰਮਨ ਪਿਆਰੀ ਬੋਲੀ ਬਣਾਉਣ ਲਈ ਬੜਾ ਕੰਮ ਕੀਤਾ ਗਿਆ। 'ਸ਼ਹੀਦ' ਜੀ ਦੇ ਚਲਾਣਾ ਕਰ ਜਾਣ ਤੇ ਬਾਅਦ ਪੰਜਾਬੀ ਸਭਾ ਦੇ ਪ੍ਰਧਾਨ ਚਾਤ੍ਰਿਕ ਜੀ ਬਣਾਏ ਗਏ ਤੇ ਇਨ੍ਹਾਂ ਦੀ ਕੋਠੀ 'ਪ੍ਰੇਮ ਨਿਵਾਸ' ਪੰਜਾਬੀ ਸਭਾ ਦਾ ਟਿਕਾਣਾ ਬਣੀ।

ਚਾਤ੍ਰਿਕ ਜੀ ਨੇ ਇਨ੍ਹਾਂ ਤਾਰੀਖੀ ਕਿੱਸਿਆਂ ਤੋਂ ਛੁੱਟ ਆਪਣੀਆਂ ਫੁਟਕਲ ਨਜ਼ਮਾਂ ਰੰਗ ਰੰਗ ਕੇ ਫੁੱਲਾਂ ਦੇ ਦੋ ਮਜਮੂਏ 'ਚੰਦਨ ਵਾੜੀ' ਤੇ 'ਕੇਸਰ ਕਿਆਰੀ' ਦੇ ਨਾਂ ਹੇਠ ਛਪਵਾਏ। ਜਿਨ੍ਹਾਂ ਦੀ ਮਹਿਕ ਨੇ ਸਾਰੇ ਪੰਜਾਬ ਨੂੰ ਮਹਿਕਾ ਦਿੱਤਾ ਤੇ ਪੰਜਾਬ ਯੂਨੀਵਰਸਿਟੀ ਨੇ ਆਪ 'ਚੰਦਨ ਵਾੜੀ' ਤੇ ਅੱਵਲ ਦਰਜੇ ਦਾ ਇਨਾਮ ਦੇ ਕੇ ਆਪਦੀ ਕਿਤਾਬ ਨੂੰ ਕੋਰਸ ਵਿਚ ਸ਼ਾਮਲ ਕਰ ਲਿਆ।

ਮੁੱਕਦੀ ਗੱਲ ਚਾਤ੍ਰਿਕ ਜੀ ਪੰਜਾਬ ਦੇ ਇਕ ਪ੍ਰਸਿੱਧ ਕਵੀ ਹਨ। ਇਨ੍ਹਾਂ ਦੀ ਕਵਿਤਾ ਵਿਚ ਮਿਠਾਸ, ਸੱਚਾਈ ਤੇ ਸਾਦਗੀ ਤੇ ਉੱਚ ਖ਼ਿਆਲ ਹੈ। ਸ਼ਬਦ ਸਿੱਧੇ ਸਾਦੇ ਪਰ ਤਾਸੀਰ ਭਰੇ ਹਨ। ਇਨ੍ਹਾਂ ਦੀ ਵਗ੍ਹੈਰੀਦ ਰਾਹੀਂ ਕੀਤੀ ਗਈ ਇੱਜ਼ਤ ਅਫ਼ਜਾਈ ਇਨ੍ਹਾਂ ਦੀ ਹੀ ਇੱਜ਼ਤ ਤੇ ਮਾਣ ਦਾ ਬਾਇਸ ਨਹੀਂ ਸਗੋਂ ਆਪਣੀ ਮਾਤ ਬੋਲੀ ਦੀ ਇੱਜ਼ਤ ਤੇ ਮਾਣ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਹੈ ਤੇ ਆਜ਼ਾਦ ਕੌਮਾਂ ਵਿਚ ਇੱਜ਼ਤ ਨਾਲ ਬੈਠਣ ਦਾ ਨਿਸ਼ਾਨ ਹੈ। ਪਰਮਾਤਮਾ ਇਨ੍ਹਾਂ ਨੂੰ ਲੰਮੀ ਜ਼ਿੰਦਗੀ ਬਖ਼ਸ਼ੇ। ਇਨ੍ਹਾਂ ਪੰਜਾਬੀ ਨੂੰ ਉੱਚਾ ਲੈ ਜਾਣ ਦੀ ਜੋ ਕੋਸ਼ਿਸ਼ ਕੀਤੀ ਹੈ, ਉਹ ਸਫ਼ਲ ਹੋਵੇ ਤੇ ਇਨ੍ਹਾਂ ਦੀ ਪੰਜਾਬੀ ਬੋਲੀ ਦਾ ਝੰਡਾ ਸਦਾ ਝੂਲਦਾ ਰਹੇ।

-ਸੌਦਾਗਰ ਸਿੰਘ ਭਿਖਾਰੀ

◆

# ਸਤਿਕਾਰ ਤੇ ਸ਼ਰਧਾ ਦੇ ਫੁੱਲ

ਸ. ਚੰਨਣ ਸਿੰਘ ਜੀ ਨਾਲ ਮੇਰੀ ਮੁਲਾਕਾਤ 1950 ਵਿਚ ਲਾਲਾ ਧਨੀ ਰਾਮ ਜੀ ਚਾਤ੍ਰਿਕ ਦੇ ਘਰ ਹੋਈ ਸੀ। ਮੈਂ 1917 ਤੋਂ 1954 ਦੇ ਅੱਧ ਕੁ ਤਕ ਕਲਕੱਤੇ ਰਿਹਾ। 1922 ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ। 1923 ਵਿਚ ਮੇਰਾ ਮੇਲ ਗ਼ਦਰੀ ਕਵੀ ਸ੍ਰ. ਸ. ਮੁਨਸ਼ਾ ਸਿੰਘ 'ਦੁਖੀ' ਜੀ ਨਾਲ ਹੋਇਆ। ਹਰ ਗੁਰਪੁਰਬ ਤੇ ਅਸਾਂ ਟ੍ਰੈਕਟ ਕੱਢਣੇ ਸ਼ੁਰੂ ਕਰ ਦਿੱਤੇ। 1923 ਵਿਚ ਅਸਾਂ 'ਕਵੀ ਕੁਟੀਆ' ਕਲਕੱਤਾ ਨਾਮ ਦੀ ਸੰਸਥਾ ਬਣਾ ਲਈ। ਸਹਿਜੇ ਸਹਿਜੇ ਕਵਿਤਾ ਲਿਖਣ ਵਾਲੇ ਕਾਫ਼ੀ ਮੈਂਬਰ ਬਣ ਗਏ। ਫੇਰ 1927 ਵਿਚ ਅਸਾਂ 'ਕਵੀ' ਮਾਸਿਕ ਪੱਤਰ ਜਾਰੀ ਕੀਤਾ ਅਤੇ 1930 ਵਿਚ ਰੋਜ਼ਾਨਾ 'ਦੇਸ਼-ਦਰਪਨ' ਜੋ ਹੁਣ ਤਕ ਕਲਕੱਤੇ ਤੋਂ ਨਿਕਲ ਰਿਹਾ ਹੈ--ਜਾਰੀ ਕੀਤਾ। 1927 ਵਿਚ 'ਕਵੀ ਪ੍ਰੈੱਸ' ਜਾਰੀ ਕੀਤਾ।

ਅਸੀਂ ਗੱਲਾਂ ਕਰ ਰਹੇ ਸਾਂ ਕਿ ਅਚਾਨਕ ਸ. ਚੰਨਣ ਸਿੰਘ ਜੀ ਆ ਗਏ। ਇਨ੍ਹਾਂ ਦੀ ਕੋਠੀ ਬਿਲਕੁਲ 'ਚਾਤ੍ਰਿਕ' ਜੀ ਦੀ ਕੋਠੀ ਦੇ ਨਾਲ ਹੀ ਸੀ ਤੇ ਚਾਤ੍ਰਿਕ ਜੀ ਨਾਲ ਇਨ੍ਹਾਂ ਦਾ ਗੂੜ੍ਹਾ ਪ੍ਰੇਮ ਸੀ। ਚਾਤ੍ਰਿਕ ਜੀ ਬੋਲੇ, "ਆਓ, ਤੁਹਾਡੀ ਇਕ ਹੋਰ ਕਵੀ ਨਾਲ ਮੁਲਾਕਾਤ ਕਰਵਾਈਏ।" ਤੇ ਮੇਰੇ ਵਲ ਇਸ਼ਾਰਾ ਕਰਕੇ ਬੋਲੇ, "ਇਹ ਹਨ 'ਕਵੀ ਕੁਟੀਆ' ਕਲਕੱਤਾ ਵਾਲੇ--'ਭਿਖਾਰੀ' ਸਾਹਿਬ।" ਤੇ ਮੈਨੂੰ ਕਿਹਾ, "ਆਪ ਹਨ ਜੇਠੂਵਾਲੀਏ ਸ. ਚੰਨਣ ਸਿੰਘ ਜੀ।" ਅਸੀਂ ਬੜੇ ਪ੍ਰੇਮ ਨਾਲ ਜੱਫੀ ਪਾ ਕੇ ਮਿਲੇ। ਸ. ਚੰਨਣ ਸਿੰਘ ਬੋਲੇ, "ਬੜੀ ਖੁਸ਼ੀ ਹੋਈ ਤੁਹਾਨੂੰ ਮਿਲ ਕੇ।" ਮੈਂ ਕਿਹਾ, "ਮੇਰੀ ਖੁਸ਼ੀ ਦੀ ਤਾਂ ਹੱਦ ਹੀ ਹੋ ਗਈ ਹੈ, ਪ੍ਰੀਤਲੜੀ ਵਿਚ ਤੁਹਾਡੀਆਂ ਦੋ ਤਿੰਨ ਰਚਨਾਵਾਂ ਪੜ੍ਹੀਆਂ ਸਨ ਤੇ ਮਿਲਣ ਨੂੰ ਬੜਾ ਜੀ ਕਰਦਾ ਰਿਹਾ।"

ਸ. ਸਾਹਿਬ ਬੋਲੇ, "ਪਰ ਤੁਹਾਡੀਆਂ ਕਵਿਤਾਵਾਂ ਐਡਾ ਮਨ ਨਹੀਂ ਮੋਹ ਸਕੀਆਂ। ਮੇਰੀਆਂ ਕੀ ਤੁਹਾਡੇ ਨਾਲੋਂ ਚੰਗੀਆਂ ਨਹੀਂ?" ਮੈਂ ਕਿਹਾ, "ਚੰਗੀਆਂ ਹਨ, ਤੁਸੀਂ ਹੋ ਵੀ ਮੇਰੇ ਨਾਲੋਂ 15-20 ਸਾਲ ਵੱਡੇ। ਫਿਰ ਮੈਂ ਤਾਂ ਥੋੜ੍ਹੀਆਂ ਜਿਹੀਆਂ ਪੰਜਾਬੀ ਤੇ ਹਿੰਦੀ ਪੁਸਤਕਾਂ ਵਿਚ ਜੋ ਕੁਝ ਮਿਲ ਸਕਿਆ, ਲਿਆ ਹੈ ਅਤੇ ਖ਼ਿਆਲ ਤਾਂ ਕੁਦਰਤ ਦੀ ਦੇਣ ਹਨ, ਕਿਸੇ ਨੂੰ ਕਿਸੇ ਤਰ੍ਹਾਂ ਦੇ ਤੇ ਕਿਸੇ ਨੂੰ ਕਿਸ ਤਰ੍ਹਾਂ ਦੇ। ਨਾਲੇ ਤੁਸੀਂ ਹੋ ਵੀ ਤਾਂ ਸਾਡੇ (ਚਾਤ੍ਰਿਕ ਜੀ ਵਲ ਇਸ਼ਾਰਾ ਕਰਕੇ) ਉੱਚ ਕਾਵਿ ਦੇ ਭਰੇ ਭੰਡਾਰ ਦੇ ਗਵਾਂਢੀ।" ਸਰਦਾਰ ਸਾਹਿਬ ਬੋਲੇ, "ਕਾਵਿ ਨਿਯਮਾਂ ਨੂੰ ਤੇ ਮੈਂ ਜਾਣਦਾ ਨਹੀਂ। ਸਿੱਧੇ ਸਾਦੇ ਲਫ਼ਜ਼ਾਂ ਵਿਚ ਤੇ ਸਿੱਧੀ ਸਾਦੀ ਬੋਲੀ ਵਿਚ ਆਪਣੇ ਖ਼ਿਆਲਾਂ ਨੂੰ ਗੁੰਦਣ ਦੀ ਬਹੁਤ ਕੁਝ ਪ੍ਰੇਰਨਾ ਮੈਂ ਚਾਤ੍ਰਿਕ ਜੀ ਤੋਂ ਲਈ ਹੈ।" ਹੋਰ ਬੜੀਆਂ ਗੱਲਾਂ ਹੋਈਆਂ। ਹੁਣ ਐਨੇ ਚਿਰ

ਪਿੱਛੋਂ ਵਡੇਰੀ ਉਮਰ ਵਿਚ ਮੇਰੇ ਕੁਝ ਯਾਦ ਨਹੀਂ।

ਸ. ਚੰਨਣ ਸਿੰਘ ਜੀ ਇਕ ਇੰਜੀਨੀਅਰ ਹੁੰਦੇ ਹੋਏ ਵੀ ਇਕ ਕੋਮਲ ਤੇ ਉੱਚੇ ਖ਼ਿਆਲਾਂ ਦੇ ਤੇ ਉੱਚ ਕੋਟੀ ਦੇ ਕਵੀ ਸਨ। ਇਨ੍ਹਾਂ ਬਹੁਤਾ ਨਹੀਂ ਲਿਖਿਆ, ਪਰ ਪ੍ਰੋ: ਪੂਰਨ ਸਿੰਘ ਜੀ ਤੇ ਡਾ. ਦੀਵਾਨ ਸਿੰਘ ਕਾਲੇਪਾਣੀ ਵਾਂਗ ਇਨ੍ਹਾਂ ਬੜੀਆਂ ਉੱਚੀਆਂ ਉਡਾਰੀਆਂ ਲਾਈਆਂ ਹਨ। ਪਿੰਗਲ ਦੀ ਬੰਦਸ਼ ਦੀ ਬੜੀ ਘੱਟ ਪਰਵਾਹ ਕੀਤੀ ਹੈ।

ਸ. ਸਾਹਿਬ ਇਕ ਗੁੱਝੇ ਰੁਸਤਮ ਕਵੀ ਸਨ। ਆਪ ਨੇ ਆਲੇ ਦੁਆਲੇ ਜੋ ਕੁਝ ਡਿੱਠਾ ਹੈ, ਉਸਨੂੰ ਸੁਹਣੀਆਂ ਸੁਹਣੀਆਂ ਥੋਹੜੀਆਂ ਬਹੁਤੀਆਂ ਲਾਈਨਾਂ ਵਿਚ ਵਰਨਣ ਕੀਤਾ ਹੈ।

ਮੈਨੂੰ ਪਤਾ ਹੈ ਕਿ ਆਪਨੇ ਬਹੁਤਾ ਨਹੀਂ ਲਿਖਿਆ ਪਰ ਜੋ ਕੁਝ ਵੀ ਲਿਖਿਆ ਹੈ--ਬੜਾ ਉੱਚਾ ਸੁੱਚਾ ਹੈ ਤੇ ਖ਼ਿਆਲ ਬਹੁਤ ਡੂੰਘੇ ਹਨ।

ਮੈਂ ਉਨ੍ਹਾਂ ਦੀ ਲੇਖਣੀ ਅੱਗੇ ਸ਼ਰਧਾ ਤੇ ਸਤਿਕਾਰ ਦੇ ਫੁੱਲ ਚੜ੍ਹਾਉਂਦਾ ਹਾਂ।

**-ਸੌਦਾਗਰ ਸਿੰਘ ਭਿਖਾਰੀ**

◆

# ਸਾਹਿਤ ਦਾ ਪ੍ਰਯੋਜਨ ਅਤੇ ਅਨੁਵਾਦ ਦੀ ਮਹੱਤਤਾ

ਕੋਈ ਕੌਮ ਅਥਵਾ ਦੇਸ਼ ਉਦੋਂ ਤਕ ਉਨਤੀ ਨਹੀਂ ਕਰ ਸਕਦਾ, ਜਦ ਤਕ ਕਿ ਉਸਦਾ ਸਾਹਿਤਯ ਭੰਡਾਰ ਧਾਰਮਿਕ, ਭਾਈਚਾਰਕ, ਰਾਜਨੀਤਿਕ, ਤੇ ਦੇਸ਼ ਭਗਤੀ ਭਰੀਆਂ ਪੁਸਤਕਾਂ ਨਾਲ ਭਰਪੂਰ ਨਾ ਹੋਵੇ। ਮੁਰਦਾ ਕੌਮਾਂ ਵਿਚ ਨਵੇਂ ਸਿਰੇ ਜ਼ਿੰਦਗੀ ਦੀ ਰੂਹ ਭਰਨੀ, ਦੇਸ਼ ਵਾਸੀਆਂ ਵਿਚ ਦੇਸ਼ ਪਿਆਰ, ਕੌਮੀ ਪਿਆਰ, ਭ੍ਰਾਤਰੀ ਭਾਵ ਤੇ ਭਗਤੀ ਪ੍ਰੇਮ ਆਦਿ ਉਚ ਆਦਰਸ਼ ਪੈਦਾ ਕਰਨੇ ਸੱਚੇ ਸੁੱਚੇ ਸਾਹਿਤਯ ਦਾ ਹੀ ਕੰਮ ਹੈ। ਜਿਸ ਦੇਸ਼ ਦਾ ਸਾਹਿਤਯ ਚੜ੍ਹਦੀਆਂ ਕਲਾਂ ਵਲ ਨੂੰ ਕਦਮ ਨਹੀਂ ਵਧਾਉਂਦਾ ਰਹਿੰਦਾ, ਜਿਸਦੀ ਭਾਸ਼ਾ ਵਿਚ ਹਰ ਵਿਸ਼ੇ ਤੇ ਨਵੀਆਂ ਤੋਂ ਨਵੀਆਂ ਪੁਸਤਕਾਂ ਪ੍ਰਾਪਤ ਨਹੀਂ ਹੁੰਦੀਆਂ ਰਹਿੰਦੀਆਂ, ਉਹ ਦੇਸ਼ ਡਿਗਦਾ ਡਿਗਦਾ ਡਿਗ ਪੈਂਦਾ ਹੈ ਤੇ ਅੰਤ ਐਸਾ ਡਿਗ ਪੈਂਦਾ ਹੈ ਕਿ ਮੁੜ ਉਸਨੂੰ ਸੁਰਜੀਤ ਕਰਨ ਲਈ ਡਾਢੇ ਪ੍ਰੀਸ਼ਮ ਤੇ ਲੰਮੇ ਸਮੇਂ ਦੀ ਲੋੜ ਹੁੰਦੀ ਹੈ।

ਇਸ ਵੇਲੇ ਹੋਰ ਬੋਲੀਆਂ ਦਾ ਸਾਹਿਤਯ ਭਰ ਜੁਆਨੀ ਵਿਚ ਹੈ ਅਤੇ ਆਪਣੇ ਭਰਪੂਰ ਭੰਡਾਰੇ ਵਿਚੋਂ ਦੇਸ਼ ਵਾਸੀਆਂ ਨੂੰ ਖੁੱਲ੍ਹੇ ਦਾਨ ਦੇ ਕੇ ਮਾਲਾ ਮਾਲ ਕਰ ਰਿਹਾ ਹੈ, ਪਰ ਵਿਚਾਰੀ ਨਿਰਸਹਾਇ ਪੰਜਾਬੀ ਦਾ ਘਰ ਹਾਲੀਂ ਖਾਲੀ ਹੈ, ਇਸ ਦਾ ਸਾਹਿਤਯ ਬਾਲੀ ਉਮਰ ਵਿਚ ਹੈ ਤੇ ਇਸਨੇ ਮਸਾਂ ਮਸਾਂ ਰਿੜ੍ਹਨਾ ਹੀ ਆਰੰਭ ਕੀਤਾ ਹੈ, ਹਾਂ ਇਸਦੇ ਸੇਵਕਾਂ ਦੀ ਵਰਤਮਾਨ ਦੌੜ ਨਿਰਾਸ਼ਾ ਭਰੀ ਨਹੀਂ। ਲੋਕਾਂ ਦਾ ਪ੍ਰੇਮ ਇਸ ਪਾਸੇ ਵਲ ਤੇਜੀ ਨਾਲ ਵਧ ਰਿਹਾ ਹੈ ਤੇ ਇਸ ਵਿਚ ਵੀ ਜਰੂਰੀ-ਜਰੂਰੀ ਵਿਸ਼ਿਆਂ 'ਤੇ ਚੰਗੀਆਂ ਚੰਗੀਆਂ ਪੁਸਤਕਾਂ ਹੋਣ ਲਗ ਪਈਆਂ ਹਨ। ਗੁਰੂ ਨੇ ਸੁਖ ਰਖੀ ਤਾਂ ਇਹ ਵੀ ਆਪਣੀ ਮਿੱਠੀ ਸੁਗੰਧੀ ਸਾਰੇ ਸੰਸਾਰ ਵਿਚ ਖਿੰਡਾਉਂਦੀ ਹੋਈ ਛੇਤੀ ਹੀ ਦੁਨੀਆਂ ਦੇ ਹਿਰਦੇ ਤੇ ਰਾਜ ਕਰੇਗੀ। ਇਸ ਵੇਲੇ ਲੋੜ ਕੇਵਲ ਇਸ ਗੱਲ ਦੀ ਹੈ ਕਿ ਇਸਦੀ ਵਰਤਮਾਨ ਦੌੜ ਰਤਾ ਹੋਰ ਤੇਜ਼ ਹੋਵੇ, ਚੰਗੇ ਚੰਗੇ ਲਿਖਾਰੀ ਇਸ ਪਾਸੇ ਵੱਲ ਰਤਾ ਹੋਰ ਧਿਆਨ ਦੇਣ ਤੇ ਇਸਦਾ ਖਾਲੀ ਘਰ ਹਰ ਪ੍ਰਕਾਰ ਦੀਆ ਉੱਤਮ ਉੱਤਮ ਪੁਸਤਕਾਂ ਨਾਲ ਭਰਪੂਰ ਕਰ ਦਿੱਤਾ ਜਾਵੇ। ਇਸ ਪੁਸਤਕ ਦੇ ਲੇਖਕ ਨੇ ਇਸੇ ਸਿਲਸਿਲੇ ਵਿਚ ਦੇਸ਼ ਪਿਆਰ ਭਰੀਆਂ ਪੁਸਤਕਾਂ ਦੇ ਘਾਟੇ ਨੂੰ ਅਨੁਭਵ ਕਰਕੇ ਸਾਹਿਤਯ ਤੇ ਦੇਸ਼-ਪ੍ਰੇਮ ਵਿਚ ਇਹ ਨਿਤਾਣਾ ਜਿਹਾ ਉਦਮ ਕੀਤਾ ਹੈ, ਤੇ ਆਸ ਹੈ ਕਿ ਪੰਜਾਬੀ ਸੰਸਾਰ ਨੇ ਇਸਦਾ ਯੋਗ ਸਤਿਕਾਰ ਕੀਤਾ ਹੈ ਤਾਂ ਕਰਤਾ ਜੀ ਸਿਲਸਿਲੇ ਵਾਰ ਕਈ ਹੋਰ ਪੁਸਤਕਾਂ ਛੇਤੀ ਹੀ ਸਾਹਿਤਯ ਜਗਤ ਦੀ ਭੇਟ ਕਰਨਗੇ।

ਇਹ ਪੁਸਤਕ ਕਿਹੋ ਜਿਹੀ ਹੈ, ਇਹ ਦੱਸਣ ਲੱਗਿਆ "ਘੁਮਿਆਰੀ ਦੇ ਆਪਣਾ ਭਾਂਡਾ ਸੁਲਾਹੁਣ ਵਾਲੀ ਗੱਲ ਆ ਜਾਂਦੀ ਹੈ, ਹਾਂ ਇਤਨਾ ਕਹਿ ਦੇਣਾ ਅਯੋਗ ਨਹੀਂ ਜਾਪਦਾ ਕਿ ਬੰਕਮ ਬਾਬੂ ਦੀ ਹਰਮਨ ਪਿਆਰੀ ਸਾਦੀ, ਮਿੱਠੀ ਤੇ ਮੌਲਿਕ ਲਿਖਾਈ ਬੰਗਾਲੀ ਵਿਚੋਂ ਹਿੰਦੀ ਤੇ ਅੰਗ੍ਰੇਜ਼ੀ ਵਿਚ

ਅਨੁਵਾਦ ਹੋ ਇੰਨੀ ਸਨਮਾਨੀ ਜਾ ਚੁੱਕੀ ਹੈ, ਕਿ ਸ਼ਾਇਦ ਹੀ ਉਨ੍ਹਾਂ ਦੀ ਕੋਈ ਅਜੇਹੀ ਪੁਸਤਕ ਹੋਵੇ ਜਿਸਦੀਆਂ ਕਿ ਦਸ ਦਸ, ਵੀਹ ਵੀਹ ਐਡੀਸ਼ਨਾ ਛਪ ਕੇ ਹੱਥੋ ਹੱਥ ਨਾ ਵਿਕ ਚੁਕੀਆਂ ਹੋਣ। ਬੰਕਮ ਬਾਬੂ ਜੱਜ ਸਨ। ਸਰਕਾਰੀ ਨੌਕਰ ਹੁੰਦਿਆਂ ਹੋਇਆਂ ਵੀ ਜੋ ਨਿਰਭੈਤਾ ਤੇ ਨਿਧੜਕਤਾ ਉਨ੍ਹਾਂ ਨੇ ਆਪਣੀ ਲਿਖਾਈ ਵਿਚ ਵਿਖਾਈ ਹੈ, ਇਹ ਉਨ੍ਹਾਂ ਦੇ ਹੀ ਹਿੱਸੇ ਆਈ ਹੈ। ਪਾਠਕ ਵੇਖਣਗੇ ਕਿ ਆਪ ਨੇ ਦੇਸ਼ ਪ੍ਰੇਮ ਦੇ ਸਮੁੰਦਰ ਵਿਚ ਕਿਸ ਤਰ੍ਹਾਂ ਦੀ ਛਲਾਂ ਲਿਆਂਦੀਆਂ ਹਨ, ਕੈਸੇ ਕੈਸੇ ਸੁਹਾਵਣੇ ਦ੍ਰਿਸ਼ ਵਿਖਾਏ ਤੇ ਵਤਨ-ਪਿਆਰ ਦੇ ਕੈਸੇ ਕੈਸੇ ਮਧੁਰ ਗੀਤ ਗਾਏ ਹਨ। ਸ਼ਾਂਤੀ ਦਾ ਇਸਤ੍ਰੀ ਹੁੰਦਿਆਂ ਹੋਇਆਂ ਵੀ ਨਿਰਭੈ ਨਿਧੜਕ ਜੰਗਲ ਵਿਚ ਵਿਚਰਨਾ, ਦੇਸ਼ ਦੀ ਅਦੁੱਤੀ ਸੇਵਾ ਕਰਨੀ ਤੇ ਉਹ ਉਹ ਕਾਰਨਾਮੇ ਕਰ ਦਿਖਾਉਂਦੇ ਜੋ ਇਕ ਸਧਾਰਨ ਬਲਵਾਨ ਪੁਰਸ਼ ਦੀ ਸ਼ਕਤੀ ਤੇ ਸਮਝ ਤੋਂ ਬਾਹਰ ਹੋਣ, ਦੇਸ਼ ਦੇ ਮਰਦ ਇਸਤਰੀਆਂ ਵਿਚ ਦੇਸ਼-ਸੇਵਾ ਦਾ ਉਤਸ਼ਾਹ ਤੇ ਬਲ ਭਰਨ ਲਈ ਅਦੁੱਤੀ ਬੀਰ-ਰਸ ਪੂਰਤ ਦ੍ਰਿਸ਼ ਹਨ। ਆਪਣੇ ਮਰਦ ਦੇ ਪਾਸ ਹੁੰਦਿਆਂ ਪੂਰਨ ਬ੍ਰਮਹਚਾਰਣੀ ਰਹਿਣਾ ਕਿਸੇ ਕਿਸੇ ਬੀਰਾਂਗਣ ਦਾ ਹੀ ਕੰਮ ਹੈ। ਸ਼ਾਂਤੀ ਆਪਣੇ ਪਤੀ ਦੇ ਨਾਲ ਰਹਿ ਕੇ ਪੂਰਨ ਬ੍ਰਹਮਚਾਰਣੀ ਹੀ ਨਹੀਂ ਰਹੀ ਸਗੋਂ ਉਸਨੇ ਸਮੇਂ ਸਮੇਂ ਆਪਣੇ ਪਤੀ ਨੂੰ ਵੀ ਕੁਵਾਸ਼ਨਾ ਵਲੋਂ ਮੋੜ ਕੇ ਉਸਦਾ ਬ੍ਰਤ ਭੰਗ ਹੋਣੋਂ ਬਚਾਇਆ। ਇਧਰ ਸੰਤਾਨ ਸੰਪ੍ਰਦਾਇ ਦੇ ਜਰਨੈਲ ਭਵਾਨੰਦ, ਜੀਵਾਨੰਦ ਤੇ ਧੀਰਾਨੰਦ ਦੇ ਯੁੱਧਾਂ ਦੇ ਅਦੁੱਤੀ ਕਾਰਨਾਮੇ ਮੁਰਦੇ ਦੇਸ਼ ਵਾਸੀਆਂ ਦਾ ਖ਼ੂਨ ਗਰਮਾਉਣ ਲਈ ਕਾਫ਼ੀ ਹੀ ਨਹੀਂ, ਸਗੋਂ ਬਿਜਲੀ ਦਾ ਕੰਮ ਕਰਨ ਵਾਲੇ ਹਨ। ਸੰਤਾਨ ਫੌਜਾਂ ਦਾ 'ਹਰਿ ਹਰਿ' ਕਰਦੇ ਵੈਰੀ ਦੀ ਫੌਜ ਤੇ ਟੁੱਟਣਾ, ਕਿਆ ਹੀ ਬੀਰ ਰਸ ਭਰੇ ਨਜ਼ਾਰੇ ਹਨ। ਸੰਤਾਨ ਧਰਮ ਦੇ ਆਚਾਰਯ ਸਵਾਮੀ ਸਤਿਆਨੰਦ ਦਾ ਕਠਨ ਬਰਤ ਬੀਰਤਾ, ਗੰਭੀਰਤਾ ਦ੍ਰਿੜਤਾ ਤੇ ਦੇਸ਼ ਦੀ ਨਿਰਸਵਾਰਥ ਭਰੀ ਸੇਵਾ ਵਿਚ ਉੱਚ ਅਭਿਲਾਖਾ ਹੁਣ ਦੇ ਲੀਡਰਾਂ ਨੂੰ ਸੁਹਣਾ ਪਾਠ ਪੜ੍ਹਾਉਣ ਵਾਲੀ ਹੈ। ਗਲ ਕੀ ਪੁਸਤਕ ਦੇ ਸਫ਼ੇ ਸਫ਼ੇ ਤੋਂ ਦੇਸ਼ ਪਿਆਰ ਦੀ ਮਨ ਮੋਹਣੀ ਫੁਹਾਰ ਪੈਂਦੀ ਹੈ। ਪਵੇ ਵੀ ਕਿਉਂ ਨਾਂ ? ਉਧਰ ਬੰਕਮ ਬਾਬੂ ਦੀ ਮਨਮੋਹਣੀ ਲਿਖਾਈ ਤੇ ਏਧਰ ਰੰਗੀਲੇ ਲੇਖਕ ਅਲਬੇਲੇ ਕਵੀ 'ਦੁਖੀ' ਜੀ ਦਾ ਅਨੁਵਾਦ ਸੋਨੇ ਤੇ ਸੁਹਾਗੇ ਵਾਲਾ ਕੰਮ ਦੇ ਰਿਹਾ ਹੈ। ਭਾਰਤ ਵਿਚ ਸਨਿਆਸੀ ਵਿਦਰੋਹ ਮਸ਼ਹੂਰ ਹੈ। ਬੰਗਾਲ ਵਿਚ ਇਸਨੇ ਹਿਲ-ਜੁਲ ਪਾ ਛੱਡੀ ਸੀ। ਉਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਹੀ ਉਪਨਿਆਸ ਦੀ ਰੰਗਣ ਦਿੱਤੀ ਹੈ। ਹੋ ਸਕਦਾ ਹੈ ਕਿ ਕਈ ਦ੍ਰਿਸ਼ ਕਲਪਿਤ ਵੀ ਹੋਣ, ਪਰ ਵਾਸਤਵ ਵਿਚ ਇਹ ਪੁਸਤਕ ਉਸੇ ਸਨਿਆਸੀ ਵਿਦ੍ਰੋਹ ਦੇ ਆਧਾਰ ਦੇ ਲਿਖੀ ਗਈ ਹੈ।

'ਦੇਸ਼ ਭਗਤੀ' ਦੀ ਭੂਮਿਕਾ ਵਿਚੋਂ।

ਬੰਗਲਾ ਸਾਹਿਤ ਵਿਚ ਸੁਰਗਵਾਸੀ ਸ੍ਰੀ ਬੰਕਮ ਚੰਦ ਚਟੋਪਾਧਿਆਇ ਦਾ ਨਾਮ ਦੇ ਸਥਾਨ ਬੜਾ ਉੱਚਾ ਹੈ। ਆਪਣੇ ਸਮੇਂ ਤੋਂ ਲੈ ਕੇ ਹੁਣ ਤਕ ਆਪਣੇ ਟਾਕਰੇ ਦਾ ਕੋਈ ਦੂਜਾ ਲੇਖਕ ਹੋਇਆ ਹੈ ਜਾਂ ਨਹੀਂ, ਇਸ ਵਿਚ ਸੰਦੇਹ ਹੈ।

ਭਾਵੇਂ ਇਸ ਵੇਲੇ ਵੀ ਸਰਤ ਚੈਟਰਜੀ, ਪ੍ਰਮੋਥੋ ਨਾਥ ਚੈਟਰਜੀ, ਤੇ ਸਚੀਂਦ ਨਾਥ ਸੇਨ ਜਿਹੇ ਕਈ ਇਕ ਨਵੇਂ ਜ਼ਮਾਨੇ ਦੇ ਨਵੇਂ ਢੰਗ ਦੇ ਲਿਖਾਰੀ ਆਪਣੀ ਕਮਾਲ ਦੀ ਰਸਭਰੀ ਲਿਖਾਈ ਨਾਲ ਬੰਗਲਾ ਸਾਹਿਤ ਨੂੰ ਮਾਲਾ ਮਾਲ ਤੇ ਆਂਢ ਗੁਆਂਢ ਨੂੰ ਚਕਿਤ ਕਰ ਰਹੇ ਹਨ, ਪਰ ਜੋ ਮਾਣ ਬੰਕਮ ਬਾਬੂ ਦੇ ਉਪਨਿਆਸਾਂ ਜਾਂ ਦ੍ਵਿਜੇਂਦ੍ਰ ਲਾਲ ਰਾਇ ਦੇ ਨਾਟਕਾਂ ਦੀ ਸਰਲ, ਸੁਭਾਵਿਕ ਤੇ ਰੌਚਕ ਲਿਖਾਈ ਨੂੰ ਪ੍ਰਾਪਤ

ਹੈ, ਉਹ ਅਜੇ ਨਵੇਂ ਜ਼ਮਾਨੇ ਦਾ ਕੋਈ ਲੇਖਕ ਪ੍ਰਾਪਤ ਨਹੀਂ ਕਰ ਸਕਿਆ।

ਬੰਕਮ ਬਾਬੂ ਨੂੰ ਸੁਗਰਵਾਸ ਹੋਇਆ ਅੱਜ ਲਗ-ਭਗ ਤੀਹ ਚਾਲੀ ਸਾਲ ਹੋ ਗਏ ਹਨ, ਪਰ ਉਨ੍ਹਾਂ ਦੀ ਕਲਮ ਦੇ ਅਦੁੱਤੀ ਚਮਤਕਾਰ ਨੇ ਉਨ੍ਹਾਂ ਦਾ ਨਾਮ ਲਹਿੰਦੇ ਤੋਂ ਚੜ੍ਹਦੇ ਤਕ ਚਮਕਾ ਰੱਖਿਆ ਹੈ। ਬੰਗਾਲੀ ਵਿਚ ਉਨ੍ਹਾਂ ਦੀਆਂ ਪੁਸਤਕਾਂ ਦੀਆਂ ਪੰਜੀ ਪੰਜੀ, ਤੀਹ ਤੀਹ ਐਡੀਸ਼ਨਾਂ ਨਿਕਲ ਚੁੱਕੀਆਂ ਹਨ ਤੇ ਅਜੇ ਵੀ ਉਨ੍ਹਾਂ ਦੀ ਮੰਗ ਕੋਈ ਘੱਟ ਨਹੀਂ ਹੋਈ। ਏਸੇ ਤਰ੍ਹਾਂ ਹਿੰਦੀ, ਗੁਜਰਾਤੀ, ਸਰਹੱਦੀ ਤੇ ਅੰਗ੍ਰੇਜ਼ੀ ਆਦਿ ਕਈ ਹੋਰ ਜ਼ੁਬਾਨਾਂ ਵਿਚ ਉਲਥੇ ਹੋ ਕੇ ਆਪਦੀ ਲਿਖਤ ਬੇਹੱਦ ਸਨਮਾਨੀ ਜਾ ਚੁੱਕੀ ਹੈ। ਉਨ੍ਹਾਂ ਦੇ ਰਾਜ ਸਿੰਘ, ਮ੍ਰਿਨਾਲਵੀ, ਕਪਾਲਕੁੰਡਲਾ, ਦੁਰਗੇਸ਼ਨੰਦਨੀ, ਰਾਧਾ ਰਾਣੀ, ਇੰਦਰਾ ਤੇ ਕ੍ਰਿਸ਼ਨਕਾਂਤੇਰ ਵਿੱਲ ਆਦਿ ਕਈ ਪੁਸਤਕਾਂ ਦੀਆਂ ਫਿਲਮਾਂ ਬਣ ਬਣ ਕੇ ਸਟੇਜ ਤੇ ਆ ਚੁੱਕੀਆਂ ਹਨ, ਜਿਨ੍ਹਾਂ ਨੂੰ ਪਬਲਿਕ ਨੇ ਬਹੁਤ ਹੀ ਪਸੰਦ ਕੀਤਾ ਹੈ।

ਇਹ ਦੁੱਖ ਦੀ ਗੱਲ ਹੈ ਕਿ ਐਸੇ ਉੱਚੇ ਲਿਖਾਰੀ ਦੀ ਲਿਖਤ ਤੋਂ ਪੰਜਾਬੀ ਪਿਆਰਿਆਂ ਨੇ ਅਜੇ ਤਕ ਕੋਈ ਲਾਭ ਨਹੀਂ ਉਠਾਇਆ। ਜੇ ਮੈਂ ਭੁੱਲ ਨਾ ਕਰਦਾ ਤਾਂ ਅਜੇ ਤਕ 'ਆਨੰਦ ਮੱਠ' ਤੋਂ ਸਿਵਾ ਬੰਕਮ ਬਾਬੂ ਦੀ ਕੋਈ ਪੁਸਤਕ ਪੰਜਾਬੀ ਵਿਚ ਨਹੀਂ ਮਿਲਦੀ।

ਇਹ "ਦੇਵੀ ਚੌਧਰਾਣੀ" ਵੀ ਉਸੇ ਹੀ ਬੰਕਮ ਬਾਬੂ ਦੀਆਂ ਚੌਣਵੀਆਂ ਪੁਸਤਕਾਂ ਵਿਚੋਂ ਇਕ ਅਦੁੱਤੀ ਆਦਰਸ਼ਕ ਪੁਸਤਕ ਹੈ। ਇਸਦਾ ਬਹੁਤ ਸਾਰਾ ਹਿੱਸਾ ਇਤਿਹਾਸਕ ਵੀ ਹੈ, ਪਰ ਲੇਖਕ ਇਸਨੂੰ ਇਤਿਹਾਸਕ ਸਮਝਣ ਦੀ ਆਗਿਆ ਨਹੀਂ ਦਿੰਦਾ। ਇਸਦੀ ਭੂਮਿਕਾ ਵਿਚ ਉਹ ਖ਼ੁਦ ਲਿਖਦੇ ਹਨ :

"ਆਨੰਦ ਮੱਠ" ਵਾਂਗ ਦੇਵੀ ਚੌਧਰਾਣੀ ਵੀ ਇਕ ਇਤਿਹਾਸਕ ਮੂਲ ਹੈ, ਪਰ ਇਤਿਹਾਸਕ ਪੁਸਤਕ ਲਿਖਣਾ ਮੇਰਾ ਖ਼ਾਸ ਪ੍ਰਜੋਜਨ ਨਹੀਂ। ਇਸ ਲਈ ਮੈਂ ਇਤਿਹਾਸਕਤਾ ਦਾ ਵਧੇਰੇ ਖ਼ਿਆਲ ਨਹੀਂ ਰਖਿਆ। ਜਿਨ੍ਹਾਂ ਲੋਕਾਂ ਨੂੰ ਇਸ ਸੰਬੰਧੀ ਕੁਝ ਵਧੇਰੇ ਜਾਨਣ ਦੀ ਇੱਛਾ ਹੋਵੇ, ਉਹ ਹੰਟਰ ਸਾਹਿਬ ਕ੍ਰਿਤ, ਸੰਕਲਿਤ ਅਤੇ ਗੌਰਮੈਂਟ ਪ੍ਰਕਾਸ਼ਤ ਬੰਗਾਲ ਦੇ 'Statistical account' ਵਿਚ ਰੰਗਪੁਰ ਜ਼ਿਲ੍ਹੇ ਦਾ ਇਤਿਹਾਸਕ ਬ੍ਰਿਤਾਂਤ ਪੜ੍ਹਨ। ਉਹ ਗਲ ਕੋਈ ਬਹੁਤ ਵੱਡੀ ਨਹੀਂ ਮੇਰੀ ਇਸ 'ਦੇਵੀ ਚੌਧਰਾਣੀ' ਪੁਸਤਕ ਨਾਲ ਮੂਲ 'ਦੇਵੀ ਚੌਧਰਾਣੀ' ਦਾ ਸੰਬੰਧ ਬੜਾ ਥੋੜ੍ਹਾ ਹੈ। ਇਸ ਵਿਚ ਦੇਵੀ ਚੌਧਰਾਣੀ ਭਵਾਨੀ ਠਾਕੁਰ, ਗੁੱਡ ਲਾਰਡ ਸਾਹਿਬ, ਲੈਫਟੀਨੈਂਟ ਬ੍ਰੇਨਨ ਆਦਿ ਨਾਮ ਇਤਿਹਾਸਕ ਹਨ, ਅਤੇ ਦੇਵੀ ਦਾ ਬਜਰਾ (ਜਹਾਜ਼) ਧਨ ਸੰਪਤੀ, ਬਰਕੰਦਾਜ ਸੈਨਾ ਆਦਿ ਕਈ ਇਕ ਗੱਲਾਂ ਇਹ ਵੀ ਇਤਿਹਾਸਕ ਹਨ। ਪਾਠਕ ਇਸ ਪੁਸਤਕ ਨੂੰ ਕ੍ਰਿਪਾ ਪੂਰਬਕ ਇਤਿਹਾਸਕ ਨਾ ਸਮਝਣ ਤਾਂ ਬਹੁਤ ਧੰਨਵਾਦੀ ਹੋਵਾਂਗਾ।"

ਇਸ ਲਈ ਲੇਖਕ ਦੀ ਆਗਿਆ ਅਨੁਸਾਰ ਭਾਵੇਂ ਇਹ ਪੁਸਤਕ ਨਿਰੋਲ ਇਤਿਹਾਸਕ ਤਾਂ ਨਹੀਂ ਕਹੀ ਜਾ ਸਕਦੀ, ਪਰ ਦੇਵੀ ਦੀ ਹੋਂਦ, ਮਹਾਨਤਾ, ਧੰਨ ਸੰਪਤੀ, ਬਜਰਾਂ, ਭਵਾਨੀ ਠਾਕੁਰ, ਬਰਕੰਦਾਜ ਸੈਨਾ ਦੇ ਕਾਰਨਾਮੇ, ਅੰਗ੍ਰੇਜ਼ੀ ਜਹਾਜ਼ਾਂ ਦਾ ਦੇਵੀ ਨੂੰ ਫੜ੍ਹਨ ਆਉਣਾ ਤੇ ਦੇਵੀ ਦਾ ਆਪਣੀ ਚੁਤਰਾਈ ਨਾਲ ਲੈਫਟੀਨੈਂਟ ਸਾਹਿਬ ਨੂੰ ਗ੍ਰਿਫਤਾਰ ਕਰਕੇ ਬਜਰਾ ਉਡਾ ਲੈ ਜਾਣਾ ਆਦਿ ਗੱਲਾਂ ਇਤਿਹਾਸਕ ਜਾਪਦੀਆਂ ਹਨ। 'ਦੇਵੀ ਚੌਧਰਾਣੀ' ਇਕ ਬੜੀ ਬੀਰ ਇਸਤਰੀ ਸਨਿਆਸੀ ਵਿਦਰੋਹ ਦੇ ਸਮੇਂ ਹੋਈ ਹੈ। ਇਸਦੇ ਨਾਮ ਦੀ ਸਾਰੇ ਬੰਗਾਲ ਵਿਚ ਧਾਂਕ ਪਈ ਹੋਈ ਸੀ।

ਪੁਸਤਕ ਦੀ ਕਹਾਣੀ ਸਿਖਿਆਦਾਇਕ, ਮਨੋਰੰਜਕ ਤੇ ਹਿਰਦੇ ਗ੍ਰਹਿਣੀ ਹੈ। ਸਾਦਗੀ, ਸੁਭਾਵਤਾ, ਸਰਲਤਾ, ਮਨੋਹਰਤਾ ਤੇ ਰੌਚਕਤਾ ਇਸ ਵਿਚ ਕੁੱਟ ਕੁੱਟ ਕੇ ਭਰੀ ਪਈ ਹੈ। ਅਸਭਿਅਤਾ ਅਤੇ

ਅਸ਼ਲੀਲਤਾ ਨੂੰ ਬੰਕਮ ਬਾਬੂ ਨੇ ਨੇੜੇ ਨਹੀਂ ਫਟਕਣ ਦਿੱਤਾ।

ਸਮਾਜ ਤੋਂ ਡਰਦਾ ਹਰਬੱਲਭ ਬਾਬੂ ਆਪਣੀ ਨਿਰਦੋਸ਼ ਨੂੰਹ ਨੂੰ ਸਦਾ ਲਈ ਘਰੋਂ ਕੱਢ ਦਿੰਦਾ ਹੈ ਤੇ ਮੁੜ ਸਦਾ ਹੀ ਉਸਦੇ ਸਰਬਨਾਮ ਤੇ ਤੁਲਿਆ ਰਹਿੰਦਾ ਹੈ, ਪਰ ਅਗੋਂ ਉਸਦੀ ਦੇਵੀ ਸਰੂਪ ਨੂੰਹ 'ਪ੍ਰਫੁਲ ਕੁਮਾਰੀ' ਸਦਾ ਹੀ ਉਸਦੀ ਭਲਾਈ ਲੋਚਦੀ ਹੈ। ਉਹ ਉਸਦੇ ਫੜਾਉਣ ਲਈ ਪਲਟਣਾ ਚਾੜ੍ਹ ਲਿਆਉਂਦਾ ਹੈ, ਪਰ ਰਖਿਆ ਦੇ ਸਾਰੇ ਉਪਾਅ ਹੋਣ ਤੇ ਵੀ ਦੇਵੀ ਆਪਣੀ ਰਖਿਆ ਕੇਵਲ ਇਸ ਲਈ ਨਹੀਂ ਕਰਦੀ ਕਿ ਉਸਦੇ ਨੱਠ ਜਾਣ ਤੋਂ ਉਸਦੇ ਸਹੁਰੇ ਤੇ ਬਿਪਤਾ ਆ ਬਣੇਗੀ। ਉਧਰ ਇਹ ਜਾਣਦਾ ਹੋਇਆ ਵੀ ਕਿ ਪਿਤਾ ਜੀ ਭੁੱਲ ਵਿਚ ਮੇਰਾ ਸਰਬਨਾਮ ਕਰ ਰਹੇ ਹਨ, ਸਦਾ ਹੀ ਪਿਤਾ ਦੀ ਆਗਿਆ ਪਾਲਣ ਵਿਚ ਤਤਪਰ ਰਹਿੰਦਾ ਹੈ, ਆਪਣਾ ਸਰਬਨਾਮ ਕਰਵਾ ਲੈਂਦਾ ਹੈ, ਪਰ ਪਿਤਾ ਦੀ ਆਗਿਆ ਨਹੀਂ ਮੋੜਦਾ। ਕਿੰਨਾ ਉੱਚਾ ਖ਼ਿਆਲ ਹੈ। ਇਕ ਦੂਜੇ ਦਾ ਸਰਬਨਾਮ ਕਰਨ ਤੇ ਤੁਲਿਆ ਹੋਇਆ ਹੈ, ਪਰ ਦੂਜਾ ਅਗੋਂ ਹਰ ਸੁਆਸ ਉਸਦੀ ਭਲਾਈ ਲੋਚਦਾ ਹੈ।

ਇਸ ਤਰ੍ਹਾਂ ਪਿਤਰ ਭਗਤੀ, ਪਤੀ ਭਗਤੀ ਤੇ ਕਰਤਵ ਪਾਲਣ ਕੀ ਇਸ ਵਿਚ ਜਿਉਂਦੀ ਜਾਗਦੀ ਤਸਵੀਰ ਖਿੱਚੀ ਹੋਈ ਹੈ। ਨਾਟਕ ਵਾਂਗ ਬੀਰ ਰਸ ਹਾਸ ਰਸ, ਸ਼ੰਗਾਰ ਰਸ ਆਦਿ ਸਾਰੇ ਹੀ ਲੋੜੀ ਦੇ ਰਸ ਇਸ ਵਿਚ ਮੌਜੂਦ ਹਨ।

ਮਈ 1932 ਦੇਵੀ ਚੌਧਰਾਣੀ ਦੀ ਭੂਮਿਕਾ ਵਿਚੋਂ।

ਦੁਰਗਾ ਦਾਸ ਨਾਟਕ ਦੇ ਮੂਲ ਲੇਖਕ ਸੁਰਗਵਾਸੀ ਸ੍ਰੀ ਦਿਜੇਂਦ੍ਰ ਲਾਲ ਰਾਇ ਹਨ। ਪੰਜਾਬੀ ਜਗਤ ਸ਼ਾਇਦ ਆਪਦੇ ਨਾਮ ਤੋਂ ਘਟ ਵਾਕਿਫ਼ ਹੋਵੇ, ਇਸ ਲਈ ਇਨ੍ਹਾਂ ਸਤਰਾਂ ਵਿਚ ਮੈਂ ਆਪ ਨਾਲ ਪੰਜਾਬੀ ਸੰਸਾਰ ਦੀ ਜਾਣ ਪਛਾਣ ਕਰਾ ਦੇਣੀ ਚਾਹੁੰਦਾ ਹਾਂ।

ਬੰਗਾਲ ਸਾਹਿਤ ਵਿਚ ਉਪਨਿਆਸ ਲੇਖਕਾਂ ਵਿਚੋਂ ਜਿਵੇਂ ਬੰਕਮ ਬਾਬੂ 'ਬਾਦਸ਼ਾਹ' ਕਹੇ ਜਾਂਦੇ ਹਨ, ਤਿਵੇਂ ਹੀ ਨਾਟ ਲੇਖਕਾਂ ਵਿਚੋਂ ਸ੍ਰੀ ਦਿਵੇਂਦ੍ਰ ਲਾਲ ਰਾਇ 'ਨਾਟ ਸਮਰਾਟ' ਦੇ ਨਾਮ ਨਾਲ ਸਨਮਾਨੇ ਜਾਂਦੇ ਹਨ। ਆਪ ਨਾ ਕੇਵਲ ਆਪਣੇ ਸਮੇਂ ਦੇ ਸਗੋਂ ਇਸ ਵੇਲੇ ਤਕ ਦੇ ਨਾਟ ਲੇਖਕਾਂ ਵਿਚੋਂ ਸਰਬ ਸ੍ਰੇਸਟ ਤੇ ਸਰਬ-ਉੱਚ ਗਿਣੇ ਜਾਂਦੇ ਹਨ। ਆਪਦੇ ਲਿਖੇ ਹੋਏ ਨਾਟਕ ਨਾ ਕੇਵਲ ਬੰਗਲਾ ਸਾਹਿਤ ਸਗੋਂ ਹੋਰ ਅਨੇਕਾਂ ਬੋਲੀਆਂ ਵਿਚ ਵੀ ਉਲਥੇ ਹੋ ਕੇ ਬੇਹੱਦ ਸਨਮਾਨੇ ਜਾ ਚੁੱਕੇ ਹਨ। ਬੰਗਾਲੀ ਸਟੇਜ ਤਾਂ ਆਪਦੇ ਨਾਟਕਾਂ ਸਦਕਾ ਹੀ ਮਾਲਾ ਮਾਲ ਹੋਈ ਹੈ।

ਆਪਦਾ ਜਨਮ ਸੰਨ 1862 ਈ: ਵਿਚ ਕ੍ਰਿਸ਼ਨਾ ਨਗਰ ਵਿਚ ਹੋਇਆ। ਆਪਦੇ ਪਿਤਾ ਦਾ ਨਾਮ ਮਹਾਰਾਜ ਦੀਵਾਨ ਕਾਰਤਿਕ ਚੰਦਰ ਰਾਇ ਸੀ। ਸੰਨ 1883 ਵਿਚ ਆਪਨੇ ਪ੍ਰੈਜੀਡੈਂਸੀ ਕਾਲਜ ਵਿਚ ਐਮ. ਏ. ਪਾਸ ਕੀਤਾ ਤੇ ਸਕਾਲਰਸ਼ਿਪ ਲੈ ਕੇ ਆਪ ਵਲਾਇਤ ਐਗ੍ਰੀਕਲਚਰ ਪੜ੍ਹਨ ਗਏ। ਵਲਾਇਤ ਤੋਂ ਵਾਪਸ ਆ ਕੇ ਆਪ ਕੁਝ ਚਿਰ ਸੈਟਲਮਿੰਟ ਆਫਿਸ ਵਿਚ ਕੰਮ ਕਰਦੇ ਰਹੇ ਤੇ ਫੇਰ ਡਿਪਟੀ ਮੈਜਸਟ੍ਰੇਟ ਹੋ ਗਏ। ਸਰਕਾਰੀ ਕੰਮਾਂ ਵਿਚ ਬੇਹੱਦ ਖਚਤ ਰਹਿ ਕੇ ਵੀ ਆਪਨੇ ਬੰਗਲਾ ਸਾਹਿਤ ਦੀ ਜੋ ਸੇਵਾ ਕੀਤੀ, ਉਸ ਨਾਲ ਬੰਗਾਲੀ ਭਾਸ਼ਾ ਮਾਲਾ ਮਾਲ ਹੋ ਗਏ ਹਨ। 17 ਮਈ ਸੰਨ 1913 ਨੂੰ ਰਾਤ ਦੇ ਨੌ ਵਜੇ ਆਪ ਆਪਣੀ ਮਾਤ ਭਾਸ਼ਾ ਤੇ ਜਨਮਭੂਮੀ ਨੂੰ ਸਦਾ ਲਈ ਵਿਛੋੜਾ ਦੇ ਗਏ।

ਸ੍ਰੀ ਦਿਵੇਂਦ੍ਰ ਲਾਲ ਨਾ ਕੇਵਲ ਚੋਟੀ ਦੇ ਨਾਟ ਲੇਖਕ ਹੀ ਸਨ, ਸਗੋਂ ਕਵੀ ਵੀ ਕਮਾਲ ਦੇ ਸਨ। ਆਪਦੀਆਂ ਲਿਖੀਆਂ-ਆਲੇਖ, ਆਸਾੜ, ਮੰਦਰਊ, ਤ੍ਰਿਬੇਨੀ, ਕਵਿਤਾ ਦੀਆਂ ਪੁਸਤਕਾਂ

ਅੱਤੁਲਨੀਆਂ ਹਨ। ਨਾਟਕਤਾ ਆਪਨੇ ਦੋ ਦਰਜਨ ਲਿਖੇ ਹਨ, ਜਿਨ੍ਹਾਂ ਵਿਚੋਂ ਦੁਰਗਾਦਾਸ ਰਾਣਾ ਪਰਤਾਪ, ਮੇਵਾੜ ਪਤਨ, ਤਾਰਾ ਬਾਈ, ਨੂਰ ਜਹਾਨ, ਸੋਹਰਾਬ ਰੁਸਤਮ, ਸੀਤਾ, ਸੁਹਜਹਾਨ, ਚੰਦਰਗੁਪਤ, ਪੁਨਰ ਜਨਮ, ਭੀਸ਼ਮ ਸਿੰਗਲ ਵਿਜੈ ਤੇ ਬੰਗਾਲੀ ਨਾਰੀ, ਆਦਿ ਕਈ ਇਕ ਖ਼ਾਸ ਜ਼ਿਕਰ ਯੋਗ ਹਨ। ਆਪਦੀ ਲਿਖਾਈ ਵਿਚ ਸਾਦਗੀ, ਰੌਚਕਤਾ, ਮਨੋਹਰਤਾ, ਸੁਭਾਵਿਕਤਾ ਤੇ ਮਨੋਰੰਜਕਤਾ ਆਦਿ ਕਾਵਿ ਗੁਣ ਕੁੱਟ ਕੁੱਟ ਕੇ ਭਰੇ ਹੋਏ ਹਨ।

ਦੁਰਗਾ ਦਾਸ ਨਾਟਕ ਆਪਦੇ ਨਾਟਕਾਂ ਵਿਚੋਂ ਸਰਵ ਪ੍ਰਧਾਨ ਗਿਣਿਆ ਜਾਂਦਾ ਹੈ। ਇਸ ਵਿਚ ਮੂਲ ਘਟਨਾਵਾਂ ਨੂੰ ਜਿਉਂ ਦਾ ਤਿਉਂ ਰੱਖ ਕੇ ਜੋ ਰੌਚਕਤਾ ਤੇ ਭਾਵ ਦੀ ਮਿਠਾਸ ਦੀ ਅਪੂਰਬ ਛਟਾ ਦਿਜੇਂਦ੍ਰ ਬਾਬੂ ਨੇ ਦਿਖਾਈ ਹੈ। ਉਹ ਆਪਦੇ ਹੀ ਹਿੱਸੇ ਆਈ ਹੈ। ਆਪਦੀ ਕਲਮ ਨੇ ਮਾਰਵਾੜ-ਸੇਨਾਪਤੀ ਬੀਰ ਦੁਰਗਾਦਾਸ ਦੇ ਚਿਤ੍ਰ ਨੂੰ ਉਹ ਚਾਰ ਚੰਦ ਲਾਏ ਹਨ ਕਿ ਉਨ੍ਹਾਂ ਦਾ ਸਾਦਾ ਸਵੱਛ ਤੇ ਉੱਚਾ ਜੀਵਨ ਮਾਨਵ ਸੰਸਾਰ ਵਿਚ ਹੋਰ ਵੀ ਜਗ ਮਗਾ ਉੱਠਿਆ ਹੈ, ਏਵੇਂ ਹੀ ਸੁਰਸਤੀ ਤੇ ਮਹਾਂਮਾਯਾ ਤੇ ਚਿਤ੍ਰ ਮਹੱਤਵ ਭਰੇ ਤੇ ਇਸਤਰੀਆਂ ਲਈ ਖ਼ਾਸ ਸਿਖਿਆ ਦਾ ਇਕ ਹਨ। ਮੁਗਲ ਸਿਪਾਹ ਸਲਾਰ ਦਲੇਰ ਖਾਂ ਦੀ ਸਚਾਈ ਭਰੀ ਜ਼ਿੰਦਗੀ ਤੇ ਕਾਸਮ ਦਾ ਸਾਦਾ ਜੀਵਨ ਤੇ ਪ੍ਰਭੂ ਭਗਤੀ ਖਾਸਾ ਵੇਖਣ ਯੋਗ ਹਨ। ਇਸ ਤੋਂ ਰਾਣਾ ਰਾਜ ਸਿੰਘ ਦੇ ਪੁੱਤਰ ਭੀਮ ਸਿੰਘ ਦਾ ਤਿਆਗ ਤੇ ਸ਼ੰਭਾ ਜੀ ਦੇ ਜੀਵਨ ਦਾ ਸ਼ਰਾਬ ਖੋਰੀ ਵਿਚ ਸਤਿਆਨਾਸ ਤੇ ਉਸਦਾ ਨਤੀਜਾ ਵੀ ਘਟ ਦਿਲਚਸਪ ਤੇ ਸਿਖਿਆਦਾਇਕ ਨਹੀਂ ਹਨ। ਪਰ ਇਸਤੋਂ ਵੀ ਵਧ ਜੋ ਵੇਖਣ ਵਾਲੀ ਚੀਜ ਇਸ ਨਾਟਕ ਵਿਚ ਹੈ, ਉਹ ਔਰੰਗਜੇਬ ਦੀ ਪੋਤਰੀ 'ਰਜੀਆ' ਦਾ ਭੋਲਾ ਪਨ ਹੈ।

ਦੂਜੀ ਭਾਸ਼ਾ ਤੋਂ ਅਨੁਵਾਦ ਕਰਨਾ ਤੇ ਉਸਦੇ ਭਾਵ ਨੂੰ ਜਿਉਂ ਦਾ ਤਿਉਂ ਰੱਖਣਾ ਬੜਾ ਕਠਿਨ ਕੰਮ ਹੈ। ਕਿਥੋਂ ਤਕ ਮੈਨੂੰ ਸਫਲਤਾ ਹੋਈ ਹੈ ਇਹ ਪਾਠਕ ਆਪ ਦੇਖਣ। ਬੰਗਾਲੀ ਵਿਚ ਹੋਰ ਵੀ ਅਨੇਕਾਂ ਪੁਸਤਕਾਂ ਐਸੀਆਂ ਹਨ ਜਿਨ੍ਹਾਂ ਤੋਂ ਪੰਜਾਬੀ ਸੰਸਾਰ ਨੂੰ ਬਹੁਤ ਲਾਭ ਪੁੱਜ ਸਕਦਾ ਹੈ। ਬੰਗਾਲੀ ਜਾਨਣ ਵਾਲੇ ਲੇਖਕਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਫਰਵਰੀ 1932 ਜਾਣ ਪਛਾਣ ਵਿਚੋਂ।

ਧਰਮ, ਦੇਸ਼, ਕੌਮ ਅਤੇ ਅਣਖ ਤੋਂ ਮਰ ਮਿਟਣ ਵਾਲੇ ਬੀਰ, ਬੀਰਾਗਣਾਂ ਦੇ ਜੀਵਨ ਦੇ ਕਾਰਨਾਮੇ ਮੁਰਦੀਆਂ ਕੌਮਾਂ ਵਿਚ ਰੂਹ ਫੂਕ ਦਿੰਦੇ ਹਨ। ਸਾਡੇ ਭਾਰਤਵਰਸ਼ ਵਿਚ ਐਸੇ ਹਜ਼ਾਰਾਂ, ਲੱਖਾਂ ਤੇ ਕਰੋੜਾਂ ਹੀ ਸੂਰਬੀਰ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਆਪਣੇ ਅਦੁੱਤੀ ਕਾਰਨਾਮਿਆਂ ਨਾਲ ਆਪਣੀ ਕੌਮ, ਆਪਣੇ ਦੇਸ਼ ਤੇ ਆਪਣੇ ਇਤਿਹਾਸ ਦਾ ਨਾਮ ਪਰਲੋ ਤਕ ਚਮਕਾ ਦਿੱਤਾ ਹੈ। ਅੱਜ ਮੈਂ ਆਪਣੇ ਦੇਸ਼ ਵਾਸੀਆਂ ਨੂੰ ਐਸੇ ਹੀ ਇਕ ਨੌਂ ਦਸ ਬਰਸ ਦੇ ਬੀਰ ਬਾਲਕ ਤੇ ਗਿਆਰਾਂ ਬਾਰਾਂ ਬਰਸ ਦੀ ਬੀਰ ਬਾਲਕਾ ਦੇ ਹੈਰਾਨੀ ਭਰੇ ਕਾਰਨਾਮੇ ਸੁਣਾਉਣ ਲਈ ਉਤਾਵਲਾ ਹੋਇਆ ਹਾਂ।

ਇਹ ਗੱਲ ਅੱਜ ਤੋਂ ਲਗ-ਭਗ ਦੋ ਸੌ ਸਾਲ ਪਹਿਲੇ ਦੀ ਹੈ। ਉਸ ਸਮੇਂ ਦੇ ਬੰਗਾਲ ਦੇ ਨਵਾਬ ਸੁਜਾਉਦੀਨ ਦੀ ਮ੍ਰਿਤੂ 1739 ਈ: ਵਿਚ ਹੋਈ। ਉਸ ਤੋਂ ਪਿਛੋਂ ਉਸਦਾ ਸ਼ਾਹਜਾਦਾ ਸਰਫਰਜ਼ ਖਾਂ ਬੰਗਾਲ ਦੇ ਤਖ਼ਤ ਤੇ ਬੈਠਾ। ਸਰਫਰਾਜ਼ ਨੇਕ ਦਿਲ ਤੇ ਇਨਸਾਫ਼ ਪਸੰਦ ਪੁਰਸ਼ ਹੋਇਆ ਹੈ। ਉਸ ਵੇਲੇ ਬੰਗਾਲ ਦੀ ਰਾਜਧਾਨੀ ਮੁਰਸ਼ਿੰਦਾਬਾਦ ਵਿਚ ਸੀ। ਏਥੇ ਇਕ ਫ਼ਤਿਹ ਚੰਦ ਨਾਮੀ ਬਹੁਤ ਵੱਡਾ ਧਨੀ ਹੋਇਆ ਹੈ। ਇਸਨੂੰ ਜਗਤ ਸੇਠ ਦੀ ਪਦਵੀ ਮਿਲੀ ਹੋਈ ਸੀ। ਇਸਦਾ ਮਾਣ ਦਿੱਲੀ ਦੇ ਬਾਦਸ਼ਾਹ ਤਕ

ਕਰਦੇ ਸਨ। ਬੰਗਾਲ ਦੇ ਨਵਾਬ ਲੋੜ ਪੈਣ ਤੇ ਇਸ ਤੋਂ ਹੀ ਕਰਜ਼ਾ ਲੈਂਦੇ ਸਨ। ਇਸ ਜਗਤ ਸੇਠ ਦੀ ਇਕ ਗਿਆਰਾਂ ਬਾਰਾਂ ਸਾਲ ਦੀ ਨੂੰਹ ਬਹੁਤ ਰੂਪਵਾਨ ਸੀ। ਨਵਾਬ ਸ਼ਰਫਰਾਜ਼ ਦਾ ਦਿਲ ਇਸ ਬੀਬੀ ਨੂੰ ਵੇਖਣ ਲਈ ਲਲਚਾਇਆ ਉਸਨੇ ਸੇਠ ਪਾਸ ਇਸ ਬੀਬੀ ਨੂੰ ਵੇਖਣ ਲਈ ਬੇਨਤੀ ਕੀਤੀ।

ਸੇਠ ਨੇ ਨਾਂਹ ਕਰ ਦਿੱਤੀ। ਇਕ ਵਾਰ ਜਦ ਜਗਤ ਸੇਠ ਦਿੱਲੀ ਗਿਆ ਤਾਂ ਮੌਕਾ ਤਾੜਕੇ ਸਰਫਰਾਜ਼ ਨੇ ਉਸ ਬੀਬੀ ਨੂੰ ਜਬਰਦਸਤੀ ਆਪਣੇ ਮਹਿਲਾਂ ਵਿਚ ਮੰਗਵਾ ਲਿਆ। ਬਸ ਸਾਡਾ ਇਹ ਉਪਨਿਆਸ ਏਥੋਂ ਹੀ ਆਰੰਭ ਹੁੰਦਾ ਹੈ। ਇਸੇ ਘਟਨਾ ਨੇ ਨਵਾਬ ਸਰਫਰਾਜ਼ ਖਾਂ ਦਾ ਅੰਤ ਕੀਤਾ। ਤੇ ਅਲੀਵਰਦੀ ਨੂੰ ਬੰਗਾਲ ਦਾ ਤਖ਼ਤ ਦਿਵਾਇਆ ਸੀ।

ਪੁਸਤਕ ਬੰਗਾਲੀ ਦੇ ਪ੍ਰਸਿੱਧ ਇਤਿਹਾਸਕ ਉਪਨਿਆਸ ਲੇਖਕ ਬਾਬੂ ਪ੍ਰਮੋਥੋਨਾਥ ਚਟੋਪਧਾਇਆ ਦੀ ਪੁਸਤਕ 'ਰਾਜਪੂਤ ਬਾਲਾ' ਦੇ ਆਧਾਰ ਤੇ ਲਿਖੀ ਗਈ ਹੈ। ਇਹ ਬੰਕਮ ਬਾਬੂ ਦੇ ਪੋਤਰੇ ਹਨ। ਆਪਦੀ ਕਲਮ ਵਿਚ ਉਹ ਸਾਰੇ ਹੀ ਗੁਣ ਹਨ ਜੋ ਇਕ ਚੋਟੀ ਦੇ ਲੇਖਕ ਦੀ ਕਲਮ ਵਿਚ ਹੁੰਦੇ ਹਨ। ਆਪ ਸਦਾ ਇਤਿਹਾਸਕ ਚੀਜ਼ ਲਿਖਦੇ ਹਨ। ਹੁਣ ਤਕ ਆਪਣੇ ਸਿਰਾਜੁਦੌਲਾ, ਮੀਰ ਕਾਸਮ, ਨੂਰ ਜਹਾਨ, ਰਠੌਰ ਸ਼ਿਵਾਜੀ, ਹੀਰਾ ਝੀਲ, ਮੋਤੀ ਝੀਲ, ਆਦਿ ਦੋ ਦਰਜਨਾਂ ਦੇ ਲਗ-ਭਗ ਇਤਿਹਾਸਕ ਉਪਨਿਆਸ ਲਿਖੇ ਹਨ ਜਿਨ੍ਹਾਂ ਨੂੰ ਕਿ ਸਾਹਿਤ ਸੰਸਾਰ ਨੇ ਬੜਾ ਹੀ ਮਾਣ ਦਿੱਤਾ ਹੈ।

ਭਾਰਤ ਵਰਸ਼ ਦਾ ਇਤਿਹਾਸ ਐਸੇ ਬੀਰ ਬੀਰਾਂਗਣਾ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਉਪਨਿਆਸ ਲੇਖਕਾਂ ਨੂੰ ਇਸ਼ਕ ਦੇ ਢੋਲੇ ਤੇ ਥੋਥੇ ਕਿੱਸੇ ਲਿਖਣੇ ਛੱਡਕੇ ਐਸੇ ਹੀ ਸੂਰਬੀਰਾਂ ਦੇ ਚਿਤ੍ਰਾਂ ਨਾਲ ਆਪਣੀ ਕਲਮ ਨੂੰ ਪਵਿਤ੍ਰ ਕਰਨਾ ਚਾਹੀਦਾ ਹੈ। ਹਰੇਕ ਕੌਮ ਤੇ ਹਰੇਕ ਦੇਸ਼ ਦੇ ਬੀਰਾਂ ਦੇ ਕਾਰਨਾਮੇ ਹਰੇਕ ਕੌਮ ਤੇ ਹਰੇਕ ਦੇਸ਼ ਲਈ ਚਾਨਣ ਮੁਨਾਰੇ ਹੁੰਦੇ ਹਨ। ਇਸ ਵਿਚ ਜਾਤ ਜਾਂ ਦੇਸ਼ ਦਾ ਖ਼ਿਆਲ ਨੂੰ ਨੇੜੇ ਨਹੀਂ ਢੁਕਣ ਦੇਣਾ ਚਾਹੀਦਾ।

(24-6-1932 ਰਾਜਪੂਤਣੀ (ਬੀਰਾਂਗਣਾ) ਦੀ ਭੂਮਿਕਾ ਵਿਚੋਂ।)

◆

# ਨਜ਼ਮ ਨਮੂਨੇ

# ਆਦਰਸ਼ਕ ਜੀਵਨ

◆

-ਸੌਦਾਗਰ ਸਿੰਘ ਭਿਖਾਰੀ

ਮਨੁੱਖਾ ਜੀਵਨ ਪਾਇਆ ਈ,
ਤਾਂ ਮਨੁੱਖ ਬਣ ਦਿਖਲਾਈ ਜਾ।
ਜੀ ਜੀ ਸੰਗ ਪ੍ਰੇਮ ਕਮਾਈ ਜਾ,
ਹਰ ਕਦਮ ਅਗਾਂਹ ਵਧਾਈ ਜਾ।
ਸਿਰ ਚੁੱਕ ਚੁਫੇਰੇ ਦੇਖ ਜ਼ਰਾ,
ਫੇਰ ਦੱਸ ਕੌਣ ਬੇਗਾਨਾ ਹੈ ?
ਹਿਰਦੇ 'ਚੋਂ ਪ੍ਰੇਮ ਪਰਸਪਰ ਦਾ,
ਇਕ ਠੰਢਾ ਮੀਂਹ ਬਰਸਾਈ ਜਾ।
ਏਹ ਸੋਹਣੀ ਰਚਨਾ ਕਰਤੇ ਦੀ,
ਸਾਰਾ ਜਗ ਰੂਪ ਸੁਰਗ ਦਾ ਹੈ।
ਬੀ ਬੀਜ ਤੁਅੱਸਬ ਸੁਆਰਥ ਦਾ,
ਇਸ ਨੂੰ ਨਾ ਨਰਕ ਬਣਾਈ ਜਾ।
ਉਪਕਾਰ, ਦਯਾ, ਸੇਵਾ, ਨੇਕੀ,
ਇਸ ਜੀਵਨ ਦਾ ਆਦਰਸ਼ ਬਣੇ।
ਨਿੰਦਾ, ਚੁਗਲੀ, ਸੁਆਰਥ, ਠੱਗੀ,
ਸਭ ਖਾਰੇ ਸਾਗਰ ਪਾਈ ਜਾ।
ਮਨੁੱਖਾ ਧਰਮ ਇਹੋ ਹੀ ਹੈ,
ਕਿ ਨਾਲ ਕਿਸੇ ਦੇ ਵੈਰ ਨ ਕਰ।
ਧੋਖਾ ਨਾ ਕਰ ਘਿਰਣਾ ਨ ਕਰ,
ਬਸ ਪਿਆਰ ਫੁਹਾਰ ਵਸਾਈ ਜਾ।
ਜੀਵਨ ਵਡਮੁੱਲਾ ਪਾਇਆ ਈ,
ਨਾ ਭੁੱਲ ਕਿਸੇ ਦਾ ਚਿਤਵ ਬੁਰਾ।

ਸਰਬਤ ਭਲਾਈ ਲੋਚ ਸਦਾ,
ਸਫਲ ਹਰ ਸੁਆਸ ਬਣਾਈ ਜਾ।
ਹਰ ਹਰਕਤ ਵਿਚ ਚੰਗਾਈ ਹੋ,
ਹਰ ਨਿਗਾਹ ਵਿਚ ਨਿਮਰਤਾ ਹੋ।
ਹਰ ਕਦਮ ਵਿਚ ਮਿਲਵਰਤਨ ਹੋ,
ਅੱਡਤਾ ਦਾ ਨਾਮ ਮਿਟਾਈ ਜਾ।
ਸਭ ਨੂਰ ਇਕ ਤੋਂ ਉਪਜੇ ਨੇ,
ਤੂੰ ਕਿਸ ਨੂੰ ਨੀਚ ਸਮਝਦਾ ਏ ?
ਹਰ ਇਕ ਮਾਂ ਜਾਇਆ ਵੀਰ ਜਾਣ,
ਘੁੱਟ ਘੁੱਟ ਕੇ ਜੱਫੀਆਂ ਪਾਈ ਜਾ।
ਜਗ ਨਰਕੋਂ ਸੁਰਗ ਬਣਾਈ ਜਾ।
ਬਣ ਬਣ ਕੇ 'ਭਿਖਾਰੀ' ਦਰ ਦਰ ਦਾ,
ਬੱਸ ਪ੍ਰੇਮ ਦੀ ਭਿਖਿਆ ਮੰਗਦਾ ਫਿਰ।
ਇਉਂ ਦੇਸ਼ ਦੇ ਸਿਰ ਕਹਿ ਸੰਖ ਪਏ,
ਦੁਖ ਦਰਦ ਕਲੇਸ਼ ਮਿਟਾਈ ਜਾ।

◆

# ਮੇਰਾ ਦੇਸ਼

◆

-ਸੌਦਾਗਰ ਸਿੰਘ ਭਿਖਾਰੀ

ਚੀਨ ਤੇ ਜਾਪਾਨ ਡਿੱਠਾ ਅਰਬ ਈਰਾਨ ਡਿੱਠਾ,
ਤੁਰਕਿਸਤਾਨ ਡਿੱਠਾ ਪੂਰੀ ਆਨ ਸ਼ਾਨ ਵਿਚ ।
ਰੂਸ ਤੇ ਫ੍ਰਾਂਸ ਅਸਟ੍ਰੇਲੀਆ ਬਿਲਜਮ ਡਿੱਠਾ,
ਕਾਬਲ ਕੰਧਾਰ ਜਿਹਦੀ ਚੋਟੀ ਅਸਮਾਨ ਵਿਚ ।
ਜਰਮਨ, ਅਮਰੀਕਾ, ਅਫ਼ਰੀਕਾ ਤੇ ਕਨੇਡਾ ਡਿੱਠਾ,
ਫਿਰ ਫਿਰ ਡਿੱਠਾ ਸਾਰੇ ਇੰਗਲਿਸ਼ਤਾਨ ਵਿਚ ।
ਡਿੱਠੇ ਸਾਰੇ ਦੇਸ਼ ਮੈਂ ਵਿਸ਼ੇਸ਼ ਨੀਝ ਲਾ ਕੇ, ਪਰ
ਮੇਰੇ ਦੇਸ਼ ਜੇਹਾ ਕੋਈ ਦੇਸ਼ ਨਾ ਜਹਾਨ ਵਿਚ ।
ਅੰਬ ਖਾਉ, ਆੜੂ ਖਾਉ, ਜਾਮਨੂੰ, ਅਨਾਰ ਖਾਓ,
ਸੰਤਰੇ ਦਾ ਸਵਾਦ ਜਾਨ ਪਾਉਂਦਾ ਬੇਜਾਨ ਵਿਚ ।
ਖੀਰੇ, ਖਰਬੂਜੇ ਖਾਓ ਤਰਾਂ, ਹਦਵਾਣੇ ਖਾਓ,
ਦੇਖੋ ਕੈਸਾ ਰਸ ਹੈ, ਪਪੀਤਾ ਸੇਓ ਖਾਨ ਵਿਚ ।
ਸਰਸੋਂ ਦਾ ਸਾਗ ਖਾਓ, ਰੋਟੀਆਂ ਜੁਆਰ ਦੀਆਂ,
ਦੁੱਧ ਘਿਉ ਖਾਓ, ਘੁਲੋ ਨਿਕਲ ਮੈਦਾਨ ਵਿਚ ।
ਕਾਠੇ ਕਾਹੂ, ਪੋਲੇ ਗੰਨੇ ਚੂਪ ਸੱਚੋ ਸੱਚ ਦੱਸੋ,
ਮੇਰੇ ਦੇਸ਼ ਜਿਹਾ ਕੋਈ ਦੇਸ਼ ਹੈ ਜਹਾਨ ਵਿਚ ?
ਗੰਗਾ ਦੀ ਲਹਿਰ ਤੇ ਲਟਕ ਦੇਖੋ ਜਮਨਾ ਦੀ,
ਅਟਕ ਮਟਕ ਨਾਲ ਚਲਦਾ ਗੁਮਾਨ ਵਿਚ ।

ਸਤਲੁਜ ਬਿਆਸ ਰਾਵੀ ਜੇਹਲਮ ਚਨਾਬ ਦੇਖੋ,
ਸਿਫ਼ਤ ਜਿਨ੍ਹਾਂ ਦੀ ਆਉਂਦੀ ਧਿਆਨ ਵਿਚ ।
ਸੋਹਣੇ ਸੋਹਣੇ ਬਾਗਾਂ 'ਚ ਕਲੋਲ ਸੁਣੋ ਪੰਛੀਆਂ ਦੀ,
ਹਵਾ ਖੋਰੀ ਕਰੋ ਹਰਿਆਵਲੇ ਮੈਦਾਨ ਵਿਚ ।
ਸ਼ਿਮਲਾ, ਮਸੂਰੀ, ਕਸ਼ਮੀਰ ਦੇਖ ਸੱਚ ਦੱਸੋ,
ਮੇਰੇ ਦੇਸ਼ ਜਿਹਾ ਕਿਹੜਾ ਦੇਸ਼ ਹੈ ਜਹਾਨ ਵਿਚ ?
ਸੂਹਲ ਬੰਗਾਲ ਦੇ ਪੰਜਾਬ ਦੇ ਪਹਿਲਵਾਨ,
ਮਾਰ ਦੇਂਦੇ ਟੱਕਰ ਜੋ ਆਉਂਦੇ ਤੂਫ਼ਾਨ ਵਿਚ ।
ਸਿੰਧ ਦੇ ਗਠੀਲੇ ਤੇ ਸਜੀਲੇ ਯੂ. ਪੀ. ਸੀ. ਪੀ. ਬੰਦੇ,
ਬਾਂਕੇ ਜਵਾਨ ਦੇਖੋ ਰਾਜਸਥਾਨ ਵਿਚ ।
ਕੁਤਬ ਮੀਨਾਰ, ਤਾਜ ਮਹਿਲ, ਦਿੱਲੀ, ਆਗਰੇ ਦਾ,
ਹਰਿਮੰਦਰ ਦੀ ਸ਼ਾਨ ਆਵੇ ਨ ਬਿਆਨ ਵਿਚ ।
ਏਸੇ ਲਈ 'ਭਿਖਾਰੀ' ਇਹ ਗੱਜ ਵੱਜ ਆਖਦਾ ਏ,
ਮੇਰੇ ਦੇਸ਼ ਜੇਹਾ ਕੋਈ ਦੇਸ਼ ਨਾ ਜਹਾਨ ਵਿਚ ।

◆

# ਕਰੇ ਇਨਸਾਨ ਉਤੇ ਜ਼ੁਲਮ
# ਹੱਕ ਇਨਸਾਨ ਦਾ ਕੀ ਏ ?

◆

**-ਸੌਦਾਗਰ ਸਿੰਘ ਭਿਖਾਰੀ**

---

ਕਲਮ ! ਆ ਦੁਰਦਸ਼ਾ ਆਪਣੀ ਤੇ, ਦੋ ਅੱਥਰੂ ਵਹਾ ਦਈਏ !
ਸਖ਼ਤ ਪੱਥਰ ਦਿਲਾਂ ਤਾਈਂ ਰੁਆ, ਸ੍ਰਿਸ਼ਟੀ ਕੰਬਾ ਦਈਏ !
ਭਲਾ ਜੇ ਭੁੱਲ ਸਮਝ ਆਪਣੀ, ਉਹ ਜੁਗ ਨੂੰ ਦੇ ਦੇਵੇ ਪਲਟਾ !
ਬਿਪਤ ਆਪਣੀ ਦਾ ਖਿੱਚ ਚਿਤ੍ਰ, ਬ੍ਰਹਮਾ ਨੂੰ ਰੁਆ ਦਈਏ !

ਚੜ੍ਹੇ ਸੂਰਜ ਤੋਂ ਮੇਹਨਤ ਅਸਤ ਤਕ, ਕਰ ਟੁੱਟ ਜਾਂਦੇ ਹਾਂ !
ਨ ਪਰ ਅਫਸੋਸ ! ਆਪਣੇ ਸੇਠ ਨੂੰ, ਖੁਸ਼ ਫਿਰ ਭੀ ਪਾਂਦੇ ਹਾਂ !
ਜਦੋਂ ਦੇਖੋ ਮਥੇ ਤਿਊੜੀ, ਤੇ ਮੂੰਹ ਦੀ ਅਜਬ ਹੀ ਸੂਰਤ,
ਵਹੌਂਦੇ ਖ਼ੂਨ ਨਿਜ ਹਾਂ, ਫੇਰ ਭੀ ਝਿੜਕਾਂ ਖਾਂਦੇ ਹਾਂ !

ਜੋ ਕੁਝ ਮਿਲਦਾ, ਨਾ ਉਸਤੋਂ ਆਪਣਾ ਹੀ ਢਿੱਡ ਭਰਦਾ ਹੈ !
ਉਧਰ ਬਿਨ ਖਰਚ ਦੇ ਟੱਬਰ, ਪਿਆ ਭੁੱਖਾ ਹੀ ਮਰਦਾ ਹੈ !
ਅਜੇ ਸੇਠਾਂ ਦੇ ਕਰਜ਼ੇ ਨੇ ਸ਼ਿਕੰਜੇ ਜਾਨ ਦਿੱਤੀ ਹੈ !
ਅਜੇਹੇ ਨਰਕਮਯ ਜੀਵਨ ਨੂੰ ਬਸ ਹੁਣ ਜੀਅ ਨ ਕਰਦਾ ਹੈ !

ਵਿਧਾਤਾ ! ਕਹੁ ਭਲਾ ਇਸ ਵਿਚ ਤੇਰੀ ਕੀ ਏ ਨਿਆਂਕਾਰੀ ?
ਕਰੇ ਮੇਹਨਤ ਕੋਈ, ਉਸ ਤੋਂ ਉਡਾਵੇ ਐਸ਼ ਕੋਈ ਭਾਰੀ !
ਵਿਚਾਰਾ ਇਕ ਤਾਂ ਮਰਕੇ, ਨ ਰੋਟੀ ਰਜਵੀਂ ਪਾਂਦਾ ਹੈ,
ਦੂਏ ਬੈਠੇ ਲਈ ਪਰ ਛੱਡਿਆ ਸੋ ਕਰ ਵਕਤ ਜਾਰੀ !

ਪਏ ਦਿਨ ਰਾਤ ਜੋ ਬੈਠੇ ਗ਼ਰੀਬਾਂ ਦਾ ਖ਼ੂਨ ਪੀਂਦੇ ਨੇ !
ਚੜ੍ਹਨ ਟਮ ਟਮ ਬਹਾਰਾਂ ਲੈਣ ਸੌਂਦੇ ਸੁਖ ਨੀਂਦੇ ਨੇ !
ਵਿਚਾਰੇ ਦਸ ਨਵ੍ਹਾਂ ਦੀ ਕਿਰਤ ਕਰਕੇ ਢਿੱਡ ਭਰਨ ਵਾਲੇ !
ਰਤਾ ਬੇਦਰਦ ਓ ! ਕਹੁ ਖਾ, ਉਹ ਕਿਸ ਖ਼ਾਤਰ ਕੁਹੀਂਦੇ ਨੇ !

ਵਹਾ ਮੁੜ੍ਹਕਾ ਅਸਹਿ ਦੁੱਖ ਸਹਿ, ਜੋ ਸੁਖ ਹੋਰਾਂ ਪੁਚੌਂਦੇ ਨੇ !
ਉਹ ਨਿਜ ਪਰਿਵਾਰ ਪਾਲਨ ਹਿਤ, ਸਦਾ ਹੀ ਸਟ ਪਟਾਂਦੇ ਨੇ !
ਨ ਤਨ ਤੇ ਲੀਰ ਪਾਟੀ ਵੀ, ਕਰਨ ਨੰਗੇ ਅਸਹਿ ਪਾਲੀ !
ਨ ਜੁੜਦਾ ਟੁੱਕ ਇਕ ਵੇਲੇ, ਪਏ ਫਾਕੇ ਲੰਘੌਂਦੇ ਨੇ !

ਉਡਾਵੇ ਐਸ਼ ਸਿਰ ਕਿਰਤੀ ਦੇ, ਹੱਕ ਧਨਵਾਨ ਦਾ ਕੀ ਏ ?
ਵਿਖਾਵੇ ਜ਼ੋਰ ਕਮਜ਼ੋਰਾਂ ਤੇ, ਹੱਕ ਬਲਵਾਨ ਦਾ ਕੀ ਏ ?
ਇਕੋ ਹੀ ਨੂਰ ਤੋਂ ਉਪਜੇ, ਦੁਏ ਹੱਕਦਾਰ ਇਕ ਜੇਹੇ
ਕਰੇ ਇਨਸਾਨ ਉਤੇ ਜ਼ੁਲਮ, ਹੱਕ ਇਨਸਾਨ ਦਾ ਕੀ ਏ ?

ਮਿਰੇ ਦੁੱਖਾਂ ਦੀ ਵਿਥਿਆ ਸੁਣ, ਪੱਥਰ ਵੀ ਥਰ੍ਹ ਥਰ੍ਹਾਵਣਗੇ !
ਧਰਤ ਅਕਾਸ਼ ਦੇ ਹਿਰਦੇ ਕੀ, ਫਟ ਦੋ ਟੁਕ ਹੋ ਜਾਵਣਗੇ !
ਗਗਨ ਮੰਡਲ ਦੇ ਹਿਲੂ ਜਾਂ ਆਹ, ਧੁਰ ਦਰਗਾਹ ਜਾ ਪਹੁੰਚੀ !
ਮਿਰੇ ਇਹ ਕੀਰਨੇ ਜਗ ਤੇ ਨਵਾਂ ਹੀ ਰੰਗ ਲਿਆਵਣਗੇ !

ਮੈਂ ਆਪਣੀ ਮੁਸ਼ਕਲਾਂ ਦਾ ਆਪ ਹੀ ਦਾਰੂ ਬਨਾਵਾਂਗਾ !
ਗੁਰੂ ਕੀਤੀ ਤਾਂ ਛੁਟਕਾਰਾ ਤੁਰਤ ਦੁਖਾਂ ਤੋਂ ਪਾਵਾਂਗਾ !
ਮਿਰੇ ਕਰਤਬ ਨੂੰ ਵੇਖੇਗਾ, ਜਗਤ ਦਾ ਤਖ਼ਤ ਹਿੱਲੇਗਾ !
ਮੈਂ ਜਗ ਤੋਂ ਨਿਰਧਨੀ ਧਨਵਾਨ ਦਾ ਨਾਂ ਹੀ ਮਿਟਾਵਾਂਗਾ !

ਮਿਰੇ ਸਤਿਗੁਰ ! ਦਯਾ ਧਾਰੋ, ਨਿਜ ਆਸ਼ੇ ਵਿਚ ਸਫਲ ਹੋਵਾਂ !
ਜਗਤ ਦੇ ਰਾਜ ਇਕਤਾ ਦਾ, ਕਰਨ ਵਿਚ ਨਾ ਅਫਲ ਹੋਵਾਂ !
ਨ ਦੁਨੀਆਂ ਵਿਚ ਰਹੇ ਨਿਰਧਨ, ਧਨ ਭੀ ਨਜ਼ਰ ਨਾ ਆਵੇ !
ਦੁਵੈਤਾ ਦੁਸ਼ਟ ਮਾਰਨ ਨੂੰ, ਦੋਮੂੰਹੀ ਹੀ ਰਫ਼ਲ ਹੋਵਾਂ !

◆

## ਇਸ ਲਈ ਸਾਡੇ ਬੁਰੇ ਹਾਲ ਹੋ ਗਏ

◆

-ਸੌਦਾਗਰ ਸਿੰਘ ਭਿਖਾਰੀ

---

ਕੌਮਾਂ ਉਠੀਆਂ, ਉਠ ਕੇ ਅਗਾਂਹ ਵਧੀਆਂ,
ਸਾਨੂੰ ਸੁੱਤਿਆਂ ਨੂੰ ਕਈ ਸਾਲ ਹੋ ਗਏ।
ਅਸੀਂ ਅੱਜ ਤਕ ਭੀ ਪਾਸਾ ਪਰਤਿਆ ਨਾ,
ਲੁਟ ਪੁਟ ਗ਼ੈਰ ਸਾਨੂੰ ਮਾਲਾ ਮਾਲ ਹੋ ਗਏ।
ਅਸੀਂ ਟੀਸੀ ਹੇਠਾਂ ਪਟਾਕ ਡਿੱਗੇ,
ਅਤੇ ਦੁਖੀ ਭਾਵੇਂ ਵਾਲ ਵਾਲ ਹੋ ਗਏ।
ਪਰ ਹਾਂ! ਫੱਟ ਗ਼ੁਲਾਮੀ ਦੀ ਲਾਹੁਣ ਨੂੰ ਨਾ,
ਅਸੀਂ ਸ਼ੇਰ ਬਣ ਵੈਰੀ ਲਈ ਕਾਲ ਹੋ ਗਏ।
ਆਪੋ ਵਿਚ ਕੇਵਲ ਲੜ ਲੜ ਮਰਨ ਦੇ ਲਈ,
ਸਾਡੇ ਤਿਆਰ ਬੁੱਢੇ ਤੇ ਬਾਲ ਹੋ ਗਏ।
ਏਹੋ ਧਰਮ ਤੇ ਏਹੋ ਆਦਰਸ਼ ਸਾਡਾ,
ਤਾਲੋਂ ਘੁਥ ਕੇ ਐਸੇ ਬੇਤਾਲ ਹੋ ਗਏ।
ਏਕਾ ਨਿਮ੍ਰਤਾ ਭਰਾਤਰੀ ਭਾਵ ਸ਼ੁਭ ਗੁਣ,
ਸਭ ਖੁਹਾਇਕੇ ਅਸੀਂ ਕੰਗਾਲ ਹੋ ਗਏ।
ਅਸੀਂ ਆਪ ਹੀ ਵੈਰੀ ਦੀ ਢਾਲ ਹੋ ਗਏ,
ਇਸੇ ਲਈ ਸਾਡੇ ਬੁਰੇ ਹਾਲ ਹੋ ਗਏ।

◆

# ਹਲੂਣਾ

◆

-ਸੌਦਾਗਰ ਸਿੰਘ ਭਿਖਾਰੀ

ਕੌਮੀ ਸ਼ੁਭ ਚਿੰਤਕੋ ਮਲਾਹੋ, ਨੌਜਵਾਨੋ ਬੀਰੋ
ਮੇਰੀ ਇਕ ਬੇਨਤੀ ਦੇ ਵਲ ਕੰਨ ਲਾ ਦਿਓ।
ਹੋ ਗਈ ਦੁਪਹਿਰ ਕੌਮਾਂ ਉੱਚੀਆਂ ਹੋਈਆਂ
ਮਾਰਨੇ ਘੁਰਾੜੇ ਹੁਣ ਤੁਸੀਂ ਵੀ ਤਜਾ ਦਿਓ।
ਕੌਮੀ ਆਨ, ਸ਼ਾਨ, ਤਾਨ ਦਾ ਧਿਆਨ ਕਰੋ
ਉਠੋ ਮਾਰੋ ਹੰਭਲਾ ਕਦਮ ਅਗਾਂਹ ਵਧਾ ਦਿਓ।
ਔਕੜਾਂ ਹਟਾ ਦਿਓ ਤੇ ਸਾਫ਼ ਰਾਹ ਕਰਾ ਦਿਓ ਤੇ
ਕੌਮ ਆਪਣੀ ਨੂੰ ਪੌੜੀ ਉੱਨਤ ਦੀ ਚੜ੍ਹਾ ਦਿਓ।
ਕੌਮੀ ਬੇੜਾ ਦੇਖੋ ਕਿਵੇ ਡੱਕੇ ਡੋਲੇ ਖਾ ਰਿਹਾ ਹੈ
ਉਠੋ ਲਾਓ ਤਾਣ ਇਹਨੂੰ ਕੰਢੇ ਪੁਚਾ ਦਿਓ।
ਕੌਮ ਦੀ ਦੁਹਾਈ ਛੱਡੋ ਭੰਨਣੇ ਉਸਲ ਵੱਟੇ
ਹੋ ਜਾਓ ਸੁਚੇਤ ਗਿੱਡ ਅੱਖੀਆਂ ਦੀ ਲਾਹ ਦਿਓ।
ਦੇਖੋ ਸਾਡੇ ਹੱਕ ਪੈਰਾ ਹੇਠ ਨੇ ਮਧੋਲੇ ਜਾਂਦੇ
ਸ਼ੇਰ ਬਣੋ ਗੱਜੋ ਦੇਖੀ ਗਿੱਦੜ ਨਠਾ ਦਿਓ।
ਛਾਲਾਂ ਮਾਰ ਮਾਰ ਆਓ ਨਿਤਰੋ ਮੈਦਾਨ ਵਿਚ
ਡਟ ਜਾਓ ਕੌਮੀ ਜੰਗ ਫ਼ਤਹਿ ਕਰਵਾ ਦਿਓ।
ਦੇਖੋ ਕਿਵੇਂ ਦੁੱਖਾਂ ਦੀ ਹਨੇਰੀ ਸਿਰ ਝੁੱਲਦੀ ਹੈ
ਬਣ ਜਾਓ ਪਹਾੜ ਮੂੰਹ ਏਸ ਦਾ ਭੁਆਂ ਦਿਓ।

ਫੁੱਟ ਚੰਦਰੀ ਨੂੰ ਹੂੰਝ ਹੂੰਝ ਘਰੋਂ ਬਾਹਰ ਕਢੋ
ਏਕਤਾ ਦੀ ਮਾਲਾ ਸਾਰੀ ਕੌਮ ਨੂੰ ਬਣਾ ਦਿਓ।
ਦੇਖੋ ਖੇਰੂੰ ਖੇਰੂੰ ਕਿਵੇਂ ਹੋ ਰਹੀ ਹੈ ਜਥੇਬੰਦੀ
ਵਿਛੜੇ ਭਰਾਵਾਂ ਦੀਆਂ ਜੱਫੀਆਂ ਪਵਾ ਦਿਓ।
ਰੁੱਸਿਆ ਮਨਾ ਦਿਓ ਤੇ ਸੁੱਤਿਆਂ ਜਗਾ ਦਿਓ ਤੇ
ਜਾਗਦਿਆਂ ਤਾਈਂ ਫਰਜ਼ ਆਪਣਾ ਜਤਾ ਦਿਓ।
ਉਠੋ ਘਰ ਆਪਣਾ ਸੰਭਾਲ ਲਓ, ਸੰਭਲ ਜਾਓ
ਕੀਮਤੀ ਸਮਾਂ ਹੈ, ਸੋਚਾਂ ਵਿਚ ਨਾ ਵਹਾ ਦਿਓ।
ਕੌਮਾਂ ਨੂੰ ਉਠਾਓ ਜਾਨ ਮੁਰਦਿਆਂ 'ਚ ਪਾਓ ਅਤੇ
ਬਿਪਤਾ ਪਹਾੜ ਸਿਰ ਡਿਗਦੇ ਠਗ੍ਹਾ ਦਿਓ।
ਏਕਤਾ ਮਿਲਾਪ ਪ੍ਰੇਮ ਸਿੰਧ ਠਾਠਾਂ ਮਾਰ ਉਠੇ
ਜਥੇਬੰਦਕ ਸੰਦਾ ਇਕ ਹੜ ਦੀ ਵਗਾ ਦਿਓ।
ਦੇਸ਼ ਦੀ ਮੌਜੂਦਾ ਜੱਦੋ-ਜਹਿਦ ਭਰੀ ਵੰਡ ਵਿਚੋਂ
ਆਪਣੇ ਹਕੂਕ ਗੈਰਾਂ ਹੱਥ ਨਾ ਲੁਟਾ ਦਿਓ।
ਕੌਣ ਹੈ ਉਹ ? ਸਾਡੀ ਵਾਓ ਵਲ ਵੀ ਜੋ ਤਕ ਸਕੇ
ਜੱਗ ਦੇ ਲੋਕਾਂ ਨੂੰ ਗੱਜ ਵੱਜ ਕੇ ਸੁਣਾ ਦਿਓ।
ਤਰਥੱਲੀ ਮਚਾ ਦਿਆਂਗੇ, ਪਰਲੋ ਲਿਆ ਦਿਆਂਗੇ
ਆਣ ਨਾਲ ਜੀਵਾਂਗੇ, ਇਹ ਨਿਸ਼ਚਾ ਕਰਾ ਦਿਓ।
ਕੌਮ ਦੀ ਦੁਹਾਈ ਜਗ ਜੀਵਣਾ ਜੇ ਚਾਹੁੰਦੇ ਹੋ
ਤਾਂ ਇਹ ਦਾਨ ਮੇਰੀ ਝੋਲੀ ਵਿਚ ਪਾ ਦਿਓ।

◆

# ਚਿਤਾਵਨੀ

◆

-ਸੌਦਾਗਰ ਸਿੰਘ ਭਿਖਾਰੀ

ਜਗਤ ਦੇ ਰਚਣ ਹਾਰੇ ਹੁਣ
ਕੋਈ ਤੂਫ਼ਾਨ ਪੈਦਾ ਕਰ
ਉਡਾ ਲੈ ਜਾਹ (ਇਹ) ਸਭ ਹੈਵਾਨ
ਤੇ ਇਨਸਾਨ ਪੈਦਾ ਕਰ
ਖਲਕ ਦੀ ਜ਼ਿੰਦੜੀ ਤੰਗ
ਆ ਗਈ ਹੈ ਇਨ੍ਹਾਂ ਦੈਂਤਾਂ ਤੋਂ
ਇਨ੍ਹਾਂ ਦੇ ਸੋਧਣੇ ਨੂੰ ਜਾ
ਕੋਈ ਸਾਮਾਨ ਪੈਦਾ ਕਰ।
ਮਰੇ ਜੀਏ ਕੋਈ ਨਾ ਇਨ੍ਹਾਂ ਨੂੰ
ਹੈ ਦਰਦ ਕੋਈ ਵੀ
ਇਨ੍ਹਾਂ ਦੇ ਦਿਲਾਂ ਵਿਚ ਜਾ
ਫਰਜ਼ ਦੀ ਪਹਿਚਾਨ ਪੈਦਾ ਕਰ।
ਮਿਲਾਵਟ ਦੁੱਧ ਵਿਚ ਘਿਉ ਵਿਚ
ਮਿਲਾਵਟ ਤੇਲ ਮਿੱਟੀ ਵਿਚ
ਭਿਆਨਕ ਰੋਗ (ਇਹ) ਕੱਟਣ ਨੂੰ
ਕੋਈ ਲੁਕਮਾਨ ਪੈਦਾ ਕਰ।
ਭਰੇ ਗੋਡੌਨ ਆਟੇ ਦੇ
ਗ਼ਰੀਬਾਂ ਨੂੰ ਨਾ ਪਾ ਲੱਭੇ

ਇਨ੍ਹਾਂ ਕੰਸਾਂ ਦੇ ਮਾਰਨ ਨੂੰ
(ਕੋਈ) ਕ੍ਰਿਸ਼ਨ ਭਗਵਾਨ ਪੈਦਾ ਕਰ।
ਤੂੰ ਬੋਲਾ ਹੈ ? ਤੂੰ ਅੰਨ੍ਹਾ ਹੈ ?
ਨਹੀਂ ਸੁਣਦਾ ? ਨਹੀਂ ਦਿਸਦਾ ?
ਖਲਕ ਰੋਂਦੀ ਦੇ ਬੁੱਲ੍ਹਾਂ ਤੇ
ਜ਼ਰਾ ਮੁਸਕਾਨ ਪੈਦਾ ਕਰ।
ਰਹੇ ਵਿਹੰਦਾ ਤਮਾਸ਼ਾ ਤੂੰ
ਅਤੇ ਖ਼ਲਕਤ ਪਈ ਲੁੱਛੇ
ਦੁੱਖਾਂ ਦੇ ਢਾਹ ਕੇ ਪਰਬਤ
ਸੁੱਖਾਂ ਦੀ ਖਾਨ ਪੈਦਾ ਕਰ।
ਨ ਆਪਣਾ ਫਰਜ਼ ਜੇ ਜਾਤਾ
ਤਾਂ ਨਾ ਮਿਟ ਜਾਏਗਾ ਤੇਰਾ
ਤੂੰ ਆਪਣੇ ਦਿਲ 'ਚ ਆਪਣੇ
ਫਰਜ਼ ਦੀ ਪਹਿਚਾਨ ਪੈਦਾ ਕਰ।

◆

## ਕਾਵਿ ਟੋਟੇ

◆

-ਸੌਦਾਗਰ ਸਿੰਘ ਭਿਖਾਰੀ

### ਵਤਨ ਪਿਆਰ

ਵਤਨ ਦਾ ਕੌਮ ਦਾ, ਮੇਰੇ ਸਿਰੋਂ ਕਰਜ਼ਾ ਅਦਾ ਹੋਵੇ।
ਵਤਨ ਤੋਂ ਕੌਮ ਤੋਂ ਲੋਕੋ, ਮੇਰੀ ਜ਼ਿੰਦੜੀ ਫ਼ਿਦਾ ਹੋਵੇ।

### ਜੀਵਨ ਉਦੇਸ਼

ਜਦੋਂ ਤਕ ਦੇਸ਼ ਪਰਤੰਤਰ, ਨਾ ਸੁਖ ਦਾ ਸਾਹ ਲਵਾਂ ਤਦ ਤਕ।
ਜਦੋਂ ਤਕ ਬਿਪਤ ਦੁਖੀਆਂ 'ਤੇ, ਨਾ ਐਸ਼ 'ਚ ਪਲ ਬਢ੍ਹਾਂ ਤਦ ਤਕ।

### ਨੇਤਾਵਾਂ ਦੀ ਕਾਰ-ਗੁਜ਼ਾਰੀ

ਸੱਚ ਨੂੰ ਛੁਪਾਏ ਸੱਭੇ ਆਪਣੀ ਹੀ ਮਾਰਦੇ ਨੇ,
ਲੋੜ ਵੇਲੇ ਭਜ ਜਾਂਦੇ ਲੰਡਨ ਨੂੰ ਸਾਰੇ ਨੇ।
ਕੋਈ ਮਰੇ ਜੀਵੇ ਭਾਵੇਂ ਆਪ ਮੌਜਾਂ ਮਾਣਦੇ ਨੇ,
ਲੀਡਰੀ ਦੀ ਪੂਛ ਪਰ ਲਾਈ ਫਿਰਨ ਸਾਰੇ ਨੇ।

### ਅਰਦਾਸ

ਰਾਜ ਦੀ ਨਾ ਲੋੜ, ਸੁੱਖ ਸਾਜ਼ ਦੀ ਨਾ ਲੋੜ ਰਹੇ
ਮੋਖ ਦੀ ਨਾ ਲੋੜ, ਚਾਹ ਏਹੋ ਉਮਗੀ ਰਹੇ।
ਜੋਗ ਦੀ ਨਾ ਲੋੜ, ਜਗ ਭੋਗ ਦੀ ਨ ਲੋੜ ਕੋਈ,
ਭੈੜੀ ਕਾਮ ਚਾਹ ਮੈਥੋਂ ਦੂਰ ਹੀ ਭਗੀ ਰਹੇ।
ਨੇਕੀ, ਉਪਕਾਰ, ਸੱਚ ਸ਼ੀਲਤਾ ਪਿਆਰੇ --

ਦਯਾ, ਨਿਮਰਤਾ ਦੀ ਜੋਤ ਮੇਰੇ ਹਿਰਦੇ ਜਗੀ ਰਹੇ।
ਸੰਗਤ ਦੀ ਸੇਵਾ ਮੇਰਾ ਜੀਵਨ ਉਦੇਸ਼ ਹੋਵੇ।
ਕੁਰਬਾਨੀ ਹਿਤ ਸਦਾ ਲਗਨ ਮੇਰੀ ਲਗੀ ਰਹੇ।

**ਪ੍ਰਤਿੱਗਯਾ**

ਤਨ ਮਨ ਬਚਨ ਤੋਂ ਧਨ ਤੋਂ ਸੇਵਾ ਤੇਰੀ ਕਰਾਂਗਾ।
ਤੇਰੇ ਲਈ ਜੀਆਂਗਾ, ਤੇਰੇ ਲਈ ਮਰਾਂਗਾ।

**ਮਾਨਵੀ ਕਰਤੱਵ**

ਮਨੁੱਖਾ ਜੀਵਨ ਪਾਇਆ ਈ
ਤਾਂ ਮਨੁੱਖ ਬਣ ਦਿਖਲਾਈ ਜਾ।
ਇਹ ਸੋਹਣੀ ਰਚਨਾ ਕਰਤੇ ਦੀ,
ਸਾਰਾ ਜਗ ਰੂਪ ਸੁਰਗ ਦਾ ਹੈ।
ਬੀ ਬੀਜ ਤੁਅੱਸਬ ਸੁਆਰਥ ਦਾ
ਇਸ ਨੂੰ ਨਾ ਨਰਕ ਬਣਾਈ ਜਾ।

**ਫਰਜ਼**

ਜਗ ਵਿਚ ਆਵੇ ਤਾਂ ਕਮਾਵੇ ਉਪਕਾਰ ਕੋਈ
ਐਵੇਂ ਗੱਪਾਂ ਮਾਰ ਸਮਾਂ ਵਿਹਲਿਆ ਬਿਤਾਵੇ ਨਾ।
ਜਨ ਸੇਵਾ, ਦੇਸ਼ ਸੇਵਾ, ਦੀਨ ਦੁਖੀਆਂ ਦੀ ਸੇਵਾ,
ਵਧ ਕੇ ਕਮਾਵੇ ਜੀਉ ਕਦੀ ਵੀ ਡੁਲਾਵੇ ਨਾ।
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਪਾਪੀਆਂ ਦੇ
ਫੰਦੇ ਵਿਚ ਆ ਕੇ ਮੰਦੇ ਕਰਮ ਕਮਾਵੇ ਨਾ।
ਜੀਵਨ ਗੁਆਵੇ ਨਾ, ਧਰਮ ਲੇਖੇ ਲਾਵੇ ਏਹ--
ਮਨੁੱਖਾ ਜਨਮ ਬਾਰ ਬਾਰ ਹੱਥ ਆਵੇ ਨਾ।

**ਵਰਨਾ**

ਤੇਰੇ ਜਹੇ ਵਾਧੂ ਬੰਦਿਆਂ ਦੀ
ਇਸ ਜਗ ਤੇ ਕੋਈ ਥੋੜ ਨਹੀਂ।
ਤੂੰ ਐਵੇਂ ਬਣ ਬਣ ਬੈਠ ਨਹੀਂ
ਦੁਨੀਆਂ ਤੇ ਤੇਰੀ ਲੋੜ ਨਹੀਂ।

**ਸਵੈ-ਕਰਤੱਵ**

ਮੈਂ ਆਪਣੀ ਮੁਸ਼ਕਲਾਂ ਦਾ, ਆਪ ਹੀ ਦਾਰੂ ਬਣਾਵਾਗਾਂ।
ਹਿੰਮਤ ਨਾਲ ਛੁਟਕਾਰਾ ਤੁਰੰਤ ਦੁਖਾਂ ਤੋਂ ਪਾਵਾਂਗਾ।
ਮੇਰੇ ਕਰਤਬ ਨੂੰ ਦੇਖੇਗਾ, ਜਗਤ ਦਾ ਤਖ਼ਤ ਹਿੱਲੇਗਾ।

◆

# ਪ੍ਰੇਮ ਲਹਿਰਾਂ : ਸਮਕਾਲੀਆਂ ਦੇ ਝਰੋਖੇ 'ਚੋਂ

## ‘ਭਿਖਾਰੀ’ ਜੀ ਰਚਿਤ ਕਾਵਿ ਪੁਸਤਕ ‘ਪ੍ਰੇਮ ਲਹਿਰਾਂ’ ਬਾਰੇ ਵਿਦਵਾਨਾਂ ਦੀਆਂ ਰਾਵਾਂ

‘ਪ੍ਰੇਮ ਲਹਿਰਾਂ’ ਦੇ ਪੰਜ ਹਿੱਸੇ ਹਨ। ਹਰ ਹਿੱਸੇ ਵਿਚ ਵੱਖਰੇ ਵੱਖਰੇ ਮਜ਼ਮੂਨ ਹਨ।

ਕਵਿਤਾ ਠੇਠ ਪੰਜਾਬੀ ਵਿਚ ਹੈ, ਛੰਦਾਂ ਦੀ ਚਾਲ ਦੀ ਰਵਾਨਗੀ ਸਰਲ ਤੇ ਕੁਦਰਤੀ ਹੈ ਤੇ ਜੀ ਨੂੰ ਸੁਹਣੀ ਲਗਦੀ ਹੈ।

ਖ਼ਿਆਲਾਂ ਦੀ ਬੰਦਸ਼ ਵੀ ਕਵੀ ਨੇ ਸੁਹਣੀ ਕੀਤੀ ਹੈ, ਤੇ ਵਿਚਾਰ ਦੇ ਪੂਰਬ ਅਸਰ ਨੂੰ ਨਿਬਾਹਿਆ ਹੈ।

ਪ੍ਰੇਮ ਵੈਰਾਗ ਦੇ ਵਲਵਲੇ ਛੇੜਨ ਵਾਲੇ ਛੰਦ ਵੀ ਚੰਗੇ ਹਨ। ਹਾਸ ਬਿਲਾਸ ਸਿਖਿਆ, ਸਿੱਖੀ ਭਾਵਨਾ ਤੇ ਕੌਮੀ ਦਰਦ ਸੰਬੰਧੀ ਨਜ਼ਮਾਂ ਕਾਬਲੇ ਕਦਰ ਹਨ। ‘ਸਾਹਿਤਯ ਬੀਨ’ ਨਾਮੇ ਹਿੱਸਾ ਸਾਹਿਤ ਵਿਚ ਚੰਗਾ ਮਾਣ ਰੱਖਣ ਵਾਲੀਆਂ ਨਜ਼ਮਾਂ ਦਾ ਗੁੰਦਿਆ ਗੁਲਦਸਤਾ ਹੈ।

‘ਸ਼ਰਧਾ’ ਦੇ ਫੁੱਲ ਨਾਮੇ ਹਿੱਸੇ ਵਿਚ ਲਿਖੇ ਛੰਦ ਬੜੇ ਦਿਲ ਖਿੱਚਵੇਂ ਹਨ। ਇਸੇ ਤਰ੍ਹਾਂ ਕਵੀ ਜੀ ਨੇ ਆਪਣੇ ਚੁਣੇ ਮਜ਼ਮੂਨਾਂ ਨੂੰ ਚੰਗਾ ਨਿਬਾਹਿਆ ਹੈ।

ਮਸੂਰੀ 19-9-30 **-ਭਾਈ ਵੀਰ ਸਿੰਘ**

◆ ‘ਭਿਖਾਰੀ ਜੀ ਦੀਆਂ ‘ਪ੍ਰੇਮ ਲਹਿਰਾਂ’ ਜੋ ਪ੍ਰੇਮ ਰਹਿਤ ਮਨਾਂ ਤੋਂ ਪ੍ਰੇਮ ਦੇ ਤਰੰਗ ਉਤਪੰਨ ਕਰਨ ਦੀ ਸਮਰੱਥਾ ਰਖਦੀਆਂ ਹਨ, ਪੜ੍ਹਕੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ। ਲੇਖ ਅਨੇਕ ਵਿਸ਼ਿਆ ਤੇ ਮਨੋਹਰ ਕਾਵਿ ਵਿਚ ਲਿਖੇ ਗਏ ਹਨ। ਕਵਿਤਾ ਦੇ ਪ੍ਰੇਮੀਆਂ ਅਤੇ ਸਤਿਗੁਰੂ ਨਾਲ ਪਿਆਰ ਰੱਖਣ ਵਾਲੇ ਸੱਜਣਾਂ ਨੂੰ ‘ਪ੍ਰੇਮ ਲਹਿਰਾਂ’ ਪੁਸਤਕ ਤੋਂ ਲਾਭ ਉਠਾਉਣਾ ਚਾਹੀਏ।

ਨਾਭਾ 11-9-30 **-ਭਾਈ ਸਾਹਿਬ ਭਾਈ ਕਾਹਨ ਸਿੰਘ**

◆ ‘ਭਿਖਾਰੀ’ ਜੀ ਦੀਆਂ ‘ਪ੍ਰੇਮ ਲਹਿਰਾਂ’ ਵਿਚੋਂ ਸਾਹਿਤ ਦੀ ਤਰੰਗ ਚੰਗਾ ਰੰਗ ਬੰਨ੍ਹਦੀ ਏ। ਇਹਦੇ ਬਹੁਤੇ ਮਜ਼ਮੂਨਾਂ ਲਈ ਢੰਗ ਦੀ ਸਾਦਗੀ ਦੀ ਲੋੜ ਹੁੰਦੀ ਏ। ਸੋ ਕਰਤਾ ਜੀ ਅਪਣਾਉਂਦੇ ਦਿੱਸ ਰਹੇ ਨੇ। ਇਹ ਉਨ੍ਹਾਂ ਚੋਣਵਿਆਂ ਪੰਜਾਬੀ ਭਗਤਾਂ ਵਿਚੋਂ ਨੇ ਜਿਨ੍ਹਾਂ ਦੇ ਜੀਵਨ ਦਾ ਇਕੋ ਇਕ

ਧਰਮ ਮਾਤ-ਬੋਲੀ ਦੀ ਨਿਸ਼ਕਾਮ ਸੇਵਾ ਬਣ ਚੁੱਕਾ ਏ। 'ਭਿਖਾਰੀ' ਜਿਹੇ ਸੋਹਣੇ ਕਵੀ ਦੀ ਵੀ ਉਪਮਾ ਕਰਨ ਦੀ ਲੋੜ ਏ ?

ਝੰਗ 24-10-30 **-ਪ੍ਰੋ. ਬ੍ਰਿਜ ਲਾਲ ਸ਼ਾਸਤਰੀ**

◆ 'ਭਿਖਾਰੀ' ਜੀ ਦੀ ਬਣਾਈ ਹੋਈ ਇਹ ਕਿਤਾਬ ਮੇਰੀ ਨਜ਼ਰ ਵਿਚੋਂ ਗੁਜ਼ਰੀ। ਇਸਦੇ ਪੰਜ ਹਿੱਸੇ ਹਨ। ਪਹਿਲਾ ਹਿੱਸਾ ਧਾਰਮਕ ਹੈ। ਦੂਸਰੇ ਵਿਚ ਕੁਦਰਤੀ ਨਜ਼ਾਰੇ ਵਿਖਾਏ ਗਏ ਹਨ; ਜੋ ਨਿਰੋਲ ਪੰਜਾਬੀ ਵਿਚ ਬੜੇ ਸੁੰਦਰ ਸੁਆਦਲੇ ਤੇ ਵਧੀਆ ਹਨ। ਤੀਸਰਾ ਹਿੱਸਾ ਵੈਰਾਗ ਦੇ ਅੰਗ ਵਿਚ ਹੈ। ਚੌਥਾ ਅਨੁਵਾਦ ਭਾਗ ਹੈ, ਜਿਸ ਵਿਚ ਹਿੰਦੀ ਕਵੀਆਂ ਦੇ ਉੱਚੇ ਖ਼ਿਆਲਾਂ ਨੂੰ ਪੰਜਾਬੀ ਦਾ ਰੰਗ ਦੇ ਕੇ ਇਕ ਅਜੀਬ ਨਜ਼ਾਰਾ ਦਿਖਾਇਆ ਗਿਆ ਹੈ। ਪੰਜਵੇਂ ਭਾਗ ਵਿਚ ਕੌਮੀ ਤੇ ਮੁਲਕੀ ਤਰਾਨੇ ਦਰਜ ਕੀਤੇ ਗਏ ਹਨ।

ਭਿਖਾਰੀ ਨੇ ਇਹ ਕਿਤਾਬ ਲਿਖ ਕੇ ਪੰਜਾਬੀ ਲਿਟ੍ਰੇਚਰ ਵਿਚ ਬੜਾ ਵਾਧਾ ਕੀਤਾ ਹੈ ਤੇ ਕਵਿਤਾ ਦੇ ਸਮੁੰਦਰ ਦੀਆਂ ਪੰਜ ਲਹਿਰਾਂ ਨੂੰ ਇਕ ਥਾਂ ਕਰਕੇ ਉਹ ਸ਼ਾਨ ਦਿਖਾਈ ਏ ਜੋ ਹਰ ਤਰ੍ਹਾਂ ਸਲਾਹੁਣ ਲਾਇਕ ਹੈ।

**-ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ**
ਕਰਤਾ 'ਹੀਰ ਰਾਂਝਾ' ਤੇ 'ਦੀਵਾਨੇ ਕੁਸ਼ਤਾ'
ਸਕੱਤਰ ਪੰਜਾਬੀ ਸਭਾ, ਅਮ੍ਰਿਤਸਰ

◆ ਇਹ ਕਾਵਿ ਸਾਗਰ ਦੀਆਂ ਲਹਿਰਾਂ, ਸੂਰਜ ਦੀਆਂ ਕਿਰਨਾਂ ਨਾਲ ਛੁਹ ਕੇ ਪੰਜਾਂ ਰੰਗਾਂ ਵਿਚ ਦ੍ਰਿਸ਼ਟਗੋਚਰ ਹੁੰਦੀਆਂ ਨੇ। ਕਾਵਿ ਦਾ ਅਸਲ ਤੇ ਇਕ ਹੀ ਹੈ, ਪਰ ਰੰਗ ਅਨੇਕਾਂ। ਪ੍ਰੇਮ ਵੀ ਕਾਵਿ ਈ ਹੈ, ਤੇ ਪ੍ਰੇਮ ਈ ਜੀ ਦੇ ਉਤਸ਼ਾਹ ਦਾ ਕਾਰਨ ਹੈ। ਕਦੀ ਨਿਊਂ ਕੇ ਤੇ ਉੱਚੀ ਹਸਤੀ ਦਾ ਸ਼ਰਧਾ ਰੂਪੀ ਪ੍ਰੇਮ ਬਣ ਗਿਆ, ਕਦੀ ਮਸਤੀ ਵਿਚ ਸਾਹਿਤ ਬੀਨ ਵਜਾ ਕੇ ਕਾਨ੍ਹ ਦੀ ਬੰਸਰੀ ਜਾਂ ਰਾਂਝੇ ਦੀ ਵੰਝਲੀ ਦੀ ਸੁਰ ਵਾਂਙੂ ਮਨ ਨੂੰ ਸਰੂਰ ਦਿੱਤਾ, ਜਾਂ ਵਜਦ ਵਿਚ ਨਚਾਇਆ। ਜਦ ਇਸ ਪ੍ਰਕ੍ਰਿਤੀ ਦੇ ਨਾਚ ਤੋਂ ਥਕ ਗਏ, ਜਗ ਦੀ ਰੰਗ ਬਿਰੰਗੀ ਚਾਲ ਡਿੱਠੀ, ਮਨ ਨਿਰਾਸ਼ ਹੋ ਗਿਆ ਤਾਂ ਬੋਲ ਉੱਠੇ,

'ਦੁਨੀਆਂ 'ਤੇ ਤੇਰੀ ਲੋੜ ਨਹੀਂ' ਜਾਂ 'ਮੇਰੇ ਕੀਤੇ ਦੀ ਕਦਰ ਕੁਝ ਪਾਉਣੀ ਸੀ।'

ਵੈਰਾਗ ਵਿਚ ਲੀਨ ਹੋ ਗਏ। ਵੈਰਾਗ ਚੰਗਾ ਹੈ। ਪਰ ਕਲਜੁਗ ਕਰਜੁਗ ਹੈ। ਏਥੇ ਨਿਰਾਸਤਾ ਨਹੀਂ ਚਾਹੀਏ। ਆਪਣੇ ਆਪ ਤੇ ਵਿਸ਼ਵਾਸ਼ ਜ਼ਰੂਰੀ ਹੈ। ਕਰਮ ਪ੍ਰਧਾਨ ਹੈ। 'ਹਾਂ ਬੜ੍ਹੇ ਚਲੋ' ਫ਼ਤਹਿ ਆਪ ਤੁਹਾਡੇ ਪੈਰਾਂ ਵਿਚ ਡਿੱਗੇਗੀ।

ਫੇਰ ਪ੍ਰੇਮ ਨੇ ਹੋਰ ਰੰਗ ਬਦਲਿਆ। ਹੋਰਨਾਂ ਦੇ ਚੰਗੇ ਖ਼ਿਆਲਾਂ ਨੂੰ ਅਨੁਭਵ ਕੀਤਾ ਤੇ ਪ੍ਰੇਮ ਭਰੀ ਲਾਲਸਾ ਵਿਚ ਮਾਤ ਭੂਮੀ ਦੇ ਭਰਾਵਾਂ ਭੈਣਾਂ ਲਈ ਪੰਜਾਬੀ ਵਿਚ ਅਨੁਵਾਦ ਕੀਤਾ। ਫੇਰ ਉਹੀ ਪ੍ਰੇਮ ਦੇਸ਼ ਦੀ ਸੇਵਾ ਵਿਚ ਤਿਆਰ ਬਰ ਤਿਆਰ ਹੋ ਕੇ ਕੌਮੀ ਤਰਾਨੇ ਗਾਉਣ ਲਗ ਪਿਆ। ਵਾਹ 'ਪ੍ਰੇਮ ਲਹਿਰਾਂ'। ਕੀ ਕਹਿਣਾ! ਇਕ ਤੇ 'ਭਿਖਾਰੀ' ਜੀ ਦੀ ਕਵਿਤਾ, ਤੋਲ ਬੋਲ ਵਿਚ ਪੂਰੀ,

ਦੂਜੇ ਮਜ਼ਮੂਨ ਪ੍ਰੇਮ ਦੇ ਰੰਗ। ਗੱਲ ਕੀ ਸੋਨੇ ਤੇ ਸੁਹਾਗੇ ਦਾ ਕੰਮ ਹੋ ਗਿਆ।

**ਸ਼ਿਮਲਾ ਈਸਟ** **–ਬਾਵਾ ਬੁਧ ਸਿੰਘ**
30-9-30 ਕਰਤਾ 'ਹੰਸਚੋਗ, ਬੰਬੀਹਾ ਬੋਲ', 'ਕੋਇਲਕੂ' ਆਦਿ

◆ਮੈਂ 'ਭਿਖਾਰੀ' ਜੀ ਦੀਆਂ ਕਵਿਤਾਵਾਂ ਦੇਰ ਤੋਂ ਪੜ੍ਹਦਾ ਹਾਂ ਤੇ ਸਲਾਹੁੰਦਾ ਹਾਂ। ਇਸ ਲਈ ਮੈਨੂੰ ਕੁਦਰਤੀ ਤੌਰ ਤੇ ਬੜੀ ਖੁਸ਼ੀ ਹੋਈ। ਜਦ ਮੈਨੂੰ ਉਨ੍ਹਾਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਪ੍ਰੇਮ ਲਹਿਰਾਂ' ਖਰੜੇ ਦੀ ਸ਼ਕਲ ਵਿਚ ਦੇਖਣਾ ਮਿਲ ਗਿਆ। ਕਹਿੰਦੇ ਨੇ ਕਿ ਜਦ ਤਕ ਮਾਸ ਭੁੱਜੇ ਨਾ ਤਦ ਤਕ ਖ਼ੁਸ਼ਬੂ ਨਹੀਂ ਆਉਂਦੀ ਤੇ ਏਸੇ ਤਰ੍ਹਾਂ ਜਦ ਤਕ ਕਵੀ ਦਾ ਆਪਣਾ ਦਿਲ ਨਾ ਧੁਖ ਰਿਹਾ ਹੋਵੇ, ਤਦ ਤਕ ਉਸਦੀ ਰਚਨਾ ਵਿਚੋਂ ਦਰਦ-ਸੁਗੰਧੀ ਨਹੀਂ ਆਉਂਦੀ। 'ਭਿਖਾਰੀ' ਜੀ ਦੇ ਹਿਰਦੇ ਵਿਚ ਅਗਾਧ ਦਰਦ ਹੈ। ਉਹ ਜਦ ਕੁਝ ਕਹਿੰਦੇ ਨੇ ਦਰਦ ਨਾਲ ਕਹਿੰਦੇ ਨੇ। ਇਸ ਲਈ ਉਸ ਵਿਚੋਂ ਖ਼ੁਸ਼ਬੂ ਆਉਣੀ ਲਾਜ਼ਮੀ ਹੈ।

'ਭਿਖਾਰੀ' ਜੀ ਨੇ ਆਪਣੀਆਂ ਪ੍ਰੇਮ ਲਹਿਰਾਂ ਦੇ ਪੰਜ ਰੰਗ ਰੱਖੇ ਨੇ, ਵੇਖਣ ਨੂੰ ਤਾਂ ਬੇਸ਼ੱਕ ਏਹ ਪੰਜ ਨੇ ਪਰ ਪੰਜਾਂ ਦੀ ਬੁਨਿਆਦ ਇਕੋ ਹੈ, ਅਰਥਾਤ 'ਦਰਦਿ ਦਿਲ'। ਉਨ੍ਹਾਂ ਦੇ ਕਿਸੇ ਰੰਗ ਦੀ ਕੋਈ ਕਵਿਤਾ ਪੜ੍ਹ ਲਉ, ਇਹੋ ਜਾਪੇਗਾ ਕਿ ਕਵੀ ਦਾ ਦਿਲ ਇਕ ਅਥਾਹ ਦਰਦ ਨਾਲ ਵਿਧਾ ਹੋਇਆ ਹੈ, ਜੋ ਬੇਮਲੂਮ ਤੌਰ ਤੇ ਪਾਠਕ ਦੇ ਦਿਲ ਦੇ ਅੰਦਰ ਭੀ ਉਹੋ ਭਾਵ ਪੈਦਾ ਕਰ ਰਿਹਾ ਹੈ।

'ਭਿਖਾਰੀ' ਜੀ ਨੇ ਆਪਣੀਆਂ ਕਵਿਤਾਵਾਂ ਦਾ ਇਹ ਸੰਗ੍ਰਹਿ ਏਸ ਤਰਤੀਬ ਨਾਲ ਪ੍ਰਕਾਸ਼ਤ ਕਰਕੇ ਪੰਜਾਬੀ ਦੀ ਵੱਡੀ ਸੇਵਾ ਕੀਤੀ ਹੈ। ਇਸ ਢੰਗ ਦਾ ਸ਼ਾਇਦ ਇਹ ਪਹਿਲਾਂ ਹੀ ਸੰਗ੍ਰਹਿ ਹੈ।

ਮੈਂ 'ਭਿਖਾਰੀ' ਨੂੰ ਇਨ੍ਹਾਂ 'ਪ੍ਰੇਮ ਲਹਿਰਾਂ' ਦੀ ਰਚਨਾ ਲਈ ਦਿਲੀ ਪ੍ਰੇਮ ਲਹਿਰਾਂ ਦੁਆਰਾ ਵਧਾਈ ਦਿੰਦਾ ਹਾਂ ਤੇ ਨਿਸਚਾ ਕਰਦਾ ਹਾਂ ਕਿ ਏਹ 'ਪ੍ਰੇਮ ਲਹਿਰਾਂ' ਚਿਰ ਕਾਲ ਤੀਕ ਜਿਉਂਦੀਆਂ ਰਹਿ ਕੇ ਪੰਜਾਬੀਆਂ ਦੇ ਹਿਰਦਿਆਂ ਵਿਚ ਪ੍ਰੇਮ ਲਹਿਰਾਂ ਪੈਦਾ ਕਰਦੀਆਂ ਰਹਿਣਗੀਆਂ।

ਮਾਨਸਰੋਵਰ 3-10-30 **–ਸ. ਸ. ਚਰਨ ਸਿੰਘ 'ਸ਼ਹੀਦ'**

◆ਪਿਆਰੇ 'ਭਿਖਾਰੀ' ਜੀ,

ਮੈਂ ਪਹਿਲਾਂ ਹੀ ਤੁਹਾਡੀਆਂ ਕਵਿਤਾਵਾਂ ਨੂੰ ਜਿਹੜੀਆਂ ਕਿ 'ਕਵੀ' ਆਦਿ ਰਿਸਾਲਿਆਂ ਵਿਚ ਛਪਦੀਆਂ ਰਹੀਆਂ ਹਨ, ਬਹੁਤ ਪਸੰਦ ਕੀਤਾ ਹੈ। ਮੈਨੂੰ ਨਿਸ਼ਚਾ ਹੈ ਕਿ ਇਸ ਪੁਸਤਕ ਨੂੰ ਸਭ ਪੰਜਾਬੀ ਪ੍ਰੇਮੀ ਬਹੁਤ ਹੀ ਪਸੰਦਗੀ ਤੇ ਕਦਰ ਦੀ ਨਜ਼ਰ ਨਾਲ ਦੇਖਣਗੇ ਤੇ ਪੰਜਾਬੀ ਸਾਹਿਤ ਲਈ ਇਹ ਪੁਸਤਕ ਇਕ ਕੀਮਤੀ ਵਾਧਾ ਸਾਬਤ ਹੋਵੇਗੀ। ਮੈਂ ਤੁਹਾਨੂੰ ਮੁਬਾਰਕ ਦੇਂਦਾ ਹਾਂ ਕਿ ਤੁਸਾਂ ਹਿੰਦੀ ਤੇ ਉਰਦੂ ਬਹਿਰਾਂ ਵਿਚ ਰਚਨਾ ਰਚਕੇ ਪੰਜਾਬੀ ਬੋਲੀ ਦੀ ਸ਼ਾਨ ਵਧਾਈ ਹੈ।

ਸਟ੍ਰਾਬੇਰੀ ਹਿੱਲ
ਸ਼ਿਮਲਾ ਈਸਟ, 7-10-30 **–ਰਾਜ ਸਰਦਲਜੀਤ ਸਿੰਘ**
K.B.E.C.S.

◆ਪਿਆਰੇ ਭਾਈ ਸਾਹਿਬ,

ਇਹ ਲਿਖਣ ਵਿਚ ਮੈਨੂੰ ਖੁਸ਼ੀ ਹੈ ਕਿ ਮੈਂ ਤੁਹਾਡੀਆਂ ਕਵਿਤਾਵਾਂ ਬੜੀ ਦਿਲਚਸਪੀ ਨਾਲ ਪੜ੍ਹੀਆਂ ਹਨ, ਜਿਨ੍ਹਾਂ ਵਿਚੋਂ ਕਈ ਕਮਾਲ ਸੁਹਣੀਆਂ ਤੇ ਭਾਵਪੂਰਤ ਹਨ, ਬਹੁਤ ਬਹੁਤ ਵਧਾਈ।

ਪੰਜਾਬ ਸਿਵਲ ਸੈਕ੍ਰੇਟੇਰੀਏਟ
ਸ਼ਿਮਲਾ ਈਸਟ, 15-10-30

**–ਸਰ ਜੋਗਿੰਦਰ ਸਿੰਘ**
ਵਜ਼ੀਰ ਖੇਤੀਬਾੜੀ, ਪੰਜਾਬ

◆ 'ਭਿਖਾਰੀ' ਜੀ ਦੀਆਂ 'ਪ੍ਰੇਮ ਲਹਿਰਾਂ' ਪੰਜਾਬੀ ਭਾਸ਼ਾ ਵਿਚ ਇਕ ਰਹਿਣ ਵਾਲੀ ਸ਼ੈਅ ਹੈ। ਪੰਜਾਬੀ ਪ੍ਰੇਮੀ ਜੋ ਕੁਝ ਵੱਖਰੀਆਂ ਵੱਖਰੀਆਂ ਮੈਗਜ਼ੀਨਾਂ ਵਿਚ ਵੱਖਰੇ ਵੱਖਰੇ ਸਮੇਂ ਝੂਮ ਝੂਮ ਕੇ ਪੜ੍ਹਦੇ ਹਨ, ਉਹ ਸਭ ਕੁਝ ਸੰਵਾਰ ਸ਼ਿੰਗਾਰ ਕੇ 'ਪ੍ਰੇਮ ਲਹਿਰਾਂ' ਦੇ ਦਸਤਰਖ਼ਾਨ ਵਿਚ ਆਪਣੇ ਆਪਣੇ ਥਾਂ ਥਾਂ ਸਿਰ ਟਿਕਾ ਕੇ ਰਖ ਦਿੱਤਾ ਹੈ ਕਿ ਤਾਂ ਕਿ ਨਾਜ਼ੁਕ ਤਬੀਅਤਾਂ ਬਿਨਾਂ ਉਕਤਾਉਣ ਦੇ ਤ੍ਰਿਪਤ ਹੋ ਸਕਣ।

'ਭਿਖਾਰੀ' ਜੀ ਇਕ ਉੱਘੇ, ਉੱਚੇ ਸੁੱਚੇ ਤੇ ਸੁੰਦਰ ਕਵੀ ਹਨ। ਆਪ ਦੀ ਬੋਲੀ ਸ਼ੁਧ ਸ੍ਰਛ ਮਧੁਰ ਤੇ ਸੁਹਣੀ ਹੁੰਦੀ ਏ। ਭਾਵ ਆਪ ਦਾ ਹਮੇਸ਼ਾ ਹੀ ਡੂੰਘਾ ਵਲਵਲਾ ਆਮੇਜ਼ ਤੇ ਅਟੁੱਟ ਹੁੰਦਾ ਹੈ। ਸ਼ਬਦ ਆਪ ਹਮੇਸ਼ਾ ਭਾਵ ਪੂਰਤ ਜੱਚਦੇ ਫੱਬਦੇ ਤੇ ਟਿਕਵੇਂ ਵਰਤਦੇ ਹਨ। ਆਪ ਕਵਿਤਾ ਦੇ ਮਜ਼ਮੂਨ ਨੂੰ ਥਾਂ ਸਿਰ ਸ਼ੁਰੂ ਕਰਕੇ ਥਾਂ ਸਿਰ ਮੁਕਾਉਂਦੇ ਹਨ, ਨਾ ਚਿਤ ਥਕਾਊ ਲਮ੍ਹਾ ਤੇ ਨਾ ਭਾਵ ਤੋੜੂ ਇਖ਼ਤਿਆਰ ਕਰਦੇ ਹਨ। ਇਹ ਖ਼ੂਬੀ 'ਭਿਖਾਰੀ' ਜੀ ਵਿਚ ਮੁਮਤਾਜ ਹੈ। ਜਿਉਂ ਜਿਉਂ ਰਸਿਕ ਜਨ ਪ੍ਰੇਮ ਲਹਿਰਾਂ ਪੜ੍ਹਨਗੇ, ਤਿਉਂ ਤਿਉਂ ਉਨ੍ਹਾਂ ਨੂੰ ਇਸ ਸੱਚਾਈ ਦਾ ਪਤਾ ਲੱਗ ਜਾਏਗਾ।

ਹਰ ਜ਼ਮਾਨੇ ਦੇ ਕਵੀਆਂ ਵਾਂਗ 'ਭਿਖਾਰੀ' ਜੀ ਨੂੰ ਭੀ ਮਾਇਆਵੀ ਮੁਸ਼ਕਲਾਂ, ਘਰੋਗੀ ਝੇੜਿਆਂ, ਗ੍ਰਹਿਸਥ ਦੀਆਂ ਗੁੰਝਲਾਂ ਤੇ ਜ਼ਮਾਨੇ ਦੀਆਂ ਸਖ਼ਤੀਆਂ ਨੇ ਥੋੜਾ ਔਖਾ ਕੀਤਾ ਜਾਪਦਾ ਹੈ। ਆਪ ਦੇ ਦਿਲ ਵਿਚ ਸ਼ਿਕਾਇਤਾਂ, ਸ਼ਿਕਵਿਆਂ, ਹਸਰਤਾਂ, ਯਾਦਾਂ ਤੇ ਨਿਹੋਰਿਆਂ ਦੇ ਭੰਡਾਰ ਭਰੇ ਹਨ। ਆਪ ਨੇ ਇਨ੍ਹਾਂ ਨਿੱਜੀ ਸਾਥੀਆਂ ਦਾ ਰੋਣਾ ਭੀ ਰੋਇਆ ਹੈ ਤੇ ਖ਼ੂਬ ਰੋਇਆ ਹੈ–ਐਸਾ ਕਿ ਪੱਥਰ ਭੀ ਪੰਘਰ ਪੈਣ ਤੇ ਵਾਧਾ ਇਹ ਕਿ ਭਾਵੇਂ ਆਪ ਦੇ ਨਿੱਜੀ ਰੋਣੇ ਹਨ, ਪਰ ਹਰ ਇਕ ਪੜ੍ਹਨ ਵਾਲਾ ਸਮਝਦਾ ਹੈ ਕਿ ਇਹ ਮੇਰੇ ਹੀ ਹਾਲੇਜ਼ਾਰ ਦੀ ਤਸਵੀਰ ਹੈ।

ਕਵਿਤਾ ਦਾ ਕਮਾਲ ਤਾਂ ਇਹੋ ਹੈ ਕਿ ਕਵੀ ਆਪਣੇ ਰੋਣੇ ਰੋਂਦਾ ਹੈ ਪਰ ਐਸੇ ਭੇਤ ਅੰਦਰ ਕਿ ਪੜ੍ਹਨ ਵਾਲੇ ਰੋਂਦੇ ਹਨ ਤੇ ਨਹੀਂ ਜਾਣਦੇ ਕਿ ਉਹ ਕਿਉਂ ਰੋਂਦੇ ਹਨ।

'ਭਿਖਾਰੀ' ਜੀ ਸੰਜੀਦਾ ਕਵੀ ਹਨ–ਹਾਸ ਰਸ ਦਾ ਮਾਦਾ ਆਪ ਵਿਚ ਬਹੁਤ ਘਟ ਹੈ। ਪਰ ਪ੍ਰੇਮ ਲਹਿਰਾਂ ਵਿਚ ਹਾਸ ਰਸ ਦੇ ਟੋਟਕੇ ਦੇਣ ਲਗਿਆਂ ਆਪ ਨੇ ਗਜ਼ਬ ਦੀ ਚੋਣ ਕੀਤੀ ਹੈ। ਰਚਨਾ ਵਿਚ ਕਿਤੇ ਕਿਤੇ ਹਿੰਦੀ ਦੀ ਚਾਸ਼ਨੀ ਭੀ ਹੈ ਤੇ ਪੜ੍ਹਦਿਆਂ ਪੜ੍ਹਦਿਆਂ ਕਿਧਰੇ ਕਿਧਰੇ ਸਿਰ ਖੁਰਕਣਾ ਭੀ ਪੈਂਦਾ ਹੈ। ਪਰ ਫਿੱਕਾਪਨ ਕਿਧਰੇ ਨਹੀਂ ਭਾਵ ਕਿ ਮਿਠਾਸ ਦੇ ਕਾਰਨ ਜੀ ਉਕਤਾਉਂਦਾ ਨਹੀਂ।

–ਡਾ. ਦੀਵਾਨ ਸਿੰਘ ਕਾਲੇਪਾਣੀ

◆ 'ਭਿਖਾਰੀ' ਜੀ ਦੀਆਂ ਪ੍ਰੇਮ ਲਹਿਰਾਂ ਪੰਜਾਬੀ ਸਾਹਿਤ ਸੰਸਾਰ ਵਿਚ ਇਕ ਬਹੁਮੁੱਲੀ

ਚੀਜ਼ ਹੈ। ਰਸਾਂ ਦੀ ਸੂਛਤਾ, ਅਲੰਕਾਰਾਂ ਦਾ ਮੇਲ, ਬੋਲੀ ਦੀ ਜੜ੍ਹਤ ਤੇ ਖ਼ਿਆਲਾਂ ਦੀ ਅਟੁੱਟਤਾ ਨੂੰ ਸਫ਼ਲ ਕਰਨ ਲਈ ਕਵੀ ਜੀ ਨੇ ਸੁਹਣਾ ਯਤਨ ਕੀਤਾ ਹੈ। ਕਈ ਛੰਦ ਤਾਂ ਅਦੁੱਤੀ ਹਨ। ਛੰਦਾਂ ਬੰਦੀ ਬੋਲੀ ਰਸ ਅਲੰਕਾਰ ਸਰਲਤਾ ਸਰਸਤਾ ਤੇ ਖ਼ਿਆਲ ਆਦਿਕ ਹਰ ਪਾਸਿਉਂ ਉੱਤਮ ਹੈ। ਕਵੀਆਂ, ਰਸਕਾਂ, ਸਿਖਕਾਂ ਤੇ ਖੋਜੀਆਂ ਸਭ ਲਈ ਇਕ ਜ਼ਰੂਰੀ ਸ਼ੈਅ ਹੈ।

-ਸ. ਮੁਨਸ਼ਾ ਸਿੰਘ 'ਦੁਖੀ'
ਐਡੀਟਰ ਕਵੀ

◆ਮੈਂ 'ਪ੍ਰੇਮ ਲਹਿਰਾਂ' ਨਾਮੀ ਪੁਸਤਕ ਰਚਿਤ 'ਭਿਖਾਰੀ' ਜੀ ਪੜ੍ਹੀ ਹੈ। ਕਵਿਤਾ ਚੰਗੀ ਹੈ। ਪਿੰਗਲ ਵਲੋਂ ਵੇਖੀਏ ਤਾਂ ਕਿਸੇ ਉਸਤਾਦ ਦੀ ਲਿਖੀ ਜਾਪਦੀ ਹੈ। ਪਰ ਬੋਲੀ ਇੰਨੀ ਸਾਫ਼ ਨਹੀਂ। ਕਿਹਾ ਚੰਗਾ ਹੁੰਦਾ ਕਿ ਜਿਵੇਂ 'ਕੀਰਨੇ' ਵਾਲੀ ਕਵਿਤਾ ਵਿਚ ਭਾਵ ਨੂੰ ਸਿਧੀ ਸਾਦੀ ਤੇ ਸਰਲ ਬੋਲੀ ਵਿਚ ਨਿਭਾਇਆ ਹੈ, ਤਿਵੇਂ ਹੀ ਹੋਰਨਾਂ ਕਵਿਤਾਵਾਂ ਵਿਚ ਵੀ ਇਹੋ ਜਿਹੀ ਚੰਗੀ ਬੋਲੀ ਹੁੰਦੀ, ਪਰ ਲਿਖਾਰੀ ਦੀ ਹਿੰਦੀ ਵਿਦਵਤਾ ਨੇ ਪੰਜਾਬੀ ਉੱਤੇ ਆਪਣਾ ਪਰਛਾਵਾਂ ਪਾ ਦਿੱਤਾ ਹੈ।

-ਪ੍ਰੋ. ਤੇਜਾ ਸਿੰਘ ਐਮ.ਏ.

◆

# ਭਿਖਾਰੀ ਜੀ : ਪਰਿਵਾਰ ਦੇ ਝਰੋਖੇ 'ਚੋਂ

# ਇਕ ਪਵਿੱਤਰ ਆਤਮਾ

◆

-ਪ੍ਰਤਾਪ ਸਿੰਘ

ਪਿੰਡ ਭੰਗਾਲੀ ਅੰਮ੍ਰਿਤਸਰ ਵਿਚ ਮੈਨੂੰ ਮੇਰੇ ਚਾਚਾ ਜੀ ਸ. ਹੁਕਮ ਸਿੰਘ ਜੀ ਨੇ ਦਾਖਲ ਕੀਤਾ। ਸਕੂਲ ਦੇ ਬੱਚਿਆਂ ਵਿਚ ਪਤਾਸੇ ਵੰਡੇ ਗਏ। ਮੈਨੂੰ ਸਕੂਲ ਵਿਚ ਬਿਠਾ ਕੇ ਚਾਚਾ ਜੀ ਚਲੇ ਗਏ। ਪਰ ਸਕੂਲ ਵਿਚ ਕਿਸੇ ਮੁੰਡੇ ਨੂੰ ਕੁੱਟ ਪੈਂਦੀ ਦੇਖ ਮੈਨੂੰ ਬੜਾ ਡਰ ਲੱਗਾ ਤੇ ਮੈਂ ਸਕੂਲੋਂ ਦੌੜ ਆਇਆ ਤੇ ਕਿਹਾ ਮੈਂ ਏਥੇ ਨਹੀਂ ਪੜ੍ਹਨਾ। ਮੈਨੂੰ ਕਲਕੱਤੇ ਭੇਜ ਦਿੱਤਾ ਗਿਆ। ਕਲਕੱਤੇ ਮੈਨੂੰ ਇਕ ਬੰਗਾਲੀ ਸਕੂਲ ਵਿਚ ਦਾਖਲ ਕਰ ਦਿੱਤਾ। ਉਨ੍ਹਾਂ ਦਾ ਖ਼ਿਆਲ ਸੀ ਕਿ ਬੰਗਾਲੀ ਵਿਚੋਂ ਚੰਗੀਆਂ ਚੰਗੀਆਂ ਪੁਸਤਕਾਂ ਦਾ ਪੰਜਾਬੀ ਵਿਚ ਉਲਥਾ ਕਰ ਸਕੇਗਾ।

ਘਰ ਵਿਚ ਇਕ ਦਿਨ ਅੰਗਰੇਜ਼ੀ ਦੀ ਕਵਿਤਾ 'ਗਾਡ ਸੇਵ ਦਾ ਕਿੰਗ' ਯਾਦ ਕਰ ਰਿਹਾ ਸਾਂ। ਬਾਪੂ ਜੀ ਨੇ ਸੁਣਦੇ ਸਾਰ ਰੋਕ ਦਿੱਤਾ ਤੇ ਕਾਗਜ਼ ਤੇ ਕੁਝ ਲਿਖ ਦਿੱਤਾ ਤੇ ਕਿਹਾ ਕਿ ਮਾਸਟਰ ਨੂੰ ਦੇ ਦੇਵੀਂ। ਉਹ ਚਿੱਠੀ ਦੇਣ ਤੇ ਮਾਸਟਰ ਨੇ ਕਵਿਤਾ ਨਹੀਂ ਪੜ੍ਹਾਈ। ਕਿਤਨੀ ਦੂਰ ਸੰਦੇਸ਼ੀ ਸੀ ਕਿ ਬੱਚਿਆਂ ਦੇ ਮਨ 'ਤੇ ਅੰਗਰੇਜ਼ੀ ਸਾਮਰਾਜ ਦਾ ਸਾਇਆ ਨਾ ਪਵੇ।

ਘਰ ਵਿਚ ਕਵੀਆਂ ਦੀਆਂ ਬੈਠਕਾਂ ਲਗਦੀਆਂ। ਅਮਰੀਕਾ ਤੋਂ ਸੱਜਣ ਵੀ ਔਂਦੇ ਤੇ ਵਿਚਾਰਾਂ ਕਰਦੇ ਕਿ ਅੰਗਰੇਜ਼ੀ ਰਾਜ ਹਿੰਦ ਤੋਂ ਜਾਣਾ ਚਾਹੀਦਾ ਹੈ, ਤਾਂ ਹੀ ਸਾਡੇ ਦੇਸ਼ ਦਾ ਕਲਿਆਣ ਹੋ ਸਕਦਾ ਹੈ।

ਸ. ਮੁਨਸ਼ਾ ਸਿੰਘ 'ਦੁਖੀ' ਜੀ ਬਾਪੂ ਜੀ ਦੇ ਗੂੜ੍ਹੇ ਮਿੱਤਰ ਸਨ। 'ਦੁਖੀ–ਭਿਖਾਰੀ' ਨਾਮ ਇਕੱਠਾ ਲਿਖਿਆ ਜਾਂਦਾ ਸੀ। ਜੋੜੀ ਨੂੰ ਸਾਹਿਤਕ ਜਗਤ ਵਿਚ ਕਾਫ਼ੀ ਮਾਨ ਮਿਲਿਆ ਸੀ। ਉਨ੍ਹਾਂ ਮੇਰਾ ਨਾਮ ਭੂਖਣ ਰੱਖ ਦਿੱਤਾ। ਮੇਰੇ ਰੋਸ ਪ੍ਰਗਟ ਕਰਨ ਉੱਤੇ ਉਨ੍ਹਾਂ ਮੈਨੂੰ ਦਿਲਾਸਾ ਦਿੱਤਾ "ਤੂੰ ਭੁੱਖਾ ਨਹੀਂ, ਤੂੰ ਤਾਂ ਸਾਡਾ ਗਹਿਣਾ ਹੈ, ਸ਼ਿਵਾ ਜੀ ਵੇਲੇ 'ਭੂਸ਼ਣ' ਹਿੰਦ ਦਾ ਕਾਫ਼ੀ ਮਸ਼ਹੂਰ ਕਵੀ ਹੋਇਆ ਹੈ।"

ਕਲਕੱਤੇ ਬਾਪੂ ਜੀ ਦੀ ਉਂਗਲੀ ਫੜ੍ਹ ਕੇ ਬਜ਼ਾਰ ਵਿਚ ਤੁਰਦਾ ਆ ਰਿਹਾ ਸਾਂ। ਕਾਫ਼ੀ ਛੋਟਾ ਸਾਂ। ਲੋਕਾਂ ਨੂੰ ਸਿਗਰਟ ਪੀਂਦਾ ਵੇਖ ਕੇ ਮੈਂ ਵੀ ਜ਼ਿਦ ਕਰਨ ਲਗਾ ਕਿ ਮੈਨੂੰ ਸਿਗਰਟ ਲੈ ਦਿਉ। ਬੜੇ ਸੋਹਣੇ ਢੰਗ ਨਾਲ ਅੱਗੋਂ ਲੈ ਦੇਵਾਂਗੇ, ਇਸ ਦੁਕਾਨ ਵਿਚ ਨਹੀਂ ਹੈ, ਅਤੇ ਬਾਤਾਂ ਪੌਂਦੇ ਮੇਰਾ ਧਿਆਨ ਹੋਰ ਪਾਸੇ ਪਵਾਂਦੇ ਗਏ ਤੇ ਘਰ ਪਹੁੰਚ ਗਏ, ਸਿਗਰਟ ਦਾ ਖ਼ਿਆਲ ਹੀ ਭੁੱਲ ਗਿਆ।

ਸਵੇਰੇ ਸਵੇਰੇ ਇਕ ਕਾਰਖਾਨੇ ਵਿਚ ਕੰਮ ਕਰਨ ਜਾਂਦੇ ਤੇ ਰਾਤ ਨੂੰ ਕੁਝ ਨਾ ਕੁਝ ਲਿਖ ਰਹੇ ਹੁੰਦੇ। ਘਰ ਹਰ ਦੂਸਰੇ ਤੀਸਰੇ ਮਹੀਨੇ ਸਰਕਾਰੀ ਪੁਲਸ ਤਲਾਸ਼ੀ ਲੈਂਦੀ ਹੁੰਦੀ ਸੀ। ਬੜੇ ਹੈਰਾਨ ਹੋਣਾ ਕਿ ਬਾਪੂ ਜੀ ਸਾਡੇ ਪਤਾ ਨਹੀਂ ਕੀ ਕਰਦੇ ਹਨ ਕਿ ਤਲਾਸ਼ੀ ਹੁੰਦੀ ਰਹਿੰਦੀ ਹੈ। ਛਾਪਾਖਾਨਾ 'ਕਵੀ ਪ੍ਰੈੱਸ' ਪ੍ਰਬੰਧਕ ਸਨ। ਸਰਕਾਰ ਨੂੰ ਸ਼ੱਕ ਰਹਿੰਦਾ ਸੀ ਕਿ ਇਥੇ ਸਰਕਾਰ ਵਿਰੋਧੀ ਸਾਹਿਤ ਛਪਦਾ ਹੈ।

ਇਕ ਦਿਨ ਬਾਪੂ ਜੀ ਨੂੰ ਮੈਂ ਪੁੱਛਿਆ ਮੇਰਾ ਨਾਮ ਪ੍ਰਤਾਪ ਕਿਵੇਂ ਰੱਖਿਆ ? ਕਹਿਣ ਲੱਗੇ ਗੁਰਦਆਰਾ ਲਹਿਰ 1921 ਤੋਂ ਬਾਦ ਲਾਹੌਰ ਵਿਚ ਇਕ ਅਖ਼ਬਾਰ ਅਕਾਲੀ ਪ੍ਰਕਾਸ਼ਤ ਹੋਇਆ। ਉਸਦੇ ਐਡੀਟਰ ਦਾ ਨਾਮ ਪ੍ਰਤਾਪ ਸੀ। ਫਰਵਰੀ 1922 ਵਿਚ ਉਸਨੂੰ ਫੜ ਕੇ ਸਰਕਾਰ ਲੈ ਗਈ। ਉਸ ਵਕਤ ਮੇਰਾ ਜਨਮ ਹੋਇਆ ਤੇ ਮੇਰਾ ਨਾਮ ਪ੍ਰਤਾਪ ਸਿੰਘ ਰੱਖ ਦਿੱਤਾ। ਕੋਈ ਨਾਮਕਰਨ ਰੱਖਣ ਦੀ ਰਸਮ ਨਹੀਂ ਕੀਤੀ।

1937 ਵਿਚ ਬਾਪੂ ਜੀ ਨੇ ਮੈਨੂੰ ਲਾਹੌਰ ਖ਼ਾਲਸਾ ਸਕੂਲ ਵਿਚ ਪੜ੍ਹਨੇ ਪਾ ਦਿੱਤਾ ਕਿ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਸਕਾਂ। ਇਸ ਸਾਲ ਤੋਂ ਮਾਪਿਆਂ ਤੋਂ ਵਿਛੜ ਗਿਆ ਤੇ ਹੋਸਟਲਾਂ ਵਿਚ ਰਹਿਣ ਲਗ ਪਿਆ, ਪਹਿਲਾਂ ਲਾਹੌਰ, ਫੇਰ ਖ਼ਾਲਸਾ ਕਾਲਜ ਅਮ੍ਰਿਤਸਰ ਤੇ ਫੇਰ ਇੰਜੀਨੀਅਰਿੰਗ ਕਾਲਜ ਬਨਾਰਸ।

ਬਾਪੂ ਜੀ ਨੇ ਸੋਚਿਆ ਕਿ ਇਹ ਕਾਕਾ ਇੰਜੀਨੀਅਰ ਬਣ ਕੇ ਆਪਣੀ ਫੈਕਟਰੀ ਲਾਵੇਗਾ, ਘਰ ਦੀ ਹਾਲਤ ਕੁਝ ਸੌਰ ਜਾਵੇਗੀ। ਪਰ ਗੱਲ ਕੁਝ ਹੋਰ ਬਣ ਗਈ। 1942 ਵਿਚ 'ਭਾਰਤ ਛੱਡੋ' ਅੰਦੋਲਨ ਵਿਚ ਹੋਰ ਸਾਥੀਆਂ ਸਮੇਤ ਫੜ੍ਹੇ ਗਏ। ਢਾਈ ਸਾਲ ਕੈਦ ਤੇ ਸੌ ਰੁਪਿਆ ਜ਼ੁਰਮਾਨਾ ਹੋ ਗਿਆ। ਜਦ ਜੇਲ੍ਹ ਮਿਰਜਾਪੁਰ (ਯੂ. ਪੀ.) ਮਿਲਣ ਆਏ ਤੇ ਕਹਿਣ ਲੱਗੇ ਘਬਰਾਉਣਾ ਨਹੀਂ, ਮੈਨੂੰ ਖੁਸ਼ੀ ਹੈ ਬਰਖ਼ੁਰਦਾਰ। ਆਪਣੇ ਸਾਥੀਆਂ ਨੂੰ ਕਹਿਣ ਲੱਗੇ, 'ਭਲਾ ਹੋਇਆ ਮੇਰਾ ਕਰਜ਼ਾ ਲੱਥਾ ਸੁਤੰਤਰਤਾ ਸੰਗਰਾਮ ਵਿਚ ਮੇਰੇ ਪਰਿਵਾਰ ਨੇ ਕੁਝ ਤਾਂ ਹਿੱਸਾ ਪਾਇਆ।'

1947 ਵਿਚ ਬਨਾਰਸ ਤੋਂ ਇੰਜੀਨੀਅਰਿੰਗ ਕਰ ਲਈ। ਦੇਸ਼ ਵਿਚ ਜਲਸੇ ਹੋ ਰਹੇ ਸਨ। ਦੇਸ਼ ਦੀ ਉਸਾਰੀ ਵਲ ਲਗ ਗਿਆ। ਨੌਜਵਾਨ ਸਭਾ ਦਾ ਗਠਨ ਰਚਨਾਤਮਕ ਕੰਮਾਂ ਵਲ ਨੌਜਵਾਨਾਂ ਨੂੰ ਸੰਗਠਨ ਕਰਦਾ ਰਿਹਾ।

ਇਕ ਦਿਨ ਮੇਰੇ ਸਿਰਹਾਣੇ ਇਕ ਚਿੱਠੀ ਪਈ ਸੀ। ਬਾਪੂ ਜੀ ਦੀ ਲਿਖੀ ਹੋਈ ਸੀ। ਲਿਖਿਆ ਸੀ, "ਬਰਖ਼ੁਰਦਾਰ, ਮੇਰੀ ਸਿਹਤ ਠੀਕ ਨਹੀਂ ਰਹਿੰਦੀ, ਕਿਸੇ ਵੇਲੇ ਵੀ ਮੇਰਾ ਅੰਤ ਹੋ ਸਕਦਾ ਹੈ, ਤੂੰ ਪਰਿਵਾਰ ਵਿਚ ਵੱਡਾ ਏ, ਛੋਟਿਆਂ ਦੀ ਪੜ੍ਹਾਈ ਵਿਚ ਵਿਘਨ ਪੈ ਜਾਵੇਗਾ। ਪਰਿਵਾਰ ਦਾ ਬੋਝ ਤੇਰੇ ਸਿਰ ਤੇ ਪੈ ਜਾਵੇਗਾ।" ਮੈਂ ਕੁਲ ਵਕਤੀ ਤੋਂ ਕੁਝ ਵਕਤੀ ਦੇਸ਼ ਉਸਾਰੀ ਵਿਚ ਜੁੱਟ ਗਿਆ। 1950 ਵਿਚ ਕੇਂਦਰ ਵਿਚ ਨੌਕਰੀ ਕਰ ਲਈ। ਫੇਰ 1953 ਵਿਚ ਪੰਜਾਬ ਸਰਕਾਰ ਦੀ ਨੌਕਰੀ ਕਰ ਲਈ। 1980 ਵਿਚ ਸੇਵਾ ਮੁਕਤ ਹੋਇਆ। ਬਾਪੂ ਜੀ ਦੀ ਸਿਹਤ ਵਿਚ ਕੁਝ ਫ਼ਰਕ ਪੈਣਾ ਸ਼ੁਰੂ ਹੋ ਗਿਆ। ਆਪ ਰਿਟਾਇਰਮੈਂਟ ਤੋਂ ਬਾਦ ਅਮ੍ਰਿਤਸਰ ਰਾਣੀ ਬਾਗ ਵਿਚ ਰਹਿਣ ਲਗ ਪਏ। ਘਰ ਵਿਚ ਕਵੀਆਂ ਦੀ ਬੈਠਕਾਂ ਦਾ ਸਿਲਸਿਲਾ ਫੇਰ ਸ਼ੁਰੂ ਹੋ ਗਿਆ। ਕਹਿਣ ਲੱਗੇ :

"ਸ਼ੁਕਰ ਹੈ, ਓ ਕਵੀਓ ਤੁਹਾਡਾ
ਨਜ਼ਰ ਮੇਹਰ ਦੀ ਪਾ ਦਿੱਤੀ

ਉਜੜੀ ਪੁਜੜੀ ਬਰਬਾਦ ਮੇਰੀ

ਕੁਟੀਆ ਫਿਰ ਵਸਾ ਦਿੱਤੀ"

ਇਕ ਵਾਰੀ ਮੈਂ ਜ਼ਿਕਰ ਕੀਤਾ ਪੰਜਾਬੀ ਵਿਚ ਇਕ ਮਾਸਿਕ ਕੱਢਣਾ ਚਾਹੁੰਦਾ ਹਾਂ। ਕਹਿਣ ਲੱਗੇ ਭੁੱਖਾ ਮਰਨਾ ਪਸੰਦਾ ਕਰਦਾ ਹੈਂ ਤਾਂ ਕੱਢ ਲਈਂ। ਸਾਹਿਤ ਨੂੰ ਕਦੇ ਵੀ ਰੋਜ਼ੀ ਦਾ ਜ਼ਰੀਆ ਨਾ ਬਣਾਈ। ਰਿਸ਼ਵਤ ਕਦੇ ਨਾ ਲਈਂ, ਉਧਾਰ ਕਦੇ ਨਾ ਲਈਂ, ਸਦਾ ਸੁਖੀ ਰਹੇਂਗਾ।

ਅਸੀਂ ਹਾਂ ਤਿੰਨ ਭਰਾ ਤੇ ਦੋ ਭੈਣਾਂ। ਅਸੀਂ ਜੋ ਕੁਝ ਵੀ ਹਾਂ ਉਨ੍ਹਾਂ ਦੀ ਤੇ ਮਾਂ ਜੀ ਆਸ ਕੌਰ ਦੀ ਮਿਹਨਤ ਤੇ ਕੁਰਬਾਨੀ ਸਦਕਾ ਹਾਂ, ਜਿਨ੍ਹਾਂ ਨੇ ਸਾਨੂੰ ਆਪਣੀ ਗਰੀਬੀ ਦੀ ਹਾਲਤ ਵਿਚ ਪਾਲਿਆ, ਪੋਸਿਆ, ਪੜ੍ਹਾਇਆ, ਲਿਖਾਇਆ।

ਉਨ੍ਹਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਕਹੇ ਅਨੁਸਾਰ ਉਨ੍ਹਾਂ ਦੇ ਪੂਰਨਿਆਂ ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਾਂ।

◆

# ਸਾਡੇ ਮਾਨਯੋਗ ਬਾਪੂ ਜੀ

◆

-ਬਲਵੰਤ ਕੌਰ

ਸ. ਸੌਦਾਗਰ ਸਿੰਘ ਭਿਖਾਰੀ, ਕੀ ਹੁੰਦੇ ਸਨ ? ਏਹ ਜ਼ਮਾਨਾ ਜਾਣਦਾ ਹੈ। ਬਹੁਤ ਸਾਰੇ ਕਵੀ ਤੇ ਲਿਖਾਰੀ ਜਨ, ਉਨ੍ਹਾਂ ਦੀ ਯਾਦ ਵਿਚ, ਆਪਣੀ-ਆਪਣੀ ਲੇਖਣੀ ਦੁਆਰਾ ਵੰਨ-ਸੁਵੰਨੀ ਸੁਗੰਧੀ ਭਰੇ, ਸ਼ਰਧਾ ਦੇ ਫੁੱਲ, ਉਨ੍ਹਾਂ ਦੇ ਸਿਮਰਤੀ ਗ੍ਰੰਥ ਵਿਚ ਸਜਾ ਰਹੇ ਹਨ। ਉਨ੍ਹਾਂ ਦੀ ਖੁਸ਼ਬੂ ਤੋਂ ਪ੍ਰਭਾਵਤ ਹੋ ਕੇ ਮੇਰਾ ਦਿਲ ਕੀਤਾ ਕਿ ਮੈਂ ਵੀ ਆਪਣੀਆਂ ਅਭੁੱਲ ਯਾਦਾਂ ਵਿਚੋਂ ਕੁਝ ਲਿਖਾਂ, ਸੋ ਲਿਖ ਰਹੀ ਹਾਂ। ਮੈਂ ਉਨ੍ਹਾਂ ਦੀ ਵੱਡੀ ਨੂੰਹ ਹਾਂ। ਮੈਨੂੰ ਉਹ ਧਰਮ ਪੁਤਰੀ ਕਿਹਾ ਕਰਦੇ ਸਨ।

ਸੰਨ 1943 ਵਿਚ ਜਦੋਂ ਮੇਰਾ ਸੰਬੰਧ ਇਸ ਘਰਾਣੇ ਨਾਲ ਬਣਿਆ, ਮੇਰੀ ਉਮਰ ਉਦੋਂ 18 ਵਰ੍ਹਿਆਂ ਦੀ ਸੀ। ਮੇਰੇ ਮਾਪੇ ਬਰਮਾ ਵਿਚ ਰਹਿੰਦੇ ਸਨ। ਪੰਜਾਬੀ ਤੇ ਪੁਰਾਣੇ ਸੁਭਾਅ ਦੇ ਸਨ। ਬੜੇ ਸਿੱਧੇ ਸਾਦੇ ਤੇ ਸੱਚ ਬੋਲਣ ਵਾਲੇ, ਝੂਠ ਤੋਂ ਨਫ਼ਰਤ ਕਰਨ ਵਾਲੇ ਸਨ। ਜ਼ਮਾਨੇ ਦੀਆਂ ਬੁਰਾਈਆਂ ਤੋਂ ਡਰਦੇ ਹੋਏ ਧੀਆਂ ਨੂੰ ਸਕੂਲੇ ਪੜ੍ਹਨੇ ਪਾਉਣ ਤੋਂ ਬਹੁਤ ਡਰਦੇ ਸਨ ਤੇ ਡਰਦੇ ਹੀ ਰਹੇ ਘਰ ਦੇ ਕੰਮ ਕਾਜ ਜੋ ਕਿ ਆਪਣੀ ਉਮਰ ਮੁਤਾਬਿਕ ਬੱਚੀਆਂ ਸਿਖ ਸਕਦੀਆਂ, ਸਿਖਾ ਦੇਂਦੇ। ਲਿਖਣਾ ਪੜ੍ਹਨਾ ਤਾਂ ਏਨਾ ਕੁ ਹੀ ਹੁੰਦਾ ਸੀ ਕਿ ਚਿੱਠੀ ਲਿਖ ਪੜ੍ਹ ਸਕਣ ਜਾਂ ਫੇਰ ਗੁਟਕੇ ਤੋਂ ਗੁਰਬਾਣੀ ਪੜ੍ਹ ਸਕਣਾ। ਅੱਗੋਂ ਫੇਰ ਕਈ ਤਾਂ ਆਪਣੇ ਗਿਆਨ ਵਿਚ ਹੋਰ ਵਾਧਾ ਕਰ ਲੈਂਦੀਆਂ ਤੇ ਕਈ ਓਨਾ ਵੀ ਭੁੱਲ ਜਾਂਦੀਆਂ, ਜਿੰਨਾਂ ਕਿ ਪੇਕਿਆਂ ਤੋਂ ਸਿੱਖ ਕੇ ਆਈਆਂ ਹੁੰਦੀਆਂ, ਤੇ ਉਨ੍ਹਾਂ ਵਿਚੋਂ ਹੀ ਇਕ ਮੈਂ ਵੀ ਹਾਂ।

ਮੈਨੂੰ ਇਸ ਘਰ ਵਿਚ ਆ ਕੇ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ। ਮਾਂ ਬਾਪ ਦੇ ਘਰ ਵਿਚ ਰਹਿ ਕੇ ਤਾਂ ਘਰ ਦੇ ਛੋਟੇ ਮੋਟੇ ਕੰਮ ਹੀ ਸਿਖੇ ਸਨ। ਏਥੇ ਤਾਂ ਨਵੀਆਂ ਤੋਂ ਨਵੀਆਂ ਚੀਜ਼ਾਂ ਲਭਦੀਆਂ ਹਨ ਸਿਖਣ ਨੂੰ, ਜੋ ਕਿ ਅਜੇ ਵੀ ਨਹੀਂ ਮੁੱਕਦੀਆਂ, ਉਮਰ ਮੁੱਕ ਚੱਲੀ ਹੈ।

ਮੈਂ ਤੇ ਮੇਰੀ ਵੱਡੀ ਨਨਾਣ (ਬੀਬੀ ਕੁਲਵੰਤ ਉਰਫ਼ ਕੰਸੋ) ਲਗ-ਭਗ ਇਕੋ ਉਮਰ ਦੀਆਂ ਸਾਂ। ਸਾਡੇ ਬਾਪੂ ਜੀ ਨੇ, ਵੱਡੇ ਪੁੱਤਰ ਤੇ ਵੱਡੀ ਲੜਕੀ ਦੀ ਥੋੜੇ ਕੁ ਦਿਨਾਂ ਦੇ ਫ਼ਾਸਲੇ ਤੇ ਸ਼ਾਦੀ ਕਰ ਦਿੱਤੀ ਸੀ। ਆਪ ਉਸ ਤੋਂ ਬਾਅਦ ਆਪਣੀ ਨੌਕਰੀ ਦੇ ਸਿਲਸਿਲੇ ਵਿਚ ਕਲਕੱਤੇ ਚਲੇ ਗਏ। ਬੀਜੀ ਕੁਝ ਚਿਰ ਵਾਸਤੇ ਭੰਗਾਲੀ ਹੀ ਰਹੇ ਸਨ। ਉਨ੍ਹਾਂ ਦੀ ਬੇਟੀ ਬੀਬੀ ਕੰਸੋ ਆਪਣੇ ਸਹੁਰੇ ਮੈਹਸਮਪੁਰ ਚਲੀ ਗਈ। ਮੈਨੂੰ ਬੀਬੀ ਜੀ ਆਪਣੇ ਕੋਲ ਭੰਗਾਲੀ ਲੈ ਆਏ। ਮੈਨੂੰ ਤੇ ਮੇਰੀ

ਨਣਾਨ ਨੂੰ ਇਕੱਠੀਆਂ ਰਹਿਣ ਦਾ ਬਹੁਤ ਘਟ ਮੌਕਾ ਮਿਲਿਆ ਹੈ। ਫਿਰ ਵੀ ਸਾਡੇ ਬਾਪੂ ਜੀ ਨੂੰ ਕਲਕੱਤੇ ਰਹਿੰਦੇ ਹੋਏ ਇਹ ਖ਼ਿਆਲ ਆਇਆ ਕਿ ਦੋਵੇਂ ਕੁੜੀਆਂ ਇਕੋ ਜਿਹੀ ਉਮਰ ਦੀਆਂ ਹਨ, ਕਿਤੇ ਇਨ੍ਹਾਂ ਦੀ ਕਿਸੇ ਗੱਲੋਂ ਲੜਾਈ ਨ ਹੋ ਜਾਵੇ। ਜਿਵੇਂ ਕਿ ਓਦੋਂ ਆਮ ਨਣਾਨ ਭਰਜਾਈ ਦੀ ਹੋਇਆ ਕਰਦੀ ਸੀ। ਸੋ ਇਸ ਸੋਚ ਨੂੰ ਮੁਖ ਰਖ ਕੇ ਉਨ੍ਹਾਂ ਕੰਸੋ ਨੂੰ ਚਿੱਠੀ ਲਿਖੀ।

ਬੇਟੀ ਕੰਸੋ ਜੀ,

ਦੂਰ ਬੈਠੇ ਬਾਪੂ ਦਾ ਬਹੁਤ ਬਹੁਤ ਪਿਆਰ ਪਹੁੰਚੇ। ਪੁਤਰੀ ਕੰਸੋ ਜੀ, ਤੁਸੀਂ ਹੁਣ ਪੇਕੇ ਘਰ ਨੂੰ ਛੱਡ ਕੇ ਸਹੁਰੇ ਘਰ ਦੇ ਵਾਸੀ ਬਣ ਗਏ ਹੋ। ਉਥੇ ਤੁਸੀਂ ਨਵੇਂ ਪਰਿਵਾਰ ਦੇ ਵਿਚ ਬੜੇ ਸੁਚੱਜੇ ਢੰਗ ਨਾਲ ਆਪਣੇ ਆਪ ਨੂੰ ਢਾਲਣਾ ਹੈ। ਉਥੇ ਤੁਹਾਡੀ ਨਣਾਨ, ਤੁਹਾਡੇ ਦਿਉਰ ਅਤੇ ਮਾਤਾ ਪਿਤਾ ਦੀ ਥਾਂ ਸੱਸ ਸਹੁਰਾ ਹਨ। ਸਭ ਦੀ ਗੱਲ ਬੜੇ ਧਿਆਨ ਨਾਲ ਸੁਣਨਾ। ਸੋਚ ਕੇ ਉਤਰ ਦੇਣਾ। ਆਪਣੀ ਸੱਸ ਦੀ ਗੱਲ ਨਣਾਨ ਕੋਲ ਤੇ ਨਣਾਨ ਦੀ ਗੱਲ ਆਪਣੀ ਸੱਸ ਕੋਲ ਨਹੀਂ ਕਰਨਾ। ਇਸ ਤਰ੍ਹਾਂ ਘਰ ਵਿਚ ਬੇਇਤਫ਼ਾਕੀਆਂ ਪੈ ਜਾਂਦੀਆ ਹਨ।

ਇਸੇ ਤਰ੍ਹਾਂ ਤੁਹਾਡੀ ਭਰਜਾਈ ਵੀ ਆਪਣੇ ਮਾਂ ਬਾਪ ਤੇ ਭੈਣਾਂ ਭਰਾਵਾਂ ਅਤੇ ਭਰਜਾਈਆਂ ਨੂੰ ਛੱਡ ਕੇ ਆਈ ਹੈ। ਸਾਡੇ ਘਰ ਉਸਦਾ ਉੱਚਾ ਸਥਾਨ ਹੋਣਾ ਚਾਹੀਦਾ ਹੈ।

ਸੋ ਬੇਟੀ, ਤੁਸੀਂ ਜਦ ਪੇਕੇ ਆਵੋਂ ਤਾਂ ਭਰਜਾਈ ਦੀ ਗੱਲ ਆਪਣੀ ਬੀਬੀ ਜੀ ਕੋਲ ਅਤੇ ਬੀਬੀ ਜੀ ਦੀ ਗੱਲ ਭਰਜਾਈ ਕੋਲ ਨਹੀਂ ਕਰਨਾ। ਵਰਨਾ ਏਹੀ ਲਗੇਗਾ ਕਿ ਆਈ ਸੀ ਨਣਾਨ ਤੇ ਮਾਂ ਨੂੰ ਪੱਟੀਆਂ ਪੜ੍ਹਾ ਗਈ ਹੈ। ਵਗੈਰਾ ਵਗੈਰਾ।

ਸੋ ਬੇਟੀ ਜੀ ਏਹ ਰਿਸ਼ਤਾ ਬੜਾ ਨਾਜ਼ੁਕ ਹੈ, ਤੁਸੀਂ ਇਸ ਰਿਸ਼ਤੇ ਨੂੰ ਬੜਾ ਸੁਆਦਲਾ ਬਣਾਉਣਾ ਹੈ।

ਮੈਨੂੰ ਪੂਰੀ ਉਮੀਦ ਹੈ ਕਿ ਮੇਰੀਆਂ ਦੋਵੇਂ ਬੇਟੀਆਂ ਕੁਲਵੰਤ ਅਤੇ ਬਲਵੰਤ ਬੜੇ ਪਿਆਰ ਨਾਲ ਰਹਿਣਗੀਆਂ। ਮੈਨੂੰ ਕਦੇ ਕੋਈ ਸ਼ਕਾਇਤ ਸੁਣਨ ਦਾ ਮੌਕਾ ਨਹੀਂ ਦੇਣਗੀਆਂ।

ਸੁਪਿਆਰ ਦੋਵਾਂ ਦਾ ਬਾਪੂ
ਸੌਦਾਗਰ ਸਿੰਘ ਭਿਖਾਰੀ

ਉਪਰੋਕਤ ਚਿੱਠੀ ਭਾਵੇਂ ਇਕ ਦੇ ਨਾਮ ਸੀ, ਪਰ ਅਸਰ ਦੋਹਾਂ ਤੇ ਐਸਾ ਹੋਇਆ ਕਿ ਲੜਨ ਦੀ ਕਿਸੇ ਨੂੰ ਜਾਚ ਹੀ ਨਹੀਂ ਆਈ। ਮੈਂ ਧੰਨਵਾਦ ਕਰਦੀ ਹਾਂ ਆਪਣੇ ਬਾਪੂ ਜੀ ਦਾ ਕਿ ਸਾਨੂੰ ਉਨ੍ਹਾਂ ਕਿੰਨੀ ਚੰਗੀ ਸਿਖਿਆ ਦਿੱਤੀ।

ਇਕ ਉਨ੍ਹਾਂ ਸਾਨੂੰ ਹੋਰ ਗੱਲ ਸਿਖਾਈ ਕਿ ਲੋੜ ਪੈਣ 'ਤੇ ਥੋੜ੍ਹੇ ਵਿਚ ਗੁਜ਼ਾਰਾ ਕਰ ਲਵੋ, ਪਰ ਕਦੇ ਕਿਸੇ ਦੁਕਾਨ ਤੋਂ ਉਧਾਰ ਨਹੀਂ ਲੈਣਾ। ਉਹ ਆਪਣੀ ਹੱਡ-ਬੀਤੀ ਵਿਚ ਦਸਦੇ ਹੁੰਦੇ ਸਨ, ਕਿ ਕਿਵੇਂ ਉਹ ਉਧਾਰ ਚੁਕਾਣ ਬਦਲੇ ਕਈ ਕਈ ਮੀਲ ਪੈਦਲ ਤੁਰ ਤੁਰ ਕੇ, ਇਕੋ ਦੁਕਾਨ ਤੋਂ ਸੌਦਾ ਲੈਂਦੇ ਰਹੇ ਕਿ ਕਿਤੇ ਦੁਕਾਨ ਵਾਲਾ ਇਹ ਨਾ ਸਮਝ ਲਵੇ ਕਿ ਸਰਦਾਰ ਪੈਸੇ ਮਾਰ ਕੇ ਭੱਜ ਗਿਆ ਹੈ। ਇਸੇ ਕਰਕੇ ਹੁਣ ਕਿਸੇ ਹੋਰ ਦੁਕਾਨ ਤੋਂ ਸੌਦਾ ਲੈਣਾ ਸ਼ੁਰੂ ਕਰ ਦਿੱਤਾ ਹੋਵੇਗਾ ਆਦਿ।

ਬਾਪੂ ਜੀ ਸਾਡੇ ਆਪਣੇ ਨਾਲੋਂ ਦੂਜਿਆਂ ਦਾ ਜ਼ਿਆਦਾ ਖ਼ਿਆਲ ਰੱਖਦੇ ਸਨ। ਜਿਵੇਂ ਕਿ

ਬਹੁਤ ਪੁਰਾਣੀ ਗੱਲ ਹੈ, ਮੈਂ ਕਿਸੇ ਪੜੌਸਣ ਤੋਂ ਸੁਣਿਆ ਕਿ ਅੱਜ-ਕੱਲ੍ਹ ਮਕਾਨਾਂ ਦੇ ਕਿਰਾਏ ਬਹੁਤ ਵੱਧ ਗਏ ਹਨ। ਇਕ ਕਮਰੇ ਵਾਲਾ ਸੈੱਟ ਚਾਰ ਪੰਜ ਸੌ ਤੇ ਚੜ੍ਹ ਜਾਂਦਾ ਹੈ। ਮੈਂ ਵੀ ਲਾਲਚ ਵਿਚ ਆ ਕੇ ਬੀਜੀ ਨਾਲ ਗੱਲ ਕਰਨ ਲਗ ਪਈ ਕਿ ਅਸੀਂ ਵੀ ਕਿਸੇ ਨੂੰ ਜੇ ਇਕ ਕਮਰਾ ਦੇ ਦੇਈਏ ਤਾਂ ਸੌ ਰੁਪੈ ਤੋਂ ਘੱਟ ਨਹੀਂ ਲਵਾਂਗੇ। ਸਾਡੀ ਏਹ ਗੱਲ ਬਾਪੂ ਜੀ ਨੇ ਸੁਣ ਲਈ ਤਾਂ ਕਹਿਣ ਲੱਗੇ, "ਸੌ ਰੁਪੈ ਲੈਣ ਤੋਂ ਪਹਿਲਾਂ ਏਹ ਸੋਚ ਲੈਣਾ ਕਿ ਅਗਲਾ ਬੰਦਾ ਤੁਹਾਨੂੰ ਸੌ ਰੁਪੈ ਦੇ ਕੇ ਆਪ ਰੋਟੀ ਕਿਥੋਂ ਖਾਊਗਾ।"

ਜਿਵੇਂ ਕਿ ਪਹਿਲਾਂ ਵੀ ਲਿਖ ਚੁੱਕੀ ਹਾਂ। ਬਾਪੂ ਜੀ ਦੂਜਿਆਂ ਦਾ ਭਲਾ ਪਹਿਲਾਂ ਸੋਚਦੇ ਸਨ। ਇਸੇ ਮੁਤਲਕ ਇਕ ਹੋਰ ਗੱਲ ਯਾਦ ਆਈ। ਸਾਡੇ ਵੱਡੇ ਲੜਕੇ ਦੀ ਸ਼ਾਦੀ ਕਰਨੀ ਸੀ। ਕੁੜੀ ਵਾਲੇ ਜਬਲਪੁਰ ਰਹਿੰਦੇ ਸਨ। ਵਿਆਹ ਤੋਂ ਪਹਿਲਾਂ ਜੋ ਆਮ ਗੱਲਾ-ਬਾਤਾਂ ਹੁੰਦੀਆਂ ਹਨ, ਸਭ ਹੋ ਚੁੱਕੀਆਂ ਸਨ। ਕੁੜੀ ਵਾਲਿਆਂ ਨੂੰ ਮੁੰਡਾ ਤੇ ਮੁੰਡੇ ਵਾਲਿਆਂ ਨੂੰ ਕੁੜੀ ਪਸੰਦ ਸੀ। ਸਭ ਤੋਂ ਵੱਡੀ ਗੱਲ ਕਿ ਕੁੜੀ ਮੁੰਡੇ ਨੂੰ ਇਕ ਦੂਜੇ ਦਾ ਸਾਥ ਪਸੰਦ ਸੀ। ਹੁਣ ਆਈ ਵਾਰੀ ਵਿਆਹ ਕਰਨ ਦੀ।

ਬਾਪੂ ਜੀ ਨੇ ਸਾਨੂੰ ਪਹਿਲਾਂ ਹੀ ਸੁਝਾਓ ਪੇਸ਼ ਕਰ ਦਿੱਤਾ ਕਿ "ਵੇਖਿਓ ਕਿਤੇ ਤੁਸੀਂ ਵੀ ਲੋਕਾਂ ਵਾਂਗ ਨਾ ਕਰਿਓ ਕਿ ਅਮ੍ਰਿਤਸਰ ਆ ਕੇ ਹੀ ਵਿਆਹ ਕਰੋ। ਕੁੜੀ ਵਾਲਿਆਂ ਨੂੰ ਅੱਗੇ ਹੀ ਬਹੁਤ ਕੰਮ ਹੁੰਦੇ ਹਨ। ਤੁਸੀਂ ਭਾਵੇਂ ਪੰਜ ਜਣੇ ਹੀ ਜਾਉ ਪਰ ਜਿਥੇ ਧੀ ਵਾਲੇ ਕਹਿਣ ਉਥੇ ਹੀ ਜਾਓ, ਜਾ ਕੇ ਕੁੜੀ ਵਿਆਹ ਕੇ ਘਰ ਲੈ ਆਉ।" ਅਸਾਂ ਵੀ ਅਜੇ ਪਹਿਲਾ ਬੱਚਾ ਵਿਆਹੁਣਾ ਸੀ। ਕੀ ਹੋਇਗਾ ? ਕਿਵੇਂ ਹੋਇਗਾ ? ਸੋਚਦੇ ਸਾਂ। ਸੋ ਬਾਪੂ ਜੀ ਦੀ ਗੱਲ ਮੰਨ ਕੇ ਅਸੀਂ 11 ਜਣੇ ਘਰੋਂ ਚੱਲੇ, ਦਿੱਲੀ ਵਾਲੇ ਤੇ ਬੰਬਈ ਵਾਲੇ ਭਰਾ ਜੀ ਹੋਰੀਂ ਉਥੋਂ ਹੀ ਜਬਲਪੁਰ ਪਹੁੰਚ ਗਏ। ਕੁੜੀ ਵਾਲਿਆਂ ਸਾਡੀ ਬਹੁਤ ਸੇਵਾ ਕੀਤੀ। ਸੈਰ ਕਰਾਈ ਉਥੋਂ ਦੀ ਮਸ਼ਹੂਰ ਮਾਰਬਲ ਲੇਕ ਦਿਖਾਈ।

ਪੰਜਵੇਂ ਦਿਨ ਜਦੋਂ ਅਸੀਂ ਵਿਆਹ ਕੇ ਘਰ ਆਏ। ਸਾਡੇ ਨਾਲ ਨਵੀਂ ਕੁੜੀ ਲਾਲ ਚੂੜੀਆਂ ਵਾਲੀ, ਪਿਆਰੀ ਜਿਹੀ ਤੇ ਸੋਹਣੀ ਜਿਹੀ। ਦੇਖ ਕੇ ਪੜੋਸੀ ਲੋਕ ਬੜੇ ਹੈਰਾਨ ਹੋਏ ਕਿ ਤੁਸੀਂ ਤਾਂ ਕਮਾਲ ਕੀਤੀ, ਚੁੱਪ-ਚਾਪ ਮੁੰਡਾ ਵਿਆਹ ਲਿਆ। ਆਦਿ।

ਆ ਕੇ ਰਿਸੈਪਸ਼ਨ ਦੇ ਦਿੱਤੀ, ਸਭ ਨੂੰ ਪਤਾ ਲਗ ਗਿਆ ਕਿ ਡਾ. ਨਵਜੋਤ ਸਿੰਘ ਤੇ ਡਾ. ਰੀਨਾ ਦਾ ਵਿਆਹ ਹੋ ਗਿਆ ਹੈ। ਸੋ ਅਸੀਂ ਆਪਣੇ ਬਾਪੂ ਜੀ ਦਾ ਸਝਾਉ ਰੂਪੀ ਹੁਕਮ ਮੰਨਦੇ ਸਾਂ, ਸਦਾ ਸੁਖੀ ਰਹਿੰਦੇ ਸਾਂ ਅਤੇ ਯਾਦ ਕਰਦੇ ਸਾਂ ਇਸ ਮੁਹਾਵਰੇ ਨੂੰ "ਬਾਪੂ ਬਾਪੂ ਕਹਿੰਦੇ ਹਾਂ, ਸਦਾ ਸੁਖੀ ਰਹਿੰਦੇ ਹਾਂ।"

ਏਹੋ ਜਿਹੀਆਂ ਹੋਰ ਬਹੁਤ ਗੱਲਾਂ ਹਨ। ਕਿਹੜੀ ਕਿਹੜੀ ਲਿਖਾਂ। ਸਾਰੀ ਪੁਸਤਕ ਮੇਰੀ ਹੀ ਨਾ ਹੋ ਜਾਵੇ। ਆਖ਼ਰੀ ਇੰਨਸੀਡੈਂਟ ਲਿਖਦੀ ਹਾਂ।

ਬਾਪੂ ਜੀ ਸਵੈਦੇਸ਼ੀ ਚੀਜ਼ਾਂ ਪਸੰਦ ਕਰਦੇ ਸਨ। ਸਵੈਦੇਸ਼ੀ ਖ਼ਬਰਾਂ ਸੁਣਨਾ ਪਸੰਦ ਕਰਦੇ ਸਨ। ਖ਼ਬਰਾਂ ਹਰ ਭਾਸ਼ਾ ਵਿਚ ਸੁਣਦੇ ਸਨ। ਹਿੰਦੀ, ਪੰਜਾਬੀ, ਬੰਗਾਲੀ, ਅੰਗਰੇਜ਼ੀ ਤੇ ਉਰਦੂ ਆਦਿ॥

ਉਨ੍ਹਾਂ ਦਿਨਾਂ ਵਿਚ ਉਨ੍ਹਾਂ ਦੀ ਛੋਟੀ ਧੀ ਬ੍ਰਿੰਦਰ ਅਸਟਰੇਲੀਆ ਤੋਂ ਆਪਣੀਆਂ ਤਿੰਨ ਬੇਟੀਆਂ ਨਾਲ ਆਈ ਹੋਈ ਸੀ। ਪਿਛਲੇ ਦੋ ਹਫ਼ਤਿਆਂ ਤੋਂ ਉਹ ਆਪਣੇ ਸਹੁਰੇ ਪਿੰਡ ਘਰ ਦੇ ਬਾਕੀ ਜੀਆਂ ਨੂੰ ਮਿਲਣ ਗਈ ਹੋਈ ਸੀ। ਜਿਵੇਂ ਕਿ ਜੇਠ, ਜਠਾਣੀ, ਉਨ੍ਹਾਂ ਦੇ ਬੱਚੇ ਤੇ ਆਪਣੇ ਸੱਸ ਸਹੁਰਾ, ਸਭ ਜਣੇ

ਪਿੰਡ ਲਾਂਬੜੇ ਹੀ ਰਹਿੰਦੇ ਸਨ।

ਆਪਣੀ ਭੂਆ ਜੀ ਨੂੰ ਮਿਲਣ ਵਾਸਤੇ ਮੇਰੀ ਵੱਡੀ ਬੇਟੀ ਪਿੰਕੀ ਆਈ ਹੋਈ ਸੀ। ਉਸਦੇ ਨਾਲ ਉਸਦੀ ਪਿਆਰੀ ਜਿਹੀ ਬੇਟੀ ਦੋ ਮਹੀਨੇ ਦੀ ਸ਼ਿਲਪਾ ਵੀ ਸੀ।

14 ਜਨਵਰੀ ਸ਼ਾਮ ਨੂੰ ਬੁਲੋਵਾਲ ਤੋਂ ਬਿੰਦਰ ਨੇ ਟੈਲੀਫੋਨ ਕੀਤਾ, ਬਾਪੂ ਜੀ ਨੇ ਸੁਣਿਆ, ਗੱਲਾਂ ਬਾਤਾਂ ਕੀਤੀਆਂ ਪਤਾ ਲੱਗਾ ਕਿ ਬਿੰਦਰ 15 ਜਨਵਰੀ ਨੂੰ ਆ ਰਹੀ ਹੈ। ਬਹੁਤ ਖੁਸ਼ ਸਨ। ਹੱਸ ਹੱਸ ਕੇ ਸਭ ਨੂੰ ਦਸ ਰਹੇ ਸਨ ਕਿ ਬਿੰਦਰ ਆ ਰਹੀ ਹੈ।

14 ਜਨਵਰੀ 1982 ਸ਼ਾਮ ਨੂੰ ਟੀ. ਵੀ. ਦੇਖ ਰਹੇ ਸਨ। ਖਬਰਾਂ ਸੁਣ ਕੇ ਫੇਰ ਖਾਣਾ ਖਾਧਾ ਤੇ ਬਾਥ ਰੂਮ ਵਿਚ ਹੱਥ ਧੋਣ ਗਏ ਔਂਦਿਆਂ ਨੂੰ ਪਿੰਕੀ ਨੇ ਟੀ. ਵੀ. ਸਟੇਸ਼ਨ ਬਦਲ ਦਿੱਤਾ। ਆ ਕੇ ਕਹਿੰਦੇ ਹੱਛਾ ਤੁਸੀਂ ਹੁਣ ਪਾਕਿਸਤਾਨ ਲਾ ਲਿਆ ਹੈ, ਚਲੋ ਕੋਈ ਗੱਲ ਨਹੀਂ, ਮੈਂ ਤਾਂ ਹੁਣ ਸੌਣ ਚਲਿਆ ਹਾਂ। ਫੇਰ ਬੇਬੀ ਸ਼ਿਲਪਾ ਨਾਲ ਦੋ ਚਾਰ ਗੱਲਾਂ ਕੀਤੀਆਂ। ਉਸਨੇ ਉੱਤਰ ਕੀ ਦੇਣਾ ਸੀ, ਹੂੰ, ਹੂੰ ਕਰਦੀ ਰਹੀ। ਫਿਰ ਉਸ ਨੂੰ ਪਿਆਰ ਨਾਲ ਆਖਣ ਲੱਗੇ, ਨੀ ਘੁਕਨੋ ਤੂੰ ਤਾਂ ਹੱਸੀ ਹੀ ਜਾਂਦੀ ਏਂ, ਮੈਥੋਂ ਨਹੀਂ ਐਨੀ ਸਿਰ ਖਪਾਈ ਹੁੰਦੀ। ਹੁਣ ਤੂੰ ਆਪਣੀ ਮੰਮੀ ਦਾ ਸਿਰ ਖਾਹ। ਮੈਂ ਚੱਲਿਆ ਸੌਣ।

"ਮੈਂ ਤਾਂ ਚਲਿਆ ਸੌਣ" ਇਹ ਕਹਿ ਕੇ ਬਾਪੂ ਜੀ ਆਪਣੇ ਕਮਰੇ ਵਿਚ ਚਲੇ ਗਏ, ਸੌਂ ਗਏ, ਸੁਖ ਦੀ ਨੀਂਦ ਸੌਂ ਗਏ, ਫੇਰ ਕਦੇ ਨਹੀਂ ਉਠੇ। 15 ਜਨਵਰੀ ਬੀਬੀ ਜੀ ਨੇ ਮੈਨੂੰ ਦੱਸਿਆ ਕਿ ਤੁਹਾਡਾ ਬਾਪੂ ਮੂੰਹ ਖੋਲ ਕੇ ਸੁੱਤਾ ਪਿਆ ਹੈ, ਮੈਨੂੰ ਤੇ ਲਗਦਾ ਉਹ ਨਹੀਂ ਹੈਗਾ। ਖਤਮ ਹੋ ਗਿਆ ਹੈ। ਭਾਵੇਂ ਆਪ ਦੇਖ ਲਵੋ। ਡਾ. ਨਵਪ੍ਰੀਤ ਨੇ ਦੇਖਿਆ, ਉਹ ਵਾਕਿਆ ਹੀ ਬੇਹੋਸ਼ ਪਏ ਸਨ। ਫਟਾ ਫਟ ਹਸਪਤਾਲ ਲੈ ਗਏ ਗੁਲੂਕੋਜ਼ ਲਗਾ ਦਿੱਤਾ। ਰੀੜ ਦੀ ਹੱਡੀ 'ਚੋਂ ਪਾਣੀ ਲੈ ਕਿ ਜਿਵੇਂ ਟੈਸਟ ਕਰਦੇ ਨੇ ਡਾਕਟਰ ਲੋਕ, ਉਸੇ ਤਰ੍ਹਾਂ ਹੀ ਕੀਤਾ, ਪਤਾ ਲੱਗਾ ਕਿ ਬ੍ਰੇਨ ਹੈਮਰੇਜ ਹੋ ਚੁੱਕਾ ਹੈ। ਇਲਾਜ਼ ਸ਼ੁਰੂ ਹੋ ਗਿਆ। ਉਨ੍ਹਾਂ ਦੀ ਬੇਟੀ ਵੀ ਪਹੁੰਚ ਗਈ, ਤੇ ਬੜੀ ਹੈਰਾਨ ਹੋਈ ਅਤੇ ਆਪਣੇ ਆਪ ਨੂੰ ਲੱਕੀ ਵੀ ਸਮਝਣ ਲੱਗੀ ਕਿ ਮੈਂ ਕੱਲ੍ਹ ਫ਼ੋਨ ਤੇ ਆਖ਼ਰੀ ਗੱਲ ਤਾਂ ਕਰ ਲਈ। ਜੇ ਫ਼ੋਨ ਨਾ ਕਰਦੀ ਤਾਂ ਇਹ ਵੀ ਨਹੀਂ ਸੀ ਹੋਣੀ। ਮੈਂ ਵੀ ਪੰਜ ਦਿਨ ਉਨ੍ਹਾਂ ਦੇ ਗੁਲੂਕੋਜ਼ ਲੱਗੇ ਵਾਲਾ ਹੱਥ ਫੜ੍ਹ ਕੇ ਬੈਠੀ ਰਹੀ। ਕਿ ਕਿਤੇ ਹੋਸ਼ ਆਉਣ ਤੇ ਹੱਥ ਖਿੱਚ ਲਿਆ ਤਾਂ ਸੂਈ ਨਿਕਲ ਜਾਏਗੀ। ਅੰਤ 20 ਜਨਵਰੀ ਸਵੇਰੇ ਸੱਤ-ਅੱਠ ਵਜੇ ਸਾਹ ਹੋਰ ਔਖਾ ਹੋਇਆ। ਡਾਕਟਰ ਨੇ ਸਟੈਥੋਸਕੋਪ ਜਿਉਂ ਰੱਖਿਆ ਛਾਤੀ ਤੇ ਸਾਰੇ ਸਵਾਸਾਂ ਦੀ ਬੀਟ ਸੁਣੀ। ਆਖਰੀ ਬੀਟ ਸੁਣ ਕੇ ਸਟੈਥੇਸਕੋਪ ਪਟਕਾ ਮਾਰਿਆ ਮੰਜੇ 'ਤੇ। ਆਪ ਪਿੱਛੇ ਮੂੰਹ ਕਰਕੇ ਆਸੂ ਪੋਚੇ। ਅਸੀ ਦੋਵੇਂ ਮਾਂ-ਪੁੱਤਰ ਉਸ ਵੇਲੇ ਕੋਲ ਸਾਂ। ਰੋਣ ਧੋਣਾ ਗ਼ੁਮ ਰੱਖਿਆ। ਆਪਾਂ ਦੋਵੇਂ ਗਲੇ ਮਿਲੇ ਇਕ ਦੂਜੇ ਨੂੰ ਦਿਲਾਸਾ ਦਿੱਤਾ। ਘਰ ਖ਼ਬਰ ਦਿੱਤੀ ਕਿ ਆਓ ਇਨ੍ਹਾਂ ਨੂੰ ਲੈ ਚੱਲੀਏ।

ਇੰਜ ਸਾਡੇ ਬਾਪੂ ਜੀ ਦੇ ਸਵਾਸਾਂ ਦਾ ਅੰਤ ਹੋਇਆ।

◆

# Bapuji

•

-Kuldeep Singh

The earliest memory which left a deep impression on me when I was around 8-9 years old and Bapuji--as we used to call our Father--had come from calcutta on vacation . I was then in our native village. (It was during second world war when bombs had started falling on Calcutta. Most of his neighbours had left Calcutta for the country but he would not budge, The only concession he made to the War was to send his family home) We had gone for an early morning walk in the country side. cool breeze. greenany around, swaying crops. In the magical morning atmosphere, he started singing the shabad "ਮੈਂ ਅੰਧਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ" with feeling and faith. It was a kind of faith that helped him through his own life not to become hopeless/helplen in the face of any difficulties. He had the courage of his convictions and beliefs.

When he was young he had realised that he was destined to achieve bigger things in life rather than being confined to the village life and its mundane activities. With no formal education, he took the bold step of saying farewell to relatives, the village life & setting forth. He arrived in calcutta, got a job in a small engineering workshop as a leathe operator and by dint of hardwork profound foresight and planning he not only progressed to the highest rungs of management but the small workshop itself blossomed into a viable business of repute and large turnover for the owners.

His motive power came from a sense of belonging, blend of matchless energy, combination of intelligence and foresight.

He felt in himself an enormous confidence. He would always conform to conventions and never step outside the social or religious values/limits.

His inborn gift as a poet impressed his fellow beings and the community. Although heavily busy in work, he devoted time to writing poetry, attending Kavi sammelangs. Poetry sprang from his heart. He would sit in his armichair, deep in thanght, delight on his face and then scribble on a scrap of paper his master pieces which he later made into fair copies. He was the founder member of Kavl Kutia--a literary organisation in Calcutta and also did pioneering work in starting of a daily Newspaper in Gurmukhi in Calcutta.

A man of multiple genius, heis fondly remembered by all who came in contact with him. He was a man without sham, untroubled by hypocrisies practised by others. So simple was his character, so charming his personality, so delightful his sense of humour that affection for him had no reservations.

I miss my Bapuji.

◆

# ਯਾਦਾਂ ਬਾਪੂ ਜੀ ਦੀਆਂ

◆

**-ਅਮਰਜੋਤ**

---

ਮੇਰੇ ਪਿਤਾ ਚੰਨਣ ਸਿੰਘ ਜੀ ਜੇਠੂਵਾਲੀਆ ਅਤੇ ਬਾਪੂ ਜੀ ਦੀ ਦੋਸਤੀ ਕਵਿਤਾਵਾਂ ਰਾਹੀਂ ਹੋਈ ਅਤੇ ਇਸ ਮਿੱਤਰਤਾ ਤੇ ਪਿਆਰ ਦਾ ਫਲਸਰੂਪ ਮੈਂ ਬਾਪੂ ਜੀ ਦੀ ਮੰਝਲੀ ਨੂੰਹ ਬਣੀ ਤੇ ਪਰਿਵਾਰ ਵਿਚ ਪ੍ਰਵੇਸ਼ ਕੀਤਾ। ਮੇਰੀ ਰਸਮੀ ਕੋਈ ਮੰਗਣੀ ਨਹੀਂ ਹੋਈ ਸੀ। ਬਾਪੂ ਜੀ ਦੇ ਸ਼ਬਦ ਕਿ ਮੈਂ ਰਸਮ ਅਤੇ ਸ਼ਗਨਾਂ ਨਾਲੋਂ ਵਚਨ ਨੂੰ ਜ਼ਿਆਦਾ ਮਹੱਤਤਾ ਦਿੰਦਾ ਹਾਂ--ਬਾਪੂ ਜੀ ਨੇ ਪੂਰਨ ਨਿਭਾਏ।

ਜਦੋਂ ਵੀ ਮੇਰੇ ਪਤੀ ਕਿਸੇ ਲੰਬੇ ਟੂਰ ਤੇ ਜਾਂਦੇ ਜਾਂ TRANSFER ਦੀ ਵਜ੍ਹਾ ਨਾਲ ਲੰਬੇ ਅਰਸੇ ਲਈ ਜਾਣਾ ਪੈਂਦਾ ਬਾਪੂ ਜੀ ਸਾਡੇ ਕੋਲ ਆ ਜਾਂਦੇ। ਉਨ੍ਹਾਂ ਦਾ ਮੈਨੂੰ ਬਹੁਤ ਸਹਾਰਾ ਸੀ। ਸੱਚੀ ਗੱਲ ਤਾਂ ਇਹ ਹੈ ਸੀ ਕਿ He was a very comfortable person To live with. ਸਭ ਤਰ੍ਹਾਂ ਇਕ ਦਮ ਫਿਟ ਸਨ। ਬਿਲਕੁਲ ਸ਼ਾਂਤ, ਮੋਨ ਗੰਭੀਰ, ਚੁਪ-ਚਾਪ ਬੈਠਣ ਵਾਲੇ। ਉਹ ਹੁੰਦੇ ਹੋਏ ਵੀ ਬਿਲਕੁਲ ਲਗਦਾ ਜਿਸ ਤਰ੍ਹਾਂ ਕੋਈ ਹੈ ਹੀ ਨਹੀਂ। ਕਿਸੇ ਗੱਲ ਵਿਚ ਕੋਈ INTERFERENCE ਨਹੀਂ ਸੀ। ਸਾਡੀ ਗ਼ਲਤੀ ਸਾਡੇ ਤਕ ਕਦੀ ਨਾ ਪਹੁੰਚਦੀ ਪਰ ਸਾਡੀ ਚੰਗੀ ਗਲ ਦੀ ਪ੍ਰਸੰਸਾ ਜਰੂਰ ਹੁੰਦੀ। ਉਸੇ ਵਕਤ ਮੰਨ ਵਿਚ ਹਮੇਸ਼ਾ ਇਹ ਭਾਵ ਉਠਦਾ ਸ਼ਾਇਦ ਐਸੇ ਹੀ ਇਨਸਾਨ ਨੂੰ ਸੰਤ ਕਿਹਾ ਜਾਂਦਾ ਹੈ।

ਇਕ ਹੋਰ ਗੱਲ ਬੜੀ ਹੀ ਮੇਰੇ ਨੋਟਿਸ ਵਿਚ ਆਈ ਕਿ ਕੋਈ ਉਨ੍ਹਾਂ ਨਾਲ ਕਿਸ ਤਰ੍ਹਾਂ ਵੀ ਚਲਦਾ, ਕੁਝ ਵੀ ਕਹਿ ਜਾਂਦਾ--ਇਨਸਾਫ, ਬੇਇਨਸਾਫੀ ਵਿਚ--ਉਨ੍ਹਾਂ ਨੂੰ ਮੈਂ ਕਦੇ ਵੀ ਅਧੀਰ ਜਾਂ ਅਸੰਤੁਸ਼ਟ ਨਹੀਂ ਦੇਖਿਆ ਅਤੇ ਨਾ ਹੀ ਕਦੀ ਸ਼ਕਾਇਤ ਕਰਦਿਆਂ ਸੁਣਿਆ। ਹਮੇਸ਼ਾ ਧੀਰਵਾਨ ਜਾਂ ਤਰਿਪਤ ਹੀ ਦੇਖਿਆ। ਸ਼ਾਇਦ ਇਹੀ ਕਾਰਨ ਸੀ ਕਿ ਛੋਟੀ ਉਮਰ ਤੋਂ ਬਲੱਡ ਪ੍ਰੈਸ਼ਰ ਦੇ ਮਰੀਜ਼ ਹੁੰਦਿਆਂ ਹੋਇਆ ਵੀ ਲੰਬੀ ਉਮਰ ਭੋਗੀ ਅਤੇ ਇਸੇ ਲਈ ਹੀ ਸ਼ਾਇਦ ਬਿਨ ਮੰਗੇ ਖੁਸ਼ੀਆਂ ਦੀ ਸੌਗਾਤ ਮਿਲੀ। ਆਪਣੀ ਸੰਤਾਨ ਵਲੋਂ ਬਹੁਤ ਸੁਖ ਭੋਗ ਕੇ ਗਏ।

ਮੇਰੇ ਬਾਰੇ ਉਹ ਹਮੇਸ਼ਾ ਮਾਂ ਜੀ ਨੂੰ ਕਹਿੰਦੇ ਕਿ ਸਾਡੀ ਅਮਰਜੋਤ "ਬੜੀ ਕਮਲੀ ਤੇ ਭੋਲੀ" ਹੈ। ਮੈਂ ਇਸ ਨੂੰ ਆਪਣੇ ਲਈ ਇਕ ਬੜਾ ਵੱਡਾ Compliment ਮੰਨਦੀ ਹਾਂ।

◆

# ਕੁਝ ਯਾਦਾਂ

◆

**-ਹਰਬਖ਼ਸ਼ ਸਿੰਘ ਹੰਸਪਾਲ**

ਮੇਰੀਆਂ ਬਾਪੂ (ਸ. ਸ. ਭਿਖਾਰੀ) ਨਾਲ ਸੰਬੰਧਤ ਯਾਦਾਂ ਜ਼ਿਆਦਾਤਰ ਮੇਰੇ ਕਲਕੱਤੇ ਦੇ ਬੀ. ਏ., ਐਮ. ਏ., ਪੜ੍ਹਨ ਦੇ ਦਿਨਾਂ ਤੇ ਬਾਅਦ ਵਿਚ ਉਨ੍ਹਾਂ ਦੇ ਰਿਟਾਇਰਮੈਂਟ ਦੇ ਦਿਨਾਂ ਦੀਆਂ ਹਨ। ਪਹਿਲੇ, ਛੋਟੇ ਹੁੰਦਿਆਂ ਮੈਂ ਤੀਸਰੀ ਚੌਥੀ ਜਮਾਤ ਖਾਲਸਾ ਸਕੂਲ ਕਲਕੱਤੇ ਵੀ ਪੜ੍ਹਿਆ ਸਾਂ, ਪਰ ਦੂਸਰੀ ਵੱਡੀ ਲੜਾਈ ਲੱਗੀ ਹੋਣ ਕਰਕੇ ਜਦੋਂ ਜਾਪਾਨ ਦਾ ਖਤਰਾ ਬਹੁਤ ਨੇੜੇ ਆ ਗਿਆ, ਅਸੀਂ ਪਿੰਡ ਭੰਗਾਲੀ ਚਲੇ ਗਏ ਸਾਂ।

ਉਨ੍ਹਾਂ ਨੇ ਸਾਰੀ ਜ਼ਿੰਦਗੀ ਸਖ਼ਤ ਮਿਹਨਤ, ਜੱਦੋ ਜਹਿਦ ਤੇ ਗਰੀਬੀ ਵਿਚ ਹੀ ਕੱਟੀ ਸੀ, ਪਰ ਇਸ ਗੱਲ ਦਾ ਅਹਿਸਾਸ ਮੈਨੂੰ ਬਚਪਨ ਵਿਚ ਨਹੀਂ ਬਾਅਦ ਵਿਚ ਜਾ ਕੇ ਹੋਇਆ। ਮੈਂ ਏਨਾ ਹੀ ਸਮਝਦਾ ਸਾਂ ਕਿ ਸਾਡੀ ਮਿਡਲ ਕਲਾਸ ਫੈਮਿਲੀ ਹੈ।

ਇਕ ਦ੍ਰਿਸ਼ ਮੇਰੇ ਜ਼ਿਹਨ ਵਿਚ ਉੱਭਰ ਕੇ ਆਉਂਦਾ ਹੈ। ਛੋਟੇ ਹੁੰਦਿਆਂ ਜਦੋਂ ਮੈਂ ਪਿੰਡੋਂ ਕਲਕੱਤੇ ਤੀਸਰੀ ਜਮਾਤ ਖ਼ਾਲਸਾ ਸਕੂਲੇ ਪਾ ਦਿੱਤਾ ਗਿਆ ਤਾਂ ਛਮਾਹੀ ਇਮਤਿਹਾਨ ਵਿਚ ਮੇਰਾ ਰੀਜ਼ਲਟ ਲਾਲ ਕਾਰਡ ਯਾਨੀ ਲਾਇਕ ਬੱਚਿਆਂ ਵਾਲੀ ਪਹਿਲੀ ਸ਼੍ਰੇਣੀ ਵਿਚ ਸੀ। ਹਿਸਾਬ ਦਾ ਪਰਚਾ ਮੈਂ ਉਨ੍ਹਾਂ ਨੂੰ ਦਿਖਾਇਆ। ਪੰਜਾਹ ਵਿਚੋਂ ਬਤਾਲੀ ਨੰਬਰ ਸਨ। ਉਨ੍ਹਾਂ ਦੇਖ ਕੇ ਮੈਨੂੰ ਘੁੱਟ ਲਿਆ ਤੇ ਸ਼ਾਬਾਸ਼ ਦਿੱਤੀ ਅਤੇ ਨਾਲੇ ਕਿਹਾ, "ਤੂੰ ਗ਼ਰੀਬ ਪਿਉ ਦਾ ਪੁੱਤ ਹੈਂ, ਇਸੇ ਤਰ੍ਹਾਂ ਮਿਹਨਤ ਨਾਲ ਪੜ੍ਹਦਾ ਰਹਿ ਅਤੇ ਹੋਰ ਚੰਗੇ ਨੰਬਰ ਲੈ।"

ਉਹ ਖ਼ੁਦ ਇਕ ਕਾਰਖਾਨੇ ਵਿਚ ਇਕ ਵਰਕਰ ਤੋਂ ਫੋਰਮੈਨ ਦੀ ਪਦਵੀ ਤਕ ਪਹੁੰਚੇ ਸਨ, ਹੱਥੀਂ ਕੰਮ ਕਰਕੇ। ਕੋਈ ਡਿਗਰੀਆਂ ਨਹੀਂ ਸਨ ਪਾਸ ਕੀਤੀਆਂ। ਇਸੇ ਗੱਲ ਦਾ ਉਨ੍ਹਾਂ ਨੂੰ ਰੰਜ ਸੀ ਕਿਉਂਕਿ ਬਗ਼ੈਰ ਡਿਗਰੀਆਂ ਤੋਂ ਉੱਚੀਆਂ ਨੌਕਰੀਆਂ ਤੇ ਚੰਗੇ ਪੈਸੇ ਨਹੀਂ ਸਨ ਮਿਲਦੇ। ਉਨ੍ਹਾਂ ਦੀ ਤਨਖਾਹ ਘੱਟ ਸੀ। ਉਨ੍ਹਾਂ ਦੇ ਉਤੇ ਲਾਏ ਇੰਜੀਨੀਅਰ ਕੋਲ ਪ੍ਰੈਕਟੀਕਲ ਤਜਰਬਾ ਨਾ ਹੋਣ ਕਰਕੇ ਕਈ ਵਾਰ ਉਹ ਵਰਕਸ਼ਾਪ ਦੇ ਕੰਮ ਬਾਰੇ ਵੀ ਇਨ੍ਹਾਂ ਤੋਂ ਹੀ ਸਲਾਹ ਲੈਂਦੇ। ਇਸ ਕਰਕੇ ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੇ ਲੜਕੇ ਇੰਜੀਨੀਅਰਿੰਗ ਕਾਲਜ ਜਾਣ ਤੇ ਡਿਗਰੀਆਂ ਲੈਣ। ਉਨ੍ਹਾਂ ਨੂੰ ਤਸੱਲੀ ਸੀ ਕਿ ਲੜਕੇ ਬਹੁਤ ਲਾਇਕ ਸਨ। ਹਮੇਸ਼ਾ ਫਸਟ ਆਉਂਦੇ ਆਪਣੀ ਜਮਾਤ ਵਿਚੋਂ, ਅਤੇ ਚੰਗੇ ਨੰਬਰਾਂ ਦੇ ਆਧਾਰ 'ਤੇ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਸਮਾਂ ਪਾ ਕੇ ਇੰਜੀਨੀਅਰ

ਬਣ ਕੇ ਨਿਕਲੇ ਅਤੇ ਚੰਗੀਆਂ ਨੌਕਰੀਆਂ ਤੇ ਲਗ ਗਏ। ਸਵਾਏ ਮੇਰੇ।

ਦੋ ਪੁੱਤਰ ਇੰਜੀਨੀਅਰ ਬਣ ਗਏ। ਉਨ੍ਹਾਂ ਦੀ ਖਾਹਸ਼ ਸੀ ਕਿ ਤੀਸਰਾ ਯਾਨੀ ਕਿ ਮੈਂ ਡਾਕਟਰ ਬਣਾਂ। ਪਰ ਮੈਂ ਡਾਕਟਰ ਨਹੀਂ ਬਣ ਸਕਿਆ। ਇਹ ਖਾਹਿਸ਼ ਉਨ੍ਹਾਂ ਦੇ ਪੋਤਰਿਆਂ ਨੇ ਪੂਰੀ ਕਰ ਦਿੱਤੀ। ਕਿਉਂਕਿ ਮੇਰਾ ਸਾਇੰਸ ਵਾਲੇ ਪਾਸੇ ਝੁਕਾ ਨਹੀਂ ਸੀ। ਮੇਰੇ ਨੰਬਰ ਠੀਕ ਨਹੀਂ ਆਏ ਤੇ ਮੈਨੂੰ ਬੀ. ਏ. ਵਲ ਰੁੱਖ ਮੋੜਨਾ ਪਿਆ, ਪਰ ਆਰਟਸ ਲਾਈਨ ਵਿਚ ਵੀ ਭਵਿੱਖ ਹੋ ਸਕਦਾ ਹੈ, ਉਨ੍ਹਾਂ ਨੂੰ ਤਸੱਲੀ ਨਹੀਂ ਸੀ।

ਮੇਰਾ ਉਨ੍ਹਾਂ ਨੂੰ ਕੁਝ ਜ਼ਿਆਦਾ ਹੀ ਫਿਕਰ ਲਗਦਾ ਸੀ। ਬੀ. ਏ. ਤੋਂ ਬਾਅਦ ਮੈਂ ਐਮ. ਏ. ਅੰਗਰੇਜ਼ੀ ਵਿਚ ਕਲਕੱਤਾ ਯੂਨੀਵਰਸਿਟੀ ਵਿਚ ਦਾਖਲਾ ਲਿਆ। ਕਿਸਮਤ ਨੇ ਸੈਕਿੰਡ ਡਵੀਜ਼ਨ ਬਖਸ਼ ਦਿੱਤੀ। ਨੌਕਰੀ ਹਾਲੇ ਨਹੀਂ ਸੀ ਲੱਗੀ। ਇਹ ਅੰਮ੍ਰਿਤਸਰ ਵਿਚ ਘਰ ਬਣਾ ਰਹੇ ਸਨ, ਜਿਹੜਾ ਹਰ ਨੌਕਰੀ ਪੇਸ਼ਾ ਤੇ ਹਰ ਕਿਰਾਏਦਾਰ ਦਾ ਸੁਪਨਾ ਹੁੰਦਾ ਹੈ। ਕਿਸੇ ਰਿਸ਼ਤੇਦਾਰ ਨਾਲ ਮੇਰੇ ਰੀਜ਼ਲਟ ਬਾਰੇ ਗੱਲ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਤਾਂ ਅੰਗਰੇਜ਼ੀ ਦੀ ਸੈਕਿੰਡ ਕਲਾਸ ਮਿਲਦੀ ਹੀ ਨਹੀਂ। ਉਹ ਵੀ ਕਲਕੱਤਾ ਯੂਨੀਵਰਸਿਟੀ ਦੀ। ਫਿਰ ਤਾਂ ਨੌਕਰੀ ਮਿਲ ਜਾਏਗੀ। ਉਨ੍ਹਾਂ ਨੂੰ ਮੇਰੇ ਭਵਿੱਖ ਬਾਰੇ ਕੁਝ ਤਸੱਲੀ ਹੋਈ ਅੱਤੇ ਆਪਣੀ ਚਿੱਠੀ ਵਿਚ ਇਸ ਗੱਲ ਦਾ ਜ਼ਿਕਰ ਕੀਤਾ। ਫਿਰ ਸਬੱਬ ਨਾਲ ਮੈਂ ਅਮ੍ਰਿਤਸਰ ਸੈਰ ਕਰਨ ਦੀ ਇੱਛਾ ਨਾਲ ਆਇਆ ਅਤੇ ਸਬੱਬ ਨਾਲ ਬਟਾਲੇ ਬੇਰਿੰਗ ਕ੍ਰਿਸ਼ਚੀਅਨ ਕਾਲਜ਼ ਵਿਚ ਨੌਕਰੀ ਵੀ ਮਿਲ ਗਈ। ਫਿਰ ਬਟਾਲੇ ਤੋਂ ਅਮ੍ਰਿਤਸਰ ਤੇ ਫਿਰ ਦਿੱਲੀ। ਮੇਰੀ ਪ੍ਰੋਫੈਸਰੀ ਦੀ ਲਾਈਨ ਪੱਕੀ ਹੋ ਗਈ। ਪਰ ਤਨਖਾਹ ਇੰਜੀਨੀਅਰਾਂ ਦੇ ਮੁਕਾਬਲੇ ਘੱਟ ਸੀ। ਸ਼ਾਇਦ ਅੱਧੀ ਵੀ ਮੁਸ਼ਕਿਲ ਨਾਲ ਹੋਰ ਕੁਝ ਵੀ ਨਹੀਂ, ਕੋਈ ਅਹੁਦੇ ਦੀ ਤਾਕਤ, ਅਸਰ ਰਸੂਖ ਕੁਝ ਨਾ ਸਵਾਏ ਵਿਦਿਆਰਥੀਆਂ ਤੇ ਰੋਅਬ ਪਾਉਣ ਤੇ ਜਾਂ ਝਿੜਕਾਂ ਮਾਰਨ ਤੋਂ। ਮੈਨੂੰ ਥੋੜ੍ਹਾ ਬਹੁਤ ਲਿਖਣ ਦਾ ਸ਼ੌਂਕ ਸੀ ਅਤੇ ਕਦੀ ਕਦੀ ਮੇਰੀਆਂ ਕਹਾਣੀਆਂ, ਹਾਸ ਰਸ ਲੇਖ ਕਲਕੱਤੇ ਦੇ ਅਖ਼ਬਾਰਾਂ ਵਿਚ ਛਪਦੇ ਹੁੰਦੇ ਸਨ। ਇਨ੍ਹਾਂ ਦੀ ਆਪਣੀ ਕੰਪਨੀ ਦੇ ਮਾਲਕਾਂ, ਛੋਟੇ ਬਾਬੂ ਅਤੇ ਸ਼ਾਮ ਬਾਬੂ ਨਾਲ ਚਿੱਠੀ ਪੱਤਰ ਹੁੰਦਾ ਰਹਿੰਦਾ ਸੀ। ਇਕ ਵਾਰੀ ਸ਼ਾਮ ਬਾਬੂ ਨੇ ਲਿਖਿਆ :

ਕਿ ਅਸੀਂ ਕਦੀ ਕਦੀ ਇਥੋਂ ਦੇ ਅਖ਼ਬਾਰਾਂ ਵਿਚ ਕਹਾਣੀਆਂ ਆਦਿ ਪੜ੍ਹਦੇ ਹਾਂ ਜੋ ਤੁਹਾਡੇ ਲੜਕੇ ਦੀਆਂ ਲਗਦੀਆਂ ਹਨ ਅਤੇ ਸਾਨੂੰ ਬੜੀ ਖੁਸ਼ੀ ਹੁੰਦੀ ਹੈ। ਇਹ ਗੱਲ ਜਾਣ ਕੇ ਉਨ੍ਹਾਂ ਨੂੰ ਵੀ ਖੁਸ਼ੀ ਹੋਈ ਅਤੇ ਉਹ ਚਿੱਠੀ ਮੈਨੂੰ ਉਨ੍ਹਾਂ ਭੇਜ ਦਿੱਤੀ। ਮੇਰਾ ਖ਼ਿਆਲ ਹੈ ਕਿ ਮੇਰੇ ਵਲੋਂ ਮਾਯੂਸੀ ਉਨ੍ਹਾਂ ਦੀ ਕੁਝ ਹੱਦ ਤਕ ਹੋਰ ਘੱਟ ਗਈ ਹੋਵੇਗੀ। ਇਕ ਵਾਰ ਉਨ੍ਹਾਂ ਕਿਤੇ ਆਪਣੇ ਮਿੱਤਰ ਅੱਗੇ ਕਿਹਾ ਵੀ ਸੀ ਕਿ ਘਰ ਵਿਚ ਕਿਸੇ ਨਾ ਕਿਸੇ ਨੇ ਤਾਂ ਲਿਖਣ ਦੀ ਪਿਰਤ ਨੂੰ ਜਾਰੀ ਰੱਖਿਆ।

ਫਿਰ ਇਕ ਵਾਰੀ ਕਲਕੱਤੇ ਕੁਲਦੀਪ ਸਿੰਘ ਕੋਲ ਕੁਝ ਚਿਰ ਰਹਿਣ ਲਈ ਗਏ। ਇਕ ਦਿਨ ਟਰਾਮ ਵਿਚ ਸਫ਼ਰ ਕਰਦਿਆਂ ਉਨ੍ਹਾਂ ਨੂੰ ਇਕ ਪੁਰਾਣਾ ਮਿੱਤਰ ਮਿਲ ਗਿਆ। ਗੱਲਾਂ ਬਾਤਾਂ ਵਿਚ ਉਸ ਨੇ ਪੁੱਛਿਆ ਕਿ ਲੜਕੇ ਕੀ ਕਰਦੇ ਹਨ। ਇਨ੍ਹਾਂ ਦੱਸਿਆ ਕਿ ਵੱਡੇ ਦੋ ਇੰਜੀਨੀਅਰ ਹਨ ਅਤੇ ਸਭ ਤੋਂ ਛੋਟਾ ਕਾਲਜ ਵਿਚ ਪ੍ਰੋਫੈਸਰ। ਉਸ ਨੇ ਸੁਭਾਵਕ ਹੀ ਕਹਿ ਦਿੱਤਾ, ਛੋਟਾ ਸਭ ਤੋਂ ਵਧੀਆ ਹੈ। ਉਸਦੀ ਸਭ ਤੋਂ ਜ਼ਿਆਦਾ ਇੱਜ਼ਤ ਤੇ ਮਾਣ ਰਹੇਗਾ। ਸੈਂਕੜੇ ਵਿਦਿਆਰਥੀ ਉਸ ਦੇ

ਕਾਲਜੋਂ ਪੜ੍ਹਕੇ ਨਿਕਲਣਗੇ ਅਤੇ ਕਈ ਅਹੁਦਿਆਂ ਤੇ ਲੱਗਣਗੇ। ਹਰ ਪਾਸੋਂ ਇੱਜ਼ਤ ਮਿਲੇਗੀ। ਜਿਥੇ ਵੀ ਉਸ ਦੇ ਕੋਲੋਂ ਪੜ੍ਹਿਆ ਹੋਇਆ ਵਿਦਿਆਰਥੀ ਮਿਲੇਗਾ, ਇੱਜ਼ਤ ਮਾਣ ਕਰੇਗਾ। ਮੇਰਾ ਖ਼ਿਆਲ ਹੈ ਕਿ ਉਸ ਦਿਨ ਤੋਂ ਬਾਅਦ ਉਨ੍ਹਾਂ ਦੀ ਮੇਰੇ ਵੱਲੋਂ ਮਾਯੂਸੀ ਖ਼ਤਮ ਹੋ ਗਈ ਅਤੇ ਉਹ ਮੇਰੀ ਚਿੰਤਾ ਤੋਂ ਸੁਰਖਰੂ ਹੋ ਗਏ।

ਉਹ ਪਿੰਡ ਦੇ ਮਦਰਸੇ ਵਿਚ ਸਿਰਫ਼ ਦੋ ਜਮਾਤਾਂ ਹੀ ਪੜ੍ਹੇ ਸਨ, ਪਰ ਹੈਰਾਨੀ ਹੁੰਦੀ ਹੈ ਕਿ ਆਪ ਉਨ੍ਹਾਂ ਯਤਨ ਕਰਕੇ ਲਗਨ ਨਾਲ ਉਰਦੂ, ਪੰਜਾਬੀ, ਹਿੰਦੀ, ਬੰਗਾਲੀ ਅਤੇ ਕੰਮ ਚਲਾਊ ਅੰਗਰੇਜ਼ੀ ਵੀ ਸਿੱਖ ਲਈ। ਸਾਹਿਤ ਦਾ ਉਨ੍ਹਾਂ ਨੂੰ ਸ਼ੌਕ ਸੀ। ਕਵਿਤਾ ਕਹਿੰਦੇ ਲਿਖਦੇ ਸਨ। ਦਿਨੇ ਵਰਕਸ਼ਾਪ ਵਿਚ ਕੰਮ ਕਰਦੇ ਅਤੇ ਸ਼ਾਮ ਕਵੀ ਕੁਟੀਆ ਪ੍ਰੈੱਸ ਵਿਚ ਸ. ਮੁਨਸ਼ਾ ਸਿੰਘ 'ਦੁਖੀ' ਨਾਲ 'ਕਵੀ' ਪਰਚਾ ਕੱਢਦੇ ਸਨ। ਉਦੋਂ ਇਹ ਨਿਰੋਲ ਸ਼ੌਕ ਲਗਨ ਸੀ, ਜਿਹਨੂੰ ਅਸੀਂ ਲੇਬਰ ਆਫ਼ ਲਵ ਕਹਿ ਸਕਦੇ ਹਾਂ। ਦੂਰ ਬੈਠੇ ਕਲਕੱਤੇ ਪੰਜਾਬੀ ਮਾਂ ਬੋਲੀ ਦਾ ਸਹੀ ਅਰਥਾਂ ਵਿਚ ਨਿਸ਼ਕਾਮ ਸੇਵਾ। ਉੱਨੀ ਸੌ ਵੀਹਾਂ, ਤੀਹਾਂ ਵਿਚ ਆਪਣੀ ਕਵਿਤਾ, ਸਾਹਿਤ ਲੇਖਣੀ ਦੇ ਬਲ ਉੱਤੇ ਕੁਝ ਨਾਮਣਾ ਵੀ ਖੱਟਿਆ। ਸਮਕਾਲੀ ਲਿਖਾਰੀਆਂ, ਕਵੀਆਂ ਸਭਨਾਂ ਨਾਲ ਮੇਲ ਮੁਲਾਕਾਤ ਸੀ। ਕਲਕੱਤੇ ਵਿਚ ਇਨ੍ਹਾਂ ਦਾ ਨਾਂ ਇੱਜ਼ਤ ਨਾਲ ਲਿਆ ਜਾਂਦਾ ਸੀ। ਦਿਨੇ ਕਾਰਖਾਨੇ ਕੰਮ ਤੇ ਨਾਲ ਨਾਲ 'ਕਵੀ' ਰਿਸਾਲਾ ਚਲਾਇਆ, ਪ੍ਰੈੱਸ ਦਾ ਕੰਮ, ਸਖ਼ਤ ਮਿਹਨਤ ਦਾ ਅਸਰ ਸਿਹਤ ਤੇ ਪਿਆ। ਬਲੱਡ ਪ੍ਰੈਸ਼ਰ ਦਾ ਸ਼ਿਕਾਰ ਹੋ ਗਏ। ਸਿਰ ਦਰਦ ਵੀ ਰਹਿੰਦਾ ਸੀ। "ਕਵੀ" ਪਰਚਾ ਬੰਦਾ ਹੋ ਗਿਆ ਸੀ। ਕਵੀ ਪ੍ਰੈੱਸ ਅਤੇ 'ਦੇਸ਼ ਦਰਪਨ' ਅਖ਼ਬਾਰ ਨਰਿੰਜਨ ਸਿੰਘ ਤਾਲਿਬ ਕੋਲ ਚਲੇ ਗਏ। ਇਨ੍ਹਾਂ ਦੀ ਕਵਿਤਾ ਲਿਖਣੀ ਜਾਰੀ ਰਹੀ, ਕੁਝ ਉਲੱਥੇ ਵੀ ਕੀਤੇ, ਪਰ ਉਹ ਛਪ ਨਾ ਸਕੇ। ਸਿਰਫ਼ ਇਕੋ ਕਿਤਾਬ "ਪ੍ਰੇਮ ਲਹਿਰਾਂ" ਛਪੀ ਸੀ, ਜਿਹੜੀ ਕਾਫ਼ੀ ਸਲਾਹੀ ਗਈ। ਬੜੇ ਬੜੇ ਸਮਕਾਲੀ ਵਿਦਵਾਨਾਂ ਤੇ ਕਵੀਆਂ ਦੀ ਰਾਏ ਕਿਤਾਬ ਦੇ ਨਾਲ ਛਪੀਆਂ ਹੋਈਆਂ ਹਨ। ਇਕ ਉਲੱਥਾ ਬੰਕਮ ਚੰਦਰ ਦੇ ਨਾਵਲ "ਦੇਵੀ ਚੌਧਰਾਣੀ" ਦਾ ਸੀ। ਇਹ ਦੋਵੇ ਕਿਤਾਬਾਂ ਮੈਂ ਖ਼ੁਦ ਜਾ ਕੇ ਨੈਸ਼ਨਲ ਲਾਇਬ੍ਰੇਰੀ ਕਲਕੱਤੇ ਵਿਚ ਦਿੱਤੀਆਂ ਸਨ।

ਸਿਹਤ ਵਿਗੜਨ ਕਰਕੇ ਲਿਖਣਾ ਤਕਰੀਬਨ ਬੰਦ ਹੋ ਗਿਆ। ਇਨ੍ਹਾਂ ਸੋਚਿਆ ਕਿ ਰੀਟਾਇਰ ਹੋਣ ਤੋਂ ਬਾਅਦ ਵਿਹਲੇ ਹੋ ਕੇ ਲਿਖਾਂਗੇ, ਪਰ ਇਹ ਨਾ ਹੋ ਸਕਿਆ। ਉਹ ਖ਼ਾਸ ਕੁਝ ਲਿਖ ਨਾ ਸਕੇ। ਜਿਸ ਕੰਮ ਦੀ ਆਦਤ ਛੁੱਟ ਜਾਵੇ, ਉਹ ਬਾਅਦ ਵਿਚ ਸ਼ੁਰੂ ਕਰਨਾ ਅਸੰਭਵ ਨਹੀਂ ਤਾ ਮੁਸ਼ਕਿਲ ਜ਼ਰੂਰ ਹੁੰਦਾ ਹੈ।

ਉਨ੍ਹਾਂ ਦੀ ਕਲਕੱਤੇ ਵਿਚ ਇੱਜ਼ਤ ਤਾਂ ਜ਼ਰੂਰ ਸੀ, ਪਰ ਅਸਲ ਮਿਡਲ ਕਲਾਸ ਗਰੀਬ ਹੀ ਰਹੇ। ਇਸ ਗੱਲ ਦਾ ਅਹਿਸਾਸ ਮੈਨੂੰ ਕਲਕੱਤੇ ਬੀ. ਏ., ਐਮ. ਏ., ਵਿਚ ਪੜ੍ਹਦਿਆਂ ਹੋਣ ਤੋਂ ਸ਼ੁਰੂ ਹੋ ਗਿਆ ਸੀ। ਜਦੋਂ ਆਪਣੇ ਜਮਾਤੀਆਂ ਅਤੇ ਯਾਰਾਂ ਦੋਸਤਾਂ ਨੂੰ ਮੈਂ ਖੁੱਲ੍ਹਾ ਖਰਚ ਕਰਦਿਆਂ ਦੇਖਦਾ ਅਤੇ ਆਪਣੀ ਜੇਬ ਵਿਚ ਟਰਾਮ ਬੱਸ ਦੇ ਕਿਰਾਏ ਦੇ ਪੈਸੇ ਦੇਖਦਾ ਤੇ ਮਾੜੀ ਮੋਟੀ ਚਾਹ ਪਾਣੀ ਜਾਂ ਕਾਫ਼ੀ ਹਾਊਸ ਦੇ ਖਰਚ ਲਈ ਪੈਸੇ ਗਿਣਦਾ। ਕਦੀ ਕਦੀ ਫਿਲਮਾਂ ਖ਼ਾਸ ਕਰਕੇ ਮੈਟਰੋ ਲਾਈਟ ਹਾਊਸ ਵਿਚ ਅੰਗਰੇਜ਼ੀ ਫ਼ਿਲਮਾਂ ਦੇਖਣ ਲਈ ਵੀ ਪੈਸੇ ਥੁੜਦੇ ਹੁੰਦੇ ਸਨ। ਮਸਾਂ ਹੀ ਮਹੀਨੇ ਵਿਚ ਇਕ ਜਾਂ ਦੋ ਦੇਖੀ ਦੀਆਂ ਸਨ। ਇਹ ਸੋਚਦਾ ਸਾਂ ਕਿ ਏਨੇ ਸਾਲ ਹੋ ਗਏ ਕਲਕੱਤੇ

ਆਇਆ। ਵੀਹਾਂ ਤੋਂ ਇਥੇ ਆ ਕੇ ਵੱਸੇ ਸਾਂ। ਹੁਣ ਪੰਜਾਹਾਂ ਦਾ ਦਹਾਕਾ ਚਲਦਾ ਸੀ। ਲੋਕੀਂ ਤਾਂ ਕਲਕੱਤੇ ਵਿਚ ਆ ਕੇ ਬਿਜ਼ਨਸ ਕਰ, ਟੈਕਸੀ, ਬਸ ਚਲਾ, ਹੋਟਲ ਜਾਂ ਕੋਈ ਹੋਰ ਕੰਮ ਕਰਕੇ ਮਾਲਾ ਮਾਲ ਹੋ ਗਏ ਕੁਝ ਹੀ ਸਾਲਾਂ ਵਿਚ। ਅਸੀਂ ਕਿਉਂ ਗ਼ਰੀਬ ਰਹਿ ਗਏ। ਲਗਦਾ ਹੈ ਬਾਪੂ ਜੀ ਬਹੁਤੇ ਹੀ ਭਲੇ ਮਾਣਸ, ਸਿੱਧੇ-ਸਾਧੇ, ਇਮਾਨਦਾਰ ਰਹੇ ਸਨ ਅਤੇ ਹੋਰ ਲੋਕਾਂ ਨੇ ਇਨ੍ਹਾਂ ਨੂੰ ਵਰਤਿਆ ਸੀ। ਇਕ ਵਾਰੀ ਮੈਂ ਇਨ੍ਹਾਂ ਦੇ ਮਿੱਤਰ ਸ. ਪਿਆਰਾ ਸਿੰਘ ਕੋਲ ਗਿਲਾ ਕੀਤਾ ਇਸ ਗੱਲ ਦਾ, ਤਾਂ ਉਨ੍ਹਾਂ ਬੜੇ ਠਰ੍ਹੰਮੇ ਨਾਲ ਮੈਨੂੰ ਸਮਝਾਇਆ। "ਠੀਕ ਹੈ ਤੇਰੇ ਬਾਪੂ ਜੀ ਪੈਸੇ ਵਾਲੇ ਨਹੀਂ ਹਨ। ਉਨ੍ਹਾਂ ਜ਼ਿੰਦਗੀ ਵਿਚ ਬਹੁਤ ਜਦੋ ਜਹਿਦ ਕੀਤੀ ਹੈ ਅਤੇ ਆਪਣੀ ਫੈਮਿਲੀ ਨੂੰ ਬੜਾ ਉੱਚਾ ਲੈ ਗਏ ਹਨ। ਪਰ ਉਨ੍ਹਾਂ ਜ਼ਿੰਦਗੀ ਵਿਚ ਕਿਸੇ ਨਾਲ ਧੋਖਾ ਨਹੀਂ ਕੀਤਾ। ਕੋਈ ਹੇਰਾ-ਫੇਰੀ ਨਹੀਂ ਕੀਤੀ। ਉਹ ਵੀ ਗੁਰਦੁਆਰੇ, ਸਿੰਘ ਸਭਾ ਨਾਲ ਸਬੰਧਤ ਰਹੇ ਸਨ। ਕੋਈ ਉਨ੍ਹਾਂ 'ਤੇ ਉਂਗਲ ਨਹੀਂ ਉਠਾ ਸਕਦਾ। ਜਿਵੇਂ ਕੋਈ ਹੋਰਨਾਂ ਬਾਰੇ ਕਿਹਾ ਜਾਂਦਾ ਹੈ ਕਿ ਫਲਾਣਾ ਪੈਸੇ ਖਾ ਗਿਆ, ਫਲਾਣੇ ਨੇ ਆਪਣੇ ਕੰਮ ਲਈ ਪੈਸੇ ਵਰਤ ਲਏ।" ਉਨ੍ਹਾਂ ਕੁਝ ਨਾਂ ਵੀ ਗਿਣਾ ਦਿੱਤੇ ਜਿਹੜੇ ਕਲਕੱਤੇ ਵਿਚ ਬਦਨਾਮ ਸਨ। ਲੋਕੀਂ ਉਨ੍ਹਾਂ ਨੂੰ ਇੱਜ਼ਤ ਨਾਲ ਦੇਖਦੇ ਸਨ। ਕੀ ਇਹ ਗੱਲ ਅੱਜਕਲ੍ਹ ਦੇ ਗੁਰਦੁਆਰੇ ਦੇ ਮੈਂਬਰਾਂ ਬਾਰੇ ਕਹੀ ਜਾ ਸਕਦੀ ਹੈ? ਬੜੀ ਵੱਡੀ ਦੇਣ ਹੈ ਉਨ੍ਹਾਂ ਦੀ। ਤੁਹਾਨੂੰ ਏਨੀ ਉੱਚੀ ਸਿੱਖਿਆ ਵਿਦਿਆ ਦੁਆਈ ਏਨੀ ਪੈਸੇ ਦੀ ਤੰਗੀ ਦੇ ਬਾਵਜੂਦ, ਨਹੀਂ ਤਾਂ ਕਿਸੇ ਕਾਰਖਾਨੇ ਵਿਚ ਝੌਂਕ ਸਕਦੇ ਸਨ। ਮੈਨੂੰ ਲਾਜੁਆਬ ਕਰ ਦਿੱਤਾ।

ਇਕ ਹੋਰ ਮਹੱਤਵਪੂਰਨ ਯਾਦ ਮਨ ਵਿਚ ਉਤਰ ਕੇ ਆਉਂਦੀ ਹੈ। ਕਲਕੱਤੇ ਵਿਚ ਇਹ ਤੀਹ ਸਾਲਾਂ ਤੋਂ ਵੀ ਵਧ ਕੰਮ ਕਰ ਚੁੱਕੇ ਸਨ। ਬੀ. ਐਮ. ਸਿੰਘ ਦੀ ਛੋਟੀ ਦੁਕਾਨ ਇਕ ਕਮਰੇ ਤੋਂ ਸ਼ੁਰੂ ਹੋਈ ਵਰਕਸ਼ਾਪ ਇਕ ਬਹੁਤ ਵੱਡਾ ਕਾਰਖਾਨਾ ਬੇਨੀ ਇੰਜੀਨੀਅਰਿੰਗ ਵਰਕਸ ਬਣ ਗਈ। ਇਹ ਇਕ ਕਾਰੀਗਰ ਵਰਕਰਮੈਨ ਤੋਂ ਫੋਰਮੈਨ ਬਣ ਗਏ। ਪਰ ਗੁਜ਼ਾਰਾ ਮੁਸ਼ਕਿਲ ਨਾਲ ਹੀ ਚਲਦਾ ਸੀ। ਉਨ੍ਹਾਂ ਦੀ ਸਿਹਤ ਵੀ ਗਿਰ ਗਈ ਸੀ। ਕਈ ਵਾਰ, ਖਾਸ ਕਰ ਸੋਮਵਾਰ ਦੇ ਦਿਨ ਉਹ ਬਲੱਡ ਪ੍ਰੈਸ਼ਰ ਕਰਕੇ ਕਾਰਖਾਨੇ ਦੇ ਡਾਕਟਰ ਮਹੰਤੋ ਦੇ ਕਮਰੇ ਵਿਚ ਜਾ ਕੇ ਲੇਟ ਜਾਂਦੇ, ਆਰਾਮ ਕਰਦੇ। ਕਾਰਖਾਨੇ ਦੇ ਸਾਰੇ ਵਰਕਰ ਤਕਰੀਬਨ ਇਨ੍ਹਾਂ ਦੇ ਹੀ ਲਗਾਏ, ਸਿਖਾਏ ਹੋਏ ਸਨ। ਕਈ ਵਾਰ ਸੁਣਨ ਵਿਚ ਆਉਂਦਾ ਸੀ ਕਿ ਕਾਰਖਾਨੇ ਦੇ ਸਭ ਪੁਰਾਣੇ ਮੁਲਾਜ਼ਮ--ਕਾਰੀਗਰ ਤੇ ਕਲਰਕ ਕਿ ਇਨ੍ਹਾਂ ਮਾਲਕਾਂ ਦੀ ਦੁਕਾਨ-ਵਰਕਸ਼ਾਪ ਨੂੰ ਇਕ ਫ਼ੈਕਟਰੀ ਤਕ ਪਹੁੰਚਾ ਦਿੱਤਾ। ਮਾਲਕਾਂ ਨੂੰ ਚਾਹੀਦਾ ਹੈ ਕਿ ਹੁਣ ਇਨ੍ਹਾਂ ਨੂੰ ਆਰਾਮ ਦੇਣ ਤੇ ਚੰਗਾ ਮੁਆਵਜ਼ਾ ਦੇ ਕੇ ਸ਼ੁਕਰਾਨੇ ਵਜੋਂ ਰੀਟਾਇਰ ਕਰ ਦੇਣ। ਪਰ ਜਦੋਂ ਰੀਟਾਇਰ ਹੋਣਾ ਸੀ (1954) ਤਾਂ ਕਾਰਖਾਨੇ ਦੇ ਵਰਕਰਾਂ ਨੇ ਇਨ੍ਹਾਂ ਨੂੰ ਫੇਅਰਵੈਲ ਪਾਰਟੀ ਦੇਣ ਦਾ ਪ੍ਰੋਗਰਾਮ ਬਣਾਇਆ। ਮਾਲਕਾਂ ਤੇ ਸਟਾਫ਼ ਨੇ ਅਲੱਗ ਪਾਰਟੀ ਕਰਨੀ ਸੀ। ਇਨ੍ਹਾਂ ਨੂੰ ਕਿਸੇ ਤਰ੍ਹਾਂ ਪਤਾ ਲਗ ਗਿਆ ਕਿ ਮਾਲਕ ਰੀਟਾਇਰਮੈਂਟ ਵੇਲੇ ਇਨ੍ਹਾਂ ਨੂੰ ਬਹੁਤ ਥੋੜ੍ਹੀ ਰਕਮ ਦੇ ਰਹੇ ਸਨ। ਉਨ੍ਹਾਂ ਦਿਨਾਂ ਵਿਚ ਪ੍ਰਾਈਵੇਟ ਫ਼ਰਮਾਂ ਦਾ ਪ੍ਰਾਵੀਡੈਂਟ ਫੰਡ। ਪੈਨਸਨ ਜਾਂ ਗ੍ਰੈਚੁਟੀ ਵਗੈਰਾ ਦਾ ਘਟ ਹੀ ਰਿਵਾਜ ਸੀ।

ਇਨ੍ਹਾਂ ਨੂੰ ਬੜਾ ਧੱਕਾ ਲੱਗਾ ਕਿ ਸਾਰੀ ਉਮਰ ਇਨ੍ਹਾਂ ਕਾਰਖਾਨੇ ਤੇ ਲਗਾ ਦਿੱਤੀ, ਮਾਲਕ ਲੱਖਾਂ ਪਤੀ ਬਣ ਗਏ ਅਤੇ ਇਹ ਸਿਲਾ! ਇਹ ਆਪਣੇ ਕੈਬਨ ਦੀਆਂ ਚਾਬੀਆਂ ਪ੍ਰਮੋਧ ਬਾਬੂ, ਹੈੱਡ

ਮਿਸਤਰੀ ਨੂੰ ਦੇ ਕੇ ਆ ਗਏ ਅਤੇ ਅਗਲੇ ਦਿਨ ਕੰਮ ਤੇ ਨਾ ਗਏ। ਅਤੇ ਨਾ ਹੀ ਉਸ ਤੋਂ ਅਗਲੇ ਦਿਨ। ਮੈਂ ਸਮਝਿਆ ਕਿ ਸ਼ਾਇਦ ਤਬੀਅਤ ਖ਼ਰਾਬ ਹੋਣ ਕਰਕੇ ਨਹੀਂ ਗਏ। ਮੇਰੇ ਪੁੱਛਣ ਤੇ ਫਿਰ ਉਨ੍ਹਾਂ ਅੰਦਰ ਦੀ ਗੱਲ ਦੱਸੀ--ਕੰਮ ਖ਼ਤਮ ਹੋ ਗਿਆ। ਇਹੀ ਕਦਰ ਪਾਉਣੀ ਸੀ ਤਾਂ ਇਹ ਵੀ ਆਪਣੇ ਕੋਲ ਰੱਖਣ। ਉਨ੍ਹਾਂ ਦੀ ਮਾਯੂਸੀ ਦੀ ਗਹਿਰਾਈ ਤੇ ਉਦਾਸੀ ਦਾ ਅਨੁਮਾਨ ਲਾਉਣਾ ਮੁਸ਼ਕਿਲ ਸੀ। ਵਰਕਰਾਂ ਨੂੰ ਆਪਣੀ ਫੇਅਰਵੈਲ ਪਾਰਟੀ ਦੀ ਚਿੰਤਾ ਹੋਈ। ਉਹ ਪੱਕਿਆ ਕਰਨ ਘਰ ਆਏ। ਜਦੋਂ ਉਨ੍ਹਾਂ ਨੂੰ ਇਨ੍ਹਾਂ ਦੇ ਨਾ ਆਉਣ ਦਾ ਪਤਾ ਲਗਿਆ ਤਾਂ ਉਨ੍ਹਾਂ ਬੇਨਤੀ ਕੀਤੀ ਕਿ ਸਾਡੇ ਨਾਲ ਤਾਂ ਤੁਹਾਨੂੰ ਕੋਈ ਗਿਲਾ ਨਹੀਂ। ਸਾਡੀ ਪਾਰਟੀ ਤੇ ਤਾਂ ਤੁਸੀਂ ਜ਼ਰੂਰ ਆਓ ਅਤੇ ਅਸੀਂ ਮੈਨੇਜਮੈਂਟ 'ਤੇ ਵੀ ਪ੍ਰੈਸ਼ਰ ਪਾਵਾਂਗੇ ਕਿ ਤੁਹਾਨੂੰ ਤਸੱਲੀ ਬਖ਼ਸ਼ ਕੋਈ ਰਕਮ ਗ੍ਰੈਚੂਟੀ ਵਜੋਂ ਦਿੱਤੀ ਜਾਵੇ।

ਖ਼ੈਰ ਮਾਲਕਾਂ ਨੂੰ ਭਿਣਕ ਪੈ ਚੁੱਕੀ ਸੀ। ਉਹ ਵੀ ਨਮੋਸ਼ੀ ਤੋਂ ਬਚਣਾ ਚਾਹੁੰਦੇ ਸਨ। ਸੋ ਮਿੰਨਤ ਤਰਲਾ ਕਰਕੇ ਹੋਰ ਰਕਮ ਪਾ ਕੇ ਗ੍ਰੈਚੂਟੀ ਨੂੰ ਵਧਾਇਆ ਅਤੇ ਦੋਵੇਂ ਫੇਅਰਵੈਲ ਪਾਰਟੀਆਂ ਸਫਲਤਾ ਪੂਰਨ ਸੰਪਨ ਹੋਈਆਂ। ਪਰ ਇਹ ਘਟਨਾ ਮਾਲਕ-ਨੌਕਰ ਰਿਸ਼ਤੇ ਦੀ ਇਕ ਮਹੱਤਵਪੂਰਨ ਮਿਸਾਲ ਸੀ।

ਰਿਟਾਇਰਮੈਂਟ ਦੇ ਦਿਨ, 1982 ਤਕ 25 ਸਾਲ ਇਨ੍ਹਾਂ ਅੰਮ੍ਰਿਤਸਰ ਆਪਣੇ ਘਰ ਰਾਣੀ ਬਾਗ ਵਿਚ ਗੁਜ਼ਾਰੇ। ਬਹੁਤ ਕੰਮ ਕਰ ਚੁੱਕੇ ਸਨ। ਬਾਰਾਂ ਸਾਲ ਦੀ ਉਮਰ ਤੋਂ ਹੀ ਕੰਮ ਤੇ ਲਗਾ ਦਿੱਤਾ ਗਿਆ ਸੀ। ਹੁਣ ਆਰਾਮ ਦੀ ਜ਼ਰੂਰਤ ਸੀ। ਰਾਣੀ ਬਾਗ਼ ਕੋਠੀ ਬਣ ਚੁੱਕੀ ਸੀ। ਇਸ ਤੇ "ਕਵੀ ਕੁਟੀਆ" ਦੀ ਨੇਮ ਪਲੇਟ ਲਗਾ ਦਿੱਤੀ। ਆਪਣਾ ਕਵੀ ਤਖ਼ੱਲਸ ਸ. ਸ. ਭਿਖਾਰੀ ਸੀ, ਦਰਵਾਜ਼ੇ ਤੇ ਸ਼ਸ਼ੋਭਤ ਸੀ ਅਤੇ ਕੋਠੀ ਦੇ ਸੱਜੇ ਤੇ "ਇੰਜੀਅਨਰਜ਼ ਵਿਲਾ" ਮੋਟੇ ਮੋਟੇ ਅੰਗਰੇਜ਼ੀ ਅੱਖਰਾਂ ਵਿਚ ਲਿਖਵਾ ਦਿੱਤਾ। ਇਹ ਵੀ ਉਨ੍ਹਾਂ ਦੇ ਅੰਤਰ ਮਨ ਦੀ ਇੱਛਾ ਪੂਰਤੀ ਸੀ। ਆਪ ਡਿਗਰੀ ਵਾਲੇ ਇੰਜੀਨੀਅਰ ਨਹੀਂ ਸਨ। ਪੁੱਤਰਾਂ ਨੂੰ ਕੁਆਲੀਫਾਈਡ ਇੰਜੀਨੀਅਰ ਬਣਾਇਆ। ਡਿਗਰੀ ਤੇ ਡਿਗਰੀਓਂ ਬਗ਼ੈਰ ਦਾ ਫ਼ਰਕ ਇਹ ਰਿਹਾ ਸੀ ਕਿ ਇਨ੍ਹਾਂ ਦੇ ਰਿਟਾਇਰ ਹੋਣ ਸਮੇਂ, ਇਨ੍ਹਾਂ ਦੀ ਤਨਖ਼ਾਹ ਤੇ ਦੂਸਰੇ ਲੜਕੇ ਕੁਲਦੀਪ ਦੀ ਤਨਖ਼ਾਹ ਇਕੋ ਜਿੰਨੀ ਸੀ।

ਇਹ ਦਿਨ ਆਰਾਮ ਨਾਲ ਹੀ ਕੱਟੇ। ਇਨ੍ਹਾਂ ਨੂੰ ਕੋਈ ਕੰਮ ਲੱਭਣ ਦੀ ਲੋੜ ਹੀ ਨਹੀਂ ਪਈ। ਇੰਜੀਨੀਅਰ ਬੇਟਿਆਂ ਨੇ ਇਨ੍ਹਾਂ ਨੂੰ ਕਦੇ ਕਿਸੇ ਚੀਜ਼ ਦੀ ਥੁੜ੍ਹ ਨਹੀਂ ਹੋਣ ਦਿੱਤੀ। ਅੰਮ੍ਰਿਤਸਰ ਘਰ ਪਰਿਵਾਰ ਦਾ ਹੈੱਡ ਕੁਆਟਰ ਜਿਹਾ ਬਣ ਗਿਆ। ਛੁੱਟੀਆਂ ਵਿਚ, ਅੱਗੋਂ ਪਿੱਛੋਂ ਅਸੀਂ ਆ ਕੇ ਰਹਿੰਦੇ ਹਾਂ। ਫਿਰ ਇਹ ਕਦੀ ਸਾਡੇ ਲੋਕਾਂ ਕੋਲ ਆ ਕੇ ਦਿਨ ਗੁਜ਼ਾਰਦੇ। ਪਰ ਲਿਖਣ ਦਾ ਸ਼ੌਕ ਫਿਰ ਪੂਰਾ ਨਾ ਹੋ ਸਕਿਆ। ਬਲੱਡ ਪ੍ਰੈਸ਼ਰ, ਸਿਰ ਦਰਦ ਕਰਕੇ ਸਵਾਏ ਅਖ਼ਬਾਰ ਤੋਂ ਬਹੁਤਾ ਪੜ੍ਹਦੇ ਵੀ ਨਹੀਂ ਸਨ। ਇਸੇ ਕਰਕੇ ਸਮਕਾਲੀ ਸਾਹਿਤ ਜਗਤ ਨਾਲੋਂ ਇਨ੍ਹਾਂ ਦਾ ਨਾਤਾ ਟੁੱਟ ਗਿਆ। ਇਨ੍ਹਾਂ ਦਾ ਨਾਮ ਵੀਹਾਂ, ਤੀਹਾਂ ਦੇ ਲੇਖਕਾਂ ਵਿਚ ਹੀ ਸ਼ਾਮਿਲ ਹੋ ਕੇ ਰਹਿ ਗਿਆ। ਘਰ ਦੀ ਜਿਹੜੀ ਕਿਤਾਬਾਂ ਰਿਸਾਲਿਆਂ ਦੀ ਲਾਇਬ੍ਰੇਰੀ ਬਣ ਗਈ ਸੀ ਉਹ ਵੀ ਬਹੁਤ ਵਡਮੁੱਲੀ ਸੀ, ਖ਼ਾਸ ਕਰਕੇ ਕਵੀ ਰਿਸਾਲੇ ਦੀਆਂ ਕਾਪੀਆਂ ਜੋ ਕਿ ਖੋਜ ਕਰਨ ਵਾਲਿਆਂ ਲਈ ਕਾਫ਼ੀ ਸਹਾਇਕ ਸਾਬਤ ਹੁੰਦੀਆਂ ਸਨ। ਕਈ ਪੰਜਾਬੀ ਦੇ ਵਿਦਵਾਨਾਂ ਦੇ ਆਪਣੇ ਖੋਜ ਪੱਤਰ,

ਆਪਣੇ ਪੀ. ਐਚੱ-ਡੀ. ਥੀਸਸ ਲਿਖਣ ਲਈ ਉਹ ਵੇਖੀਆਂ, ਪੜ੍ਹੀਆਂ ਤੇ ਉਨ੍ਹਾਂ ਕਿਤਾਬਾਂ ਆਦਿ ਤੋਂ ਸਾਮਗਰੀ ਇਕੱਠੀ ਕੀਤੀ।

ਅੰਤ ਵਿਚ ਇਹ ਕਹਿਣ ਵਿਚ ਮੈਨੂੰ ਕੋਈ ਸੰਕੋਚ ਨਹੀਂ, ਸਗੋਂ ਫ਼ਖਰ ਹੈ ਕਿ ਮੈਨੂੰ ਵੀ ਜਿਹੜਾ ਥੋੜ੍ਹਾ ਬਹੁਤ ਲਿਖਣ ਦਾ ਸ਼ੌਕ ਹੈ, ਉਨ੍ਹਾਂ ਤੋਂ ਹੀ ਵਿਰਸੇ ਵਿਚ ਮਿਲਿਆ ਹੈ। ਫਿਰ ਮੇਰੀ ਲਾਈਨ ਵੀ ਪੜ੍ਹਾਈ ਲਿਖਾਈ (ਪ੍ਰੋਫ਼ੈਸਰੀ) ਵਾਲੀ ਬਣ ਗਈ। ਇਕ ਕਦਮ ਹੋਰ ਅੱਗੇ ਮੈਂ ਪੁਟ ਸਕਿਆ। ਮੈਂ ਅੰਗਰੇਜ਼ੀ ਸਾਹਿਤ ਨਾਲ ਵੀ ਜੁੜਿਆ ਅਤੇ ਅੰਗਰੇਜ਼ੀ ਵਿਚ ਲਿਖਣ ਦੀ ਕੁਝ ਕੁ ਸਫਲਤਾ ਵੀ ਮਿਲੀ। ਇਹ ਸ਼ੌਕ ਜ਼ਰੂਰ ਮੇਰੇ ਮੁੱਢਲੇ ਸਕੂਲੀ ਸਾਲਾਂ ਵਿਚ ਹੀ ਉਭਰਨਾ ਸ਼ੁਰੂ ਹੋ ਗਿਆ ਸੀ। ਘਰ ਦੇ ਕਿਤਾਬੀ ਮਾਹੌਲ ਵਿਚ ਫੇਰ ਸਾਰੀਆਂ ਕਿਤਾਬਾਂ ਸਨ, ਜਿਨ੍ਹਾਂ ਵਿਚ ਨਾਵਲ ਕਹਾਣੀਆਂ ਵੀ ਬਹੁਤ ਸਨ। ਇਹ ਸਭ ਮੈਂ ਆਪਣੀ ਪੜ੍ਹਾਈ ਦੇ ਦੌਰਾਨ ਹੀ ਪੜ੍ਹ ਲਈਆਂ ਸਨ। ਇਥੇ ਹੀ ਚਾਰਲਸ ਡਿੰਕਨਜ਼ ਨੇ ਆਪਣੇ ਪਿਉ ਦੀ ਲਾਇਬ੍ਰੇਰੀ ਵਿਚ ਰਖੀਆਂ ਕਿਤਾਬਾਂ ਪੜ੍ਹ ਕੇ ਪ੍ਰੇਰਨਾ ਲਈ ਸੀ। ਜਿਸਦਾ ਜ਼ਿਕਰ ਉਸ ਨੇ ਆਪਣੇ ਸਭ ਤੋਂ ਮਸ਼ਹੂਰ ਨਾਵਲ "ਡੇਵਡ ਕਾਪਰਫੀਲਡ" ਵਿਚ ਕੀਤਾ ਹੈ।

ਮੇਰੀ ਸਾਹਿਤ ਵਿਚ ਰੁਚੀ ਲਿਖਣ ਦਾ ਸ਼ੌਕ ਵੀ ਬਾਪੂ ਜੀ ਵਲੋਂ ਵਿਰਸੇ ਵਿਚ ਮਿਲਿਆ ਹੋਇਆ ਹੈ ਅਤੇ ਇਸ ਗੱਲ ਦਾ ਮੈਨੂੰ ਮਾਣ ਹੈ।

◆

# ਬਾਪੂ ਜੀ ਨਾਲ ਬੀਤਾਈਆਂ ਛੁੱਟੀਆਂ ਦੇ ਦਿਨਾਂ ਦੀਆਂ ਕੁਛ ਯਾਦਾਂ

◆

-ਹਰਲਾਜ ਕੌਰ

ਪਹਿਲੋਂ ਏਨਾ ਹੀ ਪਤਾ ਸੀ ਕਿ ਹੰਸਪਾਲ ਪਰਿਵਾਰ ਇਕ ਸੁਲਝਿਆ ਤੇ ਪੜ੍ਹਿਆ ਲਿਖਿਆ ਪਰਿਵਾਰ ਹੈ। ਬਾਪੂ ਜੀ ਬਾਰੇ ਤਾਂ ਵਿਆਹ ਤੋਂ ਬਾਅਦ ਹੀ ਪਤਾ ਚਲਿਆ ਕਿ ਉਹ ਇਕ ਮਹਾਨ ਕਵੀ ਤੇ ਲਿਖਾਰੀ ਹਨ। ਉਨ੍ਹਾਂ ਨਾਲ ਜਿਹੜਾ ਸਮਾਂ ਬਿਤਾਇਆ, ਉਸ ਵਿਚ ਹੀ ਉਨ੍ਹਾਂ ਦੇ ਸੁਭਾ ਬਾਰੇ ਚੰਗੀ ਜਾਣਕਾਰੀ ਹੋ ਗਈ। ਉਹ ਬੜੇ ਹੀ ਸਾਦੇ ਸੁਭਾ ਦੇ ਅਤੇ ਸੁਲਝੇ ਹੋਏ ਵਿਅਕਤੀ ਸਨ। ਵਕਤ ਦੇ ਪਾਬੰਧ ਸਵੇਰੇ ਜਲਦੀ ਉਠ ਜਾਣਾ, ਰੇਡੀਉ ਚਲਾ ਦੇਣਾ ਤੇ 'ਬੰਦੇ ਮਾਤਰਮ' ਦੀ ਧੁਨੀ ਨਾਲ ਕਈ ਵਾਰੀ ਮੈਂ ਵੀ ਉਠ ਜਾਂਦੀ ਸੀ, ਸਵੇਰ ਦੀ ਚਾਹ, ਫੇਰ ਨਾਸ਼ਤਾ, ਤੇ ਨਾਸ਼ਤੇ ਤੋਂ ਬਾਅਦ ਦੁਪਹਿਰ ਦੇ ਖਾਣੇ ਦੇ ਵਿਚਕਾਰ ਉਹ ਇਸ਼ਨਾਨ ਕਰਦੇ ਸਨ। ਪਾਣੀ ਉਨ੍ਹਾਂ ਨੂੰ ਗਰਮ ਹੀ ਚੰਗਾ ਲਗਦਾ ਸੀ। ਅਖ਼ਬਾਰ ਤਾਂ ਸਵੇਰੇ ਹੀ ਆ ਜਾਂਦਾ ਸੀ, ਉਹ ਵੀ ਵਿਚ ਵਿਚ ਪੜ੍ਹਦੇ ਰਹਿੰਦੇ ਸਨ। ਜ਼ਿਆਦਾ ਅਤੇ ਲਗਾਤਾਰ ਪੜ੍ਹਨ ਨਾਲ ਅਤੇ ਕਿਸੇ ਨਾਲ ਵਾਰਤਾਲਾਪ ਕਰਨ ਨਾਲ ਉਨ੍ਹਾਂ ਦਾ ਕਈ ਵਾਰੀ ਸਿਰ ਦੁਖਣ ਲਗ ਜਾਂਦਾ ਸੀ। ਚਿੱਠੀਆਂ ਦੀ ਉਨ੍ਹਾਂ ਨੂੰ ਬੜੀ ਉਡੀਕ ਰਹਿੰਦੀ ਸੀ। ਡਾਕ ਦੇਖਦੇ ਰਹਿੰਦੇ ਸਨ, ਡਾਕੀਆ ਅਜੇ ਆਇਆ ਕਿ ਨਹੀਂ। ਬਾਜ਼ਾਰ ਵੀ ਕਈ ਵਾਰੀ ਆਪਣੀਆਂ ਦੁਆਈਆਂ ਲੈਣ ਚਲੇ ਜਾਂਦੇ ਸਨ, ਪਰ ਦਿਨ ਦੇ ਵਕਤ ਹੀ ਜਾਂਦੇ ਸਨ।

ਛੁੱਟੀਆਂ ਹੋਣ ਕਰਕੇ ਚਾਹ ਪਾਣੀ ਤੇ ਖਾਣਾ ਮੈਂ ਹੀ ਬਣਾ ਲੈਂਦੀ ਸੀ, ਇਸ ਨਾਲ ਮਾਂ ਜੀ ਨੂੰ ਥੋੜ੍ਹਾ ਆਰਾਮ ਮਿਲ ਜਾਂਦਾ ਸੀ। ਸ਼ਾਮ ਦੀ ਚਾਹ ਦੇ ਵਕਤ ਹੀ ਸਾਰੇ ਇਕੱਠੇ ਬੈਠਦੇ ਤੇ ਬਾਪੂ ਜੀ ਨਾਲ ਗੱਪਸ਼ਪ ਮਾਰਨ ਦਾ ਮੌਕਾ ਬਣਦਾ, ਕੋਠੀ ਦੇ ਇਕ ਹਿੱਸੇ ਵਿਚ ਕਿਰਾਏਦਾਰ ਸਨ ਉਨ੍ਹਾਂ ਦੀ ਲੜਕੀ ਲਾਡੀ ਨਾਲ ਬਹੁਤ ਪਿਆਰ ਕਰਦੇ ਸਨ। ਛੁੱਟੀਆਂ ਵਿਚ ਤਾਂ ਆਪਣੇ ਪਰਿਵਾਰ ਦੇ ਬੱਚੇ ਇਕੱਠੇ ਹੋ ਜਾਂਦੇ ਸਨ, ਉਨ੍ਹਾਂ ਨਾਲ ਵਕਤ ਲੰਘ ਜਾਂਦਾ। ਪਰ ਛੁੱਟੀਆਂ ਤੋਂ ਬਾਅਦ ਉਹ ਲਾਡੀ ਹੀ ਬਾਪੂ ਜੀ ਨਾਲ ਖੇਡਦੀ ਤੇ ਉਨ੍ਹਾਂ ਦੀ ਕੰਪਨੀ ਵੀ ਰਹਿੰਦੀ, ਅਤੇ ਉਨ੍ਹਾਂ ਨੂੰ ਵੀ ਬਹੁਤ ਚੰਗਾ ਲਗਦਾ। ਉਨ੍ਹਾਂ ਦੇ ਅਕਾਲ ਚਲਾਣੇ ਦੀ ਅੰਤਮ ਅਰਦਾਸ ਵਿੱਚ ਲਾਡੀ ਪਰਿਵਾਰ ਵੀ ਪਹੁੰਚਿਆ ਹੋਇਆ ਸੀ। ਲਾਡੀ ਕਹਿੰਦੀ ਸੀ ਮੈਨੂੰ ਤਾਂ ਮਾਂ ਜੀ ਬਾਪੂ ਜੀ ਨੇ ਪਾਲਿਆ ਹੈ, ਮੈਂ ਜ਼ਰੂਰ ਜਾਣਾ ਹੈ।

ਬੱਚਿਆਂ ਨੂੰ ਮਾਰਨਾ ਕੁਟਣਾ ਉਨ੍ਹਾਂ ਨੂੰ ਬਿਲਕੁਲ ਚੰਗਾ ਨਹੀਂ ਸੀ ਲਗਦਾ। ਉਹ ਇਹੀ ਸਿਖਿਆ ਦਿੰਦੇ ਸਨ ਕਿ ਹਰ ਗੱਲ ਪਿਆਰ ਨਾਲ ਸਮਝਾਉ, ਮਾਰਨ ਤੇ ਝਿੜਕਣ ਨਾਲ ਬੱਚੇ

ਢੀਠ ਹੋ ਜਾਂਦੇ ਹਨ। ਬੱਚੇ ਜਦੋਂ ਕਦੇ ਜ਼ਿਆਦਾ ਰੌਲਾ ਪਾਉਂਦੇ ਸੀ ਤਾਂ ਉਨ੍ਹਾਂ ਦਾ ਸਿਰ ਦੁਖਣ ਲਗ ਜਾਂਦਾ ਸੀ। ਕੋਠੀ ਖੁੱਲੀ ਡੁੱਲੀ ਹੋਣ ਕਰਕੇ ਬੱਚੇ ਆਪਣੇ ਖੇਡੇ ਲਗ ਜਾਂਦੇ ਸੀ ਤੇ ਉਹ ਆਪ ਵੀ ਬਾਹਰ ਵਾਲੇ ਵਿਹੜੇ ਵਿਚ ਸੈਰ ਕਰਨ ਲਗ ਜਾਂਦੇ ਸੀ। ਰਾਤ ਦਾ ਖਾਣਾ ਸੂਰਜ ਡੁਬਦਿਆਂ ਹੀ ਖਾਂ ਲੈਂਦੇ ਸਨ ਤੇ ਬਾਅਦ ਵਿਚ ਦਸ ਪੰਦਰਾਂ ਮਿੰਟ ਸੈਰ ਕਰਕੇ ਜਲਦੀ ਸੌਂ ਜਾਂਦੇ ਸਨ।

ਸ਼ੁਰੂ ਵਿਚ ਤਾਂ ਕਾਲਜ ਬੰਦ ਹੁੰਦਿਆਂ ਹੀ ਗਰਮੀਆਂ ਦੀਆਂ ਛੁੱਟੀਆਂ ਜੋ ਕਿ ਮਈ ਦੇ ਪਹਿਲੇ ਹਫਤੇ ਹੀ ਸ਼ੁਰੂ ਹੋ ਜਾਂਦੀਆਂ ਸਨ ਅਸੀਂ ਅਮ੍ਰਿਤਸਰ ਪਹੁੰਚ ਜਾਂਦੇ ਸੀ ਕਿ ਜਲਦੀ ਹੀ ਆ ਜਾਉ। ਕਾਲਜ ਵਿਚ ਨੌਕਰੀ ਹੋਣ ਕਰਕੇ ਅਸੀਂ ਹੀ ਜ਼ਿਆਦਾ ਵਕਤ ਗੁਜ਼ਾਰ ਸਕਦੇ ਸੀ। ਬਾਕੀ ਦੋ ਪਰਿਵਾਰਾਂ ਵਾਲਿਆਂ ਨੂੰ ਜ਼ਿਆਦਾ ਛੁੱਟੀਆਂ ਨਹੀਂ ਹੁੰਦੀਆਂ, ਸੋ ਉਹ ਥੋੜਾ ਸਮਾਂ ਹੀ ਗੁਜ਼ਾਰਦੇ ਸਨ। ਪਰ ਮੁਲਾਕਾਤ ਸਭ ਦੀ ਰਾਣੀ ਬਾਗ਼ ਹੋ ਜਾਂਦੀ ਸੀ ਤੇ ਉਸ ਨਾਲ ਬਹੁਤ ਹੀ ਖੁਸ਼ ਹੁੰਦੇ ਸਨ।

ਉਨ੍ਹਾਂ ਨੂੰ ਹਮੇਸ਼ਾ ਕੁਰਸੀ ਤੇ ਸਫ਼ੇਦ ਕੱਪੜੇ ਪਾ ਕੇ ਹੀ ਬੈਠਿਆਂ ਦੇਖੀ ਦਾ ਸੀ। ਉਹ ਆਪਣੇ ਕੱਪੜੇ ਹਮੇਸ਼ਾ ਧੋਬੀ ਕੋਲੋਂ ਹੀ ਧੁਆਂਦੇ ਸਨ। ਸਿਰਫ਼ ਪੱਗ ਨੂੰ ਮਾਇਆ ਘਰ ਲਗਵਾਉਂਦੇ ਸਨ। ਉਨ੍ਹਾਂ ਨੂੰ ਜ਼ਿਆਦਾ ਸਾਦਾਪਣ ਹੀ ਚੰਗਾ ਲਗਦਾ ਸੀ। ਆਪਣੇ ਅਖ਼ਬਾਰਾਂ ਮੈਗ਼ਜੀਨ ਬੜੀ ਤਰਤੀਬ ਨਾਲ ਰਖਦੇ ਸਨ ਤੇ ਆਪ ਵੀ ਬਹੁਤ ਸਾਫ ਸੁਥਰੇ ਰਹਿੰਦੇ ਸਨ, ਖਾਣਾ ਵੀ ਬਹੁਤ ਹੀ ਸਾਦਾ ਪਸੰਦ ਕਰਦੇ ਸਨ। ਕਦੇ ਵੀ ਕਿਸੇ ਗੱਲ ਜਾਂ ਕੰਮ ਤੋਂ ਕਾਹਲੇ ਨਹੀਂ ਸੀ ਪੈਂਦੇ।

ਦੋ ਤਿੰਨ ਵਾਰ ਦਿੱਲੀ ਵੀ ਆਏ। ਜਦੋਂ ਅਸੀਂ ਦਿੱਲੀ ਵਿਚ ਫਲੈਟ ਲਿਆ ਤਾਂ ਉਹ ਸਾਡੇ ਕੋਲ ਆ ਕੇ ਮਹੀਨਾ ਕੁ ਰਹੇ ਹੋਣੇ ਨੇ। ਉਨ੍ਹਾਂ ਨੂੰ ਫਲੈਟ ਬੜਾ ਚੰਗਾ ਲੱਗਾ। ਉਨ੍ਹਾਂ ਨੂੰ ਬੜੀ ਖੁਸ਼ੀ ਹੋਈ ਕਿ ਅਸੀਂ ਵੀ ਆਪਣਾ ਘਰ ਬਣਾ ਲਿਆ ਹੈ, ਤੇ ਕਿਰਾਏਦਾਰੀ ਤੋਂ ਮੁਕਤ ਹੋ ਗਏ ਹਾਂ।

◆

# ਪਿਆਰੇ ਬਾਪੂ ਜੀ

◆

-ਬ੍ਰਿੰਦਰ ਹੰਸਪਾਲ

ਸਾਡੇ ਬਾਪੂ ਜੀ ਬੜੇ ਸ਼ਾਂਤ ਸੁਭਾ ਦੇ ਸਨ। ਉਨ੍ਹਾਂ ਵਿਚ ਬੜੀ ਸ਼ਹਿਨਸ਼ੀਲਤਾ ਸੀ ਤੇ ਸਹਿਜੇ ਕੀਤਿਆ ਉਹ ਗੁੱਸੇ ਵਿਚ ਨਹੀਂ ਆਉਂਦੇ ਸਨ। ਬੱਚੇ ਦੀ Psychology ਨੂੰ ਉਹ ਖ਼ੂਬ ਸਮਝਦੇ ਸਨ ਤੇ ਚੰਗੀਆਂ ਆਦਤਾਂ ਸਿਖਾਉਣ ਲਈ ਉਹ ਬੜੇ ਸ਼ਾਂਤ ਤਰੀਕੇ ਅਪਨਾਉਂਦੇ ਸਨ।

ਮੇਰੇ ਬਚਪਨ ਦੇ ਮੁੱਢਲੇ ਸਾਲ ਕੁਝ ਕਲਕੱਤੇ ਤੇ ਕੁਝ ਪਿੰਡ ਭੰਗਾਲੀ ਬੀਤੇ ਸਨ। ਜਦ ਬਾਪੂ ਜੀ ਅਫ਼ਰੀਕਾ ਚਲੇ ਗਏ ਤਾਂ ਮੈਂ ਕਈ ਸਾਲ ਆਪਣੇ ਬੀਜੀ ਨਾਲ ਪਿੰਡ ਰਹੀ ਸਾਂ। ਫਿਰ ਜਦ ਅਫਰੀਕਾ ਤੋਂ ਆ ਕੇ ਉਹ ਕਲਕੱਤੇ ਸੈਟਲ ਹੋ ਗਏ, ਤਾਂ ਉਨ੍ਹਾਂ ਨੇ ਸਾਨੂੰ ਵੀ 1945 ਵਿਚ ਆਪਣੇ ਕੋਲ ਸੱਦ ਲਿਆ। ਕਲਕੱਤੇ ਦਾ ਮੌਸਮ ਤਕਰੀਬਨ ਸਾਰਾ ਸਾਲ ਇਕੋ ਜਿਹਾ ਹੀ ਰਹਿੰਦਾ ਹੈ, ਪਰ ਬਾਪੂ ਜੀ ਨੂੰ ਪਤਾ ਸੀ ਕਿ ਪਿੰਡ ਰਹਿ ਕੇ ਮੈਨੂੰ ਰੋਜ਼ਾਨਾ ਨ੍ਹਾਉਣ ਦੀ ਆਦਤ ਨਹੀਂ ਪਈ ਸੀ, ਸੋ ਇਸ ਆਦਤ ਨੂੰ ਪਾਉਣ ਲਈ ਉਹ ਰੋਜ਼ ਦਫ਼ਤਰ ਜਾਣ ਲੱਗਿਆ ਮੈਨੂੰ ਇਹ ਕਹਿ ਕੇ ਜਾਂਦੇ ਕਿ "ਬੇਟਾ ਅੱਜ ਜ਼ਰੂਰ ਨ੍ਹਾਇਓ" ਤੇ ਸ਼ਾਮ ਨੂੰ ਆ ਕੇ ਪੁੱਛਣਾ ਕਿ 'ਨ੍ਹਾਤਾ ਸੀ ?' ਜੇ ਮੈਂ ਨ੍ਹਾਤਾ ਹੁੰਦਾ ਤਾਂ ਮੇਰਾ ਜਵਾਬ "ਹਾਂ ਜੀ" ਵਿਚ ਹੁੰਦਾ ਤੇ ਜੇ ਨਾ ਨ੍ਹਾਤਾ ਹੁੰਦਾ ਤਾਂ ਮੈਂ ਕਹਿੰਦੀ "ਨਹੀਂ ਜੀ"। ਪਰ ਉਹ ਮੈਨੂੰ ਕਦੇ ਝਿੜਕਦੇ ਨਹੀਂ ਸਨ। ਉਨ੍ਹਾਂ ਨੇ ਸਿਰਫ਼ ਇਹੀ ਕਹਿਣਾ "ਕਿ ਬੇਟਾ ਕੱਲ੍ਹ ਜ਼ਰੂਰ ਨ੍ਹਾਈ" ਤੇ ਸਵੇਰੇ ਦਫ਼ਤਰ ਜਾਣ ਤੋਂ ਪਹਿਲੋਂ ਫਿਰ ਪੱਕਿਆ ਕਰਕੇ ਜਾਣਾ ਤੇ ਸ਼ਾਮ ਨੂੰ ਆ ਕੇ ਫੇਰ ਜ਼ਰੂਰ ਪੁੱਛਣਾ। ਇਸ ਤਰ੍ਹਾਂ ਹੌਲੀ ਹੌਲੀ ਬਗ਼ੈਰ ਗੁੱਸੇ ਹੋਇਆ ਉਨ੍ਹਾਂ ਨੇ ਮੇਰੇ ਵਿਚ ਰੋਜ਼ਾਨਾ ਨ੍ਹਾਉਣ ਦੀ ਆਦਤ ਪਾਈ। ਮੈਨੂੰ ਯਾਦ ਹੈ ਕਿ ਇਕ ਦਿਨ ਕੁਝ ਠੰਢ ਹੋਣ ਕਰਕੇ ਮੇਰਾ ਨਹਾਉਣ ਨੂੰ ਦਿਲ ਨਹੀਂ ਕਰਦਾ ਸੀ ਤੇ ਜਦ ਮੈਂ ਬੀਬੀ ਜੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੂੰ ਮੇਰੇ ਤੇ ਤਰਸ ਆ ਗਿਆ ਤੇ ਮੈਨੂੰ ਕਹਿਣ ਲੱਗੇ ਕਿ 'ਚਲ ਕੋਈ ਗੱਲ ਨਹੀਂ, ਤੂੰ ਰੋਜ਼ ਤਾਂ ਨ੍ਹਾਉਂਦੀ ਹੈ, ਅੱਜ ਨਾ ਨ੍ਹਾ।' ਮੈਂ ਕਿਹਾ, "ਪਰ ਬੀਬੀ ਜੀ, ਬਾਪੂ ਜੀ ਨੇ ਸ਼ਾਮ ਨੂੰ ਆ ਕੇ ਪੁੱਛਣਾ ਹੈ ਕਿ ਨ੍ਹਾਤਾ ਸੀ ਕਿ ਨਹੀਂ ?" ਬੀਬੀ ਜੀ ਕਹਿਣ ਲੱਗੇ ਕਿ, "ਤੂੰ ਕਹਿ ਦਈ ਕਿ ਨ੍ਹਾ ਲਿਆ ਸੀ।" ਮੈਂ ਕਿਹਾ, "ਪਰ ਬੀਬੀ ਜੀ, ਮੇਰਾ ਝੂਠ ਬੋਲਣ ਨੂੰ ਦਿਲ ਨਹੀਂ ਕਰਦਾ।" ਬੀਬੀ ਜੀ ਮੇਰੇ ਜਵਾਬ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸ਼ਾਮ ਨੂੰ ਜਦ ਉਨ੍ਹਾਂ ਨੇ ਬਾਪੂ ਜੀ ਨੂੰ ਦੱਸਿਆ, ਤਾਂ ਉਹ ਵੀ ਮੇਰੇ ਇਮਾਨਦਾਰ ਉੱਤਰ ਤੋਂ ਦੰਗ ਰਹਿ ਗਏ। ਇਸ ਤਰ੍ਹਾਂ ਆਪਣੇ Simple Psychology Method ਨਾਲ ਮੇਰੇ ਵਿਚ ਉਨ੍ਹਾਂ ਕਈ ਚੰਗੀਆਂ ਆਦਤਾਂ ਪਾਈਆਂ।

ਸਾਡੇ ਬਾਪੂ ਜੀ ਲੜਕੀਆਂ ਨੂੰ ਵੀ ਉੱਚ ਵਿਦਿਆ ਦੇਣ ਦੇ ਹੱਕ ਵਿਚ ਸਨ। ਮੇਰੀ ਸ਼ੁਰੂ

ਦੀ ਵਿਦਿਆ ਪਿੰਡ ਵਿਚ ਘਰੇ ਹੀ ਮੇਰੇ ਵੱਡੇ ਵੀਰ ਜੀ ਤੇ ਭੈਣ ਜੀ ਕੋਲੋਂ ਹੁੰਦੀ ਰਹੀ ਤੇ ਜਦ ਅਸੀਂ ਕਲਕੱਤੇ ਚਲੇ ਗਏ ਤਾਂ ਮੈਨੂੰ ਖ਼ਾਲਸਾ ਸਕੂਲ ਵਿਚ ਤੀਸਰੀ ਜਮਾਤ ਵਿਚ ਦਾਖਲਾ ਮਿਲ ਗਿਆ। ਉਦੋਂ ਮੇਰੀ ਉਮਰ ਕੋਈ ਦਸਾਂ ਕੁ ਸਾਲਾਂ ਦੀ ਹੋਵੇਗੀ। ਪਹਿਲੇ ਦਿਨ ਸਕੂਲ ਜਾਣ ਦਾ ਬੜਾ ਚਾਅ ਸੀ ਤੇ ਮੈਂ ਬੜੀ ਖੁਸ਼ੀ ਖੁਸ਼ੀ ਗਵਾਂਢੀਆਂ ਦੇ ਬੱਚਿਆਂ ਨਾਲ ਸਕੂਲ ਗਈ। ਪਰ ਪਹਿਲੇ ਇਕ ਦੋ ਦਿਨਾਂ ਵਿਚ ਹੀ ਮੇਰਾ ਚਾਅ ਮੱਠਾ ਪੈ ਗਿਆ। ਜਦ ਮੈਂ ਮਾਸਟਰ ਜੀ ਨੂੰ, ਮੁੰਡੇ ਕੁੜੀਆਂ ਨੂੰ ਸਬਕ ਯਾਦ ਨਾ ਹੋਣ ਕਰਕੇ, ਡਾਂਟਦਿਆਂ ਦੇਖਿਆਂ ਤਾਂ ਮੈਂ ਡਰ ਗਈ ਤੇ ਸ਼ਾਮ ਨੂੰ ਜਦ ਬਾਪੂ ਜੀ ਘਰ ਆਏ ਤੇ ਉਨ੍ਹਾਂ ਦੇ ਪੁੱਛਣ ਤੇ ਕਿ, "ਬੇਟਾ ਸਕੂਲ ਕਿਸ ਤਰ੍ਹਾਂ ਦਾ ਲੱਗਾ ?" ਮੈਂ ਕਿਹਾ, "ਠੀਕ ਹੈ, ਪਰ ਬਾਪੂ ਜੀ ਮੈਂ ਸਿਰਫ਼ ਇਕੋ ਸਾਲ ਹੀ ਸਕੂਲ ਜਾਣਾ ਹੈ।"

ਬਾਪੂ ਜੀ ਕਹਿਣ ਲੱਗੇ ਕਿ "ਚੰਗਾ ਬੇਟਾ, ਤੂੰ ਇਕੋ ਸਾਲ ਹੀ ਸਕੂਲ ਜਾਈਂ," ਮੈਨੂੰ ਇਸ ਜਵਾਬ ਨੇ ਬੜੀ ਤਸੱਲੀ ਦਿੱਤੀ ਕਿ ਮੈਨੂੰ ਸਾਲ ਤੋਂ ਵੱਧ ਨਹੀਂ ਪੜ੍ਹਨਾ ਪਵੇਗਾ।

ਦੂਸਰੇ ਦਿਨ ਸਾਮੀ ਜਦ ਬਾਪੂ ਜੀ ਘਰ ਆਏ ਤਾਂ ਮੈਨੂੰ ਫਿਰ ਸਕੂਲ ਬਾਰੇ ਪੁੱਛਣ ਲੱਗੇ, ਤਾਂ ਮੈਂ ਕਿਹਾ "ਬਾਪੂ ਜੀ ਮੈਂ ਸਿਰਫ਼ 6 ਮਹੀਨੇ ਹੀ ਸਕੂਲ ਜਾਣਾ ਹੈ" ਉਸ ਦਿਨ ਮੈਂ ਮਾਸਟਰ ਜੀ ਕੋਲੋਂ ਇਕ ਮੁੰਡੇ ਨੂੰ ਕੁੱਟ ਪੈਂਦੀ ਦੇਖ ਲਈ ਸੀ। ਇਹ ਮਾਸਟਰ ਜੀ ਕੁਝ ਜ਼ਿਆਦਾ ਹੀ ਗਰਮ ਮਿਜਾਜ਼ ਦੇ ਸਨ ਤੇ ਮੁੰਡਾ ਸਬਕ ਯਾਦ ਕਰਕੇ ਨਹੀਂ ਗਿਆ ਸੀ।

ਬਾਪੂ ਜੀ ਨੇ ਬੜੇ ਸ਼ਾਂਤ ਸੁਭਾ ਨਾਲ ਜਵਾਬ ਦਿੱਤਾ ਕਿ "ਅੱਛਾ ਬੇਟਾ ਤੂੰ ਸਿਰਫ਼ ਛੇ ਮਹੀਨੇ ਹੀ ਸਕੂਲ ਜਾਈਂ।" ਤੀਸਰੀ ਸ਼ਾਮ ਬਾਪੂ ਜੀ ਦੇ ਘਰ ਆਉਣ ਤੇ ਮੈਂ ਫਿਰ ਉਨ੍ਹਾਂ ਨੂੰ ਕਿਹਾ ਕਿ "ਬਾਪੂ ਜੀ ਮੈਂ ਸਿਰਫ਼ ਇਕੋ ਮਹੀਨਾ ਹੀ ਸਕੂਲ ਜਾਣਾ ਹੈ।" ਬਾਪੂ ਜੀ ਨੇ ਫਿਰ ਮੈਨੂੰ ਸ਼ਾਂਤ ਦਿਲ ਨਾਲ ਤਸੱਲੀ ਦਿੱਤੀ–"ਅੱਛਾ ਬੇਟਾ, ਤੂੰ ਸਿਰਫ਼ ਇਕੋ ਮਹੀਨਾ ਹੀ ਸਕੂਲ ਜਾਈਂ।" ਉਹ ਬੱਚੇ ਦੀ ਸਾਈਕਾਲੋਜੀ ਖ਼ੂਬ ਸਮਝਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਹਫ਼ਤੇ ਦਸ ਦਿਨਾਂ ਤਕ ਸਭ ਬੱਚਿਆਂ ਦਾ ਸਕੂਲ ਵਿਚ ਜੀਅ ਲਗ ਜਾਂਦਾ ਹੈ ਤੇ ਮੇਰਾ ਦਿਲ ਵੀ ਹੌਲੀ ਹੌਲੀ ਲਗ ਜਾਵੇਗਾ। ਪਰ ਉਨ੍ਹਾਂ ਵਿਚ ਇਹ ਇਕ ਬੜਾ ਵੱਡਾ ਗੁਣ ਸੀ ਕਿ ਮੈਨੂੰ ਸਕੂਲ ਦੀ ਵਡਿਆਈ ਬਾਰੇ ਉਨ੍ਹਾਂ ਕੋਈ ਲੈਕਚਰ ਨਹੀਂ ਦਿੱਤਾ ਤੇ ਨਾਂ ਹੀ ਸਕੂਲ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣ ਦੀ ਕੋਸ਼ਿਸ਼ ਕੀਤੀ। ਮੈਂ ਜਿਸ ਤਰ੍ਹਾਂ ਕਹਿੰਦੀ ਗਈ, ਉਹ ਮੇਰੇ ਨਾਲ ਸਹਿਮਤ ਹੁੰਦੇ ਗਏ। ਉਨ੍ਹਾਂ ਦੀ Psychology ਨੇ ਮੇਰੇ ਤੇ ਬਹੁਤ ਅਸਰ ਕੀਤਾ। ਮੈਨੂੰ ਬੇਹੱਦ ਖੁਸ਼ੀ ਹੋਈ ਕਿ ਮੈਨੂੰ ਇਕ ਮਹੀਨੇ ਤੋਂ ਵੱਧ ਸਕੂਲ ਨਹੀਂ ਜਾਣਾ ਪਵੇਗਾ। ਮਹੀਨੇ ਦਾ ਕੀ ਹੈ, ਉਹ ਤਾਂ ਝਟ ਹੀ ਲੰਘ ਜਾਵੇਗਾ।

ਫਿਰ ਜਦ ਮੈਨੂੰ ਸਕੂਲ ਜਾਂਦੀ ਨੂੰ ਦਸ ਕੁ ਦਿਨ ਹੋ ਗਏ ਤੇ ਮੈਂ ਮੁੜ ਸਕੂਲ ਦੀ ਗੱਲ ਨਹੀਂ ਛੇੜੀ, ਤਾਂ ਬਾਪੂ ਜੀ ਮੈਨੂੰ ਆਪ ਹੀ ਇਕ ਦਿਨ ਪੁੱਛਣ ਲੱਗੇ, "ਬੇਟਾ ਹੁਣ ਕਿੰਨੇ ਦਿਨ ਸਕੂਲ ਜਾਣਾ ਹੈ ?" ਮੇਰਾ ਜਵਾਬ ਸੀ "ਬਾਪੂ ਜੀ, ਹੁਣ ਮੈਂ ਜਾਂਦੀ ਹੀ ਰਹਿਣਾ ਹੈ।

ਬਾਪੂ ਜੀ ਬਹੁਤ ਮੁਸਕਰਾਏ। ਉਨ੍ਹਾਂ ਨੇ ਮੇਰੀ Psychology ਸਮਝਕੇ ਮੇਰੇ ਵਿਚ ਵਿਸ਼ਵਾਸ਼ ਹਾਸਲ ਕਰ ਲਿਆ ਸੀ ਤੇ ਮੇਰੇ ਜਜ਼ਬਾਤਾਂ ਦੀ ਕਦਰ ਕਰਕੇ ਫੈਸਲਾ ਮੇਰੇ ਤੇ ਛੱਡ ਦਿੱਤਾ ਸੀ।

◆

# Bapuji

•

-Navjot Singh Hanspal

It was the summer of 1953 when Bapuji was visiting us at the Officers Hostel in Nangal Township. He had promised to take me on a bike ride in the evening and take me he did.

I remember sitting on the front bar of the bicycle going downhill the descent of Baramula. Rushing wind had lifted his bread on my neck and probably pushed it over his shoulders. What a sight it must have made ! Soon we came to the flat of the valley and were turning when we fell. He quickly got up, adjusted his glasses, dusted himself and put his white turban back on, while I dusted myself half crying and half laughing. Handle of the bicycle had twisted which he quickly straightened and it was time to go back home but I was too scared to get back on the bicycle. We walked a few (Yards and come to a tea stall where he tracted me to friendly made Beason. That is my first memory of Bapuji and the taste of Besan !)

While I was with him from 1961 to 1970, I came to know him much better. He had long passed his writing days but occasionally wrote poems for Khalsa Advocate. He recited one poem to me describing the city of Amritsar and called it ਬੈਕੁੰਠਪੁਰੀ. I found the aullusion quite funny and I am smiling even as I write it now. Afterwards, whenever I had to point out some aspects of Amritsar city that needed improvement, I would use the metaphon and both of us would laugh

hearity.

His favorite story was of a person at BENCO who came to him and wanted an a sluminum rod heated and then bent. Bapuji told him that it would become brittle and break. Nevertheless, he wanted it heated. It washeated and it broke. He looked at Bapuji and as he walked away said, "And thus we learn."

Someitems, Bapuji would talk about his days at Nairobi. How he worked at a garage and how he had to drive some cars from a station to the garage when he hardly knew how to drive. But, he became most animated when he talked about his recital of the poem he read in a Jalsa.

"ਅਫਰੀਕਾ ਸੁਹਣੀ ਹੈ, ਕੁਦਰਤ ਦਾ ਕ੍ਰਿਸ਼ਮਾ ਹੈ,
ਪਰ ਚੁਟਕੀ ਮਿੱਟੀ ਦੀ, ਇਕ ਵਤਨ ਪਿਆਰੇ ਦੀ
ਲੱਖਾਂ ਅਫਰੀਕਾ ਤੋਂ ਪਾਵਨ ਹੈ ਪਿਆਰੀ ਹੈ ।"

He did not talk much about his childhood but it must have been a happy one. I could feel the nostalgia every time he talked about "ਮਗਰ ਬਾਲਪਨ ਬਾਦਸ਼ਾਹੀ ਸਮੇਂ ਦੀ, ਮੇਰੇ ਮਨ ਉੱਕਰੀ ਸਦਾ ਯਾਦ ਰਹਿਸੀ ।"

Once Maanji was away and we both were left to fend for ourselves. It was not a problem. In the morning we would have toast with tea and in the evening we would go to Calcutta Hotel near the bridge. One fateful day, before Ranee Bag had adequate in drainage, we were marooned. We spent the afternoon watching people trying to negotiate submerged pot holes but then there was the question of dinner. He proudly announced that we will cook. I had no idea of now to prepare the dough much less work the rolling pin and make chappatis. He assured me that he was an expert and that there would be no problems. Sure enough, he took out the flour, put in the ਪ੍ਰਾਤ and started kneading it. His ਨਾਲਾ touched the ground and beard moved to and fro just a few inches above the ਪ੍ਰਾਤ as he deftly manipulated the water and made the dough. I was impressed. He then prepared the chappati and put it on the stove. My job was to make sure that it did not get over cooked and that it puffed up properly. I was quite unsure of know to do it but he gallantly offered to show me now it was done. He rolled up a ਪੋਣਾ and patted on

one end of ਤਵਾ. "This is how it is done," and just as he did it one more time, the chappati and the ਤਵਾ flipped. It must have made a graceful are as it landed five feet away from both of us but I was busy getting out of its way. We both lauged as I said, "ਬਾਪੂ ਜੀ ਸਭ ਸਮਝ ਆ ਗਈ ਹੈ।"

He was a simple man with a few odd quirks. Having lived with him for ten years, I have acquired some of them myself (or is it hereditary?) but I cannot imagine Bapuji without them. He never slurped when drinking tea no matter how hot it was. Anyone who did it was obviously 'junglee' and lacked culture. Stamps on the letter had to be applied such that both sides were aquidistan from the margin of the envelope, and the name of the city in the address had to be capitalized and underlined so that the postman had less of chance of making an error. When any receipt was to be typed, it must have equal margins on the sides and preferably the text centered in the page, Something so easy to do on a word processor now a days, it used to require four five attempts on the typewriter before I could get it right. He always shared his 10 o'clock tea if anyone wanted some. He managed his blood pressure well and knew the side effects of all the medications that he took but he took many of the medications fot their side effects. He was early to bed and wanted everyone to be quiet when it was past his bedtime. It is so reasonable but we found it hard to do -- especially when the whole gang was together at Engineers' Villa. In the winter afternoons, he would have the water run through the long black sun baked watering pipe to get warm water for his bath. There were always three calendars on the walls so that one did not have to turn one's head to look at the date.

I always missed being away form my siblings, but I feel partly compensated having spent the time with Maanji and Bapuji.

◆

# ਸਾਡੇ ਬਾਪੂ ਜੀ

◆

-ਨਵਕਿਰਨ

ਮੈਨੂੰ ਸਾਡੇ ਬਾਪੂ ਜੀ ਇਕ ਬਹੁਤ ਪਿਆਰ ਕਰਨ ਵਾਲੇ ਦਾਦਾ ਜੀ ਤੋਂ ਇਲਾਵਾ ਇਕ ਨਿਹਾਇਤ ਅਨੁਸ਼ਾਸਨ ਪਸੰਦ, ਨਿਮਰਤਾ ਭਰਪੂਰ ਅਤੇ ਦੇਸ਼ ਭਗਤ ਵਿਅਕਤੀ ਦੇ ਰੂਪ ਵਿਚ ਅਕਸਰ ਯਾਦ ਆਉਂਦੇ ਹਨ। ਬਚਪਨ ਵਿਚ ਜਦ ਛੁੱਟੀਆਂ ਬਿਤਾਉਣ ਉਨ੍ਹਾਂ ਕੋਲ ਆਉਂਦੇ ਤਾਂ ਸਵੇਰੇ ਉਨ੍ਹਾਂ ਨਾਲ ਨਿਤ ਸੈਰ ਕਰਨ ਤੋਂ ਲੈ ਕੇ ਰਾਤ ਨੂੰ ਉਨ੍ਹਾਂ ਦੇ ਆਸੇ ਪਾਸੇ ਝੁਰਮਟ ਪਾ ਕੇ ਮੁੜ ਪਿਛਲੇ ਸਾਲ ਵਾਲੀਆਂ ਕਹਾਣੀਆਂ ਸੁਣਨ ਦੀ ਇਕ ਖਾਸ ਖਿੱਚ ਸੀ। ਜਿਉਂ ਜਿਉਂ ਅਸੀਂ ਵੱਡੇ ਹੁੰਦੇ ਗਏ, ਉਨ੍ਹਾਂ ਦੀ ਘੜੀ ਦੀ ਸੂਈ ਵਾਂਗ ਰੈਗੂਲਰ ਰੁਟੀਨ ਵਾਲੀ ਜ਼ਿੰਦਗੀ ਸਾਨੂੰ ਪ੍ਰਭਾਵਿਤ ਕਰਨ ਲੱਗੀ। ਹਰ ਕੰਮ ਦਾ ਵਕਤ ਮਿਥਿਆ ਹੋਇਆ ਸੀ। ਵਕਤ ਸਿਰ ਉਠਣਾ, ਸੌਣਾ, ਪੜ੍ਹਨਾ, ਖਾਣਾ ਆਦਿ। ਸਰਦੀ ਹੋਵੇ ਜਾਂ ਬਰਸਾਤ, ਸਵੇਰੇ ਹੀ ਕਪੜੇ ਬਦਲ ਕੇ ਤਿਆਰ ਹੋ ਕੇ ਆਪਣੇ ਰੋਜ਼ਾਨਾ ਦੇ ਕੰਮ ਵਿਚ ਮਗਨ ਹੋ ਜਾਣਾ। ਹਰ ਚੀਜ਼ ਦੀ ਇਕ ਥਾਂ ਨਿਸਚਿਤ ਸੀ--ਮਜਾਲ ਹੈ ਇਧਰ ਦੀ ਉਧਰ ਹੋ ਜਾਵੇ। ਕਦੇ ਕਿਸੇ ਨੂੰ ਤਕਲੀਫ਼ ਨਾ ਦੇਣੀ, ਉਨ੍ਹਾਂ ਦੀ ਸ਼ਖ਼ਸੀਅਤ ਦੀ ਇਹ ਖ਼ਾਸੀਅਤ ਸੀ। ਬਜ਼ਾਰੋਂ ਦੁਆਈਆਂ ਮੰਗਵਾਉਂਦੇ ਸਨ ਤਾਂ ਲਿਸਟ ਬਣਾ ਕੇ ਹਰ ਇਕ ਦਾ ਰੇਟ ਲਿਖ ਕੇ, ਜੋੜ ਕਰ ਕੇ ਦੇਂਦੇ ਤਾਂ ਕਿ ਸੌਖ ਹੋ ਜਾਵੇ ਤੇ ਦਕਾਨਦਾਰ ਦਾ ਵੀ ਵਕਤ ਬਚੇ। ਕਦੇ ਵੀ ਕਿਸੇ ਨੂੰ ਕੋਈ ਕੰਮ ਕਹਿੰਦੇ ਤਾਂ ਨਾਲ ਇਹ ਜ਼ਰੂਰ ਕਹਿ ਦੇਂਦੇ, "ਜਦ ਵਕਤ ਮਿਲੇ ਕਰ ਦੇਣਾ" ਕਦੇ ਹੁਕਮ ਨਹੀਂ ਸੀ ਕਰਦੇ।

ਦੇਸ਼ ਭਗਤੀ ਉਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਵਿਚ ਟੀ. ਵੀ. ਉਤੇ ਜਲੰਧਰ ਜਾਂ ਪਾਕਿਸਤਾਨ ਚੈਨਲ ਹੀ ਆਉਂਦਾ ਸੀ। ਲੋਕ ਅਕਸਰ ਪਾਕਿਸਤਾਨ ਚੈਨਲ ਹੀ ਦੇਖਦੇ। ਪਰ ਬਾਪੂ ਜੀ ਕਿਸੇ ਦੇਸ਼ ਦੀ ਬੁਰਾਈ ਨਾ ਕਰਦੇ ਹੋਏ ਇਹ ਕਹਿ ਕੇ ਹਮੇਸ਼ਾ ਜਲੰਧਰ ਚੈਨਲ ਹੀ ਦੇਖਦੇ ਕਿ, "ਆਪਣੇ ਦੇਸ਼ ਦੇ ਪ੍ਰੋਗਰਾਮ ਕੌਣ ਦੇਖੂ ?"

ਉਨ੍ਹਾਂ ਦੀ ਬੋਲੀ ਹਮੇਸ਼ਾ ਸੁਲਝੀ ਹੋਈ ਅਤੇ ਨਿਮਰਤਾ ਭਰਪੂਰ ਹੁੰਦੀ। ਕਦੇ ਕਿਸੇ ਨੂੰ ਡਾਂਟਿਆ ਵੀ ਤਾਂ ਬੜੇ ਸੁਚੱਜੇ ਢੰਗ ਨਾਲ। ਉਹ ਸਾਨੂੰ ਕਦੇ ਲੜਦਿਆਂ ਜਾਂ ਖਰ੍ਹਵਾ ਬੋਲਦੇ ਸੁਣਦੇ-

ਤਾਂ ਕਹਿੰਦੇ :

ਇਕ ਇਕ ਬੋਲ ਤੀਰ ਹੈ ਹੁੰਦਾ,
'ਵਾ ਵਿਚ ਭੁੱਲ ਚਲਾਈਂ ਨਾ।
ਬੋਲੀ ਅੱਗ ਚੰਗਿਆਰੀ ਹੁੰਦੀ,
ਭਾਂਬੜ ਚੁੱਕ ਮਚਾਈਂ ਨਾ।

ਉਨ੍ਹਾਂ ਨਾਲ ਜੁੜੀਆਂ ਅਨੇਕ ਯਾਦਾਂ ਹਨ, ਜੋ ਅਸੀਂ ਸਾਰੇ ਜਦੋਂ ਇਕੱਠੇ ਹੁੰਦੇ ਤਾਂ ਸਾਂਝੀਆਂ ਕਰਦੇ ਹਾਂ ਅਤੇ ਅੱਜ ਵੀ ਉਨ੍ਹਾਂ ਨੂੰ ਆਪਣੇ ਵਿਚਕਾਰ ਇਕ ਪ੍ਰੇਰਣਾ ਦੇ ਰੂਪ ਵਿਚ ਮਹਿਸੂਸ ਕਰਦੇ ਹਾਂ। ਬਚਪਨ ਵਿਚ ਉਨ੍ਹਾਂ ਵੱਲੋਂ ਆਈਆਂ ਚਿੱਠੀਆਂ ਅਸੀਂ ਅੱਜ ਵੀ ਸਾਂਭੀਆਂ ਹੋਈਆਂ ਹਨ ਤੇ ਉਨ੍ਹਾਂ ਨੂੰ ਪੜ੍ਹ ਕੇ ਬਾਪੂ ਜੀ ਨਾਲ ਬਿਤਾਈਆਂ ਅਨਮੋਲ ਘੜੀਆਂ ਨੂੰ ਯਾਦ ਕਰਦੇ ਹਾਂ।

◆

# ਬਾਪੂ ਜੀ

◆

**-ਨਵਰੂਪ ਸਿੰਘ**

20 ਜਨਵਰੀ 1982 ਬਾਪੂ ਜੀ ਬ੍ਰਹਮ ਲੀਨ ਹੋ ਗਏ। ਵਿਸ਼ਵਾਸ ਨਹੀਂ ਸੀ ਹੋ ਰਿਹਾ। ਅਜੇ ਪਿਛਲੇ ਮਹੀਨੇ ਹੀ ਉਹ ਹਮੇਸ਼ਾਂ ਵਾਂਗ ਹਸਮੁਖ ਤੇ ਸਵਸਥ ਸਨ। ਬਲਕਿ ਇਸ ਵਾਰ ਤਾਂ ਉਹ ਸਾਡੀ ਭੈਣ ਭਰਾਵਾਂ ਦੀ ਸੰਗਤ ਮੰਡਲੀ ਵਿਚ ਸ਼ਾਮਲ ਹੋ ਕੇ ਹਾਰਮੋਨਿਯਮ ਵਜਾ ਰਹੇ ਸਨ। ਇਸ ਸੁਖਦ ਮੁਲਾਕਾਤ ਦੇ ਬਾਅਦ ਅਚਾਨਕ ਮਿਲੀ ਖ਼ਬਰ ਨੇ ਜਿਵੇਂ ਝੰਜੋੜ ਜਿਹਾ ਦਿੱਤਾ। ਉਤੋਂ ਬੇ ਬਸੀ ਲਗ ਰਹੀ ਸੀ ਕਿ ਚਾਰ ਦਿਨ ਪਹਿਲਾਂ ਲਿਖੀ ਗਈ ਚਿੱਠੀ ਕਿ ਬਾਪੂ ਜੀ ਕੋਮਾ ਵਿਚ ਚਲੇ ਗਏ ਹਨ, ਰਾਏ ਬਰੇਲੀ ਮੈਨੂੰ ਬਾਦ ਵਿਚ ਮਿਲੀ। ਸ਼ਾਇਦ ਮੈਂ ਮਿਲ ਸਕਦਾ। ਮੈਂ ਯਾਦ ਕਰ ਰਿਹਾ ਸੀ ਬਾਪੂ ਜੀ ਨਾਲ ਬਿਤਾਏ ਸਮੇਂ ਨੂੰ।

ਜੂਨ 1969 ਦਾ ਤਲਵਾੜੇ ਤੋਂ ਅਮ੍ਰਿਤਸਰ ਤਕ ਦਾ ਸਫ਼ਰ ਉਮੰਗਾਂ ਨਾਲ ਭਰਿਆ ਹੋਇਆ ਸੀ। ਵੈਸੇ ਤਾਂ ਇਹ ਸਫ਼ਰ ਨਾ ਪਹਿਲਾ ਸੀ, ਤੇ ਨਾ ਹੀ ਆਖ਼ਰੀ। ਪਰ ਅਗਲੀ ਪੜ੍ਹਾਈ ਮੇਰੀ ਏਥੇ ਹੀ ਹੋਣੀ ਸੀ। ਬਾਪੂ ਜੀ-ਮਾਂ ਜੀ ਦੀ ਦੇਖ ਰੇਖ ਵਿਚ ਏਹੋ ਉਤੇਜਨਸ਼ੀਲ ਸੀ।

ਅੱਜ ਤਕ ਤਾਂ ਬਾਪੂ ਜੀ ਨੂੰ ਸਿਰਫ਼ ਛੁੱਟੀਆਂ ਵਿਚ ਹੀ ਮਿਲਦੇ ਸਾਂ। ਇਹ ਪਖਵਾਰੇ ਕਹਾਣੀਆਂ ਸੁਣਦਿਆਂ, ਖੇਡਦਿਆਂ ਨਿਕਲ ਜਾਂਦੇ। ਕਹਾਣੀਆਂ ਦਾ ਤਾਂ ਜਿਵੇਂ ਖਜ਼ਾਨਾ ਹੀ ਸੀ ਬਾਪੂ ਜੀ ਕੋਲ। ਹਰ ਰੋਜ਼ ਇਕ ਨਵੀਂ ਕਹਾਣੀ! ਬਾਪੂ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਅਸੀਂ ਸਾਰੇ ਭੈਣ ਭਰਾਵਾਂ ਨੇ ਇਸ ਪਿਆਰ ਨੂੰ ਖ਼ੂਬ ਮਾਣਿਆ ਹੈ। ਆਪਸੀ ਖੇਡ ਵਿਚ ਕਦੇ ਕੁਝ ਨੁਕਸਾਨ ਹੋ ਜਾਂਦਾ ਤਾਂ ਅਸੀਂ ਬੇਝਿਜਕ ਬਾਪੂ ਜੀ ਦੀ ਗੋਦ ਵਿਚ ਜਾ ਚੜ੍ਹਦੇ। ਤੇ ਫ਼ੇਰ ਸਕੀਮਾਂ ਬਣਦੀਆਂ ਕਿ ਨੁਕਸਾਨ ਨੂੰ ਕਿਵੇਂ ਠੀਕ ਕੀਤਾ ਜਾਵੇ। ਮਾਂ ਜੀ ਨੂੰ ਪਤਾ ਨਹੀਂ ਲਗਣਾ ਚਾਹੀਦਾ।

ਇਸੇ ਕੜੀ ਵਿਚ ਜਦੋਂ ਬਾਪੂ ਜੀ ਸਾਡੇ ਕੋਲ ਤਲਵਾੜੇ ਆਉਂਦੇ ਤਾਂ ਆਪਣੇ ਦੋਸਤਾਂ ਮਿੱਤਰਾਂ ਵਿਚ ਸਾਡੀ ਪੱਦਵੀ ਉੱਚੀ ਹੋ ਜਾਂਦੀ। ਆਖ਼ਰ ਕਹਾਣੀਆਂ ਸੁਣਨ ਦਾ ਮੌਕਾ ਤਾਂ ਸਾਡੇ ਨਾਲ ਹੀ ਮਿਲਣਾ ਸੀ। ਅਜਿਹਾ ਨਿਰਾਲਾ ਸੀ ਬਾਪੂ ਜੀ ਦਾ ਕਹਾਣੀਆਂ ਸੁਣਾਣ ਦਾ ਅੰਦਾਜ਼।

ਪਰ ਹੁਣ ਲਗਾਤਾਰ ਨਾਲ ਰਹਿ ਕੇ ਬਾਪੂ ਜੀ ਵਾਸਤਵਿਕ ਤੇ ਬਹੁਪੱਖੀ ਸ਼ਖ਼ਸੀਅਤ ਦੇ ਰੂਪ ਵਿਚ ਸਾਹਮਣੇ ਆਏ। ਹਰ ਗ਼ਲਤੀ ਤੇ ਟੋਕਦੇ ਤੇ ਇਕ ਗੁਰੂ ਵਾਂਗ ਹਰ ਕਦਮ ਤੇ ਗਾਈਡ ਕਰਦੇ ਸਨ। ਸਕੂਲੀ ਗਿਆਨ ਤੋਂ ਅਲਗ ਹਟ ਕੇ ਉਨ੍ਹਾਂ ਨੇ ਮੈਨੂੰ ਪ੍ਰੈਕਟੀਕਲ ਗਿਆਨ ਦਿੱਤਾ। ਹਸਤ ਔਜ਼ਾਰਾਂ ਦਾ ਇਸਤੇਮਾਲ ਸਿਖਾਇਆ। ਉਨ੍ਹਾਂ ਦੇ ਰੰਦੇ, ਟਕੋਰੇ, ਗੁਣੀਏ ਇਤਿਆਦੀ ਅੱਜ ਵੀ ਪ੍ਰੇਰਨਾ ਦਾ ਸ੍ਰੋਤ ਹਨ।

ਸਕੂਲ ਤੋਂ ਬਾਦ ਘਰ ਵਿਚ ਵੀ ਕਿਸੇ ਟਾਈਮ ਟੇਬਲ ਦੇ ਮੁਤਾਬਿਕ ਕੰਮ ਕਰਨ ਉਤੇ

ਬਹੁਤ ਜ਼ੋਰ ਦੇਂਦੇ ਸਨ। ਸਵੈ ਅਨੁਸ਼ਾਸਨ ਦਾ ਇਹੀ ਨੁਸਖ਼ਾ ਸੀ ਬਾਪੂ ਜੀ ਦਾ।

ਰੋਜ਼-ਮੱਰ੍ਹਾ ਦੀਆਂ ਕਿਰਤੀਆਂ ਵਿਚ ਉਨ੍ਹਾਂ ਨੇ ਸਾਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਆਪਣੀਆਂ ਚਿੱਠੀਆਂ ਵੀ ਉਹ ਸਾਡੇ ਕੋਲੋਂ ਹੀ ਲਿਖਵਾਂਦੇ ਸਨ, ਤਾਂ ਕਿ ਅਸੀਂ ਵੀ ਪਤ੍ਰਾਚਾਰ ਸਿੱਖ ਸਕੀਏ। ਬੋਲੀ ਵਿਚ ਨਿਮਰਤਾ ਤੇ ਮਿਠਾਸ, ਵੱਡਿਆ ਦਾ ਆਦਰ ਸਤਿਕਾਰ, ਸਮੇਂ ਦੀ ਪਾਬੰਦੀ, ਆਪਣੇ ਨਿੱਜੀ ਕਾਰਜ ਖ਼ੁਦ ਕਰਨਾ, ਇਤਿਆਦੀ ਉਤੇ ਬਹੁਤ ਜ਼ੋਰ ਦੇਂਦੇ ਰਹੇ। ਸਾਨੂੰ ਸਦਾ ਇਹੀ ਸਬਕ ਦੇਂਦੇ ਕਿ ਸਵੈ ਡਿਸਿਪਲਿਨ ਹੀ ਸਫ਼ਲਤਾ ਦੀ ਕੁੰਜੀ ਹੈ।

ਸਮੇਂ ਸਮੇਂ ਬਾਪੂ ਜੀ ਦੀਆਂ ਆਪਣੀਆਂ ਉਪਲਭਦੀਆਂ ਬਾਰੇ ਜਾਣ ਕੇ ਅਸੀਂ ਗੌਰਵ ਮਹਿਸੂਸ ਕਰਦੇ। ਬਾਪੂ ਜੀ ਦਾ ਸਾਹਿਤ ਦੀ ਦੁਨੀਆਂ ਨਾਲ ਬਹੁਤ ਗਹਿਰਾ ਸੰਬੰਧ ਰਿਹਾ ਹੈ, ਅਸੀਂ ਭਲੀ ਭਾਂਤ ਜਾਣਦੇ ਸਾਂ। ਸੋ ਉਨ੍ਹਾਂ ਦੀਆਂ ਰਚਨਾਵਾਂ ਪ੍ਰਤੀ ਜਗਿਆਸਾ ਹੋਣੀ ਸੁਭਾਵਿਕ ਹੀ ਸੀ। ਬਾਪੂ ਜੀ ਦੀਆਂ ਕਲਮਬੰਦ ਕੀਤੀਆਂ ਕਈ ਪੰਕਤੀਆਂ ਆਪ ਮੁਹਾਰੇ ਹੀ ਮੂੰਹੋ ਫੁਟਦੀਆਂ ਰਹਿੰਦੀਆਂ ਹਨ।

1. ਅਫਰੀਕਾ ਸੁਹਣੀ ਹੈ, ਕੁਦਰਤ ਦਾ ਕ੍ਰਿਸ਼ਮਾ ਹੈ।
ਪਰ ਚੁਟਕੀ ਮਿੱਟੀ ਦੀ ਇਕ ਵਤਨ ਪਿਆਰੇ ਦੀ।
ਲੱਖਾਂ ਅਫ਼ਰੀਕਾ ਤੋਂ ਪਾਵਨ ਹੈ ਪਿਆਰੀ ਹੈ।

2. ਮਨੁੱਖਾ ਜੀਵਨ ਪਾਇਆ ਈ,
ਤਾਂ ਮਨੁੱਖ ਬਣ ਦਿਖਲਾਈ ਜਾ।

ਬਾਪੂ ਜੀ ਦੇ ਦੇਸ਼ ਪ੍ਰੇਮ ਦੇ ਇਸ ਜਜ਼ਬੇ ਤੋਂ ਵਾਕਫ਼ ਹੋ ਸਾਡਾ ਸਿਰ ਅੱਜ ਵੀ ਗਰਵ ਨਾਲ ਉੱਚਾ ਉਠ ਜਾਂਦਾ ਹੈ। ਕਲਕੱਤੇ ਸੰਨ 1925-30 ਦੇ ਲਗਭਗ ਮੁਹੱਲੇ ਦੇ ਪ੍ਰਾਇਮਰੀ ਸਕੂਲ ਵਿਚ ਰੋਜ਼ਾ ਸਵੇਰੇ ਅਸੈਂਬਲੀ ਵਿਚ ਪੜ੍ਹੀ ਜਾਣ ਵਾਲੀ ਬਰਤਾਨਵੀ ਪ੍ਰਾਰਥਨਾ 'God save the King' ਨੂੰ ਰੁਕਵਾਣ ਵਿਚ ਉਹ ਅਗ੍ਰਣੀ ਸਨ। ਕਾਮਾ ਗਾਟਾ ਮਾਰੂ ਰਾਹੀਂ ਕਲਕੱਤੇ ਆ ਰਹੇ ਪਾਰਟੀ ਦੇ ਕਈ ਸਦੱਸਿਆਂ ਨਾਲ ਬਾਪੂ ਜੀ ਦੇ ਗਹਿਰੇ ਸੰਬੰਧ ਸਨ। ਅਜ ਵੀ 'ਕਵੀ' ਦੇ ਪੁਰਾਣੇ ਅੰਕਾਂ ਨੂੰ ਪੜ੍ਹ ਕੇ ਉਨ੍ਹਾਂ ਦੇ ਸਾਹਿਤਕ ਤੇ ਦੇਸ਼ ਪ੍ਰੇਮ ਦੇ ਵਿਚਾਰਾਂ ਤੋਂ ਜਾਣੂ ਹੋ ਗਰਵ ਮਹਿਸੂਸ ਕਰਦੇ ਹਾਂ। ਇਹੋ ਲੋਕ ਹਿੱਤ ਦੀ ਸਿਖਿਆ ਉਨ੍ਹਾਂ ਨੇ ਸਾਨੂੰ ਸਦਾ ਦਿੱਤੀ।

ਬਾਪੂ ਜੀ ਨੀਂਦ ਵਿਚ ਹੀ ਕੋਮਾ ਵਿਚ ਚਲੇ ਗਏ। ਖ਼ਬਰੇ ਕੀ ਸੁਪਨੇ ਦੇਖ ਰਹੇ ਹੋਣਗੇ, ਕਿ ਦਿਮਾਗ਼ ਦੀ ਨਸ ਫਟ ਗਈ ਸ਼ਾਇਦ ਉਠੇ ਵੀ ਹੋਣ, ਕਿਸੇ ਨੂੰ ਬੁਲਾਣ ਦੀ ਕੋਸ਼ਿਸ਼ ਕੀਤੀ ਹੋਵੇ ? ਕੋਈ ਨਹੀਂ ਜਾਣਦਾ।

ਚਾਰ ਦਿਨ ਕੋਮਾ ਵਿਚ ਅਚੇਤ ਰਹਿਣ ਤੋਂ ਬਾਦ ਬਾਪੂ ਜੀ 20 ਜਨਵਰੀ ਨੂੰ ਸਵਾਸ ਤਿਆਗ ਗਏ। ਮੇਰਾ ਛੋਟਾ ਭਰਾ ਡਾ. ਨਵਪ੍ਰੀਤ ਉਨ੍ਹਾਂ ਦੇ ਸਿਰਹਾਣੇ ਬੈਠਾ ਸਟੈਥੋਸਕੋਪ ਲਗਾ ਮੁਆਇਨਾ ਕਰ ਰਿਹਾ ਸੀ। ਬਾਪੂ ਜੀ ਦੀ ਆਖ਼ਰੀ ਦਿਲ ਦੀ ਧੜਕਣ ਉਸ ਸੁਣੀ, ਤੇ ਅੰਤ ਉਠ ਗਿਆ। ਹੁਣ ਤਾਂ ਬਸ ਯਾਦਾਂ ਹੀ ਰਹਿ ਗਈਆਂ ਹਨ।

ਘਲੇ ਆਵਹਿ ਨਾਨਕਾ, ਸਦੇ ਉਠਿ ਜਾਇ।

◆

# ਸਾਡੇ ਬਾਪੂ ਜੀ

•

-ਨਵਪ੍ਰੀਤ ਸਿੰਘ

ਹਰ ਬੱਚੇ ਨੂੰ ਇੰਤਜ਼ਾਰ ਰਹਿੰਦਾ ਹੈ ਸਕੂਲ ਦੀਆਂ ਛੁੱਟੀਆਂ ਦਾ। ਅਸੀਂ ਖ਼ਾਸ ਕਰਕੇ ਛੁੱਟੀਆਂ ਉਡੀਕਦੇ ਹੁੰਦੇ ਸਾਂ ਕਿ ਪੂਰੇ ਡੇਢ ਮਹੀਨੇ ਵਾਸਤੇ ਤਲਵਾੜੇ ਤੋਂ ਅਮ੍ਰਿਤਸਰ ਜਾਵਾਂਗੇ ਅਤੇ ਬਾਪੂ ਜੀ, ਮਾਂ ਜੀ ਕੋਲੋਂ ਉਮੜਦਾ ਪਿਆਰ ਲਵਾਂਗੇ। ਛੁੱਟੀਆਂ ਦਾ ਹਰ ਦਿਨ ਅਸੀਂ ਰੱਜ ਕੇ ਮਾਣਦੇ ਹੁੰਦੇ ਸਾਂ। ਸਵੇਰੇ ਉੱਠ ਕੇ ਬਾਪੂ ਜੀ ਹਰ ਰੋਜ਼ ਸੈਰ ਤੇ ਜਾਂਦੇ ਹੁੰਦੇ ਸਨ। ਸੋ ਅਸੀਂ ਵੀ ਬਾਪੂ ਜੀ ਨਾਲ ਸੈਰ ਤੇ ਜਾਂਦੇ। ਨਾਲੇ ਸਵੇਰ ਦੀ ਠੰਢੀ ਹਵਾ ਮਾਣਦੇ ਤੇ ਬਾਪੂ ਜੀ ਕੋਲੋਂ ਗਿਆਨ ਦੀਆਂ ਗੱਲਾਂ ਸਿਖਦੇ। ਘਰ ਵਾਪਸ ਆ ਕੇ ਤਿਆਰ ਹੋ ਕੇ ਸਕੂਲ ਦਾ ਹੋਮ ਵਰਕ ਕਰਦੇ। ਫਿਰ ਬਾਪੂ ਜੀ ਸਾਨੂੰ ਕਦੇ ਬਾਹਰ ਲੈ ਜਾਂਦੇ ਤੇ ਖਿਡੌਣੇ ਆਦਿ ਲੈ ਕੇ ਦੇਂਦੇ। ਦੁਪਹਿਰ ਤੋਂ ਬਾਅਦ ਅਸੀਂ ਬੇਸਬਰੀ ਨਾਲ ਰਾਤ ਦਾ ਇੰਤਜ਼ਾਰ ਕਰਦੇ। ਡਿਨਰ ਕਰਨ ਤੋਂ ਪਿਛੋਂ ਅਸੀਂ ਛੱਤ ਤੇ ਜਾ ਕੇ ਬਾਪੂ ਜੀ ਤੋਂ ਕਹਾਣੀ ਸੁਣਦੇ ਸਾਂ। ਬਾਪੂ ਜੀ ਦਾ ਕਹਾਣੀ ਸੁਣਾਉਣ ਦਾ ਜੋ ਤਰੀਕਾ ਸੀ, ਉਹ ਨਿਰਾਲਾ ਸੀ। ਹਰ ਕਹਾਣੀ ਨੂੰ ਇੰਜ ਸੁਣਾਉਂਦੇ ਜਿਵੇਂ ਉਹ ਸਾਡੇ ਨਾਲ ਵਾਪਰ ਰਹੀ ਹੋਵੇ। ਇਕ ਟਿਕ ਲਾਈ ਅਸੀਂ ਸੁਣਦੇ ਰਹਿੰਦੇ। ਬਾਪੂ ਜੀ ਕੋਲ ਕਹਾਣੀਆਂ ਦਾ ਅਣਗਿਣਤ ਖਜ਼ਾਨਾ ਸੀ। ਦੇਵੀ ਚੌਧਰਾਣੀ, ਚੰਦਰਕਾਂਤਾ, ਮਹਾਂਭਾਰਤ ਤੇ ਅੰਗਰੇਜ਼ਾਂ ਦੇ ਰਾਜ ਤੋਂ ਅਜ਼ਾਦੀ ਤਕ ਦਾ ਸਾਰਾ ਇਤਿਹਾਸ ਸਾਨੂੰ ਸਵਾਦਲੀਆਂ ਕਹਾਣੀਆਂ ਦੇ ਰੂਪ ਵਿਚ ਬਾਪੂ ਜੀ ਨੇ ਰਟਾ ਦਿੱਤਾ ਸੀ।

ਇਸ ਤਰ੍ਹਾਂ ਸਾਡੀਆਂ ਛੁੱਟੀਆਂ ਦੇ ਖ਼ਤਮ ਹੋਣ ਦਾ ਪਤਾ ਵੀ ਨਾ ਲਗਦਾ ਤੇ ਛੁੱਟੀਆਂ ਮੁੱਕਣ 'ਤੇ ਵਾਪਸ ਜਾਣ ਨੂੰ ਦਿਲ ਵੀ ਨਾ ਕਰਦਾ।

1972 ਵਿਚ ਰਾਣਾ ਜੀ ਦੀ ਪੋਸਟਿੰਗ ਅਮ੍ਰਿਤਸਰ ਵਿਚ ਹੋ ਗਈ ਤੇ ਅਸੀਂ ਅਮ੍ਰਿਤਸਰ ਆ ਗਏ। ਉਨ੍ਹਾਂ ਦਿਨਾਂ ਵਿਚ ਬਾਪੂ ਜੀ ਕੋਲੋਂ ਲਿਖਣਾ ਕੁਝ ਔਖਾ ਹੋ ਗਿਆ ਸੀ ਹੱਥ ਕੰਬਦੇ ਸਨ। ਸਾਨੂੰ ਬੜੇ ਪਿਆਰ ਨਾਲ ਕੋਲ ਬਿਠਾ ਕੇ ਚਿੱਠੀਆਂ ਲਿਖਵਾਉਂਦੇ ਸਨ। ਇਸਦੇ ਨਾਲ ਨਾਲ ਸਾਡੀ ਪੜ੍ਹਾਈ ਦਾ ਵੀ ਖ਼ਿਆਲ ਰੱਖਦੇ। ਉਨ੍ਹਾਂ ਕਹਿਣਾ ਕਾਕਾ ਜਦੋਂ ਤਹਾਨੂੰ ਸਮਾਂ ਮਿਲੇ ਆਪਣੇ ਕੰਮ ਤੋਂ ਬਾਅਦ ਮੇਰੀ ਇਕ ਚਿੱਠੀ ਜ਼ਰੂਰ ਲਿਖ ਦੇਣੀ। ਅਸੀਂ ਆਪਣੇ ਕੰਮ ਛੱਡ ਕੇ ਕਹਿ ਦੇਂਦੇ ਕਿ ਬਾਪੂ ਜੀ ਹੁਣ ਦੱਸੋ ਤੇ ਅਸੀਂ ਕੋਲ ਬਹਿ ਕੇ ਉਨ੍ਹਾਂ ਦੇ ਵਿਚਾਰ ਉਲੀਕਦੇ ਤੇ ਕਈ ਗੱਲਾਂ ਸਿਖਦੇ। ਉਹ ਪੰਜਾਬੀ ਬੋਲੀ ਤੇ ਭਾਸ਼ਾ ਦੇ ਸੁਧਾਰ ਬਾਰੇ ਬਹੁਤ ਯਤਨਸ਼ੀਲ ਸਨ। ਸਾਡੇ ਕੋਲੋਂ ਕਈ ਵਾਰ ਉਨ੍ਹਾਂ ਨੇ ਰੇਡੀਉ ਸਟੇਸ਼ਨ ਜਲੰਧਰ ਵਲ

ਕਈ ਚਿੱਠੀਆਂ ਲਿਖਵਾਈਆਂ, ਜਿਨ੍ਹਾਂ ਵਿਚ ਜ਼ਿਕਰ ਹੁੰਦਾ ਸੀ ਕਿ ਪੰਜਾਬੀ ਭਾਸ਼ਾ ਦੇ ਕਈ ਸ਼ਬਦ ਹੁੰਦਿਆਂ ਦੂਸਰੀ ਭਾਸ਼ਾ ਦੀ ਵਰਤੋਂ ਕਰਨਾ ਉਚਿਤ ਨਹੀਂ ਹੈ।

ਇਕ ਵਾਰ ਮੈਡੀਕਲ ਕਾਲਜ਼ ਦੇ ਪਹਿਲੇ ਸਾਲ ਦੀਆਂ ਛੁੱਟੀਆਂ ਵਿਚ ਅਸੀਂ ਕੁਝ ਦੋਸਤਾਂ ਨੇ ਕੁੱਲੂ ਮਨਾਲੀ ਦੀ ਸੈਰ ਦਾ ਪ੍ਰੋਗਰਾਮ ਬਣਾਇਆ। ਉੱਥੇ ਕੁੱਲੂ ਵਿਚ ਇਕ ਬੱਸ ਤੋਂ ਉਤਰਦਿਆਂ ਮੇਰੀ ਨਜ਼ਰ ਇਕ ਨਾਲ ਦੀ ਖਾਲੀ ਸ਼ੀਟ ਤੇ ਪਈ ਤੇ ਦੇਖਿਆ ਕਿ ਇਕ ਬਟੂਆ ਪਿਆ ਹੈ। ਮੈਂ ਨਾਲ ਦੇ ਦੋਸਤ ਨੂੰ ਇਸ਼ਾਰਾ ਕੀਤਾ। ਉਸ ਕਿਹਾ ਕਿ ਚੁੱਕ ਲੈ। ਬਟੂਆ ਚੁੱਕ ਕੇ ਮੈਂ ਇਧਰ ਉਧਰ ਦੇਖਿਆ। ਬਸ ਖਾਲੀ ਹੋ ਚੁੱਕੀ ਸੀ ਤੇ ਸਵਾਰੀਆਂ ਸਾਰੀਆਂ ਜਾ ਚੁੱਕੀਆਂ ਸਨ। ਅਸੀਂ ਸਾਰੇ ਦੋਸਤ ਉਤਰ ਕੇ ਇਕੱਠੇ ਹੋਏ ਤਾਂ ਸਲਾਹ ਕੀਤੀ ਕਿ ਬਟੂਏ ਦਾ ਕੀ ਕਰੀਏ। ਜੇ ਰੌਲਾ ਪਾਈਏ ਤਾਂ ਕੋਈ ਹੋਰ ਹੀ ਕਲੇਮ ਨਾ ਕਰ ਲਵੇ, ਜੇ ਪੁਲਿਸ ਨੂੰ ਦਈਏ ਤਾਂ ਕੀ ਪਤਾ ਅਸਲੀ ਹੱਕਦਾਰ ਕੋਲ ਪਹੁੰਚੇ ਕਿ ਨਾ। ਇਕ ਨੇ ਸਲਾਹ ਦਿੱਤੀ ਕਿ ਬਸ ਫ਼ਿਕਰ ਨਾ ਕਰੋ। ਸਾਡਾ ਕੁੱਲੂ ਮਨਾਲੀ ਦਾ ਟਰਿਪ ਸਮਝੋ ਕਿ ਫ੍ਰੀ ਖ਼ਾਤੇ ਵਿਚ ਹੋ ਗਿਆ ਹੈ। ਅਸੀਂ ਬਗ਼ੈਰ ਸਮਝਦੇ ਹੋਏ ਕਿ ਕਿਸ ਵਿਚਾਰੇ ਦਾ ਨੁਕਸਾਨ ਹੋਇਆ ਹੈ, ਅਸੀਂ ਮੌਜ ਮਸਤੀ ਵਿਚ ਉਹ ਪੈਸੇ ਉਜਾੜ ਦਿੱਤੇ। ਘਰ ਆ ਕੇ ਬੀਜੀ ਨੂੰ ਸਾਰੀ ਗੱਲ ਦੱਸੀ। ਜੋ ਆਖ਼ਿਰ ਬਾਪੂ ਜੀ ਦੇ ਕੰਨੀ ਪੈ ਗਈ। ਅਗਲੀ ਸਵੇਰ ਹਾਲੇ ਬਿਸਤਰੇ ਵਿਚ ਹੀ ਸਾਂ ਕਿ ਬਾਪੂ ਜੀ ਕੋਲ ਆ ਬੈਠ ਗਏ। ਕਹਿਣ ਲੱਗੇ ਕਾਕਾ ਜਿਸ ਵਿਚਾਰੇ ਦਾ ਬਟੂਆ ਤੁਹਾਨੂੰ ਲੱਭਾ ਸੀ, ਉਸਨੇ ਪਤਾ ਨਹੀਂ ਕਿੰਨ੍ਹਾਂ ਮੁਸ਼ਕਿਲਾਂ ਨਾਲ ਉਹ ਪੈਸੇ ਕਮਾਏ ਹੋਣੇ ਹਨ। ਤੁਸੀਂ ਉਸਦਾ ਹਕ ਵਰਤ ਕੇ ਚੰਗਾ ਨਹੀਂ ਕੀਤਾ। ਉਸਨੂੰ ਪੁਲਿਸ ਸਟੇਸ਼ਨ ਤੇ ਦੇਣ ਨਾਲ ਆਪਣੇ ਫਰਜ਼ ਦੀ ਪਹਿਚਾਣ ਹੋਣੀ ਸੀ। ਬੱਸ ਉਹ ਗੱਲ ਪੱਲੇ ਬੰਨ੍ਹ ਲਈ।

ਬਾਪੂ ਜੀ ਇਕ ਆਦਰਸ਼ਵਾਦੀ ਇਨਕਲਾਬੀ ਸਨ। ਆਪਣੀ ਸਾਰੀ ਉਮਰ ਦੀ ਜੱਦੋ ਜਹਿਦ ਵਿਚ ਉਨ੍ਹਾਂ ਨੇ ਗੁਲਾਮੀ ਦੀਆਂ ਮਜ਼ਬੂਰੀਆਂ ਤੇ ਔਕੜਾਂ ਅਤੇ ਉਨ੍ਹਾਂ ਤੋਂ ਬਾਹਰ ਨਿਕਲਣ ਬਾਰੇ ਆਪਣੀਆਂ ਕਵਿਤਾਵਾਂ ਵਿਚ ਬਹੁਤ ਸੁਚੱਜੇ ਤਰੀਕੇ ਨਾਲ ਵਰਣਨ ਕੀਤਾ।

ਸਾਨੂੰ ਉਨ੍ਹਾਂ ਦੀ ਕਵੀ ਕੁਟੀਆ ਵਿਚ ਰਹਿਣ ਦਾ ਮਾਣ ਪ੍ਰਾਪਤ ਹੈ।

◆

# ਬਾਪੂ ਜੀ ਦੀ ਨਿੱਘੀ ਯਾਦ ਵਿਚ

◆

-ਸਰਬਜੋਤ ਕੌਰ

ਪੰਜਾਬੀ ਦੇ ਸ਼ਬਦ ਕੋਸ਼ ਦਾ ਬਹੁਤ ਹੀ ਪਿਆਰਾ, ਨਿੱਘਾ ਤੇ ਮਨਮੋਹਣਾ ਅੱਖਰ "ਬਾਪੂ ਜੀ" ਬੋਲਦਿਆਂ ਹੀ ਇੰਜ਼ ਜਾਪਦਾ ਹੈ, ਜਿਵੇਂ ਗੁਆਚਿਆ ਬਚਪਨ ਸਾਹਮਣੇ ਆਣ ਖਲੋਤਾ ਹੋਵੇ। ਪਰ ਮੇਰੀ ਯਾਦਾਂ ਦੀ ਪਟਾਰੀ ਵਿਚ ਬਾਪੂ ਜੀ ਦੀ ਯਾਦ ਸਿਰਫ਼ ਦੋ ਅੱਖਰਾਂ ਤੇ ਇਕ ਵਾਕ ਵਿਚ ਸਿਮਟੀ ਹੋਈ ਹੈ। ਆਪਣੇ ਪਿੱਛੇ ਮੇਰੀ ਪੈੜ ਦੀ ਆਵਾਜ਼ ਸੁਣਦੇ ਹੀ ਬਾਪੂ ਜੀ ਕਹਿੰਦੇ, ਮੇਰੇ ਪਿੱਛੇ ਕੌਣ ਖੜੀ ? ਕਾਟੋ ? ਇਹ ਵਾਕ ਹੁਣ ਵੀ ਬਾਪੂ ਜੀ ਨੂੰ ਯਾਦ ਕਰਦਿਆਂ–ਮੇਰੇ ਕੰਨਾਂ ਵਿਚ ਗੂੰਜਦਾ ਹੈ।

◆

# Bapuji--My Grand Pa

•

**-Amardeep Hanspal**

Bapuji--The very mention of the name makes me nostalgic and brings back wonderful memories of the time I spent with him. Although Bapuji had shifted to Amritsar (on retirement) before I was born, he visited us often. During our holidays we would go to Amritsar and spend time with him. He would tell me mythological stories of Ghatotkutch, Kumbakaran, Hanuman etc as also Sakhis of our Guru Sahiban and my infant mind would relish these charming stories. He would answer all my persistent queries with utmost patience and affection.

Looking back, I know he felt happy and proud in a humble way, at the progress his family was making after all he had worked quite hard for it denying himself the comforts and ensuring that his children missed nothing. It was this lesson that got inculcated into his three sons and two daughters, who inturn strived hard that their childern (Bapuji's grand children) too rose even higher.

During my childhood, I was a very playful and talkative child. He would listen to my comstant chatter and egg me on with all the cousins sitting around and listen intently. While playing he would side with me and help me in order to keep the balance of power since my cousins were heftier and stronger than me. I distincity remember one particular time when while returning to Amritsar after his stay with us, when he said "Beta, I feel like crying leaving you". That one sentence is etched in my memory forever.

◆

# A Grand Pa Par Excellence

•

-Amarpreet Hanspal

My grand father was the kindest, gentlest person that I ever knew. Bapuji as we called him, never had a cross word for any one and seemed to have infinite patience. My earliest memory of him is his telling me stories while I sat in his lap and ran my fingers through his long, snowy bread. His stories were always funny and involved of interesting characters and sub-plots. He had a rich imagination and shared it with me generously. Although I could not read his poetry (because of my inability to read Gurmukhi) I have heard his poems and I know that he was a great poet.

I used to accompany him on his walks in the evenings We used to walk down to a garden when he would meet his friends and discuss. The happenings of the day. He always proudly imtroduced me to his friends, "This is my grand-son" he would say with much love and pride. His family clearly was a source of great pride and joy to him.

He had worked hard and sincerely to provide nothing but the best for his family. Living very simply, he had made many sacrifices to make sure that his children would have the best possible education. That simple but supremely important decision, made profound medal winning engineers and another a respected professor. They in turn reinvested in their children, and groomed them leading Doctors Engineers, More than just well educated people, his children and grandchildren are good human beings helpful kind and hard

working.

It was Bapuji's hard work and sacrifice that made all this possible. I miss him a lot now. I wish I could talk to him, hear his stories once more and his poems. I would love to hear him tell his tales of growing up in Africa or moving to Calcutta and under stand what his dreams and hope were.

But I Know that he is not far from me. He is alive in his words and in our memories when I see our 8 month old "Aman Hanspal" smile sweetly and natural, I know that Bapuji is alive, well and living with us.

◆

# ਸਵੇਰ ਦੀ ਸੈਰ

◆

**-ਨਵਨੀਤ ਹੰਸਪਾਲ**

ਸਵੇਰੇ ਉੱਠ ਕੇ ਬਾਪੂ ਜੀ ਸੈਰ ਕਰਨ ਜਾਂਦੇ ਸੀ। ਮੈਂ ਕਿਹਾ, ਮੈਂ ਵੀ ਜਾਵਾਂਗੀ। ਉਨ੍ਹਾਂ ਨੇ ਕਿਹਾ, "ਚੰਗਾ ਸਵੇਰੇ ਤਿਆਰ ਹੋ ਜਾਈ।" ਸਵੇਰ ਹੋਈ ਤੇ ਬਾਪੂ ਜੀ ਤਿਆਰ ਹੋ ਰਹੇ ਸੀ ਜਾਣ ਲਈ, ਚਿੱਟਾ ਚੂੜੀਦਾਰ ਪਜਾਮਾ-ਕੁੜਤਾ, ਕਾਲੇ ਚਮਕਦੇ ਹੋਏ ਜੁੱਤੇ, ਸਵੇਰ ਦੀ ਹਲਕੀ ਰੋਸ਼ਨੀ ਵਿਚ ਬੜੇ ਹੀ ਪਿਆਰੇ ਲਗ ਰਹੇ ਸੀ।

ਚੱਲਣ ਵੇਲੇ ਉਨ੍ਹਾਂ ਨੇ ਬੂਹੇ ਦੇ ਸਿਰ ਤੋਂ ਸੋਟੀ ਲਾਹੀ। ਇਕ ਹੱਥ ਵਿਚ ਉਹ ਸੋਟੀ ਤੇ ਨਾਲ ਨਾਲ ਟੱਪਦੀ ਹੋਈ ਮੈਂ, ਅਸੀਂ ਤੁਰ ਪਏ। ਮੋੜ ਮੁੜਿਆ, ਚਲਦੇ ਗਏ, ਬੜਾ ਹੀ ਵਧੀਆ ਨਜ਼ਾਰਾ ਲੱਗ ਰਿਹਾ ਸੀ। ਖ਼ਾਲੀ ਸੜਕ, ਠੰਡੀ ਠੰਡੀ ਹਵਾ, ਤੇ ਸਿਰਫ਼ ਹਰਿਆਲੀ। ਇਹ ਨਜ਼ਾਰਾ ਮੈਨੂੰ ਕਦੀ ਨਹੀਂ ਭੁੱਲ ਸਕਦਾ ਤੇ ਬਾਪੂ ਜੀ ਦੀ ਹੌਲੀ ਹੌਲੀ ਝੂਲਦੀ ਹੋਈ ਸੋਟੀ।

ਮੈਂ ਉਨ੍ਹਾਂ ਨੂੰ ਪੁੱਛਿਆ, "ਬਾਪੂ ਜੀ ਇਹ ਸੋਟੀ ਦੀ ਕੀ ਜ਼ਰੂਰਤ ਹੈ?" ਉਨ੍ਹਾਂ ਨੇ ਜੁਆਬ ਦਿੱਤਾ, "ਰਾਹ ਜਾਂਦੇ ਅਵਾਰਾ ਕੁੱਤਿਆਂ ਨੂੰ ਦੋੜਾਨ ਲਈ।" ਥੋੜ੍ਹੀ ਦੂਰ ਹੋਰ ਚਲੇ ਗਏ, ਕੰਪਨੀ ਬਾਗ਼ ਨੇੜੇ ਆ ਗਿਆ। ਦੇਖਿਆ ਇਕ ਕੁੱਤਾ ਮਗਰ ਪੈ ਗਿਆ ਤੇ ਨੇੜੇ ਆਣ ਦੀ ਕੋਸ਼ਿਸ਼ ਕਰਨ ਲੱਗਾ। ਬਾਪੂ ਜੀ ਨੇ ਸੋਟੀ ਜ਼ਰਾ ਉਹਦੇ ਵੱਲ ਚੁੱਕੀ ਤੇ "ਸ਼ੂ, ਪਿੱਛੇ ਹੋ ਜਾ," ਕਿਹਾ ਤੇ ਏਨੇ ਵਿਚ ਹੀ ਉਹ ਕੁੱਤਾ ਨਸ ਗਿਆ। ਮੈਂ ਉਸ ਸੋਟੀ ਦਾ ਕਮਾਲ ਦੇਖ ਕੇ ਦੰਗ ਰਹਿ ਗਈ। ਜੋ ਅਸੀਂ ਨਾ ਕਰ ਸਕੇ, ਉਹ ਉਸ ਸੋਟੀ ਨੇ ਕਰ ਦਿਖਾਇਆ। ਕੁੱਤਾ ਸਾਡੇ ਕੋਲੋਂ ਨਹੀਂ ਸੋਟੀ ਕੋਲੋਂ ਡਰਦਾ ਸੀ।

ਇਹ ਇਕ ਮਹਿਜ਼ ਹੀ ਛੋਟੀ ਜਿਹੀ ਘਟਨਾ ਹੈ, ਪਰ ਮੇਰੇ ਲਈ ਬੜੀ ਹੀ ਅਹਿਮ ਹੈ। ਬਾਪੂ ਜੀ ਇਕ ਬੜੇ ਹੀ ਨਿਡਰ ਤੇ ਸੁਲਝੇ ਹੋਏ ਇਨਸਾਨ ਸਨ ਅਤੇ ਉਹ ਸਾਰੇ ਜਗ ਨੂੰ ਆਪਣੇ ਪਿਆਰ ਵਿਚ ਸਮੋ ਲੈਂਦੇ ਸਨ। ਇਹ ਬੇਸ਼ੱਕ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਬੇਹਤਰੀਨ ਹਿੱਸਾ ਸੀ।

◆

# My Memories of Bapuji

•

**-Pawanjeet singh Hanspal**

---

I vaguely recall some of my most memorable incidents at Rani Bagh, Amritsar with Bapuji. I was about 10 years old and spending my summer vacation in Amritsar. My then favourite T.V. programme for children "JHIL MIL TARE" was to be shown on Jalandhar T.V. and Bapuji would also join me in enjoying the kids show. As the antique Japanese/wall clock neared the telecast time, Bapuji would call me quickly and say to me : Tinkoo, come switch on to your programme otherwise your "Tayaji" Ranaji would watch his Pakistani play and not let anybody change the channel again. I would come and join Bapuji for the programme. This continued for many evenings and I was made the special one in the entire household for the programme.

Another programme was of FREE STYLE wrestling matches of Pakistan T.V. Again Bapuji would call me and say : Tinkoo see this programme for yourself, for what you do everyday, Yes, the punches, kicking, and free-for-all that style stuff has been the favourite of many generations till even now.

So the memories of Bapuji are still etched in my mind, but I was too small at that time to remember things clearly.

Truly, the ages are miles apart but the minds have same wavelength over something common and I salute our family's old man to share some of my childhood fancies for the period I remember dimly.

◆

# ਇਕ ਅਤਿ ਸੋਹਲ ਪ੍ਰਤਿਭਾ

•

**-ਪ੍ਰੋ. ਮੋਹਣ ਸਿੰਘ**

ਕਹਾਵਤ ਹੈ ਕਿ ਇਕ ਸਫ਼ਲ ਪ੍ਰਬੰਧਕ ਉਹ ਹੈ ਜਿਹੜਾ ਆਪ ਭਾਵੇਂ ਨਜ਼ਰ ਨਾ ਹੀ ਆਵੇ, ਪਰ ਉਸਦਾ ਪ੍ਰਬੰਧ, ਉਸਦੀ ਕਾਰਗੁਜ਼ਾਰੀ ਹਰ ਥਾਂ 'ਤੇ, ਹਰ ਸੇਵਾ ਵਿਚ ਅਤੇ ਹਰ ਵਿਅਕਤੀ ਵਿਚ ਦ੍ਰਿਸ਼ਟੀਮਾਨ ਹੋਵੇ। ਕੁਝ ਇਸੇ ਤਰ੍ਹਾਂ ਦੇ ਕਥਨ ਹੀ ਸੌਦਾਗਰ ਸਿੰਘ 'ਭਿਖਾਰੀ' ਬਾਰੇ ਜਿਨ੍ਹਾਂ ਨੂੰ ਅਸੀਂ ਬਹੁਤ ਹੀ ਆਦਰ ਨਾਲ ਵੇਖੋ ਵੇਖੀ ਸਾਰੇ ਜਣੇ 'ਬਾਪੂ ਜੀ' ਕਹਿੰਦੇ ਹੁੰਦੇ ਸੀ ਅਤੇ ਜਿਨ੍ਹਾਂ ਨੂੰ ਸਾਥੋਂ ਵਿਛੜਿਆਂ ਨੂੰ ਵੀ ਤਕਰੀਬਨ ਦੋ ਦਹਾਕੇ ਹੋ ਚੁੱਕੇ ਹਨ, ਉਨ੍ਹਾਂ ਦੀ ਪ੍ਰਤਿਭਾ ਤੇ ਲਾਗੂ ਹੁੰਦੇ ਹਨ। ਉਨ੍ਹਾਂ ਦੇ ਲੜਕੇ ਲੜਕੀਆਂ ਅਤੇ ਅਗੋਂ ਪੋਤਰੇ ਪੋਤਰੀਆਂ ਵਿਚ ਉਨ੍ਹਾਂ ਦੀ ਹੀ ਸ਼ਖ਼ਸੀਅਤ ਨੂੰ ਖੂਬ ਮੌਲਦੇ ਪੱਲ੍ਹਰਦੇ ਵੇਖ ਕੇ ਮੱਲੋ ਮੱਲੀ ਉਨ੍ਹਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਇਹ ਠੀਕ ਹੈ ਕਿ ਬਾਪੂ ਜੀ ਰਸਮੀ ਅਰਥਾਂ ਵਿਚ ਕੋਈ ਭਗਤ ਨਹੀਂ ਸਨ, ਪ੍ਰੰਤੂ ਉਨ੍ਹਾਂ ਦੀ ਦੇਸ਼ ਭਗਤੀ ਕਿਸੇ ਸਿਫ਼ਤ ਦੀ ਕਿਸੇ ਤਾਮਰਪੱਤਰ ਦੀ ਮੁਥਾਜ ਨਹੀਂ। ਉਸਦੀ ਮੂੰਹ ਬੋਲਦੀ ਤਸਵੀਰ ਉਨ੍ਹਾਂ ਦਾ ਪਰਿਵਾਰ ਹੈ ਜੋ ਇਸ ਤਾਬੜਤੋੜ ਮੁਕਾਬਲੇ ਦੇ ਯੁੱਗ ਵਿਚ, ਤੇਜ਼ ਰਫ਼ਤਾਰ ਸ਼ਹਿਰੀਕਰਨ ਦੀਆਂ ਚੁਣੌਤੀਆਂ ਨੂੰ ਕਬੂਲਦੇ ਹੋਏ ਵੀ ਅਸਲ ਮਾਨਵੀ ਕਦਰਾਂ ਕੀਮਤਾਂ ਤੇ ਪਹਿਰਾ ਦੇ ਰਿਹਾ ਹੈ।

ਭਿਖਾਰੀ ਸਾਹਿਬ ਦੀ ਸਾਹਿਤਕ ਭੂਮਿਕਾ ਬਾਰੇ ਇਸ ਕਿਤਾਬਚੇ ਵਿਚ ਹੋਰ ਲੇਖ ਮੌਜੂਦ ਹਨ। ਖ਼ਾਸ ਕਰਕੇ ਡਾ: ਨਰਿੰਦਰ ਸਿੰਘ ਕਪੂਰ ਅਤੇ ਡਾ: ਹਰਿਭਜਨ ਸਿੰਘ ਭਾਟੀਆ ਦੇ। ਉਨ੍ਹਾਂ ਦੀ ਵਤਨ ਪ੍ਰਸਤੀ ਦੀ ਝਲਕ ਪ੍ਰਿੰਸੀਪਲ ਨਰਿੰਦਰ ਸਿੰਘ ਸੋਚ ਦੀ ਯਾਦ ਪਟਾਰੀ ਫੋਲਦਿਆਂ ਮਿਲ ਜਾਏਗੀ। ਮੇਰੀ ਆਪਣੀ ਯਾਦ-ਤਖ਼ਤੀ ਤੇ ਉਨ੍ਹਾਂ ਦੀ ਕੋਮਲਤਾ, ਉਨ੍ਹਾਂ ਦੀ ਵਿਗਿਆਨਕ ਸੋਚ ਅਤੇ ਉਨ੍ਹਾਂ ਦੀ ਦਿਆਨਤਦਾਰੀ ਕਦੇ ਨਾ ਮਿਟਣ ਵਾਲੇ ਰੂਪ ਵਿਚ ਉੱਕਰੀਆਂ ਹੋਈਆਂ ਹਨ। ਮਿਸਾਲ ਵਜੋਂ ਉਨ੍ਹਾਂ ਦਾ ਵੱਡਾ ਸਾਰਾ ਬੋਕਸ ਕੈਮਰਾ, ਕੈਮਰਾ ਕੀ ਉਹ ਤਾਂ ਨਿੱਕਾ ਜਿਹਾ ਕਮਰਾ ਹੀ ਜਾਪਦਾ ਹੈ, ਜੋ ਸ਼ਾਇਦ 1930 ਵਿਚ ਕਿਸੇ ਕਿਸੇ ਪਾਸ ਹੀ ਹੁੰਦੇ ਹੋਵੇਗਾ, ਪਰਿਵਾਰ ਨੇ ਅਜੇ ਵੀ ਕਿਸੇ ਅਜਾਇਬਘਰ ਦੀ ਸ਼ੈਅ ਵਾਂਗ ਸਾਂਭ ਕੇ ਰੱਖਿਆ ਹੋਇਆ ਹੈ। ਉਨ੍ਹਾਂ ਦਾ ਜਲ-ਤਰੰਗ, ਜਿਸ ਦੇ ਉਹ ਮਾਹਿਰ ਸੁਣੀਦੇ ਸਨ, ਉਸੇ ਤਰ੍ਹਾਂ ਦੇ ਰਾਗ ਅੱਜ ਵੀ ਫਿਜ਼ਾ ਵਿਚ ਫੈਲਾਉਂਦਾ ਹੈ, ਫ਼ਰਕ ਕੇਵਲ ਇੰਨਾ ਹੀ ਹੈ ਕਿ ਹੁਣ ਉਸਨੂੰ ਵਜਾਉਣ ਵਾਲੇ ਹੱਥ ਉਨ੍ਹਾਂ ਦੇ ਪੋਤਰੇ ਨਵਪ੍ਰੀਤ ਦੇ ਹੁੰਦੇ ਹਨ ਜਾਂ ਹੁਣ ਜਲ ਤਰੰਗ ਦਾ ਸਾਥ ਕਈ ਆਕਾਰ ਦੀਆਂ ਬੰਸਰੀਆਂ, ਗਿਟਾਰ, ਸਿਤਾਰ ਅਤੇ ਹੋਰ ਕਈ ਇਕ ਜਦੀਦ ਸਾਜ਼ ਦਿੰਦੇ ਹਨ। ਚੌਥੀ ਪੀੜ੍ਹੀ ਵਿਚ ਵੀ ਨਿਪੁੰਨਤਾ ਦੇ ਚਿਹਨ ਉਸੇ ਬਾਬੇ ਬੋਹੜ ਦੀ ਯਾਦ ਤਾਜ਼ਾ ਕਰਦੇ ਹਨ, ਜਿਸਦੀ ਜਨਮ ਸ਼ਤਾਬਦੀ ਵਜੋਂ ਇਹ ਪ੍ਰੋਗਰਾਮ ਚਲ ਰਿਹਾ ਹੈ।

ਬਾਪੂ ਜੀ ਦੀ ਨਿਮਰਤਾ ਤਾਂ ਅਕਹਿ ਸੀ। ਉਹ ਕਦੇ ਵੀ ਕਿਸੇ ਨੂੰ 'ਇੱਕਵਚਨ' ਵਿਚ ਸੰਬੋਧਨ ਨਹੀਂ ਸਨ ਕਰਦੇ। ਗੱਲ ਭਾਵੇਂ ਮਾਮੂਲੀ ਹੈ, ਪਰ ਜੇ ਇਸ ਨੂੰ 1940ਵਿਆਂ ਦੇ ਸੰਦਰਭ ਵਿਚ ਵੇਖੀਏ ਤਾਂ ਗ਼ੈਰ ਮਾਮੂਲੀ ਬਣ ਜਾਂਦੀ ਹੈ। ਮੈਨੂੰ ਖ਼ੁਦ ਨੂੰ ਜਦੋਂ ਅਜੇ ਪੱਗ ਬੰਨ੍ਹਣੀ ਵੀ ਨਹੀਂ ਸੀ ਆਉਂਦੀ ਉਹ 'ਮੋਹਣ ਜੀ' ਕਹਿ ਬੁਲਾਉਂਦੇ ਹੁੰਦੇ ਸਨ। ਮੈਨੂੰ ਬਹੁਤ ਓਪਰਾ ਓਪਰਾ ਲਗਦਾ ਹੁੰਦਾ ਸੀ (ਢਿੱਲੀਆਂ ਅਤੇ ਅੱਧ-ਵੱਠੀਆਂ ਪੱਗਾਂ ਉਨ੍ਹਾਂ ਨੂੰ ਪਸੰਦ ਨਹੀਂ ਸਨ) ਮੈਨੂੰ ਇਸ ਤਰ੍ਹਾਂ ਬਹੁਵਚਨ ਵਿਚ ਸੰਬੋਧਨ ਕਰਨ ਵਾਲੇ ਸ਼ਾਇਦ ਉਹ ਪਹਿਲੇ ਵਿਅਕਤੀ ਸਨ। ਬਾਅਦ ਵਿੱਚ ਮੈਂ ਨੋਟ ਕੀਤਾ ਕਿ ਉਹ ਮੇਰੇ ਤੋਂ ਵੀ ਕਿਤੇ ਛੋਟੇ ਆਪਣੇ ਪੋਤਰੇ ਨਵਜੋਤ ਨੂੰ ਵੀ ਇਸੇ ਤਰ੍ਹਾਂ ਬੁਲਾਉਂਦੇ ਸਨ। ਧਾਰਨਾ ਉਨ੍ਹਾਂ ਦੀ ਮੇਰੀ ਸਮਝੇ ਇਹ ਸੀ ਕਿ ਬੱਚਿਆਂ ਨੂੰ ਸੰਬੋਧਨ ਕਰਨ ਵੇਲੇ ਉਨ੍ਹਾਂ ਨੂੰ ਉਨ੍ਹਾਂ ਦੇ ਵੱਡੇਪਨ ਦਾ ਅਨੁਭਵ ਹੋਣ ਦੇਣ ਨਾਲ ਉਹ ਕਿਸੇ ਦਿਨ ਜ਼ਰੂਰ ਵੱਡੇ ਬਣ ਸਕਣਗੇ। ਉਹ ਨਵਜੋਤ ਅੱਜ ਅਮਰੀਕਾ ਦੇ ਜਗਤ ਪ੍ਰਸਿੱਧ ਨਿਊਰੋਲੋਜਿਸਟਾ ਵਿਚ ਗਿਣਿਆ ਜਾਂਦਾ ਹੈ।

ਕਦੇ ਜਲਦਬਾਜ਼ੀ ਵਿਚ ਨਾ ਆਉਣਾ, ਹਰ ਇੱਕ ਦੀ, ਦੁਹਰਾਉਣਾ ਪੈ ਰਿਹਾ ਹੈ, ਹਰ ਇੱਕ ਦੀ ਦਿਲੋਂ ਇੱਜ਼ਤ ਕਰਨੀ, ਕਿਸੇ ਸਰਕਾਰੀ ਕਾਨੂੰਨ ਦੀ ਜ਼ਰਾ ਜਿੰਨੀ ਉਲੰਘਣਾ ਨਾ ਕਰਨਾ, ਹਰ ਬਣਦਾ ਟੈਕਸ ਸਮੇਂ ਤੋਂ ਵੀ ਪਹਿਲਾਂ ਅਦਾ ਕਰਨਾ, ਜੀ ਸਕਣ ਜੋਗਾ ਖਾਣਾ, ਨਾ ਕਿ ਖਾਣ ਲਈ ਜੀਊਣਾ, ਗੁਰਬਾਣੀ ਪ੍ਰੇਮ ਆਪਦੀ ਸ਼ਖ਼ਸੀਅਤ ਦੇ ਹਰੇਕ ਨੂੰ ਦਿਸਦੇ ਭਾਗ ਸਨ। ਉਨ੍ਹਾਂ ਦੇ ਪੰਜਾਹ ਵਰ੍ਹਿਆਂ ਤੋਂ ਵੀ ਪੁਰਾਣੇ ਬਟੂਏ ਵਿਚ ਕੁਝ ਨਵੇਂ ਨਕੋਰ ਨੋਟ ਹੁੰਦੇ ਸਨ ਅਤੇ ਜਿੰਨੀ ਵੀ ਪੇਮੈਂਟ ਹੁੰਦੀ ਉਹ ਨਵੇਂ ਪੈਸੇ ਤਕ ਉਸੇ ਵੇਲੇ ਕਰਦੇ ਸਨ। ਜੇਬ ਵਿਚ ਹਰ ਮੁੱਲ ਦੇ ਸਾਫ਼ ਸਾਫ਼ ਨੋਟ ਅਤੇ ਖੁੱਲ੍ਹੇ ਪੈਸੇ ਵੀ ਰੱਖਣ ਦੀ ਅਕਲ ਮੈਨੂੰ ਬਾਪੂ ਜੀ ਨੇ ਦਿੱਤੀ ਸੀ।

ਇਕ ਦਿਲਚਸਪ ਘਟਨਾ ਦੱਸਣ ਯੋਗ ਹੈ। ਵੀਹ ਪੰਝੀ ਸਾਲ ਪੁਰਾਣੀ ਗੱਲ ਹੈ ਉਦੋਂ ਵਿਦੇਸ਼ੀ ਸਾਮਾਨ ਤੇ ਕਸਟਮਜ਼ ਡਿਊਟੀ ਦੇ ਨਿਯਮ ਬਹੁਤ ਸਖ਼ਤ ਸਨ, ਪਰ ਤਾਂ ਵੀ ਥੋੜ੍ਹੀ ਜਿਹੀ ਨਿਰਧਾਰਿਤ ਰਕਮ ਤਕ ਦੇ ਸਾਮਾਨ ਤੇ ਕਸਟਮਜ਼ ਡਿਊਟੀ ਨਹੀਂ ਸੀ ਲਗਦੀ। ਅਮਰੀਕਾ ਤੋਂ ਆਉਣ ਵਾਲਿਆਂ ਨੂੰ ਕੁਝ ਹੋਰ ਵੀ ਛੋਟਾਂ ਸਨ। ਖ਼ੈਰ, ਉਨ੍ਹਾਂ ਦੀ ਵੱਡੀ ਨੂੰਹ (ਮੇਰੀ ਵੱਡੀ ਭੈਣ) ਆਪਣੇ ਲੜਕੇ ਪਾਸ ਅਮਰੀਕਾ ਗਈ ਹੋਈ ਸੀ। ਜਦੋਂ ਕੁਝ ਚਿਰ ਰਹਿ ਕੇ ਵਾਪਿਸ ਆਈ ਤਾਂ ਆਉਂਦੀ ਵਾਰੀ ਇਕ ਛੋਟਾ ਜਿਹਾ ਟੂ-ਇਨ-ਵਨ (ਰੇਡੀਓ ਟੇਪ ਰਿਕਾਰਡਰ) ਨਾਲ ਲੈ ਆਈ ਅਤੇ ਗਰੀਨ ਚੈਨਲ ਵਿਚੋਂ ਦੀ ਬਗ਼ੈਰ ਕਿਸੇ ਹੋਰ ਚੈਕਿੰਗ ਜਾਂ ਰੁਕਾਵਟ ਦੇ ਲੈ ਆਈ। ਹੋਰ ਕੋਈ ਇਤਰਾਜ਼ ਯੋਗ ਸਾਮਾਨ ਬਿਲਕੁਲ ਨਾ ਸੀ ਅਤੇ ਉਹ ਟੂ-ਇਨ-ਵਨ ਵੀ ਬਹੁਤ ਕੀਮਤੀ ਨਹੀਂ ਸੀ। ਘਰ ਪਹੁੰਚਣ ਦੇ ਬਾਅਦ ਵੀ ਬਾਪੂ ਜੀ ਨੂੰ ਫ਼ਿਕਰ ਸੀ ਕਿ ਲੜਕੀ ਸ਼ਾਇਦ ਕੋਈ ਵਿਵਰਜਿਤ ਵਸਤੂ ਲੈ ਆਈ ਹੈ ਜਾਂ ਕਸਟਮਜ਼ ਡਿਊਟੀ ਬਚਾ ਲਿਆਈ ਹੈ। ਉਨ੍ਹਾਂ ਨੇ ਚਿੱਠੀ ਪਾ ਕੇ ਕਸਟਮਜ਼ ਅਧਿਕਾਰੀ ਨੂੰ ਘਰ ਸੱਦਿਆ ਅਤੇ ਸਭ ਕੁਝ ਡਿਕਲੇਅਰ ਕੀਤਾ ਅਤੇ ਫੇਰ ਜਾ ਕੇ ਚਿੰਤਾ ਮੁਕਤ ਹੋਏ। ਕਸਟਮਜ਼ ਡਿਊਟੀ ਦੇ ਇਤਿਹਾਸ ਵਿਚ ਸ਼ਾਇਦ ਹੀ ਐਸੀ ਹੋਰ ਘਟਨਾ ਹੋਈ ਹੋਵੇ।

ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੀ ਸ਼ਬਦਾਵਲੀ ਵਿਚ ਉਹ ਇਕ ਖ਼ੂਬਸੂਰਤ ਅਤੇ ਖੁਸ਼ਬੂਦਾਰ ਇਨਸਾਨ ਸਨ।

◆

One of my fondest memories of dear Bapuji was walking with hin in the early morning to company Bagh in Amritsar. I was may be 5 or 6 years old and used to skip alongside him every morning at around 6:30 a.m. as he walked quite briskly, carrying his cane. I didn't mind waking up so early because it was my special time with Bapuji. Only I was allowed to go My sister Renu was too young. Every school holiday when my family was going to Amritsar I looked forward to those walks immensely for weeks beforehand.

Years later when we used to visit Amritsar I used to remember my private walks with Bapuji. It remains one of my most cherished memories of my childhood in India.

**-Anita Kaney**

Bapuji was the kind of grandfather you think all grandfather should be kind, soft spoken, and gentle. I fondly remember him in 1977 during a 6 month trip to India. He was sitting quietly in his chair on the cool verandah of Rani Bagh, cane by his side, telling me about how my father's family came to know about my mother, and their subsequent wedding. I was 11 years old and I was writing a biography of my father, Dr. Gurdeep singh. Bapuji would also tell me bits and pieces of his work. During a pause he reflected on his words and said, "I wish someone would write my biography." At that moment I was gratly saddened that I did not Know Punjabi well enough to write for Bapuji. But perhaps, now, (firially) his precious wish has been fulfilled with the compilation of this Smriti Granth. We miss you, BapuJi

**-Renu**

All I can remember of Bapuji, was his softly spoken voice, which carried few words, but each word carried great weight. His eyes also seflected someone who understood and knew more about our existence than anyone. His loyalty, dedication and love for his family was unsurpassed. I know that these qualities were passed on to his daughter. I wish I had known him at this age, but through my Mother's eyes I have known a part of him.

**-Tripat Singh**

# ਚਿੰਤਨ ਤੇ ਚਿੰਤਕਾਂ ਦੀ ਨਜ਼ਰ ਥਾਣੀਂ

# ਸ਼ਬਦ-ਸੌਦਾਗਰ

◆

-ਆਤਮ ਹਮਰਾਹੀ

---

ਜਿੱਥੇ ਅੰਗਰੇਜ਼ੀ ਪ੍ਰਸ਼ਾਸਨ ਨੇ ਨਵੀਨਤਾ ਲਿਆਂਦੀ, ਉਥੇ ਨਹਿਰਾਂ ਰਾਹੀਂ ਆਬਾਦ ਕਰਵਾਈਆਂ ਜ਼ਮੀਨਾਂ ਦੀ ਮਾਲਕੀ ਦੇਣ ਲਈ ਕਿਸਾਨਾਂ ਨੂੰ ਲੁੱਟਿਆ ਤੇ 'ਪੱਗੜੀ ਸੰਭਾਲ ਜੱਟਾ' ਦਾ ਅੰਦੋਲਨ ਚੱਲਿਆ। ਕੰਗਾਲ ਹੋਈ ਕਿਸਾਨੀ ਅਤੇ ਉਸ ਉਤੇ ਨਿਰਭਰ ਉੱਦਮੀ ਬਰਾਦਰੀਆਂ ਘਰੋਂ ਬਾਹਰ ਕਮਾਈਆਂ ਲਈ ਤੁਰੀਆਂ।

ਪਰਵਾਸੀ ਕਮਾਊ ਪੰਜਾਬੀਆਂ ਲਈ ਕਲਕੱਤਾ ਪਹਿਲੀ 'ਮਿਰਕਣ' ਸੀ। ਕਲਕੱਤੇ ਤੋਂ ਹੀ ਪੰਜਾਬੀ ਬਰਮਾ, ਮਲਾਇਆ, ਥਾਈਲੈਂਡ, ਸਿੰਘਾਪੁਰ, ਚੀਨ ਅਤੇ ਅੱਗੋਂ ਅਮਰੀਕਾ ਕੈਨੇਡਾ ਲਈ ਜਹਾਜ਼ ਫੜ੍ਹਦੇ ਸਨ ਜਾਂ ਫਿਰ ਪੂਰਬੀ ਅਫ਼ਰੀਕਾ ਦੀਆਂ ਅੰਗਰੇਜ਼ ਬਸਤੀਆਂ ਨੂੰ ਬੇਬਸੀ, ਕਰਮੀ ਤੇ ਕਿਸਮਤ ਅਜਮਾਉਣ ਲਈ ਠਿਲ੍ਹਦੇ ਸਨ। ਜਿਹੜੇ ਸਦੇਸ਼ੀ ਨਾਲ ਜਾਂਦੇ ਜਾਂ ਬਦੇਸ਼ੀ ਜੀਅ ਨਾ ਲਗਦਾ ਜਾਂ ਪੈਰ ਨਾ ਟਿਕਦੇ ਉਹ ਮੁੜ ਦੇਸ਼ ਦੇ ਮਹਾਂਨਗਰਾਂ ਦੇ ਠੇਕੇਦਾਰ, ਮਿਸਤਰੀ, ਮਕੈਨਿਕ, ਫੋਰਮੈਨ, ਨਿਰਮਾਤਾ, ਟੈਕਸੀਵਾਨ, ਤੇ ਮੁਰੰਮਤੀਏ ਬਣ ਜਾਂਦੇ।

ਜੱਟ ਕਿਸਾਨ ਕਲੀਨਰਾ ਤੋਂ ਟੈਕਸੀਵਾਨ, ਟਰੱਕਵਾਨ ਤੇ ਲਾਰੀਵਾਨ ਬਣ ਕੇ 'ਰੋਡ ਕਿੰਗ' ਬਣੇ ਤੇ ਕਾਰੀਗਰ, ਠੇਕੇਦਾਰ ਤੋਂ ਫੋਰਮੈਨ।

ਉਨ੍ਹਾਂ ਸਾਂਝੀਆਂ ਸਮੱਸਿਆਵਾਂ ਨਜਿੱਠਣ ਲਈ ਗੁਰੂ ਘਰ, ਮੰਦਰ, ਕਲੱਬਾਂ ਤੇ ਸਭਾ ਸੁਸਾਇਟੀਆਂ ਬਣਾਈਆਂ, ਕਮਾਈਆਂ ਕੀਤੀਆਂ, ਕਰਜ਼ੇ ਲਾਹੇ ਤੇ ਜ਼ਮੀਨਾਂ ਖ਼ਰੀਦੀਆਂ। ਕਮਾਈਆਂ ਤਾਂ ਸੰਘਰਸ਼ ਸੀ, ਜੋ ਪੰਜਾਬੀਆਂ ਨੇ ਦੇਸ਼ ਦੇ ਮਹਾਂਨਗਰਾਂ ਤੇ ਸੌ ਤੋਂ ਵੱਧ ਦੇਸ਼ਾਂ ਵਿਚ ਲੜਿਆ, ਅਤੇ ਪੱਗੜੀ-ਪੋਸ਼ੀ ਪਹਿਚਾਣ ਬਣਾਈ। ਗ਼ਦਰ ਲਹਿਰ ਰਾਹੀਂ ਆਜ਼ਾਦੀ ਦਾ ਸਭ ਤੋਂ ਵੱਡਾ ਸੰਗਰਾਮ ਲੜਿਆ, ਤਸੀਹੇ ਝੱਲੇ, ਕੈਦਾਂ ਕੱਟੀਆਂ ਤੇ ਸ਼ਹਾਦਤਾਂ ਪਾਈਆਂ।

ਅਜਿਹਾ ਇਕ ਮਰਜੀਵੜਾ ਕਲਮਕਾਰ 'ਕਵੀ ਕੁਟੀਆ', 'ਕਵੀ ਮਾਸਿਕ' ਤੇ 'ਕਵੀ ਪ੍ਰੈੱਸ' ਵਾਲਾ ਮਾਝੇ ਦੇ ਪਿੰਡ ਭੰਗਾਲੀ ਤੋਂ ਇਕ ਗ਼ਰੀਬ ਪੇਂਡੂ ਮਿਸਤਰੀ ਦੇਵਾ ਸਿੰਘ ਹੰਸਪਾਲ ਦਾ ਸਪੁੱਤਰ ਸੌਦਾਗਰ ਸਿੰਘ ਭਿਖਾਰੀ ਸੀ। ਜਿਸ ਦਾ ਬਾਬਾ ਜਮੀਅਤ ਸਿੰਘ ਖੂਹਾਂ ਲਈ ਸਦਾ ਲੋਪ ਹੋ ਜਾਣ ਵਾਲੇ ਲਕੜੀ ਦੇ ਚੱਕ ਬਣਾਇਆ ਕਰਦਾ ਸੀ।

'ਸੁਪਨਾ ਹੋ ਗਿਆ ਖੂਹ ਦੇ ਚੱਕ ਵਾਂਗੂ,

ਮਿਲਣੋ ਰਹਿ ਗਿਆ ਮਿੱਤਰਾ!'

ਪੇਂਡੂ ਸੋਧ ਵਿਚ ਪੂਰੀ ਪੈਂਦੀ ਨਾ ਵੇਖ ਕੇ ਦੇਵਾ ਸਿੰਘ ਹੰਸਪਾਲ ਬਹੁਤੇ ਦੁਆਬੀਏ ਮਿਸਤਰੀਆਂ ਵਾਂਗ ਨੈਰੋਬੀ ਚਲਾ ਗਿਆ। ਜਿੱਥੇ ਉਹ ਸਤਾਰ੍ਹਾਂ ਸਾਲ ਰਿਹਾ, ਉਥੇ ਉਸ ਸੌਦਾਗਰ ਸਿੰਘ ਨੂੰ ਤੇਰਵ੍ਹੇ ਸਾਲ ਸੱਦ ਲਿਆ। ਜਿਥੋਂ ਉਹ ਮੁੜ ਕੇ ਕਲਕੱਤੇ ਆ ਟਿਕਿਆ, 'ਬੀ. ਐਮ. ਸਿੰਘ ਐਂਡ ਸੰਨਜ਼' ਕਾਰਖ਼ਾਨੇ ਵਿਚ ਅਪ੍ਰੈਨਟਿਸ ਲੱਗਾ। ਉਹ ਅਜਿਹਾ ਚਮਤਕਾਰੀ ਅਮਲੀ ਇੰਜੀਨੀਅਰ ਬਣਿਆ ਕਿ ਪੰਜ ਹਜ਼ਾਰ ਹੁਨਰ ਮੰਦ ਕਾਮਿਆਂ ਦੇ ਚੀਫ਼ ਇੰਜੀਨੀਅਰ ਵਜੋਂ ਸੇਵਾ ਮੁਕਤ ਹੋਇਆ। ਕਲਕੱਤਾ ਹਿੰਦੁਸਤਾਨੀ ਦੇਸ਼ ਭਗਤਾਂ ਦਾ ਵੱਡਾ ਅੱਡਾ ਸੀ, ਬੰਗਾਲੀ 1907 ਦੀ ਲਾਰਡ ਕਰਜ਼ਨ ਦੀ ਕੀਤੀ ਬੰਗਾਲ ਦੀ ਵੰਡ ਤੋਂ ਸਤੇ ਹੋਏ ਸਨ। ਭਾਵੇਂ ਸਕੂਲੀ ਪੜ੍ਹਾਈ ਨਹੀਂ ਸੀ, ਸੌਦਾਗਰ ਸਿੰਘ ਨੇ ਸ਼ੌਕ ਨਾਲ ਪੰਜਾਬੀ, ਹਿੰਦੀ, ਉਰਦੂ, ਬੰਗਾਲੀ ਤੇ ਅੰਗਰੇਜ਼ੀ ਭਾਸ਼ਾਵਾਂ ਸਿੱਖ ਲਈਆਂ। ਆਪਣੀ ਨਿਮਰਤਾ ਕਾਰਨ 'ਭਿਖਾਰੀ' ਤਖ਼ਲੱਸ ਰੱਖ ਲਿਆ। ਗ਼ਦਰ ਲਹਿਰ ਵਿਚ ਗ੍ਰਿਫ਼ਤਾਰ ਹੋਣ ਵਾਲਾ ਪਹਿਲਾ ਦੇਸ਼ ਭਗਤ ਮੁਨਸ਼ਾ ਸਿੰਘ 'ਦੁਖੀ' 1920 ਵਿਚ ਕਲਕੱਤੇ ਆ ਟਿਕਿਆ ਸੀ, ਜਿੱਥੇ ਉਹ 1920 ਤੋਂ 1930 ਦੇ ਦਹਾਕੇ ਕਦੇ ਪ੍ਰਗਟ ਤੇ ਕਦੇ ਰੂਪੋਸ਼ ਆਜ਼ਾਦੀ ਸੰਘਰਸ਼ ਤੇ ਸਾਹਿਤਕ ਸਰਗਰਮੀਆਂ ਵਿਚ ਮਸਰੂਫ਼ ਰਿਹਾ। ਇਸ ਦੌਰਾਨ ਸੌਦਾਗਰ ਸਿੰਘ ਦਾ ਸੰਪਰਕ ਦੇਸ਼ ਭਗਤ ਗ਼ਦਰੀਆਂ ਨਾਲ ਹੋਇਆ। ਗੁਪਤ ਮੀਟਿੰਗਾਂ ਪਾਰਕਾਂ ਜਾਂ ਘਰ ਵਿਚ ਹੀ ਕਰਵਾਈਆਂ।

ਮੁਨਸ਼ਾ ਸਿੰਘ ਦੁਖੀ, ਭਿਖਾਰੀ ਜੀ, ਬਾਲਕ ਸਿੰਘ ਸੇਵਕ ਤੇ ਸਾਹਿਬ ਸਿੰਘ ਸਨੇਹੀ ਨੇ ਭਵਾਨੀਪੁਰ ਵਿਚ ਜੱਗੂ ਬਾਜ਼ਾਰ ਦੇ ਸਾਹਮਣੇ ਫੁੱਟਪਾਥ ਉਤੇ ਕਮਰਾ ਲੈ ਕੇ ਪੰਜਾਬੀ ਸਾਹਿਤਕਾਰਾਂ ਦੀ ਪਹਿਲੀ ਸੰਸਥਾ 'ਕਵੀ ਕੁਟੀਆ' ਦੀ ਨੀਂਹ ਰੱਖੀ। ਧਨੀ ਰਾਮ ਚਾਤ੍ਰਿਕ ਕੋਲੋਂ ਅੰਮ੍ਰਿਤਸਰ ਤੋਂ ਪੰਜਾਬੀ ਟਾਈਪ ਮੰਗਵਾ ਕੇ 'ਕਵੀ ਪ੍ਰੈੱਸ' ਸਥਾਪਿਤ ਕੀਤਾ, ਪਹਿਲਾ ਕੁਝ ਚੁਣ ਕੇ ਪੈਂਫ਼ਲਿਟ ਛਾਪੇ ਤੇ ਫੇਰ ਪੰਜਾਬੀ ਪੱਤਰਕਾਰੀ ਵਿਚ ਇਤਿਹਾਸਕ ਮਹੱਤਵ ਵਾਲਾ ਮਾਸਿਕ ਪੱਤਰ ਅਪ੍ਰੈਲ 1927 ਨੂੰ 'ਕਵੀ' ਕੱਢਿਆ। 'ਕਵੀ' ਪੰਜਾਬੀ ਕਾਵਿ-ਆਲੋਚਨਾ ਦਾ ਪਹਿਲਾ ਸਾਹਿਤਕ ਮਾਸਿਕ ਪੱਤਰ ਸੀ। ਜਿਹੜਾ ਪੰਜਾਬੀ ਦੇ ਸਾਰੇ ਲੇਖਕ ਮੰਡਲ ਵਿਚ ਪ੍ਰਵਾਨ ਚੜ੍ਹਿਆ। 'ਕਵੀ' ਦੀ ਮਾਰ ਨਿਰਾਲੀ ਸੀ, ਨੁਹਾਰ ਵੱਖਰੀ ਤੇ ਰੂਪ ਸੁਨੱਖਾ, ਨਿਸ਼ਾਨਾ ਪੰਜਾਬੀ ਸਾਹਿਤ ਤੇ ਛੰਦ-ਬੰਦ ਕਾਵਿ ਦੀ ਸਨਾਤਨੀ ਪਿੰਗਲਿਕ ਨਿਯਮਾਂ ਅਧੀਨ ਉਸਾਰੂ ਪਰਖ-ਪੜਚੋਲ ਕਰਨਾ ਸੀ। 'ਕਵੀ' ਦੀਆਂ ਪਾਈਆਂ ਲੀਹਾਂ ਨੇ ਪੰਜਾਬੀ-ਕਾਵਿ ਵਿਚ ਗਾਡੀ-ਰਾਹ ਦਾ ਕੰਮ ਕੀਤਾ। ਪ੍ਰਸਿੱਧ ਹਾਸ-ਵਿਅੰਗ ਲੇਖਕ, ਆਜ਼ਾਦ ਹਿੰਦ ਫ਼ੌਜ ਦਾ ਘੁਲਾਟੀਏ ਹਿਸਾਬ ਵਿਚ ਐਮ. ਏ. ਪਾਸ ਅਤੇ ਪੰਜਾਬੀ ਪੱਤਰਕਾਰੀ ਦਾ ਇਤਿਹਾਸਕਾਰ ਸ. ਸੂਬਾ ਸਿੰਘ ਲਿਖਦਾ ਹੈ :

"ਸ. ਮੁਨਸ਼ਾ ਸਿੰਘ ਦੁਖੀ ਸੁਲਝੇ ਹੋਏ ਕਵੀ, ਇਨਕਲਾਬੀ ਸਾਹਿਤਕਾਰ ਤੇ ਸੂਰਮੇ ਸਨ। ਤਸੀਹਿਆਂ ਤੇ ਗੁਪਤ ਵਾਸ ਦੇ ਬਾਵਜੂਦ ਆਪ ਦੀ ਕਲਮ ਦੀ ਸ਼ੋਖ਼ੀ ਵਿਚ, ਤੇਜ਼ੀ ਤੇ ਚੜ੍ਹਤ ਵਿਚ ਕੋਈ ਫ਼ਰਕ ਨਹੀਂ ਪਇਆ।"

ਡਾ. ਦੀਵਾਨ ਸਿੰਘ ਕਾਲੇਪਾਣੀ ਤੇ ਸੌਦਾਗਰ ਸਿੰਘ ਭਿਖਾਰੀ ਉਸਦੇ ਅੰਗ ਸੰਗ ਸਨ। 'ਪ੍ਰੀਤਮ' ਤੇ 'ਫੁਲਵਾੜੀ' 'ਕਵੀ' ਦੇ ਸਮਕਾਲੀ ਸਨ। ਹਜ਼ਾਰ ਤੋਂ ਵੱਧ ਛਪਣ ਵਾਲੇ 'ਕਵੀ' ਦੀ ਸਿਰਮੌਰ ਵਿਦਵਾਨਾਂ, ਲੇਖਕਾਂ, ਕਵੀਆਂ ਤੇ ਪਾਠਕਾਂ ਨੂੰ ਪਿਪਾਸੀ-ਉਡੀਕ ਰਹਿੰਦੀ ਸੀ। 'ਕਵੀ' ਨੇ 300 ਪੰਨਿਆਂ ਤਕ ਦੇ ਸਪੈਸ਼ਲ ਅੰਕਾਂ ਦਾ ਰਿਵਾਜ਼ ਪਾਇਆ। ਇਸ ਮਿੱਤਰ-ਮੰਡਲ ਨੇ ਵਿਉਪਾਰਕ ਸਪਤਾਹਿਕ

'ਸਿੰਡੀਕੇਟ' ਕੱਢਿਆ ਤੇ ਨਾਲ ਹੀ 'ਸਾਂਝੀਵਾਲ' ਵੀ।

ਜੋ ਆਪਣੀ ਸਰਕਾਰ ਵਿਰੋਧੀ ਗਰਮ ਨੀਤੀ ਕਾਰਨ ਜੂਨ, 1929 ਤੋਂ ਅਪ੍ਰੈਲ 1931 ਦੌਰਾਨ ਬਲਵੰਤ ਸਿੰਘ ਪਰਦੇਸੀ, ਬਚਨ ਦਾਸ ਸ਼ਰਮਾ, ਗੁਰਬਖ਼ਸ਼ ਸਿੰਘ ਰੰਗੀਲਾ ਅਤੇ ਬੀਰ ਸਿੰਘ ਦਾਰ ਦੀ ਸੰਪਾਦਨਾ ਅਧੀਨ ਚਲਿਆ। ਧਰਮ ਖ਼ਿਆਲੀ ਕਵਿਤਾਵਾਂ ਤੇ ਲੇਖਾਂ ਕਾਰਨ 'ਕਵੀ ਪ੍ਰੈੱਸ' ਬੰਦ ਕਰਨਾ ਪਿਆ ਤੇ ਨਾਲ ਹੀ 'ਕਵੀ', 'ਸਿੰਡੀਕੇਟ' ਤੇ 'ਸਾਂਝੀਵਾਲ' ਵੀ ਸ਼ਹੀਦ ਹੋ ਗਏ। ਫੇਰ ਮਗਰੋਂ ਪੰਜਾਬ ਵਿਚ ਮੰਤਰੀ ਰਹੇ ਦੇਸ਼ ਭਗਤ ਨਿਰੰਜਨ ਸਿੰਘ ਤਾਲਿਬ ਨੇ 'ਕਵੀ ਪ੍ਰੈੱਸ' ਮੁੜ ਚਾਲੂ ਕਰਕੇ ਰੋਜ਼ਾਨਾ 'ਦੇਸ਼ ਦਰਪਨ' ਕੱਢਿਆ, ਜੋ ਨਿਰੰਤਰ ਛਪ ਰਿਹਾ ਹੈ। ਮੁਨਸ਼ਾ ਸਿੰਘ ਦੁਖੀ ਤੇ ਸੌਦਾਗਰ ਸਿੰਘ ਭਿਖਾਰੀ ਦੀ ਮਲੰਗ, ਪਰ ਬੇਹੱਦ ਸੁਹਿਰਦ ਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਮਿਸ਼ਨਰੀ ਟੋਲੀ ਨੇ ਪੈਂਫ਼ਲਿਟ ਛਾਪ ਕੇ ਮੁਫ਼ਤ ਵੰਡੇ, ਕੋਲੋਂ ਖ਼ਰਚ ਕੀਤਾ।

ਭਿਖਾਰੀ ਜੀ ਨੇ ਫਰਮ ਦੇ ਮਾਲਕ ਦੀ ਲੁੱਟ-ਖਸੁੱਟ ਤੋਂ ਤੰਗ ਆ ਕੇ ਇਕ ਵਾਰ ਫਰਮ ਛਡੀ, ਪਰ ਮੁੜ ਸਿਖ਼ਰ ਛੋਹਿਆ। ਖਾਮੋਸ਼, ਸੰਕੋਚਪਨ, ਇਨਾਮਾਂ ਸਨਮਾਨਾਂ ਦੇ ਤਿਆਗੀ ਸੌਦਾਗਰ ਸਿੰਘ ਭਿਖਾਰੀ ਨੇ ਬੰਕਮ ਚੰਦਰ ਚਟੋਪਾਅਧਿਆਇ ਦੇ ਬੰਗਲਾ ਨਾਵਲ 'ਦੇਵੀ ਚੌਧਰਾਣੀ' ਅਤੇ ਉਸਦੇ ਭਤੀਜੇ ਪ੍ਰਮੁਥੋਨਾਥ ਚਟੋਪਾਧਿਆ ਦੇ ਨਾਵਲ 'ਰਾਜ ਪੂਤਨੀ' ਦਾ ਪੰਜਾਬੀ ਵਿਚ ਅਨੁਵਾਦ ਭਿਖਾਰੀ ਜੀ ਤੇ ਦੁਖੀ ਜੀ ਨੇ ਕੀਤਾ। ਦਿਨੇਂ ਸਖ਼ਤ ਮਿਹਨਤ, ਰਾਤੀ ਕਲਮੀ ਸੇਵਾ। ਲਿਖਦੇ ਆਪ ਸਨ, ਪਰ ਸਰਕਾਰੀ ਕਰੋਪੀ ਤੋਂ ਬਚਾਉ ਲਈ ਛਪਦਾ ਹੋਰਾਂ ਦੇ ਨਾਂਵਾਂ 'ਤੇ ਸੀ। ਇਹ ਇਕ ਅਨੂਠਾ ਤਿਆਗ ਸੀ।

'ਭਿਖਾਰੀ' ਉਹ ਵਾਹਿਗੁਰੂ ਤੋਂ ਸੇਵਾ ਤੇ ਦੇਸ਼-ਭਗਤੀ ਦੀ ਤੌਫ਼ੀਕ ਕਰਕੇ ਸੀ। ਪਰ ਉਹ ਸਭ ਕੁਝ ਨਿਛਾਵਰ ਕਰਨ ਵਾਲਾ 'ਦਾਤਾ' ਸੀ। ਉਹ ਪੰਜਾਬੀ ਪੱਤਰਕਾਰੀ ਤੇ ਸਾਹਿਤਕਾਰੀ ਦੇ ਪੰਜਾਬੋਂ ਬਾਹਰਲੇ ਪੜਾਅ ਦਾ ਇਕ ਗੁਪਤ ਰੁਕਨ, ਮਰਜੀਵੜਾ ਤੇ ਬੇਸਕੂਲਿਆ ਬੁੱਧੀਜੀਵੀ ਸੀ, ਇਕ ਸਿਦਕੀ ਦਾਨਿਸ਼ਵਰ ਜੋ ਆਪਣੀਆਂ ਕਲਕੱਤਵੀ ਸਰਗਰਮੀਆਂ ਤੇ ਨੌਕਰੀਓਂ ਸੇਵਾ ਮੁਕਤ ਹੋ ਕੇ ਅੰਮ੍ਰਿਤਸਰ ਵਿਖੇ ਤਰਿਆਸੀ ਸਾਲਾਂ ਦੀ ਵਡੇਰੀ ਤੇ ਜਠੇਰੀ ਉਮਰੇ ਬ੍ਰਹਮ-ਲੀਨ ਹੋਇਆ। ਪੁੱਤਰਾਂ ਨੂੰ ਇੰਜੀਨੀਅਰ ਤੇ ਪ੍ਰੋਫ਼ੈਸਰ ਬਣਾਇਆ। ਬੇਟੀ ਬ੍ਰਿੰਦਰ ਕੌਰ ਦਾ ਪਤੀ ਡਾ. ਗੁਰਦੀਪ ਸਿੰਘ ਆਸਟਰੇਲੀਆ ਦੀ ਕੈਨਬਰਾ ਯੂਨੀਵਰਸਿਟੀ ਵਿਚ ਡਬਲ ਪੀ. ਐਚ-ਡੀ. ਉੱਚ ਕੋਟੀ ਦਾ ਪੌਨ-ਵਿਗਿਆਨੀ ਸੀ।

ਇਹ ਕੁਝ ਸ਼ਬਦ ਉਨ੍ਹਾ ਦੀ ਜਨਮ-ਸ਼ਤਾਬਦੀ ਉੱਤੇ ਉਨ੍ਹਾਂ ਦੀ ਸਾਹਿਤਕ ਸੇਵਾ ਦੇ ਅਭਿਨੰਦਨ ਵਜੋਂ ਲਿਖੇ ਗਏ ਹਨ, ਜੋ ਉਨ੍ਹਾਂ ਦੀ ਨਿਮਰਤਾ ਸ਼ਬਦ ਮਿਸ਼ਨ ਤੇ ਪ੍ਰਤਿਬੱਧਤਾ ਦੇ ਧਾਰਨੀ ਹਨ। ਆਮੀਨ!

ਓਮ, ਸਤਿਅਮ, ਸ਼ਿਵਮ, ਸੁੰਦਰਮ!

◆

# ਸਾਹਿਤ ਤੇ ਸਮਾਜ ਦੀ ਸੰਬਾਦਕਤਾ

◆

**-ਗੁਰਬਖ਼ਸ਼ ਸਿੰਘ ਫਰੈਂਕ**

---

ਸਾਹਿਤ ਸਵੈਧੀਨ ਹੋਂਦ ਰੱਖਦਾ ਹੋਇਆ ਵੀ ਵਿਅਕਤੀ, ਸਮਾਜ, ਪ੍ਰਕਿਰਤੀ ਅਤੇ ਚਿੰਤਨ ਨਾਲ ਨਾ ਸਿਰਫ਼ ਡੂੰਘੀ ਤਰ੍ਹਾਂ ਸੰਬੰਧਤ ਹੀ ਹੁੰਦਾ ਹੈ, ਸਗੋਂ ਉਨ੍ਹਾਂ ਨਾਲ ਅੰਤਰ-ਕਰਮ ਵਿਚ ਵੀ ਆਉਂਦਾ ਹੈ, ਉਨ੍ਹਾਂ ਤੋਂ ਪ੍ਰਭਾਵਤ ਹੁੰਦਾ ਅਤੇ ਉਨ੍ਹਾਂ ਨੂੰ ਪ੍ਰਭਾਵਤ ਕਰਦਾ ਹੈ। ਇਹੀ ਸਾਹਿਤ ਦੀ ਸੰਬਾਦਕਤਾ ਹੈ। ਸਾਹਿਤ ਨੂੰ ਇਸਦੇ ਸਰਬਪੱਖੀ ਸੰਬੰਧਾਂ ਵਿਚ ਵਾਚਣ ਅਤੇ ਪਰਖਣ ਦੀ ਵਿਧੀ ਨੂੰ ਸੰਬਾਦਕ ਜਾਂ ਵਿਰੋਧ-ਵਿਕਾਸੀ ਵਿਧੀ ਕਿਹਾ ਜਾਂਦਾ ਹੈ। ਸਾਹਿਤ ਦੇ ਖੇਤਰ ਵਿਚ ਇਹ ਵਿਧੀ ਲਾਗੂ ਕਰਨ ਲਈ ਸਭ ਤੋਂ ਪਹਿਲਾਂ ਸਾਹਿਤ ਦੀ ਪ੍ਰਕਿਰਤੀ ਨਿਰਧਾਰਤ ਕਰਨ ਦੀ ਲੋੜ ਹੁੰਦੀ ਹੈ।

ਸਾਹਿਤ ਦਾ ਸਿੱਧਾ ਸੰਬੰਧ ਸਮਾਜ ਨਾਲ ਹੈ। ਵਿਰੋਧ-ਵਿਕਾਸੀ ਵਿਧੀ ਨੂੰ ਸਮਾਜ ਦੇ ਇਤਿਹਾਸ ਉਤੇ ਲਾਗੂ ਕਰਦਿਆਂ ਇਹ ਸਿੱਟਾ ਕੱਢਿਆ ਗਿਆ ਹੈ ਕਿ ਮਨੁੱਖ ਦੀ ਆਰਥਕ ਸਰਗਰਮੀ ਅਤੇ ਇਸ ਤੋਂ ਪੈਦਾ ਹੁੰਦੇ ਆਰਥਕ ਸੰਬੰਧ ਉਸਦੀ ਸਮਾਜਿਕ ਹੋਂਦ ਦਾ ਬੁਨਿਆਦੀ ਖੇਤਰ ਹਨ। ਇਸ ਖੇਤਰ ਨੂੰ ਸਮਾਜਕ ਹੋਂਦ ਦਾ ਆਧਾਰ ਕਿਹਾ ਜਾਂਦਾ ਹੈ। ਇਸੇ ਦਾ ਪ੍ਰਤਿਬਿੰਬ ਸਮਾਜਕ ਚੇਤਨਾ ਵਿਚ ਮਿਲਦਾ ਹੈ। ਫ਼ਲਸਫਾ, ਧਰਮ, ਕਾਨੂੰਨ, ਇਤਿਹਾਸ, ਮਿਥਿਹਾਸ, ਰਾਜਨੀਤੀ, ਸਾਹਿਤ, ਕਲਾ, ਸੁਹਜ-ਸ਼ਾਸਤਰ ਆਦਿ ਇਸੇ ਚੇਤਨਾ ਦੇ ਵੱਖ ਵੱਖ ਰੂਪ ਹਨ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਪਦਾਰਥਕ ਆਧਾਰ ਦਾ ਉਸਾਰ ਜਾਂ ਸਮਾਜ ਦੀ ਪਰਾਬਣਤਰ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਸਾਹਿਤ ਸਮਾਜ ਦੇ ਆਰਥਕ ਆਧਾਰ ਦਾ ਹਿੱਸਾ ਨਹੀਂ ਸਗੋਂ ਉਸਾਰ ਦਾ ਹਿੱਸਾ ਹੈ। ਪਰ ਇਹ ਉਸਾਰ ਵਿਚਲੇ ਸਰਗਰਮ ਹਿੱਸਿਆਂ ਵਿਚੋਂ ਇਕ ਹੈ, ਜਿਹੜਾ ਨਾ ਸਿਰਫ਼ ਸਮਾਜ ਨੂੰ ਇਸ ਦੇ ਸਮੁੱਚੇ ਆਧਾਰ ਅਤੇ ਉਸਾਰ ਸਮੇਤ ਵੱਧ ਤੋਂ ਵੱਧ ਪ੍ਰਤਿਬਿੰਬਤ ਕਰਨ ਦੀ ਸਮਰੱਥਾ ਹੀ ਰੱਖਦਾ ਹੈ, ਸਗੋਂ ਸਮਾਜਕ ਗਤੀ ਨੂੰ ਪ੍ਰਭਾਵਿਤ ਵੀ ਕਰਦਾ ਹੈ।

ਸਾਹਿਤ ਸਮਾਜਕ ਚੇਤਨਾ ਦਾ ਇਕ ਰੂਪ ਹੈ। ਇਸ ਪੱਖੋਂ ਇਸਦਾ ਸੰਬੰਧ ਸਮਾਜਕ ਚੇਤਨਾ ਦੇ ਦੂਜੇ ਰੂਪਾਂ ਨਾਲ ਜੁੜ ਜਾਂਦਾ ਹੈ। ਸਮਾਜਕ ਚੇਤਨਾ ਦੇ ਦੂਜੇ ਰੂਪ ਸਾਹਿਤ ਅਖਵਾਉਂਦੀ ਸਮਾਜਕ ਚੇਤਨਾ ਤੋਂ ਬਿਨਾਂ ਘੱਟ, ਵੱਧ ਜਾਂ ਪੂਰਾ ਗੁਜ਼ਾਰਾ ਕਰ ਸਕਦੇ ਹਨ। ਪਰ ਸਾਹਿਤ ਦੂਜੀ ਹਰ ਸਮਾਜਕ ਚੇਤਨਾ ਨਾਲ ਅਨਿੱਖੜ ਤਰ੍ਹਾਂ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਸਾਹਿਤ ਦੇ ਅਧਿਐਨ ਅਤੇ ਮੁਲਾਂਕਣ ਵਿਚ ਸਮਾਜਕ ਚੇਤਨਾ ਦੇ ਬਾਕੀ ਰੂਪਾਂ ਨਾਲ ਇਸ ਦੇ ਸੰਬੰਧ ਨੂੰ ਦੇਖਣਾ ਵੀ ਜ਼ਰੂਰੀ ਹੁੰਦਾ ਹੈ, ਜਿਹੜੇ ਕਿ

ਕਦੀ ਪ੍ਰਤੱਖ ਰੂਪ ਵਿਚ, ਕਦੀ ਪਿਛੋਕੜ ਵਿਚ ਰਹਿ ਕੇ ਸਾਹਿਤ ਵਿਚ ਕਾਰਜਸ਼ੀਲ ਹੁੰਦੇ ਹਨ। ਸਮਾਜਕ ਚੇਤਨਾ ਦੇ ਦੂਜੇ ਰੂਪਾਂ ਦਾ ਗਿਆਨ ਸਾਹਿਤ ਅਧਿਐਨ ਅਤੇ ਆਲੋਚਨਾ ਨੂੰ ਗੁਣਾਤਮਕ ਤੌਰ ਉਤੇ ਉਚੇਰਾ ਅਤੇ ਡੂੰਘੇਰਾ ਬਣਾ ਦਿੰਦਾ ਹੈ। ਪਰ ਇਸਦੇ ਉਲਟ ਦੂਜੇ ਰੂਪਾਂ ਵਿਚ ਸਾਹਿਤ ਦੀ ਵਰਤੋਂ ਭਾਵੇਂ ਸਮਾਜਕ ਵਰਤਾਰੇ ਦੇ ਉਸ ਵਿਸ਼ੇਸ਼ ਖੇਤਰ ਦੀ ਸੂਝ ਅਤੇ ਸਮਾਨੀਕਰਣ ਨੂੰ ਡੂੰਘੇਰਾ ਅਤੇ ਵਿਸ਼ਾਲ ਤਾਂ ਬਣਾ ਸਕਦੀ ਹੈ, ਪਰ ਬਦਲੇ ਵਿਚ ਕਲਾ ਵਜੋਂ ਸਾਹਿਤ ਦੀ ਹੋਂਦ ਖਤਰੇ ਵਿਚ ਪੈ ਜਾਂਦੀ ਹੈ। ਇਹ ਸਿਰਫ਼ ਵਿਆਖਿਆ ਦਾ ਸਾਧਨ ਬਣ ਜਾਂਦਾ ਹੈ।

ਸਾਹਿਤ ਇਕ ਕਲਾ ਹੈ, ਜਿਸ ਦਾ ਮਾਧਿਅਮ ਭਾਸ਼ਾ ਹੈ। ਭਾਸ਼ਾ ਦਾ ਮਾਧਿਅਮ ਇਸ ਨੂੰ ਬਾਕੀ ਕਲਾਵਾਂ ਨਾਲੋਂ ਨਿਖੇੜਦਾ ਹੈ। ਭਾਸ਼ਾ ਨਿਤਾਪ੍ਰਤਿ ਜੀਵਨ ਵਿਚ ਵੀ ਸੰਚਾਰ ਦਾ ਮਾਧਿਅਮ ਹੋਣ ਕਰਕੇ ਸਾਹਿਤ ਨੂੰ ਬਿਨਾਂ ਕਿਸੇ ਉਚੇਚੇ ਯਤਨ ਜਾਂ ਸਿਖਲਾਈ ਦੇ ਮਾਨਣ ਦੇ ਯੋਗ ਬਣਾਉਂਦੀ ਹੈ। ਦੂਜੀਆਂ ਕਲਾਵਾਂ ਨੂੰ ਸਮਝਣ ਅਤੇ ਮਾਨਣ ਲਈ ਉਨ੍ਹਾਂ ਦੇ ਮਾਧਿਅਮ ਅਤੇ ਵੱਖਰੇ ਮੁਹਾਵਰੇ ਵਿਚ ਸਿਖਲਾਈ ਦੀ ਲੋੜ ਪੈਂਦੀ ਹੈ, ਜਦ ਕਿ ਉਹਨਾਂ ਦੀ ਪਰਖ ਲਈ ਵਿਸ਼ੇਸ਼ਗਤਾ ਦੀ ਲੋੜ ਹੁੰਦੀ ਹੈ। ਸਾਹਿਤ ਦਾ ਮਾਧਿਅਮ ਜਿੱਥੇ ਬਿਨਾਂ ਕਿਸੇ ਉਚੇਚੇ ਯਤਨ ਜਾਂ ਸਿਖਲਾਈ ਦੇ ਇਸਨੂੰ ਮਾਨਣ ਦੀ ਸੰਭਾਵਨਾ ਪੈਦਾ ਕਰਦਾ ਹੈ, ਉੱਥੇ ਹੀ ਇਹ ਭਰਮ ਵੀ ਪੈਦਾ ਕਰਦਾ ਹੈ ਕਿ ਸਾਹਿਤ ਦੇ ਅਧਿਐਨ ਅਤੇ ਮੁਲਾਂਕਣ ਲਈ ਕਿਸੇ ਵਿਸ਼ੇਸ਼ਗਤਾ ਦੀ ਲੋੜ ਨਹੀਂ। ਪਰ ਅਸਲ ਵਿਚ ਸਾਹਿਤ ਦੇ ਅਧਿਐਨ ਅਤੇ ਮੁਲਾਂਕਣ ਲਈ ਵੀ ਉਸੇ ਤਰ੍ਹਾਂ ਹੀ ਵਿਸ਼ੇਸ਼ਗਤਾ ਦੀ ਲੋੜ ਹੁੰਦੀ ਹੈ, ਜਿਸ ਤਰ੍ਹਾਂ ਕਿਸੇ ਹੋਰ ਕਲਾ ਦੇ ਖੇਤਰ ਵਿਚ। ਸਾਹਿਤ ਅਤੇ ਦੂਜੀਆਂ ਕਲਾਵਾਂ ਦੇ ਵਿਸ਼ਲੇਸ਼ਣ ਅਤੇ ਵਰਣਨ ਦੀ ਸ਼ਬਦਾਵਲੀ ਵਿਚ ਬਹੁਤ ਸਾਂਝ ਹੋ ਸਕਦੀ ਹੈ। ਸਾਹਿਤ ਰਚਨਾ ਵਿਚ ਦੂਜੀਆਂ ਕਲਾਵਾਂ ਦੀਆਂ ਤਕਨੀਕਾਂ ਦੀ ਵੀ ਕਈ ਵਾਰ ਵਰਤੋਂ ਕੀਤੀ ਜਾਂਦੀ ਹੈ : ਨਾ ਸਿਰਫ਼ ਕਵਿਤਾ ਹੀ ਸਗੋਂ ਵਾਰਤਿਕ ਵਿਚ ਵੀ ਇਕ ਤਾਲ ਹੁੰਦਾ ਹੈ। (ਸੰਗੀਤ ਅਤੇ ਨਰਿਤ), ਲੇਖਕ ਕੁਝ ਬੁਰਸ਼ ਛੋਹਾਂ ਨਾਲ ਪਾਤਰ, ਘਟਨਾ ਜਾਂ ਵਾਤਾਵਰਣ ਨੂੰ ਉਘਾੜ ਦੇਂਦਾ ਹੈ (ਚਿਤ੍ਰਕਾਰੀ, ਇਸ ਉਦਾਹਰਣ ਵਿਚ ਪ੍ਰਭਾਵਵਾਦੀ), ਨਾ ਸਿਰਫ਼ ਸਬਦਾਂ ਨੂੰ ਹੀ ਸੋਹਣੀ ਤਰ੍ਹਾਂ ਨਾਲ ਬੀੜਿਆ ਹੁੰਦਾ ਹੈ, ਸਗੋਂ ਸਾਹਿਤ ਦੇ ਵੱਖੋ ਵੱਖਰੇ ਅੰਗ ਇਕ ਸੰਤੁਲਨ ਵਿਚ ਉਸਾਰੇ ਹੁੰਦੇ ਹਨ (ਭਵਨ ਨਿਰਮਾਣ), ਹਰ ਪਾਤਰ, ਘਟਨਾ, ਠੋਸ ਰੂਪ ਧਾਰਨ ਕਰਕੇ ਸਾਹਮਣੇ ਆਉਂਦੀ ਹੈ (ਬੁੱਤ-ਕਲਾ) ਆਦਿ। ਦੂਜੀ ਹਰ ਕਲਾ ਦਾ ਆਪਣਾ ਨਿਵੇਕਲਾ ਮਾਧਿਅਮ ਅਤੇ ਤਕਨੀਕ ਹੋਣ ਕਰਕੇ ਹਰ ਇਕ ਦੀ ਨਿਰੋਲ ਆਪਣੀ ਵਿਸ਼ੇਸ਼ਗਤਾ ਵੀ ਹੋ ਸਕਦੀ ਹੈ, ਪਰ ਸਾਹਿਤ ਦੇ ਖੇਤਰ ਵਿਚ ਸਿਰਫ਼ ਸਾਹਿਤ ਜਾਂ ਇਸ ਦੇ ਮਾਧਿਅਮ, ਭਾਸ਼ਾ, ਦਾ ਗਿਆਨ ਕਾਫ਼ੀ ਨਹੀਂ। ਦੂਜੀਆਂ ਕਲਾਵਾਂ ਦੇ ਗਿਆਨ ਨਾਲ ਵਿਸ਼ੇਸ਼ਗਤਾ ਦੇ ਖੇਤਰ ਨੂੰ ਭਰਪੂਰ ਬਣਾਉਣ ਦੀ ਸੰਭਾਵਨਾ ਹਮੇਸ਼ਾ ਹੀ ਰਹਿੰਦੀ ਹੈ।

ਸੋ ਨਿੱਤਾਪ੍ਰਤਿ ਜੀਵਨ ਦੇ ਸੰਚਾਰ-ਸਾਧਨ, ਭਾਸ਼ਾ, ਨੂੰ ਆਪਣਾ ਮਾਧਿਅਮ ਬਣਾਉਣ ਕਾਰਨ ਸਰਲਤਾ ਦਾ ਝਾਵਲਾ ਦੇਣ ਵਾਲੀ ਕਲਾ ਆਪਣੇ ਤੱਤ ਰੂਪ ਵਿਚ ਸਭ ਤੋਂ ਵੱਧ ਜਟਿਲ ਹੈ। ਉਪਰ ਅਸੀਂ ਇਸ ਜਟਿਲਤਾ ਦਾ ਇਕ ਪੱਖ ਹੀ ਪੇਸ਼ ਕੀਤਾ ਹੈ। ਇਸ ਜਟਿਲਤਾ ਦਾ ਦੂਜਾ ਪੱਖ ਇਹ ਸੱਚ ਹੈ ਕਿ ਪ੍ਰਕਿਰਤਕ ਅਤੇ ਸਮਾਜਕ ਵਿਗਿਆਨਾਂ ਵਿਚ ਹੁੰਦਾ ਵਿਕਾਸ ਸਮਾਜਕ ਚੇਤਨਾ ਦੇ ਸਭ ਰੂਪਾਂ ਉਤੇ ਸਮੇਤ ਕਲਾ ਅਤੇ ਸਾਹਿਤ ਦੇ ਆਪਣਾ ਅਸਰ ਪਾਉਂਦਾ ਹੈ। ਸਮਾਜ ਅਤੇ ਪ੍ਰਕਿਰਤੀ ਦੇ ਖੇਤਰ ਵਿਚ ਖੋਜ ਦੇ ਵਿਕਾਸ ਨੇ ਇਨ੍ਹਾਂ ਨੂੰ ਆਪਣੇ ਹੀ ਸੰਦਰਭ ਵਿਚ ਸਮਝ ਸਕਣ ਦੀ ਸਮਰੱਥਾ ਦਿੱਤੀ। ਇਹੀ ਸਮਰੱਥਾ

ਇਸ ਗੱਲ ਦਾ ਆਧਾਰ ਵੀ ਬਣੀ ਕਿ ਮਨੁੱਖ ਦੀ ਹੋਣੀ ਨੂੰ ਵੀ ਮਨੁੱਖ ਦੇ ਆਪਣੇ ਸੰਬੰਧਾਂ ਅਤੇ ਕਾਰਜਾਂ ਦੇ ਸੰਦਰਭ ਵਿਚ ਵੀ ਸਮਝਿਆ ਅਤੇ ਵਿਆਖਿਆਇਆ ਜਾਵੇ, ਨਾ ਕਿ ਇਸ ਪਿੱਛੇ ਕੋਈ ਗ਼ੈਬੀ ਸ਼ਕਤੀ ਨੂੰ ਦੇਖਿਆ ਜਾਏ। ਇਹ ਸੂਝ ਸਾਹਿਤ ਲਈ ਇਨਕਲਾਬੀ ਸੀ। ਮਨੋ-ਵਿਗਿਆਨ ਦੇ ਖੇਤਰ ਵਿਚ ਫਰਾਇਡ ਅਤੇ ਉਸ ਦੇ ਅਨੁਆਈਆਂ ਦੀਆਂ ਖੋਜਾਂ ਨੇ ਪ੍ਰਤੱਖ ਪ੍ਰਭਾਵ ਪਾਇਆ ਹੈ। ਪ੍ਰਕਿਰਤਕ ਵਿਗਿਆਨਾਂ ਵਿਚ ਆਇਨਸਟਾਇਨ ਦੇ ਸਾਪੇਖਤਾ ਦੇ ਸਿਧਾਂਤ ਅਤੇ ਬਰੋਗਲੀ ਦੇ ਕੁਅੰਟਮ ਮਕੈਨਿਕਸ ਦੇ ਸਿਧਾਂਤ ਨੇ ਫਲਸਫ਼ੇ ਨੂੰ ਅਤੇ ਫਲਸਫ਼ੇ ਰਾਹੀਂ ਸਾਹਿਤ ਚਿੰਤਨ ਨੂੰ ਪ੍ਰਭਾਵਿਤ ਕੀਤਾ ਹੈ। ਰਾਜਨੀਤਕ ਆਰਥਕਤਾ ਦੇ ਖੇਤਰ ਵਿਚ ਮਾਰਕਸ ਦੇ ਕੰਮ ਤੋਂ ਮਗਰੋਂ ਸਮਾਜਕ ਚੇਤਨਾ ਦੇ ਸਾਰੇ ਰੂਪ ਹੀ ਉਹ ਨਹੀਂ ਰਹੇ ਜੋ ਇਸ ਤੋਂ ਪਹਿਲਾਂ ਸਨ।

ਗਿਆਨ ਦੇ ਵੱਖ-ਵੱਖ ਖੇਤਰਾਂ ਨਾਲ ਸਾਹਿਤ ਦੇ ਸੰਬੰਧ ਨੂੰ ਪ੍ਰਗਟ ਕਰਦੀਆਂ ਉਪਰ ਕੁਝ ਹੀ ਮਿਸਾਲਾਂ ਦਿਤੀਆਂ ਗਈਆਂ ਹਨ ਜਿਸ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਭਾਸ਼ਾ, ਵਿਗਿਆਨ, ਆਰਥਕਤਾ ਆਦਿ ਦੀ ਕਿਸੇ ਇਕੱਲੀਕਾਰੀ ਡੰਗੋਰੀ ਨੂੰ ਫੜ ਕੇ ਸਾਹਿਤ ਦੀ ਖੋਜ ਵਿਚ ਨਿਕਲੀ ਵਿਧੀ ਇਸ ਦੀ ਸਰਬੰਗਤਾ ਵਿਚ ਥਾਹ ਨਹੀਂ ਪਾ ਸਕਦੀ, ਸਗੋਂ ਇਸ ਦੇ ਕਿਸੇ ਇਕ ਪੱਖ ਨਾਲ ਜੂਝਦੀ ਰਹੇਗੀ ਅਤੇ ਉਸ ਨੂੰ ਹੀ ਸਮੁੱਚ ਸਮਝਦੀ ਰਹੇਗੀ'।

ਸਾਹਿਤ ਦੀ ਸਮਝ ਲਈ ਦੂਜੇ ਗਿਆਨ-ਖੇਤਰਾਂ ਅਤੇ ਸਮਾਜਕ ਚੇਤਨਾ ਦੇ ਦੂਜੇ ਰੂਪਾਂ ਨਾਲ ਇਸ ਦੇ ਸੰਬੰਧ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪਰ ਇਥੋਂ ਇਹ ਸਿੱਟਾ ਨਹੀਂ ਨਿਕਲਣਾ ਚਾਹੀਦਾ ਕਿ ਇਹ ਸੰਬੰਧ ਬੁਨਿਆਦੀ ਮਹੱਤਾ ਰੱਖਦਾ ਹੈ। ਸਾਹਿਤ ਦੇ ਅਧਿਐਨ ਅਤੇ ਮੁਲਾਂਕਣ ਵਿਚ ਬੁਨਿਆਦੀ ਮਹੱਤਾ ਫਿਰ ਵੀ ਸਾਹਿਤ ਦੀ ਆਪਣੀ ਹੋਂਦ-ਵਿਧੀ ਦੀ ਵਿਸ਼ੇਸ਼ਤਾ ਨੂੰ ਜਾਨਣ ਅਤੇ ਸਮਝਣ ਦੀ ਹੈ ਅਤੇ ਨਾਲ ਹੀ ਸਾਹਿਤਕ ਕਿਰਤ ਦੇ ਵੱਖੋ ਵੱਖਰੇ ਅੰਗਾਂ ਨੂੰ ਨਿਖੇੜਨ (ਜਿਨ੍ਹਾਂ ਤੋਂ ਮਿਲ ਕੇ ਉਹ ਇਕ ਸਮੁੱਚ ਬਣੀ ਹੁੰਦੀ ਹੈ) ਅਤੇ ਉਨ੍ਹਾਂ ਦੇ ਅੰਤਰ-ਸੰਬੰਧ ਅਤੇ ਅੰਤਰ-ਕਰਮ ਨੂੰ ਦੇਖਣ ਅਤੇ ਪਰਖਣ ਦੀ ਹੈ। ਪਦਾਰਥਵਾਦੀ ਵਿਰੋਧ-ਵਿਕਾਸ ਦੀ ਵਿਧੀ ਕਿਸੇ ਵੀ ਹੋਂਦ ਨੂੰ ਉਸਦੇ ਸਰਬ-ਪੱਖੀ ਸੰਬੰਧਾਂ ਵਿਚ ਦੇਖਦੀ ਹੈ, ਪਰ ਇਸ ਨਾਲ ਉਸ ਹੋਂਦ ਦੀ ਨਿਵੇਕਲਤਾ ਨੂੰ ਰੱਦ ਨਹੀਂ ਕਰਦੀ, ਸਗੋਂ ਇਹ ਵਿਧੀ ਇਸ ਨਿਵੇਕਲਤਾ ਦੀ ਪਛਾਣ ਤੋਂ ਸ਼ੁਰੂ ਕਰਦੀ ਹੈ, ਕਿਉਂਕਿ ਇਸਦੇ ਸਰਬ-ਪੱਖੀ ਸੰਬੰਧਾਂ ਨੂੰ ਨਿਰਧਾਰਤ ਕਰਨ ਵਾਲੇ ਅੰਸ਼ ਹੀ ਇਸਦੀ ਨਿਵੇਕਲਤਾ ਨੂੰ ਨਿਸਚਿਤ ਕਰਦੇ ਲੱਛਣ ਹੁੰਦੇ ਹਨ। ਸਾਹਿਤ ਅਤੇ ਕਲਾ ਦੀ ਹੋਂਦ ਨੂੰ ਨਿਸਚਿਤ ਕਰਨ ਵਾਲੇ ਲੱਛਣ ਹੀ ਇਸ ਦੀ ਮੁਕਾਬਲਤਨ ਸਵੈਧੀਨਤਾ ਨੂੰ ਨਿਸਚਿਤ ਕਰਨ ਵਾਲੇ ਲੱਛਣ ਹੁੰਦੇ ਹਨ।

ਹਰ ਕਲਾ-ਕਿਰਤ ਵਾਂਗ ਸਾਹਿਤਕ ਕਿਰਤ ਦੀ ਹੋਂਦ ਵੀ ਉਸਦੇ ਵਸਤੂ ਅਤੇ ਰੂਪ ਵਿਚਲੇ ਦਵੰਦ ਉੱਤੇ ਟਿਕੀ ਹੁੰਦੀ ਹੈ। ਹਰ ਕਲਾਕਿਰਤ ਦੀ ਹੋਂਦ ਇਕ ਇਕਾਈ ਦਾ ਪ੍ਰਭਾਵ ਤਾਂ ਹੀ ਦੇਂਦੀ ਹੈ ਜੇ ਇਸ ਵਿਚਲੇ ਇਨ੍ਹਾਂ ਵਿਰੋਧੀ ਅੰਸ਼ਾਂ ਵਿਚਕਾਰ ਸੰਤੁਲਨ ਕਾਇਮ ਹੋਵੇ, ਨਹੀਂ ਤਾਂ ਉਸ ਕਿਰਤ ਦੀ ਹੋਂਦ ਖੰਡਿਤ ਹੋ ਜਾਂਦੀ ਹੈ।

ਹਰ ਕਲਾ ਕਿਰਤ ਦਾ ਮਾਧਿਅਮ ਉਸ ਦੇ ਵਸਤੂ ਅਤੇ ਰੂਪ ਦੀ ਸੀਮਾਂ ਨਿਰਧਾਰਿਤ ਕਰਦਾ ਹੈ। ਕਲਾ ਦਾ ਵਸਤੂ ਸਮਾਜਕ ਯਥਾਰਥ ਹੁੰਦਾ ਹੈ। ਪਰ ਸਮਾਜਕ ਯਥਾਰਥ ਨੂੰ ਇਸ ਦੀ ਪੂਰੀ ਵਿਸ਼ਾਲਤਾ ਅਤੇ ਗਤੀਸ਼ੀਲਤਾ ਵਿਚ ਪੇਸ਼ ਕਰ ਸਕਣਾ ਹਰ ਕਲਾ ਦੇ ਅਧਿਕਾਰ ਖੇਤਰ ਵਿਚ ਨਹੀਂ

ਹੁੰਦਾ। ਉਦਾਹਰਣ ਵਜੋਂ, ਚਿਤ੍ਰਕਾਰੀ ਅਤੇ ਬੁਤ-ਕਲਾ ਵਿਚ ਇਸ ਯਥਾਰਥ ਨੂੰ ਵੱਖ ਵੱਖ ਪ੍ਰਤੀਨਿਧ ਘੜੀਆਂ ਵਜੋਂ ਹੀ ਲਿਆ ਜਾ ਸਕਦਾ ਹੈ। ਇਹ ਗੱਲ ਚਿਤਰਕਾਰੀ ਜਾਂ ਬੁੱਤ ਕਲਾ ਦੀਆਂ ਉਨ੍ਹਾਂ ਕਿਰਤਾਂ ਉਤੇ ਵੀ ਢੁਕਦੀ ਹੈ, ਜਿਨ੍ਹਾਂ ਨੂੰ ਮਾਨਿਉਮੈਂਟਲ ਕਿਹਾ ਜਾਂਦਾ ਹੈ। ਸੰਗੀਤ ਦਾ ਮਾਧਿਅਮ ਧੁਨੀ ਹੋਣ ਕਾਰਨ ਆਪਣੇ ਰੂਪ ਵਿਚ ਬੇਹੱਦ ਗਤੀਸ਼ੀਲਤਾ ਨੂੰ ਪ੍ਰਗਟ ਕਰਨ ਦੀ ਸਮਰੱਥਾ ਰੱਖਦਾ ਹੈ। ਪਰ ਇਹੀ ਮਾਧਿਅਮ ਇਸ ਦੇ ਵਸਤੂ ਨੂੰ ਸੀਮਤ ਕਰਦਾ ਹੈ, ਜਿਸ ਨੂੰ ਕਿ ਇਹ ਸਿਰਫ਼ ਭਾਵਕ ਅਤੇ ਸੰਕਲਪਾਤਮਕ ਪੱਧਰ ਉਤੇ ਧੁਨੀ ਦੀ ਬੰਦਸ਼ ਵਿਚ ਲਿਆ ਕੇ ਪੇਸ਼ ਕਰ ਸਕਦਾ ਹੈ। ਇਨ੍ਹਾਂ ਸਾਰੀਆਂ ਕਲਾਵਾਂ ਤੋਂ ਉਲਟ, ਸਾਹਿਤ ਦਾ ਮਾਧਿਅਮ (ਭਾਸ਼ਾ) ਇਸ ਦੇ ਵਸਤੂ ਨੂੰ ਵੀ ਸਮਾਜ ਜਿੰਨੀ ਵਿਸ਼ਾਲਤਾ ਦੇਂਦਾ ਹੈ, ਅਤੇ ਰੂਪ ਨੂੰ ਅਸੀਮਤ ਡੌਲਣਯੋਗਤਾ ਦੇਂਦਾ ਹੈ। ਇਸ ਕਰਕੇ ਇਹ ਸਮਾਜਕ ਯਥਾਰਥ ਨੂੰ ਇਸ ਦੀ ਸਰਬਪੱਖਤਾ ਅਤੇ ਗਤੀਸ਼ੀਲਤਾ ਵਿਚ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ।

ਰੂਪ ਅਤੇ ਵਸਤੂ ਦੇ ਪਰਸਪਰ ਅਨੁਕੂਲਣ ਤੋਂ ਪੈਦਾ ਹੁੰਦੀ ਕਿਰਤ ਦੀ ਅੰਦਰਲੀ ਗਤੀ ਨੂੰ ਨਿਯੰਤ੍ਰਿਤ ਕਰਨ ਵਾਲਾ, ਰੂਪ ਅਤੇ ਵਸਤੂ ਵਿਚ ਸੰਤੁਲਨ ਲਿਆਉਣ, ਭਾਵ ਇਕ ਇਕਾਈ ਵਜੋਂ ਕਿਰਤ ਦਾ ਕੇਂਦਰੀ ਭਾਵ ਜਾਂ ਵਿਸ਼ਾ ਹੁੰਦਾ ਹੈ। ਇਹ ਵਿਸ਼ਾ ਸਮੱਸਿਆ, ਵਿਚਾਰ, ਸਿੱਖਿਆ, ਵਰਤਾਰਾ, ਕੋਈ ਖ਼ਾਸ ਸੰਬੰਧਾਂ ਦਾ ਖੇਤਰ ਆਦਿ ਕੁਝ ਵੀ ਹੋ ਸਕਦਾ ਹੈ। ਪਰ ਇਸ ਦੀ ਪਛਾਣ ਇਕਾਈ ਵਜੋਂ ਕਿਰਤ ਦੀ ਪਛਾਣ ਲਈ ਜ਼ਰੂਰੀ ਹੁੰਦੀ ਹੈ।

ਪਰ ਸਾਹਿਤਕ ਕਿਰਤਾਂ ਦੀ ਸੰਰਚਨਾ ਨੂੰ ਸਮਝਣ ਲਈ ਇਸਦਾ ਸਿਰਫ਼ ਇਨ੍ਹਾਂ ਚਾਰ ਅੰਗਾਂ-ਰੂਪ, ਵਸਤੂ, ਵਿਸ਼ਾ ਅਤੇ ਮਾਧਿਅਮ-ਵਿਚ ਨਿਖੇੜਾ ਹੀ ਕਾਫ਼ੀ ਨਹੀਂ। ਇਹ ਅੰਗ ਤਾਂ ਹਰ ਕਲਾ ਕਿਰਤ ਲਈ ਵੀ ਠੀਕ ਹੋ ਸਕਦੇ ਹਨ। ਸਾਹਤਿਕ ਕਿਰਤ ਨੂੰ ਇਸਦੇ ਸਰਬਪੱਖੀ ਸੰਬੰਧਾਂ ਵਿਚ ਸਮਝਣ ਲਈ ਅੱਗੋਂ ਇਨ੍ਹਾਂ ਦੇ ਵੇਰਵੇ ਵਿਚ ਜਾਣਾ ਜ਼ਰੂਰੀ ਹੈ।

ਵਸਤੂ ਬਾਰੇ ਅਸੀਂ ਪਹਿਲਾਂ ਕਹਿ ਆਏ ਹਾਂ ਕਿ ਸਮਾਜਕ ਯਥਾਰਥ ਕਿਸੇ ਵੀ ਕਲਾ-ਕ੍ਰਿਤ ਦਾ ਵਸਤੂ ਹੁੰਦਾ ਹੈ। ਪਰ ਇਹ ਸਮਾਜਕ ਯਥਾਰਥ ਸਾਹਿਤਕ ਕਿਰਤ ਵਿਚ ਦੋ ਤਰ੍ਹਾਂ ਨਾਲ ਪ੍ਰਗਟ ਹੁੰਦਾ ਹੈ- ਸਮਾਜਕ ਯਥਾਰਥ ਵਜੋਂ ਵੀ ਅਤੇ ਲੇਖਕ ਦੇ ਵਿਅਕਤਿਤਵ ਵਜੋਂ ਵੀ, ਜੋ ਕਿ ਸਮਾਜਕ ਯਥਾਰਥ ਦਾ ਅੰਗ ਵੀ ਹੁੰਦਾ ਹੈ ਤੇ ਇਸਨੂੰ ਬਾਹਰੋਂ ਹੋ ਕੇ ਦੇਖ ਰਿਹਾ ਹੁੰਦਾ ਹੈ। ਸਾਹਿਤਕ ਕਿਰਤ ਵਿਚਲੀਆਂ ਬਹੁਤ ਸਾਰੀਆਂ ਚੀਜ਼ਾਂ ਲੇਖਕ ਦੇ ਵਿਅਕਤੀਤਵ ਦੀ ਵਿਲੱਖਣਤਾ ਬਣ ਕੇ ਸਾਹਮਣੇ ਆਉਂਦੀਆਂ ਹਨ। ਪ੍ਰਤੱਖ ਹੈ ਕਿ ਇਥੇ ਵਿਅਕਤੀਤਵ ਤੋਂ ਭਾਵ ਲੇਖਕ ਦੀ ਸ਼ਖ਼ਸੀਅਤ ਦੀਆਂ ਸਾਹਿਤਕ ਕਿਰਤਾਂ ਤੋਂ ਬਾਹਰੀਆਂ ਵਿਲੱਖਣਤਾਈਆਂ ਨਹੀਂ, ਸਗੋਂ ਉਹ ਵਿਲੱਖਣਤਾਈਆਂ ਹਨ ਜਿਹੜੀਆਂ ਸਾਹਿਤਕ ਕਿਰਤ ਦੇ ਅੰਦਰ ਪ੍ਰਗਟ ਹੁੰਦੀਆਂ ਹਨ। ਇਹ ਵਿਲੱਖਣਤਾਈਆਂ ਜਿਵੇਂ ਕਿ ਅਸੀਂ ਅੱਗੇ ਰੂਪ ਵਾਲੇ ਪਾਸੇ ਦੇਖਾਂਗੇ ਸ਼ੈਲੀ ਦੇ ਇਕ ਅੰਗ ਵਜੋਂ ਵੀ ਸਾਹਮਣੇ ਆਉਂਦੀਆਂ ਹਨ। ਵਸਤੂ ਵਿਚ ਇਹ ਤਿੰਨ ਤਰ੍ਹਾਂ ਨਾਲ ਪ੍ਰਗਟ ਹੁੰਦੀਆਂ ਹਨ : ਲੇਖਕ ਦੇ ਸੰਸਾਰ ਦ੍ਰਿਸ਼ਟੀਕੋਣ ਵਜੋਂ, ਉਸ ਦੇ ਨਿਰੀਖਣ ਦੀ ਤੀਖਣਤਾ ਵਜੋਂ, (ਜਿਸਦਾ ਅਰਥ ਹੈ ਕਿ ਉਹ ਸਮਾਜਕ ਯਥਾਰਥ ਦੇ ਹਰ ਮਹੱਤਵਪੂਰਨ ਵਿਸਥਾਰ ਨੂੰ ਕਿਥੋਂ ਤੱਕ ਪਕੜ ਸਕਿਆ ਹੈ) ਅਤੇ ਉਸ ਵਲੋਂ ਪੇਸ਼ ਕੀਤੇ ਸਮਾਨੀਕਰਨ ਦੀ ਪੱਧਰ, ਅਰਥਾਤ ਇਸੇ ਦੀ ਸਰਬੰਗਤ ਅਤੇ ਡੂੰਘਾਈ ਵਜੋਂ। ਅਸੀਂ ਕਿਉਂਕਿ ਲੇਖਕ ਦੇ ਵਿਅਕਤੀਤਵ ਨੂੰ ਕਿਰਤ ਦੇ ਅੰਦਰ ਪੈਦਾ ਹੋਈਆਂ ਵਿਲੱਖਣਤਾਈਆਂ ਦੇ ਰੂਪ ਵਿਚ ਦੇਖ ਰਹੇ ਹਾਂ, ਇਸ ਲਈ ਇਸ ਨੂੰ ਅਸੀਂ ਸਮਾਜਕ ਯਥਾਰਥ ਦਾ ਆਤਮ-ਪਰਕ ਪੱਖ ਵੀ

ਕਹਿ ਸਕਦੇ ਹਾਂ।

ਸਮਾਜਕ ਯਥਾਰਥ ਦੇ ਵਸਤੂਪਰਕ ਪੱਖ ਨੂੰ ਅਸੀਂ ਫਿਰ ਦੋ ਹਿੱਸਿਆਂ ਵਿਚ ਵੰਡ ਕੇ ਦੇਖ ਸਕਦੇ ਹਾਂ : (ੳ) ਪਦਾਰਥਕ ਸੰਬੰਧ (ਅ) ਬੌਧਿਕ ਪ੍ਰਗਟਾਅ। ਪਦਾਰਥਕ ਸੰਬੰਧਾਂ ਵਿਚ ਅਸੀਂ ਇਥੇ ਸਿਰਫ਼ ਉਤਪਾਦਨ ਦੇ ਸੰਬੰਧ, ਭਾਵ ਮਾਲਕੀ ਦੇ ਸੰਬੰਧ ਹੀ ਲੈ ਰਹੇ ਹਾਂ, ਸਗੋਂ ਸਮਾਜ ਦੇ ਵਖੋਂ ਵੱਖਰੇ ਖੇਤਰਾਂ ਵਿਚ ਕੰਮ ਕਰ ਰਹੀਆਂ ਸੰਸਥਾਵਾਂ (ਪਰਵਾਰਕ, ਵਿਦਿਅਕ, ਆਰਥਕ, ਰਾਜਨੀਤਕ ਆਦਿ) ਦੇ ਅੰਤਰ-ਕਰਮ ਅਤੇ ਅੰਤਰ-ਸੰਬੰਧਾਂ ਨੂੰ ਵੀ ਅਤੇ ਇਨ੍ਹਾਂ ਦੇ ਅੰਦਰ ਮਨੁੱਖੀ ਰਿਸ਼ਤਿਆਂ ਦੇ ਰੂਪ ਨੂੰ ਵੀ ਲੈ ਰਹੇ ਹਾਂ। ਇਨ੍ਹਾਂ ਨੂੰ ਹੀ ਅਸੀ ਜੇ ਹੋਰ ਤਰ੍ਹਾਂ ਨਾਲ ਪ੍ਰਗਟ ਕਰਨਾ ਹੋਵੇ ਤਾਂ ਇਨ੍ਹਾਂ ਨੂੰ ਆਧਾਰ ਵਿਚਲੇ ਪਦਾਰਥਕ ਸੰਬੰਧ ਅਤੇ ਉਸਾਰ ਵਿਚਲੇ ਪਦਾਰਥਕ ਸੰਬੰਧ ਕਿਹਾ ਜਾ ਸਕਦਾ ਹੈ।

ਵਸਤੂ-ਪਰਕ ਸਮਾਜਕ ਯਥਾਰਥ ਦਾ ਬੌਧਕ ਪ੍ਰਗਟਾਅ ਸਮਾਜ ਵਿਚ ਪ੍ਰਚਲਤ ਕਦਰਾਂ-ਕੀਮਤਾਂ, ਵਿਚਾਰਾਂ, ਵਿਅਕਤੀਗਤ ਜਾਂ ਸਮੂਹਕ ਆਦਰਸ਼ਾਂ ਦੇ ਰੂਪ ਵਿਚ ਹੁੰਦਾ ਹੈ।

ਵਸਤੂਪਰਕ ਸਮਾਜਕ ਯਥਾਰਥ ਦੇ ਸਮੁੱਚੇ ਤੌਰ ਉਤੇ, ਅਤੇ ਆਤਮਪਰਕ ਸਮਾਜਕ ਯਥਾਰਥ (ਲੇਖਕ ਦਾ ਵਿਅਕਤੀਤਵ) ਦਾ ਅੰਸ਼ਕ ਤੌਰ ਉਤੇ ਵਾਹਨ ਗਲਪ-ਪਾਤਰ ਅਤੇ ਉਨ੍ਹਾਂ ਦੇ ਆਪਸੀ ਸੰਬੰਧ ਹੀ ਹੁੰਦੇ ਹਨ। ਸਮਾਜਕ ਯਥਾਰਥ ਦਾ ਆਤਮ-ਪਰਕ ਭਾਗ ਗਲਪ-ਪਾਤਰਾਂ ਤੋਂ ਇਲਾਵਾ ਕਿਰਤ ਦੇ ਦੂਜੇ ਅੰਸਾਂ ਵਿਚ ਵੀ ਪ੍ਰਗਟ ਹੁੰਦਾ ਹੈ, ਜਿਵੇਂ ਕਿ ਘਟਨਾਵਾਂ ਦੀ ਚੋਣ ਅਤੇ ਤਰਤੀਬ ਵਿਚ, ਸਮਸਿਆਵਾਂ ਦੀ ਪੇਸ਼ਕਾਰੀ ਅਤੇ ਸਮਾਧਾਨ ਵਿਚ, ਕਿਰਤ ਵਿਚਲੇ ਵੇਰਵੇ ਦੇ ਵਿਸਥਾਰ ਅਤੇ ਸੰਜਮ ਵਿਚ, ਕਿਰਤ ਦੇ ਪ੍ਰਧਾਨ ਭਾਵ (ਹਾਸ-ਰਸੀ, ਗੰਭੀਰ, ਵਿਅੰਗਾਤਮਕ, ਆਸ਼ਾਵਾਦੀ, ਨਿਰਾਸ਼ਾਵਾਦੀ ਆਦਿ) ਵਿਚ।

ਇਸੇ ਤਰ੍ਹਾਂ ਸਾਹਿਤਕ ਕਿਰਤ ਦੇ ਰੂਪ ਨੂੰ ਵੀ ਅਸੀਂ ਅੱਗੋਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ : (ੳ) ਰੂਪਾਕਾਰ (ਅ) ਭਾਸ਼ਾ (ੲ) ਸ਼ੈਲੀ। ਜਿਸ ਤਰ੍ਹਾਂ ਅਸੀਂ ਉਪਰ ਦੱਸ ਆਏ ਹਾਂ, ਵਸਤੂ ਦੇ ਅੰਗਾਂ ਦੇ ਅੰਦਰ ਆਤਮਪਰਕ ਅਤੇ ਵਸਤੂਪਰਕ, ਬੌਧਕ ਅਤੇ ਪਦਾਰਥਕ, ਆਧਾਰ ਅਤੇ ਉਸਾਰ ਆਦਿ ਦੇ ਵਿਰੋਧ ਕਾਰਜਸ਼ੀਲ, ਦੇਖੇ ਜਾ ਸਕਦੇ ਹਨ। ਰੂਪਾਕਾਰ ਸ਼ਾਇਦ ਰੂਪ ਦਾ ਸਭ ਤੋਂ ਵਧ ਸਥਿਰ ਭਾਗ ਹੈ ਅਤੇ ਇਸ ਨੂੰ ਪਰਿਭਾਸ਼ਤ ਕਰਨ ਦੀ ਮਹੱਤਾ ਰੱਖਦਾ ਹੈ। ਤਾਂ ਵੀ ਅਬਦਲ ਜਾਂ ਗਤੀਹੀਨ ਨਹੀਂ। ਇਸ ਵਿਚ ਵੀ ਹਰ ਰਚਨਾ ਦੇ ਰੂਪ ਵਿਚ ਤੇ ਹਰ ਲੇਖਕ ਦੇ ਹੱਥ ਵਿਚ ਗਿਨਣਾਤਮਕ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਟਾਲਸਟਾਇ ਇਸ ਗੱਲ ਉਤੇ ਮਾਣ ਕਰਦਾ ਸੀ ਕਿ ਉਸਦੇ ਨਾਵਲ, ਨਾਵਲ ਦੇ ਸਥਾਪਤ ਚੌਖਟੇ ਵਿਚ ਫਿੱਟ ਨਹੀਂ ਹੁੰਦੇ। ਰੂਸੀ ਆਲੋਚਕਾਂ ਦਾ ਆਮ ਮਤ ਹੈ ਕਿ ਰੂਸੀ ਸਾਹਿਤ ਦਾ ਇਤਿਹਾਸ ਨਾਵਲ, ਕਵਿਤਾ ਜਾਂ ਨਿੱਕੀ ਕਹਾਣੀ ਦੀਆਂ ਆਮ ਤੌਰ ਉਤੇ ਪ੍ਰਵਾਨਿਤ ਪਰਿਭਾਸ਼ਾਵਾਂ ਤੋਂ ਲਾਂਭੇ ਜਾਣ ਦਾ ਇਤਿਹਾਸ ਹੈ। ਇਸ ਕਰਕੇ ਆਲੋਚਕ ਮ. ਮ. ਬਾਖਤਿਨ ਅਨੁਸਾਰ : "ਰੂਪਕਾਰ ਸਾਹਿਤਕ ਵਿਕਾਸ ਦੇ ਅਮਲ ਵਿਚ ਕਲਾਤਮਕ ਯਾਦ-ਸ਼ਕਤੀ ਨੂੰ ਪੇਸ਼ ਕਰਦਾ ਹੈ," ਕਿਉਂਕਿ "ਇਹ ਵਰਤਮਾਨ ਵਿਚ ਰਹਿੰਦਾ ਹੈ, ਪਰ ਆਪਣੇ ਮੁੱਢ ਅਤੇ ਬੀਤੇ ਤੋਂ ਨਿਰੰਤਰ ਚੌਕਸ ਹੁੰਦਾ ਹੈ।" ਇਸ ਕਰਕੇ ਰੂਪਾਕਾਰ ਨੂੰ ਇਕ ਮੁਕਾਬਲਤਨ ਸਥਿਰ ਅੰਸ਼ ਸਮਝਦਿਆਂ ਵੀ ਇਸ ਵਿਚਲੀ ਨਿਰੰਤਰਤਾ ਅਤੇ ਤਬਦੀਲੀ ਨੂੰ ਦੇਖਣਾ ਜ਼ਰੂਰੀ ਹੈ। ਇਸਦਾ ਅਰਥ ਹੈ ਕਿ ਸੰਕਲਪ ਦੀ ਪੱਧਰ ਉਤੇ ਇਸ ਦੇ ਆਮ ਲੱਛਣਾਂ ਨੂੰ ਅਤੇ ਰਚਨਾ ਦੀ ਪੱਧਰ ਉਤੇ ਵਿਸ਼ੇਸ਼ ਲੱਛਣਾਂ ਨੂੰ ਦੂਜੇ ਸ਼ਬਦਾਂ ਵਿਚ ਇਸ ਦੇ ਭਾਵਵਾਚੀ ਸਰੂਪ ਨੂੰ ਅਤੇ ਇਸ ਦੇ ਪ੍ਰਾਪਤ ਸਰੂਪ ਨੂੰ ਮੁੱਖ ਰੱਖ ਕੇ ਹੀ ਅਧਿਐਨ ਕੀਤਾ ਜਾਣਾ ਚਾਹੀਦਾ ਹੈ।

ਵੈਸੇ ਵੀ ਹਰ ਰੂਪਾਕਾਰ ਸਮਾਜਕ ਵਿਕਾਸ ਦੇ ਕਿਸੇ ਵਿਸ਼ੇਸ਼ ਪੜਾਅ ਨਾਲ ਜੁੜਿਆ ਹੁੰਦਾ ਹੈ, ਜਿਵੇਂ ਕਿ ਮਹਾਂਕਾਵਿ ਪੂਰਵ ਸਰਮਾਏਦਾਰਾ ਦੌਰ ਦਾ ਰੂਪ ਹੈ, ਜਦ ਕਿ ਨਾਵਲ ਸਰਮਾਏਦਾਰਾ ਦੌਰ ਅਤੇ ਉਸ ਤੋਂ ਮਗਰੋਂ ਦਾ ਮਹਾਂਕਾਵਿ ਹੈ। ਇਸੇ ਤਰ੍ਹਾਂ ਜਨਮ ਸਾਖੀ ਸਾਹਿਤ ਨਾਇਕ ਅਤੇ ਮਨੁੱਖਾ ਸ਼ਖ਼ਸੀਅਤ ਅਤੇ ਸਾਮੰਤੀ ਸੰਕਲਪ ਨੂੰ ਪੇਸ਼ ਕਰਦਾ ਸਾਹਿਤ ਰੂਪ ਹੈ, ਜਿਸ ਕਰਕੇ ਸਾਮੰਤੀ ਦੌਰ ਤੋਂ ਮਗਰੋਂ ਇਸਦਾ ਜਾਰੀ ਰਹਿਣਾ ਸੰਭਵ ਨਹੀਂ ਹੁੰਦਾ। ਇਕਾਂਗੀ ਅਤੇ ਨਿੱਕੀ ਕਹਾਣੀ ਵਿਸ਼ੇਸ਼ ਸਮਾਜਕ ਹਾਲਤਾਂ ਦੀ ਉਪਜ ਹਨ।

ਸੋ ਹਰ ਰੂਪਾਕਾਰ ਦਾ ਕਿਤੇ ਨਾ ਕਿਤੇ ਆਰੰਭ ਹੁੰਦਾ ਹੈ ਅਤੇ ਇਹ ਫੈਲਣ, ਸੁੰਗੜਨ, ਬਦਲਣ, ਵਿਕਸਣ ਅਤੇ ਲੋਪ ਹੋ ਜਾਣ ਦੇ ਅਮਲ ਵਿਚੋਂ ਲੰਘਦਾ ਰਹਿੰਦਾ ਹੈ। ਇਸ ਲਈ ਇਸ ਦਾ ਠੋਸ ਅਧਿਐਨ ਇਸਦੇ ਬਝਵੇਂ ਨਿਯਮਾਂ ਨੂੰ ਹੀ ਮੁੱਖ ਰੱਖ ਕੇ ਨਹੀਂ, ਸਗੋਂ ਹਰ ਕਿਰਤ ਵਿਚ ਪਰਾਪਤ ਵਿਲੱਖਣਤਾਈਆਂ ਨੂੰ ਨਾਲ ਜੋੜ ਕੇ ਕੀਤਾ ਜਾਣਾ ਚਾਹੀਦਾ ਹੈ।

ਭਾਸ਼ਾ ਰੂਪ ਦਾ ਦੂਜਾ ਮੁਕਾਬਲਤਨ ਸਥਿਰ ਅੰਸ਼ ਹੈ। ਸਾਹਿਤਕ ਕਿਰਤ ਵਿਚ ਕਈ ਪੱਧਰਾਂ ਉਤੇ ਭਾਸ਼ਾ ਨੂੰ ਕਾਰਜਸ਼ੀਲ ਦੇਖਿਆ ਜਾ ਸਕਦਾ ਹੈ। ਇਹ ਲੇਖਕ ਦੀ ਭਾਸ਼ਾ ਵੀ ਹੁੰਦੀ ਹੈ, ਗਲਪ-ਪਾਤਰ ਦੀ ਭਾਸ਼ਾ ਵੀ ਹੁੰਦੀ ਹੈ, ਇਹ ਵਰਨਣਾਤਮਕ ਵੀ ਹੁੰਦੀ ਹੈ, ਸੰਕਲਪਾਤਮਕ ਵੀ ਹੁੰਦੀ ਹੈ, ਇਹ ਬੋਧਾਤਮਕ ਕਾਰਜ ਵੀ ਨਿਭਾਉਂਦੀ ਹੈ, ਸੁਹਜਾਤਮਕ ਅਸਰ ਵੀ ਰੱਖਦੀ ਹੈ। ਲੇਖਕ ਦੀ ਜੀਵਨ-ਫਿਲਾਸਫੀ ਜਾਂ ਸੰਸਾਰ ਦ੍ਰਿਸ਼ਟੀਕੋਣ ਨਾਲ ਵੀ ਭਾਸ਼ਾ ਦਾ ਅਨਿੱਖੜ ਸੰਬੰਧ ਹੁੰਦਾ ਹੈ। ਸਰਲ ਭਾਸ਼ਾ ਦਾ ਸੰਬੰਧ ਲੇਖਕ ਦੇ ਦ੍ਰਿਸ਼ਟੀਕੋਣ ਨਾਲ ਹੋ ਸਕਦਾ ਹੈ, ਕਿ ਉਹ ਸਾਧਾਰਨ ਪਾਠਕ ਨਾਲ ਸਾਂਝ ਪਾਉਣੀ ਚਾਹੁੰਦਾ ਹੈ। ਮੁਸ਼ਕਲ ਭਾਸ਼ਾ ਅਤੇ ਜਟਿਲ ਵਾਕ-ਬਣਤਰ ਅਕਸਰ ਵਿਚਾਰਾਂ ਦੀ ਅਸਪਸ਼ਟਤਾ ਦੀਆਂ ਲਖਾਇਕ ਹੁੰਦੀਆਂ ਹਨ।

ਭਾਸ਼ਾ ਰੂਪ ਵਿਚ ਮੁਕਾਬਲਤਨ ਸਥਿਰ ਭਾਗ ਹੁੰਦੀ ਹੈ, ਪਰ ਸਾਹਿਤ-ਰਚਨਾ ਦਾ ਮਾਧਿਅਮ ਹੋਣ ਦੇ ਨਾਤੇ ਇਸਦਾ ਸਭ ਤੋਂ ਵੱਧ ਕਾਰਜਸ਼ੀਲ ਅੰਗ ਵੀ ਹੁੰਦੀ ਹੈ। ਦੂਜੀਆਂ ਸਭ ਕਲਾਵਾਂ ਦੇ ਮੁਕਾਬਲੇ ਉਤੇ ਸਾਹਿਤ ਵਿਚ ਵਧੇਰੇ ਡੌਲਣਯੋਗਤਾ ਦਾ ਹੋਣਾ ਇਸਦੇ ਮਾਧਿਅਮ ਕਰਕੇ ਹੀ ਹੈ। ਇਸ ਕਰਕੇ ਸਾਹਿਤ ਰਚਨਾ ਦੇ ਬਣਤਰੀ ਅੰਸ਼ਾਂ ਦੇ ਗੁਣਾਂ ਔਗੁਣਾਂ ਦਾ ਝਲਕਾਰਾ ਭਾਸ਼ਾ ਵਿਚ ਵੀ ਦੇਖਿਆ ਜਾ ਸਕਦਾ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਸਿਰਫ਼ ਭਾਸ਼ਾ ਦੇ ਜਾਂ ਭਾਸ਼ਾ ਦੀ ਗਰਾਮਰ ਦੇ ਆਧਾਰ ਜਾਂ ਮਾਡਲ ਤੇ ਸਾਹਿਤ-ਰਚਨਾ ਦਾ ਸਰਬੰਗੀ ਅਤੇ ਭਰਪੂਰ ਅਧਿਐਨ ਕੀਤਾ ਜਾ ਸਕਦਾ ਹੈ।

ਸ਼ੈਲੀ ਰੂਪ ਦਾ ਸਭ ਤੋਂ ਵੱਧ ਪਰਿਵਰਤਨਸ਼ੀਲ ਅੰਗ ਹੈ। ਕਿਸੇ ਕਲਾਕਿਰਤ ਦੀ ਵਿਲੱਖਣਤਾ ਸਭ ਤੋਂ ਪਹਿਲਾਂ ਇਸ ਦੀ ਸ਼ੈਲੀ ਵਿਚ ਦੇਖੀ ਜਾ ਸਕਦੀ ਹੈ। ਸ਼ੈਲੀ ਦੇ ਵੀ ਦੋ ਰੂਪ ਹੁੰਦੇ ਹਨ : ਯੁਗ ਜਾਂ ਧਾਰਾ ਦੀ ਸ਼ੈਲੀ ਅਤੇ ਵਿਅਕਤੀਗਤ ਸ਼ੈਲੀ। ਜਿਸ ਵੇਲੇ ਅਸੀਂ ਮਧਯੁਗੀ ਵਾਰਤਕ ਜਾਂ ਕਵਿਤਾ ਦੀ ਗੱਲ ਕਰਦੇ ਹਾਂ ਤਾਂ ਸਾਡਾ ਇਸ਼ਾਰਾ ਸਿਰਫ਼ ਇਸਦੀ ਭਾਸ਼ਾ ਵੱਲ ਨਹੀਂ ਹੁੰਦਾ, ਸਗੋਂ ਉਨ੍ਹਾਂ ਸਾਰੇ ਲੱਛਣਾਂ ਵੱਲ ਹੁੰਦਾ ਹੈ, ਜਿਹੜੇ ਉਸ ਸਮੇਂ ਦੀਆਂ ਵੱਖ ਵੱਖ ਲਿਖਤਾਂ ਵਿਚ ਸਾਂਝੇ ਹੁੰਦੇ ਹਨ, ਅਤੇ ਜਿਹੜੇ ਆਧੁਨਿਕ ਜਾਂ ਆਦਿ ਕਾਲੀਨ ਵਾਰਤਕ ਜਾਂ ਕਵਿਤਾ ਦੇ ਲੱਛਣਾਂ ਨਾਲੋਂ ਵੱਖਰੇ ਹੁੰਦੇ ਹਨ। ਸ਼ੈਲੀ ਦੇ ਸਮੂਹਕ ਰੂਪ ਦੀ ਵੰਡ ਸਿਰਫ਼ ਯੁਗ ਦੇ ਆਧਾਰ ਉਤੇ ਹੀ ਨਹੀਂ ਸਗੋਂ ਧਾਰਾਵਾਂ ਦੇ ਆਧਾਰ ਉਤੇ ਵੀ ਕੀਤੀ ਜਾ ਸਕਦੀ ਹੈ, ਜਿਵੇਂ ਕਲਾਸੀਕਲ, ਰੁਮਾਂਟਿਕ, ਯਥਾਰਥਕ ਆਦਿ। ਸ਼ੈਲੀ ਦਾ ਇਹ ਰੂਪ ਸਮੇਂ

ਅਤੇ ਗਿਣਤੀ ਵਿਚ ਪਸਰਿਆ ਹੋਣ ਕਰਕੇ ਇਕ ਹੱਦ ਤਕ ਸਥਿਰ ਹੋਂਦ ਰੱਖਦਾ ਹੈ, ਪਰ ਭਾਸ਼ਾ ਅਤੇ ਰੂਪਾਕਾਰ ਦੇ ਮੁਕਾਬਲੇ ਉਤੇ ਇਹ ਸਥਿਰਤਾ ਬਹੁਤ ਅਲਪਕਾਲੀ ਹੁੰਦੀ ਹੈ।

ਸ਼ੈਲੀ ਦਾ ਵਿਅਕਤੀਗਤ ਰੂਪ ਕੁਦਰਤੀ ਤੌਰ ਉਤੇ ਹਰ ਲੇਖਕ ਦਾ ਆਪਣਾ ਹੁੰਦਾ ਹੈ ਅਤੇ ਉਸਦੀ ਸਾਹਿਤਕ ਪਛਾਣ ਨੂੰ ਪੇਸ਼ ਕਰਦਾ ਹੈ। ਵੈਸੇ ਤਾਂ ਜਿਵੇਂ ਅਸੀਂ ਅੱਗੇ ਚੱਲ ਕੇ ਦੇਖਾਂਗੇ, ਸਾਹਿਤ ਦੀ ਸੰਰਚਨਾ ਵਿਚਲੇ ਸਾਰੇ ਅੰਸ਼ ਹੀ ਇਕ-ਦੂਜੇ ਨਾਲ ਅਨਿੱਖੜ ਸੰਬੰਧ ਵਿਚ ਜੁੜੇ ਹੁੰਦੇ ਹਨ, ਪਰ ਵਿਅਕਤੀਗਤ ਸ਼ੈਲੀ ਦਾ ਅੰਸ਼ ਵਸਤੂ ਵਿਚਲੇ ਲੇਖਕ ਦੇ ਵਿਅਕਤੀਗਤ ਵਾਲੇ ਅੰਗਾਂ ਨਾਲ ਸਿੱਧਾ ਸੰਬੰਧ ਰੱਖਦਾ ਹੈ। ਜੇ ਉਹ ਅੰਸ਼ ਵਸਤੂ ਦੇ ਖੇਤਰ ਵਿਚ ਉਸਦੀ ਪਛਾਣ ਕਰਾਉਂਦੇ ਹਨ ਤਾਂ ਵਿਅਕਤੀਗਤ ਸ਼ੈਲੀ ਦੇ ਅੰਸ਼ ਰੂਪ ਦੇ ਖੇਤਰ ਵਿਚ ਉਸਦੀ ਪਛਾਣ ਨਾਲ ਜੁੜੇ ਹੁੰਦੇ ਹਨ। ਇਸ ਤਰ੍ਹਾਂ ਸ਼ੈਲੀ ਦੇ ਖੇਤਰ ਵਿਚ ਵੀ ਆਮ (ਯੁਗ, ਧਾਰਾ ਆਦਿ) ਅਤੇ ਵਿਸ਼ੇਸ਼ ਦਾ ਵਿਰੋਧ ਕੰਮ ਕਰਦਾ ਦਿਸ ਪੈਂਦਾ ਹੈ।

ਸਾਹਿਤਕ ਕਿਰਤ ਦੇ ਸਾਰੇ ਅੰਗ ਹੋਰ ਵੀ ਵਿਸਥਾਰ ਨਾਲ ਨਿਖੇੜੇ ਜਾ ਸਕਦੇ ਹਨ, ਪਰ ਸਾਹਿਤਕ ਕਿਰਤ ਤਾਂ ਵੀ ਇਕਜੁੱਟ ਸਮੁੱਚ ਵਜੋਂ ਦੀ ਹੋਂਦ ਰੱਖਦੀ ਹੈ ਅਤੇ ਸਮੁੱਚ ਵਜੋਂ ਹੀ ਪਛਾਣੀ ਜਾ ਸਕਦੀ ਹੈ। ਵੱਖ ਵੱਖ ਅਧਿਐਨਾਂ ਵਿਚ ਧਿਆਨ ਦਾ ਕੇਂਦਰ ਤਾਂ ਕੋਈ ਖ਼ਾਸ ਅੰਗ ਬਣ ਸਕਦਾ ਹੈ, ਪਰ ਇਸਦਾ ਸਰਬੰਗੀ ਅਧਿਐਨ ਵੀ ਦੂਜੇ ਅੰਗਾਂ ਦੇ ਹਵਾਲੇ ਤੋਂ ਬਿਨਾਂ ਸੰਭਵ ਨਹੀਂ।

ਫਿਰ ਵੀ ਸਾਹਿਤਕ ਕਿਰਤ ਵਿਚ ਇਸਦੇ ਵੱਖੋ ਵੱਖਰੇ ਅੰਸ਼ ਵੱਖ ਵੱਖ ਭੂਮਿਕਾ ਨਿਭਾਉਂਦੇ ਹਨ। ਹਰ ਸਾਹਿਤਕ ਕਿਰਤ ਦੀਆਂ ਸਾਹਿਤਕ ਕਿਰਤਾਂ ਵਾਲੇ ਲੱਛਣ ਰੱਖਦੀ ਹੋਈ ਵੀ ਦੂਜੀਆਂ ਨਾਲੋਂ ਵਿਲੱਖਣ ਹੁੰਦੀ ਹੈ। ਇਸਦੀ ਇਹ ਵਿਲੱਖਣਤਾ ਪਹਿਲੀ ਥਾਂ ਉੱਤੇ ਰੂਪ ਅਤੇ ਵਸਤੂ ਵਿਚਲੇ ਉਹਨਾਂ ਲੱਛਣਾਂ ਕਰਕੇ ਹੁੰਦੀ ਹੈ। ਜਿਹੜੇ ਲੇਖਕਾਂ ਦੇ ਵਿਅਕਤਿਤਵ ਨਾਲ ਸੰਬੰਧ ਰੱਖਦੇ ਹਨ, ਜਿਵੇਂ ਕਿ ਸ਼ੈਲੀ ਅਤੇ ਆਤਮ-ਪਰਕ ਸਮਾਜਕ ਯਥਾਰਥ। ਆਪਣੇ ਵਿਸ਼ੇ ਅਤੇ ਵਸਤੂ ਕਰਕੇ ਵੀ ਰਚਨਾਵਾਂ ਵੱਖ ਹੁੰਦੀਆਂ ਹਨ, ਪਰ ਇਨ੍ਹਾਂ ਦੀ ਚੋਣ ਵੀ ਲੇਖਕ ਦੇ ਵਿਅਕਤਿਤਵ ਦੇ ਹਵਾਲੇ ਨਾਲ ਹੀ ਵਿਆਖਿਆ ਕੀਤੀ ਜਾ ਸਕਦੀ ਹੈ।

ਸਾਹਿਤ ਰਚਨਾ ਦਾ ਗਤੀਸ਼ੀਲ ਭਾਗ ਵਸਤੂ ਹੈ। ਸਮਾਜਕ ਯਥਾਰਥ ਨਿਰੰਤਰ ਬਦਲਦਾ ਰਹਿੰਦਾ ਹੈ ਅਤੇ ਇਹ ਬਦਲਦਾ ਸਮਾਜਕ ਯਥਾਰਥ ਆਪਣੇ ਪ੍ਰਗਟਾਅ ਲਈ ਰੂਪ ਉੱਤੇ ਦਬਾਅ ਪਾਉਂਦਾ ਰਹਿੰਦਾ ਹੈ। ਰੂਪ ਮੁਕਾਬਲਤਨ ਸਥਿਰ ਭਾਗ ਹੈ, ਜਿਹੜਾ ਬਦਲਦੇ ਸਮਾਜਕ ਯਥਾਰਥ ਨੂੰ ਸਥਿਰ ਢਾਂਚਿਆਂ ਵਿਚ ਬੈਠਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਪਰ ਆਖਰ ਸਮਾਜਕ ਯਥਾਰਥ ਵਿਚਲੀ ਤਬਦੀਲੀ ਰੂਪ ਵਿਚ ਵੀ ਮੂਲੋਂ ਤਬਦੀਲੀ ਲਿਆਉਣਾ ਲਾਜ਼ਮੀ ਬਣਾ ਦੇਂਦੀ ਹੈ। ਇਸ ਤਰ੍ਹਾਂ ਨਾਲ ਵਸਤੂ ਸਾਹਿਤਕ ਕਿਰਤ ਵਿਚ ਨਿਰਧਾਰਨੀ ਮਹੱਤਾ ਰੱਖਦਾ ਹੈ, ਜਦੋਂ ਕਿ ਰੂਪ ਉਜਾਗਰਨੀ ਅਤੇ ਪ੍ਰਭਾਵਕਾਰੀ ਮਹੱਤਾ ਰੱਖਦਾ ਹੈ।

ਉਪਰੋਕਤ ਸਾਰਾ ਕੁਝ ਸਾਹਿਤ ਜਾਂ ਸਾਹਿਤਕ ਕਿਰਤ ਦੇ ਅਧਿਐਨ ਦੇ ਵਿਸ਼ਲੇਸ਼ਣ ਵਾਲੇ ਭਾਗ ਨੂੰ ਪੇਸ਼ ਕਰਦਾ ਹੈ, ਇਸਦੇ ਮੁਲਾਂਕਣ ਨੂੰ ਨਹੀਂ। ਪਰ ਸਾਹਿਤ ਅਧਿਐਨ ਮੁਲਾਂਕਣ ਤੋਂ ਬਿਨਾਂ ਅਧੂਰਾ ਹੈ। ਹੁਣ ਤਕ ਦਾ ਵਿਸ਼ਲੇਸ਼ਣ ਕਿਰਤਾ ਦਾ ਇਸ ਹੱਦ ਤਕ ਮੁਲਾਂਕਣ ਕਰਨ ਵਿਚ ਤਾਂ ਸਹਾਈ ਹੋ ਸਕਦਾ ਹੈ ਕਿ ਕਿਸੇ ਸਾਹਿਤਕ ਕਿਰਤ ਦੇ ਅੰਗ ਕਿਵੇਂ ਅਤੇ ਕਿਥੋਂ ਤੱਕ ਇਕ ਇਕਾਈ ਵਿਚ ਜੁੜੇ ਹੋਏ ਹਨ। ਪਰ ਇਹ ਸਿਰਫ਼ ਸੰਰਚਨਾ ਦੀ ਪੱਧਰ ਉਤੇ ਮੁਲਾਂਕਣ ਹੈ। ਸਮੁੱਚਤਾ ਦੀ ਪੱਧਰ ਉਤੇ ਨਹੀਂ।

ਸਮੁੱਚਤਾ ਦੀ ਪੱਧਰ ਉਤੇ ਮੁਲਾਂਕਣ ਲਈ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਸਾਹਿਤ ਸਮਾਜਕ ਚੇਤਨਾ ਵਜੋਂ ਅਤੇ ਸਮਾਜਕ ਕਦਰਾਂ ਵਜੋਂ ਸਮਾਜਕ ਯਥਾਰਥ ਦਾ ਇਕ ਅੰਗ ਹੁੰਦਾ ਹੈ, ਇਸ ਲਈ ਆਪ ਵੀ ਯਥਾਰਥ ਹੈ ਅਤੇ ਮੁਕਾਬਲਤਨ ਸਵੈਧੀਨ ਹੋਂਦ ਵੀ ਰੱਖਦਾ ਹੈ। ਸਵੈਧੀਨ ਹੋਂਦ ਵਜੋਂ ਹੀ ਇਹ ਸਾਹਿਤ ਸਮਾਜਕ ਚੇਤਨਾ ਦੇ ਖੇਤਰ ਵਿਚ ਚਲਦੇ ਕਰਮ-ਪ੍ਰਤੀਕਰਮ ਵਿਚ ਭਾਗ ਲੈਂਦਾ ਹੈ। ਸਮਾਜਕ ਚੇਤਨਾ ਦੇ ਇਕ ਰੂਪ ਵਜੋਂ ਹੀ ਸਵੈਧੀਨ ਹੋਂਦ ਰੱਖਦਾ ਹੈ।

ਪਰ ਸਮਾਜਕ ਚੇਤਨਾ ਦਾ ਇਕ ਰੂਪ ਹੋਣ ਦੇ ਨਾਤੇ ਹੀ ਇਹ ਯਥਾਰਥ ਦਾ ਪ੍ਰਤਿਬਿੰਬ ਹੈ, ਯਥਾਰਥ ਨਹੀਂ। ਸਾਹਿਤਕ ਕਿਰਤ ਬਿੰਬ-ਰੂਪ ਵਿਚ ਸਮਾਜਕ ਯਥਾਰਥ ਦੀ ਪੁਨਰ-ਸਿਰਜਣਾ ਕਰਦੀ ਹੈ, ਅਤੇ ਬਿੰਬ ਯਥਾਰਥ ਦਾ ਬੋਧ ਉਹਨਾਂ ਪ੍ਰਕਾਰਜਾਂ ਨਾਲ ਮਿਲਾ ਕੇ ਕਰਾਉਂਦਾ ਹੈ ਜਿਹੜੇ ਇਸ ਨੇ ਸਾਹਿਤਕ ਕਿਰਤ ਵਿਚ ਨਿਭਾਉਣੇ ਹੁੰਦੇ ਹਨ—ਇਹ ਕਿਰਤ ਵਿਚ ਸੁਹਜ ਦਾ ਸਾਧਨ ਵੀ ਹੁੰਦਾ ਹੈ, ਲੇਖਕ ਦੇ ਦ੍ਰਿਸ਼ਟੀਕੋਣ ਦਾ ਵਾਹਕ ਵੀ। ਇਸ ਤਰ੍ਹਾਂ ਰਚਨਾ ਵਿਚ ਬਿੰਬ ਤੀਹਰਾ ਪ੍ਰਕਾਰਜ ਨਿਭਾਉਂਦਾ ਹੈ: ਕਿਰਤ ਦੀ ਸੰਰਚਨਾ ਵਿਚ ਇਹ ਰੂਪ ਅਤੇ ਵਸਤੂ ਨੂੰ ਜੋੜ ਕੇ ਯਥਾਰਥ ਦਾ ਆਪਣੇ ਢੰਗ ਨਾਲ ਬੋਧ ਕਰਵਾਉਂਦਾ ਹੈ, ਬਿੰਬ ਸਾਹਿਤ ਵਿਚ ਸੁਹਜ ਪੈਦਾ ਕਰਨ ਦਾ ਸਾਧਨ ਹੈ; ਬਿੰਬ ਲੇਖਕ ਦੇ ਦ੍ਰਿਸ਼ਟੀਕੋਣ ਨਾਲ ਸੰਬੰਧਤ ਹੋਣ ਦੇ ਨਾਤੇ ਲੇਖਕਾਂ ਦੀ ਚੇਤਨਾ ਦੀ ਸੰਰਚਨਾ ਨੂੰ ਪੇਸ਼ ਕਰਦਾ ਹੈ।

ਬਿੰਬ ਵਾਲੇ ਉਪਰੋਕਤ ਤਿੰਨੇ ਪ੍ਰਕਾਰਜ ਹੀ ਭਾਸ਼ਾ, ਸ਼ੈਲੀ, ਪਾਤਰ, ਘਟਨਾ ਦੀ ਚੋਣ ਅਤੇ ਉਸਾਰੀ (ਪਲਾਟ) ਵਿਚ ਵੀ ਦੇਖੇ ਜਾ ਸਕਦੇ ਹਨ। ਇਸ ਲਈ ਕਿਰਤ ਵਿਚਲੇ ਇਨ੍ਹਾਂ ਅੰਗਾਂ ਨੂੰ ਭਾਸ਼ਾ-ਬਿੰਬ, ਪਾਤਰ-ਬਿੰਬ ਅਤੇ ਘਟਨਾ-ਬਿੰਬ ਵੀ ਕਿਹਾ ਜਾ ਸਕਦਾ ਹੈ। ਸੋ ਸਾਹਿਤਕ ਕਿਰਤ ਦੀ ਅਸੀਂ ਪਰਿਭਾਸ਼ਾ ਇਹ ਦੇ ਸਕਦੇ ਹਾਂ ਕਿ ਇਹ ਮੋਟੇ ਤੌਰ ਉੱਤੇ ਇਕ ਵਿਸ਼ੇਸ਼ ਰੂਪਾਕਾਰ ਦੇ ਘੇਰੇ ਵਿਚ ਰਹਿੰਦਿਆਂ ਅਤੇ ਕੇਂਦਰੀ ਵਿਚਾਰ ਨੂੰ ਮੁਖ ਰੱਖਦਿਆਂ ਸਮਾਜਕ ਯਥਾਰਥ ਦੀ ਬਿੰਬ-ਰੂਪ ਵਿਚ ਪੁਨਰ-ਸਿਰਜਣਾ ਹੈ।

ਸਮਾਜਕ ਯਥਾਰਥ ਇਕ ਜਾਂ ਇਕ ਤੋਂ ਵੱਧ ਛਾਨਣੀਆਂ ਵਿਚੋਂ ਲੰਘ ਕੇ ਕਿਰਤ ਦੀ ਸਿਰਜਨਾ ਦਾ ਅੰਗ ਬਣਦਾ ਹੈ। ਉਦਾਹਰਣ ਵਜੋਂ ਭਾਸ਼ਾ, ਸਮਾਜ ਦੀ ਭਾਸ਼ਾ ਵੀ ਹੈ, ਲੇਖਕ ਦੀ ਵੀ, ਗਲਪ-ਪਾਤਰ ਦੀ ਵੀ। ਸਾਹਿਤ ਆਪਣੇ ਆਪ ਵਿਚ ਵੀ ਇਕ ਸਮਾਜਕ ਕਦਰ ਹੈ। ਇਹ ਸਮਾਜਕ ਕਦਰਾਂ-ਕੀਮਤਾਂ ਨੂੰ ਗਲਪ-ਪਾਤਰਾਂ ਦੀਆਂ ਕਦਰਾਂ-ਕੀਮਤਾਂ ਬਣਾ ਕੇ ਵੀ ਪੇਸ਼ ਕਰਦਾ ਹੈ, ਜਿਨ੍ਹਾਂ ਦਾ ਸੰਬੰਧ ਲੇਖਕ ਦੇ ਦ੍ਰਿਸ਼ਟੀਕੋਣ (ਆਤਮਪਰਕ ਕਦਰ-ਪ੍ਰਣਾਲੀ) ਨਾਲ ਵੀ ਹੁੰਦਾ ਹੈ।

ਇਸ ਸਾਰੀ ਜਟਿਲ ਪ੍ਰਕਿਰਿਆ ਨੂੰ ਸਮਝਣ ਲਈ ਇਸਦਾ ਅਧਿਐਨ ਅਤੇ ਵਿਸ਼ਲੇਸ਼ਣ ਜ਼ਰੂਰੀ ਹੁੰਦਾ ਹੈ, ਪਰ ਇਸ ਦੇ ਮੁਲਾਂਕਣ ਵਿਚ ਸਭ ਤੋਂ ਵੱਧ ਮਹੱਤਵਪੂਰਨ ਭੂਮਿਕਾ ਉਸ ਸਮਾਜਕ ਯਥਾਰਥ ਦਾ ਗਿਆਨ ਨਿਭਾਉਂਦਾ ਹੈ, ਜਿਸਦੀ ਬਿੰਬ-ਰੂਪਾਂ ਰਾਹੀਂ ਕਿਸੇ ਕਲਾ-ਕਿਰਤ ਵਿਚ ਪੁਨਰ ਸਿਰਜਣਾ ਕੀਤੀ ਗਈ ਹੁੰਦੀ ਹੈ।

ਇੱਥੇ ਆਲੋਚਕ ਦੇ ਕਰਤਵ ਦੀ ਮੁਸ਼ਕਲ ਘਾਟ ਸ਼ੁਰੂ ਹੁੰਦੀ ਹੈ।

ਸਾਧਾਰਨ ਜੀਵਨ ਵਿਚ ਵੀ ਦਿੱਖ ਤੋਂ ਤੱਤ ਤਕ ਦਾ ਸਫ਼ਰ ਚੇਤਨ ਘਾਲਣਾ ਦਾ ਸਫ਼ਰ ਹੁੰਦਾ ਹੈ। ਸਾਰੇ ਗਿਆਨ ਵਿਗਿਆਨ ਅਤੇ ਸ਼ਾਸਤਰ ਇਸੇ ਘਾਲਣਾ ਦਾ ਫਲ ਹਨ। ਜ਼ਿੰਦਗੀ ਦਾ ਤੱਤ ਇਸਦੀ ਗਤੀ ਹੈ। ਇਹ ਗਤੀ ਨਿਸ਼ਚਿਤ ਕਾਰਨ ਅਤੇ ਅਸਰ ਦੇ ਵਿਰੋਧ-ਵਿਕਾਸੀ ਸੰਬੰਧ ਨਾਲ ਚਲਦੀ

ਹੈ। ਇਹ ਸੰਬੰਧ ਇਸਦਾ ਮੰਤਕ ਹੈ। ਸਮਾਜਕ ਯਥਾਰਥ ਦੇ ਖੇਤਰ ਵਿਚ ਇਸ ਮੰਤਕ ਨੂੰ ਸਮਝਣ ਦਾ ਇਕ ਯਤਨ ਸਾਹਿਤ ਕਰਦਾ ਹੈ।

ਜਿਵੇਂ ਕਿ ਦੁੱਗਲ ਦੇ ਕਹਾਣੀ-ਸੰਗ੍ਰਹਿ ਇਕ ਛਿਟ ਚਾਨਣ ਦੀ ਦੇ ਵਸਤੂ-ਪੱਖ ਬਾਰੇ ਲਿਖਦਿਆਂ ਅਸੀਂ ਟਿੱਪਣੀ ਕੀਤੀ ਹੈ (ਦੇਖੋ ਹਥਲੀ ਪੁਸਤਕ, ਸਫ਼ਾ 88) "ਕੋਈ ਜ਼ਰੂਰਤ ਨਹੀਂ ਕਿ ਅਸੀਂ ਜ਼ਿੰਦਗੀ ਜਿਉਂਦੇ ਹੋਏ ਇਸ ਦੇ ਅੰਦਰਲੇ ਮੰਤਕ ਨੂੰ ਵੀ ਠੀਕ ਸਮਝ ਰਹੇ ਹੋਈਏ। ਸਮੁੱਚੀ ਸਾਹਿਤ ਰਚਨਾ ਦਾ ਵਿਸ਼ਾ ਯਥਾਰਥ ਦੇ ਇਸ ਮੰਤਕ ਦਾ ਬੋਧ ਕਰਾਉਣਾ ਹੈ।" ਪਰ ਨਾਲ ਹੀ ਇਹ ਵੀ ਕਿਹਾ ਗਿਆ ਹੈ: "ਕੋਈ ਜ਼ਰੂਰੀ ਨਹੀਂ ਕਿ ਲੇਖਕ ਯਥਾਰਥ ਨੂੰ ਪੇਸ਼ ਕਰਦਾ ਹੋਇਆ ਵੀ, ਇਸ ਯਥਾਰਥ ਨੂੰ ਜ਼ੋਰਦਾਰ ਅਤੇ ਮੰਤਕੀ ਢੰਗ ਨਾਲ ਪੇਸ਼ ਕਰਦਾ ਹੋਇਆ ਵੀ ਇਸਦੇ ਮੰਤਕ ਨੂੰ ਠੀਕ ਤਰ੍ਹਾਂ ਸਮਝ ਰਿਹਾ ਹੋਵੇ।" ਇਸ ਵਿਚ ਦੋ ਗੱਲਾਂ ਦਾ ਨਿਖੇੜਾ ਕੀਤਾ ਗਿਆ ਹੈ। ਸਾਹਿਤਕਾਰ ਦੀ ਚੇਤਨਾ ਅਤੇ ਯਥਾਰਥ ਦੀ ਪੇਸ਼ਕਾਰੀ ਵਿਚਕਾਰ ਅਨੁਰੂਪਤਾ, ਦੂਜੇ ਯਥਾਰਥ ਦੀ ਪੇਸ਼ਕਾਰੀ ਅਤੇ ਯਥਾਰਥ ਵਿਚ ਅਨੁਰੂਪਤਾ। ਪਹਿਲੀ ਅਨੁਰੂਪਤਾ ਲਾਜ਼ਮੀ ਨਹੀਂ, ਦੂਜੀ ਲਾਜ਼ਮੀ ਹੈ। ਪਰ ਜੇ ਪਹਿਲੀ ਅਨੁਰੂਪਤਾ ਨਾ ਹੋਵੇ ਤਾਂ ਦੂਜੀ ਕਿਵੇਂ ਹੋ ਸਕਦੀ ਹੈ ? ਇਸ ਸਵਾਲ ਦਾ ਜਵਾਬ ਇਸੇ ਪੁਸਤਕ ਵਿਚ (ਸਫ਼ਾ 101 ਉਤੇ) ਦਿੱਤਾ ਗਿਆ ਹੈ: "ਸੱਚੇ ਰਚਨੇਈ ਸਾਹਿਤਕਾਰ ਦੀ ਕਦੀ ਕਦੀ ਚੇਤਨਾ ਧੋਖਾ ਦੇ ਜਾਂਦੀ ਹੈ। ਅੰਤਰ-ਸੂਝ ਸ਼ਾਇਦ ਨਹੀਂ।" ਇਥੇ ਅੰਤਰ-ਸੂਝ ਦਾ ਆਸਰਾ ਕਿਸੇ ਮਜ਼ਬੂਰੀ ਵੱਸ ਨਹੀਂ ਲਿਆ ਗਿਆ, ਸਗੋਂ ਇਹ ਵੀ ਜੀਵਨ ਤਜਰਬੇ ਦਾ ਸਿੱਟਾ ਹੁੰਦੀ ਹੈ। ਇਹ ਜੀਵਨ ਤਜਰਬਾ ਸਾਡੇ ਅਨੁਭਵ ਦਾ ਏਨਾ ਅੰਗ ਬਣ ਗਿਆ ਹੁੰਦਾ ਹੈ ਕਿ ਅਸੀਂ ਕਈ ਵਾਰੀ ਤਰਕ ਦਾ ਆਸਰਾ ਲਏ ਤੋਂ ਬਿਨਾਂ ਹੀ ਕਾਰਨ ਅਤੇ ਅਸਰ ਦੇ ਸੰਬੰਧ ਨੂੰ ਸਮਝ ਜਾਂਦੇ ਹਾਂ। ਇਹ ਅੰਤਰ-ਸੂਝ ਰਚਨਾਤਮਕਤਾ ਦੀ ਪੱਧਰ ਉਤੇ ਕਾਫ਼ੀ ਭੂਮਿਕਾ ਨਿਭਾਉਂਦੀ ਹੈ, ਜਿਸ ਕਰਕੇ ਕਲਾ ਸਾਨੂੰ ਕਈ ਵਾਰ "ਧੁਰੋਂ ਉਤਰੀ ਹੋਣ" ਦਾ ਭੁਲਾਵਾ ਦੇਂਦੀ ਹੈ, ਜਦ ਕਿ ਹਕੀਕਤ ਇਹ ਹੀ ਹੁੰਦੀ ਹੈ ਕਿ ਇਸ ਪਿੱਛੇ ਵੀ ਤਰਕ ਹੀ ਕੰਮ ਕਰ ਰਿਹਾ ਹੁੰਦਾ ਹੈ।

ਇਹ ਕੰਮ ਆਲੋਚਕ ਦਾ ਹੁੰਦਾ ਹੈ ਕਿ ਇਸ ਅੰਤਰ-ਸੂਝ ਨੂੰ ਚੇਤੰਨ ਤਰਕ ਦੀ ਪੱਧਰ ਉਤੇ ਪੇਸ਼ ਕਰੇ। ਹੋ ਸਕਦਾ ਹੈ ਕਿ ਆਲੋਚਕ ਦਾ ਵੀ ਪਹਿਲਾ ਫ਼ਲੈਸ਼ ਅੰਤਰ-ਸੂਝ ਕਾਰਨ ਹੀ ਹੋਵੇ। ਪਰ ਉਸ ਲਈ ਇਸਨੂੰ ਮੰਤਕੀ ਢੰਗ ਨਾਲ ਸਿੱਧ ਕਰਨਾ ਜ਼ਰੂਰੀ ਹੁੰਦਾ ਹੈ।

ਰਚਨਾ ਤੋਂ ਭਾਵ, ਸਮਾਜਕ ਯਥਾਰਥ ਦੀ ਬਿੰਬਾਂ ਰਾਹੀਂ ਪੁਨਰ ਸਿਰਜਣਾ ਤੋਂ ਮੁੜ ਯਥਾਰਥ ਤਕ ਪੁੱਜਣ ਦੀ ਕਿਰਿਆ (ਸਾਹਿਤ ਆਲੋਚਨਾਂ ਦੇ ਅਮਲ) ਬਾਰੇ ਕਿਹਾ ਗਿਆ ਹੈ: "ਸਾਹਿਤ ਵਿਚਲੇ ਵਸਤੂ ਨੂੰ ਪਛਾਨਣ ਲਈ (ਰਚਨਾ ਵਿਚ) ਸਿਰਜੇ ਬਿੰਬਾਂ ਵਿਚੋਂ ਕਲਪਣਾ ਦਾ, ਜੀਵਨ ਫਲਸਫ਼ੇ ਦਾ, ਸੁਹਜ ਦਰਸ਼ਨ ਦਾ ਅੰਸ਼ ਵੱਖ ਕਰਕੇ ਫਿਰ ਯਥਾਰਥ ਤਕ ਪਹੁੰਚਣਾ ਪੈਂਦਾ ਹੈ।" (ਸਫ਼ਾ 87) ਅਤੇ "ਕਲਾ ਕਿਰਤ ਦਾ ਵਿਸ਼ਲੇਸ਼ਣ ਇਸ ਦਾ ਅੰਗ ਨਿਖੇੜ, ਇਸਦੇ ਬਿੰਬਾਂ ਨੂੰ ਵੱਖ ਵੱਖ ਕਰਕੇ, ਕਲਾ-ਕ੍ਰਿਤ ਦੇ ਮੰਤਕ ਦੀ ਤਰਤੀਬ ਵਿਚੋਂ ਕੱਢ ਕੇ ਜ਼ਿੰਦਗੀ ਦੇ ਮੰਤਕ ਨਾਲ ਮੇਲ ਖਾਣਾ ਇਸ ਸੱਚ ਦੀ ਪਛਾਣ ਵੀ ਹੈ ਕਸੌਟੀ ਵੀ" (ਸਫ਼ਾ 97)। ਜੇ ਸਾਹਿਤ ਵਿਚ ਪ੍ਰਗਟ ਹੋਇਆ ਮੰਤਕ ਜੀਵਨ ਦੇ ਮੰਤਕ, ਇਤਿਹਾਸਕ ਵਿਕਾਸ, ਨਾਲ ਮੇਲ ਖਾਂਦਾ ਹੋਵੇ, ਤਾਂ ਸਾਹਿਤ ਬਿੰਬਾਂ ਵਿਚ ਪ੍ਰਗਟ ਹੋਈ ਇਤਿਹਾਸ ਦੀ ਸਵੈਚੇਤਨਾ ਹੋ ਨਿਬੜਦਾ ਹੈ। ਕਿਸੇ ਸਾਹਿਤਕ ਕਿਰਤ ਦਾ ਇਸ ਤੋਂ ਉੱਚਾ ਮੁਲੰਕਣ ਹੋਰ ਕੋਈ ਨਹੀਂ ਹੋ ਸਕਦਾ।

ਸੋ ਸਾਹਿਤ ਦੇ ਅਧਿਐਨ ਅਤੇ ਵਿਸ਼ਲੇਸ਼ਣ ਲਈ ਸਾਹਿਤ ਦੀ ਪ੍ਰਕਿਰਤੀ ਅਤੇ ਸਾਹਿਤ ਰਚਨਾ

ਦੀ ਹੋਂਦ-ਵਿਧੀ ਜਾਨਣਾ ਅਤੇ ਉਸ ਅਨੁਸਾਰ ਅੰਗ-ਨਿਖੇੜ ਕਰਨਾ ਬਹੁਤ ਜ਼ਰੂਰੀ ਹੈ। ਪਰ ਮੁਲਾਂਕਣ ਦੀ ਪੱਧਰ ਉਤੇ ਨਾਲ ਹੀ, ਸਗੋਂ ਪਹਿਲੀ ਥਾਂ, ਸਮਾਜਕ ਯਥਾਰਥ ਦਾ ਗਿਆਨ ਜ਼ਰੂਰੀ ਹੁੰਦਾ ਹੈ। ਕਿਸੇ ਸਾਹਿਤਕ ਕਿਰਤ ਦੀ ਥਾਹ ਪਾਉਣ ਲਈ ਮੂਲ ਮਹੱਤਾ ਰੱਖਦੇ ਹਨ। ਇਸ ਤੋਂ ਬਿਨਾਂ ਸਾਹਿਤਕ ਕਿਰਤ ਦਾ ਵਿਸ਼ਲੇਸ਼ਣ ਪੂਰੀ ਤਰ੍ਹਾਂ ਅਤੇ ਸਰਬੰਗੀ ਤਰੀਕੇ ਨਾਲ ਕਰ ਸਕਣਾ ਸੰਭਵ ਨਹੀਂ ਹੋਵੇਗਾ।

ਸਮਾਜਕ ਯਥਾਰਥ ਦੇ ਗਿਆਨ ਉਤੇ ਇਸ ਜੋਰ ਕਾਰਨ ਹੀ ਸਾਹਿਤ ਅਧਿਐਨ ਦੀ ਪਦਾਰਥਵਾਦੀ ਵਿਰੋਧ-ਵਿਕਾਸ ਦੀ ਵਿਧੀ ਨੂੰ ਸਮਾਜ ਸ਼ਾਸਤਰੀ ਵਿਧੀ ਕਿਹਾ ਜਾਂਦਾ ਹੈ। ਪਰ ਹੁਣ ਤੱਕ ਸਮਾਜ-ਸ਼ਾਸਤਰੀ ਵਿਧੀ ਜਿਵੇਂ ਵਿਵਹਾਰਕ ਤੌਰ ਉਤੇ ਲਾਗੂ ਕੀਤੀ ਗਈ ਹੈ, ਸਮਾਜ ਅਤੇ ਸਾਹਿਤ ਵਿਚਲੇ ਸੰਬੰਧ ਦੇ ਕਿਸੇ ਇਕ ਨੁਕਤੇ ਦਾ ਜਾਂ ਸੀਮਤ ਖੇਤਰ ਦਾ ਅਧਿਐਨ ਕਰਦੀ ਹੈ ਅਤੇ ਉਸ ਵਿਚ ਵੀ ਸਮਾਜ ਵਿਗਿਆਨ ਨੂੰ ਪਹਿਲ ਦੇਂਦੀ ਹੈ ਅਤੇ ਸਾਹਿਤ ਨੂੰ ਵਿਆਖਿਆ ਵਜੋਂ ਵਰਤਦੀ ਹੈ।

ਪਰ ਪਦਾਰਥਵਾਦੀ ਵਿਰੋਧ-ਵਿਕਾਸ ਦੀ ਵਿਧੀ ਸਾਹਿਤ ਰਚਨਾ ਨੂੰ ਪਹਿਲੀ ਥਾਂ ਉੱਤੇ ਸਾਹਿਤ ਰਚਨਾ ਵਜੋਂ, ਕਲਾ ਵਜੋਂ ਦੇਖਦੀ ਹੈ। ਇਹ ਇਸ ਦੇ ਕਲਾਤਮਕ ਪੱਖ ਦੀ ਕੀਮਤ ਉਤੇ ਸਮਾਜਕ ਤੱਥ ਵੱਲ ਨਹੀਂ ਮੁੜਦੀ, ਸਗੋਂ ਇਸ ਦੇ ਕਲਾਤਮਕ ਪੱਖ ਨੂੰ ਸਮਝਣ ਲਈ ਸਮਾਜਕ ਤੱਥ ਵੱਲ ਆਉਂਦੀ ਹੈ। ਮੁਲਾਂਕਣ ਵਿਚ ਸਮਾਜਕ ਯਥਾਰਥ ਦੇ ਗਿਆਨ ਦੀ ਬੁਨਿਆਦੀ ਮਹੱਤਤਾ ਵੀ ਇਸਦੀ ਕਲਾਤਮਿਕਤਾ ਦੀ ਪੱਧਰ ਜਾਚਣ ਲਈ ਹੀ ਹੈ।

ਪਦਾਰਥਵਾਦੀ ਵਿਰੋਧ-ਵਿਕਾਸ ਦੇ ਬੁਨਿਆਦੀ ਅਸੂਲਾਂ (ਵਸਤੂ, ਵਰਤਾਰੇ ਜਾਂ ਅਮਲ ਦਾ ਠੋਸ ਸਥਿਤੀ ਵਿਚ ਅਧਿਐਨ, ਜਿਸ ਦਾ ਅਰਥ ਹੈ ਉਸ ਦੀ ਗਤੀ ਦੇ ਵਿਸ਼ੇਸ਼ ਪੜਾਵਾਂ ਉਤੇ ਉਸ ਦੇ ਸਰਬ-ਪੱਖੀ ਸੰਬੰਧਾਂ ਦਾ ਅਧਿਐਨ) ਨੂੰ ਸਾਹਿਤ ਦੇ ਸੰਦਰਭ ਵਿਚ ਲਾਗੂ ਕਰਦਿਆਂ ਅਸੀਂ ਸਾਹਿਤਕ ਕਿਰਤ ਦੀ ਹੋਂਦ ਵਿਧੀ ਨੂੰ ਜਾਨਣ ਦੀ, ਅਤੇ ਪ੍ਰਕਿਰਤੀ, ਸਮਾਜ ਅਤੇ ਚੇਤਨਾ ਦੇ ਖੇਤਰਾਂ ਵਿਚ ਇਸ ਦੇ ਸਰਬ-ਪੱਖੀ ਸੰਬੰਧਾਂ ਨੂੰ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿਉਂਕਿ ਸਾਹਿਤ ਦੇ ਰੂਪ, ਰੂਪਾਕਾਰ, ਭਾਸ਼ਾ, ਸ਼ੈਲੀ, ਵਿਸ਼ੇ, ਵਸਤੂ ਵਿਚ ਨਿਰੰਤਰ ਤਬਦੀਲੀ ਆਉਂਦੀ ਰਹਿੰਦੀ ਹੈ, ਇਸ ਲਈ ਇਸ ਤਬਦੀਲੀ ਦੇ ਅਧਿਐਨ ਤੋਂ ਅਸੀਂ ਪਤਾ ਲਾ ਸਕਦੇ ਹਾਂ ਕਿ ਪਦਾਰਥਵਾਦੀ ਵਿਰੋਧ-ਵਿਕਾਸ ਦੇ ਕਾਨੂੰਨ (ਵਿਰੋਧਾਂ ਦੀ ਏਕਤਾ, ਮਾਤਰਾ ਦਾ ਗੁਣ ਵਿਚ ਅਤੇ ਗੁਣ ਦਾ ਮਾਤਰਾ ਵਿਚ ਬਦਲਣਾ, ਅਤੇ ਨਿਸ਼ੇਧ ਦਾ ਨਿਸ਼ੇਧ) ਸਾਹਿਤ ਦੇ ਖੇਤਰ ਵਿਚ ਕਿਵੇਂ ਕੰਮ ਕਰਦੇ ਹਨ। ਪਦਾਰਥਵਾਦੀ ਵਿਰੋਧ-ਵਿਕਾਸ ਦੇ ਪ੍ਰਵਰਗ ਸਾਹਿਤ ਦੀ ਹੋਂਦ ਨੂੰ ਸਮਝਣ ਵਿਚ ਵੀ ਸਹਾਈ ਹੁੰਦੇ ਹਨ। ਅਸੀਂ ਇਹ ਦੇਖਿਆ ਹੈ ਕਿ ਸਾਹਿਤਕ ਕਿਰਤ ਦੀ ਹੋਂਦ ਨੂੰ ਕਾਇਮ ਕਰਨ ਵਾਲਾ ਬੁਨਿਆਦੀ ਵਿਰੋਧ ਰੂਪ ਅਤੇ ਵਸਤੂ ਵਿਚਲਾ ਵਿਰੋਧ ਹੈ ਅਤੇ ਇਨ੍ਹਾਂ ਦੇ ਵਿਰੋਧੀ ਅੰਸ਼ਾਂ ਦੇ ਸੰਤੁਲਨ ਉਤੇ ਹੀ ਇਕ ਇਕਾਈ ਵਜੋਂ ਕਿਰਤ ਦੀ ਹੋਂਦ ਟਿਕੀ ਹੋਈ ਹੁੰਦੀ ਹੈ। ਉੱਪਰ ਅਸੀਂ ਸਾਹਿਤਕ ਕਿਰਤ ਦਾ ਅੰਗ ਨਿਖੇੜ ਕਰਕੇ ਇਸ ਦੇ ਵੱਖੋ ਵੱਖਰੇ ਅੰਗਾਂ, ਉਹਨਾਂ ਦੇ ਪ੍ਰਕਾਰਜਾਂ, ਅੰਤਰ-ਸੰਬੰਧਾਂ ਅਤੇ ਅੰਤਰ-ਕਿਰਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਅਰਥਾਤ ਸਾਹਿਤਕ ਸਿਸਟਮ ਦੇ ਅੰਦਰ ਸਾਹਿਤਕ ਕਿਰਤ ਦੇ ਅੰਗ ਕਿਵੇਂ ਇਕ ਸਮੁੱਚ ਵਿਚ ਮਿਲਦੇ ਅਤੇ ਕੰਮ ਕਰਦੇ ਹਨ। ਸਾਹਿਤ ਦਾ ਅਧਿਐਨ, ਵਿਸ਼ਲੇਸ਼ਣ, ਖੋਜ ਅਤੇ ਮੁਲਾਂਕਣ ਆਪਣੇ ਆਪ ਵਿਚ ਇਕ ਜਟਿਲ ਅਮਲ ਹੈ; ਕਿਉਂਕਿ ਸਾਹਿਤ ਦੀ ਦਿੱਖ ਅਤੇ ਤੱਤ ਇਕ ਨਹੀਂ ਹੁੰਦੇ, ਜਿਸ ਕਰਕੇ ਘਾਲਣਾ ਨਾਲ ਹੀ ਤੱਤ ਤਕ ਪਹੁੰਚਣਾ ਪੈਂਦਾ ਹੈ। ਇਹ ਗੱਲ ਸਾਹਿਤਕ ਲਹਿਰਾਂ ਉੱਤੇ ਵੀ ਲਾਗੂ ਹੁੰਦੀ

ਹੈ, ਜਿਵੇਂ ਕਿ ਸਮਾਜਿਕ ਵਰਤਾਰਿਆਂ ਉੱਤੇ। ਸਾਡੀ ਸਾਰੀ ਦਲੀਲ ਵਿਚ ਕਾਰਨ ਅਤੇ ਅਸਰ ਦੇ ਪ੍ਰਵਰਗ ਕਾਰਜਸ਼ੀਲ ਦੇਖੇ ਜਾ ਸਕਦੇ ਹਨ। ਕਾਰਨ ਅਤੇ ਅਸਰ ਨੂੰ ਪਛਾਣੇ ਤੋਂ ਬਿਨਾਂ ਨਾ ਸਿਰਫ਼ ਅਧਿਐਨ ਅਤੇ ਵਿਸ਼ਲੇਸ਼ਣ ਹੀ ਅਸੰਭਵ ਹਨ, ਸਗੋਂ ਮੁਲਾਂਕਣ ਵੀ ਸੰਭਵ ਨਹੀਂ। ਕਾਰਨ ਅਤੇ ਅਸਰ ਹਰ ਕਿਰਿਆ ਦੀ ਆਧਾਰ ਦਲੀਲ ਬਣਦੇ ਹਨ। ਸਾਹਿਤ ਦਾ ਸਮਾਜਕ ਸੰਦਰਭ ਅਤੇ ਸੁਹਜਾਤਮਕ ਪ੍ਰਕਾਰਜ ਇਸ ਦੀ ਅਨਿਵਾਰਿਤਾ ਅਤੇ ਸੁਤੰਤਰਤਾ ਦੀਆਂ ਹੱਦਾਂ ਨਿਸਚਿਤ ਕਰਦਾ ਹੈ। ਸਾਹਿਤ ਅਤੇ ਇਸ ਦੇ ਅਧਿਐਨ ਦਾ ਖੇਤਰ ਵੀ ਸਾਹਿਤਕ ਹਾਦਸਿਆਂ ਤੋਂ ਸੱਖਣਾ ਨਹੀਂ, ਜਿਵੇਂ ਕਿ ਸਾਹਿਤ ਦੇ ਇਤਿਹਾਸਾਂ ਤੋਂ ਪਤਾ ਲਗ ਸਕਦਾ ਹੈ।

ਅਖ਼ੀਰ ਵਿਚ ਅਸੀਂ ਸਾਹਿਤ ਦੇ ਮੁਲਾਂਕਣ ਵਿਚ ਉਸ ਸਮਾਜਕ ਯਥਾਰਥ ਦੇ ਗਿਆਨ ਨੂੰ ਬੁਨਿਆਦੀ ਮਹੱਤਾ ਦਿੱਤੀ ਹੈ, ਜਿਸ ਵਿਚੋਂ ਸਾਹਿਤ ਪੈਦਾ ਹੁੰਦਾ ਹੈ। ਸਾਹਿਤ ਇਕ ਸਮਾਜਕ ਚੇਤਨਾ ਹੈ। ਪਦਾਰਥਵਾਦੀ ਵਿਰੋਧ-ਵਿਕਾਸ ਚੇਤਨਾ ਨੂੰ ਪਦਾਰਥਕ ਯਥਾਰਥ ਦਾ ਪ੍ਰਤਿਬੰਬ ਕਹਿੰਦਾ ਹੈ। ਜਿਸ ਕਰਕੇ ਇਸ ਚੇਤਨਾ ਦਾ ਮਾਪ ਕੋਈ ਹੋਰ ਚੇਤਨਾ ਨਹੀਂ ਸਗੋਂ ਉਹੀ ਚੀਜ਼ ਹੋਵੇਗੀ ਜਿਸ ਦੀ ਇਹ ਪ੍ਰਤਿਬਿੰਬ ਹੈ।

ਤਾਂ ਵੀ ਸਾਹਿਤ-ਅਧਿਐਨ ਵਿਚ ਪ੍ਰਾਥਮਿਕਤਾ ਸਾਹਿਤਕ ਕਿਰਤ ਦੀ ਹੀ ਰਹਿੰਦੀ ਹੈ। ਕਲਾ ਅਤੇ ਸਾਹਿਤ ਵਿਚ ਕਲਾਤਮਿਕਤਾ ਦਾ ਵਾਹਨ ਬਿੰਬ ਹੁੰਦਾ ਹੈ, ਜੋ ਫਿਰ ਯਥਾਰਥ (ਬੋਧ) ਅਤੇ ਬੋਧਕ (ਸੁਹਜ ਅਤੇ ਦ੍ਰਿਸ਼ਟੀਕੋਣ) ਦਾ ਸੁਮੇਲ ਹੁੰਦਾ ਹੈ। ਬਿੰਬ ਦਾ ਅੰਗ ਨਿਖੇੜ ਕਰਕੇ ਹੀ ਅਸੀਂ ਕਿਰਤ ਵਿਚ ਪ੍ਰਾਪਤ ਯਥਾਰਥ ਨੂੰ ਲੱਭ ਸਕਦੇ ਹਾਂ ਅਤੇ ਸਮਾਜਕ ਯਥਾਰਥ ਨਾਲ ਇਸ ਦੀ ਅਨੁਰੂਪਤਾ ਦੀ ਪੱਧਰ ਤੋਂ ਇਸਦਾ ਮੁਲਾਂਕਣ ਕਰ ਸਕਦੇ ਹਾਂ।

ਗਿਆਨ ਦੇ ਹਰ ਖੇਤਰ ਵਿਚ ਆਪਣੇ ਵੀ ਵਿਸ਼ੇਸ਼ ਪ੍ਰਵਰਗ ਹੁੰਦੇ ਹਨ। ਇਸ ਕਰਕੇ ਐਸੇ ਪ੍ਰਵਰਗਾਂ ਦੇ ਜ਼ਿਕਰ ਤੋਂ ਬਿਨਾਂ ਗੱਲ ਪੂਰੀ ਨਹੀਂ ਹੋ ਸਕਦੀ, ਜਿਹੜੇ ਸਿਰਫ਼ ਸਾਹਿਤ ਅਤੇ ਕਲਾ ਦੇ ਖੇਤਰ ਵਿਚਲੇ ਅਮਲਾਂ ਅਤੇ ਵਰਤਾਰਿਆਂ ਨੂੰ ਸਮਝਣ ਲਈ ਜ਼ਰੂਰੀ ਹਨ।

ਇਸ ਤਰ੍ਹਾਂ ਦਾ ਸਭ ਤੋਂ ਪਹਿਲਾ ਪ੍ਰਵਰਗ-ਜੁੱਟ ਯਥਾਰਥ ਅਤੇ ਸੰਭਾਵਨਾ ਬਣਦਾ ਹੈ। ਕਲਾ ਅਤੇ ਸਾਹਿਤ ਦੇ ਖੇਤਰ ਵਿਚ ਇਸਦੇ ਵਿਸ਼ੇਸ਼ ਅਰਥ ਹਨ। ਅਸੀਂ ਪਹਿਲਾਂ ਵੀ ਕਹਿ ਆਏ ਹਾਂ ਕਿ ਸਾਹਿਤ ਯਥਾਰਥ ਨਹੀਂ, ਯਥਾਰਥ ਦੀ ਪੁਨਰ ਸਿਰਜਣਾ ਹੁੰਦਾ ਹੈ। ਯਥਾਰਥ ਕਲਾ-ਕਿਰਤ ਤੋਂ ਬਾਹਰ ਹੁੰਦਾ ਹੈ, ਕਲਾ-ਕਿਰਤ ਦੇ ਅੰਦਰ ਸੰਭਵ-ਯਥਾਰਥ ਹੁੰਦਾ ਹੈ। ਬੁਨਿਆਦ ਇਸਦੀ ਵੀ ਯਥਾਰਥ ਉੱਪਰ ਹੀ ਹੁੰਦੀ ਹੈ। ਇਸ ਲਈ ਇਹ ਯਥਾਰਥ ਹੋਣ ਦਾ ਝਾਵਲਾ ਦੇਂਦਾ ਹੈ। ਇਸ ਸੰਭਵ-ਯਥਾਰਥ ਲਈ ਸਗੋਂ ਲਾਜ਼ਮੀ ਸ਼ਰਤ ਹੁੰਦੀ ਹੈ ਕਿ ਯਥਾਰਥ ਦੇ ਲਾਜ਼ਮੀ ਤੱਤਾਂ ਅਤੇ ਸੰਬੰਧਾਂ ਨੂੰ ਪੇਸ਼ ਕਰ ਰਿਹਾ ਹੋਵੇ, ਨਹੀਂ ਤਾਂ ਇਹ ਯਥਾਰਥ ਦੀ ਪੁਨਰ-ਸਿਰਜਣਾ ਨਾ ਰਹਿ ਕੇ ਨਿਰੋਲ ਕਲਪਨਾ ਬਣ ਜਾਏਗਾ। ਇਸ ਪੁਨਰ-ਸਿਰਜਣਾ ਵਿਚ ਭਾਵੇਂ ਕਲਪਣਾ ਦਾ ਹੱਥ ਲਾਜ਼ਮੀ ਹੁੰਦਾ ਹੈ, ਪਰ ਇਸ ਪੁਨਰ-ਸਿਰਜਣਾ ਦਾ ਅਰਥ ਅਤੇ ਮੁੱਲ ਯਥਾਰਥ ਦੇ ਲਾਜ਼ਮੀ ਤੱਤਾਂ ਦੇ ਹਵਾਲੇ ਨਾਲ ਹੀ ਪੈਂਦਾ ਹੈ।

ਸਾਹਿਤ ਵਿਚ ਵੈਸੇ ਵੀ ਜੀਵਨ ਵਿਚ ਵਾਪਰਦੀ ਹਰ ਘਟਨਾ ਨੂੰ ਨਹੀਂ ਲਿਆ ਜਾ ਸਕਦਾ। ਇਸ ਵਾਸਤੇ ਮਿਲਦੇ ਯਥਾਰਥ ਵਿਚੋਂ ਚੋਣ ਲਾਜ਼ਮੀ ਹੋ ਜਾਂਦੀ ਹੈ। ਸਾਹਿਤ ਦੀ ਕਦਰ ਇਸ ਗੱਲ ਉਤੇ ਟਿਕੀ ਹੁੰਦੀ ਹੈ ਕਿ ਉਹ ਮਿਲਦੇ ਸਮਾਜਕ ਯਥਾਰਥ ਦੇ ਸਿਰਫ਼ ਲਾਜ਼ਮੀ ਤੱਤਾਂ, ਸੰਬੰਧਾਂ ਅਤੇ ਉਸ ਖ਼ਾਸ

ਪੜਾਅ ਉਤੇ ਇਸਦੀ ਗਤੀ ਨੂੰ ਨਿਰਧਾਰਤ ਕਰ ਰਹੇ ਵਿਰੋਧਾਂ ਨੂੰ ਹੀ ਲਵੇ, ਸਗੋਂ ਇਸ ਚੋਣ ਨੂੰ ਐਸੇ ਸੰਭਵ-ਯਥਾਰਥ ਵਿਚ ਸੰਗਠਿਤ ਕਰੇ, ਜਿਸ ਤੋਂ ਇਸ ਗਤੀ ਦੇ ਰੁਖ ਦਾ ਵੀ ਪਤਾ ਲੱਗ ਸਕੇ। ਆਪਣੇ ਇਹਨਾਂ ਗੁਣਾਂ ਕਰਕੇ ਹੀ ਸੰਭਵ ਜਾਂ ਮੁੜ-ਸਿਰਜਿਆ ਯਥਾਰਥ ਕਈ ਵਾਰੀ ਮਿਲਦੇ ਸਮਾਜਕ ਯਥਾਰਥ ਬਾਰੇ ਸਾਡੇ ਗਿਆਨ ਨੂੰ ਡੂੰਘਾਈ ਦੇਂਦਾ ਹੈ, ਸਾਡੀ ਸੰਵੇਦਨਾ ਵਿਚ ਵਾਧਾ ਕਰਦਾ ਹੈ।

ਜਿਵੇਂ ਕਿ ਉਪਰ ਕਿਹਾ ਗਿਆ ਹੈ ਕਿ ਹਰ ਸਮਾਜਕ ਚੇਤਨਾ ਆਪਣੇ ਖੇਤਰ ਦੇ ਯਥਾਰਥ ਦਾ ਵਰਨਣ ਹੀ ਨਹੀਂ ਕਰਦੀ, ਸਗੋ ਇਸ ਨੂੰ ਪ੍ਰਭਾਵਤ ਵੀ ਕਰਦੀ ਹੈ। ਸਾਹਿਤ ਵੀ ਯਥਾਰਥ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦਾ ਹੈ, ਅਤੇ ਇਸ ਤੋਂ ਆਸ ਇਹ ਰੱਖੀ ਜਾਂਦੀ ਹੈ ਕਿ ਇਹ ਸਮਾਜਕ ਯਥਾਰਥ ਦੀ ਗਤੀ ਨੂੰ ਇਤਿਹਾਸ ਦੇ ਰੁਖ ਨੂੰ ਸਾਕਾਰ ਕਰਦਾ ਹੈ। ਇਸ ਤੋਂ 'ਯਥਾਰਥਕ ਅਤੇ ਆਦਰਸ਼ਕ' ਦਾ ਪ੍ਰਵਰਗ ਜੁੱਟ ਮਿਲਦਾ ਹੈ। ਸਾਹਿਤ ਵਿਚ ਆਦਰਸ਼ਕ ਆਮ ਕਰਕੇ ਐਸੇ ਗਲਪ-ਪਾਤਰਾਂ ਰਾਹੀਂ ਸਾਕਾਰ ਕੀਤਾ ਜਾਂਦਾ ਹੈ, ਜਿਹੜੇ ਆਪਣੇ ਵਿਹਾਰ ਵਿਚ ਆਦਰਸ਼ਕ ਕੀਮਤਾਂ ਹੰਢਾਉਂਦੇ ਹੋਏ ਦੂਜੇ ਪਾਤਰਾਂ ਨਾਲ ਸੰਬੰਧਾਂ ਵਿਚ ਅਤੇ ਇਹਨਾਂ ਸੰਬੰਧਾਂ ਵਿਚੋਂ ਜਨਮਦੀਆਂ ਘਟਨਾਵਾਂ ਵਿਚ ਆਦਰਸ਼ਕ ਢੰਗ ਨਾਲ ਪੇਸ਼ ਆਉਂਦੇ ਹਨ।

ਹਰ ਯੁਗ ਵਿਚ ਆਦਰਸ਼ਾਂ, ਆਦਰਸ਼ਕ ਕੀਮਤਾਂ ਅਤੇ ਆਦਰਸ਼ਕ ਵਿਅਕਤੀਆਂ ਬਾਰੇ ਸੰਕਲਪ ਬਦਲਦਾ ਰਹਿੰਦਾ ਹੈ। ਜੇ ਕਿਸੇ ਵੇਲੇ ਆਦਰਸ਼ਕ ਨਾਇਕ ਚਮਤਕਾਰੀ ਲੱਛਣ ਰੱਖਣਾ ਜ਼ਰੂਰੀ ਸੀ ਤਾਂ ਅੱਜ ਨਾਇਕ ਦਾ ਨਿਰੋਲ ਹੱਡ ਮਾਸ ਦਾ ਪੁਤਲਾ ਹੋਣਾ ਜ਼ਰੂਰੀ ਹੈ, ਜਿਹੜਾ ਸਮਾਜ ਵਿਚਲੇ ਸਾਧਾਰਨ ਵਿਅਕਤੀਆਂ ਵਾਂਗ ਹੀ ਹੋਵੇ, ਸਿਰਫ਼ ਆਪਦੇ ਆਚਰਣ ਦੀਆਂ ਖਾਸੀਅਤਾਂ ਵਿਚ ਸੰਭਵ ਹੱਦ ਤਕ ਆਦਰਸ਼ਕ ਹੋਵੇ। ਘਟਨਾਵਾਂ ਅਤੇ ਅਵਸਥਾਵਾਂ ਵਿਚ ਵੀ ਆਦਰਸ਼ਕ ਨੂੰ ਸਾਕਾਰ ਕੀਤਾ ਜਾ ਸਕਦਾ ਹੈ, ਪਰ ਇਹਨਾਂ ਦਾ ਸੋਮਾ ਵੀ ਗਲਪ-ਪਾਤਰ ਹੀ ਹੁੰਦਾ ਹੈ, ਜਿਸ ਕਰਕੇ ਇਥੇ ਅਸੀਂ ਸਿਰਫ਼ ਗਲਪ-ਪਾਤਰ ਦੀ ਹੀ ਗੱਲ ਕੀਤੀ ਹੈ। ਕਲਾਤਮਕਤਾ ਨੂੰ ਭੰਗ ਕੀਤੇ ਬਿਨਾਂ ਆਦਰਸ਼ਕ ਨੂੰ ਪੇਸ਼ ਕਰਨ ਦਾ ਵੀ ਇਕੋ ਇਕ ਸੰਭਵ ਤਰੀਕਾ ਇਹੀ ਹੈ, ਭਾਵੇਂ ਕਿ ਲੇਖਕ ਸਿੱਧਾ ਦਖ਼ਲ ਦੇ ਕੇ ਵੀ ਇਹ ਕੰਮ ਕਰ ਸਕਦਾ ਹੈ। (ਗਲਪ ਅਤੇ ਕਵਿਤਾ ਵਿਚ ਭਾਸ਼ਣੀ ਗੁਣਾਂ ਰਾਹੀਂ)। ਪਰ ਇਸ ਤਰ੍ਹਾਂ ਉਹ ਕਲਾਤਮਕਤਾ ਨੂੰ ਭੰਗ ਕਰ ਰਿਹਾ ਹੁੰਦਾ ਹੈ।

ਸੋ ਜੇ ਕਲਿਆਣਕਾਰੀ ਹੋਣਾ ਸਾਹਿਤ ਦਾ ਕੋਈ ਗੁਣ ਸਮਝਿਆ ਜਾਂਦਾ ਹੋਵੇ (ਅਤੇ ਹਰ ਚੰਗਾ ਸਾਹਿਤ ਕਲਿਆਣਕਾਰੀ ਹੁੰਦਾ ਹੈ) ਤਾਂ ਕਿਸੇ ਨਾ ਕਿਸੇ ਪੱਧਰ ਉਤੇ ਆਦਰਸ਼ਕ ਦਾ ਚਿਤ੍ਰਣ ਲਾਜ਼ਮੀ ਹੋ ਜਾਂਦਾ ਹੈ। ਪਰ ਇਹ ਆਦਰਸ਼ਕ, ਅਸਲ ਵਿਚ ਮਨੁੱਖੀ ਸ਼ਖ਼ਸੀਅਤ ਬਾਰੇ ਸਮੇਂ ਦੇ ਸੰਕਲਪ ਦੇ ਢਾਂਚੇ ਦੇ ਅੰਦਰ ਰਹਿੰਦਿਆਂ ਆਪਣੇ ਸਮੇਂ ਦੇ ਯਥਾਰਥ ਵਿਚਲੀਆਂ ਹਾਂ-ਪੱਖੀ ਕੀਮਤਾਂ ਨੂੰ ਸਾਕਾਰ ਕਰ ਰਿਹਾ ਹੁੰਦਾ ਹੈ। ਜਿਸ ਕਰਕੇ ਇਸਦਾ ਵੀ ਆਪਣੇ ਸਮੇਂ ਦੇ ਯਥਾਰਥ ਨਾਲ ਅਤਿ ਨਿਕਟਵਰਤੀ ਸੰਬੰਧ ਹੁੰਦਾ ਹੈ।

ਸਾਹਿਤ ਅਤੇ ਕਲਾ ਦਾ ਵਿਸ਼ਲੇਸ਼ਣ ਕਰਦਿਆਂ, ਇਸ ਨੂੰ ਸਮਾਜਕ ਚੇਤਨਾ ਦੇ ਦੂਜੇ ਰੂਪਾਂ ਤੋਂ ਨਿਖੇੜਦਿਆਂ, ਜਾਂ ਸਾਹਿਤ ਦੇ ਆਪਣੇ ਹੀ ਵੱਖ-ਵੱਖ ਰੂਪਾਂ ਨੂੰ ਨਿਖੇੜਦਿਆਂ ਅਕਸਰ 'ਭਾਵਕ/ਤਾਰਕਿਕ' ਪ੍ਰਵਰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਤੌਰ ਉਤੇ ਇਹਨਾਂ ਨੂੰ ਇੰਝ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਇਹਨਾਂ ਦੀ ਆਪਸ ਵਿਚ ਸਾਂਝ ਕੋਈ ਨਹੀਂ ਹੁੰਦੀ, ਜਾਂ ਇਹ ਇਕ ਦੂਜੇ ਦੇ ਉਲਟ ਹੁੰਦੇ ਹਨ, ਜਾਂ ਸਗੋਂ

ਇਕ ਦੂਜੇ ਦਾ ਨਿਸ਼ੇਧ ਹੁੰਦੇ ਹਨ। ਪਰ ਅਸਲ ਵਿਚ ਇਹ ਇਕੋ ਹੀ ਕਿਰਿਆ ਦਾ ਪ੍ਰਗਟਾਅ ਅਤੇ ਉਸਦੇ ਦੋ ਪੱਖ ਹਨ। 'ਭਾਵ ਤੋਂ ਮਤਲਬ ਅਹਿਸਾਸ ਹੈ, ਤਰਕ ਤੋਂ ਮਤਲਬ ਸਮਝ ਹੈ, ਅਤੇ ਦੋਵੇਂ ਹੀ ਬੁਧੀ ਦੀਆਂ ਕਿਰਿਆਵਾਂ ਹਨ'। ਮਨੁੱਖ ਭਾਵਾਂ ਰਾਹੀਂ ਆਪਣੇ ਮਾਹੌਲ ਦੇ ਅੰਸ਼ਾਂ ਪ੍ਰਤਿ ਆਪਣਾ ਰਵੱਈਆ ਪ੍ਰਗਟ ਕਰਦਾ ਹੈ, ਜਿਵੇਂ ਪਿਆਰ, ਉਤਸ਼ਾਹ, ਖੁਸ਼ੀ, ਉਦਾਸੀ, ਗ਼ਮੀ, ਸੰਤੁਸ਼ਟਤਾ, ਅਸੰਤੁਸ਼ਟਤਾ, ਨਫ਼ਰਤ, ਆਦਿ। ਭਾਵ ਅਲਪ ਕਾਲੀ ਵੀ ਹੋ ਸਕਦੇ ਹਨ (ਖੁਸ਼ੀ, ਉਦਾਸੀ) ਦੀਰਘ ਕਾਲੀ ਵੀ (ਮੂਡ), ਸਥਾਈ ਵੀ (ਮੁਹੱਬਤ, ਨਫ਼ਰਤ), ਤੁਰਤ ਪ੍ਰਤਿਕਰਮ ਵੀ ਹੋ ਸਕਦੇ ਹਨ (ਸੰਤੁਸ਼ਟਤਾ, ਅਸੰਤੁਸ਼ਟਤਾ), ਭਾਵਾਂ ਨੂੰ ਸਾਧਾਰਨ ਅਤੇ ਉੱਚੇ ਭਾਵਾਂ ਵਿਚ ਵੀ ਵੰਡਿਆ ਜਾਂਦਾ ਹੈ, ਜਿਥੇ ਸਾਧਾਰਨ ਭਾਵ ਖੁਸ਼ੀ/ਗ਼ਮੀ ਦੇ ਰੂਪ ਵਿਚ ਤੁਰਤ ਪ੍ਰਤੀਕਰਮ ਹੁੰਦੇ ਹਨ, ਉਥੇ ਭਾਵ ਬੌਧਕ, ਸੁਹਜਾਤਮਕ ਅਤੇ ਇਖਲਾਕੀ ਖੇਤਰਾਂ ਨਾਲ ਸੰਬੰਧਤ ਹੁੰਦੇ ਹਨ। ਬੌਧਕ ਤੋਂ ਬੌਧਕ ਘਾਲਣਾ ਵੀ ਇਕ ਖ਼ਾਸ ਤਰ੍ਹਾਂ ਦੀ ਤੀਬਰਤਾ ਅਤੇ ਉਤਸ਼ਾਹ ਤੋਂ ਬਿਨਾਂ ਨਹੀ ਕੀਤੀ ਜਾ ਸਕਦੀ, ਜੋ ਕਿ ਭਾਵਕ ਸਥਿਤੀਆਂ ਹਨ। ਅਤਿ ਦੀ ਅਲਪਕਾਰੀ ਅਤੇ ਤੁਰਤ ਪੈਦਾ ਹੋਈ ਭਾਵਕਤਾ ਵੀ ਆਪਣਾ ਤਰਕ ਰੱਖਦੀ ਹੈ। ਤਰਕ ਤੋਂ ਬਾਹਰੀ ਭਾਵੁਕਤਾ ਪਾਗ਼ਲਪਣ ਜਾਂ ਉਪਭਾਵਕਤਾ ਹੈ, ਜੋ ਕਿ ਭਾਵਕਤਾ ਦਾ ਉਲਟ ਹਨ। ਤਾਰਕਿਕਤਾ ਦਾ ਉਲਟ ਅਤਾਰਕਿਕਤਾ ਹੈ, ਭਾਵਕਤਾ ਨਹੀਂ।

ਕਲਾਕਾਰ ਅਤੇ ਗ਼ੈਰ ਕਲਾਕਾਰ ਮਨੁੱਖ ਵਿਚ ਭਾਵਕਤਾ ਦੇ ਪੱਖੋਂ ਕੋਈ ਗੁਣਾਤਮਕ ਫ਼ਰਕ ਨਹੀਂ ਹੁੰਦਾ। ਦੋਵੇਂ ਹੀ ਕਿਸੇ ਯਥਾਰਥਕ ਸਥਿਤੀ ਵੱਲ ਇਕੋ ਤਰ੍ਹਾਂ ਦੀ ਭਾਵਕਤਾ ਨਾਲ ਪ੍ਰਤਿਕਰਮ ਦੇ ਸਕਦੇ ਹਨ। ਸਗੋਂ ਕਲਾ ਦੇ ਮਾਨਣ ਵਿਚ ਇਕ ਸਾਂਝ ਇਹ ਸਾਂਝੀ ਭਾਵੁਕਤਾ ਹੁੰਦੀ ਹੈ, ਜਿਸ ਨੂੰ ਕਲਾਕਾਰ ਨੇ ਬਿੰਬਾਂ ਦਾ ਰੂਪ ਦੇ ਕੇ ਅਪ੍ਰਤੱਖ ਕੀਤਾ ਹੁੰਦਾ ਹੈ, ਅਤੇ ਜਿਸ ਨੂੰ ਪਾਠਕ ਮੁੜ ਪ੍ਰਤੱਖ ਕਰਕੇ ਇਸ ਸਾਂਝ ਨੂੰ ਲੱਭਦਾ ਹੈ। ਇਹ ਸਫ਼ਲ ਢੂੰਡ ਉਸ ਲਈ ਸੁਹਜ-ਸੰਤੁਸ਼ਟੀ ਦਾ ਕਾਰਨ ਬਣਦੀ ਹੈ। ਇਸ ਅਮਲ ਦੇ ਦੌਰਾਨ ਉਹ ਭਾਵਕ ਪ੍ਰਤੀਕਰਮ ਪੈਦਾ ਕਰਨ ਵਾਲੀ ਉਸ ਸਾਂਝੀ ਅਵਸਥਾ ਦੇ ਨਵੇਂ ਪੱਖਾਂ, ਨਵੇਂ ਰਿਸ਼ਤਿਆਂ ਬਾਰੇ ਜਾਣਦਾ ਹੈ, ਜਿਹੜੇ ਲੇਖਕ ਨੇ ਬਿੰਬ ਵਿਚ ਲੁਕਾਏ ਹੁੰਦੇ ਹਨ।

ਇਥੇ ਹੀ ਕਲਾਕਾਰ ਅਤੇ ਗ਼ੈਰ-ਕਲਾਕਾਰ ਫ਼ਰਕ ਦਿਸਦਾ ਹੈ ਕਿ ਕਲਾਕਾਰ ਆਪਣੇ ਭਾਵਕ ਪ੍ਰਤਿਕਰਮਾਂ ਨੂੰ ਕਲਾ ਦਾ, ਕਲਾ-ਬਿੰਬ ਦਾ ਰੂਪ ਦੇਣ ਦੀ ਸਮਰੱਥਾ ਰੱਖਦਾ ਹੈ, ਜੋ ਕਿ ਫਿਰ ਇਕ ਚੇਤੰਨ ਤਾਰਕਿਕ ਯਤਨ ਹੁੰਦਾ ਹੈ। ਸਮਾਜਕ ਪ੍ਰਸਥਿਤੀਆਂ ਵਿਚੋਂ ਸਾਂਝੀ ਤਾਰ ਨੂੰ ਲੱਭਣਾ, ਚੁਣੀਆਂ ਘਟਨਾਵਾਂ ਨੂੰ ਸਾਂਝੀ ਤਾਰ ਵਿਚ ਪਰੋਣਾ, ਯਥਾਰਥ ਨੂੰ ਉਭਾਰਨ ਲਈ ਕਲਾ-ਜੁਗਤਾਂ ਲੱਭਣਾ, ਇਹ ਸਾਰਾ ਕੁਝ ਭਾਵੁਕ ਕਰਮ ਨਹੀਂ, ਸਗੋਂ ਇਸ ਲਈ ਉਸੇ ਹੀ ਘੋਰ-ਘਾਲਣਾ ਵਿਚੋਂ ਲੰਘਣਾ ਪੈਂਦਾ ਹੈ, ਜਿਸ ਵਿਚੋਂ ਕਿਸੇ ਫਿਲਾਸਫ਼ਰ ਨੂੰ, ਜਾਂ ਵਿਗਿਆਨੀ ਨੂੰ ਕਿਸੇ ਸੱਚ ਤੱਕ ਪਹੁੰਚਣ ਲਈ। ਅਤੇ ਇਹ ਘਾਲਣਾ ਭਾਵਕ ਨਹੀਂ ਹੁੰਦੀ, ਭਾਵਾਂ ਦੀ ਤਾਰਕਿਕ ਮੁੜ-ਸਿਰਜਣਾ ਹੁੰਦੀ ਹੈ। ਸੋ ਸਾਹਿਤ ਰਚਨਾ ਵਿਚ ਭਾਵ ਅਤੇ ਤਰਕ ਨਾਲ ਨਾਲ ਚਲਦੇ ਹਨ, ਇਕ ਦੂਜੇ ਨੂੰ ਰੂਪ ਦੇਂਦੇ ਅਤੇ ਉਘਾੜਦੇ ਹਨ।

ਇਥੇ ਹੀ ਤਰਕ ਅਤੇ ਅੰਤਰ-ਸੂਝ ਦੇ ਪ੍ਰਵਰਗ ਸਾਹਮਣੇ ਆਉਂਦੇ ਹਨ। ਅੰਤਰ-ਸੂਝ ਨੂੰ, ਕਿਸੇ ਦੈਵੀ ਗੁਣ ਨਾਲ ਜਾਂ ਧੁਰ-ਸੰਬੰਧ ਨਾਲ ਜੋੜਿਆ ਜਾਂਦਾ ਰਿਹਾ ਹੈ, ਜਦ ਕਿ ਇਹ ਬੁੱਧੀ ਦੀ ਸਾਧਾਰਨ ਪ੍ਰਕਿਰਿਆ ਹੈ। ਬੁੱਧੀ ਆਪਣੇ ਆਪ ਉਤੇ ਬਹੁਤਾ ਬੋਝ ਨਾ ਪਾਉਣ ਲਈ ਕਾਰਨ ਤੋਂ ਅਸਰ ਤੱਕ ਸਾਰੇ ਸਫ਼ਰ ਨੂੰ ਯਾਦ ਰੱਖਣਾ ਜ਼ਰੂਰੀ ਨਹੀਂ ਸਮਝਦੀ, ਸਗੋਂ ਕਾਰਨ ਅਤੇ ਅਸਰ-ਪਦਾਰਥਕ ਅਮਲ ਦੇ ਦੋ

ਸਿੱਟਿਆਂ ਨੂੰ ਹੀ ਯਾਦ ਰੱਖਦੀ ਹੈ। ਮਗਰੋਂ ਕਿਸੇ ਵੀ ਰਲਦੀ ਮਿਲਦੀ ਅਵਸਥਾ ਵਿਚ ਉਸ ਤਰਕ ਜਾਂ ਮੰਤਕ ਦੀ ਸ਼ਮੂਲੀ ਤੋਂ ਬਿਨਾਂ ਸਿੱਧਾ ਸਿੱਟਿਆਂ ਤੱਕ ਜਾ ਪਹੁੰਚਦੀ ਹੈ। ਅੰਤਰ-ਸੂਝ ਕੋਈ ਜੋਤਿਸ਼ ਵੀ ਨਹੀਂ। ਅੰਤਰ-ਸੂਝ ਉਥੇ ਹੀ ਹੁੰਦੀ ਹੈ ਜਿੱਥੇ ਅਭਿਆਸ ਅਤੇ ਅਨੁਭਵ ਹੋਵੇ।

ਕਲਾ ਜਾਂ ਸਾਹਿਤ ਵਿਚ 'ਅੰਤਰ-ਸੂਝ' ਦਾ ਬਹੁਤ ਰੋਲ ਹੁੰਦਾ ਹੈ। ਇਸ ਦੇ ਆਸਰੇ ਹੀ ਸਾਹਿਤਕਾਰ ਪੇਸ਼ ਕੀਤੇ ਯਥਾਰਥ ਦੀ ਮੰਤਕੀ ਪੇਸ਼ਕਾਰੀ ਨੂੰ ਆਪਣੇ ਭਾਵ ਲਗਾਓ ਅਤੇ ਵਿਚਾਰਧਾਰਕ ਪੁਜ਼ੀਸ਼ਨਾਂ ਕਾਰਨ ਕਿਰਤ ਦੇ ਹੋਰ ਪੱਖਾਂ ਵਿਚ ਪੈਦਾ ਹੋਣ ਵਾਲੇ ਵਿਗਾੜ ਤੋਂ ਬਚਾ ਲੈਂਦਾ ਹੈ, ਕਿਉਂਕਿ ਅੰਤਰ-ਸੂਝ ਬੁੱਧੀ ਅਤੇ ਤਰਕ ਦੀ ਹੀ ਇਕ ਪ੍ਰਕਿਰਿਆ ਹੋਣ ਦੇ ਬਾਵਜੂਦ ਚੇਤਨਤਾ ਦੀ ਪੱਧਰ ਉਤੇ ਨਹੀਂ ਵਿਚਰ ਰਹੀ ਹੁੰਦੀ, ਨਹੀਂ ਤਾਂ ਇਹ ਅੰਤਰ-ਸੂਝ ਨਾ ਰਹੇ।

ਉਪਰੋਕਤ ਸਾਰੀ ਬਹਿਸ ਤੋਂ ਪ੍ਰਤੱਖ ਹੈ ਕਿ 'ਆਤਮਪਰਕ ਅਤੇ ਵਸਤੂਪਰਕ' ਦੇ ਪ੍ਰਵਰਗ ਸਾਹਿਤ ਅਤੇ ਕਲਾ ਲਈ ਬੁਨਿਆਦੀ ਮਹੱਤਾ ਰੱਖਦੇ ਹਨ। ਇਹਨਾਂ ਨੂੰ ਵੀ ਅਕਸਰ ਹੀ ਵਿਰੋਧੀ ਅਤੇ ਅਣ-ਸੰਬੰਧਤ ਪ੍ਰਵਰਗਾਂ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਅਸਲ ਵਿਚ ਸਾਹਿਤ ਦੇ ਸਮੁੱਚੇ ਅਮਲ ਵਿਚ ਇਹ ਇਕ ਦੂਜੇ ਨਾਲ ਘੁਲੇ ਮਿਲੇ ਹੁੰਦੇ ਹਨ। ਸਾਹਿਤ ਦੇ ਅੰਸ਼ਾਂ ਦੀ ਪੱਧਰ ਉਤੇ ਵੀ ਇਹ ਦੋਵੇਂ ਪੱਖ ਨਾਲ ਨਾਲ ਚਲਦੇ ਹਨ। ਵਸਤੂਪਰਕ ਸਮਾਜਕ ਯਥਾਰਥ ਆਤਮਪਰਕ ਲੱਛਣਾਂ ਰਾਹੀਂ ਸਾਕਾਰ ਹੁੰਦਾ ਹੈ। ਨਾ ਸਿਰਫ਼ ਵਸਤੂ ਵਿਚ ਸਗੋਂ ਰੂਪ ਵਿਚ ਵੀ ਇਹ ਦੋਵੇਂ ਪੱਖ ਨਾਲ ਨਾਲ ਚਲਦੇ ਹਨ। ਸ਼ੈਲੀ ਨੂੰ ਪ੍ਰਤਿਮਾਨਾਂ (ਵਸਤੂਪਰਕਤਾ) ਤੋਂ ਲਾਂਭੇ ਜਾਣ (ਆਤਮਪਰਕਤਾ) ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ। ਭਾਸ਼ਾ ਅਤੇ ਰੂਪਾਕਾਰ ਵਿਚ ਵੀ ਸਥਾਪਤ (ਵਸਤੂਪਰਕ) ਅਤੇ ਪਰਾਪਤ (ਆਤਮਪਰਕ) ਇਕੋ ਥਾਂ ਕੰਮ ਕਰ ਰਹੇ ਹੁੰਦੇ ਹਨ। ਅਸਲ ਵਿਚ ਹਰ ਰਚਨਾ ਦੀ ਵਿਲੱਖਣਤਾ ਵਸਤੂਪਰਕ ਅਤੇ ਆਤਮਪਰਕ ਦੇ ਮੌਲਕ ਸੰਬੰਧ ਵਿਚ ਵੀ ਜਨਮ ਧਾਰਦੀ ਹੈ।

ਪਰ ਇਸ ਮੌਲਿਕ ਸੰਬੰਧ ਦੇ ਪਿੱਛੇ ਸਿਰਫ਼ ਆਤਮਪਰਕਤਾ ਕੰਮ ਨਹੀਂ ਕਰ ਰਹੀ ਹੁੰਦੀ। ਆਤਮਪਰਕਤਾ ਅਤੇ ਵਸਤੂਪਰਕਤਾ ਦੇ ਸੰਬੰਧ ਤੋਂ ਭਾਵ ਸਿਰਫ਼ ਇਹ ਹੈ ਕਿ ਹਰ ਦੇਖਣ ਵਾਲੀ ਅੱਖ ਆਪਣੀ ਸ਼ਕਤੀ ਨਾਲ ਅਤੇ ਆਪਣੇ ਕੋਨ ਤੋਂ ਦੇਖਦੀ ਹੈ, ਇਸ ਲਈ ਇਸ ਦੀ ਹੋਰ ਕਿਸੇ ਨਾਲੋਂ ਵੀ ਵਿਲੱਖਣਤਾ ਹੋਵੇਗੀ। ਇਕੋ ਦ੍ਰਿਸ਼ ਨੂੰ ਵੱਖ ਵੱਖ ਅੱਖਾਂ ਇਕੋ ਤਰ੍ਹਾਂ ਨਾਲ ਨਹੀਂ ਦੇਖੀਆਂ। ਹਰ ਕਿਰਤ ਵਿਚ ਸਾਹਿਤਕਾਰ ਇਹ ਕਹਿੰਦਾ ਲੱਗਦਾ ਹੈ ਕਿ "ਮੈਂ ਇਸ ਹਕੀਕਤ ਨੂੰ ਇੰਜ ਦੇਖਦਾ ਹਾਂ।"

ਪਰ ਵਿਲੱਖਣਤਾ ਸਿਰਫ਼ ਇਹ ਵੀ ਹੋ ਸਕਦੀ ਹੈ ਕਿ ਯਥਾਰਥ ਦੇ ਪਰਾਪਤ ਅੰਸ਼ਾਂ ਅਤੇ ਕਲਾ ਦੀਆਂ ਪਰਾਪਤ ਜੁਗਤਾਂ ਨੂੰ ਕਿਸੇ ਨਵੀਂ ਤਰਤੀਬ ਜਾਂ ਪੈਟਰਨ ਵਿਚ ਵਰਤ ਲਿਆ ਜਾਏ। ਸਿਰਫ਼ ਏਨੀ ਵਿਲੱਖਣਤਾ ਨੂੰ ਕਲਾ ਜਾਂ ਸਾਹਿਤ ਵਿਚ ਅਸੀਂ ਮੌਲਿਕਤਾ ਦਾ ਨਾਂ ਦੇਣ ਤੋਂ ਝਿਜਕਾਂਗੇ। ਮੌਲਿਕਤਾ ਲਈ ਨਵੀਨਤਾ ਦਾ ਅੰਸ਼ ਲਾਜ਼ਮੀ ਹੈ, ਬਦਲਦੇ ਯਥਾਰਥ ਦੇ ਨਵੇਂ ਪੱਖ ਉਜਾਗਰ ਕਰਨ ਵਿਚ, ਯਥਾਰਥ ਨੂੰ ਨਵੇਂ ਚਾਨਣ ਵਿਚ ਪੇਸ਼ ਕਰਨ ਵਿਚ ਨਵੀਆਂ ਕਲਾ-ਜੁਗਤਾਂ ਦੀ ਕਾਢ ਕੱਢਣ ਵਿਚ, ਆਦਿ। ਇਸ ਮਗਰਲੇ ਅੰਸ਼ ਨੂੰ ਕਈ ਵਾਰੀ ਪ੍ਰਯੋਗ ਵੀ ਕਹਿ ਦੇਂਦੇ ਹਨ।

ਜਿਵੇਂ ਕਿ ਉੱਪਰ ਕਿਹਾ ਗਿਆ ਹੈ ਮੌਲਿਕਤਾ, ਨਵੀਨਤਾ, ਪ੍ਰਯੋਗ ਦੇ ਪਿੱਛੇ ਸਿਰਫ਼ ਆਤਮਪਰਕਤਾ ਦਾ ਕੰਮ ਨਹੀਂ ਕਰ ਰਹੀ ਹੁੰਦੀ। ਅਸਲ ਵਿਚ ਯਥਾਰਥ ਲਗਾਤਾਰ ਬਦਲਦਾ ਰਹਿੰਦਾ ਹੈ, ਇਸ ਬਾਰੇ ਗਿਆਨ ਵਿਚ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਡੂੰਘਾਈ ਆਈ ਜਾਂਦੀ ਹੈ। ਇਹ ਸਾਰਾ ਕੁਝ ਮਿਲ

ਕੇ ਸਾਹਿਤਕਾਰ ਅੱਗੇ ਚੈਲੰਜ ਪੇਸ਼ ਕਰਦਾ ਰਹਿੰਦਾ ਹੈ। ਨਵੀਨਤਾ, ਮੌਲਿਕਤਾ ਅਤੇ ਪ੍ਰਯੋਗ ਇਸ ਚੈਲੰਜ ਦੇ ਸੰਦਰਭ ਵਿਚ ਹੀ ਅਰਥ ਰੱਖਦੇ ਹਨ। ਸਿਰਫ਼ ਵਿਲੱਖਣਤਾ ਲਿਆਉਣ ਜਾਂ ਹਉਂ ਨੂੰ ਪ੍ਰਗਟ ਕਰਨ ਦਾ ਮੰਤਵ ਇਨ੍ਹਾਂ ਨੂੰ ਸਾਰਥਕਤਾ ਨਹੀਂ ਦੇਂਦਾ।

ਨਵੀਨਤਾ, ਮੌਲਿਕਤਾ ਅਤੇ ਪ੍ਰਯੋਗ ਦੇ ਪ੍ਰਵਰਗ ਨੂੰ 'ਪਰੰਪਰਾ' ਦੇ ਪਿਛੋਕੜ ਵਿਚ ਰੱਖ ਕੇ ਦੇਖਿਆ ਜਾਂਦਾ ਹੈ। ਪਰੰਪਰਾ ਰੂਪ ਅਤੇ ਵਸਤੂ ਦੇ ਉਹਨਾਂ ਅੰਸ਼ਾਂ ਦਾ ਨਾਂ ਹੈ ਜਿਹੜੇ ਕਿਸੇ ਸਾਹਿਤ ਦੀਆਂ ਲੰਮੇ ਸਮੇਂ ਉਤੇ ਫ਼ੈਲੀਆਂ ਵੱਖ ਵੱਖ ਕਿਰਤਾਂ ਵਿਚ ਦੇਖਣ ਵਿਚ ਆਉਂਦੇ ਹਨ। ਪਰੰਪਰਾ ਕਿਸੇ ਸਾਹਿਤ ਦੀ ਨਿਰੰਤਰਤਾ ਹੈ। ਹਰ ਸਾਹਿਤਕਾਰ ਚੇਤੰਨ ਜਾਂ ਅਚੇਤ, ਚਾਹੁੰਦਾ ਨਾ-ਚਾਹੁੰਦਾ, ਇਸ ਪਰੰਪਰਾ ਨੂੰ ਹੰਢਾਉਂਦਾ ਹੈ। ਉਹ ਇਸ ਵਿਚ ਰਹਿੰਦਾ ਹੋਇਆ, ਇਸ ਤੋਂ ਲਗਾਤਾਰ ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ, ਇਹੋ ਹੀ ਪਰੰਪਰਾ ਅਤੇ ਨਵੀਨਤਾ ਜਾਂ ਪਰੰਪਰਾ ਅਤੇ ਮੌਲਿਕ, ਪਰੰਪਰਾ ਅਤੇ ਪ੍ਰਯੋਗ ਦੀ ਸੰਬਾਦਕਤਾ ਹੈ। ਕੋਈ ਵੀ ਰਚਨਾ ਪਰੰਪਰਾ ਤੋਂ ਬਾਹਰ ਆਪਣੇ ਸਾਹਿਤ ਵਿਚ ਪਛਾਣ ਨਹੀਂ ਰੱਖਦੀ।

ਪਰੰਪਰਾ ਨਿਰੰਤਰ ਹੋਣ ਦੇ ਬਾਵਜੂਦ ਬਦਲਦੀ ਰਹਿੰਦੀ ਹੈ ਅਤੇ ਕਿਸੇ ਪੜਾਅ ਉਤੇ ਇਹ ਤਬਦੀਲੀ ਮੂਲਕ ਵੀ ਹੋ ਸਕਦੀ ਹੈ। ਪਰ ਹਰ ਗੁਣਾਤਮਕ ਤੌਰ ਉੱਤੇ ਨਵੇਂ ਪੜਾਅ ਵਾਂਗ, ਇਹ ਫਿਰ ਵੀ ਪਹਿਲੇ ਪੜਾਅ ਦੇ ਚੰਗੇ ਗੁਣ ਅਤੇ ਪ੍ਰਾਪਤੀਆਂ ਆਪਣੇ ਨਾਲ ਰਖਦੀ ਹੈ।

ਸੋ ਅਸੀਂ ਦੇਖ ਸਕਦੇ ਹਾਂ ਕਿ ਪਦਾਰਥਵਾਦੀ ਵਿਰੋਧ-ਵਿਕਾਸ ਦੀ ਵਿਧੀ ਸਾਹਿਤ ਦੇ ਸਰਬੰਗੀ ਅਧਿਐਨ ਲਈ ਸਭ ਤੋਂ ਉਚਿਤ ਅਤੇ ਭਰਪੂਰ ਅੰਤਰ-ਅਨੁਸ਼ਾਸਣੀ ਵਿਧੀ ਹੈ। ਇਹ ਕਿਸੇ ਇਕ ਕਿਰਤ ਦੇ ਕਿਸੇ ਇਕ ਅੰਗ ਦੇ ਅਧਿਐਨ ਤੋਂ ਲੈ ਕੇ ਪੂਰੀ ਕਿਰਤ, ਕਿਸੇ ਲੇਖਕ ਦੀ ਸਮੁੱਚੀ ਰਚਨਾ, ਕਿਸੇ ਧਾਰਾ, ਦੌਰ ਜਾਂ ਸਮੁੱਚੇ ਇਤਿਹਾਸ ਉੱਤੇ ਲਾਗੂ ਹੋ ਸਕਦੀ ਹੈ। ਹਰ ਸੂਰਤ ਵਿਚ ਇਹ ਵਿਸ਼ੇਸ਼ ਢੰਗ ਨਾਲ ਲਾਗੂ ਹੋਵੇਗੀ, ਪਰ ਇਸ ਦੇ ਅਸੂਲ ਕਾਨੂੰਨ ਅਤੇ ਪ੍ਰਵਰਗ ਉਹੀ ਰਹਿਣਗੇ। ਹਰ ਵਿਸ਼ੇਸ਼ ਖੇਤਰ ਅਤੇ ਖੋਜ ਲਈ ਵਿਸ਼ੇਸ਼ ਪ੍ਰਵਰਗ ਹੁੰਦੇ ਹਨ, ਜਿਹੜੇ ਉਸ ਵਿਸ਼ੇਸ਼ ਖੇਤਰ ਵਿਚਲੇ ਵਿਰੋਧਾਂ, ਸੰਬੰਧਾਂ ਅਤੇ ਅੰਤਰ-ਕਰਮਾਂ ਨੂੰ ਅਧਿਆਏ ਸੰਕਲਪਾਂ ਅਤੇ ਸੰਕਲਪਾਤਮਕ ਸ਼ਬਦਾਵਲੀ ਵਿਚ ਪੇਸ਼ ਕਰਦੇ ਹਨ। ਇਸ ਲਈ ਆਲੋਚਕ ਦੇ ਪੱਖ ਤੋਂ ਬੁਨਿਆਦੀ ਲੋੜ ਤਤਕਾਲੀ ਸਮਾਜਕ ਯਥਾਰਥ ਦੀ ਭਰਪੂਰ ਜਾਣਕਾਰੀ ਹੈ। ਤਾਂ ਵੀ ਇਸਦੇ ਵਿਸ਼ਲੇਸ਼ਣ ਅਤੇ ਅਧਿਐਨ ਦਾ ਤੁਰਨ-ਬਿੰਦੂ ਸਾਹਿਤਕ ਕਿਰਤ ਹੀ ਹੁੰਦੀ ਹੈ। ਮੁਲਾਂਕਣ ਵਿਚ ਇਹ ਵਿਧੀ ਆਤਮਪਰਕ ਨਹੀਂ ਹੋ ਸਕਦੀ, ਕਿਉਂਕਿ ਇਸ ਦੀ ਪਰਖ ਸਮਾਜਕ ਯਥਾਰਥ ਦੇ ਅਮਲਾਂ ਨਾਲ ਅਨੁਰੂਪਤਾ ਹੈ, ਜੋ ਕਿ ਵਸਤੂ-ਪਰਕ ਹੁੰਦੇ ਹਨ।

◆

# ਸਾਹਿਤ ਅਤੇ ਕ੍ਰਾਂਤੀ

◆

-ਸ਼ਿਆਮ ਸੁੰਦਰ ਦੀਪਤੀ

ਸਾਹਿਤ ਅਤੇ ਕ੍ਰਾਂਤੀ ਕਾਫ਼ੀ ਸਮੇਂ ਤੋਂ ਬਹਿਸ ਦਾ ਵਿਸ਼ਾ ਰਹੇ ਹਨ। ਕਈ ਕਲਮ ਨੂੰ ਤਲਵਾਰ ਤੋਂ ਵੀ ਤਕੜਾ ਹਥਿਆਰ ਮੰਨਦੇ ਹਨ ਤੇ ਕਈ ਸਾਹਿਤ ਨੂੰ ਕ੍ਰਾਂਤੀ ਵਿਚ ਸਹਾਇਕ ਦੀ ਭੂਮਿਕਾ ਅਦਾ ਕਰਨ ਵਾਲਾ ਆਖਦੇ ਹਨ। ਇਸੇ ਤਰ੍ਹਾਂ ਹੀ 'ਕਲਾ, ਕਲਾ ਲਈ' ਅਤੇ 'ਕਲਾ, ਸਾਹਿਤ ਲਈ' ਵਰਗੇ ਵਿਸ਼ੇ ਵੀ ਬਹਿਸ ਦੇ ਘੇਰੇ ਵਿਚ ਰਹੇ ਹਨ।

ਸਾਹਿਤ ਵਿਚ ਸਮੇਂ ਸਮੇਂ ਕਈ ਵਾਦ ਪ੍ਰਚਲਿਤ ਰਹੇ ਹਨ, ਜਿਵੇਂ ਆਦਰਸ਼ਵਾਦ, ਯਥਾਰਥਵਾਦ, ਪ੍ਰਗਤੀਵਾਦ, ਸਮਾਨੰਤਰ ਸਾਹਿਤ, ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਆਦਿ। ਬਹੁਤੇ ਵਾਦ ਕੁਝ ਸਮੇਂ ਲਈ ਆਪਣੀ ਤੂਤੀ ਵਜਾ ਕੇ ਮੁੱਕ ਵੀ ਗਏ ਹਨ। ਅੱਜ ਉੱਤਰ-ਆਧੁਨਿਕਤਾ ਨੇ ਆਪਣੇ ਪੰਜੇ ਫੈਲਾਏ ਹੋਏ ਹਨ। ਉੱਤਰ ਆਧੁਨਿਕਤਾ ਦੇ 'ਸੰਗਠਨ' ਅਤੇ 'ਸਮਾਜ' ਵਰਗੇ ਸ਼ਬਦਾਂ ਦੀ ਹੋਂਦ ਉਤੇ ਪ੍ਰਸ਼ਨ ਚਿੰਨ੍ਹ ਲਾਇਆ ਹੈ। ਕ੍ਰਾਂਤੀ ਦਾ ਕੋਈ ਸਵਰੂਪ ਨਹੀਂ ਹੈ, ਉੱਤਰ ਆਧੁਨਿਕਤਾ ਵਿਚ।

ਕ੍ਰਾਂਤੀ ਦਾ ਅਰਥ ਵੀ ਦਰਅਸਲ ਕਈ ਦ੍ਰਿਸ਼ਟੀਕੋਣਾਂ ਤੋਂ ਲਿਆ ਜਾਂਦਾ ਹੈ। ਆਮ ਆਦਮੀ ਕ੍ਰਾਂਤੀ ਨੂੰ ਖ਼ੂਨ ਖਰਾਬੇ, ਲੜਾਈ ਤੇ ਰਾਜ ਪਲਟੇ ਆਦਿ ਦੇ ਰੂਪ ਵਿਚ ਲੈਂਦਾ ਹੈ। ਦੋ ਧਿਰਾਂ ਦਾ ਟਕਰਾਅ ਤੇ ਫਿਰ ਇਕ ਦੀ ਜਿੱਤ। ਇਹ ਠੀਕ ਹੈ ਕਿ ਕ੍ਰਾਂਤੀ ਪੁਰਾਣੇ ਨਾਲ ਨਵੇਂ ਦੇ ਟਕਰਾਅ ਦਾ ਦੂਸਰਾ ਨਾਂ ਹੈ। ਆਪਣਾ ਹੱਕ ਲੈਣ ਲਈ ਅੱਗੇ ਆਉਣ ਦਾ ਨਾਂ ਹੈ। ਪਰ ਕ੍ਰਾਂਤੀ ਦੀ ਸਭ ਤੋਂ ਵਧੀਆ ਵਿਆਖਿਆ ਲੂ-ਸ਼ੁਨ ਨੇ ਆਪਣੇ ਵਿਚਾਰਾਂ ਵਿਚ ਇਸ ਤਰ੍ਹਾਂ ਕੀਤੀ ਹੈ।

ਅਸਲ ਵਿਚ ਕ੍ਰਾਂਤੀ ਕੋਈ ਨਿਰਾਲੀ ਚੀਜ਼ ਨਹੀਂ ਹੈ। ਸਾਰੇ ਹੀ ਸਮਾਜਿਕ ਸੁਧਾਰਾਂ ਲਈ ਅਸੀਂ ਇਸਦੇ ਕਰਜ਼ਦਾਰ ਹਾਂ। ਮਨੁੱਖਤਾ ਦਾ ਵਿਕਾਸ ਹੀ ਤਾਹੀਉਂ ਹੋ ਸਕਿਆ ਹੈ। ਪ੍ਰੋਟੋਜ਼ੋਆ ਤੋਂ ਮਨੁੱਖ ਤਕ, ਜੰਗਲ ਰਾਜ ਤੋਂ ਸਭਿਅਤਾ ਤਕ—ਕਿਉਂਕਿ ਅਸੀਂ ਲਗਾਤਾਰ ਕ੍ਰਾਂਤੀ ਕੀਤੀ। ਜੀਵ ਵਿਗਿਆਨੀ ਫਰਮਾਉਂਦੇ ਹਨ ਕਿ ਮਨੁੱਖ ਬਾਂਦਰਾਂ ਤੋਂ ਜ਼ਿਆਦਾ ਵੱਖਰਾ ਨਹੀਂ। ਬਾਂਦਰ ਅਤੇ ਮਨੁੱਖ ਸਬੰਧੀ (ਰਿਸ਼ਤੇਦਾਰ) ਹਨ ਤਾਂ ਇਹ ਕਿਸ ਤਰ੍ਹਾਂ ਸੰਭਵ ਹੋਇਆ ਕਿ ਮਨੁੱਖ ਤਾਂ ਮਨੁੱਖ ਬਣ ਗਏ, ਜਦੋਂ ਕਿ ਬਾਂਦਰ ਅਜੇ ਤਕ ਬਾਂਦਰ ਹੀ ਬਣਿਆ ਹੋਇਆ ਹੈ? ਅਜਿਹਾ ਇਸ ਲਈ ਕਿ ਬਾਂਦਰ ਆਪਣਾ ਵਰਤਾਉ ਨਹੀਂ ਬਦਲਣਗੇ। ਉਹ ਚਾਰ ਟੰਗਾਂ ਨਾਲ ਹੀ ਤੁਰਨਾ ਪਸੰਦ ਕਰਦੇ ਨੇ। ਹੋ ਸਕਦਾ ਹੈ ਕਿਸੇ ਦਿਨ ਕੋਈ ਬਾਂਦਰ ਉਠ ਖੜ੍ਹਿਆ ਹੋਵੇ 'ਤੇ ਉਸਨੇ ਦੋ ਟੰਗਾਂ ਤੇ ਤੁਰਨ ਦੀ ਕੋਸ਼ਿਸ਼ ਕੀਤੀ ਹੋਵੇ। ਪਰ ਦੂਸਰੇ

ਬਾਂਦਰਾਂ ਨੇ ਦਲੀਲ ਦਿੱਤੀ ਹੋਵੇਗੀ–ਸਾਡੇ ਵੱਡੇ ਵਡੇਰੇ ਹਮੇਸ਼ਾਂ ਰੀਂਗਦੇ ਰਹੇ ਨੇ, ਖੜ੍ਹੇ ਨਹੀਂ ਹੋਣਾ। ਤੱਦ ਉਹਨਾਂ ਨੇ ਉਸ ਨੂੰ ਮਾਰ ਦਿੱਤਾ ਹੋਵੇ, ਕਿਉਂਕਿ ਉਹ ਰੂੜੀਵਾਦੀ ਸੀ, ਇਸ ਲਈ ਉਹਨਾਂ ਨੇ ਸਿਰਫ਼ ਖੜੇ ਹੋਣ ਤੋਂ, ਸਗੋਂ ਬੋਲਣ ਤੋਂ ਵੀ ਇਨਕਾਰ ਕਰ ਦਿੱਤਾ। ਮਨੁੱਖ ਦੀ ਪ੍ਰਵਿਰਤੀ ਵੱਖਰੀ ਹੈ। ਉਹ ਹੌਲੀ ਹੌਲੀ ਖੜ੍ਹਾ ਹੋਇਆ, ਗੱਲਾਂ ਕੀਤੀਆਂ ਤੇ ਕਾਮਯਾਬ ਹੋਇਆ। ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ। ਇਸ ਲਈ ਇਨਕਲਾਬ ਕੋਈ ਅਜੂਬਾ ਨਹੀਂ ਅਤੇ ਕੌਮਾਂ ਜੋ ਮਰਦੀਆਂ ਨਹੀਂ, ਹਰ ਰੋਜ਼ ਇਨਕਲਾਬ ਕਰਨ ਦੀਆਂ ਚਾਹਵਾਨ ਹੁੰਦੀਆਂ ਹਨ, ਭਾਵੇਂ ਉਹਨਾਂ ਦੇ ਬਹੁਤੇ ਇਨਕਲਾਬ ਕਾਫ਼ੀ ਨਿੱਕੇ ਹੁੰਦੇ ਹਨ।

ਇਸ ਤਰ੍ਹਾਂ 'ਕ੍ਰਾਂਤੀ' ਜ਼ਿੰਦਗੀ ਵਿਚ ਪ੍ਰਗਤੀ ਦਾ ਨਾਂ ਹੈ। ਜੇਕਰ ਇਨਕਲਾਬ ਦੇ ਇਸ ਸਵਰੂਪ ਨੂੰ ਸਮਝਿਆ ਜਾਵੇ ਤਾਂ ਸਾਹਿਤ ਯਕੀਨਨ ਕ੍ਰਾਂਤੀ ਦੇ ਹੱਕ ਵਿਚ ਭੁਗਤਦਾ ਹੈ। ਜ਼ਿੰਦਗੀ ਨੂੰ ਸੁਖਦਾਈ, ਸੁਹੱਪਣ ਭਰਪੂਰ ਅਤੇ ਚੰਗੇਰਾ ਬਣਾਉਣ ਵਿਚ ਸਾਹਿਤ ਨੇ ਹਰ ਸਮੇਂ ਆਪਣਾ ਬਣਦਾ ਰੋਲ ਅਦਾ ਕੀਤਾ ਹੈ।

ਜੇਕਰ ਕ੍ਰਾਂਤੀ ਨੂੰ ਬਗਾਵਤ ਦੇ ਰੂਪ ਵਿਚ, ਕਿਸੇ ਵਿਵਸਥਾ ਨੂੰ ਉਖੇੜਨ ਦੇ ਰੂਪ ਵਿਚ ਲੈਣਾ ਹੈ ਤਾਂ ਵੀ ਸਾਹਿਤ ਦੀ ਆਪਣੀ ਭੂਮਿਕਾ ਹੈ।

ਸਾਹਿਤ ਅਤੇ ਕ੍ਰਾਂਤੀ ਦੇ ਸੰਦਰਭ ਵਿਚ, ਲੂ-ਸ਼ੁਨ ਨੇ ਇਸ ਵਿਸ਼ੇ ਨੂੰ ਤਿੰਨ ਕਾਲ ਵਰਗਾਂ ਵਿਚ ਵੰਡਿਆ ਹੈ।

ਕਿਸੇ ਮਹਾਨ ਕ੍ਰਾਂਤੀ ਤੋਂ ਪਹਿਲਾਂ, ਤਕਰੀਬਨ ਸਾਰਾ ਸਾਹਿਤ ਸਮਾਜਿਕ ਸਥਿਤੀਆਂ ਦੇ ਸੰਕਟ ਅਤੇ ਅਸੰਤੋਸ਼ ਨੂੰ ਉਜਾਗਰ ਕਰਦਾ ਹੋਇਆ, ਜਨਤਾ ਦੀਆਂ ਦੁੱਖਾਂ-ਤਕਲੀਫਾਂ ਅਤੇ ਮੰਦਹਾਲੀ ਨੂੰ ਸ਼ਬਦਾਂ ਵਿਚ ਢਾਲਦਾ ਹੈ। ਦੁਨੀਆਂ ਵਿਚ ਅਜਿਹੀਆਂ ਬਹੁਤ ਰਚਨਾਵਾਂ ਹੋਈਆਂ। ਪਰ ਇਹਨਾਂ ਦੁੱਖਾਂ-ਤਕਲੀਫਾਂ ਅਤੇ ਰੋਸ ਦਾ ਕ੍ਰਾਂਤੀ ਉਪਰ ਕੋਈ ਅਸਰ ਨਹੀਂ ਹੁੰਦਾ। ਕਿਉਂਕਿ ਸਿਰਫ਼ ਸ਼ਕਾਇਤਾਂ ਵਿਚ ਕੋਈ ਦਮ ਨਹੀਂ ਹੁੰਦਾ, ਇਹ ਬੇਅਸਰ ਹੁੰਦੀਆਂ ਹਨ। ਦਮਨਕਾਰੀ ਇਹਨਾਂ ਨੂੰ ਅਣਗੌਲਿਆ ਕਰ ਦੇਣਗੇ। ਚੂਹਾ ਭਾਵੇਂ ਚੀਂ ਚੀਂ ਕਰੇ ਜਾਂ ਚਾਹੇ ਜਿੰਨਾ ਚੰਗਾ ਸਾਹਿਤ ਰਚੇ, ਫਿਰ ਵੀ ਬਿੱਲੀ ਉਸ ਨੂੰ ਨਿਗਲਣ ਲੱਗਿਆ, ਇਸ ਵੱਲ ਬਿਲਕੁਲ ਧਿਆਨ ਨਹੀਂ ਦਿੰਦੀ। ਇਸ ਲਈ ਅਜਿਹਾ ਰਾਸ਼ਟਰ, ਜਿਸ ਕੋਲ ਸਿਰਫ਼ ਸ਼ਕਾਇਤਾਂ ਵਾਲਾ ਸਾਹਿਤ ਹੋਵੇ, ਕਿਸੇ ਕੰਮ ਦਾ ਨਹੀਂ। ਪਰ ਮਾਨਸਿਕ ਤਾਕਤ ਵਾਲਾ ਦੇਸ਼, ਜੋ ਵਿਦਰੋਹ ਕਰਨ ਦਾ ਹੌਂਸਲਾ ਰਖਦੇ ਹਨ, ਉਹ ਸਮਝ ਕੇ ਕਿ ਸ਼ਕਾਇਤਾਂ ਕਰਨਾ ਫਜ਼ੂਲ ਹੈ, ਤੱਥਾਂ ਪ੍ਰਤੀ ਜਾਗਰੂਕ ਹੋ ਜਾਂਦੇ ਹਨ। ਉਹਨਾਂ ਦਾ ਰੋਣਾ, ਗੁੱਸੇ ਭਰੀ ਚੀਖ ਵਿਚ ਬਦਲ ਜਾਂਦਾ ਹੈ। ਜਦੋਂ ਅਜਿਹਾ ਸਾਹਿਤ ਆਉਂਦਾ ਹੈ ਤਾਂ ਉਸ ਵਿਚ ਵਿਦਰੋਹ ਦਾ ਐਲਾਨ ਹੁੰਦਾ ਹੈ ਅਤੇ ਜਨਤਾ ਵੀ ਉਸ ਵੇਲੇ ਗੁੱਸੇ ਵਿਚ ਹੁੰਦੀ ਹੈ।

ਜੇਕਰ ਅਸੀਂ ਆਪਣੀ ਆਜ਼ਾਦੀ ਦੀ ਲੜਾਈ ਵੱਲ ਝਾਤੀ ਮਾਰੀਏ ਤਾਂ ਇਸ ਸਮੇਂ ਦੌਰਾਨ ਸਾਹਿਤ ਨੇ ਆਪਣੀ ਪੂਰੀ ਭੂਮਿਕਾ ਨਿਭਾਈ ਹੈ। ਰਾਮ ਪ੍ਰਸ਼ਾਦ ਬਿਸਮਿਲ ਦਾ ਗੀਤ 'ਸਰਫ਼ਰੋਸ਼ੀ ਕੀ ਤਮੰਨਾ, ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ' ਅੱਜ ਵੀ ਖ਼ੂਨ ਦੀ ਰਫ਼ਤਾਰ ਨੂੰ ਤੇਜ਼ ਕਰ ਜਾਂਦਾ ਹੈ। ਇਸੇ ਤਰ੍ਹਾਂ ਸੁਭਾਸ਼ ਚੰਦਰ ਬੋਸ ਦੀ ਸੈਨਾ ਵਿਚ ਗੀਤਾਂ ਦਾ ਵੱਖਰਾ ਅਹਿਮ ਕਿਰਦਾਰ ਰਿਹਾ ਹੈ। ਅੱਜ ਵੀ ਉਸ ਦੇ 'ਯੇ ਜ਼ਿੰਦਗੀ ਹੈ ਕੌਮ ਕੀ ਤੂੰ ਕੌਮ ਪੇ ਲੁਟਾਏ ਜਾ।' ਉਸੇ ਸ਼ਿੱਦਤ ਦਾ ਪ੍ਰਗਟਾਵਾ ਕਰਦਾ ਹੈ।

ਇਹ ਗੱਲ ਠੀਕ ਹੈ ਕਿ ਲਿਖਤਾਂ ਲਿਖਣ ਨਾਲ ਕ੍ਰਾਂਤੀ ਨਹੀਂ ਆਉਂਦੀ, ਪਰ ਇਸ ਨਾਲ ਇਕ ਮਾਹੌਲ ਬਣਦਾ ਹੈ। ਲੋਕ ਹਰਕਤ ਵਿਚ ਆਉਂਦੇ ਹਨ। ਕ੍ਰਾਂਤੀ ਦੇ ਇਸ ਸਮੇਂ ਦੌਰਾਨ ਕੁਝ ਸਾਹਿਤ ਰਚਨਾ ਵਿਚ ਰੁੱਝੇ ਹੁੰਦੇ ਹਨ, ਕੁਝ ਲੋਕ ਉਹਨਾਂ ਨੂੰ ਪ੍ਰਕਾਸ਼ਿਤ ਕਰਨ ਵਿਚ, ਕੁਝ ਲਿਖਤਾਂ ਨੂੰ ਘਰੋ ਘਰੀਂ ਪਹੁੰਚਾਂਦੇ ਹਨ ਅਤੇ ਕੁਝ ਹੋਰ ਲੋਕ ਮੁਜ਼ਾਹਰੇ ਕਰਨ, ਆਦਿ ਵਿਚ ਹਿੱਸਾ ਪਾਉਂਦੇ ਹਨ। ਇਹ ਸਾਰਾ ਕੰਮ ਕਰਨ ਵਾਲੇ ਲੋਕ ਜ਼ਿਆਦਾਤਰ ਵੱਖਰੇ ਵੱਖਰੇ ਹੁੰਦੇ ਹਨ, ਪਰ ਕੁਝ ਲੋਕ ਇਹ ਸਾਰਾ ਕੰਮ ਨਾਲੋ ਨਾਲ ਵੀ ਕਰਦੇ ਹਨ।

ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ 'ਭਿਖਾਰੀ' ਹੋਰਾਂ ਵਲੋਂ ਪਾਇਆ ਗਿਆ ਜਾਂ ਉਸ ਜਜ਼ਬੇ ਨੂੰ ਦਿਲਾਂ ਵਿਚ ਰੱਖਣ ਵਾਲੇ ਹੋਰ ਸਾਥੀਆਂ ਵਲੋਂ ਪਾਇਆ ਜਾਣ ਵਾਲਾ ਹਿੱਸਾ ਵੀ, ਉਨ੍ਹਾਂ ਹੀ ਇਨਕਲਾਬ ਦਾ ਹਿੱਸਾ ਹੈ, ਜਿੰਨਾ ਕਿ ਕਹਿੰਦੇ ਕਹਾਉਂਦੇ, ਇਤਿਹਾਸ ਵਿਚ ਦਰਜ, ਸ਼ਹੀਦ ਹੋ ਗਏ ਲੋਕਾਂ ਦਾ ਹੈ। ਜਿਸ ਤਰ੍ਹਾਂ ਕਿ ਪਹਿਲਾਂ ਕਿਹਾ ਜਾ ਚੁੱਕਿਆ ਹੈ, ਕ੍ਰਾਂਤੀ ਜਾਂ ਇਨਕਲਾਬ ਇਕ ਜਜ਼ਬੇ ਦਾ ਨਾਂ ਹੈ, ਇਕ ਵਲਵਲੇ ਦਾ ਨਾਂ ਹੈ, ਜੋ ਕਿਸੇ ਨੂੰ ਇਕ ਗ਼ਲਤ ਵਿਵਸਥਾ ਦੇ ਖ਼ਿਲਾਫ ਉਕਸਾਉਂਦਾ ਹੈ, ਭੜਕਾਉਂਦਾ ਹੈ ਤੇ ਫਿਰ ਇਹ ਗੱਲ ਵੱਖਰੀ ਹੈ ਕਿ ਉਹ ਜਜ਼ਬਾ ਉਸ ਕ੍ਰਾਂਤੀ ਦੇ ਦੌਰ ਵਿਚ ਕੀ ਰੁੱਖ ਅਖ਼ਤਿਆਰ ਕਰ ਜਾਂਦਾ ਹੈ। ਉਹ ਚਾਹੇ 'ਭਿਖਾਰੀ ਜੀ' ਹੋਰਾਂ ਵਾਂਗ 'ਕਵੀ' ਨਾਂ ਦਾ ਪਰਚਾ ਕੱਢਣ ਦਾ ਹੋਵੇ ਜਾਂ ਟਰੈਕਟ ਛਾਪ ਕੇ ਧਰਮ ਅਸਥਾਨਾਂ ਤੇ ਵੰਡਣ ਦਾ ਹੋਵੇ ਜਾਂ ਆਪਣੇ ਘਰ ਬੈਠਕ ਕਰਕੇ ਵਿਚਾਰ ਵਟਾਂਦਰਾ ਕਰਨ ਦਾ ਹੋਵੇ ਤੇ ਜਾਂ ਉਸ ਕ੍ਰਾਂਤੀ ਦੇ ਵਿਚ ਹਿੱਸਾ ਪਾ ਰਹੇ ਲੋਕਾਂ ਨੂੰ ਘਰੇ ਠਹਿਰਾਉਣ ਦਾ ਹੀ ਕਿਉਂ ਨਾ ਹੋਵੇ।

ਗੱਲ ਸਾਹਿਤ ਅਤੇ ਕ੍ਰਾਂਤੀ ਦੀ ਹੋ ਰਹੀ ਹੈ। ਪਰ ਸਾਹਿਤ ਦੀ ਸੀਮਾ ਸਾਹਿਤਕਾਰ ਹੀ ਨਹੀਂ ਹੁੰਦਾ। ਸਾਹਿਤ ਨੇ ਛਪਣਾ ਹੁੰਦਾ ਹੈ। ਫਿਰ ਵੀ ਸਾਹਿਤ ਦੀ ਸੀਮਾ ਛਾਪੇਖਾਨੇ ਜਾ ਕੇ ਖ਼ਤਮ ਨਹੀਂ ਹੋ ਜਾਂਦੀ। ਉਸ ਛਪੇ ਸਾਹਿਤ ਨੂੰ ਲੋਕਾਂ ਤਕ/ਪਾਠਕਾਂ ਤਕ ਪਹੁੰਚਾਉਣਾ ਵੀ ਹੁੰਦਾ ਹੈ। ਤਾਂ ਹੀ ਸਾਹਿਤ ਕ੍ਰਾਂਤੀ ਦਾ ਭਾਈਵਾਲ ਬਣਦਾ ਹੈ।

ਲੂ-ਸ਼ੁਨ ਮੁਤਾਬਿਕ ਦੂਸਰੇ ਵਰਗ ਦੌਰਾਨ, ਕ੍ਰਾਂਤੀ ਦੌਰਾਨ ਸਾਹਿਤ ਗੁੰਮ ਹੋ ਜਾਂਦਾ ਹੈ। ਕਿਉਂਕਿ ਹਰ ਕੋਈ ਕ੍ਰਾਂਤੀ ਦੇ ਵਹਿਨ ਵਿਚ ਵਹਿ ਕੇ, ਚੀਖਣਾ ਛੱਡ, ਕਾਰਜਸ਼ੀਲ ਹੋ ਜਾਂਦਾ ਹੈ।

ਲੂ-ਸ਼ੁਨ ਇਹ ਗੱਲ ਇਸ ਲਈ ਆਖਦਾ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਸਾਹਿਤਕਾਰ ਅਤੇ ਕ੍ਰਾਂਤੀਕਾਰੀ ਦੋ ਵੱਖਰੇ ਵੱਖਰੇ ਨਹੀਂ ਹੁੰਦੇ। ਕ੍ਰਾਂਤੀਕਾਰੀ ਹੀ ਕ੍ਰਾਂਤੀਕਾਰੀ ਸਾਹਿਤ ਸਿਰਜ ਸਕਦਾ ਹੈ। ਪਰ ਇਹ ਕੋਈ ਜ਼ਰੂਰੀ ਨਹੀਂ ਹੈ। ਹਾਂ, ਜੇਕਰ ਲੇਖਕ ਨੂੰ ਕ੍ਰਾਂਤੀ ਦਾ ਨਿੱਜੀ ਤਜਰਬਾ ਹੋਵੇ ਤਾਂ ਗੱਲ ਸੋਨੇ ਤੇ ਸੁਹਾਗੇ ਵਰਗੀ ਹੁੰਦੀ ਹੈ।

ਤੀਸਰੇ ਵਰਗ ਵਿਚ ਕ੍ਰਾਂਤੀ ਤੋਂ ਮਗਰੋਂ ਦੀ ਗੱਲ ਹੈ। ਇਸ ਸਮੇਂ ਦੌਰਾਨ ਦੋ ਤਰ੍ਹਾਂ ਦਾ ਸਾਹਿਤ ਸਾਹਮਣੇ ਆਉਂਦਾ ਹੈ। ਇਕ ਤਾਂ ਉਹ ਜੋ ਕ੍ਰਾਂਤੀ ਦੀ ਪ੍ਰਸੰਸਾ ਵਿਚ, ਉਸ ਦੇ ਗੁਣ ਗਾਉਂਦਾ ਹੈ ਅਤੇ ਦੂਸਰੀ ਤਰ੍ਹਾਂ ਦੇ ਸਾਹਿਤ ਵਿਚ ਸ਼ੋਕ-ਗੀਤ ਹੁੰਦੇ ਹਨ, ਜਿਸ ਵਿਚ ਪੁਰਾਣੇ ਦੀ ਤਬਾਹੀ ਦਾ ਰੋਣਾ ਹੁੰਦਾ ਹੈ। ਇਸ ਤਰ੍ਹਾਂ ਦੇ ਦੋ ਰੂਪਾਂ ਦੀ ਗੱਲ ਸੋਵੀਅਤ ਯੂਨੀਅਨ ਦੀ ਕ੍ਰਾਂਤੀ ਤੋਂ ਬਾਅਦ ਪੈਦਾ ਹੋਈ ਸਥਿਤੀ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ।

ਸਾਡੀ ਅਜ਼ਾਦੀ ਦੀ ਜਿੱਤ ਮਗਰੋਂ, ਦੇਸ਼ ਭਗਤੀ ਅਤੇ ਪ੍ਰਗਤੀ ਦੇ ਗੀਤ ਸਾਹਮਣੇ ਆਏ।

ਕਿਉਂਕਿ ਦੂਸਰੀ ਧਿਰ ਵਿਦੇਸ਼ੀ ਸੀ, ਉਹ ਨਹੀਂ ਰਹੀ ਸੀ। ਜੋ ਉਹਨਾਂ ਦੇ ਪਿੱਠੂ ਸੀ, ਉਹ ਵੀ ਸ਼ੋਕ ਗੀਤ ਨਹੀਂ ਸੀ ਗਾ ਸਕਦੇ। ਅੱਜ, ਆਜ਼ਾਦੀ ਦੇ ਪੰਜਾਹ ਸਾਲ ਬਾਅਦ ਲੋਕਾਂ ਦੀ ਬੇਚੈਨੀ ਵੱਖਰੀ ਹੈ, ਜਦੋਂ ਆਜ਼ਾਦੀ ਦਾ ਸਹੀ ਮੰਤਵ ਸਾਹਮਣੇ ਨਹੀਂ ਆਇਆ।

ਦੂਸਰੇ ਪਾਸੇ, ਸਾਹਿਤ ਅਤੇ ਕ੍ਰਾਂਤੀ ਦੇ ਸੁਮੇਲ ਨੂੰ ਵੀ ਅੱਜ ਦੇ ਆਲੋਚਕ, ਉੱਤਰ-ਆਧੁਨਿਕਤਾ ਦੇ ਬੈਨਰ ਹੇਠ ਹੋਰ ਧੁੰਧਲਾ ਕਰੀ ਜ਼ਾ ਰਹੇ ਹਨ। ਜਿਸ ਦਾ ਕੇਂਦਰੀ ਨੁਕਤਾ ਹੈ ਕਿ ਮਨੁੱਖ ਸਿਰਫ਼ ਆਪਣੇ ਲਈ ਜਿਉਂਦਾ ਹੈ, ਆਪਣੇ ਲਈ ਕਰਦਾ ਹੈ। ਇਹ ਫਲਸਫ਼ਾ 'ਖਪਤਕਾਰ ਸਮਾਜ' ਦਾ ਪੱਖ ਪੂਰਦਾ ਹੈ। ਜਿਸ ਵਿਚ ਆਦਮੀ ਦੀ ਦੌੜ ਪੈਸੇ, ਵਿਖਾਵੇ ਅਤੇ ਵੱਧ ਤੋਂ ਵੱਧ ਸਹੂਲਤਾਂ ਇਕੱਠੀਆਂ ਕਰਨ ਵਿਚ ਹੈ। ਉਹ ਸਹੂਲਤਾਂ ਚਾਹੇ ਸਾਬਣ ਦੀ ਸ਼ਕਲ ਵਿਚ ਹੋਣ ਤੇ ਚਾਹੇ ਕਾਰ-ਏ. ਸੀ. ਆਦਿ ਦੀ ਸ਼ਕਲ ਵਿਚ।

ਦਰਅਸਲ ਸਮਾਜ ਦੀ ਹੋਂਦ ਨੂੰ ਨਕਾਰਣਾ, ਸੰਗਠਨ ਦੀ ਮਹੱਤਤਾ ਤੋਂ ਪਰੇ ਹਟਣਾ; ਅਸਲੀਅਤ ਦਾ ਸਾਹਮਣਾ ਕਰਨ ਦੇ ਹੌਂਸਲੇ ਦੀ ਕਮੀ ਦਾ ਪ੍ਰਗਟਾਵਾ ਹੈ।

ਲੂ-ਸ਼ੁਨ ਕਹਿੰਦਾ ਹੈ, ਜਦ ਤੁਸੀਂ ਇਸ ਦੁਨੀਆਂ ਵਿਚ ਰਹਿੰਦੇ ਹੋ ਤਾਂ ਇਸ ਤੋਂ ਵੱਖਰੇ ਅਤੇ ਅਣਭਿੱਜ ਕਿਵੇਂ ਹੋ ਸਕਦੇ ਹੋ? ਇਹ ਅਜਿਹਾ ਹੀ ਧੋਖਾ ਹੈ, ਜਿਵੇਂ ਕਿ ਤੁਸੀਂ ਇਹ ਕਹੋ ਕਿ ਕੰਨ ਨੂੰ ਖਿੱਚ ਕੇ ਤੁਸੀਂ ਖ਼ੁਦ ਨੂੰ ਜ਼ਮੀਨ ਤੋਂ ਉੱਪਰ ਚੁੱਕ ਸਕਦੇ ਹੋ। ਜੇਕਰ ਸਮਾਜ ਵਿਚ ਖੜੋਤ ਹੈ ਤਾਂ ਕਲਾ ਖੁਦ ਹੀ, ਅੱਗੇ ਨਹੀਂ ਦੌੜ ਸਕਦੀ। ਇਕ ਗਤੀਹੀਨ ਸਮਾਜ ਦੀ ਕਲਾ, ਜੇਕਰ ਉਡਾਨ ਭਰਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਉਹ ਸਮਾਜ, ਉਸ ਨੂੰ ਸਹਿ ਸਕਦਾ ਹੈ ਅਤੇ ਨਾਲ ਹੀ ਉਹ ਕ੍ਰਾਂਤੀਕਾਰੀ ਨਹੀਂ, ਸੰਘਰਸ਼ ਕਰਨਾ ਜਾਇਜ਼ ਹੈ। ਜੇਕਰ ਲੋਕ ਪੀੜਤ ਹਨ ਤਾਂ ਕਿਉਂ ਨਾ ਉਹ ਸੰਘਰਸ਼ ਕਰਨ? ਪਰ ਇਹ ਗੱਲ, 'ਸੱਚੇ-ਭਲੇ ਪੁਰਖਾਂ' ਨੂੰ ਡਰਾਉਂਦੀ ਹੈ। ਉਹ ਸੰਘਰਸ਼ ਨੂੰ 'ਅੱਤਵਾਦ' ਕਹਿ ਕੇ ਉਸ ਦੀ ਨਿਖੇਧੀ ਕਰਦੇ ਹਨ ਅਤੇ ਦਸਦੇ ਹਨ ਕਿ ਜੇਕਰ ਕੁਝ ਕੁ 'ਬੁਰੇ ਚਰਿਤਰ' ਵਾਲੇ ਲੋਕਾਂ ਦੇ ਗੁੱਟ ਨੇ ਲੋਕਾਂ ਨੂੰ ਭ੍ਰਿਸ਼ਟ ਨਾ ਕੀਤਾ ਹੁੰਦਾ ਤਾਂ ਸਾਰੇ ਲੋਕ ਇਕ ਦੂਜੇ ਨੂੰ ਪਿਆਰ ਕਰਦੇ ਹੁੰਦੇ। ਇਕ ਰੱਜਿਆ-ਪੁੱਜਿਆ, ਕਿਸੇ ਭੁੱਖ ਮਰੇ ਨਾਲ ਪਿਆਰ ਭਾਵੇਂ ਕਰ ਲਵੇ, ਪਰ ਭੁੱਖਾ ਰੱਜੇ ਪੁੱਜੇ ਵਿਅਕਤੀ ਨਾਲ ਪਿਆਰ ਨਹੀਂ ਕਰ ਸਕਦਾ।

ਸਾਹਿਤਕਾਰ ਜੇਕਰ ਪੂਰੀ ਤਰ੍ਹਾਂ ਕ੍ਰਾਂਤੀਕਾਰੀ ਦੀ ਭੂਮਿਕਾ ਵਿਚ ਨਹੀਂ ਸਮਾ ਸਕਦਾ ਤਾਂ ਘੱਟੋ ਘੱਟ ਉਸ ਨੂੰ ਆਮ ਲੋਕਾਂ ਦਾ ਹਿੱਸਾ ਜ਼ਰੂਰ ਹੋਣਾ ਚਾਹੀਦਾ ਹੈ।

ਪਹਿਲੀ ਗੱਲ ਤਾਂ ਇਹ ਕਿ ਪੁਰਾਣੀ ਵਿਵਸਥਾ ਅਤੇ ਪੁਰਾਣੀਆਂ ਤਾਕਤਾਂ ਦੇ ਖ਼ਿਲਾਫ ਸਾਨੂੰ ਪੱਕੇ ਇਰਾਦੇ ਅਤੇ ਪੂਰੀ ਤਾਕਤ ਨਾਲ ਅਤੇ ਲਗਾਤਾਰ ਸੰਘਰਸ਼ ਕਰਨਾ ਚਾਹੀਦਾ ਹੈ। ਪੁਰਾਣੇ ਸਮਾਜ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਹਨ ਅਤੇ ਉਹਨਾਂ ਨੂੰ ਅਸੀਂ ਤਦ ਤਕ ਨਹੀਂ ਹਿਲਾ ਸਕਦੇ, ਜਦ ਤਕ ਕਿ ਸਾਡਾ ਨਵਾਂ ਸੰਘਰਸ਼ ਉਸ ਤੋਂ ਵਧ ਤਾਕਤਵਾਰ ਨਹੀਂ ਹੈ।

ਦੂਸਰੀ ਗੱਲ, ਸਾਹਿਤ ਨੂੰ ਮੁਕਤੀ ਲਈ ਸੰਘਰਸ਼ ਦਾ ਬੁਨਿਆਦੀ ਹਿੱਸਾ ਹੋਣਾ ਚਾਹੀਦਾ ਹੈ, ਮਜ਼ਦੂਰ ਵਰਗ ਦੀ ਤਾਕਤ ਵਧਾਉਣ ਲਈ ਇਸ ਦਾ ਵੀ ਵਿਕਾਸ ਹੋਣਾ ਚਾਹੀਦਾ ਹੈ, ਪਰ ਸਥਿਤੀ ਉਲਟ ਹੈ। ਮਜ਼ਦੂਰ (ਸਰਵ ਹਾਰਾ) ਸਾਹਿਤ ਨੂੰ ਸਾਹਿਤ ਵਿਚ ਉੱਚੀ ਥਾਂ ਹਾਸਲ ਹੈ, ਪਰ ਮਜ਼ਦੂਰ ਵਰਗ ਦਾ ਸਮਾਜਿਕ ਪੱਧਰ ਇੰਨਾਂ ਨੀਵਾਂ। ਇਹ ਤੱਥ ਇਹੀ ਦਰਸਾਉਂਦਾ ਹੈ ਕਿ ਸਾਹਿਤ, ਮਜ਼ਦੂਰ ਸਮਾਜ ਤੋਂ ਅੱਡ ਹੋ ਕੇ ਪੁਰਾਣੇ ਸਮਾਜ ਨਾਲ ਜੁੜ ਗਿਆ ਹੈ।

ਅੰਤ ਵਿਚ, ਇਕ 'ਸਾਂਝਾ ਮੰਚ' ਹੋਣਾ ਚਾਹੀਦਾ ਹੈ ਅਤੇ ਸਾਂਝੇ ਮੰਚ ਲਈ ਜ਼ਰੂਰੀ ਹੈ ਕਿ ਸਾਡਾ ਇਕ ਸਾਂਝਾ ਨਿਸ਼ਾਨਾ ਹੋਵੇ। ਮੈਨੂੰ ਯਾਦ ਹੈ–ਕਿਸੇ ਨੇ ਕਿਹਾ ਕਿ ਕਿ ਪ੍ਰਤੀਕ੍ਰਿਆਵਾਦੀਆਂ ਨੇ ਪਹਿਲਾਂ ਹੀ ਸਾਂਝਾ ਮੰਚ ਬਣਾ ਲਿਆ ਹੈ, ਪਰ ਅਸੀਂ ਅਜੇ ਤਕ ਇਕ ਨਹੀਂ ਹੋਏ। ਅਸਲ ਵਿਚ ਉਹਨਾਂ ਦਾ ਸਾਂਝਾ ਮੰਚ, ਕਿਸੇ ਖ਼ਾਸ ਕੋਸ਼ਿਸ਼ ਨਾਲ ਨਹੀਂ ਬਣਿਆ, ਸਗੋਂ ਇਸ ਦਾ ਕਾਰਨ ਹੈ ਕਿ ਉਹਨਾਂ ਦਾ ਨਿਸ਼ਾਨਾ ਇਕ ਹੈ। ਇਸ ਲਈ ਸਾਨੂੰ ਲਗਦਾ ਹੈ ਕਿ ਉਹ ਇਕ ਹਨ। ਅਸੀਂ ਇਕ ਨਹੀਂ ਹੋ ਰਹੇ, ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਆਪਣੇ ਨਿਸ਼ਾਨੇ ਲਈ ਅਸੀਂ ਵੰਡੇ ਹੋਏ ਹਾਂ, ਮਤਲਬ ਨਿਸ਼ਾਨਾ ਇਕ ਨਹੀਂ ਹੈ। ਸਾਡੇ ਵਿਚੋਂ ਕੋਈ ਕਿਸੇ ਗੁੱਟ ਲਈ ਕੰਮ ਕਰ ਰਹੇ ਹਨ ਤੇ ਕੋਈ ਸਿਰਫ਼ ਆਦਮੀ ਲਈ।

ਜੇਕਰ ਅਸੀਂ ਸਾਰੇ ਇਕ ਵਧੀਆ ਜ਼ਿੰਦਗੀ ਜਿਊਣ ਦੀ ਖ਼ਾਹਿਸ਼ ਕਰਦੇ ਹਾਂ, ਜੋ ਸ਼ੋਸਣ, ਦਮਨ ਤੋਂ ਦੂਰ ਹੋਵੇ, ਮਜ਼ਦੂਰਾਂ ਅਤੇ ਕਿਸਾਨਾਂ ਦੀ ਸੇਵਾ ਕਰਨਾ ਚਾਹੁੰਦੇ ਹਾਂ ਤਾਂ ਯਕੀਨਨ ਹੀ ਸਾਡਾ ਨਿਸ਼ਾਨਾ ਇਕ ਹੋਵੇਗਾ।

◆

# ਲੇਖਕ, ਸਾਹਿਤ ਸਭਾਵਾਂ ਤੇ ਸਾਡਾ ਵਿਰਸਾ

◆

-ਤਲਵਿੰਦਰ ਸਿੰਘ

ਸਾਹਿਤ ਸਮਾਜ ਦਾ ਭਵਿੱਖਮੁਖੀ ਸ਼ੀਸ਼ਾ ਹੁੰਦਾ ਹੈ। ਇਸ ਰਾਹੀਂ ਕਿਸੇ ਵੇਲੇ ਦਾ ਸਮਾਜਕ-ਸਭਿਆਚਾਰ-ਰਾਜਨੀਤਕ ਦ੍ਰਿਸ਼ ਵੇਖਿਆ ਜਾ ਸਕਦਾ ਹੈ। ਇਹ ਆਉਣ ਵਾਲੀਆਂ ਨਸਲਾਂ ਲਈ ਚੰਗੇਰੇ ਜੀਵਨ ਦਾ ਮਾਰਗ ਦਰਸ਼ਨ ਵੀ ਕਰਦਾ ਹੈ। ਇਹ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਨੂੰ ਆਪਣੇ ਵਿਚ ਸਮੋਂਦਾ ਹੋਇਆ, ਚੰਗੇ ਮੰਦੇ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਜਰੀਏ ਪਾਠਕ ਜੀਵਨ ਦੇ ਡੂੰਘੇ ਅਧਿਐਨ ਵਿਚ ਉਤਰਦਾ ਹੈ ਤੇ ਮਨ-ਇੱਛਤ ਅਨੁਭਵਾਂ ਦੀ ਟੋਹ ਲਾਉਂਦਾ ਹੈ। ਇਸ ਦੇ ਅਧਿਐਨ 'ਚੋਂ ਪਾਠਕ ਦੀ ਚੇਤਨਾ ਤਿੱਖੀ ਹੁੰਦੀ ਤੇ ਉਸਦੇ ਬੌਧਿਕ ਵਿਕਾਸ ਦਾ ਰਾਹ ਖੁਲ੍ਹਦਾ ਹੈ।

ਅੱਜ ਤਕ ਮਨੁੱਖ ਦੀ ਕੋਸ਼ਿਸ਼ ਰਹੀ ਹੈ ਕਿ ਇਸ ਜੀਵਨ ਨੂੰ ਸੁੰਦਰ, ਜੀਣ ਜੋਗਾ ਬਣਾਇਆ ਜਾਵੇ। ਏਸੇ ਨੁਕਤੇ ਤੇ ਕੇਂਦਰਤ ਰਹੀ ਹੈ, ਇਸਦੀ ਹਰ ਖੋਜ ਹਰ ਪੜਤਾਲ। ਜ਼ਿੰਦਗੀ ਵਿਚ ਬਹੁਤ ਕੁਝ ਵਾਪਰ ਰਿਹਾ ਹੈ, ਹਾਂ ਪੱਖੀ ਵੀ ਤੇ ਨਾਂਹ ਪੱਖੀ ਵੀ। ਜੇ ਕੁਝ ਤੱਤ ਜੀਵਨ ਦੇ ਅਹਿਮ ਸਰੋਕਾਰਾਂ ਨਾਲ ਜੁੜੇ ਨੇ ਤਾਂ ਦੂਜੇ ਇਹਨੂੰ ਖੋਰਾ ਲਾਉਣ ਲਈ ਤਤਪਰ ਨੇ। ਏਥੇ ਹਰ ਤਰ੍ਹਾਂ ਦੇ ਪ੍ਰਭਾਵ ਪੈਦਾ ਹੋ ਰਹੇ ਤੇ ਮੌਲ ਰਹੇ ਨੇ। ਜਨ ਸਾਧਾਰਨ ਬਹੁਤੀ ਵਾਰ ਇਹਨਾਂ ਅੰਦਰਲੇ ਭੇਦਾਂ ਤੋਂ ਵਾਕਫ਼ ਨਹੀਂ ਹੁੰਦੀ। ਉਹ ਮਾੜੇ ਅਨਸਰਾਂ ਦੀ ਚਮਕ-ਦਮਕ ਦੇ ਘੇਰੇ ਵਿਚ ਆ ਕੇ ਆਪਣੇ ਨਿਸ਼ਾਨੇ ਤੋਂ ਥਿੜਕ ਵੀ ਸਕਦੀ ਹੈ। ਏਥੇ ਸਾਹਿਤਕਾਰ ਵਿਚ ਸਮਾਜ ਸ਼ਾਸ਼ਤਰੀ ਦਾ ਰੋਲ ਨਿਭਾਉਂਦਾ ਹੋਇਆ ਆਪਣਾ ਫਰਜ਼ ਪੂਰਾ ਕਰਦਾ ਹੈ। ਉਹ ਇਹਨਾਂ ਪ੍ਰਭਾਵਾਂ ਦਾ ਨਿਖੇੜਾ ਕਰਕੇ ਪੇਸ਼ ਕਰਦਾ ਹੈ ਤੇ ਜਨਤਾ ਨੂੰ ਜਾਗਰਿਤ ਕਰਕੇ ਉਹਨਾਂ ਨੂੰ ਸਹੀ ਸੇਧ ਦਿੰਦਾ ਹੈ।

ਸਾਹਿਤਕਾਰ ਚੰਗੀਆਂ ਕਦਰਾਂ ਕੀਮਤਾਂ ਦਾ ਮੁਦੱਈ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਉਸਦਾ ਆਪਣਾ ਕਿਰਦਾਰ ਉਹਨਾਂ ਕਦਰਾਂ ਕੀਮਤਾਂ ਦਾ ਧਾਰਨੀ ਹੋਵੇ ਜਿਨ੍ਹਾਂ ਉਪਰ ਉਹ ਆਪਣੀ ਲਿਖਤ ਨਾਲ ਪਹਿਰਾ ਦੇ ਰਿਹਾ ਹੈ। ਜਨ ਸਾਧਾਰਨ ਸਾਹਮਣੇ ਉਹ ਇਕ ਮਾਡਲ ਕਿਰਦਾਰ ਦੇ ਰੂਪ ਵਿਚ ਪੇਸ਼ ਹੋਵੇ। ਉਸ ਦਾ ਲਿਖਿਆ ਰਚਿਆ ਸਾਹਿਤ ਅਵਾਮ 'ਤੇ ਤਾਂ ਹੀ ਅਸਰ ਅੰਦਾਜ਼ ਹੋਵੇਗਾ ਜੇ ਉਹ ਜੀਵਨ ਦੇ ਸੱਚੇ-ਸੁੱਚੇ ਅਨੁਭਵਾਂ 'ਚੋਂ ਨਿਕਲਿਆ ਹੋਵੇਗਾ।

ਸਾਹਿਤਕਾਰ ਸਾਹਿਤ ਰਚਦਾ ਹੈ। ਪਰ ਇਹ ਜ਼ਰੂਰੀ ਨਹੀਂ ਕਿ ਉਸਦਾ ਰਚਿਆ ਹਰ ਲਫਜ਼ ਸਾਹਿਤ ਹੀ ਹੋਵੇ। ਫਿਰ ਵੀ ਸੁਆਲ ਹੈ, ਸਾਹਿਤ ਕੀ ਹੈ ? ਸਾਹਿਤ ਮਨੁੱਖੀ ਹਿੱਤਾਂ ਵਿਚ ਕਲਾਤਮਕ ਢੰਗ

ਨਾਲ ਲਿਖੀ ਇਬਾਰਤ ਦਾ ਨਾਂ ਹੈ। ਸਾਹਿਤ ਰਚਦਿਆਂ ਕਿਨ੍ਹਾਂ ਪੱਖਾਂ ਨੂੰ ਉਭਾਰਿਆ ਜਾਏ ? ਇਸਦੀ ਕਲਾਤਮਕ ਉਚਿਆਈ ਕੀ ਹੋਵੇ ? ਸਾਹਿਤ ਲੋਕਾਂ ਤੱਕ ਕਿਵੇਂ ਪਹੁੰਚਾਇਆ ਜਾਏ ? ਆਦਿ ਕੁਝ ਅਜਿਹੇ ਮੁੱਦੇ ਹਨ, ਜਿਨ੍ਹਾਂ ਬਾਰੇ ਸਾਹਿਤਕਾਰ ਨੂੰ ਸਮੇਂ ਸਮੇਂ ਸਿਰ ਚਰਚਾ ਕਰਨ ਦੀ ਲੋੜ ਪੈਂਦੀ ਹੈ। ਅਜਿਹੇ ਵਿਚਾਰਾਂ ਦਾ ਮੰਥਨ ਕਰਨ ਦੇ ਮਨੋਰਥ ਨਾਲ ਹੀ ਲੇਖਕਾਂ ਦੇ ਇਕੱਠਿਆਂ ਮਿਲ ਬਹਿਣ ਦੀ ਲੋੜ ਮਹਿਸੂਸ ਹੁੰਦੀ ਹੈ। ਲੇਖਕ ਆਪਣਾ ਲਿਖਿਆ ਦੂਸਰਿਆਂ ਨਾਲ ਸਾਂਝਾ ਕਰਦੇ ਹਨ। ਆਪਸੀ ਵਿਚਾਰ ਵਟਾਂਦਰੇ ਨਾਲ ਰਚਨਾ ਦੇ ਉਹ ਪੱਖ ਰੂਪਮਾਨ ਹੁੰਦੇ ਹਨ ਜੋ ਲੇਖਕ ਦੀ ਦ੍ਰਿਸ਼ਟੀ ਵਿਚ ਨਹੀਂ ਆਏ ਹੁੰਦੇ। ਇਉਂ ਰਚਨਾ ਦਾ ਮੂੰਹ-ਮੁਹਾਂਦਰਾ ਸੁਆਰਨ ਦਾ ਮੌਕਾ ਮਿਲਦਾ ਹੈ। ਸਾਹਿਤ ਸਭਾਵਾਂ ਵਰਕਸ਼ਾਪਾਂ ਦਾ ਕੰਮ ਕਰਦੀਆਂ ਹਨ। ਇਥੇ ਉਸ ਦੋਸ਼-ਮੁਕਤ ਸਾਹਿਤ ਦੀ ਸਿਰਜਣਾ ਬਾਰੇ ਚਰਚਾ ਹੁੰਦੀ ਹੈ ਜੋ ਲੋਕਾਂ ਤਕ ਜਾਣ ਦੇ ਕਾਬਿਲ ਹੋਵੇ। ਸਾਹਿਤ ਦੀ ਵੰਨਗੀ ਕੋਈ ਵੀ ਹੋਵੇ, ਉਸ 'ਤੇ ਲੋਕਾਂ ਤਕ ਜਾਣ ਤੋਂ ਪਹਿਲਾਂ ਪੂਰੀ ਇਸਲਾਹ ਹੋਣੀ ਚਾਹੀਦੀ ਹੈ। ਸਾਹਿਤ ਸਭਾਵਾਂ ਦਾ ਇਹ ਕਾਰਨ ਬੜਾ ਅਹਿਮ ਹੈ ਕਿ ਉਥੇ ਰਚੇ ਹੋਏ ਸਾਹਿਤ ਉਪਰ ਇਸਲਾਹ ਦਿੱਤੀ ਜਾਂਦੀ ਹੈ। ਏਥੇ ਚਰਚਾ ਵਿਚੋਂ ਹੀ ਆਪਣੇ ਵਿਚਾਰਾਂ ਨੂੰ ਸੁਆਰਨ ਦਾ ਮੌਕਾ ਮਿਲਦਾ ਹੈ, ਨਵੇਂ ਵਿਚਾਰਾਂ ਦਾ ਆਗਮਨ ਹੁੰਦਾ ਹੈ ਤੇ ਸਾਹਿਤ ਦੇ ਵਿਸ਼ਾਲ ਰੁੱਖ ਨੂੰ ਨਵੀਆਂ ਲਗਰਾਂ ਫੁਟਦੀਆਂ ਹਨ।

ਸਾਹਿਤ ਸਭਾਵਾਂ ਦੇ ਇਸ ਅਹਿਮ ਰੋਲ ਨੂੰ ਸਾਡੇ ਵਡੇਰਿਆਂ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਸ. ਸੌਦਾਗਰ ਸਿੰਘ ਭਿਖਾਰੀ ਹੋਰਾਂ ਨੇ 'ਕਵੀ ਕੁਟੀਆ' ਦੀ ਸਥਾਪਨਾ ਕਰਕੇ ਸਾਹਿਤ ਸਭਾਵਾਂ ਦੀ ਸਥਾਪਨਾ ਦੇ ਦਰ ਖੋਲ੍ਹੇ। ਉਹ ਅਜਿਹੇ ਜੀਊੜੇ ਸਨ ਜਿਨ੍ਹਾਂ ਦਾ ਕਿਰਦਾਰ ਆਪਣੀ ਰਚਨਾ ਨਾਲ ਮੁਕੰਮਲ ਤੌਰ ਤੇ ਮੇਲ ਖਾਂਦਾ ਸੀ। ਉਨ੍ਹਾਂ ਜੇਹਾ ਸਾਹਿਤ ਰਚਿਆ, ਵੈਸਾ ਹੀ ਜੀਵਨ ਜੀਵਿਆ। ਉਨ੍ਹਾਂ ਸਾਮਰਾਜ ਦੇ ਖਿਲਾਫ਼ ਲਿਖਿਆ ਤੇ ਉਹਦੇ ਨਾਲ ਟੱਕਰ ਵੀ ਲਈ। ਉਨ੍ਹਾਂ ਵਿਚ ਲਿਖਣ ਦਾ ਸਾਹਸ ਸੀ ਤੇ ਸੰਘਰਸ਼ਾਂ ਵਿਚ ਜੂਝਣ ਦੀ ਦਲੇਰੀ ਵੀ ਸੀ। ਉਨ੍ਹਾਂ ਨੂੰ ਅਸੀਂ ਸਾਹਿਤਕਾਰ ਦੇ ਤੌਰ ਤੇ ਯਾਦ ਤਾਂ ਕਰਦੇ ਹੀ ਹਾਂ, ਪਰ ਉਨ੍ਹਾਂ ਦਾ ਨਾਂ ਦੇਸ਼ ਭਗਤਾਂ ਦੀ ਕਤਾਰ ਵਿਚ ਵੀ ਬੜਾ ਅਹਿਮ ਹੈ। ਉਨ੍ਹਾਂ 1923 ਵਿਚ 'ਕਵੀ ਕੁਟੀਆ' ਦੀ ਸਥਾਪਨਾ ਕੀਤੀ। ਇਸ ਸਭਾ ਵਿਚ ਜਿਥੇਂ ਸਾਹਿਤਕ ਕਿਰਤਾਂ ਦਾ ਅਧਿਐਨ ਹੁੰਦਾ ਸੀ ਉਥੇ ਆਜ਼ਾਦੀ ਤੇ ਇਨਕਲਾਬ ਦੇ ਸੁਪਨੇ ਵੀ ਲਏ ਜਾਂਦੇ ਸਨ। ਇਸਦੇ ਮੈਂਬਰ ਆਪਣੇ ਕਾਰਜ ਨੂੰ ਸਮਰਪਤ ਸਨ। ਮੈਂਬਰਾਂ ਦੀ ਦਿਲੀ ਇੱਛਾ ਸੀ ਕਿ ਪੰਜਾਬੀ ਜ਼ੁਬਾਨ ਦਾ ਮੁਕਾਮ ਹੋਰ ਭਾਸ਼ਾਵਾਂ ਦੇ ਬਰਾਬਰ ਹੋਵੇ। ਉਹਨਾਂ ਕਈ ਅਨੁਵਾਦ ਕੀਤੇ ਤੇ ਹੋਰ ਭਾਸ਼ਾਵਾਂ ਦਾ ਸਾਹਿਤ ਲੋਕਾਂ ਤਕ ਪਹੁੰਚਾਉਣ ਦਾ ਮਹਾਨ ਕਾਰਜ ਕੀਤਾ। ਭਿਖਾਰੀ ਜੀ ਆਪ ਮਾਸਿਕ 'ਕਵੀ' ਟ੍ਰੈਕਟ ਅਤੇ ਰੋਜ਼ਾਨਾ 'ਦੇਸ਼ ਦਰਪਨ' ਦੀ ਸੰਪਾਦਨਾ ਕਰਦੇ ਰਹੇ। ਉਹਨਾਂ ਆਪਣੀ ਪ੍ਰੈੱਸ ਉਪਰ ਬਹੁਤ ਸਾਰਾ ਕ੍ਰਾਂਤੀਕਾਰੀ ਸਾਹਿਤ ਛਾਪਿਆ ਤੇ ਆਜ਼ਾਦੀ ਦਾ ਝੰਡਾ ਬੁਲੰਦ ਕਰਨ ਵਿਚ ਆਪਣਾ ਰੋਲ ਨਿਭਾਇਆ। ਨੌਜਵਾਨ ਪੀੜ੍ਹੀ ਨੂੰ ਜਿਥੇ ਆਚਰਣਕ ਤੇ ਆਤਮਕ ਉਚਿਆਈ ਦੇਣਾ ਉਨ੍ਹਾਂ ਦਾ ਮਨੋਰਥ ਸੀ, ਉਥੇ ਉਹ ਅਜਿਹੇ ਕ੍ਰਾਂਤੀਕਾਰੀ ਪੈਦਾ ਕਰਨ ਦੇ ਇਛੁੱਕ ਸਨ ਜੋ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਸੁਤੰਤਰ ਮਾਹੌਲ ਦੀ ਸਥਾਪਨਾ ਵਿਚ ਆਪਣਾ ਯੋਗਦਾਨ ਪਾ ਸਕਣ।

ਇਹ ਸਾਹਿਤਕਾਰਾਂ ਅਤੇ ਸਾਹਿਤ ਸਭਾਵਾਂ ਦੇ ਮਹਾਨ ਵਿਰਸੇ ਦੀ ਗਾਥਾ ਹੈ। ਅੱਜ ਅਸੀਂ ਆਜ਼ਾਦ ਹਾਂ ਤਾਂ ਉਨ੍ਹਾਂ ਵਡੇਰਿਆਂ ਨੂੰ ਯਾਦ ਕਰਦੇ ਹਾਂ ਜਿਨ੍ਹਾ ਦੀ ਬਦੌਲਤ ਅਸੀਂ ਜੀਊ ਰਹੇ ਹਾਂ। ਪਰ

ਹਾਲੇ ਸਾਹਿਤਕਾਰਾਂ ਤੇ ਸਾਹਿਤ ਸਭਾਵਾਂ ਦਾ ਰੋਲ ਨਹੀਂ ਮੁਕਿਆ। ਅੱਜ ਵੀ ਕਈ ਨਾਕਾਰਾਤਮਕ ਤਾਕਤਾਂ ਦੇ ਬੱਦਲ ਸਾਡੇ ਉੱਪਰ ਛਾਏ ਹੋਏ ਨੇ। ਸਾਮਰਾਜੀ ਤਾਕਤਾਂ ਆਪਣੇ ਪੈਰ ਪਸਾਰ ਰਹੀਆਂ ਹਨ। ਸਾਡੀ ਆਪਣੀ ਸਰਕਾਰ ਦੀਆਂ ਬਹੁਤ ਨੀਤੀਆਂ ਸਾਡੇ ਲੋਕਾਂ ਦੇ ਹੱਕ ਵਿਚ ਨਹੀਂ ਹਨ। ਪੰਜਾਬੀ ਭਾਸ਼ਾ ਨੀਤੀ ਦਾ ਸਪਸ਼ਟ ਨਾ ਹੋਣਾ ਸਰਕਾਰ ਦੀ ਬਦਦਿਆਨਤਦਾਰੀ ਦੀ ਮਿਸਾਲ ਹੈ। ਲੋਕਾਂ ਵਿਚ ਜੜ੍ਹਾਂ ਤਕ ਧੱਸਿਆ ਅੰਧ ਵਿਸ਼ਵਾਸ ਹਾਲੇ ਬਰਕਰਾਰ ਹੈ। ਜਾਤ-ਪਾਤ ਊਚ-ਨੀਚ ਵਰਗੀਆਂ ਸਮਾਜਕ ਅਲਾਮਤਾਂ ਹਾਲੇ ਉਥੇ ਦੀਆਂ ਉਥੇ ਖੜ੍ਹੀਆਂ ਹਨ। ਸਾਹਿਤ ਨੇ ਹਾਲੇ ਇਕ ਐਸੇ ਮਾਹੌਲ ਦੀ ਉਸਾਰੀ ਕਰਨੀ ਹੈ, ਜਿਥੇ ਮਨੁੱਖ ਆਪਣੇ ਸਵੱਛ ਆਲੇ ਦੁਆਲੇ ਪ੍ਰਤੀ ਚੇਤੰਨ ਹੋਵੇ। ਸਮਾਜ ਦੀਆਂ ਵਿੱਥਾਂ ਖੂੰਜਿਆਂ ਵਿਚ ਪਏ ਗੰਦੇ ਢੇਰਾਂ ਨੂੰ ਸਾਫ ਕਰ ਸਕਦਾ ਹੈ।

ਏਸ ਮਨੋਰਥ ਨੂੰ ਲੈ ਕੇ ਸਾਹਿਤ ਰਚਿਆ ਜਾ ਰਿਹਾ ਹੈ। ਸਥਾਨਕ ਸਭਾਵਾਂ ਤੋਂ ਲੈ ਕੇ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਤਕ ਇਸੇ ਲਈ ਸੰਘਰਸ਼ ਸ਼ੀਲ ਹਨ। ਕੇਂਦਰੀ ਸਭਾ ਅੱਜ ਵੀ ਮਾਂ-ਬੋਲੀ ਪੰਜਾਬੀ ਦੀ ਸਥਾਪਤੀ ਅਤੇ ਉਨਤੀ ਲਈ ਸੰਘਰਸ਼ ਕਰ ਰਹੀ ਹੈ। ਅੱਜ ਵੀ ਪੰਜਾਬੀ ਵਿਰੋਧੀ ਲਾਬੀ ਸਿਰ ਚੁੱਕੀ ਖਲੋਤੀ ਹੈ।

ਜਿਸ ਕਾਰਜ ਨੂੰ ਸ. ਸੌਦਾਗਰ ਸਿੰਘ ਭਿਖਾਰੀ ਵਰਗੇ ਇਨਕਲਾਬੀ ਲੇਖਕਾਂ ਨੇ ਵਿਢਿਆ ਸੀ, ਉਹ ਹਾਲੇ ਵੀ ਕਰਨ ਗੋਚਰਾ ਪਿਆ ਹੈ। ਇਹ ਅੱਜ ਦੇ ਤਮਾਮ ਲੇਖਕਾਂ ਲਈ ਇਕ ਚੁਣੌਤੀ ਵੀ ਹੈ ਤੇ ਇਕ ਅਹਿਮ ਫਰਜ਼ ਵੀ। ਸਾਡੇ ਲੇਖਕ ਜੀਵਨ ਦੇ ਚੰਗੇ ਮੁੱਲਾਂ ਨੂੰ ਆਧਾਰ ਬਣਾ ਕੇ ਲਿਖਣ, ਸਾਹਿਤ ਸਭਾਵਾਂ ਵਿਚ ਸੁਖਾਵਾਂ ਮਾਹੌਲ ਸਿਰਜਣ, ਇਹ ਜੀਵਨ ਸਾਡੇ ਪੁਰਖਿਆਂ ਦੇ ਸੰਜੋਏ ਸੁਪਨਿਆਂ ਮੁਤਾਬਕ ਜੀਣ ਜੋਗਾ ਬਣੇ, ਇਹੋ ਉਹਨਾਂ ਮਹਾਨ ਲੇਖਕਾਂ-ਯੋਧਿਆਂ ਨੂੰ ਭਰਪੂਰ ਸ਼ਰਧਾਂਜਲੀ ਹੋਏਗੀ।

◆

# 'ਭਿਖਾਰੀ' ਜੀ

◆

–ਗੁਰਾਂਦਿੱਤਾ ਖੰਨਾ

ਪਰਮ ਸਤਿਕਾਰ ਯੋਗ ਸਰਦਾਰ ਸੌਦਾਗਰ ਸਿੰਘ ਜੀ ਬਾਰੇ ਆਮ ਲੋਕ ਇਹ ਜਾਣਦੇ ਹਨ– ਕਿਸੇ ਵੇਲੇ ਕਲਕੱਤੇ ਰਹਿੰਦੇ ਸਨ ਤੇ ਵਧ ਤੋਂ ਵਧ ਇਹ ਕੇ ਉਹ ਪੰਜਾਬੀ ਨਾਲ ਪਿਆਰ ਕਰਦੇ ਸਨ। ਇਹ ਸਭ ਠੀਕ ਹੁੰਦਿਆਂ ਹੋਇਆ ਵੀ ਕਿਹਾ ਜਾ ਸਕਦਾ ਹੈ ਕਿ ਇਹ ਬੜੀ ਮਾਮੂਲੀ ਗੱਲ ਹੈ। ਇਸ ਤਰ੍ਹਾਂ ਦੇ ਲੋਕ ਤਾਂ ਅੱਜ ਵੀ ਘਟ ਨਹੀਂ ਹਨ। ਕਲਕੱਤੇ ਵਿਚ ਉਨ੍ਹਾਂ ਬਾਰੇ ਖ਼ਾਸ ਕੀ ਗਲ ਹੋਈ। ਖ਼ਾਸ ਕੋਈ ਇਕ ਨਹੀਂ, ਹੋਰ ਵੀ ਕਈ ਗੱਲਾਂ ਹਨ, ਪਰ ਉਹ ਜਾਣਦੇ ਹਨ ਜੋ ਉਨ੍ਹਾਂ ਦੇ ਬਹੁਤ ਵਿਸ਼ਵਾਸ਼ ਪਾਤਰ ਤੇ ਮਨਜ਼ੂਰੇ ਨਜ਼ਰ ਰਹੇ ਹਨ। ਜਿਥੇ ਤੀਕ ਮੈਂ ਜਾਣਦਾ ਹਾਂ, ਅਜਿਹੇ ਖੁਸ਼ਕਿਸਮਤਾਂ ਵਿਚੋਂ ਸ਼ਾਇਦ ਮੈਂ ਹੀ ਇਕ ਹਾਂ ਜਾ ਕੋਈ ਹੋਰ ਟਾਵਾਂ ਟਾਵਾਂ।

ਭਿਖਾਰੀ ਜੀ ਦੇ ਨਿਕਟ ਸੰਪਰਕ ਵਿਚ ਆਇਆ ਅੱਜ 60 ਵਰ੍ਹੇ ਹੋ ਗਏ ਹਨ ਮੈਨੂੰ ਬਲਕੇ ਇਸ ਤੋਂ ਵੀ ਜ਼ਿਆਦਾ ਮੋਟੇ ਤੌਰ ਤੇ ਉਹ ਇਕ ਸਹੀ–ਪੰਜਾਬੀ ਪਿਆਰੇ, ਸਫਲ ਗ੍ਰਹਿਸਥੀ ਤੇ ਪ੍ਰੈਕਟੀਕਲ ਇੰਜੀਨੀਅਰ ਸਨ। ਪਰ ਆਪਣੇ ਜਵਾਨੀ ਦੇ ਦਿਨਾਂ ਵਿਚ ਕੇਵਲ ਏਹੋ ਹੀ ਨਹੀਂ, ਉਹ ਇਸ ਤੋਂ ਵੀ ਬਹੁਤ ਕੁਝ ਜ਼ਿਆਦਾ ਸਨ। ਇਕ ਪਾਸੇ ਤਾਂ ਉਹ ਨਿਰਮਾਣ ਨਿਸਕਪਟ ਵਿਸ਼ਾਲ ਹਿਰਦੇ ਵਾਲੇ ਨਿਰਲੋਭੀ ਪੁਰਸ਼ ਸਨ। ਕਾਰਖ਼ਾਨੇ ਦੇ ਮਾਲਕ ਨੂੰ ਇਕ ਮਮੂਲੀ ਜਿਹਾ ਦੁਕਾਨਦਾਰ ਤੋਂ ਚੁਕ ਕੇ ਲੱਖਾਂ ਦਾ ਮਾਲਕ ਕਰ ਦਿੱਤਾ ਪਰ ਇਵਜ਼ੀ ਦਾ ਨਾਮ ਵੀ ਬੁੱਲ੍ਹਾਂ ਉਤੇ ਨਹੀਂ ਆਇਆ। ਅਤੇ ਦੂਸਰੇ ਪਾਸੇ ਉਹਨਾਂ ਅੰਦਰ ਅੱਗ ਬਲਦੀ ਸੀ ਆਜ਼ਾਦੀ ਲਈ ਅਤੇ ਮਾਤ ਭਾਸ਼ਾ ਪੰਜਾਬੀ ਲਈ। ਉਹ ਸਾੜ ਦਿੰਦੇ ਸਨ ਗ਼ੁਲਾਮੀ ਦੇ ਮਜਬੂਤ ਰੱਸੇ ਨੂੰ ਤੇ ਪੰਜਾਬੀ ਲਈ ਅਣਗਹਿਲੀ ਦੇ ਭਾਵ ਨੂੰ, ਤੇ ਸਾੜਦੇ ਰਹੇ ਪ੍ਰਤੱਖ ਤੇ ਅਪ੍ਰਤੱਖ ਅਣਡਿਠੇ ਯਤਨਾ ਨਾਲ। ਅੱਜ ਪੰਜਾਬੀ ਭਾਸ਼ਾ ਪੰਜਾਬ ਵਿਚ ਆਮ ਤੌਰ ਤੇ ਪੜ੍ਹੀ ਲਿਖੀ ਜਾਂਦੀ ਹੈ। ਰੋਜ਼ੀ ਰੋਟੀ ਲਈ ਤੇ ਉਦੋਂ ਬੰਗਾਲ ਵਿਚ ਪੜ੍ਹੀ ਜਾਂਦੀ ਵੱਧ ਤੋਂ ਵੱਧ ਗੁਰਬਾਣੀ ਦੇ ਪਾਠ ਲਈ, ਉਸ ਵੇਲੇ ਨਿਸ਼ਕਾਮ ਭਾਵ ਨਾਲ ਖਾਲਿਸ ਪੰਜਾਬੀ ਨਾਲ ਪਿਆਰ ਦੀ ਖ਼ਾਤਰ ਇਹ ਗੱਲ ਬਹੁਤ ਦੁਰਲਭ ਸੀ। ਅਜਿਹੇ ਹੀ ਵੇਲੇ ਜਨਮ ਹੋਇਆ ਕਲਕੱਤੇ ਵਿਚ ਕਵੀ ਕੁਟੀਆ ਦਾ। ਇਹ ਪੰਜਾਬੀ ਸਾਹਿਤ ਦੀ ਪਹਿਲੀ ਸੰਸਥਾ ਸੀ। ਪੰਜਾਬੀ ਬੋਲੀ ਨੂੰ ਦੂਜੀ ਬੋਲੀ ਦੇ ਮੁਕਾਬਲੇ ਖੜੀ ਕਰਨ ਲਈ ਉਨ੍ਹਾਂ ਇਹ ਬੀੜਾ ਚੁੱਕਿਆ। ਇਸ ਸੰਸਥਾ ਦੀ ਸਰਕਾਰ ਕੋਲੋਂ ਕੋਈ ਮੰਗ ਨਹੀਂ ਸੀ। ਇਸ ਨੂੰ ਦੇਖ ਅਮ੍ਰਿਤਸਰ ਵਿਚ ਫੇਰ ਪੰਜਾਬੀ ਸਭਾ ਦਾ ਜਨਮ ਹੋਇਆ।

ਕਵੀ ਕੁਟੀਆ ਕਲਕੱਤਾ ਬਾਰੇ ਸੀ. ਆਈ. ਡੀ ਦੀ ਰਿਪੋਰਟ ਸੀ ਕਿ ਇਹ ਗ਼ਦਰ ਪਾਰਟੀ ਦੇ ਖਿੰਡੇ ਫੁਟੇ ਫਿਰ ਉਠਣ ਲਈ ਇਕੱਠੇ ਤਾਲ ਮੇਲ ਦਾ ਇਕ ਅਦਾਰਾ ਹੈ ਤੇ ਹੈ ਵੀ ਠੀਕ ਸੀ, ਬਹੁਤ ਹੱਦ ਤਕ। ਕਿਉਂਕਿ ਇਸ ਦੇ ਪ੍ਰਧਾਨ ਸਨ ਮਹਾਂ ਕਵੀ ਸਰਦਾਰ ਮੁਨਸ਼ਾ ਸਿੰਘ ਜੀ ਦੁਖੀ ਜੋ ਕੇ ਗ਼ਦਰ ਪਾਰਟੀ ਦੇ ਇਕ ਸਰਗਰਮ ਕਾਰਜ ਕਰਤਾ ਤੇ ਅੱਜ ਵੀ ਪੁਰਾਣੇ ਸਾਥੀਆਂ ਤੇ ਦੂਸਰੇ ਲੁਕੇ ਛੁਪੇ ਇਨਕਲਾਬੀਆਂ ਦੇ ਹਰ ਤਰ੍ਹਾਂ ਨਾਲ ਮਦਦਗਾਰ ਸਨ। ਇਹ ਗੱਲ ਮੈਂ ਆਪਣੇ ਤਜਰਬੇ ਨਾਲ ਕਹਿ ਸਕਦਾ ਹਾਂ ਤੇ ਗਵਾਹ ਦੇ ਤੌਰ ਤੇ ਪੰਡਤ ਬਨਾਰਸੀ ਦਾਸ ਜੀ ਚਤੁਰਦੇਵੀ ਗਵਾਹੀ ਨਾਲ ਜੋ ਕਿ ਉਨ੍ਹਾਂ ਦਿਨਾਂ ਵਿਚ ਕਲਕੱਤਿਉਂ ਛਪਣ ਵਾਲੇ ਸੁਪ੍ਰਸਿੱਧ ਤੇ ਸੁਪ੍ਰਤਿਸ਼ਟ ਹਿੰਦੀ ਮਾਸਿਕ ਪੱਤਰ 'ਵਿਸ਼ਾਲ ਭਾਰਤ' ਦੇ ਸੰਪਾਦਕ ਸਨ।

ਅਜਿਹੀ ਕੁਟੀਆ ਜਾਂ ਸਭਾ ਦਾ ਜੀਵਨ ਦਾਤਾ ਹੋਣ ਜਾਂ ਸਰਪ੍ਰਸਤ ਹੋਣਾ ਕੋਈ ਖਾਲਾ ਜੀ ਦਾ ਘਰ ਨਹੀਂ ਸੀ, ਪਰ ਭਿਖਾਰੀ ਜੀ ਸਨ। 'ਕਵੀ ਕੁਟੀਆ' ਸ਼ੁਰੂ ਸ਼ੁਰੂ ਵਿਚ ਹਫ਼ਤਾਵਾਰ ਪੰਜਾਬੀ ਪਿਆਰਿਆਂ ਦਾ ਇਕ ਇਕੱਠ ਹੁੰਦਾ ਸੀ। ਉਸ ਵਿਚ ਕਵਿਤਾ ਪੜ੍ਹੀਆਂ ਤੇ ਵਿਚਾਰੀਆਂ ਜਾਂਦੀਆ ਸਨ। ਉਂਞ ਤਾਂ ਇਕੱਠ ਹੁੰਦਾ ਸੀ ਖ਼ੁਦ ਭਿਖਾਰੀ ਜੀ ਦੇ ਘਰ ਭਵਾਨੀਪੁਰ ਦੀ ਇਕ ਤੰਗ ਜਿਹੀ ਗ਼ਲੀ ਵਿੱਚ। ਇਹ ਇਕੱਠ ਪੁਲਿਸ ਦੀ ਨਿਗਾਹ ਵਿਚ ਬੜਾ ਖਟਕਦਾ ਸੀ। ਮੇਰੇ ਬਾਰੇ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਮੈਨੂੰ ਕਈ ਵਾਰ ਕਹਿਣਾ ਕੇ ਮੇਰੇ ਕੋਲੋਂ ਕੰਮ ਸਿਖ ਲਉ, ਕੁਝ ਦਿਹਾੜੀ ਮਿਲ ਜਾਊ। ਕੁਝ ਜੇਬ ਖਰਚ ਮੈਂ ਦੇ ਦਿਆਂ ਕਰਾਂਗਾ। ਸਿਆਸੀ ਤੇ ਸਾਹਿਤਕ ਸੇਵਾ ਗਰਜ਼ ਰਹਿਤ ਤਾਂ ਹੀ ਹੋ ਸਕਦੀ ਹੈ ਜੇ ਇਸ ਨੂੰ ਰੋਜ਼ੀ ਦਾ ਆਧਾਰ ਨਾ ਬਣਾਇਆ ਜਾਵੇ। ਜਿਹੋ ਜਿਹਾ ਅਸੀਂ ਖਾਵਾਂਗੇ, ਪਹਿਨਾਗੇ ਤੁਹਾਨੂੰ ਵੀ ਮਿਲ ਜਾਊ। ਪੈਸੇ ਕਮਾਉਣ ਜੋਗੇ ਹੋ ਜਾਣਗੇ। ਕਿੱਥੇ ਹਨ, ਅਜਿਹੇ ਲੋਕ ਅੱਜ ? ਉਹਨਾਂ ਦੀ ਗੱਲ ਕਹੀ ਹੋਈ ਅੱਜ ਮੈਨੂੰ ਯਾਦ ਆਉਂਦੀ ਹੈ।

ਮੇਰੀ ਨਿਗਰਾਨੀ ਕਰਨ ਵਾਲੇ ਮੁਕਰਜੀ ਨਾਲ ਮੈਂ ਗੱਲ ਕੀਤੀ ਤਾਂ ਆਖਣ ਲਗਾ ਕਿਉਂ ਖਾਹਮਖ਼ਾਹ ਪੁਲਿਸ ਦੀ ਨਿਗ੍ਹਾ ਵਿਚ ਰੜਕਣ ਵਾਲੇ ਬਣਨ ਲੱਗੇ ਹਨ ਤਾਂ ਮੈਂ ਕਿਹਾ, ਆਜ਼ਾਦੀ ਦੇ ਪਿਆਰ ਕਰਕੇ ਇਕ ਤਰ੍ਹਾਂ ਨਾਲ ਸੇਵਾ ਮਾਣ ਲਈ ਤੇ ਖ਼ਾਸ ਕਰਕੇ ਮੈਂ ਇਕ ਨਿਮਾਣਾ ਪੰਜਾਬੀ ਸਾਹਿਤ ਸੇਵੀ ਹਾਂ। ਉਹ ਬੋਲਿਆ—ਤਾਂ ਫਿਰ ਠੀਕ, ਪਰ ਭੁੱਲ ਕੇ ਵੀ ਕਦੇ ਉਨ੍ਹਾਂ ਦੇ ਘਰ ਕੋਈ ਚੀਜ਼ ਕਿਤੇ ਲੁਕਾ ਕੇ ਨਾ ਰੱਖੀ ? ਮੈਂ ਕਿਹਾ ਮੈਂ ਇਹੋ ਜਿਹਾ ਬੇਵਕੂਫ਼ ਨਹੀਂ। ਜਦ ਭਿਖਾਰੀ ਜੀ ਨਾਲ ਗੱਲ ਕੀਤੀ ਤਾਂ ਬੋਲੇ ਕੋਈ ਗੱਲ ਨਹੀਂ ਤੁਸੀਂ ਅੱਜ ਰਾਤ ਤੋਂ ਹੀ ਰਹਿਣਾ ਸ਼ੁਰੂ ਕਰ ਦਿਉ।

ਇਹ ਦੱਸਣ ਦਾ ਮਤਲਬ ਇਹ ਹੈ ਕਿ ਭਿਖਾਰੀ ਜੀ ਕੇਵਲ ਪੰਜਾਬੀ ਦੇ ਹੀ ਕਵੀ ਤੇ ਗ੍ਰੰਥ ਕਾਰ ਨਾ ਸਨ, ਕਿਤਨੇ ਨਿਡਰ ਤੇ ਆਜ਼ਾਦੀ ਦੇ ਵੀ ਆਜ਼ਾਦ ਪਿਆਰੇ ਤੇ ਅਲੰਬਰਦਾਰ ਸਨ।

◆

# ਪੰਜਾਬੀ ਸਾਹਿਤ ਦੇ ਉਸੱਰੀਏ ਭਿਖਾਰੀ ਜੀ

◆

**-ਨਰਿੰਦਰ ਸਿੰਘ ਕਪੂਰ**

ਜਦੋਂ ਤਕ ਕੋਈ ਮਨੁੱਖ ਆਪਣੇ ਪਰਿਵਾਰ ਤੋਂ ਬਾਹਰ ਵੇਖਣ ਦੀ ਦਲੇਰੀ ਨਾ ਕਰੇ, ਉਹ ਸਮਾਜ, ਕੌਮ ਜਾਂ ਦੇਸ਼ ਨੂੰ ਕੋਈ ਮੁੱਲਵਾਨ ਯੋਗਦਾਨ ਨਹੀਂ ਦੇ ਸਕਦਾ। ਕਈ ਵਿਅਕਤੀ ਅਜਿਹੇ ਹੁੰਦੇ ਹਨ, ਜਿਹੜੇ ਸਮਾਜ ਤੋਂ ਲੈਂਦੇ ਤਾਂ ਸਭ ਕੁਝ ਹਨ ਪਰ ਮੋੜਦੇ ਕੁਝ ਨਹੀਂ, ਅਜਿਹੇ ਵਿਅਕਤੀਆਂ ਨੂੰ ਕੋਈ ਵੀ ਯਾਦ ਨਹੀਂ ਕਰਦਾ, ਕਿਉਂਕਿ ਅਜਿਹੇ ਵਿਅਕਤੀਆਂ ਨੂੰ ਯਾਦ ਕਰਨ ਦਾ ਕੋਈ ਵੀ ਆਧਾਰ ਨਹੀਂ ਬਣਦਾ। ਪਰ ਕੁਝ ਗਿਣਤੀ ਦੇ ਵਿਅਕਤੀ ਅਜਿਹੇ ਵੀ ਹੁੰਦੇ ਹਨ ਜੋ ਲੈਂਦੇ ਬਹੁਤ ਥੋੜ੍ਹਾ ਹਨ, ਪਰ ਮੋੜਦੇ ਬਹੁਤ ਅਧਿਕ ਹਨ ਅਤੇ ਅਜਿਹੇ ਵਿਅਕਤੀਆਂ ਨੂੰ ਕੋਈ ਭੁਲਦਾ ਜਾਂ ਭੁਲਾਉਂਦਾ ਨਹੀਂ, ਅਜਿਹੇ ਵਿਅਕਤੀਆਂ ਨੂੰ ਯਾਦ ਕਰਨਾ ਸਾਨੂੰ ਚੰਗਾ ਚੰਗਾ ਲਗਦਾ ਹੈ, ਅਜਿਹਿਆਂ ਨੂੰ ਯਾਦ ਕਰਨਾ ਸਾਡੇ ਅੰਦਰ ਖੁਸ਼ੀ ਦਾ ਸੰਚਾਰ ਕਰਦਾ ਹੈ। ਅਜਿਹੇ ਵਿਅਕਤੀਆਂ ਦੀਆਂ ਪ੍ਰਾਪਤੀਆਂ ਨੂੰ ਦੁਹਰਾਉਣਾ ਅਤੇ ਇਨ੍ਹਾਂ ਦੇ ਕਾਰਨਾਮਿਆਂ ਨੂੰ ਸਲਾਹੁਣਾ ਅਤੇ ਇਨ੍ਹਾਂ ਦੇ ਨਾਂ ਨਾਲ ਆਪਣੇ ਆਪ ਨੂੰ ਜੋੜਨਾ ਸਾਡੇ ਅੰਦਰ ਜੋਸ਼ ਅਤੇ ਉਤਸ਼ਾਹ ਭਰਦਾ ਹੈ।

ਅਜਿਹੇ ਹੀ ਇਕ ਵਿਅਕਤੀ ਸੌਦਾਗਰ ਸਿੰਘ 'ਭਿਖਾਰੀ' ਸਨ। ਉਹ ਕਿਹੋ ਜਿਹੀ ਸ਼ਖ਼ਸੀਅਤ ਦੇ ਮਾਲਕ ਸਨ, ਇਹ ਇਸ ਗੱਲ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਉਹ ਸੌਦਾਗਰ ਹੁੰਦੇ ਹੋਏ 'ਭਿਖਾਰੀ' ਬਣਨ ਅਖਵਾਉਣ ਵਿਚ ਵਧੇਰੇ ਗੌਰਵ ਮਹਿਸੂਸ ਕਰਦੇ ਸਨ। ਉਹ ਬੜੀ ਸੰਘਣੀ ਅਤੇ ਡੂੰਘੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਹਰ ਵੇਲੇ ਰੁਝੇ ਰਹਿੰਦੇ ਸਨ, ਰੁਝੇ ਰਹਿਣਾ ਉਨ੍ਹਾਂ ਦਾ ਮੁਕਤੀ-ਮਾਰਗ ਸੀ। ਪਰਮਾਤਮਾ ਨੂੰ ਪਾਉਣ ਦੇ ਭਾਰਤੀ ਦਰਸ਼ਨ ਵਿਚ ਤਿੰਨ ਮਾਰਗ ਸੁਝਾਏ ਗਏ ਹਨ : ਗਿਆਨ ਮਾਰਗ, ਭਗਤੀ ਮਾਰਗ, ਅਤੇ ਕਰਮ ਮਾਰਗ, ਭਿਖਾਰੀ ਜੀ ਕਰਮ-ਮਾਰਗੀ ਅਤੇ ਕਰਮ-ਯੋਗੀ ਸਨ, ਅਜਿਹੇ ਵਿਅਕਤੀ ਨਵੇਂ ਸਮਾਜ, ਨਵੀਂ ਜੀਵਨ ਪ੍ਰਣਾਲੀ ਅਤੇ ਨਵੇਂ ਜੀਵਨ ਦ੍ਰਿਸ਼ਟੀਕੋਣ ਦੇ ਨਿਰਮਾਤਾ ਹੁੰਦੇ ਹਨ। ਅਜਿਹੇ ਵਿਅਕਤੀਆਂ ਦਾ ਉਦੇਸ਼ ਨਿਜੀ ਆਰਥਿਕ ਵਿਕਾਸ ਨਾਲੋਂ, ਸਮੂਹਿਕ-ਸਮਾਜਿਕ ਵਿਕਾਸ ਹੁੰਦਾ ਹੈ। ਅਜਿਹੇ ਵਿਅਕਤੀਆਂ ਦੇ ਸੰਪਰਕ ਵਿਚ ਆਉਣ ਵਾਲਾ ਬਾਹਰਲਾ ਹੀ ਨਹੀਂ, ਅੰਦਰਲਾ ਵੀ ਬਦਲ ਜਾਂਦਾ ਹੈ। ਅਜਿਹੇ ਵਿਅਕਤੀ ਦੀ ਨਜ਼ਰ ਤਿੱਖੀ ਹੁੰਦੀ ਹੈ, ਜਿਹੜੀ ਹਨ੍ਹੇਰਿਆਂ ਤੋਂ ਵੀ ਪਾਰ ਵੇਖ ਲੈਂਦੀ ਹੈ। ਅਜਿਹੇ ਵਿਅਕਤੀ ਦਾ ਲਿਬਾਸ ਸਾਦਾ ਹੁੰਦਾ ਹੈ ਕਿਉਂਕਿ ਅਜਿਹੇ ਵਿਅਕਤੀ ਸੰਜਮ, ਸਰਲਤਾ, ਸਪਸ਼ਟਤਾ, ਸੁਹਿਰਦਤਾ ਅਤੇ ਸਾਦਗੀ ਕਾਰਨ ਸਭ ਪ੍ਰਕਾਰ ਦੀ ਵਿੱਥਾਂ ਨੂੰ ਭਰ ਦਿੰਦੇ

ਹਨ। ਅਜਿਹੇ ਵਿਅਕਤੀ ਦੀ ਚਾਲ ਫੁਰਤੀਲੀ ਹੁੰਦੀ ਹੈ, ਜਿਸਮ ਰਿਸ਼ਟ-ਪੁਸ਼ਟ ਹੁੰਦਾ ਹੈ, ਅਜਿਹੇ ਵਿਅਕਤੀਆਂ ਕੋਲ ਬੀਮਾਰ ਪੈਣ ਦਾ ਸਮਾਂ ਨਹੀਂ ਹੁੰਦਾ, ਅਜਿਹੇ ਵਿਅਕਤੀ ਕਦੇ ਵਿਹਲੇ ਨਹੀਂ ਰਹਿੰਦੇ, ਇਨ੍ਹਾਂ ਦੀ ਹਰ ਥਾਂ ਉਡੀਕ ਹੁੰਦੀ ਹੈ, ਹਰ ਥਾਂ ਇਨ੍ਹਾਂ ਨੂੰ ਜੀ ਆਇਆ ਨੂੰ ਕਿਹਾ ਜਾਂਦਾ ਹੈ। ਅਜਿਹੇ ਵਿਅਕਤੀ ਜਿਥੇ ਵੀ ਜਾਂਦੇ ਹਨ, ਜ਼ਿੰਦਗੀ ਦੀ ਰੌਣਕ ਨਾਲ ਨਾਲ ਚਲਦੀ ਹੈ, ਅਜਿਹੇ ਵਿਅਕਤੀ ਆਪਣੀ ਸੰਭਾਲ ਵਾਸਤੇ ਧਨ-ਦੌਲਤ-ਜਾਇਦਾਦ ਆਦਿ ਛੱਡ ਕੇ ਨਹੀਂ ਜਾਂਦੇ। ਸੁਚੱਜੀ ਜੀਵਨ ਜਾਚ, ਉਸਾਰੂ ਸੋਚ, ਮਿੱਠਾ ਮਿੱਠਾ ਬੋਲਣਾ ਅਤੇ ਉੱਚਾ ਉੱਚਾ ਸੋਚਣਾ, ਜ਼ਿੰਦਗੀ ਜਿਊਣ ਦਾ ਅਣਥੱਕ ਚਾਅ ਅਤੇ ਦੂਜਿਆਂ ਦੇ ਕੰਮ ਆਉਣ ਦੀ ਲਗਨ ਆਦਿ ਇਨ੍ਹਾਂ ਵਲੋਂ ਆਪਣੀ ਸੰਤਾਨ ਨੂੰ ਦਿੱਤੇ ਤੋਹਫੇ ਹੁੰਦੇ ਹਨ। ਅਜਿਹੇ ਵਿਅਕਤੀਆਂ ਦੀ ਚਾਲ ਨਿਰਾਲੀ ਹੁੰਦੀ ਹੈ।

ਇਸ ਨਿਰਾਲੀ ਚਾਲ ਸਦਕਾ ਹੀ ਸੌਦਾਗਰ ਸਿੰਘ ਨੇ ਬਾਲ-ਉਮਰ ਵਿਚ ਹੀ ਨੈਰੋਬੀ ਵਿਚ ਕਵਿਤਾ ਬੋਲਣੀ ਆਰੰਭ ਕੀਤੀ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਸਭਿਆਚਾਰਕ ਮੇਲੇ ਉਥੇ ਸਥਾਪਤ ਕੀਤੇ ਗੁਰਦਆਰਿਆਂ ਵਿਚ ਹੀ ਲਗਦੇ ਸਨ। ਸੌਦਾਗਰ ਸਿੰਘ ਨੇ ਗੁਰਪੁਰਬਾਂ ਤੇ ਸ਼ਬਦ ਪੜ੍ਹਨ ਤੋਂ ਵਿਕਾਸ ਕਰਦਿਆਂ ਕਵੀ ਦਰਬਾਰਾਂ ਵਿਚ ਕਵਿਤਾਵਾਂ ਪੜ੍ਹਨ ਦੀ ਮੁਹਾਰਤ ਪ੍ਰਾਪਤ ਕੀਤੀ ਅਤੇ ਜਦੋਂ ਉਹ ਇਕ ਕਵੀ ਵਾਂਗ ਵਿਚਰਨ ਲਗ ਪਿਆ ਤਾਂ ਉਸ ਨੂੰ ਇਕ ਕਵੀ ਵਜੋਂ ਉਪਨਾਮ ਦੀ ਵੀ ਜ਼ਰੂਰਤ ਪਈ ਅਤੇ ਇਸ ਉਦੇਸ਼ ਲਈ ਉਸਨੇ ਅਰਸ਼ੀ, ਪੰਛੀ, ਮੁਸਾਫ਼ਰ, ਆਦਿ ਕਵੀਆਂ ਵਾਂਗ ਨਿਰਮਾਣਤਾ ਦਾ ਸਬੂਤ ਦਿੰਦਿਆਂ 'ਭਿਖਾਰੀ' ਉਪਨਾਮ ਅਪਨਾ ਲਿਆ ਅਤੇ ਸੌਦਾਗਰ ਸਿੰਘ 'ਭਿਖਾਰੀ' ਦੀ ਮੁਨਸ਼ਾ ਸਿੰਘ 'ਦੁਖੀ' ਨਾਲ ਅਜਿਹੀ ਕਾਵਿਕ ਸਾਂਝ ਪਈ, ਜਿਹੜੀ ਜੀਵਨ ਭਰ ਨਿਭੀ ਅਤੇ 'ਭਿਖਾਰੀ' ਅਤੇ 'ਦੁਖੀ' ਅਟੁੱਟ ਸੰਗੀ ਬਣ ਗਏ।

ਜਿਸ ਸਮੇਂ 'ਭਿਖਾਰੀ' ਜੀ ਕਵਿਤਾ ਰਚ ਰਹੇ ਸਨ, ਉਸ ਸਮੇਂ ਪੰਜਾਬ ਦੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸਥਿਤੀ ਡਾਵਾਂਡੋਲ ਤਾਂ ਹੈ ਸੀ, ਇਹ ਭਾਵੁਕ ਲੀਹਾਂ ਉਤੇ ਢਲਦੀ ਜਾ ਰਹੀ ਸੀ। ਸਾਲ 1913 ਵਿਚ ਅਮਰੀਕਾ ਵਿਚ ਗ਼ਦਰ ਪਾਰਟੀ ਦੀ ਸਥਾਪਨਾ ਹੋ ਚੁੱਕੀ ਸੀ। 'ਗ਼ਦਰ' ਅਤੇ 'ਗ਼ਦਰ ਗੂੰਜਾਂ' ਨੇ ਸੈਂਕੜੇ ਕਵੀ ਪੈਦਾ ਕੀਤੇ। 'ਭਿਖਾਰੀ' ਜੀ ਦੀਆਂ ਕਵਿਤਾਵਾਂ ਵਿਚ ਵੀ ਤਿਆਗ, ਕੁਰਬਾਨੀ ਅਤੇ ਸੰਗਰਾਮ ਦਾ ਰੰਗ ਗੂੜ੍ਹਾ ਹੈ। 'ਗ਼ਦਰ' ਵਿਚ ਹਰ ਸਪਤਾਹ ਬਗ਼ਾਵਤ ਦਾ ਸੰਦੇਸ਼ ਨਵੇਂ ਜੋਸ਼, ਨਵੀਆਂ ਦਲੀਲਾਂ ਅਤੇ ਲਹੂ-ਗਰਮਾਊ ਕਵਿਤਾਵਾਂ ਰਾਹੀਂ ਸਾਰੇ ਸੰਸਾਰ ਵਿਚ ਪੁੱਜ ਜਾਂਦਾ ਸੀ। ਇਸ ਲਹਿਰ ਵਿਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੇ ਸਭਨਾਂ ਨੇ ਭਾਗ ਲਿਆ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਸਾਂਜੀ ਜਦੋ ਜਹਿਦ ਸੀ। ਇਸ ਪੱਤਰ ਨੇ ਵਿਸ਼ਾਲ ਦ੍ਰਿਸ਼ਟੀਕੋਣ, ਧਰਮ ਨਿਰਪੇਖ ਸੋਚ ਅਤੇ ਸਰਬ ਸਾਂਝੀਵਾਲਤਾ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਕਵਿਤਾ ਲਿਖਣ ਦੀ ਪ੍ਰੇਰਨਾ ਦਿੱਤੀ।

ਭਿਖਾਰੀ ਜੀ ਜਦੋਂ ਕਲਕੱਤੇ ਪਹੁੰਚੇ ਤਾਂ ਉਨ੍ਹਾਂ ਨੇ ਆਪਣੇ ਜੀਵਨ ਦੇ ਅਜੇ ਦੋ ਦਹਾਕੇ ਪੂਰੇ ਨਹੀਂ ਸਨ ਕੀਤੇ, ਸੋ ਉਨ੍ਹਾਂ ਉਤੇ ਆਲੇ ਦੁਆਲੇ ਦੀਆਂ ਘਟਨਾਵਾਂ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। ਕਾਮਾ ਗਾਟਾ ਮਾਰੂ ਦਾ ਦੁਖਾਂਤ ਵਾਪਰ ਚੁੱਕਾ ਸੀ, ਬਜਬਜ ਘਾਟ ਦੀਆਂ ਦੁਖਦਾਈ ਘਟਨਾਵਾਂ ਨੇ ਸਮੁੱਚਾ ਪੰਜਾਬ ਹਲੂਣ ਦਿੱਤਾ ਸੀ। ਪਹਿਲਾ ਵਿਸ਼ਵ ਯੁੱਧ ਵਾਪਰ ਰਿਹਾ ਸੀ। ਥੋੜ੍ਹੇ ਹੀ ਸਮੇਂ ਮਗਰੋਂ ਜਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਵਾਪਰ ਗਈ ਸੀ। ਅਜਿਹੀ ਸਥਿਤੀ ਵਿਚ 'ਭਿਖਾਰੀ' ਜੀ ਦਾ ਸੰਵੇਦਨ ਮਨ ਅਭਿੱਜ ਕਿਵੇਂ ਰਹਿ ਸਕਦਾ ਸੀ। ਭਾਵੇਂ ਕਿੱਤੇ ਵਲੋਂ ਉਹ ਇੰਜੀਨੀਅਰ ਸਨ, ਪਰ ਤਸੱਲੀ ਅਤੇ

ਸੰਤੁਸ਼ਟਤਾ ਉਨ੍ਹਾਂ ਨੂੰ ਕਵਿਤਾ ਸੁਣ ਕੇ ਅਤੇ ਸੁਣਾ ਕੇ ਹੀ ਹੁੰਦੀ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ 1923 ਵਿਚ ਕਲਕੱਤੇ ਵਿਚ ਇਕ ਸਾਹਿਤਕ ਸੰਸਥਾ 'ਕਵੀ ਕੁਟੀਆ' ਦੀ ਸਥਾਪਨਾ ਕੀਤੀ ਜਿਥੇ ਪੰਜਾਬੀ ਸਾਹਿਤ-ਰਸੀਏ ਇਕੱਠੇ ਹੋ ਕੇ ਆਪਣੀਆਂ ਕਵਿਤਾਵਾਂ ਸੁਣਾਉਂਦੇ ਅਤੇ ਸਾਹਿਤਕ ਚਰਚਾ ਕਰਦੇ। ਇਸ ਸਾਹਿਤਕ ਸੰਸਥਾ ਦੇ ਕਵੀ, ਕਹਾਣੀਕਾਰ, ਨਾਵਲਕਾਰ ਅਤੇ ਵਾਰਤਕ ਲੇਖਕ ਵੀ ਪੈਦਾ ਕੀਤੇ ਅਤੇ ਭਾਰਤ ਵਿਚ ਪੰਜਾਬ ਤੋਂ ਬਾਹਰ ਕਲਕੱਤਾ ਪੰਜਾਬੀ ਸਾਹਿਤ ਅਤੇ ਪੰਜਾਬੀ ਸਾਹਿਤ ਪ੍ਰੇਮੀਆਂ ਦਾ ਗੜ੍ਹ ਬਣ ਗਿਆ। ਇਸ ਸੰਸਥਾ ਨੇ ਪਾਰਕਾਂ ਅਤੇ ਸਕੂਲਾਂ ਵਿਚ ਬੈਠਕਾਂ ਕਰਨ ਦਾ ਸਿਲਸਿਲਾ ਲੰਮਾ ਅਰਸਾ ਚਲਾਈ ਰੱਖਿਆ ਅਤੇ 'ਭਿਖਾਰੀ' ਜੀ ਦਾ ਘਰ ਇਸ ਸੰਸਥਾ ਦਾ ਦਫ਼ਤਰ ਸੀ। ਇਹ ਦੱਸਣ ਦੀ ਲੋੜ ਨਹੀਂ ਕਿ ਭਿਖਾਰੀ ਜੀ ਇਸ ਸੰਸਥਾ ਦੇ ਸੰਚਾਲਕ ਹੀ ਨਹੀਂ, ਸਗੋਂ ਇਸ ਸੰਸਥਾ ਦਾ ਪ੍ਰੇਰਨਾ ਸ੍ਰੋਤ ਵੀ ਸਨ। ਕਲਕੱਤਾ ਸਥਿਤ ਪੰਜਾਬੀ ਕਵੀਆਂ ਨਾਲ ਉਨ੍ਹਾਂ ਦਾ ਮੇਲ-ਜੋਲ 1927 ਵਿਚ ਇਕ ਵੱਡੀ ਪ੍ਰਾਪਤੀ ਬਣ ਗਿਆ ਜਦੋਂ 'ਭਿਖਾਰੀ' ਜੀ ਦੀ ਪ੍ਰੇਰਨਾ ਨਾਲ ਮੁਨਸ਼ਾ ਸਿੰਘ 'ਦੁਖੀ' ਨੇ ਮਾਸਿਕ ਪੱਤਰ 'ਕਵੀ' ਜਾਰੀ ਕੀਤਾ। ਇਹ ਪੱਤਰ 1927 ਵਿਚ ਪੰਜਾਬੀ ਵਿਚ ਜਾਰੀ ਹੋਏ ਪੱਤਰਾਂ ਵਿਚੋਂ ਸਭ ਤੋਂ ਵੱਧ ਪ੍ਰਸਿਧ ਸੀ।

ਸਾਲ 1920 ਤੋਂ ਲੈ ਕੇ 1925 ਤਕ ਪੰਜਾਬ ਵਿਚ ਸਿੱਖਾਂ ਨੇ ਆਪਣੇ ਗੁਰਧਾਮਾਂ ਨੂੰ ਮਹੰਤਾਂ ਅਤੇ ਅੰਗ੍ਰੇਜ਼ੀ ਸਰਕਾਰ ਤੋਂ ਆਜ਼ਾਦ ਕਰਵਾਉਣ ਲਈ ਉਪਰੋਥਲੀ ਕਈ ਮੋਰਚੇ ਲਾਏ। ਅਕਾਲੀ ਮੋਰਚਿਆਂ ਨੇ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਕਵਿਤਾ ਨੂੰ ਵੱਡਾ ਹੁਲਾਰਾ ਦਿੱਤਾ। ਪੰਜਾਬੀ ਕਵਿਤਾ ਅਤੇ ਪੰਜਾਬੀ ਸਾਹਿਤ ਵਿਚ ਆਈ ਖੜੋਤ ਅਤੇ ਅੰਗਰੇਜ਼ੀ ਸਰਕਾਰ ਪ੍ਰਤੀ ਵਫ਼ਾਦਾਰੀ ਨੇ ਆਜ਼ਾਦ ਵਿਚਾਰਾਂ ਦਾ ਗਲਾ ਘੁਟਿਆ ਹੋਇਆ ਸੀ ਅਤੇ ਨਵੇਂ ਵਿਚਾਰਾਂ ਦਾ ਆਦਾਨ-ਪ੍ਰਦਾਨ ਸੰਭਵ ਨਹੀਂ ਸੀ। ਨਤੀਜੇ ਵਜੋਂ ਸਾਹਿਤ ਨੂੰ ਟੁੰਬਣ, ਉਤਸ਼ਾਹਿਤ ਅਤੇ ਉਤੇਜਿਤ ਕਰਨ ਦੇ ਸੋਮੇ ਇਕ ਤਰ੍ਹਾਂ ਨਾਲ ਸੁੱਕ ਗਏ ਸਨ। ਅਕਾਲੀ ਮੋਰਚਿਆਂ ਨੇ ਇਨ੍ਹਾਂ ਤੇ ਲੱਗੀਆਂ ਰੁਕਾਵਟਾਂ ਤੋੜ ਸੁੱਟੀਆਂ, ਕਵਿਤਾ ਦਾ ਘੇਰਾ ਵਿਸ਼ਾਲ ਕੀਤਾ ਅਤੇ ਸਾਹਿਤ ਨੂੰ ਕਈ ਪੜਾਅ ਅੱਗੇ ਤੋਰਿਆ। ਦੇਸ਼ ਭਗਤੀ ਦੇ ਗੀਤਾਂ ਦਾ ਆਲਮ ਸ਼ੁਰੂ ਹੀ ਮੋਰਚਿਆਂ ਰਾਹੀਂ ਹੋਇਆ। ਕੁੰਜੀਆਂ ਦਾ ਮੋਰਚਾ ਲੱਗਿਆ, ਭਾਵੇਂ ਗੁਰੂ ਕੇ ਬਾਗ਼ ਦਾ, ਨਾਭੇ ਦੀ ਗਦੀ ਦਾ ਸੁਆਲ ਉਠਿਆ ਜਾਂ ਜੈਤੋਂ ਦੇ ਅਖੰਡ ਪਾਠ ਦਾ ਦੇਸ਼ ਦੀ ਆਜ਼ਾਦੀ ਦਾ ਮਸਲਾ ਸੀ ਤਾਂ ਸ਼ਾਂਤਮਈ ਸਤਿਆਗ੍ਰਹਿ ਦਾ, ਨੌਜਵਾਨ ਕਵੀਆਂ ਅਤੇ ਲੇਖਕਾਂ ਨੇ ਹਰ ਇਕ ਵਿਸ਼ੇ ਉਤੇ ਆਪਣੀਆਂ ਕਵਿਤਾਵਾਂ ਅਤੇ ਲੇਖਾਂ ਰਾਹੀਂ ਆਪਣੇ ਸੱਜਰੇ ਅਤੇ ਸੁੱਚੇ ਜਜ਼ਬਿਆਂ ਦਾ ਪ੍ਰਗਟਾਅ ਕੀਤਾ। ਰੂਪ ਕੱਚਾ ਸੀ ਤਾਂ ਕੱਚਾ ਹੀ ਸਹੀ, ਪਰ ਦਿਲੀ ਜਜ਼ਬਿਆਂ ਦਾ ਖਮੀਰ ਸੱਚਾ ਸੀ। ਇਸ ਨਵੀਂ ਪਰੰਪਰਾ ਦਾ ਜਨਮਦਾਤਾ ਕਲਕੱਤੇ ਤੋਂ ਸ਼ੁਰੂ ਹੋਇਆ ਮਾਸਿਕ ਪੱਤਰ 'ਕਵੀ' ਸੀ ਜਿਸ ਵਿਚਲੀਆਂ ਕਵਿਤਾਵਾਂ ਨੇ ਪੰਜਾਬੀਆਂ ਵਿਚ ਬਗ਼ਾਵਤ ਅਤੇ ਸਵੈਮਾਣ ਦੀ ਰੂਹ ਭਰੀ। ਇਸ ਪੱਤਰ ਨੇ ਨਵੇਂ ਕਵੀ ਅਤੇ ਗਾਇਕ ਉਭਾਰੇ। ਅਕਾਲੀ ਲਹਿਰ ਨੇ ਵਿਧਾਤਾ ਸਿੰਘ ਤੀਰ, ਅਵਤਾਰ ਸਿੰਘ ਆਜ਼ਾਦ, ਗੁਰਮੁਖ ਸਿੰਘ ਮੁਸਾਫ਼ਿਰ, ਹੀਰਾ ਸਿੰਘ ਦਰਦ, ਫੀਰੋਜ਼ਦੀਨ ਸ਼ਰਫ਼, ਅਰਜਨ ਸਿੰਘ ਗੱੜਗਜ, ਸੌਦਾਗਰ ਸਿੰਘ ਭਿਖਾਰੀ ਅਤੇ ਮੁਨਸ਼ਾ ਸਿੰਘ ਦੁਖੀ ਜਿਹੇ ਦਰਜਨਾਂ ਹੀ ਕਵੀ ਅਤੇ ਸੰਪਾਦਕ ਪੈਦਾ ਕੀਤੇ। ਇਨ੍ਹਾਂ ਸਦਕਾ ਹੀ ਪੰਜਾਬੀ ਕਵਿਤਾ ਨੇ ਸਿਦਕ ਅਤੇ ਸਾਧਨਾ ਦੀਆਂ ਉੱਚੀਆਂ ਉਦਾਹਰਣਾਂ ਸਥਾਪਤ ਕੀਤੀਆਂ। ਅਕਾਲੀ ਲਹਿਰ ਦੇ ਦਿਨਾਂ ਵਿਚ ਪੰਜਾਬੀ ਕਵਿਤਾ ਧਾਰਮਿਕ ਚਾਰ-ਦੀਵਾਰੀ ਵਿਚੋਂ ਨਿਕਲ ਕੇ ਰਾਜਨੀਤਕ ਅਤੇ ਸਮਾਜਿਕ ਵਿਸ਼ਿਆਂ

ਵੱਲ ਵਧੀ। ਮਾਸਿਕ ਪੱਤਰਾਂ ਦੀ ਬਹੁ ਗਿਣਤੀ ਸਾਹਿਤਕ ਅਤੇ ਧਾਰਮਿਕ ਵਿਸ਼ਿਆਂ ਉਤੇ ਲੇਖ ਛਾਪ ਰਹੀ ਸੀ ਅਤੇ ਰੋਜ਼ਾਨਾ ਤੇ ਸਪਤਾਹਿਕ ਪੱਤਰ ਧਰਮ-ਮੂਲਕ ਰਾਜਨੀਤਕ ਸਮਾਚਾਰਾਂ, ਕਵਿਤਾਵਾਂ ਅਤੇ ਲੇਖਾਂ ਨਾਲ ਭਰੇ ਹੁੰਦੇ ਸਨ। ਇਸ ਮਗਰੋਂ ਕੋਈ ਵੀ ਰਾਸ਼ਟਰੀ ਅੰਦੋਲਨ ਸਿੱਖਾਂ ਦੇ ਸਹਿਯੋਗ ਬਿਨਾਂ ਅਤੇ ਕਵੀਆਂ ਦੇ ਯੋਗਦਾਨ ਬਿਨਾਂ ਸਫ਼ਲ ਨਹੀਂ ਹੋਇਆ।

ਜਦੋਂ 1925 ਵਿਚ ਗੁਰਦੁਆਰਾ ਸੁਧਾਰ ਲਹਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਦੇ ਪਾਸ ਹੋਣ ਨਾਲ ਸੰਪੰਨ ਹੋਈ ਤਾਂ ਰੋਜ਼ਾਨਾ ਪੱਤਰਾਂ ਦੇ ਪਾਠਕ ਵੀ ਖਿੰਡ ਗਏ। ਇਸ ਪਾਠਕ ਵਰਗ ਨੂੰ ਸਾਹਿਤਕ ਪੱਤਰਾਂ ਨੇ ਸਾਂਭਿਆ ਅਤੇ ਅਜਿਹੇ ਸਾਹਿਤਕ ਪੱਤਰਾਂ ਵਿਚ ਕਲਕੱਤੇ ਤੋਂ ਜਾਰੀ ਹੋਏ ਮਾਸਿਕ ਪੱਤਰ 'ਕਵੀ' ਦਾ ਸਥਾਨ ਮੋਹਰੀ ਹੈ। ਹੋਰ ਜਿਹੜੇ ਪੱਤਰ ਅਗਲੇ ਦਸਾਂ ਸਾਲਾਂ ਵਿਚ ਜਾਰੀ ਹੋਏ ਉਨ੍ਹਾਂ ਵਿਚ 'ਕਿਰਤੀ', 'ਕੋਮਲ ਕਲੀਆਂ', 'ਫ਼ਤਹਿ', 'ਫੁਲਵਾੜੀ', 'ਲਿਖਾਰੀ', 'ਪ੍ਰੀਤਲੜੀ', 'ਪ੍ਰੀਤਮ' ਆਦਿ ਪ੍ਰਸਿੱਧ ਹੋਏ।

ਸਰਦਾਰ ਸੌਦਾਗਰ ਸਿੰਘ ਭਿਖਾਰੀ ਨੇ 'ਕਵੀ ਕੁਟੀਆ' ਕਲਕੱਤੇ ਤੋਂ ਮੁਨਸ਼ਾ ਸਿੰਘ ਦੁਖੀ ਨਾਲ ਰਲ ਕੇ ਮਾਸਿਕ 'ਕਵੀ' ਜਾਰੀ ਕੀਤਾ ਜਿਹੜਾ ਤਿੰਨ ਸਾਲ ਛਪਣ ਉਪਰੰਤ ਮਾਇਕ ਘਾਟੇ ਕਾਰਨ ਬੰਦ ਹੋ ਗਿਆ। ਵੀਹਵੀਂ ਸਦੀ ਵਿਚ ਕਾਵਿ-ਪੜਚੋਲ ਦਾ ਇਹ ਪਹਿਲਾ ਪੰਜਾਬੀ ਪੱਤਰ ਸੀ ਅਤੇ ਇਸੇ ਪੱਤਰ ਨਾਲ ਪੰਜਾਬੀ ਵਿਚ ਸੁਲਝੀ ਅਤੇ ਸੰਵਰੀ ਹੋਈ ਸਾਹਿਤਕ ਆਲੋਚਨਾ ਦਾ ਆਰੰਭ ਹੋਇਆ ਭਾਵੇਂ ਇਹ ਪੱਤਰ ਤਿੰਨ ਸਾਲ ਹੀ ਛਪਿਆ ਪਰ ਮਗਰੋਂ ਜਾਰੀ ਹੋਣ ਵਾਲੇ ਅਨੇਕਾਂ ਸਾਹਿਤਕ ਪੱਤਰਾਂ ਲਈ ਇਹ ਇਕ ਆਦਰਸ਼ ਬਣਿਆ ਰਿਹਾ ਹੈ। ਇਸ ਪੱਤਰ ਨੇ ਆਪਣੀ ਨਿੱਕੀ ਜਿਹੀ ਉਮਰ ਵਿਚ ਹੀ ਉੱਚੀ ਪੱਧਰ ਦਾ ਸਾਹਿਤਕ ਕੰਮ ਕੀਤਾ। 'ਪੰਜਾਬੀ ਪਤਰਕਾਰੀ ਦਾ ਇਤਿਹਾਸ' ਵਿਚ ਸੂਬਾ ਸਿੰਘ ਦੇ ਸ਼ਬਦਾਂ ਵਿਚ 'ਪੰਜਾਬੀ ਪੱਤਰਕਾਰੀ ਦੇ ਮੈਦਾਨ ਵਿਚ 'ਕਵੀ' ਨੇ ਆਪਣੀ ਨਿਰਾਲੀ ਮਟਕ ਨਾਲ ਪ੍ਰਵੇਸ਼ ਕੀਤਾ। ਇਸ ਦੀ ਨੁਹਾਰ ਅਤੇ ਰੂਪ ਵੱਖਰਾ ਸੀ। ਇਸ ਦਾ ਨਿਸ਼ਾਨਾ ਪੰਜਾਬੀ ਸਾਹਿਤ ਅਤੇ ਕਵਿਤਾ ਦੀ ਪਰਖ ਪੜਚੋਲ ਕਰਨਾ ਸੀ। ਇਸ ਖੇਤਰ ਵਿਚ ਜਿਹੜੀਆਂ ਲੀਹਾਂ 'ਕਵੀ' ਨੇ ਪਾਈਆਂ ਉਹ ਅਜ ਵੀ ਗਾਡੀ ਰਾਹ ਦਾ ਕੰਮ ਦਿੰਦੀਆਂ ਹਨ, ਭਾਵੇਂ ਨਾ ਕਵਿਤਾ ਦਾ ਪਹਿਲਾ ਨਿਖਾਰ ਰਿਹਾ ਹੈ ਨਾ ਹੀ ਸਾਹਿਤ ਦਾ ਰਵਾਇਤੀ ਰੂਪ। ਇਸ ਪੱਤਰ ਦੇ ਸੰਚਾਲਕਾਂ ਸੌਦਾਗਰ ਸਿੰਘ 'ਭਿਖਾਰੀ' ਅਤੇ ਮੁਨਸ਼ਾ ਸਿੰਘ 'ਦੁਖੀ' ਉਤੇ ਗ਼ਦਰ ਲਹਿਰ ਦਾ ਪ੍ਰਭਾਵ ਡੂੰਘਾ ਅਤੇ ਵਿਸ਼ਾਲ ਸੀ, ਜਿਸ ਕਾਰਨ ਇਨ੍ਹਾਂ ਵਿਚ ਦੇਸ਼ ਭਗਤੀ, ਸੂਰਮਤਾਈ ਅਤੇ ਲਗਨ ਅਟੁੱਟ ਸੀ ਅਤੇ 'ਭਿਖਾਰੀ' ਅਤੇ 'ਦੁਖੀ' ਦੀਆਂ ਕਾਵਿਕ ਉਡਾਰੀਆਂ ਮਨੁੱਖੀ ਮਨ ਦੀਆਂ ਡੂੰਘਾਣਾਂ ਅਤੇ ਉਚਾਣਾਂ ਤੋਂ ਭਲੀ ਭਾਂਤ ਜਾਣੂ ਸਨ। ਇਹ ਦੋਵੇਂ ਸੰਚਾਲਕ ਨਾ ਕੇਵਲ ਚੰਗੀ ਕਵਿਤਾ ਦੇ ਨਿਪੁੰਨ ਪਾਰਖੂ ਸਨ, ਸਗੋਂ ਆਪ ਵੀ ਸਥਾਪਤ ਅਤੇ ਸਨਮਾਨਿਤ ਕਵੀ ਸਨ। 'ਕਵੀ' ਵਿਚ ਕਾਵਿਕ ਵਿਸ਼ਿਆਂ ਸੰਬੰਧੀ ਬਹਿਸਾਂ ਅਤੇ ਕਵੀ ਦਰਬਾਰ ਛਪਿਆ ਕਰਦੇ ਸਨ। ਇਹ ਕਵੀ ਦਰਬਾਰਾਂ ਦਾ ਯੁੱਗ ਸੀ। ਉਦਾਹਰਣ ਵਜੋਂ ਪ੍ਰੋ. ਮੋਹਨ ਸਿੰਘ ਦੇ ਇਕ ਕਾਵਿ-ਮੁਹਾਵਰੇ 'ਦੰਦੋ ਦੰਦ ਕਟੋਰਾ' ਉਤੇ ਇਸ ਪੱਤਰ ਵਿਚ ਕਵੀਆਂ ਵਿਚਕਾਰ ਲਗਭਗ ਡੇਢ ਸਾਲ ਬਹਿਸ ਹੁੰਦੀ ਸੀ ਅਤੇ ਇਕ ਨਿਰੰਤਰ ਕਵੀ ਪ੍ਰਵਾਹ ਚਲਦਾ ਰਿਹਾ। ਕਵੀਆਂ ਅਤੇ ਆਲੋਚਕਾਂ ਵਲੋਂ ਲੇਖਾਂ ਦੀ ਵੰਨ-ਸੁਵੰਨੀ ਵੰਨਗੀ ਤੋਂ ਹੀ ਇਸ ਪੱਤਰ ਦੀ ਪਹੁੰਚ ਅਤੇ ਪੱਧਰ ਦਾ ਸਹਿਜੇ ਹੀ ਅਨੁਮਾਨ ਹੋ ਜਾਂਦਾ ਹੈ। ਜਿਵੇਂ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ (ਕਵੀ, ਨਵੰਬਰ, 1927), ਕਵਿਤਾ (ਕਵੀ, ਮਾਰਚ 1928), ਬੈਂਤ ਵਾਰਸ ਅਤੇ ਉਸਦੀ ਕਵਿਤਾ

(ਕਵੀ, ਜਨਵਰੀ, 1929)। ਪੰਜਾਬੀ ਕਵਿਤਾ ਦੀ ਬੋਲੀ ਅਤੇ ਕਵਿਤਾ ਸਬੰਧੀ ਇਸ ਪੱਤਰ ਦੇ ਸੰਚਾਲਕਾਂ ਨੇ ਲਿਖਿਆ : ਪੰਜਾਬੀ ਦੇ ਪੁਰਾਣੇ ਕੰਵੀ ਬ੍ਰਿਜਭਾਸ਼ਾ ਵਿਚ ਹੀ ਕਵਿਤਾ ਕਰਦੇ ਸਨ। ਅੱਜ-ਕਲ੍ਹ ਦੇ ਨਵੇਂ ਕਵੀਆਂ ਲਈ ਬ੍ਰਿਜਭਾਸ਼ਾ ਦਾ ਸਮਝਣਾ ਬੜਾ ਔਖਾ ਹੈ। ਇਸ ਕਰਕੇ ਉਸ ਪਾਸਿਉਂ ਲੋਕਾਂ ਦੀ ਰੁਚੀ ਘਟ ਹੋ ਰਹੀ ਹੈ। ਹੁਣ ਬੋਲਚਾਲ ਅਤੇ ਕਵਿਤਾ ਦੀ ਭਾਸ਼ਾ ਇਕ ਕਰਨ ਵੱਲ ਲੋਕਾਂ ਦੀ ਤਬੀਅਤ ਵੱਧ ਰਹੀ ਹੈ। ਬ੍ਰਿਜਭਾਸ਼ਾ ਵਿਚ ਤਾਂ ਕਵਿਤਾ ਦੇ ਭੰਡਾਰ ਭਰੇ ਪਏ ਹਨ। ਪਿਛਲੇ ਕੁਝ ਸਮੇਂ ਵਿਚ ਕੋਈ ਚੰਗਾ ਪ੍ਰਭਾਵਸ਼ਾਲੀ ਕਾਵਯ ਕਲਾ ਦਾ ਜਾਣੂ ਕਵੀ ਨਹੀਂ ਹੋਇਆ, ਜੋ ਇਸ ਅਧੋਗਤੀ ਨੂੰ ਜਾ ਰਹੇ ਪੰਜਾਬੀਆਂ ਨੂੰ ਟੁੰਬਦਾ, ਜਗੌਂਦਾ, ਬਹੌਂਦਾ ਅਤੇ ਅਣਖ ਜਗਾ ਕੇ ਆਪਣੇ ਪੈਰਾਂ ਤੇ ਖੜ੍ਹਾ ਕਰਦਾ। ਇਕ ਤਰ੍ਹਾਂ ਨਾਲ ਕਾਵਯ ਕਲਾ ਦਾ ਸੋਮਾ ਬੰਦ ਜਿਹਾ ਹੋ ਗਿਆ ਹੈ (ਕਵੀ, ਫਰਵਰੀ 1928)

'ਕਵੀ' ਦੇ ਅੰਤਲੇ ਅੰਕ ਵਿਚ ਸਾਰੇ ਸਮਕਾਲੀ ਪੰਜਾਬੀ ਕਵੀਆਂ ਦੇ ਹਾਲ ਤੇ ਤਸਵੀਰਾਂ ਛਾਪੀਆਂ ਗਈਆਂ ਅਤੇ ਇਹ ਅੰਕ ਬੜਾ ਪ੍ਰਭਾਵਸ਼ਾਲੀ ਅਤੇ ਸਾਂਭਣਯੋਗ ਹੋ ਨਿਕਲਿਆ, ਪਰ ਇਸ ਅੰਕ ਦੇ ਖਰਚੇ ਨੇ ਇਸ ਪੱਤਰ ਦਾ ਲੱਕ ਤੋੜ ਦਿੱਤਾ ਅਤੇ 'ਭਿਖਾਰੀ' ਜੀ ਅਤੇ 'ਦੁਖੀ' ਜੀ ਆਪਣੇ ਸਾਰੇ ਸਾਧਨ ਜੁਟਾ ਕੇ ਵੀ ਇਸ ਨੂੰ ਡੁੱਬਣ ਤੋਂ ਬਚਾ ਨਾ ਸਕੇ। 'ਕਵੀ' ਬੰਦ ਹੋਣ ਉਪਰੰਤ ਭਿਖਾਰੀ ਜੀ ਅਤੇ ਦੁਖੀ ਜੀ ਵਿਛੜ ਗਏ ਅਤੇ ਆਪਣੇ ਆਪਣੇ ਢੰਗਾਂ ਨਾਲ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਸਰਗਰਮ ਰਹੇ। 'ਦੁਖੀ' ਜੀ ਮੀਆਂ ਚੰਨੂ ਤੋਂ 'ਵਿਹਾਰ ਸੁਧਾਰ' ਪੱਤਰ ਚਲਾਉਂਦੇ ਰਹੇ ਅਤੇ 'ਭਿਖਾਰੀ' ਜੀ ਨੇ ਕਲਕੱਤੇ ਤੋਂ ਹੀ ਸਪਤਾਹਿਕ 'ਦੇਸ਼ ਦਰਪਨ' ਨਰਿੰਜਨ ਸਿੰਘ ਨੂੰ ਪ੍ਰੇਰ ਕੇ ਜਾਰੀ ਕਰਵਾਇਆ। ਜਿਹੜਾ 'ਕਵੀ' ਦੇ ਛਾਪੇਖਾਨੇ ਨਾਲ ਹੀ ਛਪਦਾ ਸੀ। ਇਹ ਪੱਤਰ 1930 ਵਿਚ ਰੋਜ਼ਾਨਾ ਹੋ ਗਿਆ ਜਿਹੜਾ ਅੱਜ ਵੀ ਜਾਰੀ ਹੈ ਅਤੇ ਕਲਕੱਤੇ ਵਸਦੇ ਹਜ਼ਾਰਾਂ ਪੰਜਾਬੀਆਂ ਦਾ ਮੁੱਖ ਬੁਲਾਰਾ ਹੈ। ਇਸ ਪੱਤਰ ਨੇ ਸਿੱਖ ਰਾਜਨੀਤੀ ਵਿਚ ਉੱਘਾ ਰੋਲ ਨਿਭਾਇਆ ਹੈ।

ਇਨ੍ਹਾਂ ਸਾਲਾਂ ਵਿਚ ਸਾਹਿਤਕ ਕਾਰਜਾਂ ਵਿਚ ਰੁਝੇ ਹੋਏ ਸੌਦਾਗਰ ਸਿੰਘ ਭਿਖਾਰੀ ਜਿਸ ਪ੍ਰਾਈਵੇਟ ਕਾਰਖ਼ਾਨੇ ਵਿਚ ਇੰਜੀਨੀਅਰ ਸਨ ਉਸਦੇ ਵਿਕਾਸ ਵਿਚ ਵੀ ਤਤਪਰਤਾ ਨਾਲ ਜੁਟੇ ਹੋਏ ਸਨ। ਇਹ ਉਨ੍ਹਾਂ ਦੇ ਯਤਨਾਂ ਦਾ ਹੀ ਸਿੱਟਾ ਸੀ ਕਿ ਉਨ੍ਹਾਂ ਨੇ ਇਕ ਵਰਕਸ਼ਾਪ ਨੂੰ ਇਕ ਵੱਡੇ ਕਾਰਖਾਨੇ ਵਿਚ ਵਿਕਸਿਤ ਕਰ ਵਿਖਾਇਆ ਜਿਸ ਵਿਚ ਲਗਭਗ ਪੰਜ ਹਜ਼ਾਰ ਕਾਮੇ ਕੰਮ ਕਰਦੇ ਸਨ।

ਜਦੋਂ 'ਕਵੀ' ਬੰਦ ਹੋ ਗਿਆ ਤਾਂ 'ਭਿਖਾਰੀ' ਜੀ ਆਪਣੀਆਂ ਰਚਨਾਵਾਂ ਉਸ ਸਮੇਂ ਦੇ ਪ੍ਰਸਿੱਧ ਪੱਤਰਾਂ 'ਫੁਲਵਾੜੀ', 'ਕਿਰਤੀ', 'ਪ੍ਰੀਤਮ', ਅਤੇ ਸਪਤਾਹਿਕ 'ਮੌਜੀ' ਵਿਚ ਛਪਵਾਉਂਦੇ ਰਹੇ। ਇਨ੍ਹਾਂ ਦੀ ਪ੍ਰੇਰਨਾ ਸਦਕਾ ਮੁਨਸ਼ਾ ਸਿੰਘ ਦੁਖੀ, ਠਾਕੁਰ ਸਿੰਘ ਆਰਟਿਸਟ, ਨਰਿੰਜਨ ਸਿੰਘ ਤਾਲਿਬ, ਰਘਬੀਰ ਸਿੰਘ ਬੀਰ, ਦੀਵਾਨ ਸਿੰਘ ਕਾਲੇਪਾਣੀ, ਉਤਮ ਸਿੰਘ ਸਾਥੀ, ਲਾਲਾ ਗੁਰਾਂਦਿਤਾ ਖੰਨਾ, ਆਦਿ ਨੇ ਸਾਹਿਤਕ ਰਚਨਾ ਕਰਨੀ ਆਰੰਭ ਕੀਤੀ ਅਤੇ ਕਲਕੱਤੇ ਨੂੰ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਸਾਹਿਤ ਦੇ ਇਕ ਕੇਂਦਰ ਵਿਚ ਬਦਲ ਦਿਤਾ। ਇਸ ਤੋਂ ਇਲਾਵਾ ਇਨ੍ਹਾਂ ਨੇ ਕਾਵਿ-ਸੰਗ੍ਰਹਿ (ਪ੍ਰੇਮ ਲਹਿਰਾਂ) ਲੰਮੀਆਂ ਕਹਾਣੀਆਂ, ਅਨੁਵਾਦ, ਲਘੂ ਨਾਵਲ ਆਦਿ ਵੀ ਲਿਖੇ ਅਤੇ ਦੂਜਿਆਂ ਨਾਲ ਰਲ ਕੇ ਕਈ ਕਾਵਿ-ਸੰਗ੍ਰਹਿ ਸੰਪਾਦਿਤ ਕਰਨ ਤੋਂ ਇਲਾਵਾ ਕਈ ਪ੍ਰਸਿੱਧ ਪੁਸਤਕਾਂ ਦੇ ਅਨੁਵਾਦ ਵੀ ਕੀਤੇ, ਆਪ ਜਿੰਨਾਂ ਚਿਰ ਕਲਕੱਤੇ ਰਹੇ, ਆਰੰਭ ਤੋਂ ਅੰਤ ਤਕ ਸਾਹਿਤਕ ਪਿੜ ਵਿਚ ਸਰਗਰਮ ਰਹੇ।

'ਭਿਖਾਰੀ' ਜੀ ਦੇ ਯੋਗਦਾਨ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਇਹ ਹੈ ਕਿ ਉਨ੍ਹਾਂ ਨੇ ਪੰਜਾਬੀ

ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਸੇਵਾ ਉਦੋਂ ਕੀਤੀ, ਜਦੋਂ ਪੰਜਾਬੀ ਬੋਲੀ ਅਤੇ ਸਾਹਿਤ ਦਾ ਨਾ ਕੋਈ ਸਤਿਕਾਰ ਸੀ ਅਤੇ ਨਾ ਹੀ ਅਜਿਹਾ ਕਰਨਾ ਸਨਮਾਨਯੋਗ ਕਾਰਜ ਸੀ। ਉਨ੍ਹਾਂ ਨੇ ਬਿਨ੍ਹਾਂ ਕਿਸੇ ਸਰਕਾਰੀ ਸਰਪ੍ਰਸਤੀ ਤੋਂ ਨਿਜੀ ਯਤਨਾਂ ਨਾਲ ਇਕ ਸੰਸਥਾ ਜਿਤਨਾ ਕੰਮ ਕੀਤਾ ਅਤੇ ਆਪਣੀ ਆਮਦਨ ਵਿਚੋਂ ਵੱਡਾ ਹਿੱਸਾ ਸਾਹਿਤਕ ਖੇਤਰ ਦੀਆਂ ਸਰਗਰਮੀਆਂ ਵਿਚ ਖਰਚ ਕੀਤਾ। ਜਦੋਂ ਸਭ ਪਾਸੇ ਸੰਪਰਦਾਇਕਤਾ ਪ੍ਰਧਾਨ ਸੀ ਅਤੇ ਨਿੱਕੀ ਨਿੱਕੀ ਗੱਲ ਤੇ ਫਿਰਕੂ ਫਸਾਦ ਹੋ ਜਾਇਆ ਕਰਦੇ ਸਨ ਉਸ ਸਮੇਂ ਉਸਾਰੂ, ਵਿਸ਼ਾਲ ਅਤੇ ਧਰਮ ਨਿਰਪੇਖ ਸੋਚ ਨੂੰ ਪੰਜਾਬ ਤੋਂ ਸੈਂਕੜੇ ਮੀਲ ਦੂਰ ਕਲਕੱਤੇ ਵਿਚ ਪ੍ਰਚਾਰਨਾ ਕੋਈ ਸਹਿਲ ਕਾਰਜ ਨਹੀਂ ਸੀ। ਉਹ ਕਲਕੱਤੇ ਵਿਚ ਸਿੱਖ ਧਰਮ, ਪੰਜਾਬੀਅਤ ਅਤੇ ਪੰਜਾਬੀ ਸਾਹਿਤ ਦੇ ਅਲੰਬਰਦਾਰ ਸਨ। ਉਨ੍ਹਾਂ ਦੀਆਂ ਰਚਨਾਵਾਂ, ਜਿਹੜੀਆਂ ਪੰਜਾਬੀ ਦੀਆਂ ਸਾਰੀਆਂ ਪ੍ਰਮੁੱਖ ਪੱਤਰਕਾਵਾਂ ਵਿਚ ਨਿਰੰਤਰ ਛਪਿਆ ਕਰਦੀਆਂ ਸਨ, ਉਸ ਸਮੇਂ ਤਾਂ ਸਾਰਥਕ ਸਨ ਹੀ, ਉਨ੍ਹਾਂ ਵਿਚਲਾ ਸੁਨੇਹਾ ਅੱਜ ਵੀ ਸੱਜਰਾ ਹੈ। ਉਹ ਆਪਣੀ ਸਾਹਿਤਕ ਰਚਨਾ ਵਿਚ ਇਕ ਅਜਿਹੇ ਸਮਾਜ ਦੀ ਕਲਪਨਾ ਕਰਦੇ ਸਨ, ਜਿਸ ਵਿਚ ਕਿਸੇ ਪ੍ਰਕਾਰ ਦਾ ਭੇਦ-ਭਾਵ ਨਾ ਹੋਵੇ, ਜਾਤਪਾਤ ਦੇ ਵੱਖਰੇਵੇਂ ਨਾ ਹੋਣ, ਇਸਤਰੀ ਦਾ ਸਤਿਕਾਰ ਹੋਵੇ ਤੇ ਸਰਬੱਤ ਦੇ ਭਲੇ ਦਾ ਜਜ਼ਬਾ ਹੋਵੇ।

'ਭਿਖਾਰੀ' ਜੀ ਨੇ ਸਾਦਾ, ਸਾਊ ਅਤੇ ਸਾਹਿਤਕ ਜੀਵਨ ਬਤੀਤ ਕਰਕੇ ਆਪਣੇ ਸਮਕਾਲੀਆਂ ਲਈ ਇਕ ਉਦਾਹਰਣ ਸਥਾਪਤ ਕੀਤੀ। ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆਇਆ, ਉਹ ਉਨ੍ਹਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਦੇ ਪ੍ਰਭਾਵ ਵਿਚ ਰੰਗਿਆ ਗਿਆ।

ਭਾਵੇਂ 'ਭਿਖਾਰੀ' ਜੀ ਦਾ ਜਨਮ ਇਕ ਸਦੀ ਪਹਿਲਾਂ ਹੋਇਆ, ਪਰ ਉਸ ਆਪਣੀਆਂ ਰਚਨਾਵਾਂ ਕਾਰਨ ਅੱਜ ਵੀ ਸਾਡੇ ਸਮਕਾਲੀ ਹਨ। ਹੁਣ ਸਾਡੇ ਕੋਲ ਇਤਨੇ ਸਾਧਨ ਹੋ ਗਏ ਹਨ ਕਿ ਅਸੀਂ ਪੰਜਾਬੀਅਤ ਦੀ ਪਛਾਣ ਕਰਵਾਉਣ ਵਾਲੇ ਇਸ ਸਪੂਤ ਦੀਆਂ ਰਚਨਾਵਾਂ ਨੂੰ ਇਕ ਪੋਥੀ ਵਿਚ ਛਾਪ ਕੇ ਉਨ੍ਹਾਂ ਦੀ ਯਾਦ ਨੂੰ ਅਮਰ ਕਰੀਏ।

ਨਿਰਸੰਦੇਹ 'ਭਿਖਾਰੀ' ਜੀ ਦਾ ਜੀਵਨ ਸਾਡੇ ਸਾਰਿਆਂ ਲਈ ਇਕ ਅਮੁਕ ਪ੍ਰੇਰਨਾ ਸਰੋਤ ਬਣਨ ਦੀ ਸਮਰੱਥਾ ਨਾਲ ਭਰਪੂਰ ਹੈ।

◆

# ਤਪੀਸਵਰ "ਭਿਖਾਰੀ" ਦੇ ਅੰਗ ਸੰਗ

◆

**-ਕੁਲਬੀਰ ਸਿੰਘ ਕਾਂਗ**

ਭਿਖਾਰੀ ਜੀ ਨੂੰ ਪਹਿਲੀ ਵਾਰ ਮਿਲ ਕੇ ਮੈਨੂੰ ਇਹ ਮਹਿਸੂਸ ਹੋਇਆ ਸੀ ਕਿ ਮੈਂ ਕਿਸੇ ਇਕ ਵਿਅਕਤੀ ਪਾਸ ਨਹੀਂ ਬੈਠਾ, ਸਗੋਂ ਇਕ ਯੁੱਗ ਦੇ ਕ੍ਰਾਂਤੀਕਾਰੀ ਇਤਿਹਾਸ ਦੇ ਰੂ-ਬ-ਰੂ ਆਪਣੀ ਪੀੜ੍ਹੀ ਦੀ ਖੀਣਤਾ 'ਤੇ ਝੂਰ ਰਿਹਾ ਹਾਂ। ਮੇਰਾ ਦਿਲ ਕਰਦਾ ਸੀ ਉਨ੍ਹਾਂ ਦੇ ਚਰਨ ਛੂਹ ਕੇ ਪੁੱਛਾਂ, "ਬਾਬਿਓ! ਸਾਨੂੰ ਵੀ ਕ੍ਰਾਂਤੀ ਤੇ ਦੇਸ਼-ਸੇਵਾ ਤੇ ਸਾਹਿਤ ਪ੍ਰਤਿ ਸਮਰਪਣ ਦੀ ਦੀਖਿਆ ਦਿਉ। ਸਾਡੀ ਪੀੜ੍ਹੀ ਤਾਂ ਕੇਵਲ ਸ੍ਵੈ-ਪ੍ਰਗਤੀ ਲਈ ਸੰਘਰਸ਼ ਕਰ ਰਹੀ ਹੈ। ਤੁਸਾਂ ਕਿਵੇਂ ਘਰ-ਚੁੱਲ੍ਹਾ ਫੂਕ ਕੇ ਇਹ ਲੋਹੜੀ ਬਾਲੀ ਸੀ? ਹੁਣ ਸਾਡੇ ਵਿਚ ਇਹ ਨਿਹਕਰਮਤਾ ਕਿਉਂ ਆ ਗਈ ਹੈ? ਤੁਸੀਂ ਚੰਗੇ ਕਰਮਾਂ ਨੂੰ ਸਾਨੂੰ ਦਰਸ਼ਨ ਦੇ ਰਹੇ ਹੋ, ਕੋਈ ਗੁੜ੍ਹਤੀ ਦੇ ਜਾਓ!"

ਅੱਜ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਉਸਾਰੀ ਵਿਚ ਸਰਕਾਰੀ ਤੇ ਅਰਧ-ਸਰਕਾਰੀ ਕਈ ਸੰਸਥਾਵਾਂ ਜੁੱਟੀਆਂ ਹੋਈਆਂ ਹਨ। ਇਕ ਵੱਡੀ ਉਡਾਣ ਭਰਨ ਵਰਗਾ ਮਾਹੌਲ ਹੈ। ਪਰ ਉਸ ਸਮੇਂ ਜਦੋਂ ਪੰਜਾਬੀ ਜ਼ਬਾਨ ਆਪਣੇ ਸਭ ਹੱਕਾਂ ਤੋਂ ਵਾਂਝੀ ਸੀ ਅਤੇ ਇਸ ਵਿਚ ਲਿਖਣ ਵਾਲਿਆਂ ਨੂੰ ਰਾਸ਼ਟਰੀ ਪੱਧਰ 'ਤੇ ਕੋਈ ਮਾਨਤਾ ਨਹੀਂ ਸੀ, ਸਗੋਂ ਉਨ੍ਹਾਂ ਵਿਚ ਅਹਿਸਾਸੇ-ਕਮਤਰੀ ਪੈਦਾ ਕੀਤਾ ਜਾਂਦਾ ਸੀ, ਉਦੋਂ ਕੁਝ ਮਹਾਨੁਭਵੀਆਂ ਨੇ ਜੋ ਪੰਜਾਬੀ ਭਾਸ਼ਾ ਲਈ ਕੰਮ ਕੀਤੇ, ਉਹ ਵੱਡੀ ਸੂਰਮਤਾਈ ਸੀ। ਪੰਜਾਬੀ ਮਾਂ ਦੇ ਇਨ੍ਹਾਂ ਸਪੂਤਾਂ ਨੇ ਪੰਜਾਬੋਂ ਬਾਹਰ ਕੈਨੇਡਾ ਵਿਚ ਜਾ ਕੇ ਗ਼ਦਰ ਲਹਿਰ ਦੇ ਪ੍ਰਸੰਗ ਵਿਚ ਪਰਚੇ ਕੱਢੇ, ਕਵਿਤਾਵਾਂ ਲਿਖੀਆਂ, ਦੇਸ਼ ਕੌਮ ਤੇ ਸਭਿਆਚਾਰ ਲਈ ਸਰਬੰਸ ਵਾਰ ਦਿੱਤੇ। ਉਨ੍ਹਾਂ ਮੂਰਤੀਆਂ ਵਿਚੋਂ ਇਕ ਮੂਰਤੀ ਸ. ਮੁਨਸ਼ਾ ਸਿੰਘ ਦੁਖੀ ਨੇ ਕਲਕੱਤੇ ਵਿਚ ਜਦੋਂ "ਕਵੀ ਕੁਟੀਆ" ਕਾਇਮ ਕੀਤੀ, ਉਸ ਸਮੇਂ ਉਸ ਨਾਲ ਖੜ੍ਹੇ ਹੋ ਕੇ ਪੰਜਾਬੀ-ਪਰਚਮ ਲਹਿਰਾਉਣ ਵਾਲਾ ਇਕ ਹੋਰ ਮਹਾਨ ਪੁਰਸ਼ ਸ. ਸੌਦਾਗਰ ਸਿੰਘ 'ਭਿਖਾਰੀ' ਸੀ। ਉਦੋਂ ਉਮਰ ਦੇ 82ਵੇਂ ਵਰ੍ਹੇ ਵਿਚ ਉਹ ਆਪਣੇ ਸਪੁੱਤਰ ਸ. ਪ੍ਰਤਾਪ ਸਿੰਘ (S.E.) ਪਾਸ ਬੈਠਾ 'ਕਵੀ' ਪਰਚੇ ਦੀਆਂ ਫਾਇਲਾਂ ਫੋਲਦਾ, ਆਪਣੀ ਯਾਦ ਸ਼ਕਤੀ ਦੇ ਸਹਾਰੇ, ਇਸ ਸਦੀ ਦੇ ਤੀਸਰੇ ਦਹਾਕੇ ਵਿਚ ਪ੍ਰਾਰੰਭ ਕੀਤੀ ਆਪਣੀ ਸਾਹਿਤ-ਸੇਵਾ ਦੀਆਂ ਕੁਝ ਕੀਰਤੀਆਂ ਸਾਡੇ ਨਾਲ ਸਾਂਝੀਆਂ ਕਰ ਰਿਹਾ ਸੀ। ਇਨ੍ਹਾਂ ਦੀ ਸੇਵਾ ਪ੍ਰਤਿ ਸਾਡਾ ਸਿਰ ਝੁਕ ਜਾਂਦਾ ਹੈ। 'ਭਿਖਾਰੀ' ਜੀ ਨੂੰ ਵੇਖ ਕੇ ਸਾਰੇ ਬਜ਼ੁਰਗ

ਯਾਦ ਆ ਜਾਂਦੇ ਹਨ. ਜਿਨ੍ਹਾਂ ਨਿਸ਼ਕਾਮ ਹੋ ਕੇ ਪੰਜਾਬੀ ਦੀ ਸੇਵਾ ਕੀਤੀ, ਸਿਦਕ ਵਿਚ ਨਿਰੰਤਰ ਤੁਰਦੇ ਰਹੇ। ਉਨ੍ਹਾਂ ਦਾ ਵਿਅਕਤਿਤਵ ਅੱਜ ਦੀ ਨਵੀਂ ਪੀੜ੍ਹੀ ਲਈ ਪ੍ਰੇਰਨਾ ਦਾ ਇਕ ਸਦ-ਝਰਦਾ ਸੋਮਾ ਹੈ।

ਭਿਖਾਰੀ ਜੀ ਨੂੰ ਮੈਂ ਪਹਿਲਾਂ ਵੀ ਮਿਲਿਆ ਸਾਂ, ਉਦੋਂ ਭਾਸ਼ਾ ਵਿਭਾਗ ਲਈ "ਅਮ੍ਰਿਤਸਰ ਦੇ ਸਟੇਜੀ ਕਵੀ" ਖੋਜ-ਪੱਤਰ ਲਿਖਣਾ ਸੀ, ਬਹੁਤ ਸਾਰੇ ਪੁਰਾਣੇ ਕਵੀਆਂ ਦਾ ਕਲਾਮ, "ਕਵੀ" ਦੀਆਂ ਫਾਈਲਾਂ ਵਿਚ ਸਾਂਭਿਆ ਪਿਆ ਸੀ, ਭਿਖਾਰੀ ਜੀ ਨੇ ਇਹ ਫਾਈਲਾਂ ਬੜੀ ਇਹਤਿਆਤ ਨਾਲ ਸਾਂਭੀਆਂ ਹੋਈਆਂ ਸਨ। ਉਨ੍ਹਾਂ ਨੇ ਪੂਰਾ ਸਹਿਯੋਗ ਦਿਤਾ। ਉਨ੍ਹਾਂ ਨੂੰ ਮਿਲਕੇ ਪੁਰਾਣੇ ਗੁਰਮੁਖਾਂ ਤੇ ਕਿਰਤੀਆਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਦੂਜੀ ਵਾਰ ਪ੍ਰੋ. ਪ੍ਰੀਤਮ ਸਿੰਘ ਅਤੇ ਪ੍ਰੋ: ਰਘਬੀਰ ਸਿੰਘ ਨੇ ਲੋਕ ਲਿਖਾਰੀ ਸਭਾ ਦੇ ਜ਼ਿੰਮੇ ਡਿਊਟੀ ਲਗਾਈ ਕਿ ਖੰਨਾ ਜੀ ਤੇ ਭਿਖਾਰੀ ਜੀ ਬਾਰੇ ਲੇਖ ਜਾਂ ਇੰਟਰਵਿਊ ਭੇਜੋ। ਸੋ ਅਸੀਂ ਚਾਰ ਜਣੇ—ਸ੍ਰੀ ਸ਼ਰਵਣ ਵਰਮਾ, ਪ੍ਰੋ. ਪ੍ਰੀਤਮ ਸਿੰਘ ਪਰਵਾਨਾ, ਗੁਰਬਚਨ ਪਰਵਾਨਾ ਤੇ ਮੈਂ ਉਨ੍ਹਾਂ ਪਾਸ ਅਤਿ ਸਰਦੀ ਵਾਲੇ ਦਿਨ ਪਹੁੰਚੇ। ਉਹ ਬੀਮਾਰ ਹੋਣ ਦੇ ਬਾਵਜੂਦ ਸਾਡੇ ਨਾਲ ਸੰਬਾਦ ਕਰਨ ਲਈ ਤਿਆਰ ਬੈਠੇ ਸਨ। ਉਮਰ ਤਾਂ ਜ਼ਰੂਰ ਵਡੇਰੀ ਹੈ, ਬੀਮਾਰ ਵੀ ਰਹੇ ਹਨ, ਯਾਦ ਸ਼ਕਤੀ ਵੀ ਕਮਜ਼ੋਰ ਹੈ, ਪਰ ਉਨ੍ਹਾਂ ਦੇ ਮਿਲਣ ਵਿਚ ਖਿੜ੍ਹੇ ਨੌਜਵਾਨਾਂ ਵਰਗੀ ਸ਼ਫ਼ਗਤ ਰਹੀ ਸੀ। ਸਾਡੇ ਕਿਸੇ ਪ੍ਰਸ਼ਨ ਨੂੰ ਭੁੰਞੇ ਨਹੀਂ ਸਨ ਪੈਣ ਦੇਂਦੇ। ਗਰਮ ਚੱਦਰ ਦੀ ਬੁੱਕਲ ਮਾਰ ਕੇ ਉਹ ਕੁਰਸੀ ਉਤੇ ਹੀ ਲੱਤਾਂ ਸਮੇਟੀ ਬੈਠੇ ਸਨ। ਇਹ ਘਰ ਉਨ੍ਹਾਂ ਨੇ ਹੀ 1953 ਵਿਚ ਰੀਟਾਇਰ ਹੋ ਕੇ ਉਸਾਰਿਆ ਸੀ, ਬਾਹਰਲੀ ਬੈਠਕ ਵਿਚੋਂ ਅੰਦਰ ਵੱਡੇ ਭਰੇ ਘਰ ਵਲ ਨਿਗਾਹ ਜਾਂਦੀ ਤਾਂ ਪ੍ਰਤੀਤ ਹੁੰਦਾ ਸੀ, ਸੰਤੁਸ਼ਟ ਆਦਮੀ ਸਭ ਕੁਝ ਮਾਣ ਕੇ ਸੰਤੋਖੀ ਜੀਵਨ ਬਿਤਾ ਰਿਹਾ ਹੈ। ਉਨ੍ਹਾਂ ਦਾ ਡਾਕਟਰ ਅਜ਼ੀਜ਼ ਚਾਹ ਬਣਾ ਕੇ ਲੈ ਆਇਆ। ਘਰ ਦੀਆਂ ਕੁਝ ਤੀਵੀਆਂ ਵੀ ਦਰਾਂ ਕੋਲ ਸਾਨੂੰ ਅਤੀਤ ਫੋਲਦਿਆਂ ਸੁਣ ਰਹੀਆਂ ਸਨ। ਸ. ਪ੍ਰਤਾਪ ਸਿੰਘ (ਸਪੁੱਤਰ) ਕਿਤੇ ਬਾਹਰਲੇ ਸ਼ਹਿਰ ਜ਼ਰੂਰੀ ਕੰਮ ਗਏ ਹੋਏ ਸਨ, ਉਨ੍ਹਾਂ ਦੀ ਗ਼ੈਰ ਹਾਜ਼ਰੀ ਮਹਿਸੂਸ ਹੋ ਰਹੀ ਸੀ। ਭਿਖਾਰੀ ਜੀ ਨੇ 'ਕਵੀ ਕੁਟੀਆ' ਅਤੇ 'ਦੁਖੀ' ਜੀ ਨਾਲ ਜੁੜ ਕੇ ਜੋ ਸਾਹਿਤਕ ਕੰਮ ਕੀਤੇ ਸਨ, ਉਸਦਾ ਕੁਝ ਵੇਰਵਾ ਉਨ੍ਹਾਂ ਲਿਖਿਆ ਹੋਇਆ ਸੀ, ਜਿਸ ਨੂੰ ਮੈਂ ਹੂ-ਬ-ਹੂ ਅੱਗੇ ਜਾ ਕੇ ਦੇ ਰਿਹਾ ਹਾਂ।

ਭਿਖਾਰੀ ਜੀ ਦਾ ਜਨਮ ਅਮ੍ਰਿਤਸਰ ਦੇ ਇਕ ਪਿੰਡ ਭੰਗਾਲੀ ਵਿਚ 1898 ਨੂੰ ਹੋਇਆ, ਪਿਤਾ ਦਾ ਨਾਮ ਸ: ਦੇਵਾ ਸਿੰਘ ਸੀ। ਉਹ ਇਕ ਪ੍ਰਬੀਨ ਮਿਸਤਰੀ ਸਨ ਜੋ ਰੇਲਵੇ ਵਰਕਸ਼ਾਪ, ਕਰਾਚੀ ਵਿਚ ਕੰਮ ਕਰਦੇ ਸਨ। ਸੌਦਾਗਰ ਸਿੰਘ ਤੀਸਰੀ ਜਮਾਤ ਤਕ ਪਿੰਡ ਵਿਚ ਪੜ੍ਹੇ, ਫਿਰ ਕਰਾਚੀ ਹੀ ਐਪਰੈਂਟਿਸ (ਸ਼ਾਗਿਰਦ) ਬਣ ਗਏ। ਉਦੋਂ ਪਹਿਲੀ ਤਨਖਾਹ ਤਿੰਨ ਚਾਰ ਆਨੇ ਪਾਈ ਸੀ। ਅਰਥਾਤ ਅੱਜ ਦੇ 20 ਪੈਸੇ ਰੋਜ਼। ਇਥੇ ਅੰਗਰੇਜ਼ੀ ਵੀ ਪੜ੍ਹੀ, ਫਿਰ 13 ਸਾਲ ਦੀ ਉਮਰ ਵਿਚ ਪਿਤਾ ਪਾਸ ਨੈਰੋਬੀ ਚਲੇ ਗਏ, ਸ਼ਾਗਿਰਦੀ ਦੇ ਵਿਚ ਵੀ 25 ਰੁਪਏ ਮਹੀਨਾ ਮਿਲਦਾ ਸੀ। ਪੰਜਾਬੀ ਕਾਰੀਗਰਾਂ ਦੀ ਉਧਰ ਬੜੀ ਧਾਂਕ ਸੀ, ਲੋਕ ਇਧਰ ਕਾਰੀਗਰ ਲੈਣ ਆਉਂਦੇ ਸਨ। ਰਾਸ਼ਨ ਰਿਹਾਇਸ਼ ਫਰੀ ਹੁੰਦਾ ਸੀ। ਇਥੇ ਹੀ ਇਕ ਸਜਣ ਸ: ਨਰੈਣ ਸਿੰਘ ਤੋਂ ਕਵਿਤਾ ਦੀ ਕੁਝ ਛੁਹ ਮਿਲੀ, ਜੋ ਗੁਰਪੁਰਬਾਂ ਸਮੇਂ ਕਵਿਤਾ ਪੜ੍ਹਿਆ ਕਰਦਾ ਸੀ। ਭਿਖਾਰੀ ਜੀ ਨੇ ਵੀ ਲਿਖਣਾ ਸ਼ੁਰੂ ਕਰ ਦਿਤਾ, ਕੋਰੜਾਂ ਛੰਦ ਵਿਚ ਗੁਰੂ ਘਰ ਬਾਰੇ ਹੀ ਤੁਕਬੰਦੀ ਕਰ ਲੈਂਦੇ ਸਨ। ਉਸਤਾਦ ਕੋਈ ਨਹੀਂ ਸੀ ਧਾਰਿਆ, ਉਥੇ ਰਹਿੰਦਿਆਂ ਸਾਧਾਰਣ ਹੀ ਲਿਖਿਆ, ਜੋ ਹੁਣ ਕੁਝ ਯਾਦ ਨਹੀਂ। ਬਹੁਤਾ ਧਾਰਮਿਕ ਹੀ ਲਿਖਦੇ ਰਹੇ ਕਿਉਂਕਿ ਬਾਹਰ ਗਏ ਪੰਜਾਬੀ ਸਿੱਖ ਗੁਰਪੁਰਬਾਂ ਉਤੇ ਇਕੱਠੇ ਹੁੰਦੇ ਤੇ ਕਵਿਤਾਵਾਂ ਸੁਣਾਇਆ ਕਰਦੇ ਸਨ।

1917 ਵਿਚ ਕਲਕੱਤੇ ਵਿਚ ਆ ਕੇ ਭਾਈ ਵੀਰ ਸਿੰਘ ਦਾ ਪ੍ਰਭਾਵ ਕਬੂਲਿਆ। ਜਲ੍ਹਿਆਂ ਵਾਲੇ ਬਾਗ਼ ਤੇ ਨਨਕਾਣਾ ਦੇ ਸਾਕੇ ਨੇ ਸਭ ਨੂੰ ਝੰਜੋੜ ਕੇ ਰੱਖ ਦਿਤਾ ਸੀ। ਭਿਖਾਰੀ ਜੀ ਉਤੇ ਵੀ ਇਹਨਾਂ ਘਟਨਾਵਾਂ ਦਾ ਡੂੰਘਾ ਪ੍ਰਭਾਵ ਪਿਆ। ਉਦੋਂ ਹੀ ਮੁਨਸ਼ਾ ਸਿੰਘ ਦੁਖੀ ਜੀ ਦੇ ਦਰਸ਼ਨ ਹੋਏ ਤੇ ਬਾਅਦ ਵਿਚ 'ਕਵੀ ਕੁਟੀਆ' ਤੇ 'ਕਵੀ' ਹੋਂਦ ਵਿਚ ਆਏ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਚਾਰ ਛੇ ਮਹੀਨੇ ਪਿਛੋਂ ਹੈਰੀਸ ਮੁਕਰਜੀ ਰੋਡ ਪਾਰਕ ਉਤੇ ਸਿੰਘ ਸਭਾ ਵਲੋਂ ਇਕ ਭਾਰੀ ਦੀਵਾਨ ਸਜਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਮ੍ਰਿਤਸਰ ਵਲੋਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਆਏ ਸ: ਗੁਰਮੁਖ ਸਿੰਘ ਮੁਸਾਫ਼ਰ ਤੇ ਸ: ਰਘਬੀਰ ਸਿੰਘ ਬੀ. ਏ. ਉਸ ਦੀਵਾਨ ਵਿਚ ਸਨ। ਉਥੇ ਮੁਨਸ਼ਾ ਸਿੰਘ ਦੁਖੀ ਨੇ ਕਵਿਤਾ ਪੜ੍ਹੀ:

ਕੌਮਾਂ ਮਰਦੀਆਂ ਨਹੀਂ ਜੋ ਮਰਨ ਜਾਨਣ
ਸੋਈਉ ਮਰਦੀਆਂ ਨੇ ਜੋ ਮਰਨੋਂ ਡਰਦੀਆਂ ਨੇ
ਤਖ਼ਤੇ ਚੜ੍ਹਦੀਆਂ ਜੋ ਤਖਤੀਂ ਚੋੜ੍ਹਦੀਆਂ ਨੇ
ਤਖ਼ਤੋਂ ਡਰਦੀਆਂ ਜੋ ਤਖ਼ਤੇ ਚੜ੍ਹਦੀਆਂ ਨੇ।

ਕਵਿਤਾ ਕਾਫ਼ੀ ਲੰਮੀ ਸੀ। ਉਥੇ ਉਨ੍ਹਾਂ ਵੀ ਇਕ ਕਵਿਤਾ ਪੜ੍ਹੀ:

"ਪਿਆਰੇ ਦੇਸ਼ ਤੇ ਸੇਵਾ ਗੁਰਦੁਆਰਿਆਂ ਲਈ
ਅਸਾਂ ਹੋ ਰੱਤੀ ਰੱਤੀ ਕੱਟ ਜਾਣਾ"।

ਹੋਰ ਵੀ ਕਈ ਸਜਣਾਂ ਨੇ ਧਾਰਮਿਕ ਤੇ ਰਾਜਸੀ ਕਵਿਤਾਵਾਂ ਪੜ੍ਹੀਆਂ। ਦੀਵਾਨ ਮੁਕਣ ਤੋਂ ਪਿਛੋਂ ਦੁਖੀ ਜੀ ਉਨ੍ਹਾਂ ਪਾਸ ਆਏ। ਉਹ ਪਹਿਲਾਂ ਨਹੀਂ ਸੀ ਮਿਲੇ ਹੋਏ। ਸਿਰਫ਼ ਇਕ ਦੂਜੇ ਦਾ ਨਾਂਅ ਹੀ ਸੁਣਿਆ ਹੋਇਆ ਸੀ। ਏਥੇ ਭਿਖਾਰੀ ਤੇ ਦੁਖੀ ਜੀ ਦਾ ਮੇਲ ਹੋਇਆ। ਸਾਲ 1922 ਦੀ ਗੱਲ ਹੈ। ਮੁਨਸ਼ਾ ਸਿੰਘ ਦੁਖੀ ਜੀ 1914 ਵਿਚ ਕੈਨੇਡਾ ਤੋਂ ਆਏ ਸਨ ਅਤੇ ਗ਼ਦਰ ਪਾਰਟੀ ਦੇ ਮੈਂਬਰ ਸਨ ਤੇ 'ਗ਼ਦਰ' ਵਿਚ ਕਵਿਤਾ ਲੇਖ ਲਿਖਦੇ ਸਨ। ਆਉਂਦਿਆਂ 6 ਮਹੀਨੇ ਅੰਡਰ ਗਰਾਊਂਡ ਰਹੇ, ਇਸ ਤੋਂ ਪਿਛੋਂ ਫੜ੍ਹੇ ਗਏ। 1919 ਵਿਚ ਰਿਹਾ ਹੋ ਕੇ ਕਚਿਰੇ ਪਾੜੇ, ਕਲਕੱਤੇ ਤੋਂ ਤੀਹ ਪੈਂਤੀ ਮੀਲ ਦੂਰੀ 'ਤੇ ਆਪਣੇ ਦੋ ਭਰਾਵਾਂ ਦੌਲਤ ਸਿੰਘ ਤੇ ਭੋਲਾ ਸਿੰਘ ਕੋਲ ਰਹੇ। ਉਹ ਰੇਲਵੇ ਵਰਕਸ਼ਾਪ ਵਿਚ ਕੰਮ ਕਰਦੇ ਸਨ।

ਉਪਰ ਦੱਸੇ ਜੋੜ ਮੇਲੇ ਪਿਛੋਂ ਦੋਹਾਂ ਦਾ ਪੱਕਾ ਮੇਲ ਹੋ ਗਿਆ। ਕਲਕੱਤੇ ਆਉਂਦਿਆਂ ਜਾਂਦਿਆ ਮਿਲਦੇ ਰਹੇ। ਕਈ ਵਾਰੀ ਰਾਤੀਂ ਠਹਿਰਦੇ ਰਹੇ। ਰਾਤ ਕਵਿਤਾਵਾਂ 'ਤੇ ਥੋੜ੍ਹੀ ਬਹੁਤ ਚਰਚਾ ਹੁੰਦੀ ਰਹਿੰਦੀ। ਉਨ੍ਹਾਂ ਨਾਲ ਹੀ ਨਾਭੇ ਦੇ ਰਹਿਣ ਵਾਲਾ ਭਾਈ ਦਰਬਾਰਾ ਸਿੰਘ ਤੇ ਚੱਕ ਕਲਾਂ (ਜ਼ਿਲ੍ਹਾ ਜਲੰਧਰ) ਦਾ ਸ: ਬਚਿੰਤ ਸਿੰਘ ਰਹਿੰਦੇ ਸਨ। ਉਹ ਵੀ ਸ਼ਾਮਲ ਹੋ ਗਏ। ਭਾਈ ਦਰਬਾਰਾ ਸਿੰਘ ਬਚਪਨ ਵਿਚ ਘਰੋਂ ਨੱਠ ਗਏ ਤੇ ਸਾਧਾਂ ਸੰਤਾਂ ਦੇ ਅਸਰ ਹੇਠ ਵੇਦਾਂਤੀ ਖ਼ਿਆਲਾਂ ਦੇ ਸਨ। ਚੰਗੇ ਵਿਦਵਾਨ ਵੀ ਸਨ। ਏਥੇ ਕਲਕੱਤੇ ਵਿਚ ਗੁਰਦੁਆਰਾ ਸਿੰਘ ਸਭਾ ਦੇ ਗ੍ਰੰਥੀ ਰਹੇ ਸਨ। ਕਵਿਤਾ ਵੀ ਲਿਖਦੇ ਸਨ।

ਇਕ ਦਿਨ ਸਭ ਦੀ ਇਹ ਸਲਾਹ ਹੋਈ ਕਿ ਕਿਉਂ ਨਾ ਇਕ ਸੁਸਾਇਟੀ ਬਣਾਈ ਜਾਵੇ। ਕੁਝ ਬਹਿਸ ਪਿਛੋਂ ਫੈਸਲਾ ਹੋਇਆ ਇਸ ਸੁਸਾਇਟੀ ਦਾ ਨਾਮ 'ਕਵੀ ਕੁਟੀਆ ਕਲਕੱਤਾ' ਰੱਖਿਆ ਜਾਵੇ 'ਤੇ

ਹਰ ਗੁਰਪੁਰਬ ਤੇ ਕਵਿਤਾਵਾਂ 'ਕੱਠੀਆਂ ਕਰਕੇ ਇਕ ਟ੍ਰੈਕਟ ਪ੍ਰਕਾਸ਼ਤ ਕਰ ਦਿੱਤਾ ਜਾਵੇ। ਇਸ ਤਰ੍ਹਾਂ 'ਕਵੀ ਕੁਟੀਆ' ਦਾ ਜਨਮ ਹੋਇਆ ਤੇ ਪਹਿਲਾ ਟ੍ਰੈਕਟ 'ਚੋਜੀ ਪ੍ਰੀਤਮ' 1923 ਦਸੰਬਰ ਨੂੰ ਪ੍ਰਕਾਸ਼ਿਤ ਕੀਤਾ ਗਿਆ ਤੇ ਵੰਡਿਆ ਗਿਆ, ਜੋ ਕਾਫ਼ੀ ਪਸੰਦ ਕੀਤਾ ਗਿਆ। ਉਸ ਵਿਚ ਹੋਰ ਸ਼ਹਿਰਾਂ ਵਿਚੋਂ ਚੰਗੇ ਵਿਦਵਾਨਾਂ ਦੀਆਂ ਕਵਿਤਾਵਾਂ ਵੀ ਸਨ। ਪੈਸੇ ਪਾਸ ਨਹੀਂ ਸਨ। ਜੋ ਕੁਝ ਪਲਿਉਂ ਪਾ ਕੇ ਇਹਨਾਂ ਦਾ ਖਰਚਾ ਪੂਰਾ ਕੀਤਾ। ਫਿਰ ਅਗਲੇ ਟ੍ਰੈਕਟਾਂ ਲਈ ਧਨਾਢ ਬੰਦਿਆਂ ਨੂੰ ਬੇਨਤੀ ਕੀਤੀ ਜਾਂਦੀ ਸੀ, ਉਹ ਦੇ ਦਿੰਦੇ ਸਨ। ਸਿਰਫ਼ ਪੋਸਟੇਜ ਦਾ ਖਰਚਾ ਮੰਗਵਾ ਕੇ ਮੁਫ਼ਤ ਭੇਜ ਦਿੰਦੇ ਸਨ। ਇਹ ਸਿਲਸਿਲਾ ਕਾਫ਼ੀ ਦੇਰ ਤਕ ਪੰਜ-ਛੇ ਸਾਲ ਤਕ ਚਾਲੂ ਰਿਹਾ। ਚਿੱਠੀ ਪੱਤਰ ਸਿਰਫ਼ ਭਿਖਾਰੀ ਜੀ ਦੇ ਪਤੇ 'ਤੇ ਹੁੰਦਾ ਸੀ। "150, ਲੋਅਰ ਚੀਤਪੁਰ ਰੋਡ, ਕਲਕੱਤਾ।"

ਇਹ ਟ੍ਰੈਕਟ ਅਮ੍ਰਿਤਸਰੋਂ ਸ: ਚਰਨ ਸਿੰਘ ਜੀ ਸ਼ਹੀਦ ਦੇ ਪ੍ਰੈੱਸ ਗੁਰੂ ਖ਼ਾਲਸਾ ਪ੍ਰੈੱਸ ਵਿਚ ਛਪਦੇ ਰਹੇ। ਲਾਲਾ ਧਨੀ ਰਾਮ ਹੋਰਾਂ ਉਨ੍ਹਾਂ ਨੂੰ ਪ੍ਰੇਰਿਆ ਕਿ ਤੁਸੀਂ ਆਪਣੇ ਪ੍ਰੈੱਸ ਕਿਉਂ ਨਹੀਂ ਲਵਾ ਲੈਂਦੇ। ਉਹਨਾਂ ਦਿਨਾਂ ਵਿਚ ਲਾਲਾ ਜੀ ਟਾਈਪ ਬਣਾਂਦੇ ਸਨ।

ਉਹ ਲੋਅਰ ਚੀਤਪੁਰ ਰੋਡ ਉਤੇ ਇਕ ਵਰਕਸ਼ਾਪ ਵਿਚ ਕੰਮ ਕਰਦੇ ਸਨ। ਉਸਦੇ ਸਾਹਮਣੇ ਇਕ ਮਸ਼ੀਨ ਬਨਾਣ ਵਾਲੀ ਫਰਮ ਸੀ। Hand Press ਬਣਾਂਦੇ ਸਨ। ਇਕ ਹੈਂਡ ਪ੍ਰੈੱਸ ਖ਼ਰੀਦ ਲਿਆ। ਲਾਲਾ ਜੀ ਪਾਸੋਂ ਪੰਜਾਬੀ ਟਾਈਪ ਮੰਗਾ ਲਿਆ। ਟ੍ਰੈਕਟ ਪ੍ਰੈੱਸ ਵਿਚ ਛਾਪਣਾ ਸ਼ੁਰੂ ਕਰ ਦਿੱਤਾ। ਇਕ ਕੰਪੋਜੀਟਰ ਅਮ੍ਰਿਤਸਰੋਂ ਲਾਲਾ ਜੀ ਨੇ ਭੇਜ ਦਿੱਤਾ। ਇਸ ਤਰ੍ਹਾਂ ਇਹ ਸਿਲਸਿਲਾ ਕਈ ਸਾਲ ਤਕ ਚਲਦਾ ਰਿਹਾ। ਸਹਿਜੇ ਸਹਿਜੇ ਕਈ ਹੋਰ ਮੈਂਬਰ ਬਣ ਗਏ। ਕਵਿਤਾ ਲਿਖਣ ਵਾਲੇ ਸੱਤ ਅੱਠ ਮੈਂਬਰ ਸਨ। ਚੰਦਾ 8 ਆਨੇ ਮਹੀਨਾ ਸੀ।

ਪੈਸੇ ਨਾ ਹੋਣ ਕਰਕੇ ਵੱਡਾ ਕਵੀ ਦਰਬਾਰ ਕਰਨਾ ਮੁਸ਼ਕਲ ਸੀ। ਸਿਰਫ਼ ਸਾਹਿਤ ਲਈ ਰਚਨਾਵਾਂ ਹੀ ਕਰ ਸਕਦੇ ਸਨ ਤੇ ਪ੍ਰਕਾਸ਼ਿਤ ਕਰਕੇ ਵੰਡ ਦਿੰਦੇ ਸਨ। ਹਫਤੇ ਦੇ ਹਫਤੇ ਕਦੇ ਕਿਸੇ ਪਾਰਕ ਵਿਚ ਕਦੇ ਕਿਸੇ ਪਾਰਕ ਵਿਚ ਬੈਠਕ ਕਰਦੇ ਸਨ। ਕਲਕੱਤੇ ਹਰ ਸੜਕ 'ਤੇ ਹੀ ਕਈ ਪਾਰਕਾਂ ਹੁੰਦੀਆਂ ਸਨ।

ਇਕ ਵਾਰੀ ਵਿਚਾਰ ਹੋਈ ਕਿ ਮਾਸਿਕ ਪੱਤਰਕਾ ਕੱਢੀ ਜਾਵੇ। ਜਿਸਦਾ ਨਾਮ 'ਕਵੀ' ਰਖ ਦਿਤਾ ਗਿਆ ਤੇ ਅਪਰੈਲ 1927 ਤੋਂ ਮਾਸਿਕ 'ਕਵੀ' ਪ੍ਰਕਾਸ਼ਤ ਹੁੰਦਾ ਗਿਆ। ਚਾਰ ਮਹੀਨੇ ਗੁਰੂ ਖ਼ਾਲਸਾ ਪ੍ਰੈੱਸ ਅਮ੍ਰਿਤਸਰ ਤੋਂ ਛਪਿਆ ਤੇ ਅਗੋਂ ਤੋਂ 'ਕਵੀ' ਪ੍ਰੈੱਸ ਵਿਚ ਹੀ ਛਾਪਦੇ ਗਏ।

ਉਨ੍ਹਾਂ ਵਿਚ ਡਾ: ਉਤਮ ਸਿੰਘ ਜੀ ਕਵਿਤਾ ਪ੍ਰੇਮੀ ਆ ਰਲੇ। ਉਹਨਾਂ ਦੇ ਛੋਟੇ ਭਰਾ ਚਤਰ ਸਿੰਘ ਬਾਲਕ ਕੰਪੋਜ਼ੀਟਰੀ ਕਰਦੇ ਸਨ, ਤੇ ਕਵਿਤਾ ਵੀ ਲਿਖਦੇ ਸਨ।

ਸ: ਨਿਰੰਜਨ ਸਿੰਘ ਤਾਲਿਬ ਜੋ ਮਹਾਰਾਜਾ ਨਾਭੇ ਦੇ ਨਿੱਜੀ ਸਕੱਤਰ ਹੁੰਦੇ ਸਨ, ਕੁਡਾਈ ਕੁਨਾਲ ਤੋਂ ਗੁੱਸੇ ਰਾਜ਼ੀ ਹੋ ਕੇ ਕਲਕੱਤੇ ਆ ਗਏ ਤੇ ਇਹਨਾਂ ਨੂੰ ਰਲਾਣ ਵਾਸਤੇ ਡਾ: ਉਤਮ ਸਿੰਘ ਸਾਥੀ ਨੇ ਸਿਫ਼ਾਰਸ਼ ਕੀਤੀ।

ਵਿਚਾਰ ਹੋਈ ਕਿ ਪ੍ਰੈੱਸ ਨੂੰ ਲਿਮਿਟੇਡ ਕਰ ਦਿਤਾ ਜਾਵੇ। ਸ: ਠਾਕਰ ਸਿੰਘ ਆਰਟਿਸਟ ਵੀ ਨਾਲ ਰਲ ਗਏ।

ਇਕ ਵਾਰ ਜਦ ਘਰ ਨਾ ਪਹੁੰਚੇ ਤਾਂ ਪੁਲਸ ਵੀ ਘਰ ਦੀ ਤਲਾਸ਼ੀ ਲੈਣ ਆ ਗਈ ਤੇ ਪ੍ਰੈੱਸ ਨੂੰ

ਜ਼ਿੰਦਰਾ ਲਾ ਗਈ। ਕਿਉਂਕਿ ਸਰਕਾਰ ਨੂੰ ਇਥੇ ਰਾਜਸੀ ਸਾਹਿਤ ਛਪਣ ਦਾ ਅੰਦਾਜ਼ਾ ਸੀ। ਤਾਲਿਬ ਤੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਹੀਨਾ ਭਰ ਛਾਪਾਖਾਨਾ ਨਾ ਚਲਾਣ ਦਾ ਹੁਕਮਨਾਮਾ ਆ ਗਿਆ ਤੇ ਪੁਲਸ ਦਾ ਪਹਿਰਾ ਬਿਠਾ ਦਿਤਾ ਗਿਆ। ਇਸ ਤਰ੍ਹਾਂ ਪ੍ਰੈੱਸ ਬੰਦ ਹੋ ਗਿਆ। ਸਾਥੀਆਂ ਉਤੇ ਮੁਕੱਦਮਾ ਚਲਿਆ। ਮਹਾਂ ਸਿੰਘ ਤੇ ਚਤਰ ਸਿੰਘ ਨੂੰ ਛੇ-ਛੇ ਮਹੀਨਿਆਂ ਦੀ ਸਜ਼ਾ ਹੋਈ। ਤਾਲਿਬ ਨੂੰ ਤੇ ਇਕ ਹੋਰ ਸਾਥੀ ਨੂੰ ਛੱਡ ਦਿਤਾ ਗਿਆ।

ਪਹਿਲਾਂ ਦੁਖੀ ਮੈਨੇਜਰ ਸੀ। ਫੇਰ ਤਾਲਿਬ ਨੂੰ ਸੌ ਰੁਪਏ ਤਨਖ਼ਾਹ 'ਤੇ ਮੈਨੇਜਰ ਬਣਾ ਦਿੱਤਾ ਗਿਆ। ਦੁਖੀ ਦਿਲੋਂ ਕੁਝ ਨਾਰਾਜ਼ ਸੀ ਅਤੇ ਪੰਜਾਬ ਆ ਗਿਆ। ਇਸ ਤਰ੍ਹਾਂ ਕਵੀ ਪ੍ਰੈੱਸ ਬੰਦ ਹੋ ਗਿਆ।

ਅਖ਼ੀਰ ਸਾਰਿਆਂ ਨੇ ਤਾਲਿਬ ਨੂੰ ਪ੍ਰੈੱਸ ਚਲਾਣ ਲਈ ਕਹਿ ਦਿਤਾ ਤੇ ਸਾਰੇ ਵੱਖ ਹੋ ਗਏ। ਸਰਤ ਬਾਬੂ ਨੇ ਜੋ ਸੁਭਾਸ਼ ਬਾਬੂ ਦਾ ਵੱਡਾ ਭਰਾ ਸੀ, ਤਾਲਿਬ ਦੀ ਪ੍ਰੈੱਸ ਚਲਾਣ ਵਿਚ ਮਦਦ ਕੀਤੀ ਕਿਉਂਕਿ ਉਸਨੂੰ ਪੰਜਾਬੀ ਜਨਤਾ ਨੂੰ ਆਪਣੇ ਨਾਲ ਰਖਣ ਲਈ ਪੰਜਾਬੀ ਪ੍ਰੈੱਸ ਚਾਹੀਦਾ ਸੀ।

ਕਲਕੱਤੇ ਵਿਚ ਰੋਜ਼ਾਨਾ ਅਖ਼ਬਾਰ 'ਦੇਸ਼ ਦਰਪਨ' ਕੱਢਿਆ ਗਿਆ। ਜਿਸਦਾ ਤਾਲਿਬ ਐਡੀਟਰ ਸੀ। ਇਹ ਅਖ਼ਬਾਰ ਅੱਜ ਤਕ ਚਲ ਰਿਹਾ ਹੈ।

ਇਹ ਤਾਂ ਹੈ ਉਹਨਾਂ ਦੀ ਕਵੀ ਕੁਟੀਆ ਦੀ ਕਥਾ–ਪਰ ਇਸ ਤੋਂ ਇਲਾਵਾ ਵੀ ਉਹਨਾਂ ਦੀ ਵੱਡੀ ਕੀਰਤੀ ਹੈ। ਜਦੋਂ "ਕਵੀ ਕੁਟੀਆ" ਵਲੋਂ ਟ੍ਰੈਕਟ ਛਪਣੇ ਸ਼ੁਰੂ ਹੋਏ ਤਾਂ "ਭਿਖਾਰੀ ਜੀ" ਦੀਆਂ ਕਵਿਤਾਵਾਂ ਉਸ ਵਿਚ ਸੰਮਿਲਤ ਹੁੰਦੀਆਂ ਸਨ। ਪਹਿਲਾ ਟ੍ਰੈਕਟ ਦਸੰਬਰ 1923 ਵਿਚ ਛਪਿਆ, ਜਿਸ ਦਾ ਨਾਮ ਸੀ "ਚੋਜੀ ਪ੍ਰੀਤਮ" ਅਤੇ ਨਵੰਬਰ 1931 ਵਿਚ ਪ੍ਰਕਾਸ਼ਿਤ ਹੋਏ ਟ੍ਰੈਕਟ ਦਾ ਨਾਮ "ਇਲਾਹੀ ਕਿਰਨਾਂ" ਹੈ। ਟ੍ਰੈਕਟ ਪਹਿਲਾਂ ਕੇਵਲ "ਖ਼ਾਲਸਾ ਸਮਾਚਾਰ", "ਨਿਰਗੁਣੀਆਰਾ" ਜਾਂ ਭਾਈ ਮੋਹਨ ਸਿੰਘ ਵੈਦ "ਦੁਖ-ਨਿਵਾਰਨ" ਛਪਿਆ ਕਰਦੇ ਸਨ, ਪਰ ਕਲਕੱਤੇ ਚੋਂ ਪ੍ਰਕਾਸ਼ਿਤ ਹੋਈ ਇਸ ਟ੍ਰੈਕਟ-ਲੜੀ ਦੀ ਰੰਗਤ ਪੰਜਾਬ ਦੀ ਪਰੰਪਰਾ ਅਨੁਕੂਲ ਹੁੰਦੀ ਹੋਈ ਵੀ ਵੱਖਰਾ ਰੰਗ ਰਖਦੀ ਸੀ। ਇਹਨਾਂ ਟ੍ਰੈਕਟਾਂ ਵਿਚ ਛਪੀ ਇਕ ਸੈਂਚੀ ਦਾ ਨਾਮ "ਦਸ਼ਮੇਸ਼ ਨਜ਼ਾਰੇ" ਹੈ ਜਿਸ ਨੂੰ 'ਸ. ਸਿੰਘ ਕਲਕੱਤਾ' ਅਰਥਾਤ ਭਿਖਾਰੀ ਜੀ ਨੇ ਸੰਗ੍ਰਹਿ ਕੀਤਾ, ਉਸ ਵਿਚ ਆਪ ਦੀ ਹੇਠ ਲਿਖੀ ਕਵਿਤਾ 'ਗੁਰੂ ਕੇ ਬਾਗ' ਦੇ ਭਿਆਨਕ ਨਜ਼ਾਰਿਆਂ ਨੂੰ ਅੰਕਿਤ ਕਰਦੀ ਹੈ:

"ਸਾਡੇ ਵਾਸਤੇ ਚਰਖੀਆਂ ਤਿਆਰ ਹੋਵਣ
ਸਹਿਨਸ਼ੀਲਤਾ ਸਾਡੀ ਅਜ਼ਮਾ ਲੇਵਨ।

ਆਰੇ ਚੀਰ ਕੇ ਕਰਨ ਦੋ-ਫਾੜ ਸਾਨੂੰ
ਇਮਤਿਹਾਨ ਤੋਂ ਪਾਸ ਕਰਾ ਦੇਵਣ।

ਆਵਣ ਕਈ ਹਜ਼ਾਰ ਜਲਾਦ ਡਾਢੇ
ਬੰਦ ਬੰਦ ਸਾਡੇ ਕਟਵਾਇ ਦੇਵਣ

ਹੈ ਨਿਸਚਾ ਦੇਸ ਤੇ ਕੌਮ ਖਾਤਰ
ਅਸੀਂ ਸਭ ਵਧੀਕੀਆਂ ਜਰਾਂਗੇ ਜੀ

ਤੇ ਗੁਰਦਵਾਰਿਆਂ ਦੀ ਸਵੈਤੰਤਰਤਾ ਲਈ
ਤੀਹੇ ਲਖ ਸ਼ਹੀਦ ਹੋ ਮਰਾਂਗੇ ਜੀ।"

(ਦਸ਼ਮੇਸ਼ ਨਜ਼ਾਰੇ, ਪੰਨਾ 28-29)

ਉਦੋਂ ਇਹ ਟ੍ਰੈਕਟ ਭਾਈ ਪ੍ਰੀਤਮ ਸਿੰਘ ਸੁੰਦਰ ਸਿੰਘ, ਬਾਜ਼ਾਰ ਮਾਈ ਸੇਵਾਂ ਨੇ ਛਾਪਿਆ ਸੀ ਅਤੇ ਇਸ ਦੀ ਕਾਫ਼ੀ ਪ੍ਰਸੰਸਾ ਹੋਈ ਸੀ। ਭਿਖਾਰੀ ਜੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਵੀਆਂ ਦੀ ਰਚਨਾ ਇਸ ਵਿਚ ਸੰਕਲਿਤ ਕੀਤੀ ਗਈ ਸੀ।

ਇਹਨਾਂ ਟ੍ਰੈਕਟਾਂ ਤੇ "ਕਵੀ" ਨਾਮੀ ਪਰਚੇ ਵਿਚ ਲਗਾਤਾਰ ਲਿਖਦੇ ਲਿਖਦੇ ਉਹਨਾਂ ਨੇ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ "ਪ੍ਰੇਮ ਲਹਿਰਾਂ" ਦਸੰਬਰ 1930 ਵਿਚ ਕਵੀ ਕੁਟੀਆ ਤੋਂ ਹੀ ਪ੍ਰਕਾਸ਼ਿਤ ਕੀਤਾ। ਜਿਸ ਵਿਚ ਹੇਠ ਲਿਖੇ ਅਨੁਭਾਗ ਕੀਤੇ ਗਏ : 1. ਸ਼ਰਧਾ ਦੇ ਫੁੱਲ 1. ਸਾਹਿਤਯ-ਬੀਨ 3. ਵੈਰਾਗ-ਬਿਹਾਗ 4. ਅਨੁਵਾਦ ਭਾਗ 5. ਕੌਮੀ ਤਰਾਨੇ। ਇਹ ਪੁਸਤਕ ਉਹਨਾਂ ਨੇ ਭਾਈ ਮੋਹਨ ਸਿੰਘ ਵੈਦ ਜੀ ਨੂੰ ਸਮਰਪਿਤ ਕੀਤੀ ਸੀ। ਇਸ ਪੁਸਤਕ ਦੇ ਆਧਾਰ 'ਤੇ ਉਹਨਾਂ ਦੀ ਕਾਵਿ-ਸਿਰਜਣਾ ਬਾਰੇ ਇਕ ਵੱਖਰੇ ਮੁਲਾਂਕਣ ਦੀ ਲੋੜ ਹੈ। ਇਥੇ ਸੰਖੇਪਤਾ ਨੂੰ ਮੁੱਖ ਰਖਦਿਆਂ ਉਹਨਾਂ ਦੀਆਂ ਕਵਿਤਾਵਾਂ ਦੇ ਕੁਝ ਨਮੂਨੇ ਅਤੇ ਵਿਚਾਰ, ਭਾਸ਼ਾ, ਆਦਿਕ ਬਾਰੇ ਹੀ ਟਿਪਣੀ ਕੀਤੀ ਜਾ ਸਕਦੀ ਹੈ।

ਪ੍ਰਾਰੰਭ ਵਿਚ ਮਹਾਂ ਕਵੀ ਧਨੀ ਰਾਮ ਚਾਤ੍ਰਿਕ ਨੇ ਪਰਿਚਯ ਲਿਖਿਆ ਹੈ, ਕਾਫ਼ੀ ਵਿਸਤ੍ਰਿਤ ਚਰਚਾ ਕੀਤੀ ਹੈ। ਉਹ ਲਿਖਦੇ ਹਨ :

"ਭਾਵੇਂ ਆਪ ਨੇ ਸੰਚੀ ਦੇ ਪੰਜ ਭਾਗ ਕੀਤੇ ਹਨ, ਪਰ ਅਸਲ ਵਿਚ ਸਾਰਿਆਂ ਦਾ ਇਕੋ ਰੰਗ ਹੈ, ਇਕੋ ਵਲਵਲਾ ਤੇ ਇਕੋ ਦਰਦ ਹੈ। ਗੁਰਸਿੱਖੀ ਵਿਚ ਮਸਤਾਨੇ ਮਨ ਨੇ ਜੋ ਤਰਬ ਹਿਲਾਈ ਉਸ ਵਿਚੋਂ 'ਤੂਹੀਂ ਤੂਹੀਂ' ਦੀ ਧੁਨ ਨਿਕਲੀ ਹੈ। ਅਸਲ ਵਿਚ ਸਿਰੇ ਸ਼ਾਲ ਗੱਲ ਹੁੰਦੀ ਹੀ ਉਹੋ ਹੈ ਜੋ ਦਿਲ ਦੀਆਂ ਤਹਿਆਂ ਨੂੰ ਚੀਰ ਕੇ ਨਿਕਲੇ। ਸਾਡੇ ਪੰਜਾਬ ਵਿਚ ਤਾਂ ਇਹ ਕਹਾਉਤ ਮਸ਼ਹੂਰ ਹੈ ਕਿ ਸ਼ਾਇਰ ਹੁੰਦਾ ਹੀ ਉਹ ਹੈ ਜੋ ਕਿਸੇ ਦੇ ਪ੍ਰੇਮ ਵਿਚ ਫੱਟਿਆ ਜਾਵੇ। ਜਦ ਤਕ ਅੰਦਰ ਕੋਈ ਭਾਂਬੜ ਨਾ ਬਲੇ ਤਦ ਤਕ ਉਬਲ ਕੇ ਅੱਥਰੂ ਬਾਹਰ ਨਹੀਂ ਆਉਂਦੇ। ਇਸ ਲਿਹਾਜ਼ ਨਾਲ ਭਿਖਾਰੀ ਦੀ ਰਚਨਾ ਅੱਵਲ ਦਰਜੇ ਦੀ ਸ਼੍ਰੇਣੀ ਵਿਚ ਹਨ।" (ਪੰਨਾ 19)

ਇਕ ਹੋਰ ਥਾਂ ਚਾਤ੍ਰਿਕ ਜੀ ਲਿਖਦੇ ਹਨ :

"ਭਿਖਾਰੀ ਜੀ ਨੇ ਜੋ ਕੁਝ ਲਿਖਿਆ ਹੈ, ਦਿਲ ਦੀ ਲਗਨ ਨਾਲ ਲਿਖਿਆ ਹੈ, ਉਸ ਵਿਚ ਸੇਕ ਹੈ, ਉਸ ਵਿਚ ਪ੍ਰੇਮ ਹੈ ਤੇ ਸਚਾਈ ਹੈ। ਜੇਕਰ ਆਪ ਦੇ ਅੱਖਰਾਂ ਦੀ ਰੌਸ਼ਨੀ ਵਿਚ ਆਪ ਦਾ ਹੁਲੀਆ ਤਿਆਰ ਕੀਤਾ ਜਾਵੇ ਤਾਂ ਐਉਂ ਜਾਪਦਾ ਹੈ ਕਿ ਆਪ ਇਕ ਪੱਕੇ ਗੁਰਸਿੱਖ ਹਨ, ਸਿੱਖੀ ਦੀ ਰਹੁ-ਰੀਤ ਦੇ ਪੱਕੇ ਜਾਣੂ ਤੇ ਜਲ ਵਿਚ ਕਮਲ ਦੀ ਤਰ੍ਹਾਂ ਰਹਿਣ ਵਾਲੇ ਗ੍ਰਹਿਸਥੀ ਹਨ। ਇਸ਼ਟਾਪਤੀ ਤੇ ਸ਼ਰਧਾ ਨਿਮਰਤਾ ਕੁੱਟ ਕੁੱਟ ਕੇ ਭਰੀ ਹੋਈ ਹੈ। ਦੇਸ਼-ਪ੍ਰੇਮ ਦੇ ਵਲਵਲੇ ਭੀ ਕਾਫ਼ੀ ਹਨ, ਪਰ "ਆ" ਦਾ ਮਕਾਨ ਉਸੇ ਇਸ਼ਟਾਪਤੀ ਪਰ ਹੈ :

"ਵਤਨ ਕੌਮ ਤੋਂ ਸਤਿਗੁਰੂ ਮੇਰੀ ਜ਼ਿੰਦੜੀ ਫਿਦਾ ਹੋਵੇ।" (ਪੰਨਾ 18)

ਭਾਈ ਸਾਹਿਬ ਵੀਰ ਸਿੰਘ ਜੀ ਨੇ ਉਦੋਂ ਪੁਸਤਕ ਮਿਲਣ 'ਤੇ ਜੋ ਰਾਇ ਭੇਜੀ ਸੀ, ਉਸ ਵਿਚ ਲਿਖਦੇ ਹਨ : "ਪ੍ਰੇਮ ਵੈਰਾਗ, ਦੇ ਵਲਵਲੇ ਛੇੜਣ ਵਾਲੇ ਛੰਦ ਵੀ ਚੰਗੇ ਹਨ। ਹਾਸ ਲਿਬਾਸ, ਸਿਖਯਾ,

ਸਿੱਖੀ ਭਾਵਨਾ ਤੇ ਕੌਮੀ ਦਰਦ ਸੰਬੰਧੀ ਨਜ਼ਮਾਂ ਕਾਬਲੇ-ਕਦਰ ਹਨ। "ਸਾਹਿਤਯ-ਬੀਨ" ਨਾਮੇ ਹਿੱਸਾ ਸਾਹਿਤ ਵਿਚ ਚੰਗਾ ਮਾਣ ਰਖਣ ਵਾਲੀਆਂ ਨਜ਼ਮਾਂ ਦਾ ਗੁੰਦਿਆ ਗੁਲਦਸਤਾ ਹੈ।" (19.9.30 (ਮਸੂਰੀ) ਪੰਨਾ179)

ਉਸ ਸਮੇਂ ਦੇ ਪ੍ਰਸਿੱਧ ਤੇ ਪੰਜਾਬੀ ਦੇ ਪ੍ਰਥਮ ਆਧੁਨਿਕ ਆਲੋਚਕ ਪ੍ਰੋ: ਤੇਜਾ ਸਿੰਘ ਨੇ ਕੁਝ ਵਿਪਰੀਤ ਟਿੱਪਣੀ ਕੀਤੀ ਹੈ:

ਮੈਂ "ਪ੍ਰੇਮ ਲਹਿਰਾਂ" ਨਾਮੀ ਪੁਸਤਕ ਰਚਿਤ "ਭਿਖਾਰੀ ਜੀ" ਦੀ ਪੜ੍ਹੀ ਹੈ। ਕਵਿਤਾ ਚੰਗੀ ਹੈ। ਪਿੰਗਲ ਵਲੋਂ ਵੇਖੀਏ ਤਾਂ ਕਿਸੇ ਉਸਤਾਦ ਦੀ ਲਿਖੀ ਜਾਪਦੀ ਹੈ। ਪਰ ਬੋਲੀ ਇੰਨੀ ਸਾਫ਼ ਨਹੀਂ। ਕਿਹਾ ਚੰਗਾ ਹੁੰਦਾ ਕਿ ਜਿਵੇਂ 'ਕੀਰਨੇ' ਵਾਲੀ ਕਵਿਤਾ ਵਿਚੋਂ ਭਾਵ ਨੂੰ ਸਿੱਧੀ ਸਾਦੀ ਤੇ ਸਰਲ ਬੋਲੀ ਵਿਚ ਨਿਭਾਇਆ ਹੈ, ਤਿਵੇਂ ਹੀ ਹੋਰਨਾਂ ਕਵਿਤਾਵਾਂ ਵਿਚ ਵੀ ਇਹੋ ਜਿਹੀ ਬੋਲੀ ਵਰਤੀ ਹੁੰਦੀ। ਪਰ ਲਿਖਾਰੀ ਦੀ ਹਿੰਦੀ ਵਿਦਵਤਾ ਨੇ ਪੰਜਾਬੀ ਉਤੇ ਆਪਣਾ ਪਰਛਾਵਾਂ ਪਾ ਦਿੱਤਾ ਹੈ......

"ਚਰਨ ਪਰਸ ਵਾਲੀ ਦੋ ਜਹਾਨ ਦੇ" ਵਿਚ ਵਿਆਕਰਣ ਨੂੰ ਤਾਂ ਪੂਰਾ ਕੀਤਾ ਹੈ, ਪਰ ਇਹ ਲਫ਼ਜ਼ ਫਬਦੇ ਨਹੀਂ:

"ਮੇਰਾ ਮਨ ਤਾਂ ਪਿਤਾ! ਪਹਿਲੇ ਹੀ ਬੈਠੇ ਹੋ ਚੁਰਾ ਕਰਕੇ।"

ਪਿਤਾ ਪੁੱਤਰ ਦੇ ਪਿਆਰ ਵਿਚ ਇਹ ਦਿਲ ਚੁਰਾਣ ਵਾਲਾ ਭਾਵ ਨਿਰੀ ਉਰਦੂ ਬਾਜ਼ੀ ਹੈ।" (ਪੰਨਾ 188)

ਇਸ ਟਿੱਪਣੀ ਨੂੰ ਛਾਪ ਕੇ ਭਿਖਾਰੀ ਜੀ ਨੇ ਵੀ ਆਪਣੀ ਦਲੇਰੀ ਤੇ ਨਿਰਪੱਖਤਾ ਦਾ ਸਬੂਤ ਦਿੱਤਾ ਹੈ।

ਭਿਖਾਰੀ ਜੀ ਬਾਰੇ 'ਦੁਖੀ ਜੀ' ਭਾਈ ਕਾਹਨ ਸਿੰਘ ਨਾਭਾ, ਦੀਵਾਨ ਸਿੰਘ ਕਾਲੇਪਾਣੀ, ਪ੍ਰੋ. ਬ੍ਰਿਜ ਲਾਲ ਸ਼ਾਸ਼ਤਰੀ, ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਰਾਜਾ ਸਰ ਦਲਜੀਤ ਸਿੰਘ ਆਦਿ ਬਹੁਤ ਸਾਰੇ ਪ੍ਰਮੁੱਖ ਸਜਣਾਂ ਨੇ ਉਦੋਂ ਆਪਣੇ ਵਿਚਾਰ ਪ੍ਰਗਟਾਏ ਸਨ। ਇਸ ਤੋਂ ਇਹ ਤੱਥ ਪ੍ਰਮਾਣਤ ਹੁੰਦਾ ਹੈ ਕਿ ਇਹ ਰਚਨਾ ਉਸ ਸਮੇਂ ਚਰਚਾ ਦਾ ਪਾਤਰ ਰਹੀ ਹੋਵੇਗੀ।

ਪੰਜਾਬੀ ਭਾਸ਼ਾ ਦੇ ਸਰਲ ਤੇ ਠੇਠ ਰੰਗ ਵਿਚ ਰੰਗੀ ਇਸ ਕਵਿਤਾ ਵਿਚ ਭਿਖਾਰੀ ਜੀ ਨੇ ਕੇਵਲ ਗੁਰਮਤ ਪਿਆਰ ਦੇ ਹੀ ਸੋਹਲੇ ਨਹੀਂ ਗਾਏ, ਸਗੋਂ ਵਿਵਿਧ-ਰੰਗੀ ਸਮੱਸਿਆਵਾਂ ਉਤੇ ਵੀ ਕਵਿਤਾਵਾਂ ਲਿਖੀਆਂ ਹਨ। ਇਕ ਕਵਿਤਾ ਹੈ "ਇਕ ਕਿਰਤੀ ਦੇ ਦਿਲੀ ਵਲਵਲੇ" ਉਸ ਤੋਂ ਉਨ੍ਹਾਂ ਦੇ ਮਨ ਵਿਚ ਕਾਮਿਆਂ ਦੇ ਦੁਖ ਦਾ ਅਨੁਭਵ ਹੁੰਦਾ ਹੈ। ਉਸ ਅੰਦਰ ਮਘਦੀ ਅੱਗ ਦਾ ਵੀ ਪਤਾ ਦਿੱਤਾ ਹੈ:

"ਮੇਰੇ ਦੁੱਖਾਂ ਦੀ ਵਿਆਖਿਆ ਸੁਣ ਕੇ ਪੱਥਰ ਥਰਥਰਾਵਣਗੇ
ਧਰਤ ਅਕਾਸ਼ ਦੇ ਚਿਹਰੇ ਦੀ ਫੱਟ ਦੋ ਟੂਕ ਹੋ ਜਾਵਣਗੇ।

ਗਗਨ-ਮੰਡਲ ਹਿਲਾਂਦੀ ਆਹ, ਧੁਰ ਦਰਗਾਹ ਪਹੁੰਚੀ
ਮੇਰੇ ਇਹ ਕੀਰਨੇ ਦੁਨੀਆਂ 'ਤੇ, ਨਯਾਰਾ ਰੰਗ ਲਯਾਵਣਗੇ।

ਮੈਂ ਆਪਣੀ ਮੁਸ਼ਕਲਾਂ ਦਾ ਆਪ ਹੀ ਦਾਰੂ ਬਣਾਵਾਂਗਾ
ਗੁਰ ਕੀਤੀ ਤਾਂ ਛੁਟਕਾਰਾ ਤੁਰੰਤ ਦੁੱਖਾਂ ਤੋਂ ਪਾਵਾਂਗਾ।

ਮੇਰੇ ਕਰਤਬ ਨੂੰ ਦੇਖੇਗਾ, ਜਗਤ ਦਾ ਤਖ਼ਤਾ ਹਿੱਲੇਗਾ

ਮੈਂ ਜੱਗ ਤੋਂ ਨਿਰਧਨ ਧਨਵਾਨ ਦਾ ਨਾਂ ਹੀ ਮਿਟਾਵਾਂਗਾ। (ਪੰਨਾ 171)

ਉਨ੍ਹਾਂ ਦੇ ਪ੍ਰਸਿੱਧ ਪੱਤਰ "ਕਵੀ" ਦੀਆਂ ਕੁਝ ਫਾਈਲਾਂ ਮੈਂ ਵੇਖੀਆਂ ਘੋਖੀਆਂ ਹਨ। ਇਸ ਮਹਾਨ ਦੇਣ ਬਾਰੇ ਖੋਜ-ਜਗਿਆਸੂਆਂ ਨੂੰ ਖੋਜ-ਕਾਰਜ ਕਰਕੇ ਪੀ.ਐੱਚ-ਡੀ. ਡਿਗਰੀ ਮਿਲ ਸਕਦੀ ਹੈ। ਮੈਂ ਕੇਵਲ ਭਿਖਾਰੀ ਜੀ ਦੀਆਂ ਰਚਨਾਵਾਂ ਟੋਲਦਾ ਰਿਹਾ ਹਾਂ। ਪੰਜਵੀਂ ਜਿਲਦ ਦੇ ਹਾੜ ੧੯੮੬ ਬਿਕ੍ਰਮੀ ਦੇ ਅੰਕ ਦੂਜਾ ਵਿਚ ਉਨ੍ਹਾਂ ਦੀ ਇਕ ਵਲਵਲੇ-ਭਰਪੂਰ ਕਵਿਤਾ ਪੜ੍ਹ ਕੇ ਮਹਿਸੂਸ ਹੋਇਆ ਕਿ ਬਕਾਇਦਾ ਸਮਾਜਵਾਦੀ ਪਾਰਟੀਆਂ ਤੋਂ ਪਹਿਲਾਂ ਹੀ ਇਹ ਜੋਸ਼ "ਭਿਖਾਰੀ" ਜੀ ਤੇ "ਦੁਖੀ" ਜੀ ਦੀਆਂ ਕਵਿਤਾਵਾਂ ਵਿਚ ਵਿਦਮਾਨ ਸੀ। ਇਕ ਕਿਰਤੀ ਦੇ ਦਿਲੀ ਵਲਵਲੇ ਵਿਚ ਉਹ ਲਿਖਦੇ ਹਨ :

"ਵਿਧਾਤਾ! ਕਹੁ ਭਲਾ ਇਸ ਵਿਚ ਤਿਰੀ ਕੀ ਏ ਨਿਆਂ ਕਾਰੀ?
ਕਰੇ ਮਿਹਨਤ ਕੋਈ ਉਸ ਤੋਂ ਉਡਾਵੇ ਐਸ਼ ਕੋਈ ਭਾਰੀ।
ਮਰੇ ਮਿਹਨਤ ਕਰੇ ਇਕ ਪਰ ਨਾ ਰੋਟੀ ਰੱਜਵੀਂ ਮਿਲਦੀ,
ਦੂਏ ਵਿਹਲੜ ਲਈ ਕੀਤਾ ਸਦਾਵ੍ਰਤ ਖੂਬ ਤੈਂ ਜਾਰੀ।"

"ਮੈਂ ਆਪਣੀਆਂ ਮੁਸ਼ਕਲਾਂ ਦਾ ਆਪ ਹੀ ਦਾਰੂ ਬਣਾਵਾਂਗਾ।
ਗੁਰੂ ਕੀਤੀ ਤਾਂ ਛੁਟਕਾਰਾ ਤੁਰਤ ਦੁਖਾਂ ਤੋਂ ਪਾਵਾਂਗਾ।
ਮਿਰੇ ਕਰਤਬ ਨੂੰ ਵੇਖੋਗੇ, ਜਗਤ ਦਾ ਤਖ਼ਤ ਹਿੱਲੇਗਾ,
ਮੈਂ ਜਗਤ ਤੋਂ ਨਿਰਧਨੀ, ਧਨਵਾਨ ਦਾ ਨਾਮ ਹੀ ਮਿਟਾਵਾਂਗਾ।"

'ਨਿਰਧਨੀ ਤੇ ਧਨਵਾਨ' ਦਾ ਨਾਮ ਹੀ ਮਿਟਾ ਦੇਣ ਦਾ ਸੰਕਲਪ ਅਸਾਂ ਅਜੇ ਤਕ ਨਹੀਂ ਅਪਨਾਇਆ, ਨਾਅਰੇ ਬਹੁਤ ਲਾਂਦੇ ਹਾਂ।

ਉਪਰੋਕਤ ਪੰਗਤੀਆਂ ਤੋਂ ਪੰਜਾਬੀ ਲੇਖਕਾਂ ਦੀ ਚਿਰ ਪਹਿਲਾਂ ਦੀ ਸਮਾਜਵਾਦੀ ਦ੍ਰਿਸ਼ਟੀ ਦਾ ਪਤਾ ਲਗਦਾ ਹੈ। ਹੋਰ ਬਹੁਤ ਰੰਗ ਹਨ, ਜਿਨ੍ਹਾਂ ਦਾ ਵਿਸਤਾਰ ਵੱਖਰੇ ਲੇਖ ਵਿਚ ਕੀਤਾ ਜਾਵੇਗਾ। 1930 ਦੀ ਇਸ ਰਚਨਾ ਨੂੰ ਵੇਖ ਕੇ ਅਨੁਭਵ ਹੁੰਦਾ ਹੈ ਕਿ ਜੇ ਆਪ ਨਿਰੰਤਰ ਲਿਖਦੇ ਰਹਿੰਦੇ ਤਾਂ ਪ੍ਰੋ: ਮੋਹਨ ਸਿੰਘ ਦੇ ਹਾਣੀ ਜ਼ਰੂਰ ਬਣ ਸਕਦੇ ਸਨ।

ਕਵੀ ਦੀ ਸੁਚੱਜੀ ਸੰਪਾਦਨਾ ਵਿਚ "ਦੁਖੀ" ਜੀ ਨਾਲ ਰਲ ਕੇ ਜੋ ਘਾਲਨਾ ਆਪ ਨੇ ਘਾਲੀ ਹੈ, ਉਹ ਅੱਜ ਦੇ ਸੰਪਾਦਕਾਂ ਲਈ ਨੀਂਹ ਦਾ ਕੰਮ ਦੇ ਰਹੀ ਹੈ। "ਕਵੀ" ਨੂੰ ਜਿਸ ਰੀਝ ਨਾਲ ਪ੍ਰਕਾਸ਼ਿਤ ਕੀਤਾ ਜਾਂਦਾ ਸੀ, ਉਸ ਲਗਨ ਦੀ ਅਜੋਕੇ ਲੋਕਾਂ ਨੂੰ ਵੀ ਬੜੀ ਲੋੜ ਹੈ। 1927 ਤੋਂ 1930 ਤਕ ਲਗਭਗ 4 ਸਾਲ ਇਸ ਪਰਚੇ ਨੇ ਪੰਜਾਬੀ ਸਾਹਿਤ ਮੰਚ ਨੂੰ ਮੱਲੀ ਰਖਿਆ ਅਤੇ ਉਸ ਸਮੇਂ ਪੰਜਾਬੀ ਪੱਤਰਕਾਰੀ ਦਾ ਨਮੂਨਾ ਪੇਸ਼ ਕੀਤਾ, ਜਦੋਂ ਕਿ ਕੋਈ ਵੀ ਚੱਜ ਦਾ ਮਾਸਿਕ ਪੱਤਰ ਪ੍ਰਕਾਸ਼ਿਤ ਨਹੀਂ ਸੀ ਹੁੰਦਾ। ਬਾਅਦ ਵਿਚ ਮਾਸਿਕ-ਪੱਤਰਕਾਰੀ ਨੇ ਇਕ ਚੰਗੀ ਲੰਮੀ ਯਾਤਰਾ ਕੀਤੀ ਤੇ ਸਮੇਂ ਦੇ ਹਾਣ ਦਾ ਬਣੀ ਰਹੀ ਹੈ। ਪਰ ਉਦੋਂ ਪੰਜਾਬੋਂ ਬਾਹਰ ਰਹਿ ਕੇ ਵਧੀਆ ਕਾਗਜ਼ ਤੇ ਰੰਗੀਨ ਟਾਈਟਲ ਨਾਲ ਪਰਚਾ ਪ੍ਰਕਾਸ਼ਿਤ ਕਰਨਾ, ਇਕ ਵੱਡੀ ਪੁਲਾਂਘ ਸੀ ਜੋ ਕਵੀ ਕੁਟੀਆ ਦੇ ਛੇ-ਸਤ ਸਾਹਿਤ ਸੂਰਮਿਆਂ ਨੇ ਪੁੱਟੀ। ਸਾਰੇ ਪੰਜਾਬ ਦੇ ਲੇਖਕਾਂ ਨੇ ਇਸ ਪਰਚੇ ਨੂੰ ਕਲਮੀ-ਸਹਿਯੋਗ ਦਿੱਤਾ। ਉਸ ਸਮੇਂ ਕੇਵਲ ਇਕੋ ਪੰਗਤੀ ਉਤੇ ਬੜੀ ਬਹਿਸ ਹੋਈ। ਪ੍ਰੋ. ਮੋਹਨ ਸਿੰਘ ਸਿੰਘ ਨੇ ਲਿਖਿਆ ਸੀ "ਕਿਤੇ ਦੰਦੋ-ਦੰਦ

ਕਟੋਰੇ ਨੇ"। 'ਦੰਦੋ-ਦੰਦ' ਦੀ ਥਾਂ 'ਨੱਕੋ-ਨੱਕ' ਹੋਵੇ, ਕੇਵਲ ਇਸ ਕੇਂਦਰੀ ਮੁਹਾਵਰੇ ਖਾਤਰ ਕਾਫ਼ੀ ਚਿਰ ਵਿਵਾਦ ਛਿੜਿਆ ਰਿਹਾ। ਸਮੱਸਿਆ ਪੂਰਤੀ ਉਤੇ ਕਵਿਤਾਵਾਂ ਰਚੀਆਂ ਜਾਂਦੀਆ ਸਨ। ਇਹ ਚਾਰੇ ਫ਼ਾਈਲਾਂ ਨਵੇਂ-ਖੋਜੀਆਂ ਲਈ ਬਹੁਤ ਸਾਰੀ ਸਮੱਗਰੀ ਸਮੋਈ ਬੈਠੀਆਂ ਹਨ। ਧਰਮ-ਨਿਰਪੇਖ ਪੰਜਾਬੀਅਤ ਦਾ ਪਰਚਮ ਉਨ੍ਹਾਂ ਨੇ ਕਲਕੱਤੇ ਵਿਚੋਂ ਲਹਿਰਾਇਆ। ਅੱਜ ਅਸੀਂ ਜਿਸ ਪੰਜਾਬੀਅਤ ਦੇ ਸੰਕਲਪ ਨੂੰ ਸਮਝਣ ਲਈ ਤਤਪਰ ਹਾਂ, ਉਹ ਉਨ੍ਹਾਂ ਮਹਾਂਨੁਭਵੀਆਂ ਤੋਂ ਸਿੱਖੀ ਜਾ ਸਕਦੀ ਹੈ। ਗੁਰਸਿੱਖੀ ਦੇ ਪਿਆਰ ਨਾਲ ਲਬਰੇਜ਼ ਇਹ ਸੰਪਾਦਕ ਰਾਸ਼ਟਰੀਅਤਾ ਅਤੇ ਪੰਜਾਬੀਅਤ ਦੇ ਅਲੰਬਰਦਾਰ ਸਨ। ਇਸ ਪਰਚੇ ਨੇ ਉਹਨਾਂ ਕਲਮਾਂ ਨੂੰ ਜਗ੍ਹਾ ਦਿਤੀ ਜੋ ਅੱਜ ਪੰਜਾਬੀ ਸਾਹਿਤ ਦਾ ਮਾਣ ਬਣ ਚੁੱਕੀਆਂ ਹਨ। ਚੌਥੇ ਸਾਲ ਦੀ ਫਾਇਲ ਮੇਰੇ ਸਾਹਮਣੇ ਪਈ ਹੈ, ਜਿਸ ਵਿਚ ਲਗਭਗ 30 ਲੇਖਕਾਂ ਤੇ ਸਹਿਯੋਗੀਆਂ ਦੀਆਂ ਦੁਰਲਭ ਤਸਵੀਰਾਂ ਹਨ, ਜੋ ਜਾਂ ਤੇ ਸਵਰਗਵਾਸ ਹੋ ਚੁੱਕੇ ਹਨ ਜਾਂ ਬੁਢੇਪੇ ਵਿਚ ਵੀ ਪੰਜਾਬੀ ਸਾਹਿਤ ਦੇ ਸਾਹਵਾਂ ਨਾਲ ਸਾਹ ਲੈ ਰਹੇ ਹਨ। 'ਕਵੀ' ਨੇ ਮਾਸਿਕ ਪੱਤਰਕਾਰੀ ਦੀਆਂ ਪੈੜਾਂ ਪਾਈਆਂ ਜੋ ਬਾਅਦ ਵਿਚ 'ਫੁਲਵਾੜੀ' ਤੇ 'ਪ੍ਰੀਤਲੜੀ' ਦੁਆਰਾ ਵਿਕਸਿਤ ਹੋਈਆਂ। ਭਿਖਾਰੀ ਜੀ ਨੇ ਇਹ ਚਾਰ ਸਾਲ 'ਕਵੀ' ਨੂੰ ਤਨ ਮਨ ਧਨ ਨਾਲ ਅਰਪਿਤ ਕੀਤੇ।

ਉਸ ਦਿਨ ਉਹਨਾਂ ਨੇ ਸਾਨੂੰ ਆਪਣੀਆਂ ਹੋਰ ਕਈ ਛਪੀਆਂ ਅਣਛਪੀਆਂ ਰਚਨਾਵਾਂ ਵਿਖਾਈਆਂ। ਛਪੀਆਂ ਵਿਚੋਂ ਸ੍ਰੀ ਬੰਕਮ ਚੰਦਰ ਚਟੋਪਾਧਿਆਇ ਦਾ ਪ੍ਰਸਿੱਧ ਨਾਵਲ 'ਦੇਵੀ ਚੌਧਰਾਣੀ' ਹੈ, ਦੋ ਹਿੱਸਿਆਂ ਵਿਚ ਛਪਿਆ ਗਿਆ, ਬੜਾ ਸੁੰਦਰ ਪੰਜਾਬੀ ਰੂਪਾਂਤਰ ਹੈ। ਇਕ ਹੋਰ ਲੰਬੀ ਕਹਾਣੀ ਹੈ "ਸ਼ਾਦੀ ਕਿ ਬਰਬਾਦੀ" ਜੋ ਉਸ ਸਮੇਂ (1935) ਵਿਚ ਪ੍ਰਕਾਸ਼ਿਤ ਹੁੰਦੇ "ਵਿਹਾਰ ਸੁਧਾਰ" ਵਿਚ ਛਪੀ। ਇਸ ਵਿਚ ਵਿਆਹ ਸਮੇਂ ਗਹਿਣਿਆਂ ਦੇ ਵਿਖਾਵੇ ਵਿਚੋਂ ਪੈਦਾ ਹੋਈ ਬਰਬਾਦੀ ਨੂੰ ਬਹੁਤ ਮਾਰਮਕ ਤੇ ਸੁਭਾਵਕ ਢੰਗ ਨਾਲ ਪੇਸ਼ ਕੀਤਾ ਹੈ। ਇਹ ਲੜੀਵਾਰ ਕਈ ਅੰਕਾਂ ਵਿਚ ਛਪੀ, ਜੋ ਭਿਖਾਰੀ ਜੀ ਨੇ ਪੁਸਤਕ ਵਾਂਗ ਸੰਕਲਿਤ ਕਰਕੇ ਸਾਂਭੀ ਹੋਈ ਹੈ। ਭਿਖਾਰੀ ਜੀ ਨੇ ਮੁਨਸ਼ੀ ਪ੍ਰੇਮ ਚੰਦੂ ਦੀ ਕਹਾਣੀ "ਪੰਚ-ਪਰਮੇਸ਼ਰ" ਨੂੰ ਆਧਾਰ ਬਣਾ ਕੇ ਉਸ ਪੰਜਾਬੀ ਪਿੰਡ ਤੇ ਪਾਤਰਾਂ ਅਨੁਸਾਰ ਆਪਣੀ ਜ਼ਬਾਨ ਵਿਚ ਢਾਲਿਆ।

ਅਣਛਪੀਆਂ ਰਚਨਾਵਾਂ ਵਿਚ ਸ੍ਰੀ ਦਿਵਜੇਂਦਰ ਲਾਲ ਰਾਇ ਦਾ ਨਾਟਕ : "ਦੁਰਗਾ ਦਾਸ" ਹੈ। ਔਰੰਗਜੇਬ ਦੇ ਸਮੇਂ ਦੀ ਇਕ ਕਹਾਣੀ ਹੈ। ਇਸੇ ਤਰ੍ਹਾਂ ਪ੍ਰਮੋਥੋ ਨਾਥ ਚਟੋਪਾਧਿਆਇ ਦਾ ਇਕ ਨਾਵਲ ਹੈ "ਰਾਜਪੂਤਣੀ"। ਇਹ ਵੀ ਇਕ ਯੋਧੇ 'ਜਗਤ ਸੇਠ' ਦੀ ਕਹਾਣੀ ਹੈ। ਜਿਸ ਦੀ ਨੂੰਹ ਨੂੰ ਨਵਾਬ ਚੁੱਕ ਲਿਜਾਂਦਾ ਹੈ। ਬੰਗਲਾ ਵਿਚ ਇਸ ਦਾ ਨਾਮ ਰਾਜਪੂਤ ਬਾਲਾ ਹੈ।

ਇਹ ਦੋਵੇਂ ਰਚਨਾਵਾਂ ਭਾਸ਼ਾ ਵਿਭਾਗ ਵਾਲਿਆਂ ਨੂੰ ਪ੍ਰਕਾਸ਼ਿਤ ਕਰਨੀਆਂ ਚਾਹੀਦੀਆਂ ਹਨ। ਇਕ ਹੋਰ ਕਹਾਣੀ ਸੰਗ੍ਰਹਿ ਹੈ—ਜਿਸ ਵਿਚ ਗਿਆਰਾਂ ਕਹਾਣੀਆਂ ਹਨ। ਜ਼ਿੰਦਗੀ ਦੀ ਉਸਾਰੀ ਨਾਲ ਸੰਬੰਧਿਤ ਵਿਸ਼ਿਆਂ ਦੀ ਕਹਾਣੀਆਂ ਵੀ ਕਿਸੇ ਸੰਸਥਾ ਦੁਆਰਾ ਛਪਣੀਆਂ ਚਾਹੀਦੀਆਂ ਹਨ।

ਵਾਰਤਕ ਉਤੇ ਵੀ ਉਨ੍ਹਾਂ ਨੂੰ ਚੰਗਾ ਅਬੂਰ ਹਾਸਲ ਸੀ। ਇਸ ਪ੍ਰਸੰਗ ਵਿਚ ਉਨ੍ਹਾਂ ਦਾ ਇਕ ਬ੍ਰਿਤਾਂਤਕ ਨਿਬੰਧ "ਕਾਵਯ ਦੀ ਕਦਰ" ਅਧਿਐਨ ਯੋਗ ਹੈ। ਇਹ ਲੇਖ ਉਨ੍ਹਾਂ ਨੇ 1930 ਤੋਂ ਪਹਿਲਾਂ ਲਿਖਿਆ ਹੈ, ਪਰ ਉਸ ਵਿਚਲੀ ਸਮੱਗਰੀ ਬਿਲਕੁਲ ਅਜੋਕੇ ਪੰਜਾਬੀ ਲੇਖਕਾਂ ਦੀ ਦਸ਼ਾ ਨੂੰ ਪੇਸ਼ ਕਰਦੀ ਹੈ। ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਅੱਜ ਵੀ ਰੁਲ ਰਹੀਆਂ ਹਨ ਜਿਵੇਂ ਕਿ

ਆਪਣੇ ਲੇਖ ਵਿਚ ਭਿਖਾਰੀ ਜੀ ਨੇ ਪ੍ਰਗਟ ਕੀਤਾ ਹੈ। ਅੱਵਲ ਤੇ ਕੋਈ ਪ੍ਰਕਾਸ਼ਕ ਛਾਪਣ ਨੂੰ ਤਿਆਰ ਹੀ ਨਹੀਂ, ਪਰ ਜੇ ਪ੍ਰਕਾਸ਼ਕ ਨੂੰ ਖੁੱਲ੍ਹੇ ਗੱਫੇ ਨਾਲ ਸਹਿਯੋਗ ਦਿੱਤਾ ਜਾਵੇ ਤਾਂ ਰੀਝ ਨਾਲ ਛਾਪਦਾ ਹੈ। ਛਪ ਜਾਏ ਤਾਂ ਪੜ੍ਹਨ ਵਾਲਾ ਪਾਠਕ, ਤੂੜੀ ਦੇ ਕੋਠਿਆਂ ਵਿਚ ਕਣਕ ਦੇ ਦਾਣਿਆਂ ਵਾਂਗ ਹੀ ਲਭਦਾ ਹੈ। ਭਿਖਾਰੀ ਜੀ ਨੇ ਆਪਣੇ ਨਿਬੰਧ ਵਿਚ ਲੇਖਕ ਦੇ ਲਿਖੇ ਨਾਟਕ ਨੂੰ, ਰੰਗ-ਮੰਚ ਤੇ ਪੇਸ਼ਕਾਰੀ ਉਪਰੰਤ ਇਕ ਭਾਵੀ ਸੁਖਾਂਤ ਵਿਚ ਬਦਲ ਦਿੱਤਾ ਹੈ, ਪਰ ਉਹ ਸੁਪਨਾ ਅੱਜ ਵੀ ਸਾਕਰ ਨਹੀਂ ਹੋਇਆ। ਮਾਂ ਬੋਲੀ ਪ੍ਰਤਿ ਉਦਾਸੀਨਤਾ ਤੇ ਉਪਰਾਮਤਾ ਵਿਚ ਕੋਈ ਫਰਕ ਨਹੀਂ ਪਿਆ , ਭਿਖਾਰੀ ਜੀ ਅੱਜ ਜੀਵਤ ਹੁੰਦੇ ਤਾਂ ਅਜੋਕੀ ਹਾਲਤ ਵੇਖ ਕੇ ਮਾਨਸਿਕ ਤੌਰ ਤੇ ਬੀਮਾਰ ਹੋ ਜਾਂਦੇ।

ਭਿਖਾਰੀ ਜੀ ਨੇ ਕਾਵਯ-ਸਿਧਾਂਤ ਸੰਬੰਧੀ ਲੇਖ ਵੀ ਲਿਖੇ, ਸਾਹਿਤ-ਸੰਵਾਦਾਂ ਵਿਚ ਭਰਪੂਰ ਹਿੱਸਾ ਲਿਆ। ਵੱਡੇ ਵੱਡੇ ਕਵੀ-ਦਰਬਾਰ ਆਯੋਜਿਤ ਕੀਤੇ। ਇਸ ਦੇ ਨਾਲ ਹੀ ਦੇਸ਼ ਭਗਤਾਂ ਲਈ ਇਕ ਅਜਿਹੀ ਠਾਹਰ ਬਣਾ ਦਿਤੀ ਸੀ ਕਿ ਬੰਗਾਲੀ, ਪੰਜਾਬੀ ਤੇ ਹਰ ਦੇਸ਼ ਭਗਤ ਨੂੰ "ਕਵੀ ਕੁਟੀਆ" ਵਿਚ ਆਸਰਾ ਮਿਲ ਜਾਂਦਾ ਸੀ। ਪ੍ਰਸਿੱਧ ਦੇਸ਼ ਭਗਤ ਤੇ ਗੰਭੀਰ ਬੌਧੀ ਲੇਖਕ ਗੁਰਾਂਦਿੱਤਾ ਖੰਨਾ ਦਸਿਆ ਕਰਦੇ ਸਨ ਕਿ ਕਵੀ ਕੁਟੀਆ ਸਾਹਿਤ ਸੇਵਾ ਦੇ ਉਹਲੇ ਵਿਚ ਦੇਸ਼ ਭਗਤਾਂ ਦਾ ਹੀ ਪਰਚਮ ਲਹਿਰਾ ਰਿਹਾ ਸੀ। ਇਸ ਵਿਸ਼ੇ ਤੇ ਵੱਖਰੀ ਚਰਚਾ ਵਿਚ ਲੰਬਾ ਸੰਵਾਦ ਕੀਤਾ ਜਾ ਸਕਦਾ ਹੈ।

ਭਿਖਾਰੀ ਜੀ ਨੇ ਆਪਣੇ ਜੀਵਨ ਨੂੰ ਦੇਸ਼ ਤੇ ਸਾਹਿਤ ਪ੍ਰਤਿ ਸਮਰਪਿਤ ਕਰਕੇ ਇਕ ਮਿਸਾਲ ਕਾਇਮ ਕੀਤੀ ਹੈ। ਜਿਸ ਤੋਂ ਅਨੇਕਾਂ ਲੋਕ ਮਾਰਗ-ਦਰਸ਼ਨ ਲੈ ਸਕਦੇ ਹਨ।

◆

# ਭਿਖਾਰੀ ਬਾਰੇ ਸੋਚਣ ਦੀ ਲੋੜ

◆

-ਸੰਤੋਖ ਸਿੰਘ 'ਸ਼ਹਰਯਾਰ'

ਇਤਿਹਾਸ ਦਾ ਪੁਨਰ ਲੇਖਨ ਹੁੰਦਾ ਰਹਿੰਦਾ ਹੈ, ਤੇ ਜਿਸ ਜਿਸ ਸੰਕਲਪ, ਸੋਚਣੀ, ਕੀਮਤ-ਮੀਮਾਂਸਾ ਨਾਲ ਇਤਿਹਾਸ ਜੁੜ ਜਾਏਗਾ, ਉਸਦਾ ਵੀ ਪੁਨਰ-ਲੇਖਨ ਹੁੰਦਾ ਰਹੇਗਾ। ਇਹ ਉਸ ਇਤਿਹਾਸ ਲਈ ਜ਼ਰੂਰੀ ਵੀ ਹੋਵੇਗਾ ਅਤੇ ਬਿਹਤਰ ਵੀ। ਇਸ ਸ਼ਬਦ ਨਾਲ ਸਾਹਿਤ ਜੋੜ ਦਈਏ, ਬਣ ਜਾਏਗਾ ਸਾਹਿਤ-ਇਤਿਹਾਸ। ਇਸ ਦਾ ਪੁਨਰ ਲੇਖਕ ਤਾਂ ਹਾਲੀਂ ਮੰਥਨ ਦੀਆਂ ਬਹੁਤੀਆਂ ਪਰਤਾਂ ਫਰੋਲ ਵੀ ਨਹੀਂ ਸਕਿਆ। ਪਿਛੇ ਜਿਹੇ ਇਕ ਸ਼ਾਇਰਾ ਦਾ ਜ਼ਿਕਰ ਆਇਆ ਤੇ ਫੇਰ ਉਸਦੀ ਸ਼ਾਇਰੀ ਮਿਲ ਗਈ। ਇਉਂ ਔਰਤ ਨੂੰ ਪੰਜਾਬੀ ਸਾਹਿਤ ਵਿਚ ਆਉਣ ਦੀਆਂ ਸਾਰੀਆਂ ਸੋਚਣੀਆਂ ਦੀਆਂ ਬਾਜ਼ੀਆਂ ਪੈ ਗਈਆਂ। ਸਾਡੀ ਧਾਰਨਾ ਰਹੀ ਕਿ ਵੀਹਵੀਂ ਸਦੀ ਵਿਚ ਮੱਧਵਰਗੀ ਪੜ੍ਹੇ ਲਿਖੇ ਘਰਾਣਿਆਂ ਦੀਆਂ ਨੂੰਹਾਂ, ਧੀਆਂ ਨੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ। ਪਰ ਜਨਵਰੀ 1987 ਦੇ 'ਸ਼ਿਲਾਲੇਖ' ਵਿਚ ਛਪੇ ਇਕ ਲੇਖ ਵਿਚ ਪਤਾ ਮਿਲਿਆ ਕਿ ਇਹ ਧਾਰਨਾ ਬਿਲਕੁਲ ਬੇਬੁਨਿਆਦ ਹੈ। ਪੰਜਾਬੀ ਸ਼ਾਇਰੀ ਵਿਚ ਪ੍ਰਵੇਸ਼ ਕਰਨ ਵਾਲੀ, ਪੀਰੋ, ਵੀਹਵੀਂ ਸਦੀ ਤੋਂ ਇਕ ਸਦੀ ਪਹਿਲੋਂ, 19 ਵੀਂ ਸਦੀ ਦੀ, ਲਾਹੌਰ ਦੀ ਇਕ ਸ਼ੂਦਰ ਔਰਤ ਸੀ, ਜਿਸ ਨੂੰ ਵੇਸ਼ਿਆ ਵੀ ਬਣਨਾ ਪਿਆ ਸੀ ਤੇ ਫੇਰ ਇੱਕ ਵੱਡੇ ਵਿਦਵਾਨ ਸ਼ਾਇਰ ਸਾਧੂ ਦੀ ਚੇਲੀ ਵੀ। ਧਾਰਨਾ ਉਥੱਲੀ ਗਈ। ਇਉਂ ਬਹੁਤ ਧਾਰਨਾਵਾਂ ਬਹੁਤ ਵਾਰ ਪੁਨਰ-ਲੇਖਨ ਦੀਆਂ ਜ਼ਰੂਰਤਾਂ ਬਣ ਜਾਂਦੀਆਂ ਹਨ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹਨ ਭਾਈ ਵੀਰ ਸਿੰਘ। ਭਾਈ ਵੀਰ ਸਿੰਘ ਬਾਰੇ ਬਹੁਤੇ ਕਿੰਤੂ ਪ੍ਰੰਤੂ ਨਾ ਵੀ ਕੀਤੇ ਜਾਣ, ਕੁਝ ਕਥਨ ਹਾਲੀਂ ਅਣ-ਲਿਖੇ ਅਣ-ਕਹੇ ਪਏ ਹਨ।

ਭਾਈ ਵੀਰ ਸਿੰਘ ਪੰਜਾਬੀ ਸਾਹਿਤ ਦਾ ਸਭ ਕੁਝ ਨਹੀਂ ਸਨ।

ਭਾਈ ਵੀਰ ਸਿੰਘ ਪੰਜਾਬੀ ਸਾਹਿਤ ਦੇ ਕੁਝ ਮਹਾਂਰਥੀਆਂ ਤੋਂ ਕਿਨਾਰਾਕਸ਼ੀ ਵੀ ਕਰਦੇ ਸਨ।

ਭਾਈ ਵੀਰ ਸਿੰਘ ਦੇ ਪ੍ਰਛਾਵੇਂ ਵਿਚ ਆਏ ਕੁਝ ਸਾਹਿਤਕਾਰ ਇਉਂ ਗੁਆਚ ਗਏ ਕਿ ਦੁਬਾਰਾ ਲੱਭਣਾ, ਇਕ ਹੋਰ ਕਿਸਮ ਦੀ ਸਮੱਸਿਆ ਨੂੰ ਜਨਮ ਦੇਂਦਾ ਹੈ।

ਇਸ ਤਰ੍ਹਾਂ ਗੁਆਚੇ ਇਕ ਸ਼ਾਇਰ, ਸੌਦਾਗਰ ਸਿੰਘ ਭਿਖਾਰੀ ਦਾ ਜ਼ਿਕਰ ਕਰਨਾ ਸਾਡੀ ਆਪਣੀ ਲੋੜ ਹੈ। ਕਲਕੱਤਿਉਂ ਉਠੀਆਂ 1930 ਦੀਆਂ ਇਨ੍ਹਾਂ ਪ੍ਰੇਮ ਲਹਿਰਾਂ ਦਾ ਸ਼ਾਇਰ ਸੀ ਸੌਦਾਗਰ ਸਿੰਘ ਭਿਖਾਰੀ। ਇਹ ਪੁਸਤਕ ਕਲਕੱਤਿਉਂ ਛਪੀ ਤੇ 'ਕਵੀ ਕੁਟੀਆ' ਕਲਕੱਤਿਉਂ ਪ੍ਰਕਾਸ਼ਿਤ ਹੋਈ। 1930 ਤੋਂ ਪਹਿਲਾਂ ਪੰਜਾਬ ਵਿਚੋਂ ਕਈ ਰਾਸ਼ਟਰੀ ਲਹਿਰਾਂ ਉਠੀਆਂ ਤੇ ਸਮੁੱਚੇ ਰਾਸ਼ਟਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀਆਂ ਰਹੀਆਂ। ਗ਼ਦਰ ਲਹਿਰ, ਜਲ੍ਹਿਆਂ ਵਾਲਾ ਬਾਗ਼, ਗੁਰਦੁਆਰਾ ਲਹਿਰਾਂ ਤੇ ਬੱਬਰ ਲਹਿਰ। ਕਵੀ ਕੁਟੀਆ, ਕਲਕੱਤਾ ਇਹਨਾਂ ਲਹਿਰਾਂ ਦੇ ਸੱਜੇ ਖੱਬੇ ਸਰੋਕਾਰਾਂ ਨਾਲ ਜੁੜੀ ਸੰਸਥਾ ਸੀ।

ਇਸੇ ਕਰਕੇ ਇਸ ਦਾ ਪੰਜਾਬੀ ਸਾਹਿਤ ਵਿਚ ਜ਼ਿਕਰ-ਯੋਗ ਸਥਾਨ ਬਣਦਾ ਹੈ।

ਪੰਜਾਬੀ ਸਾਹਿਤ ਨੂੰ ਚੈਲੰਜਿਜ਼ ਦੇਣ ਵਾਲੇ ਹਿੰਦੁਸਤਾਨ ਤੋਂ ਬਾਹਰਲੇ ਅਤੇ ਪੰਜਾਬ ਤੋਂ ਬਾਹਰਲੇ ਸਾਹਿਤਕਾਰ ਸਨ। ਪ੍ਰੋ. ਪੂਰਨ ਸਿੰਘ ਤੇ ਹੋਰ ਕਿੰਨੇ ਹੀ ਸਾਹਿਤਕਾਰਾਂ ਨੇ ਇਹ ਮਹਿਸੂਸ ਕੀਤਾ ਕਿ ਬਾਹਰਲੇ ਸਾਹਿਤਕਾਰਾਂ ਨਾਲ ਰਾਬਤਾ ਸਾਡਾ ਵੀ ਹੋਣਾ ਚਾਹੀਦਾ ਹੈ ਤੇ ਕਵੀ ਕੁਟੀਆ ਵਾਲਿਆਂ ਨੇ ਮਹਿਸੂਸ ਕੀਤਾ ਕਿ ਸਾਡਾ ਰਾਬਤਾ ਪੰਜਾਬ ਤੋਂ ਬਾਹਰਲੇ ਲੋਕਾਂ ਨਾਲ ਵੀ ਹੋਵੇ। ਇਉਂ ਅਸੀਂ ਸੋਚਦੇ ਹਾਂ ਕਿ ਰਾਜਨੀਤਕ ਲੈਣ-ਦੇਣ ਹੀ ਪੰਜਾਬੀ ਲਈ ਜ਼ਰੂਰੀ ਨਹੀਂ ਸੀ, ਸਾਹਿਤਕ ਲੈਣ-ਦੇਣ ਵੀ ਅਤਿ ਜ਼ਰੂਰੀ ਸੀ। ਬੰਗਾਲ ਹਿੰਦੁਸਤਾਨ ਦਾ ਸਾਹਿਤਕ ਹਿਮਾਲਿਆ ਮੰਨਿਆ ਜਾਂਦਾ ਸੀ ਤੇ ਪੰਜਾਬ ਰਾਜਨੀਤਕ ਹਿਮਾਲਿਆ। ਇਉਂ ਸਾਹਿਤਕ ਹਿਮਾਲਿਆ ਦੀ ਸ਼ੋਭਾ-ਯਾਤਰਾ ਲੈ ਕੇ ਆਉਂਦੇ ਹਨ ਸੌਦਾਗਰ ਸਿੰਘ ਭਿਖਾਰੀ। ਪੰਜਾਬੀ ਸਾਹਿਤ ਦੇ ਇਤਿਹਾਸ ਲਈ ਇਹ ਇਕ ਜ਼ਰੂਰੀ ਕਾਂਡ, ਪੁਨਰ-ਪਰੀਖਣ ਦੀ ਮੰਗ ਕਰਦਾ ਹੈ।

ਇਹਨਾਂ ਰਾਜਨੀਤਕ-ਲਹਿਰਾਂ ਦਾ ਪ੍ਰਛਾਵਾਂ ਸਾਹਿਤ ਤੇ ਵੀ ਪੈਂਦਾ ਸੀ। ਜਿਵੇਂ ਇਹਨਾਂ ਲਹਿਰਾਂ ਵਿਚੋਂ ਧਰਮ, ਸਾਹਿਤ, ਦੇਸ਼ ਪਿਆਰ ਤੇ ਵੈਰਾਗ ਦਾ ਪ੍ਰਛਾਵਾਂ ਨਜ਼ਰ ਆਉਂਦਾ ਹੈ, ਇਵੇਂ ਹੀ ਪ੍ਰੇਮ ਲਹਿਰਾਂ ਦੀ ਸ਼ਾਇਰੀ ਵੀ ਮਹਿਸੂਸ ਕਰ ਸਕੋਗੇ। ਅਸੀਂ ਇਹ ਵੀ ਜਾਣ ਸਕਾਂਗੇ ਕਿ ਪ੍ਰੇਮ ਲਹਿਰਾਂ ਦੀ ਜਾਣ-ਪਛਾਣ ਅਤੇ ਰਾਵਾਂ ਉਸ ਸਮੇਂ ਇਸ ਕਿਨਾਰੇ ਤਕ ਪਹੁੰਚ ਗਈਆਂ ਸਨ। ਧਨੀ ਰਾਮ ਚਾਤ੍ਰਿਕ ਦੀ ਜਾਣ-ਪਛਾਣ ਚਾਤ੍ਰਿਕ ਦੀ ਸਾਹਿਤ-ਇਤਿਹਾਸਕਾਰੀ ਦਾ ਕੀਮਤੀ ਜੁਜ਼ ਹੈ। ਭਾਈ ਵੀਰ ਸਿੰਘ, ਰਾਜਾ ਸਰ ਦਲਜੀਤ ਸਿੰਘ, ਸਰ ਜੋਗਿੰਦਰ ਸਿੰਘ, ਭਾਈ ਸਾਹਿਬ ਕਾਹਨ ਸਿੰਘ ਜੀ, ਚਰਨ ਸਿੰਘ ਸ਼ਹੀਦ, ਪ੍ਰਿੰਸੀਪਲ ਤੇਜਾ ਸਿੰਘ, ਮੁਨਸ਼ਾ ਸਿੰਘ ਦੁਖੀ, ਡਾਕਟਰ ਦੀਵਾਨ ਸਿੰਘ ਕਾਲੇਪਾਣੀ, ਪ੍ਰੋ. ਬ੍ਰਿਜ ਲਾਲ ਸ਼ਾਸਤਰੀ, ਬਾਵਾ ਬੁਧ ਸਿੰਘ ਤੇ ਮੌਲਾ ਬਖ਼ਸ਼ ਕੁਸ਼ਤਾ। ਇਨ੍ਹਾਂ ਰਾਵਾਂ ਦਾ ਕਥਨ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਲਈ ਕਈ ਗੱਲਾਂ ਤਾ ਕਰ ਹੀ ਜਾਂਦਾ ਹੈ, ਉਸ ਦੇ ਨਾਲ ਨਾਲ ਸੌਦਾਗਰ ਸਿੰਘ ਭਿਖਾਰੀ ਦੇ ਕਲਾਮ ਨੂੰ ਸਲਾਮਾਂ ਉਸ ਸਮੇਂ ਦੇ ਕਈ ਅਕੱਥੇ ਕਥਨ ਵੀ ਛੂਹ ਜਾਂਦਾ ਹੈ। ਇਉਂ ਇਹ ਕਿਤਾਬ ਆਪਦੇ ਸਾਹਿਤਕ ਕਰਤਬ ਦੇ ਨਾਲ ਨਾਲ ਕਈ ਹੋਰ ਕੀਮਤੀ ਤੱਥ ਵੀ ਜੋੜ ਜਾਂਦੀ ਹੈ। ਇਨ੍ਹਾਂ ਸਾਰੀਆਂ ਰਾਵਾਂ ਵਿੱਚ ਸਾਰੇ ਦੇ ਸਾਰੇ ਉਹ ਸਾਹਿਤਕਾਰ ਹਨ ਜਿਨ੍ਹਾਂ ਸਾਰਿਆਂ ਤੋਂ ਝੂਠ ਨਹੀਂ ਬੁਲਵਾਇਆ ਜਾ ਸਕਦਾ। ਜੇ ਇਸ ਕਿਤਾਬ ਵਿਚ ਕੋਈ ਦਮ ਸੀ, ਤਾਂ ਇਸ ਰਾਹੀਂ ਉਸ ਸਮੇਂ ਦੀ ਸ਼ਾਇਰੀ ਦਾ ਪ੍ਰਤਾਵਾਂ ਚਿਹਰਾ ਵੀ ਵੇਖਿਆ ਜਾ ਸਕਦਾ ਹੈ। ਮਸਲਨ ਏਨੇ ਛੰਦਾਂ ਵਿਚ *ਪ੍ਰੇਮ ਲਹਿਰਾਂ* ਲਿਖੀਆਂ ਜਾਣ ਦਾ ਕਾਰਨ ਕਿਧਰੇ ਇਹ ਤਾਂ ਨਹੀਂ ਸੀ ਕਿ ਬੰਗਾਲੀ ਸ਼ਾਇਰੀ ਵਿਚ ਏਨੀਆਂ ਤਰਬਾਂ ਦੇ ਛੰਦ ਮਿਲਦੇ ਹੋਣ ਤੇ ਭਿਖਾਰੀ ਜੀ ਲਈ ਇਹ ਵੀ ਇਕ ਵੱਖਰੀ ਕਿਸਮ ਦਾ ਚੈਲੰਜ ਬਣ ਗਿਆ ਹੋਵੇ ?

ਸਾਡੇ ਲਈ ਇਹ ਵੀ ਇਕ ਮਾਣ ਦਾ ਸਬੱਬ ਹੀ ਸੀ ਕਿ ਸਾਡੇ ਸਭਿਆਚਾਰ ਦੇ ਫੈਲਾਉ ਲਈ ਕੀਤੇ ਕੰਮ ਦੇ ਪ੍ਰੇਮ ਲਹਿਰਾਂ 1930 ਵਿਚ ਦਿੱਤੀਆਂ, ਅੱਜ ਸਾਡੇ ਲਈ ਬਹੁਤ ਵਸੀਲੇ ਹੋਣ ਦੇ ਬਾਵਜੂਦ ਅਸੀਂ ਕੁਝ ਗਰੀਬੜੇ ਜਹੇ ਹੁੰਦੇ ਜਾ ਰਹੇ ਹਾਂ। ਪ੍ਰੇਮ ਲਹਿਰਾਂ ਦਾ ਪੁਨਰ-ਜਨਮ ਸਾਨੂੰ ਕੁਝ ਹੋਰ ਵੀ ਦੇਵੇਗਾ। ਸਾਡਾ ਭਿਖਾਰੀ ਅਸਲ ਵਿਚ ਸਾਡੇ ਸਾਹਿਤ ਦਾ ਸੌਦਾਗਰ ਹੈ, ਜੋ ਬਹੁਤ ਕੁਝ ਖੱਟ ਕੇ ਲਿਆਇਆ ਹੈ। ਉਸਦਾ ਮੁੱਲ ਪਾਉਣਾ ਸਾਡੇ ਆਪਣੇ ਵੱਸ ਹੈ।

◆

# 'ਕਵੀ ਕੁਟੀਆ' ਕਲਕੱਤਾ ਤੇ ਭਿਖਾਰੀ ਜੀ

◆

-ਬਿਕਰਮ ਸਿੰਘ ਘੁੰਮਣ

ਵੀਹਵੀਂ ਸਦੀ ਦੇ ਆਰੰਭ ਤੋਂ ਭਾਰਤ ਵਾਸੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੰਦੋਲਨ ਕਰਨ ਲੱਗੇ। ਸਾਮਰਾਜ ਵਿਰੁੱਧ ਚਲਾਈਆਂ ਗਈਆਂ ਇਨਕਲਾਬੀ ਲਹਿਰਾਂ ਵਿਚ ਪੰਜਾਬ ਸਭ ਤੋਂ ਅੱਗੇ ਰਿਹਾ ਹੈ। ਪੰਜਾਬ ਦੇ ਰਾਜਨੀਤਕ ਖੇਤਰ ਵਿਚ ਨਾਮਧਾਰੀ ਲਹਿਰ ਤੋਂ ਪਿਛੋਂ ਲਗਭਗ ਤੀਹ ਸਾਲ ਕੋਈ ਹੋਰ ਲਹਿਰ ਨਾ ਉਭਰ ਸਕੀ। ਪਰੰਤੂ ਵੀਹਵੀਂ ਸਦੀ ਦੇ ਪਹਿਲੇ ਤੇ ਦੂਜੇ ਦਹਾਕੇ ਵਿਚ ਕਈ ਅਜੇ ਹੀਆਂ ਘਟਨਾਵਾਂ ਘਟੀਆਂ, ਜਿਨ੍ਹਾਂ ਨੇ ਨਵੀਂ ਚੇਤਨਾ ਪੈਦਾ ਕੀਤੀ। ਇਨ੍ਹਾਂ ਵਿਚੋਂ 1905 ਈ. ਦੀ ਬੰਗਾਲ ਦੀ ਵੰਡ, 1905-07 ਦੀ ਲਾਇਲਪੁਰ ਦੀਆਂ ਨਹਿਰੀ ਬਾਰਾਂ ਦੇ ਮਾਲੀਏ ਵਧਾਉਣ ਕਾਰਨ ਚੱਲੀ ਕਿਸਾਨ ਲਹਿਰ, 1913 ਈ. ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਝਗੜਾ, 1919 ਵਿਚ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਆਦਿ ਘਟਨਾਵਾਂ ਰਾਹੀਂ ਪੰਜਾਬ ਸਮੁੱਚੇ ਦੇਸ਼ ਨਾਲ ਜੁੜ ਗਿਆ। ਇਨ੍ਹਾਂ ਘਟਨਾਵਾਂ ਦਾ ਦੇਸ਼ ਵਾਸੀਆ ਦੇ ਮਨਾਂ ਉਤੇ ਡੂੰਘਾ ਅਸਰ ਪਿਆ ਜਿਸ ਨਾਲ ਦੇਸ਼ ਵਾਸੀਆ ਅਤੇ ਪੰਜਾਬੀਆਂ ਅੰਦਰ ਰਾਜਸੀ ਚੇਤਨਾ ਵਧੀ।

1907 ਦੀ ਨਹਿਰੀ ਮਾਲੀਏ ਵਿਰੁੱਧ ਉੱਠੀ ਲਹਿਰ ਰਾਹੀਂ ਪਹਿਲੀ ਵਾਰ ਪੰਜਾਬ ਵਿਚ ਧਰਮ ਦੀ ਥਾਂ ਆਰਥਿਕਤਾ ਲੋਕਾਂ ਦੇ ਧਿਆਨ ਦਾ ਕੇਂਦਰ ਬਣੀ। ਪੰਜਾਬ ਦਾ ਕਿਸਾਨ ਜਿਸ ਦਾ ਮਹਿੰਗਾਈ ਤੇ ਕਰਜ਼ੇ ਨਾਲ ਲੱਕ ਭੰਨ੍ਹਿਆ ਪਿਆ ਸੀ ਇਨ੍ਹਾਂ ਸਾਲਾਂ ਵਿਚ ਕਾਲ ਪੈ ਜਾਣ ਕਾਰਨ ਉਸ ਵਲੋਂ ਵਧਿਆ ਹੋਇਆ ਮਾਲੀਆ ਦੇ ਸਕਣਾ ਮੁਸ਼ਕਿਲ ਹੋ ਗਿਆ ਸੀ। ਪਰੰਤੂ ਸਰਕਾਰ ਆਪਣੇ ਫ਼ੈਸਲੇ ਉਤੇ ਬਜ਼ਿਦ ਸੀ। ਉਸ ਸਮੇਂ ਬਾਰੇ ਦਿਆਲ ਦਾ 'ਝੰਗ ਸਿਆਲ ਸੰਭਾਲ ਓਂ' ਨਾਂ ਦਾ ਗੀਤ ਦੁਖੀ ਕਿਸਾਨ ਦੀ ਆਵਾਜ਼ ਬਣਿਆ। ਆਜ਼ਾਦੀ ਸੰਗ੍ਰਾਮ ਵਿਚ ਇਹ ਗੀਤ ਇਕ ਮਹੱਤਵਪੂਰਣ ਮੀਲ ਪੱਥਰ ਹੈ। ਇਸ ਗੀਤ ਵਿਚ ਪੰਜਾਬ ਦੀ ਥਾਂ ਸਮੁੱਚੇ ਦੇਸ਼ ਦੇ ਦ੍ਰਿਸ਼ਟੀਕੋਣ ਦੀ ਗੱਲ ਕੀਤੀ ਗਈ। ਲੁਟੇਰਿਆਂ ਅਤੇ ਲੁੱਟੇ ਜਾਣ ਵਾਲਿਆਂ ਵਿਚਕਾਰ ਸਪਸ਼ਟ ਨਿਖੇੜਾ ਕੀਤਾ ਗਿਆ। ਇਸ ਗੀਤ ਦਾ ਅਸਰ ਇਹ ਹੋਇਆ ਕਿ ਲੋਕਾਂ ਦੀ ਸੋਚ ਵਿਚ ਧਰਮ ਦੀ ਥਾਂ ਆਰਥਿਕਤਾ ਅਤੇ ਪ੍ਰਾਂਤ ਦੀ ਥਾਂ ਸਮੁੱਚੇ ਰਾਸ਼ਟਰ ਨੇ ਲੈ ਲਈ।

ਪਹਿਲੀ ਨਵੰਬਰ 1913 ਨੂੰ ਭਾਰਤ ਦੇਸ਼ ਭਗਤਾਂ ਵਲੋਂ ਜਾਰੀ ਕੀਤੇ ਗਏ ਉਰਦੂ ਪਰਚੇ 'ਗ਼ਦਰ' ਰਾਹੀਂ ਸਾਨ ਫਰਾਂਸਿਸਕੋ ਵਿਚ "ਗ਼ਦਰ ਪਾਰਟੀ" ਦੀ ਨੀਂਹ ਰੱਖੀ ਗਈ। ਜਨਵਰੀ 1914 ਤੋਂ ਇਹ ਪਰਚਾ ਪੰਜਾਬੀ ਵਿਚ ਵੀ ਛਾਪਿਆ ਜਾਣ ਲੱਗਾ। ਇਸ ਪਰਚੇ ਵਿਚ ਕਵਿਤਾਵਾਂ ਤੇ ਲੇਖਾਂ ਰਾਹੀਂ ਗ਼ਦਰ ਪਾਰਟੀ ਦੇ ਆਦਰਸ਼ਾਂ ਦਾ ਜ਼ੋਰਦਾਰ ਪ੍ਰਚਾਰ ਕੀਤਾ ਜਾਂਦਾ ਸੀ। ਲੋਟੂ ਜਮਾਤ ਦੇ ਅਸਲੀ ਰੂਪ ਨੂੰ ਪ੍ਰਗਟ ਕਰਨਾ, ਲੋਕਾਂ ਨੂੰ ਧਾਰਮਿਕ ਤੇ ਫਿਰਕੂ ਵੱਖਰੇਵਿਆਂ ਤੋਂ ਉੱਚਾ ਚੁੱਕਣਾ, ਰਾਸ਼ਟਰੀ ਪਿਆਰ ਤੇ ਕੌਮੀ ਏਕਤਾ ਦੀ ਵਿਸ਼ਾਲ ਲਹਿਰ ਚਲਾਉਣਾ, ਆਜ਼ਾਦੀ ਪ੍ਰਾਪਤੀ ਲਈ ਹਰ ਕੁਰਬਾਨੀ ਕਰਨ ਵਾਸਤੇ

ਤਿਆਰ ਕਰਨਾ, ਕੌਮੀ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਮਹਾਨਤਾ ਪ੍ਰਗਟਾਉਣਾ, ਗ਼ਦਰ ਲਹਿਰ ਦੇ ਮੁੱਖ ਉਦੇਸ਼ ਸਨ। 'ਗ਼ਦਰ' ਵਿਚ ਛਪਦੀਆਂ ਕਵਿਤਾਵਾਂ ਰਾਹੀਂ ਭਾਰਤ ਵਿਚ ਪ੍ਰਚਲਤ ਹਰੇਕ ਧਰਮ ਦੇ ਇਤਿਹਾਸ ਤੇ ਮਿਥਿਹਾਸ ਵਿਚੋਂ ਹਵਾਲੇ ਦੇ ਕੇ ਲੋਕਾਂ ਵਿਚ ਆਜ਼ਾਦੀ ਦੇ ਘੋਲ ਲਈ ਸਿਰ ਤਲੀ ਉੱਤੇ ਰੱਖਣ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ। 'ਗ਼ਦਰ' ਦੇ ਪਹਿਲੇ ਪੰਨੇ ਉਤੇ ਹੀ ਪਾਠਕਾਂ ਨੂੰ ਆਜ਼ਾਦੀ ਸੰਗਰਾਮ ਲਈ ਪ੍ਰੇਰਤ ਕਰਨ ਵਾਸਤੇ ਇਹ ਮਹਾਂ ਵਾਕ ਦਿੱਤਾ ਹੁੰਦਾ ਸੀ।

ਜਉ ਤਉ ਪ੍ਰੇਮ ਖੇਲਨ ਕਾ ਚਾਓ।
ਸਿਰ ਧਰ ਤਲੀ ਗਲੀ ਮੋਰੀ ਆਓ ॥

ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੇ ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਭਾਵ ਅਧੀਨ ਰਚੀ ਗਈ ਬਹੁਤ ਸਾਰੀ ਕਵਿਤਾ ਵਿਚ ਵੀ ਰਾਸ਼ਟਰੀ ਚੇਤਨਾ ਦਾ ਪ੍ਰਗਟਾਅ ਹੋਇਆ ਹੈ। ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਸੁਧਾਰਵਾਦੀ ਕਲਮਕਾਰ ਨਾਨਕ ਸਿੰਘ ਵੀ ਕ੍ਰਾਂਤੀਕਾਰੀ ਹੋ ਜਾਂਦਾ ਹੈ। ਉਸ ਨੇ ਆਪਣੀ 'ਖ਼ੂਨੀ ਵਿਸਾਖੀ' ਜਾਂ ਦਰ ਲੰਮੀ ਕਵਿਤਾ ਵਿਚ ਲਿਖਿਆ ਹੈ:

ਅਸੀਂ ਰਹੇ ਹਜ਼ੂਰ ਹਜ਼ੂਰ ਕਰਦੇ, ਹਜ਼ੂਰ ਪਰ ਬੜੇ ਉਸਤਾਦ ਲੋਕੋ।
ਸਾਨੂੰ ਬੰਨ੍ਹ ਕੇ ਨਵੇਂ ਕਾਨੂੰਨ ਅੰਦਰ, ਪੀੜ ਸੁਟਿਆ ਵਾਂਗ ਕਮਾਦ ਲੋਕੋ।

ਗੁਰਦੁਆਰਾ ਸੁਧਾਰ ਲਹਿਰ ਕੇਵਲ ਗੁਰਦੁਆਰਿਆਂ ਦੇ ਸੁਧਾਰ ਤਕ ਹੀ ਸੀਮਿਤ ਨਹੀਂ ਸੀ, ਉਸ ਦਾ ਅਸਲ ਨਿਸ਼ਾਨਾ ਭਾਰਤ ਦੇ ਗਲੋਂ ਗੁਲਾਮੀ ਦਾ ਜੂਲਾ ਲਹੁਣਾ ਸੀ। ਗੁਰਦੁਆਰੇ ਮਹੰਤਾਂ ਦੇ ਕਬਜ਼ੇ ਵਿਚ ਸਨ ਅਤੇ ਮਹੰਤਾਂ ਦੀ ਪਿੱਠ ਉਤੇ ਸਰਕਾਰ ਸੀ। ਇਸ ਕਰਕੇ ਇਹ ਲਹਿਰ ਸਿੱਧੀ ਸਰਕਾਰ ਦੇ ਵਿਰੁੱਧ ਹੋ ਗਈ। ਇਹ ਲਹਿਰ ਭਾਵੇਂ ਗੁਰਦੁਆਰਿਆਂ ਦੇ ਮਸਲੇ ਬਾਰੇ ਸੀ, ਪਰ ਇਸ ਨੂੰ ਹਿੰਦੂਆਂ, ਮੁਸਲਮਾਨਾ ਤੇ ਈਸਾਈਆਂ ਦਾ ਸਮਰਥਨ ਪ੍ਰਾਪਤ ਸੀ। ਮੋਰਚਿਆਂ ਦੇ ਅੰਤ ਉਤੇ ਸਿੱਖ ਉਹ ਨਹੀਂ ਰਹਿ ਗਏ ਸਨ, ਜੋ ਅੰਦੋਲਨ ਦੇ ਅਰੰਭ ਵਿਚ ਸਨ। ਇਸ ਲਹਿਰ ਨੇ ਪੰਜਾਬੀਆਂ ਵਿਚ ਜੋਸ਼, ਸਿਦਕ, ਸਿਰੜ ਤੇ ਦੇਸ਼ ਪਿਆਰ ਦਾ ਜਜ਼ਬਾ ਭਰ ਦਿਤਾ। ਇਸ ਲਹਿਰ ਦੇ ਪ੍ਰਭਾਵ ਅਧੀਨ ਲਗਭਗ ਦੋ ਦਰਜਨ ਪਰਚੇ ਜਾਰੀ ਹੋਏ, ਜਿਨ੍ਹਾਂ ਅੱਗੋਂ ਸੈਂਕੜੇ ਕਵੀ ਪੈਦਾ ਕੀਤੇ। 21 ਮਈ 1920 ਨੂੰ ਜਾਰੀ ਹੋਏ 'ਅਕਾਲੀ' ਪਰਚੇ ਦੇ ਪਹਿਲੇ ਅੰਕ ਉਤੇ ਦਰਜ ਇਹ ਕਵਿਤਾ ਇਸ ਪਰਚੇ ਦਾ ਉਦੇਸ਼ ਪ੍ਰਗਟ ਕਰਦੀ ਹੈ:

ਅੱਖਾਂ ਖੋਲ੍ਹੋ, ਢਿੱਲੜ ਵੀਰੋ, ਆਗਿਆ ਫੇਰ 'ਅਕਾਲੀ' ਜੇ।
ਝੰਡਾ ਫੜ੍ਹਿਆ ਹੱਥ ਸੱਚ ਦਾ, ਜੋਤ ਮਾਰਦੀ ਲਾਲੀ ਜੇ।

ਵੀਹਵੀਂ ਸਦੀ ਦੇ ਪਹਿਲੇ ਸਾਲ ਵਿਚ ਪੰਜਾਬ ਵਿਚ ਸਟੇਜੀ ਕਵਿਤਾ ਦਾ ਦੌਰ ਚਲ ਰਿਹਾ ਸੀ। ਉਪਰੋਕਤ ਕੌਮੀ ਲਹਿਰਾਂ ਦੇ ਪ੍ਰਭਾਵ ਨਾਲ ਸਟੇਜੀ ਕਵਿਤਾ ਵਿਚ ਧਾਰਮਿਕ ਤੇ ਇਤਿਹਾਸਕ ਕਵਿਤਾਵਾਂ ਦੇ ਨਾਲ ਨਾਲ ਕੌਮੀ ਜਜ਼ਬਿਆਂ ਵਾਲੀਆਂ ਕਵਿਤਾਵਾਂ ਲਿਖਣ/ਬੋਲਣ ਦਾ ਰੁਝਾਨ ਵਧ ਗਿਆ। ਕਵੀ ਸਮਾਜਕ ਤੇ ਰਾਜਸੀ ਸਮੱਸਿਆਵਾਂ ਨੂੰ ਆਪਣਾ ਵਿਸ਼ਾ ਬਣਾਉਣ ਲੱਗੇ। ਪੰਜਾਬ ਵਿਚ ਇਸ ਸਮੇਂ ਜਾਰੀ ਹੋਏ ਰਿਸਾਲਿਆਂ ਵਿਚੋਂ 'ਪ੍ਰੀਤਮ', 'ਫੁਲਵਾੜੀ' ਤੇ 'ਫ਼ਤਹਿ' ਦਾ ਵੱਡਾ ਯੋਗਦਾਨ ਹੈ। ਇਨ੍ਹਾਂ ਦਾ ਸਾਹਿਤਕ ਮਿਆਰ ਉਚੇਰਾ ਸੀ। ਇਨ੍ਹਾਂ ਵਿਚ ਪ੍ਰੇਮ ਅਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਦੇ ਨਾਲ ਨਾਲ ਕਹਾਣੀਆਂ, ਇਕਾਂਗੀ, ਨਿਬੰਧ ਅਤੇ ਆਲੋਚਨਾਤਮਕ ਲੇਖਾਂ ਨੂੰ ਵਿਸ਼ੇਸ਼ ਥਾਂ ਦਿੱਤੀ ਜਾਂਦੀ ਸੀ। ਇਨ੍ਹਾਂ ਰਸਾਲਿਆਂ ਨੇ ਪੰਜਾਬੀ ਨੂੰ ਹਰਮਨ ਪਿਆਰੀ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ।

ਪੰਜਾਬ ਤੋਂ ਬਾਹਰ ਕਲਕੱਤੇ ਰਹਿੰਦੇ ਪੰਜਾਬੀ ਗੁਰਪੁਰਬਾਂ ਅਤੇ ਖ਼ਾਸ ਖ਼ਾਸ ਧਾਰਮਿਕ ਮੌਕਿਆਂ ਉਤੇ ਕਵੀ ਦਰਬਾਰ ਲਗਿਆ ਕਰਦੇ ਸਨ। ਪੰਜਾਬ ਵਿਚੋਂ ਉਥੇ ਗਏ ਕਵੀ ਵੀ ਇਨ੍ਹਾਂ ਕਵੀ ਦਰਬਾਰਾਂ ਵਿਚ ਸ਼ਿਰਕਤ ਕਰਦੇ ਸਨ। 1922 ਵਿਚ ਅਜਿਹੇ ਹੀ ਕਿਸੇ ਇਕ ਇਕੱਠ ਤੋਂ ਪਿਛੋਂ ਮੁਨਸ਼ਾ ਸਿੰਘ ਦੁਖੀ ਤੇ ਸੌਦਾਗਰ ਸਿੰਘ ਭਿਖਾਰੀ ਤੇ ਕੁਝ ਹੋਰ ਸਾਹਿਤਕ ਪ੍ਰੇਮੀਆਂ ਨੇ ਭਿਖਾਰੀ ਜੀ ਦੇ ਘਰ ਮਿਲ ਕੇ 'ਕਵੀ ਕੁਟੀਆ ਕਲਕੱਤਾ' ਨਾਂ ਦੀ ਸੁਸਾਇਟੀ ਬਣਾਉਣ ਦਾ ਫੈਸਲਾ ਕੀਤਾ ਤੇ ਫਿਰ ਇਸ ਸੁਸਾਇਟੀ ਨੂੰ ਰਜਿਸਟਰ ਕਰਵਾ ਲਿਆ। ਇਸ ਦਾ ਕੋਈ ਦਫ਼ਤਰ ਨਹੀਂ ਸੀ ਨਾ ਕੋਈ ਕੁਟੀਆ ਸੀ। ਭਿਖਾਰੀ ਜੀ ਦੀ ਇਕ ਬੈਠਕ ਹੀ ਇਸ ਦਾ ਦਫ਼ਤਰ ਮਿਥਿਆ ਗਿਆ। 'ਕਵੀ ਕੁਟੀਆ ਕਲਕੱਤਾ' ਦਾ ਉਦੇਸ਼ ਸੀ : ਕਵਿਤਾ ਲਿਖਣਾ, ਸਾਹਿਤ ਰਾਹੀਂ ਦੇਸ਼ ਪਿਆਰ, ਸਮਾਜ ਸੁਧਾਰ ਅਤੇ ਜੀਵਨ ਦਾ ਪ੍ਰਚਾਰ ਕਰਨਾ। ਕਵੀ ਕੁਟੀਆ ਦੇ ਮੂਲ ਨਿਯਮ ਸਨ : ਪ੍ਰਾਣੀ ਮਾਤਰ ਨਾਲ ਪਿਆਰ ਰਖਣਾ, ਕਾਵਿ ਦੀ ਖੋਜ ਅਤੇ ਉਸਦਾ ਪ੍ਰਚਾਰ ਕਰਨਾ ਅਤੇ ਪੰਜਾਬੀ ਸਾਹਿਤ ਦੀ ਸੇਵਾ ਕਰਨੀ। ਉਪ ਨਿਯਮ ਇਸ ਪ੍ਰਕਾਰ ਦਰਜ ਹਨ : 1. ਇਸ ਸੁਸਾਇਟੀ ਦਾ ਨਾਮ 'ਕਵੀ ਕੁਟੀਆ' (ਕਲਕੱਤਾ) ਹੋਵੇਗਾ। 2. ਇਸ ਦੇ ਮੈਂਬਰਾਂ ਦੀ ਗਿਣਤੀ ਦੀ ਕੋਈ ਹੱਦ ਨਹੀਂ ਹੋਵੇਗੀ। 3. ਹਰ ਇਕ ਸੱਜਣ ਅੱਠ ਆਨੇ ਮਾਸਿਕ ਚੰਦਾ ਦੇਣ ਨਾਲ ਇਸ ਦਾ ਮੈਂਬਰ ਹੋ ਸਕੇਗਾ। 4. ਭਾਵੇਂ ਉਹ ਕਿਸੇ ਥਾਂ ਦਾ ਵਸਨੀਕ ਅਤੇ ਕਿਸੇ ਜ਼ਾਤ (ਮਜ਼ਹਬ) ਦਾ ਵੀ ਹੋਵੇ। 5. ਇਸ ਸਭਾ ਦਾ ਖ਼ਾਸ ਤੁ-ਅੱਲਕ ਕਿਸੇ ਮਜ਼ਹਬ ਨਾਲ ਨਹੀਂ ਹੋਵੇਗਾ। 6. ਇਸ ਸਭਾ ਦੇ ਮੈਂਬਰਾਂ ਦਾ ਘੱਟੋ ਘੱਟ ਹਫਤੇ ਵਿਚ ਇਕ ਵਾਰ ਸਾਧਾਰਨ ਇਕੱਠ ਹੋਇਆ ਕਰੇਗਾ। 7. ਜਿਸ ਵਿਚ ਖ਼ਾਸ ਕਰਕੇ ਕਾਵਯ ਅਤੇ ਪੰਜਾਬੀ ਸਾਹਿਤਯ ਸੰਬੰਧੀ ਵਿਚਾਰਾਂ ਹੋਇਆ ਕਰਨਗੀਆਂ। 8. ਪੁਰਾਣੇ ਕਵੀਆਂ ਤੇ ਉਨ੍ਹਾਂ ਦੀ ਕਵਿਤਾ ਸੰਬੰਧੀ ਖੋਜ ਕਰਕੇ ਉਸ ਨੂੰ ਪਬਲਿਕ ਵਿਚ ਪ੍ਰਕਾਸ਼ਿਤ ਕੀਤਾ ਜਾਇਆ ਕਰੇਗਾ। 9. ਵਰਤਮਾਨ ਅਤੇ ਪੁਰਾਤਨ ਕਵਿਤਾ ਤੇ ਛਾਣ-ਬੀਣ ਕੀਤੀ ਜਾਇਆ ਕਰੇਗੀ। 10. ਸਮੇਂ ਸਮੇਂ ਸਿਰ ਮਹਾਂ ਪੁਰਸ਼ਾਂ ਦੇ ਉੱਚ ਜੀਵਨਾਂ ਤੇ ਉਨ੍ਹਾਂ ਦੀ ਸਿਖਿਆ ਸੰਬੰਧੀ ਟ੍ਰੈਕਟ ਪ੍ਰਕਾਸ਼ਤ ਹੋਇਆ ਕਰਨਗੇ। 11. ਬੰਗਾਲੀ, ਹਿੰਦੀ, ਉਰਦੂ, ਅੰਗਰੇਜ਼ੀ ਆਦਿਕ ਜ਼ਬਾਨਾਂ ਦੀਆਂ ਉੱਤਮ ਪੁਸਤਕਾਂ ਦੇ ਉਲਥੇ ਪੰਜਾਬੀ ਵਿਚ ਕਰਨੇ ਤੇ ਨਵੀਆਂ ਨਵੀਆਂ ਪੁਸਤਕਾਂ ਪ੍ਰਕਾਸ਼ਤ ਕਰਨੀਆਂ ਕਵੀ ਕੁਟੀਆ ਦਾ ਜ਼ਰੂਰੀ ਫਰਜ਼ ਹੋਵੇਗਾ। 12. ਕਵੀ ਕੁਟੀਆ ਦੇ ਉਤੇ ਉਹੀ ਪੁਸਤਕਾਂ ਪ੍ਰਕਾਸ਼ਤ ਹੋ ਸਕਣਗੀਆਂ ਜਿਨ੍ਹਾਂ ਨੂੰ ਕਿ ਅੰਤ੍ਰਗ ਕਮੇਟੀ ਪ੍ਰਵਾਨ ਕਰੇ। 13. ਕਵੀ ਕੁਟੀਆ ਦੀਆਂ ਸਾਰੀਆਂ ਪ੍ਰਕਾਸ਼ਤ ਪੁਸਤਕਾਂ ਮੈਂਬਰਾਂ ਨੂੰ ਮੁਫ਼ਤ ਭੇਜੀਆਂ ਜਾਇਆ ਕਰਨਗੀਆਂ। ਕਵਿਤਾ ਸਿੱਖਣ ਦੇ ਚਾਹਵਾਨ ਮੈਂਬਰ ਨੂੰ ਕਾਵਯ ਸਿਖਿਆ ਵੀ ਦਿੱਤੀ ਜਾਵੇਗੀ। 14. ਹਰ ਸਾਲ ਸਜ ਧਜ ਨਾਲ ਇਕ ਭਾਰੀ ਕਵੀ ਦਰਬਾਰ ਹੋਇਆ ਕਰੇਗਾ ਤੇ ਯੋਗਤਾ ਅਨੁਸਾਰ ਉਤਮ ਕਵੀਆਂ ਨੂੰ ਇਨਾਮ ਵੰਡੇ ਜਾਇਆ ਕਰਨਗੇ। ਕਿਸੇ ਮੈਂਬਰ ਵਿਚ ਕੋਈ ਖ਼ਾਸ ਨੁਕਸ ਪੈਦਾ ਹੋ ਜਾਣ ਤੋਂ ਜਨਰਲ ਕਮੇਟੀ ਦੀ ਬਹੁ-ਸੰਮਤੀ ਉਸ ਨੂੰ ਮੈਂਬਰੀ ਤੋਂ ਅੱਡ ਕਰ ਸਕੇਗੀ।

ਇਸ ਤਰ੍ਹਾਂ ਕਵੀ ਕੁਟੀਆ ਦੇ ਸੰਚਾਲਨ ਸੱਚੀ ਲਗਨ ਤੇ ਕੁਰਬਾਨੀ ਵਾਲੇ ਵਿਅਕਤੀ ਸਨ। ਉਨ੍ਹਾਂ ਪਾਸ ਕਿਸੇ ਕਿਸਮ ਦੇ ਸਾਧਨ ਨਾ ਹੋਣ ਦੇ ਬਾਵਜੂਦ ਉਹ ਆਪਣੇ ਪੱਲਿਓਂ, ਪੈਸੇ ਪਾ ਕੇ ਜਾਂ ਲੋਕਾਂ ਪਾਸੋਂ ਇਕੱਠੇ ਕਰਕੇ ਆਪਣਾ ਕੰਮ ਚਲਾਉਂਦੇ ਸਨ ਅਤੇ ਆਪਣੀਆਂ ਬਹਿਸਾਂ ਪਾਰਕਾਂ ਜਾਂ ਸਾਂਝੀਆਂ ਥਾਵਾਂ ਉੱਤੇ ਕਰਦੇ ਸਨ। 'ਕਵੀ ਕੁਟੀਆ' ਸਾਹਿਤ ਦੇ ਵਾਧੇ ਤੇ ਪਿਆਰ ਵਧਾਉਣ ਲਈ ਬਣੀ ਕਵੀਆਂ ਤੇ ਲੇਖਕਾਂ ਦੀ ਸਭ ਤੋਂ ਪਹਿਲੀ ਜਥੇਬੰਦੀ ਸੀ ਜਿਸ ਨੇ ਸਰਕਾਰ ਪਾਸੋਂ ਕਦੇ ਕੋਈ ਸਹਾਇਤਾ ਨਹੀਂ

ਮੰਗੀ ਸੀ, ਸਗੋਂ ਸਰਕਾਰ ਦੀਆਂ ਨਜ਼ਰਾਂ ਵਿਚ ਕ੍ਰਾਂਤੀਕਾਰੀਆਂ ਦੀ ਸਭਾ ਸੀ। ਇਸੇ ਕਾਰਨ ਸਰਕਾਰ ਦੀ ਇਸ ਦੇ ਸੰਚਾਲਕਾਂ ਉਤੇ ਕਰੜੀ ਨਿਗਾਹ ਸੀ। 'ਕਵੀ ਕੁਟੀਆ' ਵਲੋਂ ਪਹਿਲਾਂ ਵੱਖ ਵੱਖ ਵਿਸ਼ਿਆ ਉੱਤੇ ਲਗਾਤਾਰ ਪੰਜ ਛੇ ਸਾਲ ਟ੍ਰੈਕਟ ਤਿਆਰ ਕਰਕੇ ਪ੍ਰਕਾਸ਼ਿਤ ਕੀਤੇ ਜਾਂਦੇ ਤੇ ਵੰਡੇ ਜਾਂਦੇ ਰਹੇ। ਉਪਰੰਤ ਅਪ੍ਰੈਲ 1927 ਤੋਂ ਮਾਸਿਕ ਰਸਾਲਾ 'ਕਵੀ' ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਟ੍ਰੈਕਟ ਤੇ 'ਕਵੀ' ਪਹਿਲਾਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਵਾਏ ਜਾਂਦੇ ਸਨ, ਫਿਰ ਇਸ ਔਕੜ ਨੂੰ ਦੂਰ ਕਰਨ ਲਈ 'ਕਵੀ ਕੁਟੀਆ' ਵਲੋਂ ਕਲਕੱਤਾ ਵਿਖੇ 'ਕਵੀ ਪ੍ਰੈੱਸ' ਭਵਾਨੀਪੁਰ ਵਿਚ ਲਾਇਆ ਗਿਆ। ਪ੍ਰੈੱਸ ਦੇ ਪਹਿਲੇ ਮੈਨੇਜਰ ਦੁਖੀ ਜੀ ਸਨ, ਪਿਛੋਂ ਨਿਰੰਜਨ ਸਿੰਘ ਤਾਲਿਬ ਨੂੰ ਸੌ ਰੁਪਏ ਮਹੀਨੇ ਉਤੇ ਕੁਲਵਕਤੀ ਮੈਨੇਜਰ ਨਿਯੁਕਤ ਕੀਤਾ ਗਿਆ ਤੇ ਇਸ ਦੇ ਨਾਲ ਹੀ ਕਲਕੱਤੇ ਤੋਂ ਰੋਜ਼ਾਨਾ ਅਖ਼ਬਾਰ 'ਦੇਸ਼ ਦਰਪਨ' ਕੱਢਿਆ ਗਿਆ। ਸਰਕਾਰ ਦੀਆਂ ਸਖਤੀਆਂ ਤੇ ਆਰਥਿਕ ਤੰਗੀਆਂ ਕਾਰਨ ਪਿਛੋਂ 1931 ਵਿਚ 'ਕਵੀ' ਅਤੇ 'ਕਵੀ ਪ੍ਰੈੱਸ' ਭਾਵੇਂ ਬੰਦ ਕਰਨੇ ਪਏ ਪਰ 'ਦੇਸ਼ ਦਰਪਨ' ਅਜੇ ਤਕ ਵੀ ਕਲਕੱਤੇ ਤੋਂ ਕੱਢਿਆ ਜਾ ਰਿਹਾ ਹੈ।

ਇਸ ਤਰ੍ਹਾਂ 'ਕਵੀ ਕੁਟੀਆ' ਕਲਕੱਤਾ ਨੇ ਪੰਜਾਬ ਤੋਂ ਬਾਹਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿਕਾਸ ਲਈ ਪਹਿਲੀ ਵਾਰ ਜਥੇਬੰਦਕ ਰੂਪ ਵਿਚ ਕੰਮ ਕੀਤਾ। ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਵਿਚ ਜਿਥੇ ਸਮਾਜ ਸੁਧਾਰ, ਕੁਰਬਾਨੀ, ਧਰਮ ਅਤੇ ਜੀਵਨ ਜਾਚ ਦੇ ਵਿਸ਼ੇ ਪ੍ਰਧਾਨ ਉਥੇ ਇਸ ਦੇ ਨਾਲ ਨਾਲ ਦੇਸ਼ ਪਿਆਰ ਤੇ ਦੇਸ਼ ਦੀ ਆਜ਼ਾਦੀ ਲਈ ਵੀ ਅਥਾਹ ਵਲਵਲੇ ਸਨ। ਮੁਨਸ਼ਾ ਸਿੰਘ ਦੁਖੀ ਪ੍ਰਸਿੱਧ ਤੇ ਪ੍ਰੋਢ ਇਨਕਲਾਬੀ ਸਨ। ਸੌਦਾਗਰ ਸਿੰਘ ਭਿਖਾਰੀ ਅੰਦਰ ਧਾਰਮਿਕ ਜਜ਼ਬਾ ਪ੍ਰਧਾਨ ਸੀ ਅਤੇ ਨਿੱਜੀ ਤਜਰਬੇ ਤੇ ਦੇਸ਼ ਦੀ ਵਰਤਮਾਨ ਸਥਿਤੀ ਨੇ ਉਸ ਨੂੰ ਸਾਮਰਾਜ ਵਿਰੋਧੀ ਅਤੇ ਦੇਸ਼ ਭਗਤ ਬਣਾ ਦਿਤਾ ਸੀ। 'ਕਵੀ ਕੁਟੀਆ' ਜੇ ਆਪਣੀਆਂ ਬੈਠਕਾਂ ਤੇ 'ਕਵੀ' ਰਿਸਾਲੇ ਰਾਹੀਂ ਨਾ ਕੇਵਲ ਕਵੀਆਂ ਤੇ ਲੇਖਕਾਂ ਨੂੰ ਉਤਸ਼ਾਹਿਤ ਕੀਤਾ ਸਗੋਂ ਬਹੁਤ ਸਾਰੇ ਨਵੇਂ ਕਵੀ ਤੇ ਲੇਖਕ ਪੈਦਾ ਵੀ ਕੀਤੇ। 'ਕਵੀ ਕੁਟੀਆ' ਨਾਲ ਦੁਖੀ, ਭਿਖਾਰੀ ਤੇ ਤਾਲਿਬ ਤੋਂ ਇਲਾਵਾ ਦਰਬਾਰਾ ਸਿੰਘ, ਬਚਿੰਤ ਸਿੰਘ, ਰਤਨ ਸਿੰਘ ਸੇਵਕ, ਸਾਹਿਬ ਸਿੰਘ ਸਨੇਹੀ, ਬਾਬਾ ਕੇਹਰ ਸਿੰਘ ਕੇਹਰ, ਮਹਿਤਾਬ ਸਿੰਘ ਪ੍ਰਚਾਰਕ, ਬਸੰਤ ਸਿੰਘ ਗੰਥੀ, ਦੀਵਾਨ ਸਿੰਘ ਕਾਲੇਪਾਣੀ, ਡਾ. ਉਤਮ ਸਿੰਘ, ਰਘਬੀਰ ਸਿੰਘ ਬੀਰ ਆਦਿ ਸਰਗਰਮ ਮੈਂਬਰ ਸਨ। ਕਲਕੱਤੇ ਤੋਂ ਬਾਹਰਲੇ ਸਾਹਿਤਕਾਰ/ਕਵੀਆਂ ਵਿਚੋਂ ਲਾਲਾ ਧਨੀ ਰਾਮ ਚਾਤ੍ਰਿਕ, ਚਰਨ ਸਿੰਘ ਸ਼ਹੀਦ, ਮੌਲਾ ਬਖ਼ਸ਼ ਕੁਸ਼ਤਾ, ਬਾਵਾ ਬੁਧ ਸਿੰਘ, ਲਾਲ ਕਿਰਪਾ ਸਾਗਰ, ਬ੍ਰਿਜ ਲਾਲ ਸ਼ਾਸਤਰੀ, ਅਵਤਾਰ ਸਿੰਘ ਆਜ਼ਾਦ, ਅਰਜਨ ਸਿੰਘ ਗੜਗਜ, ਬਲਵੰਤ ਸਿੰਘ ਗਜਰਾਜ ਆਦਿ ਵੀ ਇਸ ਸੰਸਥਾ ਨਾਲ ਜੁੜੇ ਹੋਏ ਸਨ।

ਸੌਦਾਗਰ ਸਿੰਘ ਭਿਖਾਰੀ ਅੰਮ੍ਰਿਤਸਰ ਜਿਲ੍ਹੇ ਦੇ ਇਕ ਪਿੰਡ ਭੰਗਾਲੀ ਦੇ ਜੰਮਪਲ ਸਨ। ਉਹ ਇਕ ਸਾਧਾਰਨ ਪੇਂਡੂ ਕਿਰਤੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਨੂੰ ਰੋਜ਼ੀ ਰੋਟੀ ਲਈ ਗਿਆਰਾਂ ਸਾਲ ਦੀ ਉਮਰ ਵਿੱਚ ਘਰੋਂ ਬਾਹਰ ਨਿਕਲਣਾ ਪਿਆ। ਉਨ੍ਹਾਂ ਕਰਾਚੀ, ਨੈਰੋਬੀ (ਪੂਰਬੀ ਅਫ਼ਰੀਕਾ) ਕਲਕੱਤੇ ਤੇ ਅਖ਼ੀਰ ਦੀ ਉਮਰ ਵਿਚ ਅੰਮ੍ਰਿਤਸਰ ਡੇਰੇ ਲਾਏ। ਸਕੂਲ/ਕਾਲਜ਼ ਦੀ ਬਕਾਇਦਾ ਪੜ੍ਹਾਈ ਨਾ ਹੋਣ ਦੇ ਬਾਵਜੂਦ ਚੰਗੇ ਮਕੈਨੀਕਲ ਇੰਜੀਨੀਅਰ ਸਾਬਤ ਹੋਏ। ਜਿਥੇ ਵੀ ਕੰਮ ਕੀਤਾ ਪੂਰੀ ਲਗਨ, ਮਿਹਨਤ ਤੇ ਸਿਰੜ ਨਾਲ ਕੀਤਾ। ਪ੍ਰਾਈਵੇਟ ਫੈਕਟਰੀਆਂ ਵਿਚ ਇਕ ਮੁਲਾਜ਼ਮ ਵਾਂਗ ਨਹੀਂ ਸਗੋਂ ਆਪਣਾ ਕੰਮ ਸਮਝ ਕੇ ਕੰਮ ਕੀਤਾ ਤੇ ਫੈਕਟਰੀ ਦੀ ਤਰੱਕੀ ਲਈ ਤਨੋ ਮਨੋ ਆਪਣਾ ਆਪ ਸਮਰਪਣ ਕੀਤਾ। ਆਰਥਿਕ ਤੌਰ ਤੇ ਭਾਵੇਂ ਆਪ ਬਹੁਤ ਖੁਸ਼ਹਾਲ ਨਹੀਂ ਹੋਏ, ਪਰ ਹਿਰਦੇ, ਸੋਚਣੀ ਤੇ ਵਿਹਾਰ ਦੇ

ਪੱਖੋਂ ਖੁਸ਼ਹਾਲ ਸਨ। ਆਦਮੀ ਦੀ ਵਡਿਆਈ ਉਸ ਦੀ ਸ਼ਖ਼ਸੀਅਤ ਤੇ ਆਚਾਰ ਤੋਂ ਪਰਖੀ ਜਾਂਦੀ ਹੈ। ਇਸ ਵਿਚ ਉਹ ਸਫਲ ਹੋਏ। ਦੂਜਾ ਮਾਪ ਦੰਡ ਮਨੁੱਖਤਾ ਤੇ ਦੇਸ ਕੌਮ ਲਈ ਕੀਤੀ ਸੇਵਾ ਦਾ ਹੁੰਦਾ ਹੈ, ਇਸ ਵਿਚ ਵੀ ਉਹ ਕਾਮਯਾਬ ਹੋਏ। ਆਪਣੇ ਸੀਮਿਤ ਸਮੇਂ ਤੇ ਸਾਧਨਾ ਦੇ ਬਾਵਜੂਦ ਉਨ੍ਹਾਂ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਸਾਥੀਆਂ ਨਾਲ ਮਿਲ ਕੇ ਯੋਜਨਾ ਬੱਧ ਢੰਗ ਨਾਲ ਕੰਮ ਕੀਤਾ। ਇਕ ਹੋਰ ਮਾਪ-ਦੰਡ ਆਪਦੇ ਪਰਿਵਾਰ ਤੇ ਖ਼ਾਨਦਾਨ ਦੇ ਵਿਕਾਸ ਦਾ ਹੁੰਦਾ ਹੈ। ਇਸ ਵਿਚ ਵੀ ਉਹ ਸਫਲ ਹੀ ਨਹੀਂ ਹੋਏ ਸਗੋਂ ਇਕ ਸੌ ਇਕ ਪ੍ਰਤੀਸ਼ਤ ਕਾਮਯਾਬ ਹੋਏ। ਆਪ ਤਿੰਨ ਜਮਾਤਾਂ ਤਕ ਮਦਰੱਸੇ ਪੜ੍ਹੇ ਸਨ। ਪਰ ਔਲਾਦ ਨੂੰ ਉਚੇਰੀ ਸਿੱਖਿਆ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੇ ਤਿੰਨਾਂ ਲੜਕਿਆਂ ਵਿਚੋਂ ਦੋ ਬੀ. ਐਸ. ਸੀ (ਇੰਜੀ.) ਅਤੇ ਇਕ ਨੇ ਐਮ. ਏ. (ਅੰਗ੍ਰੇਜ਼ੀ) ਕੀਤੀ ਤੇ ਦੋਹਾਂ ਲੜਕੀਆਂ ਨੂੰ ਵੀ ਉਚੇਰੀ ਸਿਖਿਆ ਦਿੱਤੀ। ਉਨ੍ਹਾਂ ਦਾ ਇਕ ਪੋਤਰਾ ਅਮ੍ਰਿਤਸਰ ਵਿਚ ਐਮ. ਬੀ. ਬੀ. ਐਸ. (ਐਮ. ਐਸ.) ਉੱਚ ਦਰਜੇ ਦਾ ਨਰਸਿੰਗ ਹੋਮ ਚਲਾ ਰਿਹਾ ਹੈ।

ਭਿਖਾਰੀ ਜੀ ਦੀਆਂ ਮੌਲਿਕ ਕਵਿਤਾਵਾਂ ਦਾ ਸੰਗ੍ਰਹਿ 'ਪ੍ਰੇਮ ਲਹਿਰਾਂ' 1930 ਵਿਚ ਪ੍ਰਕਾਸ਼ਿਤ ਹੋਇਆ। ਕੁਝ ਲੰਮੀਆਂ ਕਹਾਣੀਆਂ ਅਤੇ ਅਨੁਵਾਦ ਵੀ ਪ੍ਰਕਾਸ਼ਿਤ ਹੋਏ ਜਿਵੇਂ 'ਪੰਚ ਪਰਮੇਸ਼ਵਰ' (ਲੰਮੀ ਕਹਾਣੀ), 'ਸ਼ਾਦੀ ਕਿ ਬਰਬਾਦੀ' (ਲੰਮੀ ਕਹਾਣੀ), 'ਦੇਵੀ ਚੌਧਰਾਣੀ' ਬੰਕਮ ਚੰਦਰ ਦੇ ਨਾਵਲ ਦਾ ਅਨੁਵਾਦ। ਉਨ੍ਹਾਂ ਹੋਰ ਵੀ ਅਨੁਵਾਦ ਕੀਤੇ ਸਨ, ਕੁਝ ਛਪੇ ਹਨ ਤੇ ਕੁਝ ਅਜੇ ਛਪਣ ਗੋਚਰੇ ਹਨ। ਭਿਖਾਰੀ ਜੀ ਕੇਵਲ ਕਲਕੱਤੇ ਵਿਚ ਸਾਹਿਤਕ ਤੌਰ ਤੇ ਸਰਗਰਮ ਨਹੀਂ ਸਨ। ਉਨ੍ਹਾਂ ਦੀਆਂ ਕਵਿਤਾਵਾਂ ਪੰਜਾਬ ਵਿਚ ਉਸ ਵਕਤ ਛਪਦੇ 'ਫੁਲਵਾੜੀ', 'ਪ੍ਰੀਤਮ', 'ਫ਼ਤਹਿ' ਆਦਿ ਰਸਾਲਿਆਂ ਵਿਚ ਵੀ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਤੇ ਉਹ ਕਲਕੱਤੇ ਤੋਂ ਬਾਹਰ ਹੁੰਦੇ ਕਵੀ ਦਰਬਾਰਾਂ ਵਿਚ ਵੀ ਭਾਗ ਲੈਂਦੇ। 'ਕਵੀ' ਦੇ ਹਰੇਕ ਅੰਕ ਵਿਚ ਉਹ ਛਪਦੇ ਸਨ। ਭਿਖਾਰੀ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਨਿੱਜੀ ਸਾਧਨਾ ਨਾਲ ਇਸ ਰਿਸਾਲੇ ਨੂੰ ਜਾਰੀ ਰੱਖਿਆ ਤੇ 'ਕਵੀ' ਦੇ ਕੁਲ 36 ਅੰਕ ਪ੍ਰਕਾਸ਼ਿਤ ਹੋਏ। ਇਹ ਪੰਜਾਬ ਤੋਂ ਬਾਹਰੋਂ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਵੀ ਇਹ ਰਿਸਾਲਾ ਉਸ ਵੇਲੇ ਪੰਜਾਬੀ ਵਿਚ ਛਪਦੇ ਰਿਸਾਲਿਆਂ ਵਿਚੋਂ ਸਿਰਮੌਰ ਸੀ। ਪੰਜਾਬੀ ਕਵੀ/ਲੇਖਕ ਇਸ ਵਿਚ ਛਪਣਾ ਆਪਣਾ ਮਾਣ ਸਮਝਦੇ ਸਨ ਅਤੇ 'ਕਵੀ' ਦੇ ਸੰਪਾਦਕ ਵੀ ਦੂਰ ਦੂਰ ਦੇ ਕਵੀਆਂ/ਲੇਖਕਾਂ ਪਾਸੋਂ ਰਚਨਾਵਾਂ ਮੰਗਵਾ ਕੇ ਪ੍ਰਕਾਸ਼ਿਤ ਕਰਨ ਲਈ ਉਤਸਕ ਰਹਿੰਦੇ ਸਨ।

ਸਿਰਜਨਾਤਮਕ ਰਚਨਾਵਾਂ ਤੋਂ ਇਲਾਵਾ ਤੇਜਾ ਸਿੰਘ, ਗੁਰਾਂਦਿੱਤਾ ਖੰਨਾ, ਧਨੀ ਰਾਮ ਚਾਤ੍ਰਿਕ, ਬਾਵਾ ਬੁਧ ਸਿੰਘ, ਮੁਨਸ਼ਾ ਸਿੰਘ ਦੁਖੀ, ਰਘਬੀਰ ਸਿੰਘ ਬੀਰ, ਦੀਵਾਨ ਸਿੰਘ ਕਾਲੇਪਾਣੀ, ਰਾਮ ਨਰੇਸ਼ ਤ੍ਰਿਪਾਠੀ ਆਦਿ ਦੇ ਵਿਦਵਤਾ ਭਰੇ ਆਲੋਚਨਾਤਮਕ ਲੇਖ ਰਿਵਿਊ ਵੀ ਇਸ ਵਿਚ ਪ੍ਰਕਾਸ਼ਿਤ ਹੁੰਦੇ ਰਹੇ।

ਅੱਜ ਲੋੜ ਇਸ ਗੱਲ ਦੀ ਹੈ ਕਿ ਭਿਖਾਰੀ ਜੀ ਦੁਆਰਾ ਛੱਡੇ ਗਏ ਅਧੂਰੇ ਕਾਰਜ ਸੰਪੂਰਨ ਕੀਤੇ ਜਾਣ, ਉਨ੍ਹਾਂ ਦੀਆਂ ਅਣਪ੍ਰਕਾਸ਼ਿਤ ਰਚਨਾਵਾਂ ਨੂੰ ਇਕੱਤਰ ਕਰਕੇ ਪ੍ਰਕਾਸ਼ਿਤ ਕੀਤਾ ਜਾਏ ਅਤੇ ਉਨ੍ਹਾਂ ਦੇ ਪੂਰਨਿਆਂ ਉੱਤੇ ਚਲਦੇ ਹੋਏ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਜਥੇਬੰਦਕ ਹੋਕੇ ਕਾਰਜ ਕੀਤੇ ਜਾਣ। ਸਭ ਤੋਂ ਵੱਧ, ਸੱਚੇ ਦੇਸ਼ ਭਗਤ ਤੇ ਚੰਗੇ ਉੱਚੇ ਤੇ ਸੁੱਚੇ ਆਚਾਰ ਵਾਲੇ ਨਾਗਰਿਕ ਬਣਨ ਦਾ ਯਤਨ ਕੀਤਾ ਜਾਵੇ।

◆

# ਭਿਖਾਰੀ : ਇਕ ਸਫਲ ਕਾਵਿ ਵਣਜਾਰਾ

◆

–ਹਰਦਿਆਲ ਸਿੰਘ ਚੀਮਾ

ਭਿਖਾਰੀ ਜੀ ਦੀ ਮਹਾਨ ਸ਼ਖ਼ਸੀਅਤ ਅਤੇ ਉਸ ਦੇ ਬਹੁ-ਪੱਖੀ ਪ੍ਰਗਟਾਅ ਦਾ ਜਾਇਜ਼ਾ ਮੇਰੇ ਜਿਹੇ ਨਾ-ਚੀਜ਼ ਨਿਮਾਣੇ ਤੋਂ ਅੱਖਰਾਂ ਰਾਹੀਂ ਲਗਾਇਆ ਜਾਣਾ ਬਹੁਤ ਕਠਿਨ ਹੈ। ਉਮਰ ਦੇ ਲਿਹਾਜ ਨਾਲ ਵੀ ਮੈਂ ਕੋਈ ਚਾਰ ਦਹਾਕੇ ਛੋਟਾ ਹੋਣ ਕਾਰਨ ਉਨ੍ਹਾਂ ਦੇ ਸਰੀਰਕ-ਭਾਂਤ ਤੇ ਦਰਸ਼ਨਾਂ ਤੋਂ ਵੀ ਸੁਭਾਗ ਪ੍ਰਾਪਤ ਨਾ ਕਰ ਸਕਿਆ। ਪਰ ਲਗ-ਭਗ ਇਕ ਸ਼ਤਾਬਦੀ ਬਾਅਦ ਉਨ੍ਹਾਂ ਦੀਆਂ ਕਾਵਿ-ਰਚਨਾਵਾਂ "ਪ੍ਰੇਮ ਲਹਿਰਾਂ" ਤੇ ਹੋਰ ਕਵਿਤਾਵਾਂ ਵਾਚਣ ਤੋਂ ਬਾਅਦ ਮੈਂ ਬੇਹੱਦ ਪ੍ਰਭਾਵਿਤ ਹੋਇਆ ਹਾਂ। ਹਰ ਲੇਖਕ ਚਾਹੇ ਉਹ ਵਾਰਤਕ ਜਾਂ ਕਾਵਿ-ਰਚਤਾ ਹੋਵੇ, ਉਸ ਦੀ ਆਤਮਾ ਉਸ ਦੀਆਂ ਲਿਖਤਾਂ ਵਿਚ ਪ੍ਰਜ੍ਵਲਤ ਹੁੰਦੀ ਹੈ। ਮੈਂ ਉਨ੍ਹਾਂ ਦੀ ਆਤਮਾ ਦੇ ਇਸ ਕਾਵਿ ਸੰਗ੍ਰਹਿ "ਪ੍ਰੇਮ ਲਹਿਰਾਂ" ਰਾਹੀ ਬਹੁ-ਦਰਸ਼ਨ ਕੀਤੇ ਹਨ। ਸਮੇਂ ਦੇ ਮਾਪ ਨਾਲ ਚਾਹੇ ਹੀ ਇਹ ਦੂਰ ਦੇ ਦਰਸ਼ਨ ਹੀ ਲੱਗਣ, ਪਰ ਅਨੇਕ ਚਿੱਤਰ, ਭਿਖਾਰੀ ਜੀ ਦੀ ਸ਼ਖ਼ਸੀਅਤ ਦੇ ਅਵੱਸ਼, ਮਾਨਸਿਕ ਤੌਰ ਤੇ ਘੜ੍ਹੇ ਜਾ ਸਕਦੇ ਹਨ। ਇਕ ਸਫਲ ਜੀਵਨ ਘੋਲਾਟੀਏ, ਪ੍ਰਸ਼ਰਮੀ, ਸ਼ਿਲਪਕਾਰ ਤੇ ਤਕਨੀਕੀ ਹੁੰਨਰ ਦੇ ਮਾਲਕ, ਕੋਮਲ ਹਿਰਦੇ ਵਾਲੇ, ਬੋਧਵਾਨ ਗੁਣੀਏ, ਡੂੰਘੇ ਸੋਚਵਾਨ, ਅਨੁਭਵੀ, ਨਿਰਲੇਪ, ਛਿਪੇ ਰਹਿਣ ਦੇ ਚਾਹਵਾਨ, ਸਵੱਛ ਸ਼ੈਲੀ ਤੇ ਪ੍ਰਤਿਭਾ ਵਾਲੀ ਨੁਹਾਰ, ਗੁਫਤਾਰ ਤੇ ਰਫ਼ਤਾਰ ਦਸਤਾਰ ਵਾਲੇ, ਲੋੜਵੰਦਾਂ ਦੀ ਬਾਂਹ ਫੜ੍ਹਨ ਵਾਲੇ ਅਤੇ ਅਤਿ ਦਰਜੇ ਦੇ ਸੰਜਮੀ, ਪੂਰਨ ਦੇਸ਼ ਭਗਤ, ਆਪਾ-ਵਾਰਨ ਦੀ ਤਰਬੀਅਤ ਤੇ ਕੋਮਲਤਾ ਦੇ ਧਨੀ, ਕੁਝ ਇਕ ਵਿਸ਼ੇਸ਼ਣ ਹਨ, ਜੋ ਮੈਂ ਉਨ੍ਹਾਂ ਦੀ ਕੁਲ-ਸ਼ਖ਼ਸੀਅਤ ਵਾਸਤੇ ਜੁਟਾ ਸਕਿਆ ਹਾਂ। ਕਾਸ਼! ਕੋਈ ਚੰਗਾ ਚਿਤ੍ਰਕਾਰ ਉਨ੍ਹਾਂ ਦੀ ਹਰ ਕਵਿਤਾ ਦੀ ਰਚਨਾਤਮਿਕ ਮਾਨਸਿਕ ਅਵੱਸਥਾ ਨੂੰ ਆਪਣੇ ਚਿਤਰਾਂ ਰਾਹੀਂ ਜ਼ਬਾਨ ਦੇ ਸਕਦਾ।

ਹੈਰਾਨ-ਕੁਨ ਮਾਜਰਾ ਹੈ ਕਿ ਇਕ ਨਿਮਾਣੇ ਜਿਹੇ ਕ੍ਰਿਤੀ-ਪ੍ਰਵਾਰ ਵਿਚ ਜਨਮ ਲੈ, ਜ਼ਿੰਦਗੀ ਦੀਆਂ ਅਸੁਵਿਧਾਵਾਂ, ਉਲਝਨਾਂ ਨਾਲ ਜੂਝਦੇ ਉਹ ਕਾਵਿ-ਰਚਨਾਂ ਦਾ ਇੰਨਾਂ ਲੰਮਾ ਪੈਂਡਾ ਸਫਲ ਰੂਪ ਵਿਚ ਤਹਿ ਕਰ ਗਏ, ਜੋ ਹਾਸਿਲ ਹੋਇਆ ਕਠਿਨ ਮਿਹਨਤ, ਮਿਹਨਤ ਤੇ ਕੇਵਲ ਮਿਹਨਤ ਕਾਰਨ। ਜ਼ਿੰਦਗੀ ਦੀਆਂ ਮੌਜ-ਮਸਤੀਆਂ ਤਾਂ ਉਹ ਬਚਪਨ ਤੋਂ ਹੀ ਭੁਲਾ ਚੁੱਕੇ ਸਨ, ਪਰ ਕੇਵਲ ਅਤੇ ਕੇਵਲ ਪ੍ਰਤੀਯੋਗਤਾ ਤੇ ਪ੍ਰਗਤੀਸ਼ੀਲਤਾ ਦੀ ਲਗਨ ਉਨ੍ਹਾਂ ਨੂੰ ਬੈਠਣ ਜਾਂ ਅਵੇਸਲਾ ਨਾ ਹੋਣ ਦੇਂਦੀ। ਉਨ੍ਹਾਂ ਬਾਲਪਨ ਤੋਂ ਹੀ ਜੀਵਨ-ਜਾਚ ਅਤੇ ਬਹੁ-ਪੱਖੀ ਗਿਆਨ ਪ੍ਰਾਪਤੀ ਦੀ ਦੌੜ ਬੜੀਆਂ ਵੱਡੀਆਂ ਪੁਲਾਘਾਂ

ਨਾਲ ਸ਼ੁਰੂ ਕਰ ਦਿੱਤੀ। ਢਾਈ ਤਿੰਨ ਜ਼ਮਾਤਾ ਪੜ੍ਹ ਸਕੂਲ ਛੱਡ ਪਿਤਾ ਜੀ ਨਾਲ ਰੋਜ਼ੀ ਰੋਟੀ 'ਚ ਹੱਥ ਵਟਾਉਣ ਖ਼ਾਤਿਰ ਕਦੇ ਕਦਾਈ ਕਰਾਚੀ, ਕਦੇ ਨੈਰੋਬੀ-ਕੀਨੀਆ (ਅਫ਼ਰੀਕਾ) ਤਕ ਦੇ ਸਫਰ ਝੇਲਣੇ ਪਏ। ਉਨ੍ਹਾਂ ਦੇ ਫੌਲਾਦੀ ਇਰਾਦਿਆਂ ਤੇ ਜੀਵਨ ਨੇ ਲਕਸ਼-ਪੂਰਤੀ ਦੇ ਜੋਸ਼ ਦੀਆਂ ਸਾਫ਼ ਝਲਕਾਂ ਸਨ। ਜਿਵੇਂ ਕਹਿੰਦੇ ਹਨ, ਘਰੋਂ ਬਾਹਰ ਜਾ ਠੇਡੇ ਠੋਕਰਾਂ ਖਾ ਕੇ ਹਰ ਆਦਮੀ ਜਲਦੀ ਸਿੱਧੀ ਅਤੇ ਅਸਿੱਧੀ ਕ੍ਰਿਤੀ ਤਾਲੀਮ ਹਾਸਿਲ ਕਰਦਾ ਹੈ, ਸੋ ਅਜਿਹਾ ਹੀ ਕੁਝ ਹੋਇਆ ਭਿਖਾਰੀ ਜੀ ਨਾਲ, ਜਦ ਉਨ੍ਹਾਂ ਕਰਾਚੀ ਆਰਾ-ਘਰ, ਰੇਲਵੇ ਵਰਕਸ਼ਾਪ ਦੀ ਅਪ੍ਰੈਂਟਿਸ ਸ਼ਿਪ ਖਰਾਦ ਆਦਿ ਦੇ ਕੰਮ ਵਿਚ ਡੂੰਘੀ ਰੁਚੀ ਦਿਖਾ ਟੈਕਨੀਕਲ ਗਿਆਨ ਦੀਆਂ ਲੰਮੀਆਂ ਲੰਮੀਆਂ ਘੁੱਟਾਂ ਭਰੀਆਂ। ਕੇਵਲ ਕੁਝ ਨਾਮ-ਮਾਤ੍ਰ ਰੁਜ਼ਗਾਰੀ ਵਾਸਤੇ ਜੋ ਚੰਦ ਆਨਿਆਂ ਤੋਂ ਜ਼ਿਆਦਾ ਨਾ ਹੁੰਦੀ। ਪਰ ਤਿੰਨ ਅੱਖਰੀ ਵਿਦਿਆ ਖ਼ਾਤਿਰ ਜੋ ਉਨ੍ਹਾਂ ਤਾਂਘ ਦਿਖਾਈ, ਭਾਸ਼ਾ ਗਿਆਨ ਪ੍ਰਾਪਤ ਕਰਨ ਵਾਸਤੇ ਨਾਲੋ ਨਾਲ ਉਸ ਦਾ ਪ੍ਰਤੱਖ ਪ੍ਰਮਾਣ ਸਾਨੂੰ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਮਿਲਦਾ ਹੈ। ਦਿਨ ਰਾਤ ਕੰਮ ਕਰ, ਫਿਰ ਮਾਸਟਰ ਤੋਂ ਪੜ੍ਹਨ ਵਾਸਤੇ ਕੁਝ ਸਮਾਂ ਕੱਢ ਹੀ ਲੈਂਦੇ। ਇਸ ਰੌਂਅ ਅਤੇ ਤੀਬਰਤਾ ਨਾਲ ਜਦ ਆਪ ਪਿੰਡ ਭੰਗਾਲੀ (ਜ਼ਿਲ੍ਹਾ ਅੰਮ੍ਰਿਤਸਰ) ਪਿਤਾ ਜੀ ਨਾਲ (ਸਾਲ 1911) ਆ ਗਏ ਤਾਂ ਅੰਮ੍ਰਿਤਸਰ ਠਾਕੁਰ ਸਿੰਘ ਆਰਟ ਮਾਸਟਰ ਪਾਸ ਟੱਕ-ਪੱਛ ਦਾ ਕੰਮ ਉਨ੍ਹਾਂ ਸਿਖਿਆ। ਕਿੰਨੀ ਸਖ਼ਤ ਘਾਲ ਸੀ ਉਨ੍ਹਾਂ ਦੀ, ਜਦ ਕੇਵਲ ਕੰਮ ਸਿਖਣ ਤੇ ਕੁਝ ਕਰ ਦਿਖਾਉਣ ਦੀ ਲਾਲਸਾ ਸਦਕਾ ਸਾਰਾ ਦਿਨ ਕੰਮ ਕਰ ਉਹ ਲੇਟ ਸ਼ਾਮ, ਉਸਤਾਦ ਜੀ ਦੀ ਮੁਠੀ-ਚਾਪੀ ਕਰ, ਉਨ੍ਹਾਂ ਦੀ ਵਰਕਸ਼ਾਪ ਵਿਚ ਹੀ ਰੈਣ-ਬਸੇਰਾ ਕਰਦੇ। ਅੱਜ ਦੀ ਪੀੜ੍ਹੀ ਨਾਲ ਤੁਲਨਾ ਕਰ ਉਨ੍ਹਾਂ ਦੇ ਜੀਵਨ ਘੋਲ ਦੀ ਵਾਸਤਵਿਕਤਾ ਦਾ ਬੜਾ ਤੋਲਵਾਂ ਅੰਦਾਜ਼ਾ ਲਗਾ ਸਕਦੇ ਹਾਂ।

ਪ੍ਰਚਲਿਤ ਰਵਾਇਤ ਕਾਰਨ ਛੋਟੀ ਉਮਰ ਹੀ ਵਿਆਹੇ ਜਾਣ ਕਾਰਨ, (ਕੇਵਲ 11 ਕੁ ਸਾਲ ਵਿਚ) ਉਨ੍ਹਾਂ ਨੂੰ ਪਿਤਾ ਜੀ ਨੇ 1912 ਵਿਚ ਯੁਗੰਡਾ (ਅਫ਼ਰੀਕਾ) ਬੁਲਾ ਲਿਆ। ਇਥੇ ਉਨ੍ਹਾਂ ਪਹਿਲਾ ਰੇਲਵੇ ਵਰਕਸ਼ਾਪ ਵਿਚ ਚੰਗੀਆਂ ਮਸ਼ੀਨਾਂ ਤੇ ਹੱਥ ਸਿੱਧੇ ਕਰ, ਫਿਰ ਮੋਟਰ ਮਕੈਨਕੀ ਵਿਚ ਵੀ ਪ੍ਰਸੰਸਾ ਪੂਰਵਕ ਮਹਾਰਤ ਪ੍ਰਾਪਤ ਕਰ ਲਈ। ਲਗਨ ਇੰਨੀ ਹੁੰਦੀ, ਜਿਸ ਕੰਮ ਨੂੰ ਵੀ ਹੱਥ ਪਾਉਂਦੇ, ਸੋਨੇ ਤੇ ਸੁਹਾਗਾ ਕਰ ਵਿਖਾਉਂਦੇ। ਕੁਦਰਤੀ ਤੀਖਨ ਬੁੱਧੀ ਤੇ ਤੇਜ਼ ਪਕੜ ਉਨ੍ਹਾਂ ਨੂੰ ਜਨਮ ਤੋਂ ਮਿਲੀ ਸੀ। ਜੋ ਪੜ੍ਹਾਈ ਉਹ ਨਾਲੋ ਨਾਲ ਸ੍ਵੈ-ਤੀਬਰਤਾ ਨਾਲ ਕਰਦੇ, ਉਨ੍ਹਾਂ ਦੀ ਚੇਤੰਨਤਾ ਤੇ ਜੀਵਨ ਦੀਆਂ ਉਪਲਭਦੀਆਂ ਤੇ ਹੋਰ ਨਿਖਾਰ ਲਿਆਉਂਦੀ। ਉਨ੍ਹਾਂ ਦਾ ਸੰਪਰਕ ਤਿੰਨਾਂ ਭਾਸ਼ਾਵਾਂ—ਹਿੰਦੀ, ਉਰਦੂ ਤੇ ਪੰਜਾਬੀ ਨਾਲ ਨਿਰੰਤਰ ਬਣਿਆ ਰਹਿੰਦਾ ਅਤੇ ਜੋ ਗਿਆਨ ਅੰਗਰੇਜ਼ੀ ਭਾਸ਼ਾ ਵਿਚ ਉਨ੍ਹਾਂ ਨੂੰ ਮਿਲਿਆ, ਉਹ ਅਲੱਗ ਅਲੱਗ ਲੋਕਾਂ ਗੋਰਿਆਂ, ਕਾਲਿਆ ਤੇ ਦੂਜੀਆਂ ਸਟੇਟਸ ਦੇ ਲੋਕਾਂ ਦੇ ਨਾਲ ਅਦਾਨ-ਪ੍ਰਦਾਨ ਤੇ ਨਿੱਜੀ ਪੜ੍ਹਾਈ ਤੋਂ ਹੋਇਆ। ਉਰਦੂ ਨਾਲ ਲਗਦੀ ਫਾਰਸੀ ਤੇ ਕੰਮ ਚਲਾਊ ਪਕੜ ਰੋਜ਼-ਮਰਹਾਅ ਦੀ ਜ਼ਿੰਦਗੀ ਤੋਂ ਮਿਲੀ। ਪੰਜ ਭਾਸ਼ਾਵਾਂ ਦਾ ਸਰਲ ਸੁਖੈਨਤਾ ਵਾਲਾ ਅਧਿਐਨ ਉਨ੍ਹਾਂ ਉਪਰ ਵਿਦਵਤਾ ਦੀ ਛਾਪ ਛੱਡਣ ਵਿਚ ਯੋਗ ਸਾਬਿਤ ਹੋਇਆ।

1914 ਵਿਚ ਵਿਸ਼ਵ ਦਾ ਪਹਿਲਾ ਯੁੱਧ ਸ਼ੁਰੂ ਹੋ ਚੁੱਕਾ ਸੀ। ਅਫ਼ਰੀਕਾ ਵਿਚ ਜ਼ਿਆਦਾਤਰ ਕੰਮ ਠੱਪ ਹੋਣ ਕਾਰਨ ਆਪ 1916 ਵਿਚ ਵਾਪਸ ਭਾਰਤ ਆ ਗਏ। ਕੋਈ ਚਾਰ ਕੁ ਸਾਲ ਈਸਟ ਅਫ਼ਰੀਕਾ ਵਿਚ ਕੰਮ ਕਰਨ ਤੋਂ ਬਾਅਦ। ਕੁਝ ਸਮਾਂ ਪਿੰਡ ਠਹਿਰ ਭਿਖਾਰੀ ਜੀ 1917 ਵਿਚ ਰੋਜ਼ੀ ਰੋਟੀ ਦੀ ਤਲਾਸ਼ ਕਲਕੱਤੇ ਚਲੇ ਗਏ। ਹੱਥ ਦੇ ਸੁੱਚੇ ਤੇ ਕ੍ਰਿਤੀ-ਹੁਨਰ ਦੇ ਮਾਲਕ, ਸੁਹਣਾ ਕੰਮ ਕਰਦੇ ਤੇ ਨਿੱਕੀ ਨਿੱਕੀ

ਦੁਕਾਨ ਵਰਗੀਆਂ ਟੈਕਨੀਕਲ ਯੂਨਿਟਾਂ ਨੂੰ ਫੈਕਟਰੀਆਂ ਦਾ ਰੂਪ ਦੇ ਕੇ ਕਮਾਲ ਕਰ ਦਿਖਾਇਆ। ਇਥੇ ਉਨ੍ਹਾਂ ਨੂੰ ਮਾਲਕ ਅਤੇ ਕਾਰੀਗਰ ਦੇ ਕਾਣੀ-ਵੰਡ ਦੇ ਰਿਸ਼ਤੇ ਦੀ ਖ਼ੂਬ ਸਮਝ ਤੇ ਵਾਕਫ਼ੀ ਹੋਈ, ਜੋ ਇਕ ਵੱਡੀ ਮਾਨਸਿਕ ਪੀੜਾ ਵਜੋਂ ਇਨ੍ਹਾਂ ਮਹਿਸੂਸ ਕੀਤੀ। ਮਾਲਕ ਅਤੇ ਮਿਹਨਤੀ ਕ੍ਰਿਤੀ ਦਾ ਰਿਸ਼ਤਾ ਸੁਖਾਵਾਂ ਨਹੀਂ ਸੀ। ਕਠਿਨ ਮਿਹਨਤ ਕਰਨ ਤੋਂ ਬਾਅਦ ਜੋ ਮੁਆਵਜਾ (ਤਨਖ਼ਾਹ) ਕ੍ਰਿਤੀ ਨੂੰ ਮਿਲਦਾ, ਉਹ ਕੁਝ ਵੀ ਨਹੀਂ ਸੀ। ਪਰ ਪਰਵਾਰਿਕ ਜ਼ਰੂਰਤਾਂ ਨਾਲ ਪੂਰਾ ਉਤਰਨ ਦੀ ਜੀਵਨ ਦੀ ਪੂਰੀ ਸਚਾਈ ਹੋਣ ਕਾਰਨ, ਉਨ੍ਹਾਂ ਕਈ ਕੰਮਾਂ ਨੂੰ ਹੱਥ ਪਾਇਆ, ਪਰ ਸਫਲਤਾ ਪੂਰਵਕ ਨੇਪਰੇ ਚੜ੍ਹਨ ਤੋਂ ਇਲਾਵਾ, ਉਨ੍ਹਾਂ ਨੂੰ ਸਹੀ ਮਾਲੀ ਇਨਸਾਫ਼ ਨਾ ਮਿਲਿਆ। ਇਹੋ ਰੋਜ਼-ਮੱਰਾਅ ਦੇ ਅਨੁਭਵ ਤੇ ਸਮਾਜਕ ਕਾਣੀ-ਵੰਡ ਦੀ ਚੋਟ ਭਿਖਾਰੀ ਜੀ ਦੇ ਦਿਮਾਗ਼ ਉਪਰ ਨਿਰੰਤਰ ਉਕਰੀ ਜਾਂਦੀ। ਪੜ੍ਹਨ ਦੇ ਤਾਂ ਰੱਜ ਕੇ ਸ਼ੌਕੀਨ ਸਨ, ਸੋ ਬੰਗਾਲ 'ਚ ਜਾ ਵਸਣ ਨਾਲ ਆਪਣੇ ਸਾਹਿਤ ਤੋਂ ਇਲਾਵਾ ਟੈਗੋਰ, ਮੁਨਸ਼ੀ ਪ੍ਰੇਮ ਚੰਦ ਤੇ ਹੋਰ ਸਮੇਂ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਤੋਂ ਬਹੁਤ ਪ੍ਰਭਾਵਿਤ ਹੋਏ। ਸਿੱਖ ਧਰਮ ਅਤੇ ਨਾਲ ਲਗਦੇ ਪੰਜਾਬੀ ਸਾਹਿਤ ਤੇ ਗੁਰਬਾਣੀ ਤੋਂ ਤਾਂ ਉਹ ਭਲੀ-ਭਾਂਤ ਜਾਣੂ ਹੀ ਸਨ।

ਆਜ਼ਾਦੀ ਅਤੇ ਗੁਰਦੁਆਰਾ ਲਹਿਰ ਜੋ 1921 ਤੋਂ ਸ਼ੁਰੂ ਹੋਈ ਅਤੇ ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਦੇ ਸਾਕਿਆਂ ਤੋਂ ਇਹ ਬੇਹੱਦ ਮੁਤਾਸਿਰ ਹੋਏ। ਚੂੰਕਿ ਬੋਲਦੇ ਬਹੁਤ ਘਟ ਸਨ, ਸੋਚਦੇ ਅਤੇ ਘੋਖਦੇ ਜ਼ਿਆਦਾ ਸਨ। ਜੋ ਹਾਲਤ ਅਮੂਮਨ ਅਜਿਹੇ ਮਨੁੱਖ ਨੂੰ ਲਿਖਣ ਲਈ ਬਿਹਬਲ ਕਰ ਦੇਂਦੀ ਹੈ। ਗੁਰਦੁਆਰੇ ਤੇ ਦੀਵਾਨਾ ਦੇ ਪ੍ਰੇਮੀ ਤੇ ਸੇਵਾ-ਭਾਵ ਤਾਂ ਇਨ੍ਹਾਂ ਨੂੰ ਖ਼ਾਨਦਾਨੀ ਵਿਰਸੇ ਚੋਂ ਮਿਲੀ ਸੀ। ਇਨ੍ਹਾਂ ਸਭ ਪ੍ਰੋਗਰਾਮਾਂ ਨੂੰ ਸਫ਼ਲ ਬਨਾਣ ਲਈ ਇਹ ਮੋਹਰੀ ਹੋ ਅਣਥੱਕ ਮਿਹਨਤ ਕਰਦੇ, ਪਰ ਕਵਿਤਾ ਰਚਨ ਤੇ ਪੜ੍ਹਨ ਤੋਂ ਇਲਾਵਾ ਉਹ ਪਬਲਿਕ ਸਾਹਮਣੇ ਜ਼ਾਹਿਰ ਰੂਪ ਵਿਚ ਆਪਣਾ ਵਿਖਾਵਾ ਨਾ ਕਰਦੇ। ਹਮੇਸ਼ਾ ਪਰਦੇ ਦੇ ਪਿਛੇ ਰਹਿ ਕੇ ਹੀ ਕੰਮ-ਸੇਵਾ ਕਰਨ ਨੂੰ ਤਰਜੀਹ ਦੇਂਦੇ। ਸਵਾਰਥ ਇਨ੍ਹਾਂ ਦੇ ਲਾਗੇ ਲਾਗੇ ਨਹੀਂ ਸੀ। ਕਲਕੱਤੇ ਹੀ 1922 ਵਿਚ ਇਨ੍ਹਾਂ ਦਾ ਮੇਲ ਸ੍ਰ. ਮੁਨਸ਼ਾ ਸਿੰਘ ਦੁਖੀ ਅਤੇ ਸ੍ਰ. ਰਘਬੀਰ ਸਿੰਘ ਬੀਰ ਨਾਲ ਹੋਇਆ। ਫਿਰ ਮੁਲਕਾਤ ਸਦੀਵੀਂ ਸਨੇਹ ਅਤੇ ਨਿੱਘੀ ਮਿੱਤ੍ਰਤਾ ਹੋ ਗੁਜ਼ਰੀ। ਇਨ੍ਹਾਂ ਨੇ ਸੱਜਣਾਂ ਨਾਲ ਮਿਲ ਕੇ ਇਕ ਸੰਸਥਾ 'ਕਵੀ ਕੁਟੀਆ' ਬਣਾ ਲਈ। ਦੁਖੀ ਜੀ ਪ੍ਰਧਾਨ ਤੇ ਆਪ ਸਕੱਤਰ ਸਨ। ਇਹ ਗੁਰਪੁਰਬਾਂ ਵਾਸਤੇ ਟ੍ਰੈਕਟ ਛਾਪਦੇ ਤੇ ਸੰਗਤ ਵਿਚ ਮੁਫ਼ਤ ਵੰਡਦੇ। ਨਾਲ ਹੀ 1922 ਵਿਚ 'ਪ੍ਰੀਤਮ' ਮਾਸਿਕ ਅਤੇ 1923 ਵਿਚ 'ਫੁਲਵਾੜੀ' ਮਾਸਕ ਨਿਕਲਣੇ ਸ਼ੁਰੂ ਹੋਏ। ਇਹ ਕਵੀ ਕੁਟੀਆ ਕੋਈ ਹੋਰ ਜਗ੍ਹਾ ਨਹੀਂ ਸੀ ਬਲਕਿ ਭਿਖਾਰੀ ਜੀ ਦਾ ਆਪਣਾ ਨਿੱਜੀ ਨਿਵਾਸ ਹੀ ਸੀ, ਜਿਥੇ ਸਾਹਿਤ ਚਿੰਤਕਾਂ ਦੀਆਂ ਬੈਠਕਾਂ ਹੁੰਦੀਆਂ, ਸਾਰਾ ਦਿਨ ਇਹ ਲੋਕ ਮਿਹਨਤ ਅਤੇ ਕ੍ਰਿਤੀ ਧੰਦੇ ਕਰਦੇ ਅਤੇ ਰਾਤੀ ਆਪਣੇ ਕਾਵਿ-ਟੀਰੇ ਅਨੁਸਾਰ ਪ੍ਰਦਰਸ਼ਨ ਦੇ ਕੰਮਾਂ ਵਿਚ ਤਤਪਰ ਰਹਿੰਦੇ। ਆਪ ਭਿਖਾਰੀ ਜੀਪ ਲਿਖਣ ਤੇ ਪ੍ਰਕਾਸ਼ਨ ਦਾ ਕੰਮ ਸੰਭਾਲਦੇ ਤੇ ਬਾਕੀ ਸੱਜਣ ਦੁਖੀ ਜੀ ਤੇ ਬੀਰ ਜੀ ਬਾਹਰਲਾ ਕੰਮ ਕਰਦੇ, ਇਨ੍ਹਾਂ ਦੇ ਮਾਸਿਕ ਪੱਤਰਾਂ ਦੇ ਵਿਸ਼ੇ—ਦੇਸ਼ ਪਿਆਰ, ਭਗਤੀ ਲਹਿਰ, ਸਮਾਜ ਸੁਧਾਰ ਤੇ ਕ੍ਰਾਂਤੀ ਦੀਆਂ ਕਵਿਤਾਵਾਂ ਨਾਲ ਗੁੰਦੇ ਹੁੰਦੇ। ਕਲਕੱਤੇ ਵਿਚ ਬੈਠੇ ਹੋਏ ਵੀ ਇਨ੍ਹਾਂ ਦਾ ਸਾਹਿਤਕ ਸੰਪਰਕ ਦੂਰ ਦੁਰਾਡੇ ਦੇ ਸਾਹਿਤਕਾਰਾਂ ਦੀਵਾਨ ਸਿੰਘ ਕਾਲੇਪਾਣੀ, ਗੁਰਮੁਖ ਸਿੰਘ ਮੁਸਾਫ਼ਰ, ਪ੍ਰੋ. ਬ੍ਰਿਜ ਸ਼ਾਸਤਰੀ, ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ, ਗੁਰਾਂਦਿੱਤਾ ਖੰਨਾ ਅਤੇ ਧਨੀ ਰਾਮ ਚਾਤ੍ਰਿਕ ਆਦਿ ਨਾਲ ਜੁੜਿਆ ਰਹਿੰਦਾ। ਆਖ਼ਰ 'ਕਵੀ' ਮਾਸਿਕ ਪੱਤਰ 1927 ਵਿਚ ਪ੍ਰਕਾਸ਼ਤ ਹੋਣਾ ਸ਼ੁਰੂ ਹੋ ਗਿਆ ਅਤੇ ਬਾਅਦ

ਵਿਚ 'ਦੇਸ਼ ਦਰਪਨ' ਰੋਜ਼ਾਨਾ ਅਖ਼ਬਾਰ 1930 ਵਿਚ ਜਾਰੀ ਕੀਤਾ ਗਿਆ।

ਕੁਝ ਚਰਚਾ ਭਿਖਾਰੀ ਦੀਆਂ ਰਚਨਾਵਾਂ ਬਾਰੇ। ਇਨ੍ਹਾਂ ਦੀਆਂ ਕੁਝ ਕਾਵਿ ਰਚਨਾਂ ਸਵਾਰਥ ਜਾਂ ਪੈਸਾ ਇਕੱਠਾ ਕਰਨ ਦੀ ਚਾਹ ਤੋਂ ਕਿਤੇ ਦੂਰ ਹੈ। ਇਹ ਤਾਂ ਭਰੇ ਪੀਤੇ ਦਿਲ ਲਬਾ-ਲਬ ਵਲ-ਵਲਿਆਂ ਦੇ ਠਾਠਾਂ ਮਾਰਦੇ ਸਮੁੰਦਰ ਨੂੰ ਹਵਾੜ ਕੱਢਣ ਦਾ ਇਕ ਵਸੀਲਾ ਸੀ, ਜੋ ਕੁਝ ਦੇਖਿਆ, ਭੋਗਿਆ ਤੇ ਜਰਿਆ ਉਨ੍ਹਾਂ ਹੀ ਖ਼ਿਆਲਾਂ ਨੂੰ ਤਹਿ ਦਿਲ ਦੀ ਸੱਚਾਈ, ਨੇਕ, ਦਰਦ ਤੇ ਦਿਲੀ ਹੂਕਾਂ ਨੂੰ ਕਵਿਤਾ ਦੀ ਜ਼ਬਾਨ ਦੇ ਦਿਤੀ। ਉਨ੍ਹਾਂ ਦਾ ਸਮੂਹ ਕਾਵਿ ਪਿਆਰ, ਮਜਾਜ਼ੀ ਨੂੰ ਛੱਡ, ਹਕੀਕੀ ਹੋ ਨਿਬੜਿਆ। ਇਕ ਦੂਜੇ ਦੀ ਖ਼ਾਤਿਰ ਮਰ-ਮਿਟਣ ਦੀ ਖਾਹਿਸ਼, ਵਾਸ਼ਨਾ ਦਾ ਬਿੰਬ ਕਿਤੇ ਅੰਸ਼-ਮਾਤ੍ਰ ਨਹੀਂ ਆਉਂਦਾ, ਟੋਟਲ ਕਾਵਿ-ਸੰਗ੍ਰਹਿ ਵਿਚ ਇਨ੍ਹਾਂ ਦੀ ਕਵਿਤਾ ਇਨ੍ਹਾਂ ਦੀ ਆਪਣੀ ਤਸਵੀਰ ਹੈ। ਸੁੰਦਰ, ਸੂੱਛ, ਸੱਚੀ, ਤੀਬਰ ਤੇ ਤਿਖੀ ਜੋ ਕਵੀ ਦੀ ਨਿਜੀ–ਸ਼ਖ਼ਸੀਅਤ ਉਚ ਸਿੱਖੀ ਜੀਵਨ, ਗੁਰਮੁੱਖਤਾ ਅਤੇ ਕਰਣੀ-ਕਥਨੀ ਦੀ ਨੇੜਤਾ ਦੇ ਗੁਣਾਂ ਦੀ ਗਵਾਹੀ ਭਰਦੀ ਹੈ। ਪੁਸਤਕ 'ਪ੍ਰੇਮ ਲਹਿਰਾਂ' ਨੂੰ ਭਿਖਾਰੀ ਜੀ ਨੇ ਪੰਜ ਰੰਗਾਂ ਦੀ ਕ੍ਰਮ-ਵਾਰ ਵੰਡ ਕਰਕੇ ਇਕ ਬਹੁ-ਰੰਗ ਦਰਸ਼ੀ (Kaleido scope) ਦੀ ਸਿਰਜਨਾ ਕਰਨ ਦਾ ਸਫਲ ਯਤਨ ਕੀਤਾ ਹੈ।

ਭਿਖਾਰੀ ਜੀ ਨੇ ਜ਼ਿੰਦਗੀ ਦੇ ਹਰ ਪੱਖ ਨੂੰ ਬਹੁਤ ਕੋਲੋਂ ਹੋ ਕੇ ਤੱਕਿਆ ਹੈ ਅਤੇ ਹੰਢਾਇਆ ਹੈ। ਚਾਹੇ ਇਕ ਪਰਿਵਾਰਕ ਗ੍ਰਿਹਸਤੀ ਦੀ ਜੂਝ-ਜੰਗ ਕ੍ਰਿਤੀ ਹੱਥ-ਕੰਢੇ ਜਾਂ ਕੁਦਰਤ ਦੇ ਅਸੂਲ, ਸਮਾਜਕ ਊਣਤਾਈਆਂ, ਅੰਧ ਵਿਸ਼ਵਾਸ, ਨਹੀਂ ਤਾਂ ਆਪਣੀ "ਪ੍ਰੇਮ ਲਹਿਰਾਂ" ਦੀ ਕਾਵਿ-ਰਚਨਾ ਵਿਚ ਜੋ ਪੰਜ ਰੰਗਾਂ ਦੀ ਰੂਪ ਰੇਖਾ ਉਲੀਕੀ ਅਤੇ ਰਚੀ, ਇੰਨੀ ਸਫਲਤਾ ਨਾਲ ਨਿਭਾ ਸਕਣਾ ਇਕ ਗੰਭੀਰ ਸਮੱਸਿਆ ਹੁੰਦੀ। ਜੋ ਕਾਵਿ ਉਡਾਰੀਆਂ ਉਨ੍ਹਾਂ "ਸ਼ਰਧਾ ਦੇ ਫੁੱਲ" ਡੰਡਵਤ/ਅਰਦਾਸ (ਸਤਿਗੁਰਾਂ ਦੀ ਮਹਿਮਾ) ਸਾਹਿਤਯ ਬੀਨ ਕੁਦਰਤ ਰਾਣੀ ਦੇ ਵੱਖ ਵੱਖ ਅਨੂਠੇ ਦਰਸ਼ਨ–ਵੈਰਾਗ ਬਿਹਾਗ ਜੋ ਵੈਰਾਗ/ਅਨੁਭਵ ਜੀਵਨ ਵਿਚ ਹੰਢਾਏ, ਅਨੁਵਾਦ ਜਿੰਨ੍ਹਾਂ ਦੁਆਰਾ ਉਨ੍ਹਾਂ ਦੀ ਸਮਕਾਲੀ, ਕਵੀਆਂ ਨਾਲ ਸਾਂਝ/ਸੁਮੇਲ ਹੋਇਆ ਜਾਂ ਸਾਹਿਤਕ ਕਸ਼ੱਸ਼ ਜਾਗੀ ਅਤੇ ਪੰਜਵਾਂ ਰੰਗ, ਕੌਮੀ ਤਰਾਨੇ ਦੇਸ਼ ਪਿਆਰ ਦਾ ਅਥਾਹ ਠਾਠਾ ਮਾਰਦਾ ਸਾਗਰ ਨੂੰ, ਮਾਨੋ ਗਾਗਰ ਵਿਚ ਸਾਗਰ ਦੇ ਰੂਪ ਵਿਚ ਕਾਵਿ-ਬੱਧ ਕੀਤਾ ਪ੍ਰਤੀਤ ਹੁੰਦਾ ਹੈ। ਸਮੂਹ ਕਾਵਿ-ਰਚਨਾ ਧਰਤੀ ਨਾਲ ਇਤਨੀ ਨੇੜੇ ਛੋਂਹਦੀ ਦਿੱਖ ਆਉਂਦੀ ਹੈ ਜਿਸ ਦਾ ਅੰਤ੍ਰੀਵ ਸੀਮਾ ਤਕ ਅਨੰਦ ਜਣਾ-ਖਣਾ ਕੁਝ ਕਵਿਤਾਵਾਂ ਚੋਂ ਪਹਿਲੀ ਹੀ ਤਾਰੀ ਨਾਲ ਨਹੀਂ ਮਾਣ ਸਕਦਾ। ਬੋਲੀ ਤੇ ਸ਼ਬਦ ਕਿਧਰੇ ਇੰਨੇ ਠੇਠ ਤੇ ਸਿਧਰੇ ਹਨ ਜੋ ਅੱਜ ਦੀ ਪੀੜ੍ਹੀ (Tube lite Generation) ਦੀ ਸਮਝ ਤੋਂ ਬਾਹਰ ਜਾਪਣ ਲਗਦੀ ਹੈ। ਹਿੰਦੀ ਦੀ ਪਕੜ ਜੋ ਗੁਰਮੁਖੀ ਲਿਖਤ, ਲਿਪੀ ਵਿਚ ਆਪ ਮੁਹਾਰੇ ਡਲ੍ਹਕਦੀ ਹੈ।(ਬਹੁ-ਭਾਸ਼ਕ ਕਾਵਿ-ਧਾਰ ਰੱਖਣ ਵਾਲਿਆਂ 'ਤੇ ਇਨ੍ਹਾਂ ਸਭ ਭਾਸ਼ਾਵਾਂ ਦਾ ਰੰਗ ਸੁਭਾਵਿਕ ਹੈ) ਜਿਥੇ ਕਿਤੇ ਹਾਸਰਸ ਦੇ ਕੁਝ ਭੂਲੇ-ਵਿਸਰੇ ਬੰਦ ਵੀ ਹਨ, ਉਹ ਵੀ ਬਹੁਤ ਸੰਜੀਦਗੀ ਨਾਲ ਨਿਭਾਏ ਹਨ। ਪੜ੍ਹਨ ਵਾਲੇ ਨੂੰ ਆਮਲੇ ਦੇ ਖਾਣ ਦੀ ਤਰ੍ਹਾਂ ਕੁਝ ਬਾਅਦ ਵਿਚ ਸਮਝ-ਸੁਆਦ ਆਉਣ ਵਾਂਗੂ ਹੈ। ਜਿਵੇਂ "ਗਾਂਧੀ ਜਿਹੇ ਗਾਂਧੀ ਦੇ ਥਕੇ ਗਾਂਧੀ..... ਪੰਨਾ149 " ਤੇਰੇ ਨੀਲੇ ਅਲਪ ਕਲਮੀ ਜਿਗਾ.... ਪੰਨਾ 26; ਸਾਹਿਬ ਅਜੀਤ ਮਿਰਗੇਨ ਤਲਵਾਰ ਤੇਰੀ..... ਪੰਨਾ 36 ਆਦਿਕ।

ਭਿਖਾਰੀ ਜੀ ਨੇ ਜੀਵਨ ਦੀ ਸਾਰਥਿਕਤਾ ਤੇ ਨਿਆਰਥਿਕਤਾ ਦੀ ਸਕੈਚ "ਦੁਨੀਆਂ ਤੇ ਤੇਰੀ

ਲੋੜ ਨਹੀਂ, ਪੰਨਾ 93" ਕਿੰਨੇ ਡੂੰਘੇ ਦਰਦ ਨਾਲ ਵਿਰਲਾਪਿਤ ਕੀਤਾ ਹੈ। ਜਦ ਦੇਸ਼ ਪਿਆਰ ਦੇ ਵਹਿਣ ਵਿਚ ਪੈਂਦੇ ਹਨ ਤਾਂ ਦੇਸ਼ ਭਗਤੀ ਦੇਸ਼ ਤੋਂ ਬਲਿਹਾਰ ਜਾਣ ਦੀ ਤਰਬੀਅਤ ਦੀ ਝਲਕ ਅਤੇ ਆਪਾ-ਵਾਰਨ ਹਿਤ ਕਹਿੰਦੇ ਹਨ "ਜਦੋਂ ਤਕ ਦੇਸ਼ ਪ੍ਰਤੰਤਰ। ਨ ਸੁਖ ਦਾ ਸਾਹ ਲਵਾਂ ਤਦ ਤਕ"। ਪੰਨਾ 146 ਉਨ੍ਹਾਂ ਦੇ ਦੇਸ਼ ਪਿਆਰ ਦੀ ਅਗਾਧ ਸੀਮਾ ਨੂੰ ਦਰਸਾਂਦਾ ਹੈ। ਪ੍ਰੇਮ ਲਹਿਰਾਂ ਪੁਸਤਕ ਅਜੋਕੇ ਕਾਲ ਵਿਚ, ਜੋ ਕੁਝ ਇਸ ਦੀ ਕੋਖ ਵਿਚੋਂ ਆਖ਼ਰੀ ਰੂਪ ਵਿਚ ਉਭਰ ਕੇ ਉਜਾਗਰ ਹੁੰਦਾ ਹੈ, ਬੋਝਲ ਭਾਵਕਤਾ ਦਾ ਅਨਮੋਲ ਵਿਰਸੇ ਦਾ ਖਜ਼ਾਨਾ ਹੈ। ਇਹ ਇਕ ਅਮੀਰ ਪਿਛੋਕੜ ਦੀ ਚੋਟ ਅੱਜ ਦੀ ਪੀੜ੍ਹੀ, ਜੋ ਕਦੀ ਮਾਇਆਵਾਦ ਵਿਚ ਲੁਪਤ ਹੈ, ਨੂੰ ਕੁਝ ਸੋਚਣ, ਕਰ ਦਿਖਾਉਣ ਤੇ ਉਨ੍ਹਾਂ ਦੇ ਪੱਗ ਚਿੰਨ੍ਹਾਂ ਦੇ ਚੱਲਣ ਵਾਸਤੇ ਲਾਸਾਨੀ ਸਾਬਤ ਹੋਵੇਗੀ। ਉਪਰਾਲੇ ਦੀ ਜ਼ਰੂਰਤ ਹੈ, ਇਸ ਦੇ ਹਰ ਵਿਚਾਰਵਾਨ ਹੱਥਾਂ 'ਚ ਪਹੁੰਚਣ ਅਤੇ ਅਕਾਦਮਿਕ ਅਦਾਰਿਆਂ ਵਿਚ ਪੜ੍ਹਨ ਅਤੇ ਪੜ੍ਹਾਣ ਖ਼ਾਤਿਰ ਲਾਗੂ ਕਰਨ ਦੀ। ਕਿੰਨ੍ਹਾਂ ਚੰਗਾ ਹੋਏ ਜੇ ਭਿਖਾਰੀ ਜੀ ਦੀ ਕੁਲ ਜੀਵਨੀ ਨੂੰ ਸਾਕਾਰ ਰੂਪ ਅਤੇ ਅਮਿਟ ਮੋਹਰ ਛਾਪ ਦੇਣ ਹਿਤ ਉਨ੍ਹਾਂ ਦੀ ਇਕ ਲਘੂ-ਫਿਲਮ ਤਿਆਰ ਕੀਤੀ ਜਾਵੇ ਅਤੇ ਉਹ ਹਰ ਸਕੂਲ ਕਾਲਜਾਂ ਤੇ ਲਾਇਬ੍ਰੇਰੀਆਂ ਵਿਚ ਰੱਖ ਸਮੇਂ ਸਮੇਂ ਤੇ ਨਵ ਪੀੜ੍ਹੀ ਨੂੰ ਪ੍ਰੇਰਿਤ ਕਰਨ ਵਾਸਤੇ ਰਾਮ-ਬਾਣ ਦਾ ਕੰਮ ਕਰੇ।

ਅੰਤਤਾ, ਸ੍ਰ. ਸੌਦਾਗਰ ਸਿੰਘ ਭਿਖਾਰੀ ਨੇ ਇਕ ਸਫਲ ਕਾਵਿ ਵਣਜਾਰਾ ਹੀ ਨਹੀਂ ਸਗੋਂ, ਇਕ ਕੁਸ਼ਲ ਪਰਿਵਾਰ-ਪਾਲਕ ਅਤੇ ਆਪਣੀ ਮਾਨਸਿਕ ਬੁਧੀ ਦਾ ਅਮੀਰ ਵਿਰਸਾ, ਉਨ੍ਹਾਂ ਸਮੂਹ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਛੱਡਿਆ। ਇਨ੍ਹਾਂ ਦੀ ਕਠਨ ਮਿਹਨਤ, ਕਥਨੀ ਅਤੇ ਕਰਨੀ ਦੀ ਨੇੜਤਾ ਤੇ ਇਮਾਨਦਾਰੀ ਦੀ ਝਲਕ ਇਨ੍ਹਾਂ ਦੇ ਵਿਸ਼ਾਲ ਪ੍ਰਵਾਰ ਦੇ ਸੁੰਦਰ ਬ੍ਰਿਛ ਦੇ ਰੂਪ ਵਿਚ ਵਧਿਆ ਟਾਹਣਾ (ਸਪੂਤ ਪ੍ਰਵਾਰਾਂ) ਲਗਰਾਂ, ਫੁੱਲ ਪਤੀਆਂ ਦੇ ਕਰੂਮਲਾਂ ਤੋਂ ਸਾਫ਼ ਸਾਫ਼ ਦਿਖ ਆਉਂਦਾ ਦਿਲਕਸ਼ ਮੰਜ਼ਰ ਹੈ। ਉਨ੍ਹਾਂ ਦੇ ਪਾਏ ਪੂਰਨੇ ਇਸ ਪ੍ਰਵਾਰਿਕ ਬ੍ਰਿਛ ਨੂੰ ਆਪਣੇ ਅਮੀਰ ਵਿਰਸੇ ਦੁਆਰਾ ਸੁਸਥ ਮਾਨਸਿਕ ਖੁਰਾਕ ਅਤੇ ਸਿੰਚਾਈ ਦੇ ਕੇ ਕੁਸ਼ਲ ਸਿਹਤ ਪ੍ਰਦਾਨ ਕਰ ਸਭ ਲਈ ਪੱਥ ਪ੍ਰਜ੍ਵਲਤ ਕਰ ਰਹੇ ਹਨ। ਭਿਖਾਰੀ ਜੀ ਕੇਵਲ ਸਫਲ ਕਾਵਿ-ਵਣਜਾਰਾ ਹੀ ਨਹੀਂ ਸਗੋਂ ਕੁਲ ਸਵਾਸਾਂ ਦੀ ਪੂੰਜੀ ਜੋ ਉਹ ਲੈ ਕਰਕੇ ਇਸ ਸੰਸਾਰ ਵਿਚ ਆਏ ਉਨ੍ਹਾਂ ਨਾਲ ਸੱਚਾ ਤੇ ਸਫਲ ਵਣਜ ਕਰ, ਉਨ੍ਹਾਂ ਨੂੰ ਸਕਾਰਥ ਰੂਪ ਵਿਚ ਲੇਖੇ ਲਾਇਆ ਅਤੇ ਆਪਣੇ ਅਨਥੱਕ ਸਾਹਿਤਕ ਯੋਗਦਾਨ ਨਾਲ ਵਤਨ ਨੂੰ ਸੁਤੰਤਰ ਕਰਾਇਆ। ਕਾਸ਼! ਅਜਿਹੇ ਵਣਜ ਤੋਂ ਅੱਜ ਅਸੀਂ ਵੀ ਕੁਝ ਸੇਧ ਲੈ ਸਕੀਏ।

◆

# ਭਿਖਾਰੀ ਜੀ : ਮੇਰੇ ਉਸਤਾਦ

◆

-ਅਮਰ ਸਿੰਘ ਨਾਸ਼ਾਦ

ਮੇਰੇ ਪਿਤਾ ਜੀ ਮਿਲਟਰੀ ਵਿਚੋਂ ਰੀਟਾਇਰ ਹੋ ਕੇ 1926 ਵਿਚ ਕਲਕੱਤੇ ਆ ਗਏ ਸਨ ਤੇ 1930 ਵਿਚ ਸਾਡਾ ਬਾਕੀ ਪਰਿਵਾਰ ਵੀ ਕਲਕੱਤੇ ਆ ਗਿਆ।

1934-35 ਵਿਚ ਜਦ ਮੈਂ ਕਲਕੱਤੇ ਦੇ ਸਾਊਥ ਸੁਬਰਬਨ ਸਕੂਲ ਵਿਚ ਸਤਵੀਂ ਜਮਾਤ ਵਿਚ ਪੜ੍ਹਦਾ ਸਾਂ। ਉਸ ਸਮੇਂ ਮੈਨੂੰ ਪੰਜਾਬੀ ਕਵਿਤਾ ਪੜ੍ਹਨ ਸੁਣਨ ਦੀ ਚੇਟਕ ਲੱਗੀ। ਹਾਜ਼ਰਾ ਰੋਡ ਦੀ 7 ਨੰਬਰ ਕੋਠੀ ਵਿਖੇ ਸਾਡੇ ਨਾਲ ਦੇ ਕਮਰੇ ਵਿਚ ਰੰਡੀਵਿੰਡ ਦੇ ਗਿਆਨੀ ਹਜ਼ਾਰਾ ਸਿੰਘ ਰਹਿੰਦੇ ਸਨ, ਬਾਬਾ ਵਸਾਖਾ ਸਿੰਘ ਜੀ ਦੇ ਪੈਰੋਕਾਰ ਤੇ ਪੱਕੇ ਕਮਿਊਨਿਸਟ ਉਹ ਪੰਜਾਬੀ ਦਾ ਪਾਬੰਦੀ ਸ਼ੁਦਾ ਮਾਸਿਕ ਪੱਤਰ 'ਕਿਰਤੀ' ਪੰਜਾਬ ਤੋਂ ਮੰਗਵਾ ਲੈਂਦੇ ਸਨ। 'ਕਿਰਤੀ' ਵਿਚ ਬੜੀਆਂ ਜੋਸ਼ੀਲੀਆਂ ਇਨਕਲਾਬੀ ਕਵਿਤਾਵਾਂ ਛਪਦੀਆਂ ਸਨ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹ ਪੜ੍ਹ ਕੇ ਮੈਂ ਵੀ ਏਸ ਪਾਸੇ ਖਿਚਿਆ ਗਿਆ।

ਉਨ੍ਹੀ ਦਿਨੀਂ ਹੀ ਕਲਕੱਤੇ ਤੋਂ ਸ੍ਰ. ਨਿਰੰਜਨ ਸਿੰਘ ਤਾਲਿਬ ਦੀ ਸੰਪਾਦਕੀ ਵਿਚ ਪੰਜਾਬੀ ਦੇ ਰੋਜ਼ਾਨਾ ਅਖ਼ਬਾਰ 'ਦੇਸ਼ ਦਰਪਨ' ਵਿਚ ਰੋਜ਼ਾਨਾ ਪੰਜਾਬੀ ਦੀ ਇਕ ਕਵਿਤਾ ਜ਼ਰੂਰ ਛਪਦੀ ਸੀ, ਜੋ ਦੇਸ਼ ਪਿਆਰ ਵਿਚ ਰੰਗੀ ਹੁੰਦੀ ਸੀ। ਇਨ੍ਹਾਂ ਵਿਚ ਹੀ ਕਦੀ ਕਦਾਈ ਸ. ਸੌਦਾਗਰ ਸਿੰਘ ਜੀ ਭਿਖਾਰੀ ਦੀ ਕਵਿਤਾ ਵੀ ਹੁੰਦੀ, ਜੋ 'ਕਵੀ' ਦੇ ਕਿਸੇ ਪੁਰਾਣੇ ਅੰਕ ਵਿਚੋਂ ਲੈ ਕੇ ਛਾਪੀ ਹੁੰਦੀ ਸੀ। ਨੌਵੀ ਦਸਵੀ ਜਮਾਤ ਤਕ ਪੁਜਦਿਆਂ ਮੈਨੂੰ ਭਿਖਾਰੀ ਜੀ ਬਾਰੇ ਕਾਫ਼ੀ ਜਾਣਕਾਰੀ ਹੋ ਚੁੱਕੀ ਸੀ। ਇਨ੍ਹਾਂ ਦਿਨਾਂ ਵਿਚ ਹੀ ਮੈਨੂੰ ਦੋ ਛੋਟੇ ਨਾਵਲ ਪੜ੍ਹਨ ਦਾ ਮੌਕਾ ਮਿਲਿਆ। 'ਦੇਵੀ ਚੌਧਰਾਣੀ' ਤੇ 'ਅਨੰਦ ਮਠ'। ਇਹ ਦੋਵੇਂ ਭਿਖਾਰੀ ਜੀ ਨੇ ਹੀ ਬੰਗਾਲੀ ਤੋਂ ਪੰਜਾਬੀ ਵਿਚ ਅਨੁਵਾਦ ਕੀਤੇ ਸਨ। ਦੋਵੇਂ ਨਾਵਲ ਬੰਗਾਲ ਵਿਚ ਚਲ ਰਹੀਆਂ ਇਨਕਲਾਬੀ ਲਹਿਰਾਂ ਨਾਲ ਸਬੰਧ ਰਖਦੇ ਸਨ ਤੇ ਪੜ੍ਹਨ ਵਾਲਾ ਆਪ ਮੁਹਾਰੇ ਹੀ ਸਵੈਧੀਨਤਾ ਸੰਗਰਾਮ ਵਲ ਖਿਚਿਆ ਜਾਂਦਾ ਸੀ। ਖ਼ਾਸ ਕਰਕੇ ਇਹ ਨੌਜਵਾਨਾਂ ਨੂੰ ਬਹੁਤ ਪ੍ਰਭਾਵਿਤ ਕਰਦੇ ਸਨ।

ਉਸ ਵਕਤ ਤਕ ਮੈਨੂੰ ਪਤਾ ਲੱਗ ਚੁਕਿਆ ਸੀ ਕਿ ਭਿਖਾਰੀ ਜੀ ਤੇ ਉਨ੍ਹਾਂ ਦੇ ਕੁਝ ਕਵੀ ਸਾਥੀਆਂ ਨੇ ਜਿਨ੍ਹਾਂ ਵਿਚ ਗ਼ਦਰੀ ਸ. ਮੁਨਸ਼ਾ ਸਿੰਘ ਦੁਖੀ ਵੀ ਸ਼ਾਮਿਲ ਸਨ, ਪੰਜਾਬੀ ਕਵੀਆਂ ਦੀ ਇਕ ਜਥੇਬੰਦੀ 'ਕਵੀ ਕੁਟੀਆ' 1923 ਵਿਚ ਕਾਇਮ ਕੀਤੀ ਸੀ, ਜੋ 1930 ਤਕ ਚਲਦੀ ਰਹੀ। ਕਵੀ ਕੁਟੀਆ ਨੇ ਆਪਣਾ 'ਕਵੀ ਪ੍ਰੈੱਸ' ਵੀ ਲਗਾਇਆ ਤੇ 'ਕਵੀ' ਨਾਮ ਦਾ ਪੰਜਾਬੀ ਕਵਿਤਾਵਾਂ ਦਾ ਮਾਸਿਕ

ਪੱਤਰ ਵੀ ਜਾਰੀ ਕੀਤਾ। 'ਕਵੀ ਕੁਟੀਆ' ਦੇ ਨਾਲ ਹੀ 'ਕਵੀ' ਵੀ 1930 ਵਿਚ ਬੰਦ ਹੋ ਗਿਆ ਸੀ। ਪਰ ਕਵੀ ਪ੍ਰੈੱਸ ਅੱਜ ਵੀ ਕਾਇਮ ਹੈ। ਜਿਥੋਂ ਰੋਜ਼ਾਨਾ ਅਖ਼ਬਾਰ 'ਦੇਸ਼ ਦਰਪਨ' ਛਪ ਰਿਹਾ ਹੈ।

'ਕਵੀ ਕੁਟੀਆ' ਦੇ ਸਹਿਬਾਨੀ ਸ. ਮੁਨਸ਼ਾ ਸਿੰਘ ਦੁਖੀ ਤੇ ਸ. ਰਘਬੀਰ ਸਿੰਘ 'ਬੀਰ' ਕਲਕੱਤੇ ਤੋਂ ਜਾ ਚੁੱਕੇ ਸਨ, ਪਰ ਸ. ਸੌਦਾਗਰ ਸਿੰਘ ਭਿਖਾਰੀ ਕਲਕੱਤੇ ਵਿਚ ਹੀ ਰਹਿ ਕੇ ਆਪਣਾ ਕਾਰੋਬਾਰ ਕਰ ਰਹੇ ਸਨ। ਪਰ ਮੈਨੂੰ ਅਜੇ ਤਕ ਉਨ੍ਹਾਂ ਨਾਲ ਮਿਲਨ ਦਾ ਅਵਸਰ ਪ੍ਰਾਪਤ ਨਹੀਂ ਸੀ ਹੋਇਆ। ਹਾਲਾਂਕਿ ਉਸ ਵਕਤ ਕਲਕੱਤੇ ਵਿਚ ਪੰਜਾਬੀਆਂ ਦੀ ਗਿਣਤੀ ਬਹੁਤ ਥੋੜ੍ਹੀ ਸੀ ਤੇ ਆਮ ਇਕ ਦੂਜੇ ਨਾਲ ਜਾਣ ਪਛਾਣ ਹੋ ਜਾਂਦੀ ਸੀ। ਮੇਲ ਨਾ ਹੋਣ ਦਾ ਕਾਰਨ ਸ਼ਾਇਦ ਇਹ ਵੀ ਸੀ ਕਿ 'ਭਿਖਾਰੀ' ਜੀ ਕਿਸੇ ਸਭਾ ਸੁਸਾਇਟੀ ਦੇ ਮੈਂਬਰ ਜਾਂ ਅਹੁਦੇਦਾਰ ਬਣਨ ਵਿਚ ਬਿਲਕੁਲ ਰੁਚੀ ਨਹੀਂ ਸਨ ਰਖਦੇ ਤੇ ਆਪਣੇ ਰੰਗ ਤੇ ਆਪਣੇ ਕੰਮ ਵਿਚ ਹੀ ਸਦਾ ਮਗਨ ਰਹਿੰਦੇ ਸਨ।

ਸ੍ਰੀ ਗੁਰੂ ਸਿੰਘ ਸਭਾ ਕਲਕੱਤੇ ਨੂੰ ਜਦ ਵੀ ਕਿਸੇ ਗੰਭੀਰ ਮਸਲੇ ਤੇ ਵਿਚਾਰ ਕਰਨ ਲਈ ਸਭਾ ਸੁਸਾਇਟੀਆਂ ਤੋਂ ਬਾਹਰ ਰਹਿੰਦੇ ਮੁਖੀ ਸਿੱਖਾਂ ਦੇ ਮਸ਼ਵਰੇ ਦੀ ਲੋੜ ਪੈਂਦੀ ਤਾਂ ਪਤਵੰਤੇ ਸੱਜਣਾਂ ਦੀ ਮੀਟਿੰਗ ਸੱਦ ਲਈ ਜਾਂਦੀ। ਇਸ ਤਰ੍ਹਾਂ ਦੇ ਇਕੱਠਾਂ ਵਿਚ ਭਿਖਾਰੀ ਜੀ ਵੀ ਸ਼ਾਮਿਲ ਹੁੰਦੇ ਤੇ ਉਨ੍ਹਾਂ ਵਲੋਂ ਰਾਜਸੀ, ਸਮਾਜਕ ਤੇ ਧਾਰਮਿਕ ਮਸਲਿਆਂ ਬਾਰੇ ਪ੍ਰੋੜ ਤਜਰਬੇ ਦੇ ਆਧਾਰ ਤੇ ਦਿਤੇ ਮਸ਼ਵਰੇ ਦਾ ਸ੍ਰੀ ਗੁਰੂ ਸਿੰਘ ਸਭਾ ਨੂੰ ਪੂਰਾ ਲਾਭ ਉਠਾਉਣ ਦਾ ਮੌਕਾ ਮਿਲ ਜਾਂਦਾ। ਸ਼ਾਇਦ ਇਸ ਤਰ੍ਹਾਂ ਦੇ ਕਿਸੇ ਇਕੱਠ ਸਮੇਂ ਮੈਨੂੰ ਭਿਖਾਰੀ ਜੀ ਨੂੰ ਮਿਲਣ ਦਾ ਮੌਕਾ ਮਿਲਿਆ। ਕਦੋਂ ਤੇ ਕਿਵੇਂ ਇਹ ਹੁਣ ਯਾਦ ਨਹੀਂ, ਪਰ ਇਹ ਯਾਦ ਹੈ ਭਿਖਾਰੀ ਜੀ ਦਾ ਮਧਰਾ ਸਰੀਰ, ਗਠੀਲਾ ਸਰੀਰ, ਕਣਕ ਵੰਨਾ ਰੰਗ, ਲੰਮਾ ਦਾਹੜਾ, ਚਿੱਟਾ ਪਹਿਰਾਵਾ, ਬੜਾ ਹੀ ਪ੍ਰਭਾਵਸ਼ਾਲੀ ਚਿਹਰਾ, ਹਸਮੁਖ ਤੇ ਮਿਲਨ ਸਾਰ ਸੁਭਾਉ ਹੁੰਦਾ ਸੀ।

ਇਸ ਸਮੇਂ ਬੰਗਾਲ ਵਿਚ ਆਜ਼ਾਦੀ ਦੀ ਲਹਿਰ ਬੜੀ ਤੇਜ਼ ਸੀ। ਕੋਈ ਵੀ ਨੌਜਵਾਨ ਇਸ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ। ਸੋ ਮੈਂ ਵੀ ਪੂਰੀ ਤਰ੍ਹਾਂ ਇਸ ਪਾਸੇ ਵਲ ਤੁਰ ਪਿਆ ਸਾਂ। 1938 ਵਿਚ ਮੈਟ੍ਰਿਕ ਪਾਸ ਕਰਕੇ ਮੈਂ ਸੇਂਟ ਜ਼ੇਵੀਅਰਸ ਕਾਲਜ ਵਿਚ ਦਾਖ਼ਲਾ ਲੈ ਲਿਆ। ਉਥੇ ਵੀ ਨੇਤਾ ਜੀ ਸੁਭਾਸ਼ ਬੋਸ ਦੇ ਭਤੀਜਿਆਂ ਨੇ ਵਿਦਿਆਰਥੀਆਂ ਦੀ ਜਥੇਬੰਦੀ ਕਾਇਮ ਕੀਤੀ ਹੋਈ ਸੀ। ਇਨ੍ਹਾਂ ਦਿਨਾਂ ਵਿਚ ਹੀ ਮੈਂ ਮਾੜੀ ਮੋਟੀ ਤੁਕ ਬੰਦੀ ਕਰਨ ਲਗ ਪਿਆ ਸਾਂ। ਇਹ ਕਵਿਤਾਵਾਂ ਆਮ ਤੌਰ ਤੇ ਦੇਸ਼ ਪਿਆਰ ਦੀਆਂ ਹੁੰਦੀਆਂ। ਮੈਂ ਆਪਣਾ ਉਪਨਾਮ 'ਨਾਸ਼ਾਦ' ਰਖ ਲਿਆ ਤੇ ਇਸ ਦਾ ਕਾਰਨ ਵੀ ਇਕ ਰੁਬਾਈ ਲਿਖਦੇ ਦਸ ਦਿੱਤਾ :

'ਜਿਸ ਦੇਸ਼ ਦੀ ਆਣ ਆਬਰੂ ਗ਼ੈਰਾਂ ਦੇ ਹੱਥ ਹੋਵੇ
ਪਤਝੜ ਜਿਸਦੇ ਬਾਗ਼ੀ ਵਸਦੀ ਭੁੱਲ ਬਸੰਤ ਨਾ ਛੋਹੇ
ਜਿਸਦੇ ਜ਼ੱਰੇ ਜ਼ੱਰੇ ਵਿਚੋਂ ਆਹ ਮਜ਼ਲੂਮਾਂ ਦੀ ਸੁਣਦੀ
ਉਸ ਗੁਲਾਮ ਦੇਸ਼ ਦਾ ਵਾਸੀ ਕਿਉਂ 'ਨਾਸ਼ਾਦ' ਨਾ ਹੋਵੇ।'

ਪੰਜਾਬ ਸਪੋਰਟਸ ਕਲੱਬ ਕਲਕੱਤਾ ਵਿਚ ਹਾਕੀ, ਫੁਟਬਾਲ ਖੇਡਦਿਆਂ ਮੇਰੇ ਦੋਸਤਾਂ ਦਾ ਘੇਰਾ ਹੋਰ ਵਧ ਗਿਆ। ਰੋਜ਼ਾਨਾ ਦੇਸ਼ ਦਰਪਨ ਵਿਚ ਛਪਦੀਆਂ ਕਵਿਤਾਵਾਂ ਨੇ ਕਈ ਹੋਰ ਨੌਜਵਾਨਾਂ ਨੂੰ ਕਵਿਤਾਵਾਂ ਰਚਣ ਦੀ ਜਾਗ ਲਗਾਈ। 'ਭਿਖਾਰੀ' ਜੀ ਦੇ ਇਕ ਨੌਜਵਾਨ ਸਾਥੀ ਸ. ਚਤਰ ਸਿੰਘ ਬਾਲਕ ਜੋ ਖਿਡਾਰੀ ਤੋਂ ਇਲਾਵਾ ਪੰਜਾਬੀ ਦੇ ਚੰਗੇ ਕਵੀ ਵੀ ਸਨ ਤੇ ਦੇਸ਼ ਦਰਪਨ ਦੇ ਕੰਪੋਜ਼ਿਟਰ ਵਿਭਾਗ ਦੇ

ਫੋਰਮੈਨ ਲੱਗੇ ਹੋਏ ਸਨ, ਸਾਡੇ ਨਾਲ ਆ ਗਏ ਤੇ ਅਸੀ 1939 ਵਿਚ ਪੰਜਾਬ ਨੌਜਵਾਨ ਸਭਾ ਨਾਮ ਦੀ ਜਥੇਬੰਦੀ ਬਣਾ ਲਈ ਤੇ ਇਸ ਤਰ੍ਹਾਂ 'ਭਿਖਾਰੀ' ਜੀ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਕਲਕੱਤੇ ਵਿਚ ਪੰਜਾਬੀ ਕਵਿਤਾ ਦੀ 'ਕਵੀ ਕੁਟੀਆ' ਰਾਹੀਂ ਜਗਾਈ ਗਈ ਜੋਤ ਨੂੰ ਜੋ ਹੁਣ ਤਕ ਲਗਭਗ ਬੁਝ ਚੁੱਕੀ ਸੀ, ਮੁੜ ਪ੍ਰਜਵਲਿਤ ਕਰਨ ਦਾ ਯਤਨ ਕੀਤਾ ਗਿਆ। ਨੌਜਵਾਨ ਸਭਾ ਦੇ ਕਵੀਆਂ ਨੇ ਜਦ ਗੁਰਪੁਰਬਾਂ ਦੀਆਂ ਸਟੇਜਾਂ ਤੇ ਜਾ ਆਪਣੇ ਇਕੱਠਾਂ ਵਿਚ ਕਵਿਤਾਵਾਂ ਪੜ੍ਹਨੀਆਂ ਆਰੰਭ ਕੀਤੀਆਂ ਤਾਂ ਸਾਨੂੰ ਆਪਣੀਆਂ ਕਵਿਤਾਵਾਂ ਦਾ ਪੱਧਰ ਉੱਚਾ ਚੁੱਕਣ ਲਈ ਕਿਸੇ ਉਸਤਾਦ ਕਵੀ ਦੀ ਲੋੜ ਮਹਿਸੂਸ ਹੋਈ। ਖ਼ੁਸ਼ਕਿਸਮਤੀ ਸੀ ਕਿ ਪੰਜਾਬੀ ਦੇ ਸਿਰਮੌਰ ਕਵੀ ਭਿਖਾਰੀ ਜੀ ਕਲਕੱਤੇ ਵਿਚ ਹੀ ਸਨ ਤੇ ਹੁਣ ਇਸ ਖੇਤਰ ਤੋਂ ਰੀਟਾਇਰ ਹੋ ਚੁੱਕੇ ਸਨ, ਸਾਨੂੰ ਮਿਲ ਗਏ, ਉਨ੍ਹਾਂ ਸਾਡੀ ਬੇਨਤੀ ਪ੍ਰਵਾਨ ਕਰਕੇ ਸਾਡੇ ਇਕੱਠਾ ਵਿਚ ਆਉਣਾ ਮੰਨ ਲਿਆ। ਭਿਖਾਰੀ ਜੀ ਸਾਡੀਆਂ ਕਵਿਤਾਵਾਂ ਸੁਣਦੇ ਤੇ ਖਾਮੀਆਂ ਦਰੁਸਤ ਕਰਦੇ। ਪੰਜਾਬ ਨੌਜਵਾਨ ਸਭਾ ਦੇ ਸਹਿਯੋਗ ਨਾਲ ਸ੍ਰੀ ਗੁਰੂ ਸਿੰਘ ਸਭਾ ਕਲਕੱਤਾ ਵਲੋਂ ਗੁਰਪੁਰਬਾਂ ਦੇ ਮੌਕੇ ਇਨਾਮੀ ਕਵੀ ਦਰਬਾਰ ਕਰਾਏ ਜਾਂਦੇ, ਜਿਨ੍ਹਾਂ ਦੀ ਪ੍ਰਧਾਨਗੀ ਜਾਂ ਜੱਜ ਦੀ ਜ਼ਿੰਮੇਵਾਰੀ ਭਿਖਾਰੀ ਜੀ ਨੂੰ ਹੀ ਸੌਂਪੀ ਜਾਂਦੀ।

ਜਿਸ ਤਰ੍ਹਾਂ ਮੈਂ ਉਪਰ ਦੱਸਿਆ ਹੈ 1930-40 ਵਿਚ ਕਲਕੱਤੇ ਦੇ ਨੌਜਵਾਨਾਂ ਤੇ ਖ਼ਾਸ ਕਰਕੇ ਵਿਦਿਆਰਥੀਆਂ ਵਿਚ ਕੌਮੀ ਲਹਿਰ ਬਹੁਤ ਪ੍ਰਬਲ ਹੋ ਚੁੱਕੀ ਸੀ, ਕਿਤੇ ਜਲਸੇ ਹੁੰਦੇ ਤੇ ਜਲੂਸ ਨਿਕਲਦੇ। ਮੈਨੂੰ ਲੰਮਾ ਉੱਚਾ ਸਿੱਖ ਮੁੰਡਾ ਵੇਖ ਕੇ ਕੌਮੀ ਝੰਡਾ ਫੜ੍ਹ ਕੇ ਜਲੂਸ ਦੇ ਅੱਗੇ ਤੋਰ ਦਿੱਤਾ ਜਾਂਦਾ। ਨੌਜਵਾਨ ਸਭਾ ਦੇ ਮੈਂਬਰ ਵੀ ਜੱਥੇ ਦੀ ਸ਼ਕਲ ਵਿਚ ਨਾਲ ਹੁੰਦੇ। 'ਭਿਖਾਰੀ' ਜੀ ਕਦੇ ਵੀ ਜਲਸੇ ਜਲੂਸਾਂ ਵਿਚ ਖ਼ੁਦ ਸ਼ਾਮਿਲ ਨਹੀਂ ਸਨ ਹੁੰਦੇ, ਪਰ ਪਿਛੇ ਰਹਿ ਕੇ ਨੌਜਵਾਨਾਂ ਨੂੰ ਪ੍ਰੇਰਨਾ ਤੇ ਹੱਲਾ ਸ਼ੇਰੀ ਦੇਂਦੇ ਰਹਿੰਦੇ। ਜਲੂਸ ਦੇ ਮੂਹਰੇ ਲਗਾ ਸਾਡਾ ਜੱਥਾ ਜਦੋਂ ਚਕਬਸਤ ਦਾ ਇਹ ਗੀਤ :

"ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।"

ਉੱਚੀ ਆਵਾਜ਼ ਵਿਚ ਗਾਉਂਦਾ ਜਾਂਦਾ ਤਾਂ ਭਿਖਾਰੀ ਜੀ ਦੂਰ ਖੜ੍ਹੋਤੇ ਵੇਖਦੇ ਤੇ ਪ੍ਰਸੰਨ ਹੋਏ ਨਜ਼ਰ ਆਉਂਦੇ। ਇਹ ਸਿਲਸਿਲਾ ਏਸੇ ਤਰ੍ਹਾਂ ਚਲਦਾ ਰਿਹਾ।

1942 ਵਿਚ ਜਪਾਨੀਆਂ ਵਲੋਂ ਕਲਕੱਤੇ ਉਪਰ ਬੰਬ ਸੁੱਟੇ ਜਾਣ ਉਤੇ ਸ਼ਹਿਰ ਵਿਚ ਭੱਜ ਦੌੜ ਮਚ ਗਈ। ਸਾਡੀ ਨੌਜਵਾਨ ਸਭਾ ਦਾ ਢਾਂਚਾ ਵੀ ਖਿੰਡ ਗਿਆ। ਕੋਈ ਕਿਤੇ ਚਲਿਆ ਗਿਆ ਕੋਈ ਕਿਤੇ। ਮੈਂ ਵੀ ਬੀ. ਏ. ਦੇ ਇਮਤਿਹਾਨ ਦਾ ਸੈਂਟਰ ਕਲਕੱਤੇ ਤੋਂ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਚ ਬਦਲਵਾ ਲਿਆ ਤੇ ਇਮਤਿਹਾਨਾਂ ਪਿਛੋਂ ਪੰਜਾਬ ਆ ਗਿਆ। ਇਥੇ ਆਉਣ ਤੇ ਵੀ ਕਲਕੱਤੇ ਦੀ ਸੀ. ਆਈ. ਡੀ. ਨੇ ਜੋ ਨੇਤਾ ਜੀ ਦੇ ਸਾਥੀਆ ਦਾ ਉਚੇਚਾ ਖ਼ਿਆਲ ਰੱਖਦੀ ਸੀ, ਮੇਰਾ ਪਿੱਛਾ ਨਹੀਂ ਛੱਡਿਆ। 1944 ਵਿਚ ਬੰਗਾਲ ਵਿਚ ਖੜਗਪੁਰ ਦੇ ਪਾਸ ਸਲੂਆ ਦੇ ਅਮ੍ਰੀਕਨ ਹਵਾਈ ਅੱਡੇ ਲੁਕ ਛੁਪ ਕੇ ਛੋਟੀ ਮੋਟੀ ਠੇਕੇਦਾਰੀ ਕਰਨ ਲਗ ਪਿਆ ਤੇ ਲੜਾਈ ਖ਼ਤਮ ਹੋਣ ਤੋਂ ਬਾਦ ਮੁੜ ਕਲਕੱਤੇ ਆ ਗਿਆ। 1946 ਵਿਚ ਸ. ਨਰਿੰਜਨ ਸਿੰਘ ਤਾਲਿਬ ਵੀ ਲਾਹੌਰ ਕਿਲ੍ਹੇ ਵਿਚੋਂ ਰਿਹਾ ਹੋ ਕੇ ਕਲਕੱਤੇ ਪੁਜ ਗਏ ਸਨ। ਉਨ੍ਹਾਂ ਨੇ ਸ. ਰਘਬੀਰ ਸਿੰਘ ਬੀਰ ਨਾਲ ਮਿਲ ਕੇ ਬੰਦ ਪਿਆ ਅਖ਼ਬਾਰ ਦੇਸ਼ ਦਰਪਨ ਮੁੜ ਚਾਲੂ ਕੀਤਾ। ਤਾਲਿਬ ਜੀ ਨੇ ਮੈਨੂੰ ਦੇਸ਼ ਦਰਪਨ ਵਿਚ ਸਹਾਇਕ ਸੰਪਾਦਕ ਦੇ ਤੌਰ ਤੇ ਕੰਮ ਕਰਨ ਲਈ

ਕਿਹਾ ਜੋ ਮੈਂ ਮੰਨ ਲਿਆ। ਉਸ ਤੋਂ ਪਿਛੋਂ ਜਿੰਨਾਂ ਚਿਰ ਵੀ ਕਲਕੱਤੇ ਰਿਹਾ ਦੇਸ਼ ਦਰਪਨ ਨਾਲ ਜੁੜਿਆ ਰਿਹਾ।

1946 ਵਿਚ ਮੈਂ ਕਲਕੱਤਾ ਯੂਨੀਵਰਸਿਟੀ ਦੇ ਲਾਅ ਕਾਲਜ ਵਿਚ ਦਾਖ਼ਲਾ ਲੈ ਲਿਆ। ਦਿਨ ਵੇਲੇ ਕਾਲਜ਼ ਤੇ ਸ਼ਾਮ ਤੋਂ ਰਾਤ ਤਕ ਦੇਸ਼ ਦਰਪਨ ਦੀਆਂ ਖ਼ਬਰਾਂ ਲਿਖਣੀਆਂ। ਨੌਜਵਾਨ ਸਭਾ ਨੂੰ ਜਥੇਬੰਦ ਕੀਤਾ ਗਿਆ। ਅਜੇ ਕਵੀ ਦਰਬਾਰ ਦਾ ਸਿਲਸਿਲਾ ਆਰੰਭ ਹੀ ਨਹੀਂ ਸੀ ਹੋਇਆ ਕਿ ਦੇਸ਼ ਦੀ ਵੰਡ ਹੋ ਗਈ। ਕਲਕੱਤੇ ਦੇ ਪੰਜਾਬੀਆਂ ਨੇ ਲਾਲਾ ਕਰਮਚੰਦ ਥਾਪੜ ਦੀ ਪ੍ਰਧਾਨਗੀ ਹੇਠ ਹਿੰਦੂ ਸਿੱਖ ਰਲੀਫ਼ ਸੁਸਾਇਟੀ ਬਣਾਈ। ਪ੍ਰੋਗਰਾਮ ਬਣਾਇਆ ਕਿ ਪਾਕਿਸਤਾਨ ਤੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਸਮਾਨ ਇਕੱਠਾ ਕੀਤਾ ਜਾਵੇ ਤੇ ਫੇਰ ਟਰੱਕਾਂ ਵਿਚ ਲੱਦ ਕੇ ਪੰਜਾਬ ਭੇਜਿਆ ਜਾਵੇ। ਏਸ ਸਾਰੇ ਕੰਮ ਲਈ ਵਲੰਟੀਅਰਾਂ ਦੀ ਲੋੜ ਸੀ। ਲਾਲਾ ਕਰਮਚੰਦ ਥਾਪੜ ਤੇ ਸ. ਨਿਰੰਜਨ ਸਿੰਘ ਤਾਲਿਬ ਨੇ ਪੰਜਾਬੀ ਨੌਜਵਾਨ ਸਭਾ ਨੂੰ ਇਹ ਜ਼ਿੰਮੇਵਾਰੀ ਸੰਭਾਲਨ ਲਈ ਕਿਹਾ ਜਿਸ ਨੂੰ ਅਸੀਂ ਮੰਨ ਲਿਆ। ਟਰੱਕ ਮਾਲਕਾਂ ਨੇ ਟਰੱਕ ਸੇਵਾ ਤੇ ਲਗਾ ਦਿੱਤੇ ਤੇ ਅਸੀਂ ਅਗਸਤ 1947 ਦੇ ਅਖ਼ੀਰ ਵਿਚ 32 ਟਰੱਕਾਂ ਵਿਚ ਸਾਮਾਨ ਲੱਦ ਕੇ, ਜਿਸ ਵਿਚ ਰੇਡੀਓ ਸਟੇਸ਼ਨ ਬਨਾਉਣ ਦਾ ਸਾਰਾ ਸਮਾਨ ਵੀ ਸ਼ਾਮਿਲ ਸੀ, ਪੰਜਾਬ ਲਈ ਚੱਲ ਪਏ। ਇਸ ਸਮੇਂ ਮੈਨੂੰ ਆਪਣੀ ਉਹ ਕਵਿਤਾ ਬਿਲਕੁਲ ਨਜ਼ਰ ਆਈ ਜੋ ਜਿਨਾਹ ਨੂੰ ਸੰਬੋਧਨ ਕਰਕੇ ਲਿਖੀ ਗਈ ਸੀ

"ਕਿਥੋਂ ਆ ਗਿਆ ਵੰਡੀਆਂ ਪਾਣ ਵਾਲਾ"

ਜਿਸਦੇ ਆਖ਼ਰੀ ਬੋਲ ਸਨ :

ਭਾਰਤ ਵਰਸ਼ਾ ਦੇ ਜਿੰਨੀਏ ਯਾਦ ਰਖੀਂ
ਝੰਡਾ ਝੁਲੇਗਾ ਕੌਮੀ ਨਿਸ਼ਾਨ ਵਾਲਾ
ਤੇਰੇ ਜਹੇ ਕਈ ਹੋਏ ਤੇ ਕਈ ਹੋ ਸਨ
ਕਿਥੋਂ ਆ ਗਿਆ ਵੰਡੀਆਂ ਪਾਣ ਵਾਲਾ

ਤੇ ਅਫ਼ਸੋਸ ਹੋਇਆ ਕਿ ਸਾਡੇ ਲੀਡਰਾਂ ਵਿਚ ਦ੍ਰਿੜਤਾ ਦੀ ਅਣਹੋਂਦ ਕਾਰਨ ਜਿਨਾਹ ਸਫ਼ਲ ਹੋ ਗਿਆ ਤੇ ਸਾਡੇ ਸੁਖੀ ਵਸਦੇ ਲੱਖਾਂ ਲੋਕ ਅੱਜ ਬੇਘਰ ਹੋ ਕੇ ਰੁਲਦੇ ਫਿਰਦੇ ਹਨ। ਪੰਜਾਬ ਵਿਚ ਸਾਡੀ ਡਿਊਟੀ ਜਲੰਧਰ ਆਉਣ ਵਾਲੇ ਸ਼ਰਨਾਰਥੀਆਂ ਨੂੰ ਟਰੱਕਾਂ ਰਾਹੀਂ ਦੂਜੇ ਸ਼ਹਿਰਾਂ ਦੇ ਸ਼ਰਨਾਰਥੀਆਂ ਕੈਂਪਾਂ ਵਿਚ ਲੈ ਜਾਣ ਦੀ ਲਗਾਈ ਗਈ, ਜੋ ਅਸੀਂ ਪੂਰੀ ਤਨਦੇਹੀ ਨਾਲ ਨਿਭਾਈ। ਇਸ ਤਰ੍ਹਾਂ ਤਿੰਨ ਸਾਲ ਤਕ ਕਲਕੱਤੇ ਨਾਲੋ ਸੰਬੰਧ ਟੁੱਟਿਆ ਰਿਹਾ।

1951 ਵਿਚ ਮੁੜ ਕਲਕੱਤੇ ਵਿਚ ਆ ਕੇ ਸਰਗਰਮੀ ਸ਼ੁਰੂ ਕੀਤੀ, ਪਰ ਐਤਕੀ ਨੌਜਵਾਨ ਸਭਾ ਰਾਹੀਂ ਨਹੀਂ, ਬਲਕਿ ਦੇਸ਼ ਦਰਪਨ ਦੀ ਸੰਪਾਦਕੀ ਤੇ ਸਭਾ ਸੁਸਾਇਟੀਆਂ ਰਾਹੀਂ। ਭਿਖਾਰੀ ਜੀ ਨਾਲ ਉਨ੍ਹਾਂ ਦੇ ਕਲਕੱਤੇ ਆਉਣ ਤਕ ਸੰਪਰਕ ਬਣਿਆ ਰਿਹਾ।

1972 ਵਿਚ ਜਦ ਮੈਂ ਆਪਣੇ ਲੜਕੇ ਡਾ. ਬਲਜੀਤ ਸਿੰਘ ਨੂੰ ਮੈਡੀਕਲ ਕਾਲਜ ਦਾਖ਼ਲ ਕਰਾਉਣ ਲਈ ਪੰਜਾਬ ਆਇਆ ਤਾਂ ਅਚਾਨਕ ਭਿਖਾਰੀ ਜੀ ਨਾਲ ਮੇਲ ਹੋ ਗਿਆ। ਅਮ੍ਰਿਤਸਰ ਵਿਚ ਆਪਣੇ ਕਿਸੇ ਦੋਸਤ ਨੂੰ ਮਿਲਨ ਵਾਸਤੇ ਰਾਣੀ ਕੇ ਬਾਗ ਗਿਆ। ਵੱਡੀ ਸੜਕ ਤੋਂ ਲੰਘਿਆ ਹੀ ਸਾਂ ਕਿ ਇਕ ਕੋਠੀ ਦੇ ਵਿਹੜੇ ਵਿਚ ਭਿਖਾਰੀ ਜੀ ਟਹਿਲਦੇ ਨਜ਼ਰ ਆਏ। ਪੁਰਾਣੀਆਂ ਯਾਦਾਂ ਚੇਤੇ ਆ

ਗਈਆਂ। ਭਿਖਾਰੀ ਜੀ ਦਾ ਉਹੀ ਮਧਰਾ ਤੇ ਗਠੀਲਾ ਸਰੀਰ, ਉਹੀ ਹਸਮੁਖ ਚਿਹਰਾ ਤੇ ਧੜ ਧੜ ਕਰਦਾ ਚਿੱਟਾ ਲਿਬਾਸ, ਫਰਕ ਸਿਰਫ਼ ਏਨਾ ਸੀ ਕਿ ਦਾਹੜਾ ਹੁਣ ਕਾਲੇ ਦੀ ਥਾਂ ਚਿੱਟਾ ਹੋ ਚੁੱਕਾ ਸੀ। ਦਰਵਾਜਾ ਖੋਲ੍ਹ ਕੇ, ਅੰਦਰ ਗਿਆ, ਫਤਹਿ ਬੁਲਾਈ ਤਾਂ ਭਿਖਾਰੀ ਜੀ ਪਛਾਣ ਕੇ ਬਹੁਤ ਖੁਸ਼ ਹੋਏ।

ਬੈਠ ਕੇ ਗੱਲ੍ਹਾਂ ਬਾਤਾਂ ਕੀਤੀਆਂ ਭਿਖਾਰੀ ਜੀ ਨੇ ਕਲਕੱਤੇ ਦੇ ਪੰਜਾਬੀਆਂ ਬਾਰੇ ਤੇ ਆਪਣੇ ਇਕ ਦੋ ਬਾਕੀ ਰਹਿੰਦੇ ਦੋਸਤਾਂ ਬਾਰੇ ਪੁੱਛਿਆ। ਚਾਹ ਦੀ ਪਿਆਲੀ ਪੀਤੀ ਤੇ ਛੁੱਟੀ ਲੈ ਕੇ ਆਪਣੇ ਰਾਹ ਤੁਰ ਪਿਆ। ਭਿਖਾਰੀ ਜੀ ਨਾਲ ਮੇਰੀ ਇਹ ਆਖ਼ਰੀ ਮੁਲਾਕਾਤ ਸੀ।

1984 ਦੇ ਦੰਗਿਆਂ ਤੋਂ ਬਾਦ ਮੈਂ ਵੀ ਪੰਜਾਬ ਆ ਗਿਆ। ਮੇਰਾ ਆਪਣਾ ਪਿੰਡ ਬਿਆਸ ਦਰਿਆ ਦੇ ਮੰਡ ਵਿਚ ਵਿਚ ਪੈਂਦਾ ਸੀ। ਉਸ ਵੇਲੇ ਦੇ ਵਿਗੜੇ ਮਾਹੌਲ ਨੂੰ ਵੇਖਦਿਆਂ ਅਮ੍ਰਿਤਸਰ ਦੇ ਰਣਜੀਤ ਐਵੀਨਿਊ ਵਿਖੇ ਰਿਹਾਇਸ਼ ਕਰ ਲਈ, ਹੁਣ ਵੀ ਜਦੋਂ ਕਦੇ ਮੈਂ ਰਾਣੀ ਕੇ ਬਾਗ਼ ਦੀ ਇੰਜੀਨੀਅਰਜ਼ ਵਿਲਾ ਕੋਠੀ ਦੇ ਅੱਗੋਂ ਦੀ ਲੰਘਦਾ ਹਾਂ ਤਾਂ ਉਹੀ ਪੁਰਾਣਾ ਤਸੱਵਰ ਮਨ ਦੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ ਤੇ ਇੰਜ ਲਗਦਾ ਹੈ, ਜਿਵੇਂ ਭਿਖਾਰੀ ਜੀ ਵੀ ਕੋਠੀ ਦੇ ਵਿਹੜੇ ਵਿਚ ਟਹਿਲ ਰਹੇ ਹਨ ਤੇ ਮੈਂ ਪੁਰਾਣੀਆਂ ਨਿੱਘੀਆਂ ਯਾਦਾਂ ਦੇ ਸਰੂਰ ਵਿਚ ਹੀ ਅੱਗੇ ਲੰਘ ਜਾਂਦਾ ਹਾਂ।

◆

# ਭਿਖਾਰੀ ਜੀ : ਬਹੁ-ਪੱਖੀ ਸ਼ਖ਼ਸੀਅਤ

◆

**-ਹਰਦੇਵ ਸਿੰਘ ਗਰੇਵਾਲ**

ਕੌਮਾਂ ਦੇ ਇਤਿਹਾਸ ਵਿਚ ਕਈ ਵਾਰ ਅਜਿਹਾ ਅਲੌਕਿਕ ਵੀ ਵਾਪਰਦਾ ਹੈ, ਜਦ ਕੋਈ ਇਕ ਅਣ-ਜਾਣਿਆਂ ਜਿਹਾ ਵਿਅਕਤੀ, ਬਹੁਤ ਸੀਮਤ ਸਾਧਨਾਂ ਨਾਲ ਕੁਝ ਅਜੇਹੇ ਕੰਮ ਕਰ ਜਾਂਦਾ ਹੈ। ਜਿਹੜੇ ਕੰਮ ਸਾਧਨ-ਸੰਪੰਨ ਸਥਾਪਤ ਜਥੇਬੰਦੀਆਂ ਵੀ ਨਹੀਂ ਕਰ ਸਕਦੀਆਂ।

ਸ੍ਰ. ਸੌਦਾਗਰ ਸਿੰਘ ਭਿਖਾਰੀ ਅਜਿਹਾ ਹੀ ਇਕ ਸਾਧਾਰਨ ਕਿਰਤੀ ਵਿਅਕਤੀ ਸੀ ਜਿਸ ਨੇ ਬੰਗਾਲ ਦੀ ਰਾਜਧਾਨੀ ਕਲਕੱਤੇ ਵਿਚ ਉਸ ਸਮੇਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਦਾ ਬੀੜਾ ਚੁੱਕਿਆ ਜਦ ਪੰਜਾਬੀ ਭਾਸ਼ਾ ਦੀ ਆਪਣੀ ਜਨਮ ਭੂਮੀ ਪੰਜਾਬ ਵਿਚ ਵੀ ਸਰਕਾਰੇ ਦਰਬਾਰੇ ਕੀ 'ਵੱਡੇ' ਲੋਕਾਂ ਦੇ ਘਰ ਵੀ ਪੁੱਛ ਗਿੱਛ ਨਹੀਂ ਸੀ। ਕਲਕੱਤੇ ਵਿਚ ਪਹਿਲੇ ਵਿਸ਼ਵ ਯੁੱਧ ਤੋਂ ਬਾਦ ਰੁਜ਼ਗਾਰ ਦੀ ਭਾਲ ਵ੍ਹਿਚ ਪੰਜਾਬੀ ਆਉਣੇ ਸ਼ੁਰੂ ਹੋਏ। ਉਨ੍ਹਾਂ ਵਿਚ ਵਧੇਰੇ ਗਿਣਤੀ ਅਨਪੜ੍ਹਾਂ ਜਾਂ ਘਟ-ਪੜ੍ਹਿਆਂ ਦੀ ਸੀ। ਟਰਾਂਸਪੋਰੰਟ ਦੇ ਧੰਦੇ ਵਲ ਉਨ੍ਹਾਂ ਧਿਆਨ ਦਿੱਤਾ। ਉਨ੍ਹਾਂ ਨੂੰ ਕੋਮਲ ਕਲਾਵਾਂ, ਕਵਿਤਾ, ਸਾਹਿਤ ਜਾਂ ਸੰਗੀਤ ਦੀ ਨਾ ਏਨੀ ਸੂਝ ਸੀ ਅਤੇ ਨਾ ਹੀ ਵਿਹਲ। ਐਪਰ 'ਭਿਖਾਰੀ' ਦਾ ਤੀਜਾ ਨੇਤਰ ਕੁਦਰਤ ਨੇ ਖੋਲ੍ਹਿਆ, ਥਾਪੜਾ ਦਿੱਤਾ ਕਿ ਸਕੂਲੀ ਵਿਦਿਆ ਤੋਂ ਕੋਰਾ 'ਭਿਖਾਰੀ' ਜੋ ਰੁਜ਼ਗਾਰ ਦੀ ਭਾਲ ਵਿਚ ਕਲਕੱਤੇ ਆਇਆ ਸੀ, ਨਿਤਾ ਪ੍ਰਤੀ ਕੰਮ ਦੇ ਨਾਲ ਨਾਲ ਪੰਜਾਬੀ, ਹਿੰਦੀ, ਬੰਗਾਲੀ, ਉਰਦੂ ਅਤੇ ਅੰਗਰੇਜ਼ੀ ਪੜ੍ਹਨੀ ਸਿਖ ਕੇ ਇਨ੍ਹਾਂ ਭਾਸ਼ਾਵਾਂ ਦੇ ਸਾਹਿਤ ਦਾ ਅਧਿਐਨ ਕਰਕੇ ਖ਼ੁਦ ਲੇਖਕ ਬਣ ਗਿਆ। ਇਹ ਇਕ ਅਲੌਕਿਕ ਘਟਨਾ ਜਾਂ ਕ੍ਰਿਸ਼ਮਾ ਨਹੀਂ ਤਾਂ ਹੋਰ ਕੀ ਚੀਜ਼ ਹੈ। ਉਹ ਵੀ ਉੱਘਾ ਕਵੀ, ਲੇਖਕ ਤੇ ਅਨੁਵਾਦਿਕ।

ਬੰਗਾਲ ਅਤੇ ਪੰਜਾਬ ਵਿਚ ਸੁਤੰਤਰਤਾ ਸੰਗਰਾਮ ਭਖ ਉੱਠਿਆ ਸੀ। ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਅਤੇ ਗੁਰਦੁਆਰਾ ਲਹਿਰ ਨੇ ਇਨ੍ਹਾਂ ਦੇ ਅੰਦਰ ਸੁਤੰਤਰਤਾ ਪ੍ਰਾਪਤੀ ਦੀ ਚਿੰਗਾੜੀ ਨੂੰ ਭਾਂਬੜ ਬਣਾ ਦਿੱਤਾ। ਅਮਰੀਕਾ ਵਿਚ ਗ਼ਦਰ ਲਹਿਰ ਉਠ ਰਹੀ ਸੀ। ਅਮਰੀਕਾ ਆਉਣ ਲਈ ਸਾਰੇ ਕਲਕੱਤਾ ਬੰਦਰਗਾਹ ਦਾ ਪ੍ਰਯੋਗ ਕਰਦੇ ਸਨ। ਗ਼ਦਰੀਆਂ ਨਾਲ ਸੰਪਰਕ ਹੋ ਗਿਆ। ਸ. ਮੁਨਸ਼ਾ ਸਿੰਘ ਦੁਖੀ ਤਾਂ ਬਾਦ ਵਿਚ ਜ਼ਿਆਦਾ ਸਮਾਂ ਕਲਕੱਤੇ ਵਿਚ ਇਨ੍ਹਾਂ ਦੇ ਅਰੰਭੇ ਕੰਮਾਂ ਵਿਚ ਸਹਿਯੋਗ ਦਿੰਦੇ ਰਹੇ। 'ਭਿਖਾਰੀ' ਜੀ ਦਾ ਯੋਗਦਾਨ ਕਲਕੱਤਾ ਨਿਵਾਸੀ ਪੰਜਾਬੀ ਕਦੇ ਭੁੱਲ ਹੀ ਨਹੀਂ ਸਕਦੇ। ਉਨ੍ਹਾਂ ਦਾ ਨਾਮ

ਤਾਂ ਕਲਕੱਤਵੀ ਪੰਜਾਬੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

"ਭਿਖਾਰੀ" ਜੀ ਨੇ ਆਪਣੇ ਪੰਜ ਸਤ ਸਾਥੀਆਂ ਨੂੰ ਨਾਲ ਲੈ ਕੇ ਵਿਸ਼ਵ ਦੀ ਪਹਿਲੀ ਪੰਜਾਬੀ ਸਾਹਿਤ ਸਭਾ 'ਕਵੀ ਕੁਟੀਆ' ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਕਲਕੱਤੇ ਵਿਚ ਆਪਣੇ ਘਰ ਵਿਚ ਹੀ ਆਰੰਭ ਕੀਤੀ। 1922 ਵਿਚ ਕਲਕੱਤੇ ਵਿਚ ਸਾਹਿਤਕ ਗੋਸ਼ਟੀਆਂ ਅਤੇ ਕਵੀ ਦਰਬਾਰ ਕਰਨੇ ਆਰੰਭ ਕੀਤੇ। 1923 ਵਿਚ ਗੁਰਪੁਰਬਾਂ ਉਤੇ ਕਵਿਤਾਵਾਂ ਦੇ ਟ੍ਰੈਕਟ ਪ੍ਰਕਾਸ਼ਤ ਕਰਕੇ ਮੁਫ਼ਤ ਵੰਡਣ ਦਾ ਸਿਲਸਿਲਾ ਸ਼ੁਰੂ ਕੀਤਾ। 1927 ਵਿਚ ਇਥੋਂ 'ਕਵੀ' ਮਾਸਿਕ ਸ਼ੁਰੂ ਕਰਨ ਦਾ ਹੀ ਹੀਆ ਕੀਤਾ ਜੋ ਵਿਸ਼ਵ ਵਿਚ ਪੰਜਾਬੀ ਕਵਿਤਾ ਦੀ ਅਲੋਚਨਾ ਦਾ ਪਹਿਲਾ ਮਾਸਿਕ ਪੱਤਰ ਸੀ। ਕਲਕੱਤੇ ਵਿਚ ਪਹਿਲਾ ਪੰਜਾਬੀ ਛਾਪਾਖਾਨਾ 'ਕਵੀ ਪ੍ਰੈੱਸ' ਅਤੇ ਪੰਜਾਬ ਤੋਂ ਬਾਹਰ ਪਹਿਲਾ ਰੋਜ਼ਾਨਾ ਪੰਜਾਬੀ ਅਖ਼ਬਾਰ 'ਦੇਸ਼ ਦਰਪਨ' (1930) ਸ਼ੁਰੂ ਕਰਨ ਦਾ ਸਿਹਰਾ ਵੀ ਇਨ੍ਹਾਂ ਸਿਰ ਹੀ ਬੱਝਦਾ ਹੈ। ਕਵੀ ਕੁਟੀਆ ਨੇ ਇਨ੍ਹਾਂ ਦੀ ਅਗਵਾਈ ਵਿਚ ਦਸ ਸਾਲ ਅੰਦਰ ਏਨਾਂ ਵੱਡਾ ਕੰਮ ਕਰਕੇ ਦੱਸ ਦਿੱਤਾ ਕਿ ਜੇ 'ਸੀਨੇ ਖਿੱਚ' ਖਾਧੀ ਹੋਵੇ ਤਾਂ ਕੋਈ ਕੰਮ ਵੀ ਮੁਸ਼ਕਲ ਨਹੀਂ ਹੁੰਦਾ। 'ਕਵੀ' ਮਾਸਿਕ ਪੱਤਰ ਦੀਆਂ ਧੁੰਮਾਂ ਕੁਲ ਪੰਜਾਬੀ ਜਗਤ ਵਿਚ ਪਈਆਂ। ਰੋਜ਼ਾਨਾ 'ਦੇਸ਼ ਦਰਪਨ' ਹੁਣ ਤਕ ਲਗਾਤਾਰ ਛਪਦਾ ਹੈ। ਪ੍ਰਬੰਧ ਬਦਲੀ ਹੋ ਗਿਆ, ਪਰ ਪ੍ਰੈੱਸ ਦਾ ਨਾਮ ਅਜੇ ਵੀ 'ਕਵੀ ਪ੍ਰੈੱਸ' ਹੈ। ਇਸ ਤਰ੍ਹਾਂ ਭਿਖਾਰੀ ਜੀ ਇਕ ਵਿਅਕਤੀ ਨਹੀਂ, ਇਕ ਸੰਸਥਾ ਸਨ। ਲੇਖਕ ਉਨ੍ਹਾਂ ਦੁਆਲੇ ਪ੍ਰਵਾਨਿਆਂ ਵਾਂਗ ਝੁਰਮਟ ਪਾਉਂਦੇ ਸਨ। ਬੰਗਾਲੀ ਸਾਹਿਤ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਵੀ ਉਨ੍ਹਾਂ ਇਸ ਪਾਸੇ ਪਹਿਲ ਕੀਤੀ।

ਉਨ੍ਹਾਂ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ, ਇਹ ਮਨਾਉਣੀ ਬਣਦੀ ਹੈ। ਜੇ ਉਸ ਮਾਂ-ਬੋਲੀ ਦੇ ਅਨਿਨ ਆਸ਼ਿਕ ਨੂੰ ਅਸੀਂ ਯਾਦ ਨਹੀਂ ਕਰਾਂਗੇ ਤਾਂ ਅਸੀ ਅਕ੍ਰਿਤਘਣ ਹੋਵਾਂਗੇ। ਪੰਜਾਬ ਸਰਕਾਰ ਨੂੰ, ਭਾਸ਼ਾ ਵਿਭਾਗ ਨੂੰ ਉਨ੍ਹਾਂ ਦੀ ਸਦੀਵੀਂ ਯਾਦ ਲਈ ਕੁਝ ਕਦਮ ਚੁਕਣੇ ਚਾਹੀਦੇ ਹਨ। ਪੰਜਾਬੀ ਸਾਹਿਤ ਸਭਾ ਕਲਕੱਤਾ ਜੋ ਉਨ੍ਹਾਂ ਵਲੋਂ ਬੀਜੇ ਕਵੀ ਕੁਟੀਆ ਦੇ ਬੂਟੇ ਨੂੰ ਹੁਣ ਤਕ ਸਿੰਜਦੀ ਆ ਰਹੀ ਹੈ, ਲਗਾਤਾਰ ਉਨ੍ਹਾਂ ਵਲੋਂ ਅਰੰਭੇ ਕਾਰਜਾਂ ਨੂੰ ਅਗਾਂਹ ਤੋਰਨ ਦੇ ਉਪਰਾਲੇ ਕਰਦੀ ਆ ਰਹੀ ਹੈ। ਕਈ ਨਾਮਵਰ ਲੇਖਕ ਇਸ ਸਭਾ ਵਿਚੋਂ ਪੈਦਾ ਹੋਏ, ਕਈ ਪੁਸਤਕਾਂ ਪ੍ਰਕਾਸ਼ਤ ਕੀਤੀਆਂ, ਮਾਸਿਕ ਪੱਤਰ 'ਸੱਜਰੀ ਪੈੜ' ਚੰਗੀ ਤਰ੍ਹਾਂ ਚਲਾਇਆ। ਲਗਾਤਾਰ ਸਾਹਿਤਕ ਬੈਠਕਾਂ, ਗੋਸ਼ਟੀਆਂ, ਕਵੀ ਦਰਬਾਰ ਆਦਿ ਕਰਵਾਏ ਜਾਂਦੇ ਸਨ। ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਨਾਲ ਤਾਲਮੇਲ ਕਾਇਮ ਕੀਤਾ ਹੈ। ਅਸੀਂ ਸਾਰੇ ਸਾਹਿਤਕਾਰ 'ਭਿਖਾਰੀ' ਜੀ ਅਤੇ ਉਸ ਸਮੇਂ ਦੇ ਸਾਰੇ ਲੇਖਕਾਂ ਦੇ ਰਿਣੀ ਹਾਂ, ਜਿਨ੍ਹਾਂ ਪੰਜਾਬੀ ਜਗਤ ਤੇ ਖ਼ਾਸ ਕਰਕੇ ਕਲਕਤਵੀ ਪੰਜਾਬੀਆਂ ਤੇ ਅਹਿਸਾਨ ਕੀਤਾ ਕਿ ਇਥੇ ਪੰਜਾਬੀ ਵਧੀ ਫੁੱਲੀ ਹੈ। ਪੱਛਮੀ ਬੰਗਾਲ ਸਰਕਾਰ ਨੇ ਬੀ. ਏ. ਤਕ ਇਸ ਦੀ ਪੜ੍ਹਾਈ ਨੂੰ ਮਾਨਤਾ ਦਿੱਤੀ ਹੈ।

ਦਾਸ ਵਲੋਂ 'ਪੂਰਬੀ ਭਾਰਤ ਦੀ ਪੰਜਾਬੀ ਕਵਿਤਾ' ਨਾਮ ਦੀ ਪੁਸਤਕ ਉਤੇ ਕਾਫ਼ੀ ਕੰਮ ਹੋ ਚੁੱਕਾ ਹੈ, ਜਿਸ ਵਿਚ 'ਕਵੀ' ਅਤੇ 'ਕਵੀ ਕੁਟੀਆ' ਦੇ ਕਵੀਆ ਦਾ ਇਕ ਵੱਡਾ ਭਾਗ ਹੋਵੇਗਾ।

'ਭਿਖਾਰੀ' ਜੀ ਦਾ ਸ਼ਤਾਬਦੀ ਦੇ ਸੰਬੰਧ ਵਿਚ 'ਪੰਜਾਬੀ ਸਾਹਿਤ ਸਭਾ ਕਲਕੱਤਾ' ਇਕ ਵਿਸ਼ੇਸ਼ ਸਮਾਗਮ ਕਲਕੱਤਾ ਵਿਖੇ ਜਨਵਰੀ ਜਾਂ ਫਰਵਰੀ 1999 ਵਿਚ ਕਰਨ ਜਾ ਰਹੀ ਹੈ। ਉਨ੍ਹਾਂ ਨੂੰ ਸਮਰਪਿਤ ਹੋਰ ਸਾਹਿਤਕ ਸਮਾਗਮ ਸਾਰਾ ਸਾਲ ਚੱਲਣਗੇ। ਅਸਾਂ 'ਭਿਖਾਰੀ' ਜੀ ਦੀ ਸਦੀਵੀਂ ਯਾਦ ਕਲਕੱਤਾ ਵਿਖੇ ਵੀ ਕਾਇਮ ਕਰਨ ਦੀ ਯੋਜਨਾ ਬਣਾਈ ਹੈ, ਤਾਂ ਕਿ ਅਜੇਹੇ ਮਹਾਨ ਵਿਅਕਤੀਆਂ ਦੇ ਹੌਸਲੇ,

ਸਿਦਕ, ਸਿਰੜ, ਤਿਆਗ ਤੋਂ ਕੰਮ ਲੈ ਕੇ ਅਗਲੀਆਂ ਪੀੜ੍ਹੀਆਂ ਆਪਣੇ ਵਿਰਸੇ ਦੀ ਸੰਭਾਲ ਕਰ ਸਕਣ। ਅਜਿਹੇ ਇਨਸਾਨ ਕਦੇ ਕਦੇ ਹੀ ਪੈਦਾ ਹੁੰਦੇ ਹਨ। ਪਰ ਉਨ੍ਹਾਂ ਦੀ ਮਹਿਕ ਸਦੀਆਂ ਤਕ ਲੋਕ ਆਪਣੇ ਆਲੇ ਦੁਆਲੇ ਮਹਿਸੂਸ ਕਰਦੇ ਰਹਿੰਦੇ ਹਨ। ਇਹੋ ਜਿਹੇ ਹੀ ਸਨ ਸਾਡੇ ਸ੍ਰ. ਸੌਦਾਗਰ ਸਿੰਘ ਭਿਖਾਰੀ ਜੋ ਪੰਜਾਬੀ ਭਾਸ਼ਾ ਦੇ ਸਖਣੇ ਕਾਮੇ ਨੂੰ ਉਪਰੋਕਤ ਕਾਰਜਾਂ ਨਾਲ ਲਬਰੇਜ਼ ਕਰ ਗਏ ਹਨ। ਵਾਹਿਗੁਰੂ ਮਿਹਰ ਕਰੇ ਅਸੀਂ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਤੋਂ ਰਹਿਨੁਮਾਈ ਲੈ ਕੇ ਉਨ੍ਹਾਂ ਦੇ ਨਕਸ਼ੇ ਕਦਮ ਤੇ ਤੁਰਦਿਆਂ ਮਾਂ ਬੋਲੀ ਪੰਜਾਬੀ ਦੀ ਤਿਲ ਫੁੱਲ ਸੇਵਾ ਕਰ ਸਕੀਏ।

◆

# ਆਜ਼ਾਦੀ ਦਾ ਜੁਝਾਰੂ : ਸੌਦਾਗਰ ਸਿੰਘ ਭਿਖਾਰੀ

◆

**-ਰਾਮ ਲੁਭਾਇਆ ਪਦਮ**

ਦੇਸ਼ ਦੀ ਆਜ਼ਾਦੀ ਲਈ ਜੂਝਨ ਤੇ ਮਰ ਮਿਟਣ ਵਾਲੇ ਮਹਾਨ ਨੇਤਾਵਾਂ, ਆਗੂਆਂ, ਕਵੀਆਂ ਤੇ ਲਿਖਾਰੀਆਂ ਦੀ ਬਹਾਦਰੀ, ਦਲੇਰੀ, ਦੇਸ਼ ਪਿਆਰ ਤੇ ਕੁਰਬਾਨੀਆਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਹ ਨਿੱਕੀ ਜਿਹੀ ਜ਼ੁਬਾਨ ਹੈ, ਪਰ ਜੇ ਸ਼ੇਸ਼ਨਾਗ ਵੀ ਆਪਣੀਆਂ ਦਸ ਹਜ਼ਾਰ ਜੀਭਾਂ ਨਾਲ ਸ਼ਲਾਘਾ ਕਰਨੀ ਚਾਹੇ ਤਾਂ ਫੇਰ ਵੀ ਨਹੀਂ ਕਰ ਸਕਦਾ। ਸਮੁੰਦਰ ਤਿਲਿਆਂ ਤੇ ਗਿੱਠਾਂ ਨਾਲ ਨਹੀਂ ਮਿਣੇ ਜਾਂਦੇ। ਆਜ਼ਾਦੀ ਦੀ ਸ਼ਮਾ ਦੇ ਪਰਵਾਨੇ ਪਰਵਾਹ ਨਹੀਂ ਕਰਦੇ। ਉਹ ਤੇ ਜਾਨਾਂ ਵਾਰਨੀਆਂ ਹੀ ਜਾਣਦੇ ਨੇ, ਲੜਨਾਂ ਤੇ ਮਰਨਾ, ਹੋਰ ਕੁਝ ਨਹੀਂ। ਉਨ੍ਹਾਂ ਦਲੇਰਾਂ ਉੱਤੇ ਦੇਸ਼ ਤੇ ਉਹਨਾਂ ਦਾ ਪਰਿਵਾਰ ਮਾਨ ਕਰਦਾ ਹੈ। ਲੋਕ ਮਾਨਯ ਬਾਲ ਗੰਗਾਧਰ ਤਿਲਕ, ਪੰਜਾਬ ਕੇਸਰੀ ਲਾਲ ਲਾਜਪਤ ਰਾਏ, ਬੰਗਾਲ ਕੇਸਰੀ ਵਿਪਨ ਚੰਦਰ ਪਾਲ, ਪੰਡਿਤ ਮਦਨ ਮੋਹਨ ਮਾਲਵੀਆ, ਵੀਰ ਸਵਰਕਰ, ਮਹਾਤਮਾ ਗਾਂਧੀ, ਸਰਦਾਰ ਪਟੇਲ, ਪੰਡਿਤ ਜਵਾਹਰ ਲਾਲ ਨਹਿਰੂ ਤੇ ਹੋਰ ਅਣਗਿਣਤ ਭਗਤਾਂ ਨੇ ਆਪਣੇ ਜੀਵਨ ਦੇਸ਼ ਦੀ ਆਜ਼ਾਦੀ ਲਈ ਕਈ ਮੁਸੀਬਤਾਂ ਝੱਲੀਆਂ। ਅੰਗਰੇਜ਼ ਦੀ ਦਰਿੰਦਗੀ ਦੇ ਜ਼ੁਲਮ ਸਹੇ, ਪਰ ਦੇਸ਼ ਨੂੰ ਝੂਣ ਕੇ ਜਗਾ ਦਿੱਤਾ, ਹਿਲਾ ਦਿਤਾ, ਅੰਗਰੇਜ਼ ਦਾ ਬਕਿੰਗਮ ਪੈਲੇਸ। ਕਵੀਆਂ ਨੇ ਜੇ ਕਦਮ ਚੁੱਕਿਆ ਤੇ ਉਹਨਾਂ ਤੋਂ ਅੱਗੇ ਫਾਂਸੀ ਦੇ ਰੱਸੇ ਆਪਣੇ ਹੱਥੀਂ ਚੁੰਮ ਕੇ ਗਲਾਂ ਵਿਚ ਪਾਏ। ਭਾਰਤ ਮਾਂ ਦੇ ਬਾਂਕੇ ਸਪੂਤ, ਬਾਂਕੇ ਦਿਆਲ ਨੇ "ਪੱਗੜੀ ਸੰਭਾਲ ਜੱਟਾ" ਦਾ ਨਾਅਰਾ ਲਾ ਕੇ ਕਿਰਤੀਆਂ ਨੂੰ ਇਕ ਝਟਕਾ ਦਿੱਤਾ। ਲਾਲਾ ਸ਼ਾਮ ਦਾਸ ਆਜਿਜ਼ ਨੇ ਆਪਣੀ ਕਲਮ ਨੂੰ ਸੌਣ ਨਹੀਂ ਦਿੱਤਾ ਤੇ "ਜਾਗ ਓਏ ਸ਼ੇਰਾ ਕਿਰਤੀਆਂ ਇਕ ਵਾਰੀ ਫੇਰ ਦਹਾੜ, ਜੂਹ ਤੇਰੀ ਵਿਖ ਆ ਵੜੀ ਅੱਜ ਧਾੜਵੀਆਂ ਦੀ ਧਾੜ" ਦੀ ਕਵਿਤਾ ਨਾਲ ਜੱਟਾਂ ਨੂੰ ਆਜ਼ਾਦੀ ਲਈ ਮਰ ਮਿਟਣ ਵਾਸਤੇ ਤਿਆਰ ਕਰ ਦਿੱਤਾ। ਕਵੀਆਂ ਦੀਆਂ ਕਲਮਾਂ ਨੇ ਦੇਸ਼ ਵਿਚ ਅੱਗ ਲਾ ਦਿੱਤੀ, ਜੱਟਾਂ ਦੀ ਸੁੰਨ ਸਮਾਧੀ ਖੋਲ੍ਹ ਦਿੱਤੀ, ਅੰਗਰੇਜ਼ ਦਾ ਤਖ਼ਤ ਧੁਖ਼ਣ ਲਗ ਪਿਆ। ਆਖ਼ਿਰ ਸੜ੍ਹ ਗਿਆ। ਸ਼ੇਰ ਬਹਾਦਰ ਕਵੀ ਰਾਮ ਪ੍ਰਸ਼ਾਦ ਬਿਸਮਿਲ, ਇਸ਼ਫਾਕੁਲਾ ਖ਼ਾਨ, ਰੌਸ਼ਨ ਸਿੰਘ ਰੌਸ਼ਨ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਸੋਹਨ ਲਾਲ ਪਾਠਕ ਨੂੰ ਕੌਣ ਭੁਲਾ ਸਕਦਾ ਹੈ?

ਜਤਿੰਦਰ ਨਾਥ ਦਾਸ ਨੇ ਮਰਨ ਵਰਤ ਰੱਖ ਕੇ ਆਪਣੀ ਜਾਨ ਦੀ ਆਹੂਤੀ ਆਜ਼ਾਦੀ ਦੇ ਹਵਨ ਵਿਚ ਪਾਈ। ਭਗਤ ਸਿੰਘ, ਸੁਖਦੇਵ, ਰਾਜਗੁਰੂ ਨੇ ਫਾਂਸੀ ਤੋਂ ਬਾਦ ਆਪਣੇ ਸ਼ਰੀਰਾਂ ਦੇ ਟੋਟੇ ਕਰਵਾ ਕੇ ਸਤਲੁਜ ਦੀ ਭੇਟ ਕੀਤੇ ਤਾਂ ਕਿ ਦਰਿਆ ਦਾ ਪਾਣੀ ਜਿਥੋਂ ਵੀ ਲੰਘੇ ਉਸ ਧਰਤੀ ਤੇ ਧਰਤੀ ਦੇ ਲਾਗੇ ਦੇ ਵਸਨੀਕ ਆਜ਼ਾਦੀ ਲਈ ਤਿਆਰ ਹੋ ਜਾਣ ਤੇ ਅੰਗਰੇਜ਼ ਨੂੰ ਹਰ ਕੀਮਤ ਤੇ ਬਾਹਰ ਕੱਢਣ।

ਲਿਖਾਰੀ ਐਡੀਟਰ ਤੇ ਮਹਾਨ ਕਵੀ, ਸਰਦਾਰ ਸੌਦਾਗਰ ਸਿੰਘ ਭਿਖਾਰੀ, ਜੋ ਕਿ ਵੇਲੇ ਦੇ ਕਵੀ ਰਤਨ ਸਨ, ਨੇ ਆਪਣੀ ਕਲਮ ਨਾਲ ਕਵਿਤਾਵਾਂ ਤੇ ਲੇਖਾਂ ਰਾਹੀਂ ਲਿਖ ਕੇ ਆਪਣੇ ਦੇਸ਼ ਵਾਸੀਆਂ ਨੂੰ ਗ਼ਦਰ ਦਾ ਸੱਦਾ ਦਿੱਤਾ। ਆਪਣੀ ਬੇਰੁਜ਼ਗਾਰੀ ਤੇ ਭੁੱਖ ਮਰੀ ਦੀ ਪਰਵਾਹ ਨਾ ਕੀਤੀ, ਅੰਗਰੇਜ਼ ਦੇ ਜ਼ੁਲਮ ਦੀਆਂ ਕਟਾਰਾਂ ਸਹੀਆਂ ਤੇ ਥਿੜਕੇ ਨਹੀਂ। ਇਕ ਪਲ ਵੀ ਸਾਹ ਨਹੀਂ ਲਿਆ, ਵਿਦਿਆ ਤੋਂ ਵਾਂਝੇ ਰਹੇ, ਮਗਰ ਦੇਸ਼ ਦੀ ਆਜ਼ਾਦੀ ਲਈ ਚੁੱਕਿਆ ਕਦਮ ਪਿੱਛੇ ਨਹੀਂ ਕੀਤਾ। ਪੰਜਾਬ ਛੱਡਣਾ ਪਿਆ, ਕਲਕੱਤੇ ਗਏ, ਦੇਸ਼ ਪਿਆਰ ਨਾਲ ਗਿਆ। ਉਥੇ ਨਿੱਕੀ ਜਿਹੀ ਮੈਕੇਨੀਕਲ ਕੰਮ ਦੀ ਹੱਟੀ ਪਾਉਣੀ ਪਈ। ਪਰ ਕੰਮ ਕਿਥੋਂ ਹੋਵੇ। ਕਿਉਂਕਿ ਤਾਂਘ ਸੀ ਅੰਗਰੇਜ਼ ਨੂੰ ਕੱਢਣ ਦੀ, ਉਹਦਾ ਬਿਸਤਰਾ ਗੋਲ ਕਰਨ ਦੀ। ਭਿਖਾਰੀ ਸਾਹਿਬ ਨੇ ਰਸਾਲਾ ਕੱਢਿਆ 'ਕਵੀ' ਤੇ ਸਭਾ ਦਾ ਨਾਂ ਰੱਖਿਆ 'ਕਵੀ ਕੁਟੀਆ'। ਜਿਥੇ ਗਏ ਉਹ ਕ੍ਰਾਂਤੀਕਾਰੀਆਂ ਨੂੰ ਮਿਲੇ। ਬੱਚਿਆਂ ਦੀ ਰੋਟੀ ਚਲਾਉਣੀ ਮੁਸ਼ਕਿਲ ਸੀ, ਪਰ ਕਲਮ ਨਾ ਰੁਕੀ। ਕਲਮ ਨੂੰ ਅੱਗੇ ਤੋਂ ਅੱਗੇ ਰੱਖਿਆ। ਗ਼ਦਰੀ ਬਾਬਿਆਂ ਨਾਲ ਮੇਲ ਰੱਖਿਆ, ਪੁਛਿਆ ਤੇ ਦੱਸਿਆ ਸਰਦਾਰ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ ਐਮ. ਏ., ਲਾਲਾ ਮੁਨਸ਼ੀ ਰਾਮ, ਗੁਰਦਿਤ ਸਿੰਘ ਕਾਮਾਗਾਟਾ, ਅਰਜਨ ਸਿੰਘ ਗੜਗੱਜ, ਮੁਨਸ਼ਾ ਸਿੰਘ ਦੁਖੀ, ਦੀਵਾਨ ਸਿੰਘ ਕਾਲੇਪਾਣੀ, ਚਰਨ ਸਿੰਘ ਸ਼ਹੀਦ, ਹੀਰਾ ਸਿੰਘ ਦਰਦ, ਚੰਨਣ ਸਿੰਘ ਜੇਠੂਵਾਲੀਆ, ਉੱਤਮ ਸਿੰਘ ਸਾਥੀ, ਅਵਤਾਰ ਸਿੰਘ ਆਜ਼ਾਦ, ਧਨੀ ਰਾਮ ਚਾਤ੍ਰਿਕ ਤੇ ਮੌਲਾ ਬਖ਼ਸ਼ ਕੁਸ਼ਤਾ ਨਾਲ ਇਕੱਠ ਰਿਹਾ। ਹਮੇਸ਼ਾ ਆਜ਼ਾਦੀ ਲਈ ਸੋਚਿਆ। ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ ਤਕ ਦੇਸ਼ ਦਾ ਪਿਆਰ ਨਾ ਛੱਡਿਆ। ਇਕੱਠ ਦਾ ਨਾਅਰਾ ਦਿੱਤਾ। ਭਿਖਾਰੀ ਸਾਹਿਬ ਨੇ ਜਿੰਨੇ ਜ਼ੁਲਮ ਝੱਲੇ, ਪੋਟਿਆਂ ਤੇ ਗਿਣੇ ਨਹੀਂ ਜਾਂਦੇ, ਅੱਗੇ ਹੀ ਅੱਗੇ ਰਹੇ। ਉਹ ਬਗਾਵਤ ਦੇ ਜਨਮਦਾਤਾ ਸਨ, ਤਦੇ ਉਨ੍ਹਾਂ ਵਾਸਤੇ ਕਿਹਾ, "ਬਾਗ਼ੀ ਤੂੰ ਬਗ਼ਾਵਤ ਦਾ ਜਨਮਦਾਤਾ, ਫੂਕ ਮਾਰ ਕੇ ਯੁਗ ਪਲਟਾਨ ਵਾਲਾ।" ਉਹ ਠੀਕ ਯੁਗ ਪਲਟਾਨ ਵਾਲਾ ਕਵੀ ਸੀ। ਸ਼ਾਇਰ ਕਹਿੰਦਾ ਹੈ "ਜਦ ਵੀ ਚਾਹੇ ਗੁਲਾਬ ਦੀ ਖੰਬੜੀ ਨੂੰ ਲੰਬੀ ਅੱਗ ਦੀ ਲਾਟ ਬਣਾ ਦੇਵੇ। ਇਹ ਗੱਲ ਠੀਕ ਹੈ ਸ਼ੇਸ਼ ਦੀ ਧੌਣ ਫੜ੍ਹ ਕੇ ਹੇਠਲੀ ਉਤੇ ਲਿਆ ਦੇਵੇ।" ਭਿਖਾਰੀ ਸਾਹਿਬ ਇਕ ਪਰ-ਸੁਆਰਥੀ ਜੀਵ ਸਨ। ਆਪਣਾ ਫਾਇਦਾ ਤੇ ਉਨ੍ਹਾਂ ਕਦੀ ਸੋਚਿਆ ਨਹੀਂ ਸੀ। ਅੰਗਰੇਜ਼ ਜ਼ਾਲਮ ਦਰਿੰਦੇ ਨੇ ਉਨ੍ਹਾਂ ਦੇ ਵੱਡੇ ਸਪੁੱਤਰ ਪ੍ਰਤਾਪ ਸਿੰਘ ਨੂੰ ਵੀ ਢਾਈ ਸਾਲ ਜੇਲ੍ਹ ਵਿਚ ਬੰਦ ਰੱਖਿਆ। ਕਸੂਰ ਸੀ ਦੇਸ਼ ਭਗਤੀ। ਪਰ ਜਿਹਾ ਦੁੱਧ ਤਿਹੀ ਬੁੱਧ। ਪ੍ਰਤਾਪ ਸਿੰਘ ਨੇ ਪਿਤਾ ਦਾ ਪੱਗ ਦਾ ਪੇਚ ਢਿੱਲਾ ਨਾ ਹੋਣ ਦਿੱਤਾ। ਆਜ਼ਾਦੀ ਮਿਲਣ ਦੇ ਮਗਰੋਂ ਵੀ ਆਪਣੇ ਪਿਤਾ ਦੇ ਨਕਸ਼ੇ ਕਦਮ ਉਤੇ ਚਲਦੇ। ਭਿਖਾਰੀ ਸਾਹਿਬ ਤਖੱਲਸ ਦੇ ਭਿਖਾਰੀ ਸਨ, ਪਰ ਕਲਮ ਦੇ ਪੱਕੇ ਇਰਾਦੇ ਕਰਕੇ ਉਹ ਹਿਮਾਲਿਆ ਦੀ ਹਿੱਕ ਸਨ। ਉਹ ਆਖ਼ਿਰ ਤਕ ਭਾਰਤਵਾਸੀਆਂ ਨੂੰ ਕਹਿੰਦੇ ਰਹੇ—ਉਹ ਦੇਸ਼ ਵਾਸੀਓ ਜਾਗੋ! ਤੁਸੀਂ ਗੁਰੂ ਦਸ਼ਮੇਸ਼ ਦੇ ਸੂਰਮੇ ਹੋ। ਮਹਾਰਾਣਾ ਪ੍ਰਤਾਪ ਤੇ ਸ਼ਿਵਾਜੀ ਦੇ ਲਾਲ ਹੋ। ਤੁਸੀਂ ਨੇਤਾ ਜੀ ਸੁਭਾਸ ਹੋ! ਅੰਗਰੇਜ਼ ਗਿਆ ਹੀ ਗਿਆ! ਤੁਸੀਂ ਡੱਟ ਜਾਉ, ਹਿੰਮਤ ਅੱਗੇ ਜਿੱਤ ਨੇੜੇ। ਗੁਰੂ

ਮਹਾਰਾਜ ਦਾ ਮਹਾਵਾਕ ਹੈ "ਬਲ ਹੋਆ ਬੰਧਨ ਛੁਟੈ ਸਭ ਕੁਝ ਹੋਤ ਉਪਾਏ" ਉਪਾਏ ਕਰੋ ਅੰਗਰੇਜ਼ ਗਿਆ ਕਿ ਗਿਆ। ਆਜ਼ਾਦੀ ਮਿਲ ਗਈ ਫੇਰ ਵੀ ਉਨ੍ਹਾਂ ਦੀ ਕਲਮ ਨੇ ਰੁਕਣਾ ਨਾ ਸਿਖਿਆ। ਆਜ਼ਾਦੀ ਮਿਲੀ ਹੈ, ਇਸ ਦੇ ਮਹੱਲ ਨੂੰ ਸਾਂਭੋ, ਦੇਸ਼ ਦੇ ਝੰਡੇ ਨੂੰ ਕਦੇ ਵੀ ਨੀਵਾਂ ਨਹੀਂ ਹੋਣ ਦੇਣਾ। ਭਿਖਾਰੀ ਸਾਹਿਬ ਦੀ ਕੁਰਬਾਨੀ, ਦਲੇਰੀ ਦੇਸ਼ ਭਗਤੀ ਨੂੰ ਵੇਖ ਕੇ ਮੈਂ ਕਵੀ ਤੇ ਕਵੀ ਕੁਟੀਆ ਨੂੰ ਪ੍ਰਨਾਮ ਕਰਦਾ ਹਾਂ ਤੇ ਇਕ ਰੁਬਾਈ ਪੇਸ਼ ਕਰਦਾ ਹਾਂ :

ਉਹ ਸੀ ਅਣਖੀ ਸੌਦਾਗਰ, ਭਿਖਾਰੀ ਨਹੀਂ ਸੀ
ਉਹ ਸੀ ਕਿਰਤੀ ਕਾਮਾ, ਬਪਾਰੀ ਨਹੀਂ ਸੀ
ਉਹ ਤੇ ਟੁੱਟੇ ਦਿਲਾਂ ਨੂੰ ਪਦਮ ਜੋੜਦਾ ਸੀ
ਜੋ ਚੀਰ੍ਹੇ ਦਿਲਾਂ ਨੂੰ ਉਹ ਆਰੀ ਨਹੀਂ ਸੀ।

◆

# ਸੁਰਸਤੀ ਦਰ ਦਾ ਭਿਖਾਰੀ

◆

-ਸਵਰਨ ਸਿੰਘ ਸਨੇਹੀ

---

ਜਦੋਂ ਮੈਂ ਦੇਸ਼ ਭਗਤ, ਗ਼ਦਰੀ ਤੇ ਉਸਤਾਦ ਕਵੀ ਮੁਨਸ਼ਾ ਸਿੰਘ 'ਦੁਖੀ' ਜੀ ਦੀ ਅੰਤਮ ਸੱਧਰ ਪੂਰੀ ਕਰਨ ਲਈ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦੇ ਵੇਰਵੇ ਇਕੱਤਰ ਕਰ ਰਿਹਾ ਸਾਂ ਤਦ ਮੇਰੇ ਦਿਮਾਗ਼ ਵਿਚ ਡਾ. ਉਤਮ ਸਿੰਘ ਸਾਥੀ ਤੇ ਸ੍ਰੀ ਸੌਦਾਗਰ ਸਿੰਘ ਭਿਖਾਰੀ ਦੇ ਨਾਂ ਖਟਖਟਾਏ। ਉਤਸੁਕਤਾ ਨਾਲ ਦੋਹਾਂ ਪੁਰਾਣੇ ਕਵੀਆਂ ਦੀ ਭਾਲ ਸ਼ੁਰੂ ਕੀਤੀ। ਤਦ ਪਤਾ ਲਗਾ ਕਿ ਡਾ. ਸਾਥੀ ਮੌਤ ਰਾਣੀ ਦੀ ਗੋਦ ਵਿਚ ਵਿਰਾਜ ਚੁਕੇ ਹਨ, ਪਰ 'ਭਿਖਾਰੀ' ਜੀ ਗੁਰੂ ਕੀ ਨਗਰੀ ਅਮ੍ਰਿਤਸਰ ਵਿਚ ਜੀਵਨ ਦਾ ਆਨੰਦ ਮਾਣ ਰਹੇ ਹਨ। ਕਿਸੇ ਕਵੀ ਦੇ ਘਰੋਂ ਪੁਰਾਤਨ ਦੁਰਲਭ ਖਰੜੇ ਨੂੰ ਲੱਭਣ ਜਿੰਨੀ ਮਿਹਨਤ ਹੀ ਮੈਨੂੰ 'ਭਿਖਾਰੀ' ਜੀ ਦਾ ਸਿਰਨਾਵਾਂ ਲੱਭਣ ਲਈ ਕਰਨੀ ਪਈ ਅਤੇ ਉਸ ਦੀ ਪ੍ਰਾਪਤੀ ਤੇ ਪ੍ਰਸੰਤਾ ਖਰੜੇ ਦੇ ਲੱਭਣ ਨਾਲੋਂ ਕਿਤੇ ਵਧੇਰੇ ਅਨੁਭਵ ਹੋਈ ਕਿਉਂਕਿ 'ਭਿਖਾਰੀ' ਜੀ ਕੋਲੋਂ ਬਹੁਤ ਕੁਝ ਜਾਣਿਆ ਜਾ ਸਕਦਾ ਸੀ, ਜੋ ਕਿਤਾਬਾਂ ਵਿਚੋਂ ਮਿਲ ਸਕਣਾ ਅਸੰਭਵ ਸੀ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 'ਕਵੀ ਕੁਟੀਆ' ਕਲਕੱਤਾ ਦਾ ਆਪਣਾ ਨਿਵੇਕਲਾ ਸਥਾਨ ਹੈ। ਇਸ ਦੇ ਤਿੰਨ ਸੰਸਥਾਪਕਾਂ ਵਿਚੋਂ ਪਹਿਲੇ ਦੋ ਤਾਂ ਪਹਿਲਾਂ ਹੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਤੀਸਰੇ ਕਵੀ ਸਨ 'ਭਿਖਾਰੀ' ਜੀ ਜਿਨ੍ਹਾਂ ਦਾ ਦੇਹਾਂਤ 20 ਜਨਵਰੀ 1982 ਵਿਚ ਹੋਇਆ। ਆਪ ਦਾ ਪਿਛਲਾ ਪਿੰਡ ਭੰਗਾਲੀ ਜ਼ਿਲ੍ਹਾ ਅਮ੍ਰਿਤਸਰ ਸੀ। ਜਦੋਂ ਮੈਂ ਆਪ ਦੇ ਦਰਸ਼ਨ ਕੀਤੇ ਤਾਂ ਆਪ 83ਵੇਂ ਸਾਲ ਵਿਚ ਪੈਰ ਰਖ ਚੁੱਕੇ ਸਨ। ਹੋਰ ਗੱਲਾਂ ਬਾਤਾਂ ਪਿਛੋਂ ਮੈਂ 'ਭਿਖਾਰੀ' ਜੀ ਨੂੰ ਪਹਿਲਾ ਪ੍ਰਸ਼ਨ ਇਹ ਕੀਤਾ ਕਿ ਉਨ੍ਹਾਂ ਨੂੰ ਕਵਿਤਾ ਲਿਖਣ ਦੀ ਚੇਟਕ, ਕਿਥੋਂ, ਕਦੋਂ ਤੇ ਕਿਵੇਂ ਲੱਗੀ? ਉਨ੍ਹਾਂ ਦੱਸਿਆ ਕਿ ਜਦੋਂ ਉਹ ਪੂਰਬੀ ਅਫ਼ਰੀਕਾ ਦੀ ਰਾਜਧਾਨੀ ਨੈਰੋਬੀ ਹੁੰਦੇ ਸਨ, ਉਦੋਂ ਉਥੋਂ ਦੇ ਗੁਰਦਆਰੇ ਵਿਚ ਹੁੰਦੇ ਧਾਰਮਿਕ ਇਕੱਠਾਂ ਵਿਚ ਇਕ ਕਵੀ ਨਾਰਾਇਣ ਸਿੰਘ ਕਵਿਤਾ ਪੜ੍ਹਦਾ ਹੁੰਦਾ ਸੀ। ਇਕ ਗੁਰਪੁਰਬ ਤੇ ਉਸ ਦੀ ਕਵਿਤਾ ਸੁਣਨ ਪਿਛੋਂ ਇਨ੍ਹਾਂ ਨੂੰ ਵੀ ਕਵਿਤਾ ਲਿਖਣ ਦਾ ਸ਼ੌਕ ਪੈਦਾ ਹੋ ਗਿਆ। ਇਹ ਗਲ 1912 ਤੇ 1916 ਦੇ ਵਿਚਕਾਰ ਦੀ ਹੈ। ਉਦੋਂ ਇਹ ਨਿਰੇ ਸੌਦਾਗਰ ਸਿੰਘ ਹੀ ਹੁੰਦੇ ਸਨ।

"ਤੁਸੀਂ ਇਸ ਸ਼ੌਕ ਦਾ ਵਿਕਾਸ ਕਿਵੇਂ ਕੀਤਾ?" ਮੇਰਾ ਅਗਲਾ ਪ੍ਰਸ਼ਨ ਸੀ।

"ਜਦੋਂ ਬਾਹਰੋਂ ਆ ਕੇ ਪਿੰਡ ਭੰਗਾਲੀ ਰਿਹਾਇਸ਼ ਕੀਤੀ ਤਦ ਉਥੇ ਥੋੜ੍ਹਾ ਬਹੁਤਾ ਕੀਰਤਨ ਕਰਨ ਲਗ ਪਿਆ। ਇਸ ਸਮੇਂ ਹੀ, ਅਮ੍ਰਿਤਸਰ ਵਿਚ ਭਾਈ ਤਾਰੂ ਸਿੰਘ ਦੀ ਸ਼ਹੀਦੀ ਪੜ੍ਹੀ–ਇਕ

ਢੋਲਕੀਏ ਦੀ ਸੰਗਤ ਨਾਲ। ਫਿਰ ਉਸੇ ਤਰਜ਼ ਤੇ ਹੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਿਖੀ। ਉਸ ਪਿਛੋਂ 1917 ਵਿਚ ਕਲਕੱਤੇ ਚਲੇ ਗਿਆ, ਜਿੱਥੇ ਇਕ ਖਰਾਦੀਏ ਕਾਰੀਗਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਥੋੜ੍ਹੀ ਬਹੁਤੀ ਕਵਿਤਾ ਲਿਖਣ ਦਾ ਚਸਕਾ ਤਾਂ ਪੈ ਹੀ ਚੁਕਾ ਸੀ ਇਸ ਲਈ ਕਦੇ ਕਦਾਂਈ ਇਕ ਅੱਧ ਕਵਿਤਾ ਸਮੇਂ ਤੇ ਸਹੂਲਤ ਅਨੁਸਾਰ ਲਿਖ ਲੈਂਦਾ ਸਾਂ"

"ਤੁਹਾਡਾ 'ਦੁਖੀ' ਜੀ ਨਾਲ ਮੇਲ ਕਿਵੇਂ ਹੋਇਆ ?" ਇਸ ਤੋਂ ਅਗਲੀ ਗੱਲ ਨੂੰ ਨਵਾਂ ਮੋੜ ਦਿੰਦਿਆਂ ਮੈਂ ਪੁੱਛਿਆ। 'ਭਿਖਾਰੀ' ਜੀ ਨੇ ਦੱਸਿਆ ਕਿ ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਕਲਕੱਤੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਦੀਵਾਨ ਸਜਾਇਆ ਗਿਆ ਜਿਸ ਵਿਚ ਸਰਬ ਸ੍ਰੀ ਗੁਰਮੁਖ ਸਿੰਘ 'ਮੁਸਾਫਿਰ', ਰਘਬੀਰ ਸਿੰਘ ਬੀ. ਏ., ਮੁਨਸ਼ਾ ਸਿੰਘ 'ਦੁਖੀ' ਤੇ 'ਭਿਖਾਰੀ' ਜੀ ਨੇ ਵੀ ਭਾਗ ਲਿਆ ਸੀ। ਇਹ ਇਨ੍ਹਾਂ ਦੀ 'ਦੁਖੀ' ਜੀ ਨਾਲ ਪਹਿਲੀ ਮੁਲਾਕਾਤ ਸੀ। ਇਸ ਪਿਛੋਂ 'ਦੁਖੀ' ਜੀ ਨਾਲ ਮੇਲ ਮਿਲਾਪ ਵਧ ਗਿਆ। ਅੱਠ-ਦਸ ਕਵੀਆਂ ਨੇ ਰਲ ਕੇ 'ਕਵੀ ਕੁਟੀਆ' ਸਥਾਪਤ ਕਰ ਲਈ ਤੇ ਮਾਸਿਕ 'ਕਵੀ' ਕੱਢਣਾ ਆਰੰਭ ਦਿਤਾ।

'ਕਵੀ ਕੁਟੀਆ' ਕੀ ਸੀ ? ਇਸ ਦੇ ਹਾਲਾਂ ਦੇ ਜਾਣੂ ਇਕ ਸਮਕਾਲੀ ਅਨੁਸਾਰ "ਇਹ ਦਰਦਮੰਦ ਦਿਲਾਂ ਦੀ ਇਕ ਟੋਲੀ ਏ, ਜਿਹੜੇ ਆਪਣੇ ਪਾਕ ਦਿਲਾਂ ਨੂੰ ਡਾਢੀ ਬੇਦਰਦੀ ਨਾਲ ਲਹੂ ਲੁਹਾਣ ਕਰ ਕੇ ਲੋਕਾਂ ਦੇ ਸਾਹਮਣੇ ਏਸ ਲਈ ਰਖਦੇ ਨੇ ਪਈ ਕਿਵੇਂ ਦਰਦੋਂ ਵਾਂਝੀ ਦੁਨੀਆਂ ਵਿਚ ਦਰਦ ਪੈਦਾ ਹੋਵੇ। ਇਹ ਉਨ੍ਹਾਂ ਉੱਚ ਕਵੀਆਂ ਦੀ ਇਕ ਮੰਡਲੀ ਏ ਜਿਹੜੇ ਜਿਗਰ ਦੇ ਖ਼ੂਨ ਨਾਲ ਲਿਖੀ ਕਵਿਤਾ ਲੋਕਾਂ ਦੇ ਸਾਹਮਣੇ ਇਸ ਲਈ ਰਖਦੇ ਨੇ ਪਈ ਕਿਵੇਂ ਮਾਇਆ ਮੋਹੀ ਦੁਨੀਆਂ ਵੀ ਕਾਵਯ ਦੀ ਪੀਂਘੇ ਚੜ੍ਹ ਕੇ ਸ਼ਾਂਤੀ ਤੇ ਰਸ ਦੇ ਉੱਚੇ ਮੰਡਲਾਂ ਵਿਚ ਅਰਸ਼ੀ ਝੂਟਾ ਝੂਟ ਲਵੇ। ਇਹ ਕਵੀ ਕੁਟੀਆ ਉਹਨਾਂ ਗਰੀਬ ਕ੍ਰਿਤੀਆਂ ਦਾ ਇਕੱਠ ਏ, ਜਿਹੜੇ ਸਵੇਰ ਦੇ ਅੱਠ ਵਜੇ ਤੋਂ ਲੈ ਕੇ ਸ਼ਾਮ ਦੇ ਛੇ ਵਜੇ ਤਕ ਆਪਣਾ ਢਿੱਡ ਝੁਲਕਨ ਲਈ ਪਸੀਨਾ ਵਹਾਂਦੇ ਨੇ ਤੇ ਰਾਤ ਨੂੰ ਬਜਾਏ ਨਿੱਸਲ ਹੋ ਕੇ ਆਰਾਮ ਕਰਨ ਦੇ, ਬਜਾਏ ਸਿਨੇਮੇ ਤੇ ਥੀਏਟਰ ਦੇਖਣ ਦੇ, ਬਜਾਏ ਸ਼ਰਾਬ ਪੀ ਕੇ ਗ਼ਮ ਗ਼ਲਤ ਕਰਨ ਦੇ ਰਾਤ ਦੇ ਦੋ ਦੋ ਵਜੇ ਤਕ ਕਲਮਾਂ ਫੜ੍ਹੀ ਲਿਖਦੇ ਰਹਿੰਦੇ ਨੇ, ਪਈ ਕਿਵੇਂ ਪੰਜਾਬੀ ਕਾਵਯ ਵਿਚ ਜਾਨ ਪੈ ਜਾਏ ਤੇ ਕਵੀ ਕੁਟੀਆ ਉਹਨਾਂ ਸਿਰਲੱਥ ਸੇਵਕਾਂ ਦਾ ਜੱਥਾ ਏ, ਜਿਹੜੇ ਸੇਵਾ ਨੂੰ ਨਿਰਾ ਸੇਵਾ ਦੇ ਸੁਆਦ ਵਾਸਤੇ ਕਰਦੇ ਨੇ, ਤੇ ਜਿਨ੍ਹਾਂ ਨੇ ਆਪਣੀਆਂ ਸਿਹਤਾਂ ਸਿਰਫ ਏਸ ਝੋਰੇ ਨਾਲ ਖ਼ਰਾਬ ਕਰ ਲਈਆਂ ਨੇ ਪਈ ਕਿਵੇਂ ਪੰਜਾਬੀ ਬੋਲੀ ਦੀ ਉਨਤੀ ਹੋਵੇ।"

'ਭਿਖਾਰੀ' ਜੀ 'ਕਵੀ' ਵਾਸਤੇ ਕਵਿਤਾਵਾਂ ਲਿਖਣ ਲਗ ਪਏ। 'ਦੁਖੀ' ਜੀ ਦੀ ਸੰਗਤ ਨੇ ਕਵਿਤਾ ਨੂੰ ਉਤਮ ਬਣਾਉਣ ਵਿਚ ਯੋਗਦਾਨ ਦਿੱਤਾ। 'ਕਵੀ' ਤੋਂ ਬਿਨਾਂ ਉਸ ਕਾਲ ਦੇ ਪ੍ਰਸਿੱਧੀ ਖੱਟ ਚੁੱਕੇ ਮਾਸਿਕ ਪੱਤਰ 'ਪ੍ਰੀਤਮ' ਤੇ 'ਫੁਲਵਾੜੀ' ਆਦਿ ਵਿਚ ਵੀ 'ਭਿਖਾਰੀ' ਜੀ ਦੀਆਂ ਰਚਨਾਵਾਂ ਛਪਦੀਆਂ ਸਨ।

'ਭਿਖਾਰੀ' ਜੀ ਨੇ ਇਕ ਕਾਵਿ ਸੰਗ੍ਰਹਿ 'ਪ੍ਰੇਮ ਲਹਿਰਾਂ' ਪੰਜਾਬੀ ਜਗਤ ਨੂੰ ਦਿੱਤਾ, ਜਿਸ ਦੇ ਪੰਜ ਅੰਗ ਹਨ: ਸ਼ਰਧਾਂ ਦੇ ਫੁੱਲ, ਸਾਹਿਤ ਬੀਨ, ਵੈਰਾਗ ਬਿਹਾਗ, ਅਨੁਵਾਦ ਭਾਗ ਤੇ ਕੌਮੀ ਤਰਾਨੇ। ਇਸ ਪੁਸਤਕ ਬਾਰੇ ਸਮਕਾਲੀਆਂ ਦੀ ਰਾਇ ਸੀ ਕਿ "ਆਪਦੀ ਇਹ ਪੁਸਤਕ ਆਪ ਦੇ ਸਮੇਂ ਦੇ ਦਿਲੀ ਉਛਾਲਾਂ ਦਾ ਇਕੱਠ ਹੈ। ਪੰਜਾਬੀ ਸਾਹਿਤ ਵਿਚ ਇਕ ਬਹੁ-ਮੁੱਲੀ ਚੀਜ਼ ਹੈ। ਰਸਾਂ ਦੀ ਸਵੱਛਤਾ,

ਅਲੰਕਾਰਾਂ ਦਾ ਮੇਲ, ਬੋਲੀ ਦੀ ਜੜਤ ਤੇ ਖ਼ਿਆਲਾਂ ਦੀ ਅਟੁੱਟਤਾ ਨੂੰ ਸੁਹਣੀ ਤਰ੍ਹਾਂ ਨਿਭਾਇਆ ਹੈ। ਪਿੰਗਲ ਦੀ ਸਰਲਤਾ, ਰਸਾਂ ਦੀ ਸਰਸਤਾ ਤੇ ਭਾਵ ਦੀ ਸਰਲਤਾ ਉਤਮ ਰੀਤੀ ਦੀ ਹੈ। ਇਸ ਪੁਸਤਕ ਬਾਰੇ ਸਮਕਾਲੀ ਪੰਜਾਬੀ ਵਿਦਵਾਨਾਂ, ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਰਾਜਾ ਸਰ ਦਲਜੀਤ ਸਿੰਘ, ਸਰ ਜੋਗਿੰਦਰਾ ਸਿੰਘ, ਚਰਨ ਸਿੰਘ ਸ਼ਹੀਦ, ਬਾਵ ਬੁਧ ਸਿੰਘ ਤੇ ਮੌਲਾ ਬਖ਼ਸ਼ ਕੁਸ਼ਤਾ ਆਦਿ ਸ਼ਾਮਲ ਹਨ, ਨੇ ਆਪੋ ਆਪਣੀਆਂ ਰਾਵਾਂ ਦਿੱਤੀਆਂ ਹਨ।

'ਭਿਖਾਰੀ' ਜੀ, ਜਿਵੇਂ ਉਪਰ ਸ਼ਪਸਟ ਕੀਤਾ ਜਾ ਚੁਕਾ ਹੈ, ਪੰਜਾਬੀ ਲੇਖਕ ਤੇ ਕਵੀ ਪੈਦਾ ਕਰਨ ਵਾਲੇ ਸਾਹਿਤਕ ਕਾਰਖਾਨੇ ਨਾਲ ਕਾਫੀ ਅਰਸਾ ਸਬੰਧਤ ਰਹੇ ਪਰ ਫਿਰ ਵੀ ਉਨ੍ਹਾਂ ਦੀ ਰਚਨਾ ਆਕਾਰ ਪੱਖੋਂ ਉਨ੍ਹੀਂ ਨਹੀਂ ਮਿਲਦੀ ਜਿੰਨੀ ਦੀ ਸਾਹਿਤਕਾਰ ਉਪਜਾਊ ਕਾਰਖਾਨੇ ਵਿਚ ਕੰਮ ਕਰਦੇ ਕਾਰੀਗਰ ਤੋਂ ਆਸ ਕੀਤੀ ਜਾ ਸਕਦੀ ਹੈ। ਹਾਂ, ਮਿਆਰ ਪੱਖੋਂ ਇਸ ਰਚਨਾ ਤੇ ਉਂਗਲੀ ਨਹੀਂ ਰਖੀ ਜਾ ਸਕਦੀ। ਆਪ ਦੀਆਂ ਰਚਨਾਵਾਂ ਪ੍ਰਸਿੱਧ ਸਮਕਾਲੀ ਪੱਤਰਾਂ ਵਿਚ ਛਪਣ ਦਾ ਇਹੋ ਵੱਡਾ ਕਾਰਨ ਸੀ।

ਸਾਹਿਤਕਾਰ ਉਪਜਾਊ ਕਾਰਖਾਨੇ ਦੇ ਕਾਮੇ ਹੋਣ ਕਾਰਨ 'ਭਿਖਾਰੀ' ਜੀ ਬਹੁਪੱਖੀ ਸਾਹਿਤਕ ਪ੍ਰਤਿਭਾ ਦੇ ਮਾਲਕ ਹੋਣ ਦੇ ਫਲਸਰੂਪ ਬਹੁਪੱਖੀ ਸਾਹਿਤਕਾਰ ਸਨ। ਆਪ ਨੇ ਪੰਜਾਬੀ ਕਾਵਿ ਤੇ ਵਾਰਤਕ ਦੋਹਾਂ ਰੂਪਾਂ ਤੇ ਕਲਮ ਚਲਾਈ ਹੈ, ਪਰ ਆਕਾਰ ਦੇ ਪੱਖੋਂ ਸ਼ਾਇਦ ਕਾਵਿ-ਰਚਨਾ ਦਾ ਪਲੜਾ ਮੌਲਿਕ ਵਾਰਤਕ ਨਾਲੋਂ ਭਾਰੂ ਹੋਵੇ।

ਕਵੀ ਮਨ ਦਾ ਮੌਜੀ ਹੁੰਦਾ ਹੈ। ਜਿਸ ਵਹਿਣ ਵਿਚ ਮਨ ਵਹਿ ਤੁਰੇ, ਉਸੇ ਵੇਗ ਦੀ ਕਵਿਤਾ ਉਸ ਦੇ ਅੰਦਰੋਂ ਵਗ ਤੁਰਦੀ ਹੈ। ਭਿਖਾਰੀ ਜੀ ਦੀ ਕਾਵਿ ਰਚਨਾ ਸਾਨੂੰ ਬਹੁਭਾਂਤੀ ਮਿਲਦੀ ਹੈ। ਨਿਰੋਲ ਧਾਰਮਕ ਵਿਸ਼ੇ ਵੀ ਉਸ ਵਿਚ ਹਨ, ਸਾਹਿਤਕ ਵੀ। ਨਿੱਜੀ ਜੀਵਨ ਨਾਲ ਸਬੰਧਤ ਘਟਨਾਵਾਂ, ਅਤੇ ਮਾਨਸਿਕ, ਸਰੀਰਕ, ਪਰਿਵਾਰਕ ਤੇ ਸਮਾਜਕ ਤੌਰ ਤੇ ਉਲਝਣਾਂ ਦਾ ਸੰਕੇਤ ਮਾਤਰ ਵਰਨਣ ਵੀ ਮਿਲ ਜਾਂਦਾ ਹੈ। ਜਿਸ ਤੋਂ ਸਾਨੂੰ ਸਮਕਾਲੀ ਸਮਾਜਕ ਪ੍ਰਸਿਥਤੀਆਂ ਦਾ ਅਨੁਮਾਨ ਲਾਉਣਾ ਬਹੁਤ ਔਖਾ ਨਹੀਂ ਰਹਿ ਜਾਂਦਾ। 'ਕਵੀ ਕੁਟੀਆ' ਦੇ ਕਵੀ ਦਰਬਾਰ ਵਿਚ ਪੇਸ਼ ਕੀਤੀ ਇਕ ਕਾਵਿ-ਟੁਕੜੀ ਵਿਚੋਂ ਕਾਵਿ ਕਲਾ ਦੇ ਕਿਸੇ ਨਮੂਨੇ ਦੇ ਦਰਸ਼ਨ ਤਾਂ ਨਹੀਂ ਹੁੰਦੇ, ਪਰ ਕਵੀ ਦੇ ਘਰੇਲੂ ਜੀਵਨ ਤੇ ਚੌਗਿਰਦੇ ਦੇ ਵਾਤਾਵਰਣ ਦਾ ਇਕ ਮਹੱਤਵਪੂਰਨ ਪੱਖ ਸਾਡੇ ਸਾਹਮਣੇ ਜ਼ਰੂਰ ਉਘੜਦਾ ਦਿਸਦਾ ਹੈ :

ਮੇਰਾ ਮੇਰੀ ਵਹੁਟੀ ਦਾ ਹਰ ਵੇਲੇ ਹੀ ਰਹਿੰਦਾ ਤਕਰਾਰ।
ਏਸ ਲਈ ਸਾਡੇ ਘਰ ਹਰਦਮ ਲਗਾ ਰਹੇ ਤਮਾਸ਼ਾ ਯਾਰ।
ਆਏ ਗਏ ਸੱਜਣ ਮਿੱਤਰ ਦਾ, ਹੁੰਦਾ ਹਰ ਵੇਲੇ ਸਤਿਕਾਰ।
ਦੂਰੋਂ ਤਕ ਬੂਹਾ ਢੋ ਕਾ[illegible]ੀ ਸ੍ਰੀਮਾਨ ਜੀ ਗਏ ਬਾਜ਼ਾਰ।
ਮੈਂ ਆਖਾਂ ਅੱਜ ਬਣਨ ਪਰੌਂਠੇ, ਛਕਾਏ ਖੂਬ ਪਚਾਕੇ ਮਾਰ।
ਦੋ ਪਹਿਰਾਂ ਪਿਛੋਂ ਲੈ ਆਵੇਂ, ਸੁੱਕੀ ਰੋਟੀ ਨਾਲ ਆਚਾਰ।
ਮੈਂ ਤਾਂ ਚਾਹਾਂ ਸੁਰਗ ਘਰ ਬਣ ਜਾਇ, ਉਸ ਨੂੰ ਨਰਕ ਨਾਲ ਹੀ ਪਿਆਰ।
ਫਿਰ ਵੀ ਕਹਿਣਾ ਹੀ ਪੈਂਦਾ, 'ਇਸ ਜੀਵਨ ਦੀ ਅਜਬ ਹੀ ਬਹਾਰ।'

ਕਿਤੇ ਕਿਤੇ ਦੁਨੀਆਂ ਦੇ ਕਠੋਰ ਵਤੀਰੇ ਤੋਂ ਤੰਗ ਆ ਕੇ ਦੁਨੀਆਂ ਤੋਂ ਸਨਿਆਸ ਲੈਣ ਵਾਲੀ ਗੱਲ ਵੀ ਕੀਤੀ ਗਈ ਮਿਲਦੀ ਹੈ :

ਇਸ ਝੂਠੀ ਦੁਨੀਆਂ ਵਿਚ ਜਦੋਂ, ਨਾ ਕੋਈ ਤੇਰਾ ਮਿੱਤਰ ਹੈ।
ਸੁਖ ਵੇਲੇ ਬਣਦਾ ਯਾਰ ਜੋ ਆ, ਦੁਖ ਵੇਲੇ ਹੁੰਦਾ ਤਿੱਤਰ ਹੈ।
ਤੂੰ ਜਿਉਂ ਜਿਉਂ ਨੀਵਾਂ ਹੁੰਦਾ ਹੈ, ਉਹ ਤਿਉਂ ਤਿਉਂ ਲੌਂਦਾ ਛਿੱਤਰ ਹੈ।
ਫਿਰ ਵੀ ਇਸ ਝੂਠੇ ਜਗਤ ਲਈ, ਤਿਰੇ ਦਿਲ ਵਿਚ ਕੈਸਾ ਚਿੱਤਰ ਹੈ ?
ਜੋ ਹੋਣਾ ਹੈ ਸੋ ਹੋਵੇਗਾ, ਕੋਈ ਸਕਦਾ ਉਹਨੂੰ ਮੋੜ ਨਹੀਂ।
ਤੂੰ ਐਵੇਂ ਜਿਊਣ ਦਾ ਆਹਰ ਨਾ ਕਰ, ਇਸ ਜਗ ਤੇ ਤੇਰੀ ਲੋੜ ਨਹੀਂ।......
ਦੋ ਦਿਨ ਦੇ ਕੂੜੇ ਜੀਣ ਲਈ ਕਿਉਂ ਐਡੇ ਕਸ਼ਟ ਉਠਾਂਦਾ ਏਂ।
ਕਦੇ ਭੱਜਾ ਜਾਵੇਂ ਵੈਦਾਂ ਕੋਲ, ਰੋ ਰੋ ਕੇ ਦੁੱਖ ਸਣਾਂਦਾ ਏਂ।
ਕਦੇ ਬਾਲ ਬੱਚੇ ਦੀ ਚਿੰਤਾ ਕਰ, ਹਾਵੇ ਭਰਦਾ ਗ਼ਮ ਖਾਂਦਾ ਏਂ।
ਬਸ ਇਸ ਲਈ ਕਿ ਇਸ ਦੁਨੀਆਂ ਤੇ, ਤੂੰ ਹੋਰ ਜੀਵਣਾ ਚਾਹਦਾਂ ਏਂ।?
ਛੱਡ ਚਿੰਤਾ ਅੱਗੇ ਪਿੱਛੇ ਦੀ, ਪਿਆ ਦੇਹ ਦੀ ਰੱਤ ਨਚੋੜ ਨਹੀਂ।
ਇਸ ਦੁਨੀਆਂ ਨਾਲ ਨਾ ਜੋੜ ਮਨਾ, ਦੁਨੀਆਂ ਤੇ ਤੇਰੀ ਲੋੜ ਨਹੀਂ।......

ਇਕ ਵਾਰ ਭਿਖਾਰੀ ਜੀ ਬਹੁਤ ਸਖ਼ਤ ਬਿਮਾਰ ਹੋ ਗਏ। ਆਪ ਕਲਕੱਤਾ ਛੱਡ ਕੇ ਪੰਜਾਬ ਆ ਗਏ। ਲੰਬੇ ਵਿਛੋੜੇ ਨੇ ਸਨੇਹੀਆਂ ਸੱਜਣਾਂ ਵਿਚ ਵਿਛੋੜੇ ਦੀ ਅਗਨੀ ਪ੍ਰਚੰਡ ਕਰ ਦਿੱਤੀ। 'ਦੁਖੀ ਦੇ ਵੈਣ' ਕਵਿਤਾ ਦਾ ਭਾਵੇਂ ਕਵੀ ਨੇ ਕੋਈ ਪ੍ਰਸੰਗਿਕ ਸੰਕੇਤ ਤਾਂ ਨਹੀਂ ਦਿੱਤਾ ਪਰ ਰਚਨਾ ਤੋਂ ਇਹ ਗੱਲ ਪ੍ਰਗਟ ਹੋਣ ਵਿਚ ਕੋਈ ਕਸਰ ਬਾਕੀ ਨਹੀਂ ਰਹਿ ਜਾਂਦੀ ਕਿ ਇਹ ਰਚਨਾ ਉਸ ਬਿਮਾਰੀ ਨਾਲ ਵੀ ਸਬੰਧਤ ਹੈ, ਜਿਸ ਵਿਚੋਂ ਕਵੀ ਦੀ ਪਹਿਲੀ ਉਮਰ ਦੇ ਵੀ ਕਸ਼ਟਾਂ ਵਿਚ ਹੀ ਬੀਤੇ ਹੋਣ ਦਾ ਪਤਾ ਲਗਦਾ ਹੈ :

ਹਾਂ। ਬੀਤ ਗਈ ਸਾਰੀ ਉਮਰ ਦੁੱਖਾਂ ਦੇ ਦੁੱਖ ਉਠਾਂਦੇ ਨੂੰ।
ਇਕ ਪਲ ਨਾ ਸਾਹ ਆਯਾ, ਸਭ ਬੀਤ ਗਈ ਕੁਰਲਾਂਦੇ ਨੂੰ।
ਨਾ ਲੱਭੀ ਕਾਰੀ ਔਸ਼ਧਿ ਹੀ, ਵਿਚ ਗ਼ਮ ਦੇ ਘੁਲਦੇ ਜਾਂਦੇ ਨੂੰ।
ਓ ! ਹਿਰਦੇ ਵਾਲਿਓ, ਦੇਖ ਲਵੋ, ਦੁਖੀ ਨੂੰ ਜਿੰਦ ਲੁਛਾਂਦੇ ਨੂੰ।
ਨਾ ਬਹੁੜੇ ਦੁਖ ਭੰਜਣ ਹਾਰੇ, ਸੁਣ ਮੇਰੇ ਚੀਕ ਚਿਹਾੜੇ ਨੇ।
ਹਾ ਕੈਹੇ ਲੇਖ ਮੱਥੇ ਦੇ ਨੇ, ਕੁਝ ਆਪਣੇ ਹੀ ਦਿਨ ਮਾੜੇ ਨੇ।

ਇਹ ਹੈ ਕਵੀ ਵਲੋ ਚਿਤਰਿਆ ਗਿਆ ਉਸ ਦੇ ਆਪਣੇ ਸਮਕਾਲੀ ਸਮਾਜ ਦਾ ਚਿਤਰ :

ਜਿਨ੍ਹਾਂ ਦੇ ਸੁਖ ਆਰਾਮ ਲਈ ਮੈਂ ਸੁਖ ਸਭ ਵਾਰ ਦਿੱਤੇ।
ਹਾਂ ਗੇੜ ਸਮੇਂ ਦਾ ਓਹੀ ਅੱਜ, ਕਯਾ ਖੇਲਨ ਖੇਲ ਨਿਰਾਲੇ ਨੇ ?
ਕਦੇ ਕਹਿਣ ਪਰਾਈਆਂ ਜਾਈਆਂ ਆ, ਸਕਿਆਂ ਵੀਰਾਂ ਨੂੰ ਪਾੜ ਦੇਣ।
ਆਪਣਾ ਹਿਰਦਾ ਨਾ ਟੁੰਹਦੇ ਨੇ, ਹਾ ! ਕੇਹੇ ਜਗ ਦੇ ਚਾਲੇ ਨੇ।
ਅਣਹੋਣੇ ਮਿਹਣੇ ਮਾਰ ਮਾਰ ਮੇਰਾ ਸੀਤਲ ਹਿਰਦਾ ਲੂਹਿਆ ਏ,
ਕੀ ਦੱਸਾਂ ? ਵੇ ਲੋਕੋ, ਮਿਰੇ ਦਿਲ ਤੇ ਪੈ ਗਏ ਸੌ ਸੌ ਛਾਲੇ ਨੇ।
ਮੈਂ ਆਪਣਾ ਫਰਜ਼ ਨਿਭਾਣ ਲਈ, ਤਨ ਧਨ ਸਰਬੰਸ ਲੁਟਾ ਦਿੱਤਾ,
ਅਫਸੋਸ ਅਜੇ ਵੀ ਰੀਝੇ ਨਾ, ਜ਼ਾਲਿਮ ਇਸ ਦੁਨੀਆਂ ਵਾਲੇ ਨੇ।.......

ਕਵੀ ਨੇ ਆਪਣਾ ਜੀਵਨ ਅਨੁਭਵ ਕੁਝ ਦੋਹਰਿਆਂ ਵਿਚ ਪ੍ਰਗਟ ਕੀਤਾ ਹੈ। ਇਕ ਦੋ ਉਦਾਹਰਣਾਂ ਹਾਜ਼ਰ ਹਨ :

ਦੁਨੀਆਂ ਦੇ ਸੁਖ ਜਿਨ੍ਹਾਂ ਲਈ, ਕਰ ਦੇਈਏ ਕੁਰਬਾਨ।
ਫੇਰ ਸਮੇਂ ਦਾ, ਉਹੀ ਫਿਰ ਅੱਗੋਂ ਪੈਂਦੇ ਖਾਣ।

ਸਵਾਰਥ ਧੋਖਾ ਪਸਰਿਆ, ਕੂੜ ਪਾਪ ਪਰਧਾਨ।
ਕਿਸ ਸੰਗ ਪਾਈਏ ਪਯਾਰ, ਸਭ ਜਗ ਮਤਲਬ ਦਾ ਜਾਨ।

'ਭਿਖਾਰੀ' ਜੀ ਸਿੱਖ ਧਾਰਮਿਕ ਵਿਅਕਤੀ ਸਨ ਜਿਸ ਕਰਕੇ ਉਨ੍ਹਾਂ ਨੇ ਧਾਰਮਕ ਵਿਸ਼ਿਆਂ ਨੂੰ ਵੀ ਛੋਹਿਆ ਹੈ। ਕਵੀ ਦੁਨੀਆਂ ਦੀ ਹਰ ਨਿਆਮਤ ਗੁਰੂ ਚਰਨਾਂ ਤੋਂ ਕੁਰਬਾਨ ਕਰ ਦੇਣ ਲਈ ਤਿਆਰ ਹੋ ਕੇ ਕਹਿੰਦਾ ਹੈ :

ਰਾਜ ਦੀ ਨਾ ਲੋੜ, ਸੁਖ ਸਾਜ ਦੀ ਲੋੜ ਰਹੇ,
ਮੋਖ ਦੀ ਨਾ ਲੋੜ, ਚਾਹ ਏਹੋ ਉਮਗੀ ਰਹੇ।
ਜੋਗ ਦੀ ਨਾ ਲੋੜ, ਜਗ ਭੋਗ ਦੀ ਨਾ ਲੋੜ ਕੋਈ,
ਭੈੜੀ ਕਾਮ ਚਾਹ ਮੈਥੋਂ ਦੂਰ ਹੀ ਭਗੀ ਰਹੇ।
ਨੇਕੀ ਉਪਕਾਰ ਸਚ ਸ਼ੀਲਤਾ ਪਿਆਰ,
ਦਯਾ ਨਿਮਰਤਾ ਦੀ ਧਾਰ ਮੇਰੇ ਹਿਰਦੇ ਵਗੀ ਰਹੇ।
ਸੰਗਤ ਦੀ ਸੇਵਾ ਮੇਰੇ ਜੀਵਨ ਦਾ ਉਦੇਸ਼ ਹੋਵੇ,
ਗੁਰੂ ਚਰਨਾਂ 'ਚ ਮੇਰੀ ਲਗਨ ਲੱਗੀ ਰਹੇ।

ਆਪਦੀਆਂ ਕੁਝ ਧਾਰਮਿਕ ਕਵਿਤਾਵਾਂ ਮਿਸ੍ਰਤ ਭਾਵੀ ਵੀ ਹਨ ਜਿਨ੍ਹਾਂ ਵਿਚ ਸਿੱਖ ਧਰਮ ਤੇ ਉਸ ਦੇ ਅਨੁਆਈਆਂ ਦੇ ਪ੍ਰਸੰਸਾਤਮਕ, ਆਲੋਚਨਾਤਮਕ ਤੇ ਪ੍ਰਾਰਥਾਂਨਕ ਵਰਣਨ ਮਿਲਦਾ ਹੈ। ਮਾਸਿਕ 'ਫੁਲਵਾੜੀ' ਲਾਹੌਰ ਵਿਚ ਪ੍ਰਕਾਸ਼ਤ ਅਜਿਹੀ ਇਕ ਲੰਬੀ ਕਵਿਤਾ ਵਿਚੋਂ ਕੁਝ ਸਤਰਾਂ ਕੇਵਲ ਵੰਨਗੀ ਵਜੋਂ ਦੇਣੀਆਂ, ਅਯੋਗ ਨਹੀਂ ਹੋਣਗੀਆਂ :

ਸਿੱਖੀ ਜੀਵਨ ਅਤਿ ਕਠਿਨ ਹੈ, ਕੋਈ ਵਿਰਲਾ ਤੋੜ ਨਿਭਾਂਵਦਾ।
ਦਸਮੇਸ਼ ਪਿਤਾ ਦੀ ਸਿੱਖਿਆ, ਲੱਖਾਂ 'ਚ ਕੋਈ ਕਮਾਂਵਦਾ।.....
ਦੁਨੀਆਂ ਦੇ ਲਾਲਚ ਸਿਖ ਨੂੰ, ਰੰਚਕ ਨਾ ਕਦੀ ਡੁਲਾ ਸਕਣ।
ਆਦਰਸ਼ ਆਪਣੇ ਤੋਂ ਰਚਾਵੀ, ਨਾ ਸ਼ਾਹੀ ਤਾਜ ਗਿਰਾ ਸਕਣ।.....
ਸਿਖ ਭੋਗ ਬਿਲਾਸ ਨਾ ਚਾਹੁੰਦਾ, ਸਿਖ ਰਾਜ ਮੁਕਤ ਨਾ ਲੋੜਦਾ।
ਸਿਖ ਗੁਰ-ਆਗਿਆ ਗੁਰ-ਚਰਨ ਸੰਗ, ਹਰ ਸਵਾਸ ਪ੍ਰੀਤੀ ਜੋੜਦਾ।.....
ਸਿਖ ਤਿਆਗੀ ਬਣ ਗ੍ਰਹਿਸਤੀ ਦੇ, ਭੋਗੀ ਹੈ ਵਿਚ ਤਿਆਗ ਦੇ।
ਜੋਗੀ ਹੈ ਘਟ ਵਿਚ ਬੈਠਿਆਂ, ਸੰਜੋਗੀ ਵਿਚ ਵੈਰਾਗ ਦੇ।.....
ਸਿਖ ਸੇਵ 'ਭਿਖਾਰੀ' ਜਗਤ ਦਾ, ਦਾਤਾ ਹੈ ਪਰ-ਉਪਕਾਰ ਦਾ।
ਚਸ਼ਮਾ ਹੈ ਦਯਾ ਸਨੇਹੀ ਦਾ, ਸੋਮਾ ਹੈ ਮਿਠਤ ਪਿਆਰ ਦਾ।.....

ਆਦਰਸ਼ ਸਿਖੀ ਇਸ ਸਮੇਂ ਪਰ ਕਿਤੇ ਨਜ਼ਰ ਨ-ਆ ਰਹੀ।
ਸੁਆਰਥ, ਹਉਮੈ, ਦਵੈਤ ਈਰਖਾ, ਇਸ ਨੂੰ ਖਡ ਵਲ ਲਿਜਾ ਰਹੀ।
ਹੇ ਸਤਿਗੁਰ ਸੱਚੇ ਪਾਤਸ਼ਾਹ, ਫਿਰ ਨਜ਼ਰ ਮਿਹਰ ਦੀ ਪਾ ਦਿਓ।
ਸਿਖੀ ਦੀ ਰੂਹ ਸਿਖਾਂ ਵਿਚ ਪਾ, ਆਦਰਸ਼ਕ ਸਿਖ ਬਣਾ ਦਿਓ।

(ਮਾਸਕ ਫੁਲਵਾੜੀ, ਜੂਨ, 1934, ਪੰਨਾ 575)

ਮਜ਼ਦੂਰ ਜਾਂ ਕਿਰਤੀ ਦੀ ਜ਼ਿੰਦਗੀ ਕੋਈ ਚੰਗੀ ਨਹੀਂ ਹੁੰਦੀ। ਸਾਡੇ ਦੇਸ਼ ਵਿਚ ਇਸ ਵਰਗ ਦੀ ਸਥਿਤੀ ਹੋਰ ਵੀ ਤਰਸਯੋਗ ਹੈ। ਪਰ ਅੱਜ ਤੋਂ ਅੱਧੀ ਸਦੀ ਪਹਿਲਾਂ ਜਦੋ ਅਸੀਂ ਗੁਲਾਮ ਹੁੰਦੇ ਸਾਂ ਤੇ ਗੁਲਾਮਾਂ ਵਾਲੇ ਸਲੂਕ ਦੇ ਹੀ ਭਾਗੀ ਹੁੰਦੇ ਸਾਂ, ਉਦੋਂ ਦੀ ਸਥਿਤੀ ਅੱਜ ਨਾਲੋਂ ਜੇ ਵਧ ਨਹੀਂ, ਤਾਂ ਪੰਜਾਹ ਗੁਣਾਂ ਭੈੜੀ ਤੇ ਤਰਸਯੋਗ ਤਾਂ ਹੋਵੇਗੀ ਹੀ। 'ਜਿਸ ਤਨੁ ਲਗੇ ਸੋ ਤਨੁ ਜਾਨੇ, ਔਰ ਕੋ ਜਾਨੇ ਪੀਰ ਪਰਾਈਂ' ਦੇ ਅਖਾਣ ਵਾਂਗ ਕਿਰਤੀ ਦੇ ਜੀਵਨ ਵਰਣਨ ਤੇ ਵੀ ਇਹ ਗੱਲ ਠੀਕ ਢੁਕਦੀ ਹੈ। 'ਭਿਖਾਰੀ' ਜੀ ਆਪ ਕਿਰਤੀ ਸਨ। ਇਸ ਲਈ ਉਨ੍ਹਾਂ ਦੀ ਰਚਨਾ ਕਿਰਤੀ ਵਾਲੇ ਮੁੜ੍ਹਕੇ ਪਸੀਨੇ ਵਿਚੋਂ ਨਿਕਲੀ ਹੋਣ ਕਾਰਨ ਪਾਠਕ ਜਾਂ ਸ੍ਰੋਤੇ ਤੇ ਯਥਾਰਥਕ ਪ੍ਰਭਾਵ ਪਾਉਣ ਵਾਲੀ ਹੋਣੀ ਸੁਭਾਵਕ ਸੀ। ਉਨ੍ਹਾਂ ਦੇ ਬਿਆਨ ਵਿਚਲਾ ਦਰਦ ਤੇ ਕਿਰਤੀਆਂ ਦੀ ਮਿਹਨਤ ਦੇ ਫਲਸਰੂਪ ਸਾਧਾਰਨ ਆਦਮੀਆਂ ਤੋਂ ਬਣੇ ਸੇਠਾਂ ਪ੍ਰਤੀ ਘਿਰਣਾ, ਉੱਤਮ ਯਥਾਰਥਵਾਦੀ ਵਰਣਨ ਦੀ ਚੰਗੀ ਉਦਾਹਰਣ ਆਖੀ ਜਾ ਸਕਦੀ ਹੈ, ਜਿਸ ਦੀ ਤੁਲਨਾ ਮਹਾਂਕਵੀ ਅਵਤਾਰ ਸਿੰਘ 'ਆਜ਼ਾਦ' ਦੀ ਪ੍ਰਸਿੱਧ ਕਵਿਤਾ 'ਮੇਰਾ ਸਾਥੀ' ਨਾਲ ਕੀਤੀ ਜਾ ਸਕਦੀ ਹੈ। 'ਭਿਖਾਰੀ' ਜੀ ਦੀ ਅਜਿਹੀ ਇਕ ਰਚਨਾ ਵਿਚੋਂ ਵੰਨਗੀ ਹਾਜ਼ਰ ਹੈ:

ਕਲਮ ਆ, ਦੁਰਦਸ਼ਾ ਆਪਣੀ ਤੇ ਦੋ ਅੱਥਰੂ ਵਹਾ ਦੇਈਏ।
ਸਖ਼ਤ ਪੱਥਰ ਦਿਲਾਂ ਤਾਂਈ, ਹਿਲਾ ਸ੍ਰਿਸ਼ਟੀ ਕੰਬਾ ਦੇਈਏ।.....
ਚੜ੍ਹੇ ਸੂਰਜ ਤੋਂ ਮਿਹਨਤ ਅਸਤ ਤਕ, ਕਰ ਟੁੱਟ ਜਾਂਦੇ ਹਾਂ,
ਨਾ ਪਰ ਅਫਸੋਸ ਆਪਨੇ ਸੇਠ ਨੂੰ ਖੁਸ਼ ਫਿਰ ਭੀ ਪਾਂਦੇ ਹਾਂ।
ਜਦੋਂ ਦੇਖੋ ਮੱਥੇ ਤਿਉੜੀ ਤੇ ਮੂੰਹ ਦੀ ਅਜਬ ਹੀ ਸੂਰਤ,
ਵਹੌਂਦੇ ਖ਼ੂਨ ਹਾਂ! ਫਿਰ ਭੀ ਝਿੜਕਾਂ ਹੀ ਖਾਂਦੇ ਹਾਂ।.....
ਦਿਨੇ ਰਾਤੀ ਜੋ ਬੈਠੇ ਕਿਰਤੀਆਂ ਦਾ ਖ਼ੂਨ ਪੀਂਦੇ ਨੇ।
ਚੜ੍ਹਨ ਮੋਟ੍ਰੀ ਬਹਾਰਾਂ ਲੈਣ ਸੌਂਦੇ ਸੁੱਖ ਦੀ ਨੀਂਦੇ ਨੇ।
ਉਠਾਵੇ ਐਸ਼ ਸਿਰ ਕਿਰਤੀ ਦੇ, ਹੱਕ ਧਨਵਾਨ ਦਾ ਕੀ ਹੈ ?
ਵਿਖਾਲੇ ਜ਼ੋਰ ਕਮਜ਼ੋਰਾਂ 'ਤੇ, ਹਕ ਬਲਵਾਨ ਦਾ ਕੀ ਏ ?

ਗਰੀਬਾਂ ਦੀ ਰਤ ਨਿਚੋੜ ਕੇ ਲਾਲ ਹੋਣ ਵਾਲੇ ਅਮੀਰਾਂ ਪ੍ਰਤੀ ਕਿਰਤੀਆਂ ਵਾਲਾ ਰੋਹ ਕਵੀ ਅੰਦਰ ਕਾਫ਼ੀ ਹੈ। ਇਕ ਹੋਰ ਥਾਂ ਇਹੋ ਰੋਹ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ:

ਨਿੱਘੀਆਂ ਰਜਾਈਆਂ ਲੈ ਅਮੀਰ ਐਸ਼ ਭੋਗਦੇ ਨੇ,
ਪਰ ਮੌਜ ਦੇਖੋ ਖਾਂ ਗਰੀਬਾਂ ਦੇ ਭੀ ਹਾਲ ਦੀ।
ਘਰਾਂ ਵਿਚ ਬੈਠੇ ਅੱਗ ਬਾਲ ਬਾਲ ਸੇਕਦੇ ਨੇ,
ਪਾਲੇ ਨੇ ਲਿਆਂਦੀ ਏ ਆਫਤ ਬੁੱਢੇ ਬਾਲ ਦੀ।

ਠਰੂੰ ਠਰੂੰ ਕਰਦੇ ਤੇ ਵਜਦੇ ਨੇ ਦੰਦੋੜਿਕੇ,
ਫੇਰ ਭੀ ਆਨੰਦ ਮੌਜ ਲਗੀ ਹੈ ਕਮਾਲ ਦੀ।
ਜਮ ਜਮ ਆਵੇ ਦੇ ਦਰਸ ਠੰਢ ਪਾਵੇ ਵੀਰ,
ਘੋਲੀ ਬਲਿਹਾਰੀ ਪਯਾਰੀ ਰੁੱਤ ਇਹ ਸਿਆਲ ਦੀ।

'ਭਿਖਾਰੀ' ਜੀ ਭਾਵੇਂ ਕਿਰਤੀ ਸਨ ਪਰ ਜਿਵੇਂ ਉਨ੍ਹਾਂ ਦੀ ਰਚਨਾ ਵਿਚੋਂ ਉਨ੍ਹਾਂ ਦਾ ਚਿਹਰਾ ਮੁਹਰਾ ਉਘੜਦਾ ਹੈ, ਉਸ ਅਨੁਸਾਰ ਉਹ ਲੈਨਿਨ ਜਾਂ ਮਾਰਕਸ ਤੋਂ ਪ੍ਰਾਪਤ ਕਰਦੇ ਪ੍ਰਤੀਤ ਨਹੀਂ ਹੁੰਦੇ, ਭਾਵੇਂ ਇਸ ਰਚਨਾ ਕਾਲ ਸਮੇਂ ਮਹਾਨ ਰੂਸੀ ਇਨਕਲਾਬ ਇਕ ਦਹਾਕੇ ਤੋਂ ਵੱਧ ਉਮਰ ਦਾ ਹੋ ਚੁੱਕਾ ਸੀ। ਉਹ ਇਕ ਸਿੱਖ ਸਨ ਤੇ ਸ਼ਾਇਦ ਇਸੇ ਕਰ ਕੇ ਉਨ੍ਹਾਂ ਦਾ ਪ੍ਰੇਰਨਾ-ਸ੍ਰੋਤ ਮਹਾਨ ਇਨਕਲਾਬੀ ਗੁਰੂ ਨਾਨਕ ਹੈ ਜਿਸ ਦੇ ਆਸਰੇ ਤੇ ਕਵੀ ਨੂੰ ਆਪਣੀ ਸਫਲਤਾ ਦਾ ਭਰੋਸਾ ਵੀ ਹੈ ਤੇ ਗਰੀਬ-ਅਮੀਰ ਦਾ ਪਾੜਾ ਮੇਲਨ ਦੇ ਇਨਕਲਾਬ ਦੀ ਸਫਲਤਾ ਲਈ ਉਹ ਗੁਰੂ ਸਾਹਿਬਾਂ ਦੀ ਸਹਾਇਤਾ ਦੀ ਹੀ ਮੰਗ ਕਰਦਾ ਹੈ। ਇਕ ਥਾਂ ਉਹ ਸਪਸ਼ਟ ਕਹਿੰਦਾ ਹੈ :

ਮੈਂ ਆਪਣੀ ਮੁਸ਼ਕਲ ਦਾ ਆਪ ਹੀ ਦਾਰੂ ਬਣਾਵਾਂਗਾ।
ਗੁਰੂ ਕੀਤੀ ਤਾਂ ਛੁਟਕਾਰਾ ਤੁਰਤ ਦੁਖਾਂ ਤੋਂ ਪਾਵਾਂਗਾ।.....
ਮੇਰੇ ਸਤਿਗੁਰ ਦਯਾ ਧਾਰੋ, ਨਿਜਾਸ਼ੇ ਵਿਚ ਸਫ਼ਲ ਹੋਵਾਂ।
ਜਗ ਤੇ ਰਾਜ ਇਕਤਾ ਦਾ ਕਰਨ ਵਿਚ ਨ ਅਫਲ ਹੋਵਾਂ।
ਨ ਦੁਨੀਆਂ ਵਿਚ ਰਹੇ ਨਿਰਧਨ, ਧਨੀ ਭੀ ਨਜ਼ਰ ਨਾ ਆਵੇ।
ਦੁਵੈਤਾ ਜਾਨਵਰ ਮਾਰਨ ਨੂੰ, ਦੋਨਾਲੀ ਰਫਲ ਮੈਂ ਹੋਵਾਂ।

'ਭਿਖਾਰੀ' ਜੀ ਦੀ ਰਚਨਾ ਵਿਚ ਇਕ ਹਿੱਸਾ ਸਾਹਿਤਕ ਕਿਰਤਾਂ ਦਾ ਵੀ ਮਿਲਦਾ ਹੈ। ਇਨ੍ਹਾਂ ਵਿਚ ਪ੍ਰਕ੍ਰਿਤੀ ਚਿਤ੍ਰਣ ਕਵੀ ਦੇ ਪੇਂਡੂ ਹੋਣ ਦਾ ਸੰਕੇਤਕ ਵਧੇਰੇ ਹੈ। ਆਪ ਦੇ ਰਿਤੂ ਵਰਣਨ ਵਿਚੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਦੇਖੀ ਜਾ ਸਕਦੀ ਹੈ। ਪਹਿਲੀ ਹੈ ਬਰਸਾਤ ਵਰਣਨ ਦੀ ਉਦਾਹਰਣ :

ਅਕਾਸ਼ ਵਿਚ ਬੱਦਲ ਗੱਜਿਆ ਬਿਜਲੀ ਨੇ ਚਮਕ ਵਿਖਾ ਦਿੱਤੀ।
ਮੋਰਾਂ ਨੇ ਰਾਗ ਅਲਾਪਿਆ ਬਿੰਡੇ ਨੇ ਬੀਨ ਵਜਾ ਦਿੱਤੀ।
ਕਿਣ ਮਿਣ ਕਣੀਆਂ ਨੇ ਲਾਇਕੇ, ਕਿਆ ਅਜਬ ਬਹਾਰ ਬਣਾ ਦਿੱਤੀ।
ਇਕ ਆਦਿ ਛਰਾਟੇ ਜ਼ੋਰ ਦੇ ਮਲ ਮਲ ਕੇ ਧਰਤ ਨੁਹਾ ਦਿੱਤੀ।
ਫਿਰ 'ਵਾ ਪਛੋਂ ਦੀ ਚਲ ਕੇ, ਇਕ ਨਖਰਾ ਅਜਬ ਦਿਖਾ ਗਈ।
ਅਤੇ ਜਾਂਦੀ ਜਾਂਦੀ ਕਹਿ ਗਈ ਫਿਰ ਬਰਸਾਤ ਦੀ ਰੁਤ ਆ ਗਈ।

ਇਹ ਹੈ ਸਰਦ ਰੁਤ ਦਾ ਵਰਣਨ :

ਤਪਦੀਆਂ ਦੀਆਂ ਭੱਠੀਆਂ ਤੇ ਭੁਜਦੇ ਨੇ ਦਾਣੇ ਕਿਤੇ,
ਗਲੀਆਂ ਦੇ ਬੂਹੇ ਅੱਗੇ ਰੌਣਕ ਕਮਾਲ ਦੀ।
ਮਟਕ ਮਟਕ ਪਏ ਚੱਬਦੇ ਨੇ ਨਿੱਕੇ ਵੱਡੇ,
ਨਾਂ ਆਉਂਦੀ ਲਜ਼ਤ ਮੋਏ ਮਨਾਂ ਨੂੰ ਜੁਆਲ ਦੀ।
ਚੂਪਦੇ ਨੇ ਗੰਨੇ ਕਿਤੇ ਸੇਕੀਦੇ ਨੇ ਧੂੰਏ ਬੈਠ,

ਮਿਠੜੀਆਂ ਬਾਤਾਂ ਪੈਂਦੀਆਂ ਨੇ ਨਾਲ ਨਾਲ ਦੀ।
ਲੱਗੀਆਂ ਨੇ ਮੌਜਾਂ ਪਏ ਖੁਸ਼ੀ ਦੇ ਗੀਤ ਗੌਣ ਲੋਕ,
ਐਸੀ ਮਨ ਮੋਹਣੀ ਮੋਹਣੀ ਰੁਤ ਹੈ ਸਿਆਲ ਦੀ।

ਹੁਣ ਪੇਸ਼ ਹੈ ਇਕ ਉਦਾਹਰਣ 'ਭਿਖਾਰੀ' ਜੀ ਦੇ ਬਸੰਤ ਰੁਤ ਵਰਣਨ ਦੀ। ਸਿਰਮੌਰ ਪੰਜਾਬੀ ਕਵੀ ਲਾਲ ਧਨੀ ਰਾਮ ਚਾਤ੍ਰਿਕ ਜੀ ਦੇ ਬਸੰਤ ਵਰਨਣ ਨੂੰ (ਵਿਸ਼ੇਸ਼ ਕਰ ਕੇ ਅੰਤਮ ਸਤਰ : ਧੱਕਾ ਮਾਰ ਆਖਿਆ ਸੁਗੰਧ ਭਿੰਨੀ ਪੌਣ ਅਗੋਂ ਪਰੇ ਹਟੋ ਲੋਕੋ ਇਹ ਬਸੰਤ ਦੀ ਸਵਾਰੀ ਹੈ) ਪੜ੍ਹਨ ਪਿਛੋਂ ਭੁਲੇਖਾ ਪੈਂਦਾ ਹੈ, ਜਿਵੇਂ ਦੋਹਾਂ ਕਵੀਆਂ ਨੇ ਬਸੰਤ ਵਰਣਨ ਇਕੱਠਿਆਂ ਬੈਠ ਕੇ ਹੀ ਕੀਤਾ ਹੋਵੇ :

ਪ੍ਰੀਤਮ ਵਿਰਾਗ ਵਿਚ ਬਿਹਾਗ ਰਾਗ ਛੇੜ ਬੈਠੀ,
ਮਿੱਠੇ ਮਿੱਠੇ ਗੀਤ ਕੈਸੇ ਕੋਇਲ ਸੁਣਾ ਰਹੀ।
ਚਹਿਕਦੇ ਚਕੋਰ ਹੋਰ ਸ਼ੋਰ ਪਾਯਾ ਪੰਛੀਆਂ ਨੇ,
ਗਾਉਂਦੀ ਮਰਾਲਿ ਬੀਨ ਬੁਲਬੁਲ ਵਜਾ ਰਹੀ।
ਸੀਤਲ ਸੁਗੰਧ ਭਰੀ ਪੌਣ ਪੱਖਾ ਝੱਲਦੀ ਏ,
ਮੰਦ ਮੰਦ ਚਾਲ ਕੈਸੀ ਮਨਾਂ ਨੂੰ ਲੁਭਾ ਰਹੀ।
ਚਾਉ ਭਰੇ ਹ੍ਰਿਦੇ ਲੈ ਲੁਕਾਈ ਖੜ੍ਹੀ ਦੇਖਦੀ ਹੈ,
ਠੁਮਕ ਠੁਮਕ ਦੀ ਬਸੰਤ ਦੇਵੀ ਆ ਰਹੀ।

ਸਾਹਿਤਕ ਵਰਣਨ ਦੀ ਸ਼੍ਰੇਣੀ ਦੀ ਇਕ ਹੋਰ ਕਵਿਤਾ ਹੈ :

ਸਖੀ ਕੋਲ ਬਹਿ ਕੇ ਇਕ ਸੁੰਦਰ ਸੁਨੱਖੀ ਸਖੀ,
ਰੋ ਰਹੀ ਸੀ ਰੋਣਾ ਗੱਲ ਕਲ੍ਹ ਦੀ ਵਿਹਾਈ ਦਾ।
ਨਿੱਕੀ ਜਹੀ ਗੱਲੋਂ ਨੀ ਛਬੀਲਾ ਛੈਲ ਰੁਸ ਬੈਠਾ,
ਬੋਲ ਬੋਲ ਹਾਰੀ ਨਹੀਂ ਬੋਲਦਾ ਬੁਲਾਈਦਾ।
ਉਹਦੀ ਪ੍ਰੇਮ ਝਾਤ ਬਿਨਾਂ ਚੈਨ ਨਾ ਸੁਦੈਣ ਹੋਈ,
ਬੀਤ ਗਈ ਰੈਣ ਜੀਉ ਵਿਚੇ ਵਿਚ ਖਾਈਦਾ।
ਅਲ੍ਹੜ ਅੰਵਾਣ ਵਾਰੀ ਮੈਂ ਨਾ ਪ੍ਰੇਮ ਸਾਰ ਜਾਣਾ,
ਦੱਸ ਸਖੀ ਕਿਵੇਂ ਕੰਤ ਰੁਠੜਾ ਮਨਾਈਦਾ ?

'ਭਿਖਾਰੀ' ਜੀ ਦਾ ਬਿਰਹਾ ਵਰਣਨ ਵੀ ਕਮਾਲ ਦਾ ਹੈ :

ਵਿਛੋੜਾ ਸੱਜਣ ਦਾ ਤੇ ਰੁਤ ਸੀਤ ਦੀ ਏ।
ਨਾ ਪੁਛੋ ਮੇਰੇ ਜੀਅ ਤੇ ਕੀ ਬੀਤਦੀ ਏ ?
ਕੂੜੇ ਵਾਟ ਬਿਖੜੀ ਕੇਹੀ ਪ੍ਰੀਤ ਦੀ ਏ ?
ਨੀ ਸਖੀਓ ਕਰੋ ਏਹ ਉਪਕਾਰ ਕੋਈ।
ਮੇਰੇ ਲਾਲ ਦੀ ਆ ਕਹੋ ਸਾਰ ਕੋਈ।
ਪੀਆ ਨਾਲ ਆਨੰਦ ਸੰਜੋਗਣਿ ਮਨਾਵੇ ਪਈ,
ਪਰ ਕੁਝ ਪੁਛੇ ਨਾ ਵਿਯੋਗਣਿ ਬਿਹਾਲ ਦੀ।

ਔਂਸੀਆਂ ਨੂੰ ਪਾਵੇ ਕੋਠੇ ਖੜ੍ਹ ਕੇ ਉਡਾਵੇ ਕਾਉਂ,
ਬੀਤੇ ਜੁਗ ਪਰ ਨਹੀਂ ਚਿਠੀ ਆਈ ਲਾਲ ਦੀ।
ਚੈਨ ਨਹੀਂ ਪਾਵੇ ਹੀਆ, ਤੜਫਦਾ ਏ ਜੀਆ ਪੀਆ,
ਪਲ ਪਲ ਘੜੀ ਘੜੀ ਬੀਤੇ ਸਾਲ ਸਾਲ ਦੀ।
ਭਰਦੀ ਏ ਹਾਵੇ ਠੰਢ ਪਾਵੇ ਨਾ ਜਲਾਵੇ ਰਿਦਾ,
ਧਾਈ ਕਰ ਕਾਹਨੂੰ ਰੁਤ ਆ ਗਈ ਸਿਆਲ ਦੀ ?

ਕਾਵਿ ਵਿਚ ਉਦੀਪਨ ਵਿਭਾਵ ਨੂੰ ਕਿਹਾ ਜਾਂਦਾ ਹੈ ਕਿ ਜਿਹੜੀਆਂ ਚੀਜ਼ਾਂ ਸਭ ਵਿਅਕਤੀਆਂ ਲਈ ਪ੍ਰਸੰਨਤਾ ਤੇ ਉਮਾਹ ਪ੍ਰਦਾਨ ਕਰਨ ਵਾਲੀਆਂ ਹੋਣ ਪਰ ਕਿਸੇ ਇਕ ਨੂੰ ਕਿਸੇ ਵਿਸ਼ੇਸ਼ ਕਾਰਨ ਕਰਕੇ ਉਹ ਅਤਿ ਦੁਖਦਾਈ ਪ੍ਰਤੀਤ ਹੋਣ। 'ਭਿਖਾਰੀ' ਜੀ ਦੀ ਰਚਨਾ ਵਿਚੋਂ ਇਸ ਉਦੀਪਨ ਵਿਭਾਵ ਦੀ ਇਕ ਅਤੀ ਸੁੰਦਰ ਉਦਾਹਰਣ ਪਾਠਕਾਂ ਦੀ ਦ੍ਰਿਸ਼ਟੀਗੋਚਰ ਹੈ :

ਬਾਗ ਦੀ ਬਹਾਰ ਦੇਖਿ ਲਗਦੀ ਕਟਾਰ ਰਿਦੇ,
ਕੁਦਰਤੀ ਸ਼ਿੰਗਾਰ ਦੇਖਣਾ ਹੀ ਚਿਤ ਚਾਵੇ ਨਾ।
ਫੁੱਲਾਂ ਦਾ ਖਿੜਾਉ ਮਿਲ ਚਹਿਚਹੌਣਾ ਪੰਛੀਆਂ ਦਾ,
ਕੂਲੇ ਕੂਲੇ ਪੱਤਿਆਂ ਦੀ ਕੂਲਤਾ ਸੁਹਾਵੇ ਨਾ।
ਸੀਤਲ ਸੁਗੰਧਿ ਭਰੀ ਮੰਦ ਮੰਦ ਪੌਣ ਚਲਿ,
ਆਖ ਦੇ ਪਿਆਰੀ ਧੂਹੀ ਹਿਰਦੇ ਚਿ ਪਾਵੇ ਨਾ।
ਜੀਉ ਨਾ ਦੁਖਾਵੇ ਮੇਰੇ ਕਾਲਜੇ ਚਿ ਡੋਬ ਪਾਵੇ,
ਕੰਤ ਬਿਨ ਸਖੀ ਨੀ ਬਸੰਤ ਮੈਨੂੰ ਭਾਵੇ ਨਾ।

'ਭਿਖਾਰੀ' ਦੀ ਕਾਵਿ ਰਚਨਾ ਵਿਚ ਪਛਤਾਵਾ ਵਰਨਣ ਵੀ ਹੈ, ਜਿਸ ਦੇ ਕਈ ਰੂਪ ਤੇ ਕਈ ਕਾਰਨ ਹਨ। ਇਕ ਪਛਤਾਵਾ, ਉਦਾਹਰਣ ਵਜੋਂ, ਆਪਣੇ ਜੀਵਨ ਨਾਲ ਸੰਬੰਧਿਤ ਹੈ, ਜਿਸ ਵਿਚ ਕਵੀ ਪ੍ਰਾਪਤੀਆਂ ਰਹਿਤ ਬੀਤੇ ਜੀਵਨ ਤੇ ਪਛਤਾਉਂਦਾ ਹੈ। ਇਕ ਪਛਤਾਵਾ ਕੌਮੀ ਵੀ ਹੈ। ਜਿਹੜਾ ਕੌਮ ਦੀ ਬੇਸਮਝੀ ਕਾਰਨ ਦੇਸ ਤੇ ਕੌਮ ਦੀ ਹੋ ਰਹੀ ਦੁਰਦਸ਼ਾ ਦੇ ਫਲਸਰੂਪ ਉਪਜਦਾ ਹੈ।

ਨ਼ਾ ਦੀਨਾ ਅਨਾਥਾਂ ਦੀ ਸੇਵਾ ਹੀ ਕੀਤੀ, ਨ ਮਾਤਾ ਪਿਤਾ ਨੂੰ ਕੋਈ ਸੁਖ ਪੁਚਾਯਾ
ਨਾ ਨਿਰਧਨ ਕੰਗਾਲਾਂ ਨੂੰ ਕੌਡੀ ਵੀ ਦਿੱਤੀ, ਨ ਧੇਲਾ ਕਿਤੇ ਵੀ ਧਰਮ ਅਰਥ ਲਾਯਾ।
ਨਾ ਸੇਵਾ ਕਰੀ ਕੌਮ ਦੀ ਦੇਸ਼ ਦੀ, ਏਹ ਦੁਖ ਦਿਲ ਮੇਰਾ ਵਿਚੇ ਵਿਚ ਖਾ ਰਿਹਾ ਹੈ।
ਬਹੁੜ ਸਤਿਗੁਰ ਬਖਸ਼ਿ ਚਰਨੀ ਲਗਾਓ, ਮੇਰਾ ਅਮੁਲ ਜੀਵਨ ਬ੍ਰਿਥਾ ਜਾ ਰਿਹਾ ਹੈ।

ਅਤੇ

ਆਪੋ ਵਿਚ ਕੇਵਲ ਲੜ ਲੜ ਮਰਨ ਦੇ ਲਈ,
ਸਾਡੇ ਤਿਆਰ ਬੁੱਢੇ ਤੇ ਬਾਲ ਹੋ ਗਏ।
ਏਹੋ ਧਰਮ ਤੇ ਏਹੋ ਆਦਰਸ਼ ਸਾਡਾ,
ਤਾਲੋਂ ਘੁਥ ਕੇ ਐਸੇ ਬੇਤਾਲ ਹੋ ਗਏ।
ਏਕਾ, ਨਿਮ੍ਰਤਾ, ਭ੍ਰਾਤ੍ਰਿ ਭਾਵ ਸਭ ਗੁਣ,

ਸਭ ਖੁਹਾਇਕੇ ਅਸੀਂ ਕੰਗਾਲ ਹੋ ਗਏ।
ਅਸੀ ਆਪ ਹੀ ਵੈਰੀ ਦੀ ਢਾਲ ਹੋ ਗਏ,
ਏਸੇ ਲਈ ਸਾਡੇ ਬੁਰੇ ਹਾਲ ਹੋ ਗਏ।

ਪੁਰਾਤਨ ਸਮੇਂ ਵਿਚ ਜੰਗਲਾਂ ਵਿਚ ਜਾ ਕੇ ਭਗਤੀ ਕਰਨੀ ਬਹੁਤ ਉਤਮ ਸਮਝੀ ਜਾਂਦੀ ਸੀ। ਮਨੁੱਖੀ ਉਮਰ ਦੇ ਇਕ ਹਿੱਸੇ ਨੂੰ ਸ਼ਾਇਦ ਇਸੇ ਕਰ ਕੇ ਵਾਣਪ੍ਰਸਤ ਕਿਹਾ ਜਾਂਦਾ ਸੀ। ਗੁਰੂ ਨਾਨਕ ਨੇ ਇਸ ਧਾਰਨਾ ਦਾ ਖੰਡਨ ਕਰਕੇ 'ਭਰਮੈ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ' (ਸਿਰੀ ਰਾਗ ਮਹਲਾ ੧, ਪੰਨਾ 22) ਦੀ ਧਾਰਨਾ ਸਿੱਖਾਂ ਨੂੰ ਦ੍ਰਿੜਾਈ। 'ਭਿਖਾਰੀ' ਜੀ ਦੀ ਇਕ ਕਵਿਤਾ ਵੀ ਜੰਗਲਾਂ ਵਿਚੋਂ ਪਿਆਰੇ ਦੀ ਭਾਲ ਕਰਨ ਦੀ ਨਿਰਾਰਥਕ ਮਿਹਨਤ ਬਿਆਨ ਕਰਦੀ ਹੈ ਪਰ ਸਿੱਟਾ ਗੁਰਮਤਿ ਅਨੁਸਾਰੀ ਹੀ ਕੱਢਿਆ ਹੈ।

ਟਹਿਕਦੇ ਬਾਗ ਵਿਚ ਕੱਖਾਂ ਦੀ ਕੁੱਲੀ ਇਕ ਸੁਹਾ ਰਹੀ ਸੀ।
ਅਲੌਕਿਕ ਰਾਗ ਦੀ ਮਨੋਹਰ ਮਧੁਰ ਧੁਨਿ ਅੰਦਰੋਂ ਆ ਰਹੀ ਸੀ।
ਮਨਾਂ ਨੂੰ ਮੋਂਹਦੀ ਸਾਰਾ ਬਗੀਚਾ ਹੀ ਖਿੜਾ ਰਹੀ ਸੀ।
ਜਿਵੇਂ ਸੁਰ ਲੋਕ ਤੋਂ ਕੋਈ ਪਰੀ ਆ ਗੀਤ ਗਾ ਰਹੀ ਸੀ।
ਨਾ ਪਾਗਲ ਹੋ ਕੇ ਵਿਚ ਪ੍ਰੇਮੀ, ਬਨਾਂ ਵਿਚ ਨਸਦਾ ਹਰ ਥਾਂ।
ਤੂੰ ਜਿਸ ਨੂੰ ਭਾਲਦਾ ਪ੍ਰੀਤਮ ਪਿਆਰਾ ਵਸਦਾ ਹਰ ਥਾਂ।

ਕਵੀ ਜੀ ਦੀ ਇਕ ਹੋਰ ਪਿਆਰੀ ਰਚਨਾ ਦੁਨੀਆਂ ਦੇ ਵੱਖ ਵੱਖ ਜੀਵਨ ਢੰਗਾਂ ਨੂੰ ਚਿਤਾਰਦੀ ਤੇ ਕਵੀ ਦੇ ਅਠਾਈ ਸਾਲਾਂ ਅਨੁਭਵਾਂ ਦਾ ਨਿਚੋੜ ਪੇਸ਼ ਕਰਦੀ ਦੱਸੀ ਗਈ ਹੈ :

ਇਸ ਜਗਤ ਸੁਹਾਵੇ ਬਾਗ ਵਿਚ ਮੈਂ, ਰਹਿ ਪੂਰੇ ਠਾਈ ਸਾਲ ਡਿੱਠਾ।
ਕੋਈ ਸੁੱਖ ਦੇ ਲਹਿਰੇ ਲੈ ਰਿਹਾ ਏ, ਕੋਈ ਦੁੱਖਾਂ ਨਾਲ ਨਿਢਾਲ ਡਿੱਠਾ।
ਕਿਤੇ ਧ੍ਰੋਹੀ ਧ੍ਰੋਹ ਕਮਾਉਂਦੇ ਨੇ, ਕਿਤੇ ਵਤਨ ਪ੍ਰੇਮ ਤਰਾਨੇ ਨੇ।
ਸਕਿਆਂ ਵਿਚ ਲੱਗਾ ਜੰਗ ਕਿਤੇ, ਗੈਰਾਂ ਵਿਚ ਗੂੜ੍ਹੇ ਯਰਾਨੇ ਨੇ।
ਕਿਤੇ ਖਾਵਣ ਨੂੰ ਨਾ ਟੁੱਕ ਜੁੜੇ, ਕਿਤੇ ਫਿਰਦੇ ਪੀ ਮਸਤਾਨੇ ਨੇ।
ਕਿਤੇ ਦੇਂਦੇ ਜਾਨ ਬਿਗਾਨੇ ਨੂੰ, ਕਿਤੇ ਘਰ ਦਿਆਂ ਦੇ ਹੀ ਤਾਨ੍ਹੇ ਨੇ।
ਕਿਤੇ ਕੀਤੀ ਨੂੰ ਵੀ ਜਾਣਨ ਨਾ, ਕਿਤੇ ਨਿਭਦੀ ਯਾਰੀ ਚੰਗੀ ਏ।
ਮੈਂ ਟੂਹ ਟੂਹ ਸਾਰੀ ਵੇਖ ਲਈ, ਇਹ ਦੁਨੀਆਂ ਰੰਗ ਬਰੰਗੀ ਏ।

ਇਕ ਹੋਰ ਵਚਿੱਤਰ ਗੱਲ ਆਮ ਕਰ ਕੇ ਵਪਾਰ ਜਾਂ ਕਾਰੋਬਾਰ ਵਿਚ ਸਭ ਲੋਕ ਭਾਈਵਾਲੀ ਕਰਦੇ ਹਨ। ਕਵਿਤਾ ਹਰੇਕ ਕਵੀ ਦੇ ਅੰਦਰੋਂ ਵੱਖ ਵੱਖ ਪ੍ਰੇਰਨਾਵਾਂ ਅਤੇ ਪ੍ਰਸਥਿਤੀਆਂ ਦੇ ਪ੍ਰਤੀਕਰਮਾਂ ਵਜੋਂ ਵੱਖ ਵੱਖ ਤਰ੍ਹਾਂ ਨਾਲ ਫੁਟਦੀ ਹੈ। ਇਸ ਲਈ ਹਰੇਕ ਕਵੀ ਦੀ ਰਚਨਾ ਵੱਖ ਵੱਖ ਹੁੰਦੀ ਹੈ, ਕਿਸੇ ਇਕੋ ਵਿਸ਼ੇ ਦੀ ਵਿਆਖਿਆ ਵੀ ਭਿੰਨ ਭਿੰਨ ਹੁੰਦੀ ਹੈ ਤੇ ਇਸੇ ਕਰ ਕੇ ਕਵਿਤਾ ਦੀ ਰਚਨਾ ਸਾਂਝੇ ਤੌਰ ਤੇ ਹੋਣੀ ਬੜੀ ਕਠਿਨ ਜਹੀ ਗੱਲ ਹੈ ਤੇ ਕਿਸੇ ਨੇ ਅਜਿਹਾ ਯਤਨ ਸ਼ਾਇਦ ਹੀ ਦੇਖਿਆ ਹੋਵੇ। ਪਰ ਅਸੀਂ ਇਕ ਅਜਿਹੀ ਕਵਿਤਾ ਕੁਛ ਭਾਗ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੇ ਹਾਂ ਜੋ 'ਦੁਖੀ' ਜੀ ਤੇ 'ਭਿਖਾਰੀ' ਹੋਰਾਂ ਨੇ ਮਾਸਿਕ 'ਕਵੀ' ਦੇ ਪਾਠਕਾਂ ਤੇ ਆਪਣੇ ਸਨੇਹੀਆਂ ਨੂੰ ਸਾਂਝੇ ਤੌਰ ਤੇ ਸੰਬੋਧਨ ਕੀਤੀ ਸੀ :

ਜੋ ਜੋ ਗਲਾਂ ਰਿਦੇ ਗ੍ਰੰਥ ਵਿਚ ਡਿੱਠੀਆਂ।
ਬੈਠਿ ਪ੍ਰੇਮ ਵਿਚ 'ਦੁਖੀ' 'ਭਿਖਾਰੀ' ਲਿਖੀਆਂ।
ਸ਼ੱਕਰ, ਖੰਡ, ਅੰਗੂਰ, ਸ਼ਹਿਦ ਤੋਂ ਮਿੱਠੀਆਂ।
ਆਹ ਲੈ ਸਜਣ! ਵਾਚੁ ਅਸਾਡੀ ਚਿੱਠੀਆਂ।
ਪਯਾਰੇ ਦੀ ਡਿੱਠੀ 'ਪਯਾਰੇ' ਨੇ। ਬਸ ਚਲ ਪਏ ਪ੍ਰੇਮ ਫੁਹਾਰੇ ਨੇ।
ਇਸ ਪ੍ਰੇਮ ਭਰੀ ਚਿਰ ਯਾਦ ਨੇ ਆ। ਦਿਲ ਡਾਢੇ ਸਿਤਮ ਗੁਜ਼ਾਰੇ ਨੇ।
ਅਸੀਂ ਲਗਦਿਆਂ ਹੀ ਦੋ ਚਿਤ, ਡਿੱਗੇ, ਨਾ ਤਨ ਮਨ ਦੀ ਕੁਝ ਸੁਧ ਰਹੀ,
ਵਾਹ! ਕਾਮਲ ਤੀਰੰਦਾਜ਼ਾ ਓ, ਕਯਾ ਖ਼ੂਬ ਨਿਸ਼ਾਨੇ ਮਾਰੇ ਨੇ।
ਮਨ ਮੋਹਣ ਸੁੰਦਰ ਦਰਸ ਤਿਰਾ, 'ਪਯਾਰੇ' ਨੇ ਵਿਚੋਂ ਪਾ ਲੀਤਾ।
ਇਸ ਵਗਦੇ ਪ੍ਰੇਮ ਝਨਾਂ ਚਿ ਅਸਾਂ, ਮੁੜ ਮੁੜ ਕੇ ਚੁੱਭੇ ਮਾਰੇ ਨੇ।
ਇਕ ਐਸੀ ਛੱਲ ਪ੍ਰੇਮ ਉੱਠੀ, ਵਿਚੇ ਹੀ ਰੋੜ੍ਹ ਲਿਗਈ ਸਾਨੂੰ,
ਮਿਲਿਆ ਨ ਕੋਈ ਸਹਾਰਾ ਵੀ, ਹੱਥ ਪੈਰ ਬਥੇਰੇ ਮਾਰੇ ਨੇ।
ਸੱਜਣਾ! ਨਾ ਸੱਜਣ ਭੁਲੇ ਨੇ, ਹਰਦਮ ਹਿਰਦੇ ਵਿਚ ਵਸਦਾ ਏ,
ਮੁੜ ਮੁੜ ਦਿਲ ਤੇਰੀ ਯਾਦ ਵਸਾ, ਔਂਦੇ ਆਨੰਦ ਹੁਲਾਰੇ ਨੇ।
ਪਰ ਕੇਵਲ ਟੁੱਟ ਸਮੇਂ ਦੀ ਏ, ਸਿਰ ਖੁਰਕਣ ਨੂੰ ਨਾ ਵਿਹਲ ਮਿਲੇ,
ਪੱਤਰ ਲਿਖਣੋ ਅਸਮਰਥ ਰਹੀਏ, ਇਹ ਮਿਹਣੇ ਤਦੇ ਸਹਾਰੇ ਨੇ।.....
ਸਤਿਗੁਰ ਦੇ ਦਰ ਅਰਦਾਸ ਇਹੋ, ਰਹੇ ਪ੍ਰੇਮ ਬਿਰਛ ਫੁਲਦਾ ਫਲਦਾ,
ਮਿਲਦੇ ਹੀ ਰਹਿਣ, ਮਿਲੇ ਹੀ ਰਹਿਣ, 'ਭਿਖਾਰੀ' 'ਦੁਖੀ' 'ਪਯਾਰੇ' ਨੇ।

ਸ੍ਰੀ ਸੌਦਾਗਰ ਸਿੰਘ 'ਭਿਖਾਰੀ' ਜੀ ਨੇ ਵਾਰਤਕ ਪੰਜਾਬੀ ਰਚਨਾ ਤੇ ਵੀ ਹੱਥ ਅਜ਼ਮਾਇਆ। ਇਹ ਦੋ ਤਰ੍ਹਾਂ ਦੀ ਹੈ। ਇਕ ਮੌਲਿਕ ਤੇ ਦੂਜੀ ਅਨੁਵਾਦਤ। ਮੌਲਿਕ ਵਾਰਤਕ ਰਚਨਾ ਦਾ ਵਜੂਦ ਬਹੁਤ ਛੋਟਾ ਹੈ, ਪਰ ਆਮ ਕਰ ਕੇ ਸਾਹਿਤਕ ਵਿਸ਼ਿਆਂ ਨਾਲ ਹੀ ਸਬੰਧਤ। ਆਪ ਦੇ ਵਿਚਾਰ ਗੁੰਦਵੇ, ਬੋਲੀ ਸਰਲ ਤੇ ਸ਼ਬਦਾਵਲੀ ਬਹੁਤ ਹੱਦ ਤਕ ਠੇਠ ਪੰਜਾਬੀ ਹੈ। ਹੇਠਲੀ ਉਦਾਹਰਣ, ਕਵਿਤਾ ਦੀ ਆਤਮਾ ਬਾਰੇ ਲਿਖੇ ਆਪ ਦੇ ਇਕ ਲੇਖ ਵਿਚੋਂ ਲਈ ਗਈ ਹੈ :

"ਜਦ ਕਵਿਤਾ ਦੀ ਲਹਿਰ ਕਈ ਕਾਰਨਾਂ ਕਰਕੇ ਨਹੀਂ ਉਠਦੀ ਤੇ ਬਦੋ ਬਦੀ ਧੂਹ ਘਸੀਟ ਕੇ ਕਵਿਤਾ ਲਿਖਣ ਦਾ ਯਤਨ ਕੀਤਾ ਜਾਂਦਾ ਹੈ, ਤਦ ਨਤੀਜਾ ਏਹੋ ਹੁੰਦਾ ਹੈ ਕਿ ਸਾਨੂੰ ਉਸ ਕਵਿਤਾ ਵਿਚੋਂ ਕਵੀ ਦੀ ਆਤਮਾ ਦਾ ਪ੍ਰਕਾਸ਼ ਨਹੀਂ ਮਿਲਦਾ।..... ਏਹੋ ਜਹੀ ਕਵਿਤਾ, ਕਵਿਤਾ ਨਹੀਂ ਹੁੰਦੀ, ਸਗੋਂ ਸ਼ਬਦਾਂ ਦਾ ਇਕ ਐਸਾ ਇਕੱਠ ਹੁੰਦਾ ਹੈ, ਜੋ ਕੰਨਾਂ ਨੂੰ ਪਿਆਰਾ ਲੱਗੇ। ਐਸੀ ਕਵਿਤਾ ਦਾ ਉਦੇਸ਼ ਇਕ ਅਨੁਭਵੀ ਹਿਰਦੇ ਦਾ ਸੁਨੇਹਾ ਦੂਜੇ ਹਿਰਦੇ ਤਕ ਪੁਚਾਉਣਾ ਨਹੀਂ ਹੁੰਦਾ, ਕੇਵਲ 'ਵਾਹਵਾ' ਲੁੱਟਣਾ ਹੁੰਦਾ ਹੈ।"

ਸਮੱਸਿਆ ਕਾਵਿ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆ ਇਕ ਥਾਂ 'ਭਿਖਾਰੀ' ਜੀ ਲਿਖਦੇ ਹਨ : "..... ਪਰ ਕਿਉਂਕਿ ਕਵੀ ਦੇ ਖ਼ਯਾਲ ਕਿਸੇ ਅੰਤ੍ਰਰਹਸਯ ਜਾਂ ਪ੍ਰਾਕ੍ਰਿਤਿਕ ਸੁੰਦਰਤਾ ਨਾਲ ਸਿੰਜੇ ਹੋਏ ਨਹੀਂ ਹੁੰਦੇ, ਸਗੋਂ 'ਸਮੱਸਿਆ' ਦੀ ਪ੍ਰੇਰਨਾ ਨਾਲ ਖਿਚ, ਧੂਹ ਕੇ ਕਵਿਤਾ ਲਿਖੀ ਗਈ ਹੁੰਦੀ ਹੈ, ਇਸ

ਲਈ ਉਸ ਵਿਚ ਕੋਮਲ ਭਾਵ ਦਾ ਅਭਾਵ ਹੀ ਹੁੰਦਾ ਹੈ। ਯੂਰਪ ਦਾ ਇਕ ਕਵੀ ਤ੍ਰੇਲ ਦੇ ਇਕ ਤੁਪਕੇ ਨੂੰ ਸਵੇਰ ਦੇ ਨ੍ਹਿਮੇ ਚਾਨਣ ਵਿਚ ਘਾਹ ਦੇ ਇਕ ਪੱਤੇ ਤੇ ਚਮਕਦਾ ਦੇਖ ਮਸਤ ਹੋ ਜਾਂਦਾ ਹੈ.... ਪਰ ਸਾਡਾ ਇਕ ਕਵੀ ਫੜਕਦੀ ਹੋਈ ਸਮੱਸਿਆ ਸੁਣ ਕੇ ਕੰਨ ਖੜ੍ਹੇ ਕਰਦਾ ਹੈ ਤੇ ਆਪਣੀ ਸਾਰੀ ਕਲਪਨਾ ਸ਼ਕਤੀ ਉਸ ਸਮੱਸਿਆ ਨੂੰ ਅਲੰਕ੍ਰਿਤ ਕਰਨ ਲਈ ਹੀ ਲਾ ਦਿੰਦਾ ਹੈ।..... ਜਿਥੇ ਯੂਰਪ ਵਿਚ ਸ਼ਬਦ ਤੇ ਧੁਨੀ ਭਾਵਾਂ ਦੇ ਅਧੀਨ ਹਨ, ਓਥੇ ਸਾਡੇ ਭਾਵ ਸ਼ਬਦਾਂ ਦੇ ਅਧੀਨ ਹਨ।"

ਸਾਡੇ ਦੇਸ ਵਿਚ ਕਵੀ ਦੀ ਬੇਕਦਰੀ ਦੇ ਸੰਬੰਧ ਵਿਚ ਬੇਕਦਰ ਲੋਕਾਂ ਨੂੰ ਤ੍ਰਿਸਕਾਰਦੇ ਇਕ ਲੇਖ ਵਿਚ ਇਕ 'ਚੰਗੇ' ਪਰ ਨਿਰਾਸ਼ ਕਵੀ ਦਾ ਮਨੋਵਿਗਿਆਨਕ ਅਧਿਐਨ ਕਰਨ ਦਾ ਯਤਨ ਕੀਤਾ ਹੈ। ਆਪਣੀ ਲਿਖਤ ਕਿਸੇ ਵੀ ਪ੍ਰਕਾਸ਼ਕ ਵੱਲੋਂ ਪ੍ਰਕਾਸ਼ਿਤ ਨਾ ਕੀਤੇ ਜਾਣ ਤੇ ਕਵੀ ਸੋਚਦਾ ਹੈ "ਜੇ ਗੁਰੂ ਨੇ ਗੁਜ਼ਾਰਾ ਚੰਗਾ ਦਿਤਾ ਹੁੰਦਾ ਤਾਂ ਘੱਟੋ ਘੱਟ ਸਾਲ ਦੀ ਇਕ ਪੁਸਤਕ ਤਾਂ ਪ੍ਰਕਾਸ਼ਿਤ ਕਰ ਛੱਡਿਆ ਕਰਦੇ। ਸਾਡੇ ਦੇਸ ਦੇ ਧਨੀ ਵੀ ਐਸੇ ਸੂਮ ਨੇ ਕਿ ਉਹ ਕਿਸੇ ਹੋਨਹਾਰ ਲਿਖਾਰੀ ਦੀ ਵੀ ਸਹਾਇਤਾ ਕਰਨ ਲਈ ਤਿਆਰ ਨਹੀਂ।..... ਮੈਂ ਆਪਣਾ ਟੱਬਰ ਪਾਲਾਂ ਕਿ ਪੁਸਤਕਾਂ ਲਿਖ ਕੇ ਪ੍ਰਕਾਸ਼ਿਤ ਕਰਾਂ?"

'ਭਿਖਾਰੀ' ਜੀ ਦੀ ਵਾਰਤਕ ਵਿਚ ਸਾਨੂੰ ਹਲਕੀ ਫੁਲਕੀ ਵੰਨਗੀ ਵੀ ਮਿਲਦੀ ਹੈ। ਅਜਿਹੀ ਇਕ ਰਚਨਾ ਵਿਚ ਕਵੀ ਦਰਬਾਰ ਦਾ ਪ੍ਰਬੰਧਕੀ ਖਾਕਾ ਖਿਚਿਆ ਗਿਆ ਹੈ; "ਅੱਜ ਦੇ ਦਰਬਾਰ ਵਿਚ ਇਕ ਨਵੀ ਅਚੰਭੇ ਦੀ ਗੱਲ ਦੇਖਣ ਵਿਚ ਆਈ। ਦਰਸ਼ਕਾਂ ਦੇ ਵਿਚਕਾਰ ਇਕ ਉੱਚਾ ਸਾਰਾ ਖੰਭਾ ਗੱਡਿਆ ਹੋਇਆ ਸੀ ਤੇ ਉਪਰ ਇਕ ਰੀਵਾਲਵਿੰਗ ਚੇਅਰ ਬੰਨ੍ਹੀ ਹੋਈ ਸੀ। ਸਕੱਤਰ ਸਾਹਿਬ ਇਸ ਦੇ ਆਸਰੇ ਖੜੇ ਆਰੰਭਕ ਤਕਰੀਰ ਕਰ ਰਹੇ ਸਨ.... ਉਹ ਆਪਣੀ ਤਕਰੀਰ ਨੂੰ ਆਰੰਭ ਕਰਦੇ ਹੋਏ ਬੋਲੇ —ਕਿ ਦਰਸ਼ਕ ਸੱਜਣ ਅੱਜ ਦੇ ਦਰਬਾਰ ਦੀ ਨਵੀ ਬਨਾਵਟ ਦੇਖ ਕੇ ਹੈਰਾਨ ਤਾਂ ਹੁੰਦੇ ਹੋਣਗੇ; ਪਰ ਕਿਉਂਕਿ ਜਦ ਤੋਂ ਪੰਜਾਬੀ ਕਵਿਤਾ ਵਿਚ ਕੁਝ ਕੋਮਲਤਾ ਆ ਰਹੀ ਹੈ, ਤਦ ਤੋਂ ਸਾਡੇ ਕਵੀ ਜਨ ਵੀ ਕੋਮਲ ਹੁੰਦੇ ਜਾ ਰਹੇ ਹਨ। ਉਨ੍ਹਾਂ ਦੀਆਂ ਸ਼ਕਲਾਂ ਅਧਮੋਈਆਂ, ਚਿਹਰਿਆਂ ਤੇ ਪੀਲਾ ਪਨ, ਸਰੀਰ ਵਿਚ ਸਾਹ ਨਾ ਸਤ, ਅੱਖਾਂ ਵਿਚ ਵੜੀਆਂ ਹੋਈਆਂ ਤੇ ਬਿਮਾਰੀ ਦਾ ਤਾਂ ਮਾਨੋ ਉਨ੍ਹਾਂ ਠੇਕਾ ਹੀ ਲਿਆ ਹੋਇਆ ਹੈ। ਦੇਖੋ 'ਦੁਖੀ' ਜੀ ਵਲ, ਦੇਖੋ 'ਭਿਖਾਰੀ' ਵਲ, ਦੇਖੋ 'ਕੁਸ਼ਤਾ' ਸਾਹਿਬ ਵਲ, ਦੇਖੋ 'ਚਾਤ੍ਰਿਕ' ਵਲ ਤੇ ਦੇਖੋ 'ਸਾਗਰ' ਵਲ ਪੰਜਾਬੀ ਦੇ ਸਾਰੇ ਕਵੀਆਂ ਦੀਆਂ ਸ਼ਕਲਾਂ ਡਰਾਉਣੀਆਂ ਹੋ ਗਈਆਂ ਨੇ। ਇਹ ਕਿਉਂ? ਕੇਵਲ ਕਸਰਤ ਦੀ ਅਣਹੋਂਦ ਹੈ। ਇਸ ਲਈ ਇਹ ਤਜਵੀਜ਼ ਕੀਤੀ ਗਈ ਹੈ ਕਿ ਅੱਗੋਂ ਤੋਂ ਕਵੀ ਦਰਬਾਰ ਐਸੇ ਢੰਗ ਤੇ ਕੀਤੇ ਜਾਇਆ ਕਰਨ, ਕਿ ਕਵੀਆਂ ਦੀ ਕੁਝ ਕਸਰਤ ਭੀ ਹੋ ਜਾਇਆ ਕਰੇ, ਤਾਂ ਕਿ ਉਹ ਅਰੋਗ ਰਹਿਣ। ਇਸੇ ਖ਼ਾਤਿਰ ਹੀ ਇਹ ਖੰਭਾ ਗੱਡਿਆ ਗਿਆ ਹੈ। ਅੱਜ ਕਵੀ ਜਨ ਇਸ ਤੇ ਬੈਠ ਕੇ ਕਵਿਤਾ ਪੜ੍ਹਨਗੇ।..... ਇਹ ਵੀ ਪੱਕੀ ਆਸ ਹੈ ਕਿ ਇਸ ਤੇ ਚੜ੍ਹ ਕੇ ਅੱਜ ਕਵਿਤਾ ਪੜ੍ਹਨ ਵਾਲੇ ਘੱਟੋ ਘੱਟ ਮਹੀਨਾ ਭਰ ਜ਼ਰੂਰ ਅਰੋਗ ਰਹਿਣਗੇ।

'ਭਿਖਾਰੀ' ਜੀ ਦੇ ਅਨੁਵਾਦ, ਜਿਵੇਂ ਪਹਿਲਾਂ ਸੰਕੇਤ ਕੀਤਾ ਹੀ ਜਾ ਚੁੱਕਾ ਹੈ, ਦੋ ਤਰ੍ਹਾਂ ਦੇ ਹਨ। ਕਾਵਿ ਅਨੁਵਾਦ ਅਕਸਰ ਹਿੰਦੀ ਦੀਆਂ ਸੁੰਦਰ ਕਵਿਤਾਵਾਂ ਦੇ ਪੰਜਾਬੀ ਛੰਦ-ਬਧ ਰੂਪ ਵਿਚ ਅਨੁਵਾਦ ਹਨ। ਸਗੋਂ ਉਨ੍ਹਾਂ ਦੀ ਪੁਸਤਕ 'ਪ੍ਰੇਮ ਲਹਿਰਾਂ' ਦਾ ਇਕ ਭਾਗ ਇਸ ਤਰ੍ਹਾਂ ਦੇ ਅਨੁਵਾਦਾਂ ਨੂੰ ਹੀ ਸਮਰਪਤ ਹੈ। ਅਜਿਹਾ ਇਕ ਅਨੁਵਾਦ ਹੈ 'ਜਗ ਦੇ ਅੰਤਮ ਮਿਤ੍ਰ ਮਸਾਣ' ਜਿਸ ਵਿਚ ਸ਼ਮਸ਼ਾਨ ਭੂਮੀ ਨੂੰ ਇਸ ਕਰ ਕੇ ਵਡਿਆਇਆ ਗਿਆ ਹੈ ਕਿ ਉੱਥੇ ਰਾਣਾ-ਰੰਕ, ਮੂਰਖ-ਵਿਦਵਾਨ, ਸਭ ਬਰਾਬਰ ਹੋ

ਜਾਂਦੇ ਹਨ :

ਧੁੰਧਲ ਦੇ ਵਿਚ ਮਿਲ ਜਾਂਦੀ ਏ, ਜਿਥੇ ਸ਼ਹਿਨਸ਼ਾਹਾਂ ਦੀ ਸ਼ਾਨ।
ਬਸ ਗੂੰਗੇ ਹੀ ਹੋ ਰਹਿੰਦੇ ਨੇ, ਜਿੱਥੇ ਬਕਤੇ ਬਡੇ ਸੁਜਾਨ।
ਖ਼ਾਲੀ ਹੱਥ ਹਿਲੌਂਦੇ ਔਂਦੇ, ਜਿਥੇ ਕ੍ਰੋੜਪਤੀ ਧਨਵਾਨ।
ਪੋਥੀ ਪਤਰੇ ਜਿਥੇ ਨਾ ਕੁਛ, ਰੱਖ ਸਕਦੇ ਗਯਾਨੀ ਵਿਦਵਾਨ।
ਬਕਰੀ ਰਹੇ ਨਿਮਾਨੇ ਜਿਥੇ ਹੁੰਦੇ ਆਨ ਸ਼ੇਰ ਬਲਵਾਨ।
'ਦੀਨ' ਕਹੇ ਕੀ ਮਹਿਮਾ ਤੇਰੀ, ਜਗ ਦੇ ਅੰਤਮ ਮਿਤ੍ਰ ਮਸਾਣ।

ਸਾਹਿਤਕ ਵਿਸ਼ਿਆਂ ਨਾਲ ਸਬੰਧਤ ਰਚਨਾਵਾਂ ਵੀ ਅਕਸਰ ਹਿੰਦੀ ਦੇ ਪ੍ਰਸਿੱਧ ਕਾਵਿ-ਸ਼ਾਸਤਰੀਆਂ ਦੇ ਉਤਮ ਲੇਖਾਂ ਦੇ ਅਨੁਵਾਦ ਹੀ ਹਨ। ਇਸ ਤੋਂ ਬਿਨਾਂ ਬੰਗਾਲੀ ਤੋਂ ਬੰਕਮ ਚੰਦਰ ਦੇ ਨਾਵਲ 'ਦੇਵੀ ਚੌਧਰਾਣੀ' ਦਿਜੇਂਦਰ ਰਾਇ ਦੇ ਨਾਵਲ 'ਦੁਰਗਾਦਾਸ' ਅਤੇ ਪ੍ਰਮੋਥੋਨਾਥ ਚਟੋਪਾਧਿਆਇ ਦੇ ਨਾਵਲ 'ਰਾਜਪੂਤ ਬਾਲਾ' ਦੇ ਅਨੁਵਾਦ ਆਪ ਦੀ ਪੰਜਾਬੀ ਸਾਹਿਤ ਨੂੰ ਅਮੀਰ ਕਰਨ ਲਈ ਦਿੱਤੀ ਦੇਣ ਹਨ।

'ਭਿਖਾਰੀ' ਜੀ ਪੁਸਤਕ ਸਮੀਖਿਆਕਾਰ ਵੀ ਸਨ। ਉਨ੍ਹਾਂ ਨੇ ਕਈ ਮਾਸਿਕ ਪੱਤਰਾਂ ਤੇ ਪੁਸਤਕਾਂ ਦੀ ਸਮੀਖਿਆ ਵੀ ਕੀਤੀ। ਹਿੰਦੀ ਦੇ ਪ੍ਰਸਿੱਧ ਚੋਟੀ ਦੇ ਕਵੀ ਸ੍ਰੀ ਮੈਥਲੀ ਸ਼ਰਣ ਜੀ 'ਗੁਪਤ' ਦੀ ਪੁਸਤਕ 'ਗੁਰੂ ਕੁਲ' ਦੀ ਸਮੀਖਿਆ ਕਰਦੇ ਆਪ ਨੇ ਉਸ ਵਿਚ ਇਤਿਹਾਸਕ ਗਲਤੀਆਂ ਕੱਢ ਕੇ ਉਨ੍ਹਾਂ ਬਾਰੇ ਵਿਦਵਾਨਾਂ ਨਾਲ ਵਿਚਾਰ ਕਰ ਲੈਣ ਦਾ ਸੁਝਾਉ ਦਿੰਦਿਆਂ ਲਿਖਿਆ ਸੀ : 'ਗੁਰੂ ਕੁਲ' ਆਪ ਨੇ ਕਿਸੇ ਇਕ ਸਿੱਖ ਮਿੱਤਰ ਦੀ ਪ੍ਰੇਰਨਾ ਤੇ ਲਿਖੀ ਹੈ.... ਛੰਦ ਦੀ ਚਾਲ ਸਰਲ ਤੇ ਅੰਤ ਵਿਚ ਲਘੂ ਹੋਣ ਕਰ ਕੇ ਬੜੀ ਹੀ ਰਸੀਲੀ ਹੈ। ਸਾਰੀ ਪੁਸਤਕ ਇਕੋ ਚਾਲ ਵਿਚ ਲਿਖੀ ਹੋਈ ਹੈ।..... ਗੁਰੂ ਸਾਹਿਬਾਨ ਦੀ ਸ਼ਾਨ ਵਿਚ ਆਪ ਨੇ ਬੜੇ ਹੀ ਪ੍ਰੇਮ ਤੇ ਸ਼ਰਧਾ ਭਰੇ ਸ਼ਬਦ ਵਰਤੇ ਹਨ।..... ਸਿੱਖ ਇਤਿਹਾਸ ਤੋਂ ਪੂਰਨ ਵਾਕਫੀ ਨਾ ਹੋਣ ਕਰ ਕੇ ਪ੍ਰਸੰਗਾਂ ਵਿਚ ਕਈ ਭੁੱਲਾਂ ਵੀ ਹਨ..... ਪਰ ਹਨ ਇਹ ਭੁੱਲਾਂ ਸੁਧਾਰਨ ਯੋਗ।" ਇਨ੍ਹਾਂ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਜਲਾ ਜਲਾ ਕੇ ਕਸ਼ਟ ਦਿੱਤੇ ਜਾਣ, ਬਾਬੇ ਬੰਦੇ ਨੂੰ ਗੁਰੂ ਗੋਬਿੰਦ ਸਿੰਘ ਤੋਂ ਵੀ ਵੱਧ ਕ੍ਰਿਆਤਮਕ ਦਰਸਾਏ ਜਾਣ ਜਹੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ।

ਇਸੇ ਤਰ੍ਹਾਂ ਪ੍ਰਸਿੱਧ ਕਵੀ ਸਰਦਾਰ ਚਰਨ ਸਿੰਘ 'ਸ਼ਹੀਦ' ਵਲੋਂ ਕੱਢੇ ਗਏ ਨਵੇਂ ਮਾਸਿਕ ਪੱਤਰ 'ਹੰਸ' ਦੀ ਸਮੀਖਿਆ ਵੀ ਕੀਤੀ ਮਿਲਦੀ ਹੈ। "ਆਪ ਦੀ ਨਿਗਰਾਨੀ ਤੇ ਉੱਚ ਵਿਦਵਤਾ ਦੇ ਕਾਰਨ ਅੱਗੇ ਸਪਤਾਹਿਕ 'ਮੌਜੀ' ਨੂੰ ਉਹ ਸਫਲਤਾ ਪ੍ਰਾਪਤ ਹੋਈ ਹੈ, ਜੋ ਅੱਜ ਤਕ ਕਿਸੇ ਪੰਜਾਬੀ ਅਖ਼ਬਾਰ ਨੂੰ ਨਹੀਂ ਹੋਈ। ਹੁਣ 'ਹੰਸ' ਪ੍ਰਕਾਸ਼ਤ ਕਰ ਕੇ ਆਪ ਨੇ ਪੰਜਾਬੀ ਲਈ ਇਕ ਅਤੀਲੁੜੀਂਦਾ ਕਦਮ ਪੁੱਟਿਆ ਹੈ। ਭਾਵੇਂ ਪੰਜਾਬੀ ਵਿਚ ਅੱਗੇ ਕਈ ਸੁਹਣੇ ਸੁਹਣੇ ਰਸਾਲੇ ਪ੍ਰਕਾਸ਼ਤ ਹੋਏ। ਪੰਜਾਬੀ ਦੀ ਡਾਢੀ ਸੁਹਣੀ ਸੇਵਾ ਕਰ ਰਹੇ ਹਨ, ਪਰ ਪੰਜਾਬੀ ਦੀ ਹਾਲਤ ਅਜੇ ਐਡੀ ਸੋਚਨੀਯ ਹੈ ਕਿ ਇਸ ਵਿਚ ਜਿੰਨੇ ਵੀ ਉੱਚਕੋਟੀ ਦੇ ਮਾਸਿਕ ਪੱਤਰ ਪ੍ਰਕਾਸ਼ਤ ਹੋਏ ਸਫਲਤਾ ਪ੍ਰਾਪਤ ਕਰ ਸਕਣ ਵਾਲੇ ਥੋੜ੍ਹੇ ਹੀ ਹਨ। 'ਹੰਸ' ਨੇ ਪ੍ਰਕਾਸ਼ਤ ਹੋ ਕੇ ਪੰਜਾਬੀ ਵਿਚ ਇਕ ਹੋਰ ਵਾਧਾ ਕੀਤਾ ਹੈ ਤੇ ਆਸ ਹੈ ਕਿ ਇਹ ਪੱਤਰ ਸ. ਸਾਹਿਬ ਦੀ ਐਡੀਟਰੀ ਹੇਠ ਚੰਗਾ ਸਫਲ ਹੋਵੇਗਾ।..... ਕਰੀਬਨ ਸਾਰੇ ਦੇ ਸਾਰੇ ਲੇਖ ਉੱਚ ਲਿਖਾਰੀਆਂ ਤੇ ਕਵਿਤਾ ਚੋਟੀ ਦੇ ਕਵੀਆਂ ਦੀਆਂ ਹਨ, ਜੋ ਆਪਣੇ ਆਪਣੇ ਥਾਂ ਸਿਖਿਆਦਾਇਕ ਮਨੋਰੰਜਕ ਭਾਵ ਪੂਰਤ, ਅਲੰਕ੍ਰਿਤ ਤੇ ਰਸ ਭਰਪੂਰ ਹਨ।....."

ਸੰਸਾਰ ਨੂੰ ਅਲਵਿਦਾ ਕਹਿਣ ਤੋਂ 12-13 ਸਾਲ ਪਹਿਲਾਂ ਹੀ 'ਭਿਖਾਰੀ' ਜੀ ਦੀ ਕਲਮ ਰੁਕ ਗਈ ਸੀ। ਉਨ੍ਹਾਂ ਦੀ ਸਿਹਤ ਬੜੀ ਕਮਜ਼ੋਰ ਸੀ, ਪਰ 'ਦੁਖੀ' ਜੀ ਵਾਂਗ ਉਨ੍ਹਾਂ ਦਾ ਸੁਭਾਉ ਬੜਾ ਖੁਲਾਸਾ ਤੇ ਮਿਲਣਸਾਰ ਸੀ। ਜਦੋਂ ਵੀ ਮੈਂ ਉਨ੍ਹਾਂ ਦੇ ਦਰਸ਼ਨ ਨੂੰ ਗਿਆ ਉਨ੍ਹਾਂ ਖਰਾਬ ਸਿਹਤ ਹੋਣ ਦੇ ਬਾਵਜੂਦ ਵੀ ਕਦੇ ਮੱਥੇ ਤਿਊੜੀ ਨਹੀਂ ਸੀ ਪਾਈ। 11 ਜਨਵਰੀ 1981 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ 'ਭਿਖਾਰੀ' ਜੀ ਤੇ ਲਾਲਾ ਗੁਰਾਂਦਿਤਾ ਖੰਨਾ ਜੀ ਦਾ ਸਨਮਾਨ ਕੀਤਾ ਗਿਆ। ਆਪ ਨੂੰ ਭੇਂਟ ਕੀਤੇ ਸਨਮਾਨ ਪੱਤਰ ਵਿਚ ਪੰਜਾਬੀ ਸਾਹਿਤ ਸੇਵਾ ਦੇ ਖੇਤਰ ਵਿਚ ਘਾਲੀਆਂ ਘਾਲਣਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ: "ਕਵੀ ਕੁਟੀਆ ਸਥਾਪਤ ਕਰਨ ਅਤੇ ਕਵੀ ਪਰਚੇ ਨੂੰ ਪ੍ਰਸਿੱਧ ਕਰਨ ਵਿਚ ਦੇਸ਼ ਭਗਤ ਤੇ ਸਾਹਿਤ ਸੇਵੀ ਸ. ਮੁਨਸ਼ਾ ਸਿੰਘ 'ਦੁਖੀ' ਨੂੰ ਆਪਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਰਿਹਾ ਹੈ। 'ਦੁਖੀ' ਜੀ ਨਾਲ ਰਲ ਕੇ 'ਕਵੀ' ਦੀ ਸੁਚੱਜੀ ਸੰਪਾਦਨਾ ਵਿਚ ਆਪ ਜੀ ਨੇ ਜੋ ਘਾਲ ਘਾਲੀ ਹੈ, ਉਹ ਅੱਜ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਲਈ ਨੀਂਹ ਦਾ ਕੰਮ ਦੇ ਰਹੀ ਹੈ। ਇਸ ਤੋਂ ਉਪਰੰਤ ਇਸ ਸਦੀ ਦੇ ਤੀਜੇ ਦਹਾਕੇ ਤੋਂ ਟ੍ਰੈਕਟਾਂ ਦੇ ਰੂਪ ਵਿਚ ਆਰੰਭ ਹੋਈਆਂ ਆਪ ਦੀਆਂ ਕੀਰਤੀਆਂ ਦਾ ਵਿਸਥਾਰ ਇੰਨਾਂ ਗੌਰਵਮਈ ਹੈ ਕਿ ਆਪਣੇ ਆਪ ਸਿਰ ਸ਼ਰਧਾ ਨਾਲ ਝੁਕਦਾ ਹੈ।"

◆

# देश--भकत : सौदागर सिंह 'भिखारी'

◆

–डॉः शमीर सिंह

---

भारतीय स्वतन्त्रता का इतिहास कतिपय ऐसे देश भकतों को अनावृत करता है, जिन्हों ने देश, कौम तथा मातृभूमि को स्वतन्त्र कराने के लिये अपने प्राणों की बाजी लगा दी अथवा इस महान् उदेश्य के लिये अपना सर्वस्व अर्पित कर दिया । ऐसे ही सवदेश-प्रेमीयों में सरदार सौदागर सिंह 'भिखारी' के नाम की गना की जा सकती है । पंजाब-प्रान्त के इस महान् सुपूत्र का जन्म सनू 1897 ई० में जिला अमृतसर के गाँव एक साधारण परिवार में हुआ । आप का निर्धन शिल्पी परिवार अत्यन्त गरीबी की अवस्था में मेहनत तथा ईमानदारी का जीवन व्यतीत करता था । 'भिखारी' के लिए उन के परिवार की दशा असहय थी । इसीलिए आप मात्र 11 वर्ष की आयु में ही रोटी-रोज़ी की तलाश में घर से निकल पडें । जीवन की विषमताओं तथा विसंगतियों के जूझते हुए 'भिखारी' ने अमृतसर, कराची, नैरोबी (केनिया) आदि नगरों का भ्रमण किया और अन्ततः कलकता महानगर (सनू 1917 ई०) में एक शिल्पी के पास तक्नीकी काम करना शुरु कर दिया ।

कलकता नगर में ही 'भिखारी' ने एक साहूकार के पास शिल्पगिरी का धंधा अपनाया । 'भिखारी' की ईमानदारी तथा कड्डा परिश्म रंग लाया और देखते ही देखते सेठ की छोटी सी दूकान भव्य कारखाने में बदल गई । 'भिखारी' की देख रेख हज़ारों मज़दूर इस फैक्ट्ररी में काम करने लगे । 'भिखारी' अपनी प्रतिष्ठा ईमानदारी के बल्बूते पर कलकता के प्रतिष्ठित लोगों में गिने जाने लगे । 'भिखारी' के मन को एक चोट सदा खाये रहती थी कि 'कमाये कोई और

उड़ाये कोई' । 'भिखारी' को उसकी मेहनत के बदले बहुत कम मानदेय मिलता था । यहाँ तक कि परिवारिक निर्वाह बड़ी मुश्किल से हो पाता था । कड़ी मेहनत नथा आर्थिक चिन्ता के कारण 'भिखारी' का स्वास्थय बिगड़ गया । आप अधिकांशतः कहा करते थे -- 'जिस बड़े कारखाने को एक शिलपी ने अपने हाथों से बड़े चाव तथा परिश्रम से इतना बड़ा बना दिया हो, वह शिलपी उस कारखाने का मालिक क्यों नही बन सकता ? उस के कड्डे परिश्रम की कमाई तो सेठ के पास चली जाए और कारीगर शिलपी के पास रह जाये, मात्र बिमारी, अर्थिक चिन्ताग्रस्त कठिनाई तथा मालिक की घुरघियाँ ?'

'भिखारी' को इस कूट अनूभव से मालिक--नौकर के आथिर्क रिश्ते तथा सामाजिक आथिर्क विषमता की समझ आ गई । भारतीय दर्शन में जुड़ा हुआ 'भाग्य' शाब्द उसे कोरा तथा निष्पन्न दिखाई देने लगा । 'भिखारी' का भ्रम टूटा तथा वह नौकरी छोड कर अपना निजी कामकाज शुरु करने की सोचने लगा, परन्तु धनाभाव मार्ग में मुख्य व्यवधान बन कर रह गया । मरता कया न करता ? मन मसोस कर पुनः सेठ के पास नौकरी पर चला गया । धनाभाव तथा सम्बन्धों के फीकेपन ने 'भिखारी' को विवशता की जंज़ीरों में जकड़ दिया ।

देश-व्यापी स्वतंत्रता-आंदोलन तथा गुरुद्वारा प्रबन्ध सुधार लहर (1921 ई०) ने 'भिखारी' के मन पर गहरी छाप डाली । भलें ही 'भिखारी' ने विघिवित् स्कूली शिक्षा प्राप्त नहीं की थी, फिर भी आप ने पंजाबी, हिन्दी, बंगला, उर्दू तथा अंग्रेज़ी भाषाओं का ज्ञान प्राप्त कर लिया था । अपने अव्रकाश के समय आप इन भाषाओं में रचित साहित्य का अधययन करते । कलकता नगर के कतिपय कवियों तथा साहित्य सेवियों के साथ मिल कर आप ने 'कवी कुटीआ' नाम की एक संस्था सन् 1921 ई० आरम्भ की । इस संस्था का कोई कार्यलय नही था । इस साहित्य सेवी संस्था के साथ जुड़े हुए साहित्य प्रेमियों का मुख्य उदेश्य देश-भकित, समाज-सुधार तथा अनुशासितए जीवन-यापन का प्रचार तथा प्रसार था । इस संस्था के सदस्यों को धन दौलत का मोह नशे मात्र भी न था । निःसंदेह 'भिखारी' की मनोभावना--'मै जग तो निरधनी, धनवान दा नां ही मिटावांगा'-- के अनुरूप है ।

'कवी कुटीआ' पंजाबी साहित्य एवं भाषा के विकास के लिए चलाई गई सम्भवतः देश में पहली संस्था थी । इस संस्था के सदस्यों के मन में पंजाबी भाषा एवं साहित्य को विकसित करने की एक मात्र लालसा थी । अतः इस संस्था के साहित्य सेवियों ने अनुवाद के साथ साथ पंजाबी भाषा में मौलिक रचनाएं भी थी । इन रचनाओं में 'प्रेम लहरें' (काव्य संग्रह), 'देवी चौधनानी' (नावल) तथा

'पंच परमेशर' (कहानी संग्रह) प्रसिद्ध हैं। 'भिखारी' की कातिपय रचनाएँ पत्रिकाओं में भी प्रकाशित होती रही। जिन में 'कवि, किरती, गदरगूँज, हंस, फुलवाड़ी, प्रीतम, मौजी, फतह' आदि उल्लेखनीय हैं। 'भिखारी' के द्वारा स्थापित भवानीपुर में एक प्रैस से इस संस्था की ओर से रचित साहित्य भी प्रकाशित होता रहा। आप दिन के समय कारखाने में कड़ा परिश्रम करते तथा रात के समय लेखन कार्य में जुट जाते। इसी व्यस्तता के परिणाय स्वरूप उन का स्वास्थ्य बिगड़ गया, परन्तु अपनी लेखनी के माधयम से देश-व्यापी जागरण की धुन उन के मन मस्तिष्क में समाई हुई थी। 'भिखारी' को एक ओर परिवारिक विषमताओं का सामना करना पड़ता, तो दूसरी ओर लेखन कार्य का दायित्व तथा इस के लिए बांछित धनाभाव की पूति करनी पड़ती। उन के द्वारा चलाई गई प्रैस अंग्रेज सरकार को फूटी आँख नही भाती थी। अतः 'भिखारी' को इसे कई बार बन्द भी करना पड़ा, क्योंकि देखने में तो 'कवी कुटीआ' साहित्य सेवियों की संस्था थी परन्तु गुप्त रूप से यह क्रान्तिकातियों की गतिविधियों की संस्था थी।

'भिखारी' की साहित्य तथा समाज के प्रति अपनी निजी आस्था थी। उन का संकल्प था कि राजनीती तथा समाज से उपजा साहित्य आथिर्क निर्वाह का सहारा नही बन सकता। सम्भवतः इसीलिए 'भिखारी' अपने सारे जीवन में श्रमसेवी बने रहे औत अपने वेतन से ही अपने परिवार का निर्वाह करते रहे।

'भिखारी' अपने आप को मान-सम्मान तथा बडड़पन से सदा दूर रखते थे। ऐसा सोचना भी उन्हें स्वीकार नहीं था। मानों उनका जीवन रुपी आर्दश गुप्त सेवा भाव ही था। आप की प्रतिज्ञा उन्हीं के शब्दों से ज्ञापित हो जाती हैंः

"तन मन बचन तों धन तों सेवा तेरी करांगा।
तेरे लई जीआँगा, तेरे लई मराँगा।"

सन् **1942** ई० के भारत छोड़ो आन्दोलन में भाग लेता हुआ जेल भेज दिया गया, तो इस घटना की सहर्ष स्वीकृति आप की मानसिकता का प्रतिरूप है--

" भला होईआ मेरा करजा लथ्थ, परताप रंग दिखाएगा।"

'भिखारी' को अंग्रेज़ी भाषा तथा अंग्रेज़ीपन से कड़ी घृणा थी। इसीलिए आप के पुत्र के द्वारा 'गॉड सेव आवर ग्रेशीअस किंग' के सस्वर पाठ ने उन्हें हिला कर रख दिया। आप का अपने पुत्र को ऐसी कविता न पढ़ने का आदेश तथा उसके अध्यापक को--"अपने बच्चों पर अंग्रेज़ी साम्राज्य की स्तुति का असर न पड़े"--लिख कर परामर्श भेजा। 'भिखारी' की देश-भक्ति तथा निजभाषा के प्रति प्यार को इंगित करती है। यही देश-भक्ति की तड़प उन की निमनलिखन पंक्तियों

से भी झलकती है--

"वतन दा कौम दा, मेरे सिरों करज़ा अदा होवे ।
वतन तों कौम तों लोको मेरी, जिंदड़ी फिदा होवे ।"

'भिखारी' अपने समकालीन 'दुखी' नामक राजनीतिक कार्य कर्ता से लगभग 25 वर्षो तक जुड़े रहे । आप अपनी एक कविता में लिखते है--

" जो जो गल्लां रिदे ग्रंथ विच उठीआं ।
बैठ प्रेम विचि 'दुखी' 'भिखारी' लिखीआं ।"

सरदार मुनशा सिंह 'दुखी' के अतिरिक्त डॉ० दीवान सिंह 'कालेपानी', डॉ० उत्तम सिंह 'साथी', सरदार चरन सिंह 'शहीद', मौला बखश 'कुशता', लाला धनी राम 'चात्रक', सरदार चंनन सिंह 'जेठूवालीया', सरदार हीरा सिंह 'दर्द', अवतार सिंह 'आज़ाद' सरदार गुरमुख सिंह 'मुसाफिर' तथा सरदार ठाकर सिंह आरटिसट उन के अन्तरंग साथी थे ।

'भिखारी' की दृष्टि मानवतावादी थी । इसी लिए--'राज दी न लोड़, सुख साज दी न रहे'--थी मनः दशा पुजारी नेकी, परोपकार, सत्य, शील, दया, नम्रता, सेवा भाव का वाहक बन कर मानवता की सदा बात करता है--

"मनुखा जीवन पाया ई
तां मनुख बन दिखलाई जा ।"

"मैं अपनी मुशकलां दा, आप ही दारू बनावागां"

का जयघोष करने वाले 'भिखारी' 20 जनवरी 1982 ई० वाले दिन परमज्योति में विलीन हो गये ।

'भिखारी' का जीवन देश के नौजवानों के लिए प्रेरणा स्रोत है, जो अन्याय, आथिर्कए विषमता तथा सामाजिक विसंगतियों के लिए अपना सर्वस्व अपर्णा कर देते हैं ।

◆

# ਪੰਜਾਬੀ ਸਾਹਿਤ-ਪੱਤਰਕਾਰੀ ਵਿਚ 'ਕਵੀ' ਦਾ ਯੋਗਦਾਨ

◆

-ਸਬਿੰਦਰਜੀਤ ਸਿੰਘ ਸਾਗਰ

20ਵੀਂ ਸਦੀ ਦੇ ਤੀਜੇ ਦਹਾਕੇ ਵਿਚ ਪੰਜਾਬੀ ਸਾਹਿਤ-ਪੱਤਰਕਾਰੀ ਇਕ ਨਵਾਂ ਮੋੜ ਲੈ ਰਹੀ ਸੀ। ਇਹ ਸਾਹਿਤ ਤੋਂ ਇਲਾਵਾ ਸਿੱਖ ਇਤਿਹਾਸ ਦੀ ਖੋਜ ਤੇ ਰਾਜਨੀਤੀ ਦੇ ਗੰਭੀਰ ਮਸਲਿਆਂ ਨੂੰ ਵੀ ਵਿਚਾਰ-ਚਰਚਾ ਦਾ ਵਿਸ਼ਾ ਬਣਾ ਰਹੀ ਸੀ। 1924 ਵਿਚ 'ਫੁਲਵਾੜੀ' ਦਾ ਪ੍ਰਕਾਸ਼ਨ ਸ਼ੁਰੂ ਹੋਇਆ, ਜਿਸਨੇ ਕਰਮ ਸਿੰਘ ਵਰਗੇ ਹਿਸਟੋਰੀਅਨ ਖੋਜੀ ਨੂੰ ਅਗਾਂਹ ਲਿਆਂਦਾ। 1925 ਵਿਚ ਸ਼ੁਰੂ ਹੋਇਆ 'ਕਿਰਤੀ' ਰਾਜਨੀਤਕ ਪ੍ਰਤਿਬੱਧਤਾ ਦਾ ਪੱਤਰ ਸੀ, ਜਿਸ ਨੇ ਤਤਕਾਲੀਨ ਰਾਜਨੀਤਕ ਮਸਲਿਆਂ ਨੂੰ ਗੰਭੀਰ ਚਰਚਾ ਦਾ ਵਿਸ਼ਾ ਬਣਾਇਆ। ਪੱਤਰਕਾਰੀ ਦੀ ਇਸ ਵਿਵਧਤਾ ਤੇ ਗੰਭੀਰਤਾ ਦੇ ਸਮੇਂ 'ਕਵੀ' ਪੰਜਾਬ ਤੋਂ ਦੂਰ ਕਲਕੱਤੇ ਵਿਚ 1927 ਵਿਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। 'ਕਵੀ ਕੁਟੀਆ' ਸੰਸਥਾ ਦੇ ਉਦਮ ਨਾਲ ਨਿਕਲਿਆ। ਇਹ ਮਾਸਿਕ ਪੱਤਰ ਕਵਿਤਾ ਦੇ ਵਿਕਾਸ ਬਾਰੇ ਪ੍ਰਤਿਬੱਧ ਸੀ। ਇਸ ਦੇ ਸੰਪਾਦਕ ਮੁਨਸ਼ਾ ਸਿੰਘ ਦੁਖੀ ਅਨੁਸਾਰ "ਇਸ ਪੱਤਰ ਰਾਹੀਂ ਉੱਤਮ ਸਾਹਿਤ ਦਾ ਵਾਧਾ, ਰਸਕਾਂ ਦਾ ਮਨ-ਪਰਚਾਓ ਅਤੇ ਆਉਣ ਵਾਲੇ ਨਵੇਂ ਕਵੀਆਂ ਲਈ ਚਾਨਣ-ਘਰ ਬਣਾਉਣ ਦਾ ਖ਼ਿਆਲ ਹੈ।"[1] ਪੰਜਾਬੀ ਕਵਿਤਾ ਦੀ ਮਾੜੀ ਹਾਲਤ ਕਰਕੇ ਕਵਿਤਾ ਦੇ ਆਦਰਸ਼ ਬਾਰੇ ਦੱਸਿਆ ਗਿਆ ਹੈ ਕਿ ਪੰਜਾਬੀ ਕਵਿਤਾ ਨੂੰ ਭਾਰਤੀ ਸਭਿਅਤਾ ਦੇ ਅਨੁਰੂਪ ਹੋਣਾ ਚਾਹੀਦਾ ਹੈ। ਪੱਤਰਕਾ ਵਿਚ ਪ੍ਰਕਾਸ਼ਿਤ ਹੋਣ ਵਾਲੇ ਵਿਸ਼ੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਗਿਆ ਹੈ ਕਿ "ਲੇਖ ਜਾਂ ਕਵਿਤਾਵਾਂ ਉਹੀ ਦਰਜ਼ ਹੋ ਸਕਣਗੀਆਂ, ਜੋ ਧੜੇ ਬੰਦੀ ਦੇ ਖ਼ਿਆਲਾਂ ਤੋਂ ਮੁਕਤ, ਸਾਹਿਤ ਅਤੇ ਦੇਸ਼ ਕੌਮ ਨੂੰ ਲਾਭ ਪਹੁੰਚਾਉਣ ਵਾਲੀਆਂ ਹੋਣ।"[2] ਇਸ ਪਰਚੇ ਦਾ ਮਨੋਰਥ "ਕਵੀ" ਮਾਸਿਕ ਪੱਤਰ ਦੇ ਸਾਹਿਤ ਤੇ ਸਾਹਿਤਕ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਮੁਲ-ਅੰਕਣ ਕਰਨਾ ਹੈ।

ਪੱਤਰਕਾ ਵਿਚ ਪ੍ਰਕਾਸ਼ਿਤ ਹੋਣ ਵਾਲੀ ਸਾਮਗ੍ਰੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਗਿਆ ਹੈ, "ਇਸ ਵਿਚ ਕਵਿਤਾ ਸੰਬੰਧੀ ਲੇਖ, ਕਵਿਤਾਵਾਂ, ਕਹਾਣੀਆਂ ਤੇ ਸਮੱਸਿਆ ਪੂਰਤੀ ਭੀ ਹੋਇਆ ਕਰੇਗੀ।"[3] ਇਹ ਸੰਪਾਦਕ ਦੀ ਮੁਢਲੀ ਯੋਜਨਾ ਵੱਲ ਸੰਕੇਤ ਹੈ ਕਿਉਂਕਿ ਰਸਾਲੇ ਵਿਚ ਕਹਾਣੀ ਨੂੰ ਨਾਂ ਮਾਤਰ ਹੀ ਥਾਂ ਦਿੱਤੀ ਗਈ ਸੀ। ਬਹੁਤਾ ਧਿਆਨ ਵਾਦ-ਵਿਵਾਦ ਜਾਂ 'ਕਵੀ ਕੁਟੀਆ' ਸੰਸਥਾ ਬਾਰੇ ਜਾਣਕਾਰੀ ਦੇਣ ਵੱਲ ਸੀ। ਰਸਾਲੇ ਵਿਚ ਪ੍ਰਕਾਸ਼ਿਤ ਸਾਮਗ੍ਰੀ ਉਤੇ ਝਾਤੀ ਮਾਰਿਆਂ ਜਿਹੜੀ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਕਵਿਤਾ ਤੇ ਕਾਵਿ ਸੰਬੰਧੀ ਵਿਸ਼ਿਆਂ ਵੱਲ ਵਿਸ਼ੇਸ਼ ਧਿਆਨ ਦੇਣਾ ਹੈ।

ਇਸ ਤੋਂ ਇਲਾਵਾ ਸਮੱਸਿਆ-ਪੂਰਤੀ, ਪੁਸਤਕ ਰੀਵਿਊ, ਲੇਖਕਾਂ ਨਾਲ ਜਾਣ-ਪਛਾਣ ਆਦਿ ਵਿਸ਼ੇ ਪੱਤਰਕਾ ਵਿਚ ਲਏ ਗਏ ਸਨ। ਪੱਤਰਕਾ ਦਾ ਮਹੱਤਵਪੂਰਨ ਹਿੱਸਾ ਸਾਹਿਤ ਜਗਤ ਦੀਆਂ ਗਤੀਵਿਧੀਆਂ ਤੋਂ ਪਾਠਕਾਂ ਨੂੰ ਜਾਣੂ ਕਰਾਉਣਾ ਸੀ। 1927 ਵਿਚ ਹੋਣ ਵਾਲੀ ਪੰਜਾਬੀ ਕਾਨਫਰੰਸ ਸਬੰਧੀ ਜਾਣਕਾਰੀ ਤੋਂ ਪਤਾ ਚਲਦਾ ਹੈ ਕਿ ਇਸ ਮੌਕੇ ਉਤੇ ਇਕ ਪੰਜਾਬੀ ਨਾਟਕ ਦਾ ਮੰਚਣ ਕਰਵਾਇਆ ਜਾਂਦਾ ਸੀ। ਇਹ ਨਾਟਕ ਮੁਕਾਬਲੇ ਵਿਚ ਚੁਣੇ ਨਾਟਕਾਂ ਦਾ ਹੁੰਦਾ ਸੀ। ਇਸ ਤੋਂ ਇਲਾਵਾ ਕਵਿਤਾ, ਵਾਰਤਕ ਤੇ ਕਈ ਹੋਰ ਮੁਕਾਬਲੇ ਕਰਵਾਏ ਜਾਂਦੇ ਸਨ। ਇਸੇ ਤਰ੍ਹਾਂ ਗੌਵਰਨਮੈਂਟ ਕਾਲਜ ਦੀ ਲਾਹੌਰ ਦੀ ਪੰਜਾਬੀ ਸੋਸਾਇਟੀ ਨੇ ਸਲਾਨਾ ਪੰਜਾਬੀ ਦਰਬਾਰ ਲਈ ਕਹਾਣੀ ਪ੍ਰਸਤਾਵ, ਕਵਿਤਾ ਤੇ ਇਕਾਂਗੀ ਮੁਕਾਬਲੇ ਕਰਵਾਏ ਸਨ। ਪਰ "ਕਵੀ" ਦੇ ਮੁਲ-ਅੰਕਣ ਦੀ ਦ੍ਰਿਸ਼ਟੀ ਤੋਂ ਅਸੀਂ ਕੇਵਲ ਤਿੰਨ ਵਿਸ਼ਿਆ ਨੂੰ ਚਰਚਾ ਅਧੀਨ ਲਿਆਵਾਂਗੇ। ਇਹ ਵਿਸ਼ੇ ਹਨ : 'ਕਵੀ' ਵਿਚ ਪ੍ਰਕਾਸ਼ਿਤ ਕਵਿਤਾਵਾਂ ਬਾਰੇ ਵਿਚਾਰ; ਪੰਜਾਬੀ ਕਾਵਿ ਬਾਰੇ ਤਤਕਾਲੀਨ ਸਮਝ; ਤੇ ਪੱਤਰਕਾ ਵਿਚ ਪ੍ਰਕਾਸ਼ਿਤ ਰੀਵਿਊ।

'ਕਵੀ' ਵਿਸ਼ੇਸ਼ ਤੌਰ ਉਤੇ ਕਾਵਿ-ਪੱਤਰਕਾ ਹੈ। ਕਵਿਤਾਵਾਂ ਨੂੰ ਪ੍ਰਮੁੱਖ ਸਥਾਨ ਦੇਣ ਦਾ ਦਾਅਵਾ ਹੈ। ਪੱਤਰਕਾ ਦੇ ਪਹਿਲੇ ਅੰਕ ਦਾ ਆਰੰਭ "ਮੰਗਲ" ਕਵਿਤਾ ਨਾਲ ਹੁੰਦਾ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਅੱਗੇ ਮਿਹਰ ਦੀ ਨਜ਼ਰ ਕਰਨ ਦੀ ਅਰਦਾਸ ਕਰਕੇ ਕਵੀ ਦੀ ਸਫਲਤਾ ਦੀ ਕਾਮਨਾ ਕੀਤੀ ਗਈ ਹੈ। ਇਸ ਵਿਚ ਪ੍ਰਕਾਸ਼ਿਤ ਕਵਿਤਾਵਾਂ ਵਧੇਰੇ ਕਰਕੇ ਪਰੰਪਰਾਗਤ ਹਨ, ਜਿਹਨਾਂ ਦਾ ਵਿਸ਼ਾ ਸਿੱਖ ਇਤਿਹਾਸ, ਸਾਹਿਬਾਨ ਦੀ ਉਸਤਿਤ, ਤੇ ਪ੍ਰੇਮ ਹੈ। ਕਵਿਤਾਵਾਂ ਵਧੇਰੇ ਕਰਕੇ ਵਿਸ਼ੇ ਦੀ ਸਰਲ, ਸਿੱਧੀ ਅਭਿਵਿਅਕਤੀ ਕਰਦੀਆਂ ਸਨ ਤੇ ਇਹਨਾਂ ਵਿਚ ਛੰਦ ਪ੍ਰਤੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਭਾਵੇਂ 'ਦੁਖੀ' ਜੀ ਨੇ ਪਹਿਲੇ ਅੰਕ ਵਿਚ ਪ੍ਰਕਾਸ਼ਿਤ ਆਪਣੀ ਕਵਿਤਾ ਵਿਚ ਇਹ ਦਾਅਵਾ ਕੀਤਾ ਹੈ ਕਿ "ਦੁਖੀ ਦੇਖ ਪੰਜਾਬੀ ਦੀ ਦੁਰਦਸ਼ਾ ਨੂੰ/ਨਵਾਂ ਸਾਹਿਤ ਸੰਸਾਰ ਵਿਚ ਆਇਆ।"[4] ਪਰ ਕਵਿਤਾਵਾਂ ਵਿਚ ਨਵਾਂਪਨ ਨਹੀਂ ਹੈ। ਪਰੰਪਰਾਗਤ ਢੰਗ ਨਾਲ ਵੀ ਨਵੇਂ ਵਿਚਾਰਾਂ ਭਾਵਾਂ ਅਤੇ ਅਨੁਭੂਤੀਆਂ ਨੂੰ ਪ੍ਰਗਟਾਉਣ ਵੱਲ ਵਿਸ਼ੇਸ਼ ਝੁਕਾਅ ਨਜ਼ਰ ਨਹੀਂ ਆਉਂਦਾ। ਵੱਖਰਾਪਨ ਕੇਵਲ ਭਾਸ਼ਾ ਦੀ ਸਰਲਤਾ ਤੇ ਜ਼ੋਰ ਦੇਣ ਤੇ ਦੇਸ਼ ਦੀ ਸੁਤੰਤਰਤਾ ਲਈ ਬਿਹਬਲਤਾ ਦੇ ਰੂਪ ਵਿਚ ਜ਼ਰੂਰ ਦੇਖਿਆ ਜਾ ਸਕਦਾ ਹੈ। ਇਹਨਾਂ ਕਵਿਤਾਵਾਂ ਵਿਚ ਲੋਕਾਂ ਵਿਚ ਏਕਤਾ ਦੀ ਕਮੀ, ਧਰਮ ਦੇ ਨਾਂ ਉਤੇ ਹੁੰਦੇ ਫਸਾਦ ਤੇ ਲੋਕਾਂ ਦਾ ਵਿਦੇਸ਼ੀ ਜੀਵਨ ਦੀ ਚਕਾਚੌਂਧ ਵਿਚ ਫਸੇ ਹੋਣਾ ਹੈ। ਦੇਸ਼ ਦੀ ਸੁਤੰਤਰਤਾ ਦੀ ਕਾਮਨਾ ਦੇ ਨਾਲ ਪੱਛਮੀ ਜੀਵਨ-ਅਨੁਕਰਣ ਦੇ ਖੋਖਲੇ-ਪਨ ਉਤੇ ਵਿਅੰਗ ਵੀ ਕੀਤੇ ਗਏ ਹਨ। ਦੇਸ਼ ਪ੍ਰੇਮ ਦੇ ਵਿਸ਼ੇ ਉਤੇ ਹਿੰਦੀ ਭਾਸ਼ਾ ਦੀ ਕਵਿਤਾ ਦਾ 'ਸਫ਼ਰੀ' ਵਲੋਂ ਕੀਤਾ ਅਨੁਵਾਦ "ਦੇਸ਼ ਸੇਵਾ" ਪ੍ਰਕਾਸ਼ਿਤ ਕੀਤਾ ਗਿਆ ਹੈ। ਰਸਾਲੇ ਵਿਚ ਪ੍ਰਕਾਸ਼ਿਤ "ਕਵੀ ਦਰਬਾਰ" ਦਾ ਵਿਸ਼ਾ ਸੁਤੰਤਰਤਾ ਪ੍ਰਤੀ ਇਸ ਦੀ ਪ੍ਰਤਿਬੱਧਤਾ ਨੂੰ ਪ੍ਰਗਟਾਉਂਦਾ ਹੈ। ਇਹ ਵਿਸ਼ਾ ਹੈ "ਕਦ ਤਕ ਨ ਲਊ ਹਾਇ, ਗਲੋਂ ਹਾਰ ਗੁਲਾਮੀ ਦਾ।" ਸਪਸ਼ਟ ਹੈ ਕਿ ਪਰੰਪਰਾਗਤ ਕਵਿਤਾ ਦੇ ਪ੍ਰਕਾਸ਼ਨ ਤੋਂ ਇਲਾਵਾ ਦੇਸ ਦੀ ਆਜ਼ਾਦੀ ਦੀ ਗੱਲ ਤੋਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੱਤਰ ਵਿਚ ਉਸ ਸਮੇਂ ਦੇ ਲਗਭਗ ਸਾਰੇ ਕਵੀਆਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ। ਜਿਨ੍ਹਾਂ ਵਿਚ ਪ੍ਰਮੁੱਖ ਹਨ : ਬਾਵਾ ਬੁਧ ਸਿੰਘ, ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ, ਦੀਵਾਨ ਸਿੰਘ ਕਾਲੇਪਾਣੀ, ਬ੍ਰਿਜ ਲਾਲ ਸ਼ਾਸਤਰੀ, ਫੀਰੋਜ਼ਦੀਨ ਸ਼ਰਫ, ਗੁਰਾਂਦਿਤਾ ਖੰਨਾ ਤੇ ਰਜਬ ਅਲੀ। ਪਰ ਨਵੇਂ ਕਵੀਆਂ ਦੀਆਂ ਕਵਿਤਾਵਾਂ ਲਗਭਗ ਨਾਂ ਮਾਤਰ ਹਨ। ਸਮੱਸਿਆ ਪੂਰਤੀ ਤੇ ਕਵੀ ਦਰਬਾਰ ਵਿਚ ਕਈ ਨਵੇਂ ਨਾਂ ਵੇਖਣ ਨੂੰ ਜ਼ਰੂਰ ਮਿਲ ਜਾਂਦੇ ਹਨ। ਨਵੇਂ ਕਵੀਆਂ ਦੀਆਂ ਰਚਨਾਵਾਂ ਨੂੰ

ਵੀ ਪਰੰਪਰਾਗਤ ਮਾਨਦੰਡ ਲਾ ਕੇ ਵੇਖਿਆ ਗਿਆ ਹੈ। ਦੇਸ਼ ਦੀ ਸੁਤੰਤਰਤਾ ਸੰਬੰਧੀ ਕਵਿਤਾਵਾਂ ਉਤੇ ਝਾਤ ਮਾਰਿਆ ਪਤਾ ਚਲਦਾ ਹੈ ਕਿ ਸੰਪਾਦਕ ਖ਼ੁਦ ਵਧੇਰੇ ਕਾਰਜਸ਼ੀਲ ਸਨ। 'ਕਵੀ ਦਰਬਾਰ' ਦਾ ਵਿਸ਼ਾ ਨਿਰਧਾਰਨ ਕਰਨ ਦੇ ਨਾਲ ਉਹ ਆਪ ਵੀ "ਭਾਰਤਵਰਸ਼ ਕਿਸ ਤਰ੍ਹਾਂ ਆਜ਼ਾਦ ਹੋਵੇ।" ਵਰਗੀਆਂ ਕਵਿਤਾਵਾਂ ਪ੍ਰਕਾਸ਼ਿਤ ਕਰਦੇ ਹਨ।

'ਕਵੀ' ਪਹਿਲਾ ਸਾਹਿਤਕ ਪੱਤਰ ਹੈ, ਜਿਸ ਨੇ ਕਾਵਿ ਬਾਰੇ ਵਿਚਾਰ-ਚਰਚਾ ਦਾ ਆਰੰਭ ਕੀਤਾ। ਉਸ ਸਮੇਂ ਦੇ ਸਾਹਿਤ ਦੇ ਵਿਦਵਾਨਾਂ ਨੇ ਇਸ ਵਿਚ ਕਿਸੇ ਨ ਕਿਸੇ ਰੂਪ ਵਿਚ ਯੋਗਦਾਨ ਦਿੱਤਾ। ਪ੍ਰਮੁੱਖ ਵਿਦਵਾਨ ਸਨ: ਬਾਵਾ ਬੁਧ ਸਿੰਘ, ਗੁਰਾਂਦਿਤਾ ਖੰਨਾ, ਧਨੀ ਰਾਮ ਚਾਤ੍ਰਿਕ, ਕਾਨ੍ਹ ਸਿੰਘ ਨਾਭਾ, ਚਰਨ ਸਿੰਘ ਸ਼ਹੀਦ, ਅਵਤਾਰ ਸਿੰਘ ਆਜ਼ਾਦ, ਵਿਦਿਆ ਸਾਗਰ ਆਦਿ। ਇਹਨਾਂ ਨੇ ਕਾਵਿ ਦੀ ਪ੍ਰਕਿਰਤੀ, ਵਿਕਾਸ, ਕਾਵਿ ਦੇ ਗੁਣਾ, ਪਿੰਗਲ, ਰਸ ਤੇ ਅਲੰਕਾਰ ਬਾਰੇ ਤੇ ਕਾਵਿ-ਭਾਸ਼ਾ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ। ਦੂਜੀਆਂ ਭਾਸ਼ਾਵਾਂ ਦੇ ਸਾਹਿਤ ਦੇ ਵਿਦਵਾਨਾਂ ਦੇ ਵਿਖਿਆਨ ਪੰਜਾਬੀ ਵਿਚ ਪੇਸ਼ ਕਰਨ ਦਾ ਯਤਨ ਵੀ ਕੀਤਾ ਗਿਆ। 18ਵੇਂ ਹਿੰਦੀ-ਸਾਹਿਤ ਸੰਮੇਲਨ ਦੇ ਪ੍ਰਧਾਨ ਪੰਡਿਤ ਪਦਮ ਸਿੰਘ ਸ਼ਰਮਾ ਦੇ ਭਾਸ਼ਣ ਦਾ ਪੰਜਾਬੀ ਰੂਪ ਗੁਰਾਂਦਿਤਾ ਖੰਨਾ ਵਲੋਂ ਕੀਤਾ ਗਿਆ। ਪੰਜਾਬੀ ਆਲੋਚਨਾ ਤੇ ਅਮਲੀ ਆਲੋਚਨਾ ਦੇ ਪੁੰਗਰਦੇ ਰੂਪ ਨੂੰ ਵੀ ਇਸ ਦੇ ਅੰਕਾਂ ਵਿਚ ਵੇਖਿਆ ਜਾ ਸਕਦਾ ਹੈ। ਕਾਵਿ ਨਾਲ ਸੰਬੰਧਿਤ ਵਿਸ਼ਿਆ ਬਾਰੇ ਪ੍ਰਕਾਸ਼ਿਤ ਲੇਖਾਂ ਤੋਂ ਕਵਿਤਾ ਦੀ ਪ੍ਰਕਿਰਤੀ ਅਤੇ ਪ੍ਰਕਾਰਜ ਬਾਰੇ ਜੋ ਸਮਝ ਉਭਰਦੀ ਹੈ, ਹੇਠਾਂ ਸੰਖੇਪ ਵਿਚ ਦਿੱਤੀ ਜਾ ਰਹੀ ਹੈ।

ਕਾਵਿ ਗੁਪਤ ਸ਼ਕਤੀ, ਕਵੀ ਦੇ ਅੰਦਰ ਲੁਕਿਆ ਸੁਭਾਵਿਕ ਗੁਣ ਹੈ। ਇਹ ਉਹ ਰੱਬੀ ਦਾਤ ਹੈ, ਜਿਸ ਨੂੰ ਬਿਆਨ ਕਰਨਾ ਔਖਾ ਕੰਮ ਹੈ। ਇਸ ਨੂੰ ਲਿਖਤੀ ਰੂਪ ਵਿਚ ਹੀ ਵੇਖਿਆ ਜਾ ਸਕਦਾ ਹੈ। ਕਵੀ ਅੰਦਰਲੀ ਇਸ ਸਿਫ਼ਤ ਨੂੰ ਕੇਵਲ ਵਧੇਰੇ ਤਿੱਖਾ ਕੀਤਾ ਜਾ ਸਕਦਾ ਹੈ। ਇਸ ਲਈ ਵਿਦਿਆ, ਅਨੁਭਵ, ਪੁਰਾਣੀ ਤੇ ਨਵੀਂ ਖੋਜ ਦਾ ਗਿਆਨ ਤੇ ਚੰਗੇ ਕਵੀਆਂ ਦੀਆਂ ਰਚਨਾਵਾਂ ਦਾ ਅਭਿਆਸ ਜ਼ਰੂਰੀ ਹੈ। ਕਾਵਿ ਦੀ ਸ਼ਕਤੀ ਬਹੁਤ ਜ਼ਿਆਦਾ ਮੰਨੀ ਗਈ ਹੈ। "ਕਾਵਿ ਵਿਚ ਗੁਪਤ ਸ਼ਕਤੀ ਹੈ, ਜੋ ਦੁਨੀਆਂ ਦਾ ਤਖ਼ਤਾ ਉਲਟਾ ਸਕਦੀ ਹੈ।"[5] ਸੰਪਾਦਕ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਕਵਿਤਾ "ਹਿਰਦੇ ਦੀ ਸੱਚੀ ਤੇ ਸੁੱਚੀ ਆਵਾਜ਼" ਹੈ। ਪਰ ਉਹ ਇਸ ਵਿਚ ਪਰਿਵਰਤਨ ਦੇ ਇਛੁੱਕ ਵੀ ਨਜ਼ਰ ਆਉਂਦੇ ਹਨ। ਉਹਨਾਂ ਅਨੁਸਾਰ "ਆਪਣੇ ਨਿਜ ਦੇ ਨਵੇਂ ਖ਼ਿਆਲ ਤੇ ਨਵੀਆਂ ਸੱਜਦੀਆਂ ਫਬਦੀਆਂ ਉਪਮਾਵਾਂ ਲਿਖਣੀਆਂ ਬਹੁਤ ਅਸਰਦਾਇਕ ਹੁੰਦੀਆਂ ਹਨ।"[6]

ਕਾਵਿ-ਵਿਕਾਸ ਨੂੰ ਇਤਿਹਾਸ ਕ੍ਰਮ ਰੱਖ ਕੇ ਵੇਖਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਸੀ। ਅਵਤਾਰ ਸਿੰਘ ਆਜ਼ਾਦ ਕਾਵਿ ਵਿਕਾਸ ਨੂੰ ਪੰਜਾਂ ਪੜਾਵਾਂ ਵਿਚ ਰਖ ਕੇ ਵੇਖਣ ਦਾ ਯਤਨ ਕਰਦਾ ਹੈ। ਪਹਿਲੇ ਪੜਾਅ ਦੀ ਕਵਿਤਾ ਕੁਦਰਤੀ ਵਿਕਾਸ ਤੇ ਖੇੜੇ ਦੀ ਹੈ, ਜਦ ਕਿ ਮਨੁੱਖੀ ਪ੍ਰੇਮ ਤੇ ਤੜਫਣੀ ਦੀ ਕਵਿਤਾ ਦੂਜੇ ਪੜਾਅ ਦੀ ਹੈ। ਜੰਗਾਂ ਨਾਲ ਸੰਬੰਧਿਤ ਬੀਰ ਰਸੀ ਕਵਿਤਾ ਤੀਜੇ ਪੜਾਅ ਦੀ ਦੱਸੀ ਗਈ ਹੈ। ਚੌਥਾ ਪੜਾਅ ਮਨੁੱਖ ਅੰਦਰਲੇ ਸੱਚ ਦੀ ਕਵਿਤਾ ਦਾ ਹੈ ਤੇ ਪੰਜਵੇਂ ਪੜਾਅ ਵਿਚ ਇਹ ਸਾਰੀਆਂ ਗੱਲਾਂ ਸ਼ਾਮਿਲ ਹੋ ਜਾਂਦੀਆ ਹਨ। ਕਾਵਿ ਦਾ ਇਹ ਵਿਕਾਸ ਕ੍ਰਮ ਭਾਵੇਂ ਸਰਲ ਤੇ ਬਗ਼ੈਰ ਕਿਸੇ ਠੋਸ ਇਤਿਹਾਸਕ ਆਧਾਰ ਦੇ ਹੈ, ਪਰ ਪਰਿਵਰਤਨ ਨੂੰ ਕਾਵਿ ਦੇ ਬਦਲਦੇ ਸਰੂਪ ਦਾ ਆਧਾਰ ਬਣਾਉਣਾ ਮਹੱਤਵਪੂਰਨ ਤੱਥ ਹੈ। ਖ਼ਾਸ ਤੌਰ ਉਤੇ ਉਸ ਸਥਿਤੀ ਵਿਚ ਜਦੋਂ ਕਾਵਿ ਅਨੁਭਵ ਨੂੰ ਗਿਆਨ ਦਾ ਵਿਸ਼ਾ ਬਣਾਉਣ ਤੋਂ ਸੰਕੋਚ ਕੀਤਾ ਜਾਂਦਾ ਸੀ।

ਤਤਕਾਲੀਨ ਕਾਵਿ-ਪਰਿਦ੍ਰਿਸ਼ ਬਾਰੇ ਪ੍ਰਗਟਾਏ ਵਿਚਾਰਾਂ ਤੋਂ ਪਤਾ ਚਲਦਾ ਹੈ ਕਿ ਸਾਰੇ ਇਸ ਗੱਲ ਬਾਰੇ ਸਹਿਮਤ ਹਨ ਕਿ ਪੰਜਾਬੀ ਸਾਹਿਤ ਦੀ ਹਾਲਤ ਚੰਗੀ ਨਹੀਂ ਹੈ। 'ਕਵੀ' ਦੇ ਪਹਿਲੇ ਅੰਕ ਵਿਚ ਸੰਪਾਦਕ ਨੇ ਇਸ ਬਾਰੇ ਵਿਚਾਰ ਪੇਸ਼ ਕੀਤੇ ਹਨ। "ਇਸ ਬਾਗ ਵਿਚ ਕੋਈ ਪੱਛਮ ਦਾ ਬੂਟਾ ਲਾਉਣਾ ਚਾਹੁੰਦਾ ਹੈ, ਅਤੇ ਕੋਈ ਪੂਰਬ ਦਾ।"[7] ਉਸ ਸਮੇਂ ਲਿਖੇ ਜਾ ਰਹੇ ਉਤਮ ਸਾਹਿਤ ਪ੍ਰਤਿ ਲੋਕਾਂ ਵਿਚ ਰੁਚੀ ਦੀ ਘਾਟ ਹੈ। ਕੁਝ ਕੁ ਨਿਯਮਾਂ ਅਨੁਸਾਰ ਕਾਵਿ ਸਿਰਜਨਾ ਕਰ ਰਹੇ ਸਨ ਤੇ ਕੁਝ ਸੁਤੰਤਰ ਢੰਗ ਨਾਲ। ਸੰਪਾਦਕ ਨੇ ਵਰਤਮਾਨ ਕਵਿਤਾ ਨੂੰ ਤਿੰਨਾਂ ਵਰਗਾਂ ਵਿਚ ਰਖ ਕੇ ਵੇਖਿਆ ਹੈ। ਪਹਿਲੇ ਉਹ ਹਨ, ਜੋ ਅਧਿਆਤਮਕ ਅਨੁਭਵ ਨੂੰ ਪ੍ਰਗਟਾਉਣ ਵਾਲੇ ਹਨ। ਦੂਜੇ ਪੱਛਮੀ ਸਿੱਖਿਆ ਪ੍ਰਾਪਤ ਸਾਹਿਤਕਾਰ ਹਨ, ਜੋ ਪਰੰਪਰਾਗਤ ਕਾਵਿ ਥਾਂ ਪੱਛਮੀ ਕਾਵਿ ਦੇ ਪ੍ਰਭਾਵ ਅਧੀਨ ਰਚਨਾ ਕਰ ਰਹੇ ਹਨ। ਤੀਜੇ ਕਵੀ ਕਲਾ-ਹੀਨ ਬਰਸਾਤੀ ਡੱਡੂਆਂ ਵਾਂਗ ਹਨ। ਸੰਪਾਦਕ ਦੇ ਵਿਚਾਰ ਅਨੁਸਾਰ ਦੂਜਾ ਵਰਗ ਵਧੇਰੇ ਪ੍ਰਭਾਵਸ਼ਾਲੀ ਹੈ, ਪਰ ਸੰਪਾਦਕ ਇਸ ਵਰਗ ਦਾ ਵਿਰੋਧੀ ਹੈ। ਇਸ ਵਿਰੋਧ ਨੂੰ ਕਵਿਤਾ ਦੀ ਬੋਲੀ ਬਾਰੇ ਆਪਣੇ ਵਿਚਾਰਾਂ ਵਿਚ ਪ੍ਰਗਟਾਉਂਦਾ ਕਹਿੰਦਾ ਹੈ, "ਕਵਿਤਾ ਭਾਵ ਲਈ ਲਿਖਣੀ ਚਾਹੀਦੀ ਹੈ ਨਾ ਕਿ ਭਾਖਾ ਲਈ। ਕਵਿਤਾ ਦੀ ਭਾਸ਼ਾ ਅਜੇਹੀ ਹੋਣੀ ਚਾਹੀਦੀ ਹੈ ਕਿ ਉਸ ਨਾਲ ਕਵੀ ਦੇ ਭਾਵ ਨੂੰ ਸਮਝਣ ਵਿਚ ਸਹਾਇਤਾ ਮਿਲੇ ਨਾ ਕਿ ਉਲਟਾ ਅੜਿੱਕਾ ਹੋਵੇ।"[8]

ਅਵਤਾਰ ਸਿੰਘ ਆਜ਼ਾਦ ਨੇ ਆਪਣੇ ਇਕ ਲੇਖ ਵਿਚ ਇਹ ਸਵਾਲ ਉਠਾਇਆ ਹੈ ਕਿ ਅਜੋਕੇ ਸਮੇਂ ਕਵਿਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਉਸ ਦਾ ਵਿਚਾਰ ਹੈ ਕਿ ਜਦੋਂ ਦੇਸ਼ ਪ੍ਰਾਧੀਨ ਹੋਵੇ ਦਿਲਾਂ ਵਿਚ ਅਣਖ, ਸ੍ਵੈ-ਸਤਿਕਾਰ ਤੇ ਵਿਦਿਆ ਦੇ ਚਾਨਣ ਦੀ ਲੋੜ ਹੁੰਦੀ ਹੈ ਤਾਂ ਨੈਚੁਰਲ ਕਵਿਤਾ ਦੀ ਲੋੜ ਹੁੰਦੀ ਹੈ। ਇਹ ਕਵਿਤਾ ਸਰਲ ਭਾਸ਼ਾ ਵਿਚ ਬਗ਼ੈਰ ਕਿਸੇ ਬਨਾਉਟੀਪਨ ਦੇ ਲਿਖੀ ਹੁੰਦੀ ਹੈ, ਜਿਸ ਨਾਲ ਦੇਸ਼ ਪ੍ਰੇਮ ਤੇ ਸੁਤੰਤਰਤਾ ਦੀ ਭਾਵਨਾ ਨੂੰ ਅਭਿਵਿਅਕਤ ਕੀਤਾ ਜਾ ਸਕੇ। ਅਸਿੱਧੇ ਰੂਪ ਵਿਚ ਕਵਿਤਾ ਦੇ ਖੇਤਰ ਵਿਚ ਪਰਿਵਰਤਨ ਦੀ ਗੱਲ ਵੀ ਕੀਤੀ ਗਈ ਹੈ।

ਇਸ ਸਿਲਸਿਲੇ ਵਿਚ ਪੱਤਰਕਾ ਵਿਚ ਛੇੜੇ ਗਏ ਸੰਵਾਦ ਬਾਰੇ ਵਿਚਾਰਨ ਦੀ ਲੋੜ ਹੈ। ਅਮਲੀ ਆਲੋਚਨਾ ਨੂੰ ਨੁਕਤਾਚੀਨੀ ਕਿਹਾ ਗਿਆ, ਜਿਸ ਦਾ ਮੂਲ ਮਨੋਰਥ ਕਵਿਤਾ ਦੀ ਭਾਸ਼ਾ ਤੇ ਅਰਥਾਂ ਬਾਰੇ ਵਿਚਾਰ ਕਰਨਾ ਹੈ। ਪਰ ਇਸ ਨੁਕਤਾਚੀਨੀ ਦੇ ਨਤੀਜੇ ਵਜੋਂ ਜਿਹੜਾ ਸੰਵਾਦ ਛਿੜਿਆ ਉਹ ਮਹੱਤਵਪੂਰਨ ਹੈ। ਮੋਹਨ ਸਿੰਘ ਮਾਹਰ ਨੇ ਦੁਖੀ ਜੀ ਦੀ ਨੁਕਤਾਚੀਨੀ ਦਾ ਜਵਾਬ ਦਿੰਦਿਆਂ ਉਸ ਦੇ ਕਟਾਖਪੂਰਨ ਲਹਿਜੇ ਬਾਰੇ ਗੱਲ ਕੀਤੀ। ਉਸਦਾ ਕੇਂਦਰੀ ਨੁਕਤਾ ਇਹ ਸੀ ਕਿ ਦੁਖੀ ਜੀ ਨਵੇਂ ਕਵੀਆਂ ਨੂੰ ਉਤਸ਼ਾਹਿਤ ਕਰਨ ਦੀ ਥਾਂ ਉਹਨਾਂ ਉਤੇ ਵਾਧੂ ਦਬਾ ਪਾਉਂਦੇ ਸਨ। ਭਾਵੇਂ ਨਵੇਂ ਵਿਚਾਰਾਂ ਵਾਲੇ ਕਵੀਆਂ ਨੂੰ 'ਕਵੀ' ਨੇ ਘੱਟ ਉਤਸ਼ਾਹਿਤ ਕੀਤਾ ਹੈ, ਪਰ ਇਸ ਕਵਿਤਾ ਦੇ ਪੱਖ ਵਿਚ ਗੰਭੀਰ ਵਿਚਾਰ ਵੀ ਪੱਤਰਕਾ ਵਿਚ ਪ੍ਰਕਾਸ਼ਿਤ ਹੋਏ ਹਨ। ਮਨੋਹਰ ਸਿੰਘ ਨਿਰਮਲ ਨੇ ਆਪਣੇ ਇਕ ਲੇਖ "ਕਵਿਤਾ ਵਿਚ ਨਵੇਂ ਖ਼ਿਆਲ ਵਿਚ ਪਰੰਪਰਾਗਤ ਕਵਿਤਾ ਦੇ ਪੱਖ ਵਿਚ ਦਿੱਤੇ ਤਰਕਾਂ ਦਾ ਖੰਡਨ ਕੀਤਾ ਹੈ। ਉਸ ਕਵਿਤਾ ਵਿਚ ਖ਼ਿਆਲ ਨੂੰ ਪ੍ਰਧਾਨਤਾ ਦਿੰਦਾ ਕਹਿੰਦਾ ਹੈ" ਜਿਹੜਾ ਸ੍ਰੋਤਿਆਂ ਦੇ ਦਿਮਾਗ਼ 'ਚੋਂ ਅੱਗੇ ਕਈ ਵਾਰੀ ਗੁਜ਼ਰ ਚੁੱਕਾ ਹੈ, ਕੋਈ ਨਵਾਂ ਖ਼ਿਆਲ ਨਹੀਂ। ਜਿੰਨਾਂ ਉੱਚਾ ਖਿਆਲ ਹੋਵੇਗਾ, ਓਨਾਂ ਹੀ ਔਖਾ ਸਮਝ ਆਵੇਗਾ।"[9] ਕਾਵਿ ਵਿਚ ਅਮਲੀ ਤੇ ਵਿਚਾਰਧਾਰਕ ਤੌਰ ਉਤੇ ਪਰਿਵਰਤਨ ਵਾਪਰ ਰਿਹਾ ਸੀ। ਭਾਵੇਂ 'ਕਵੀ' ਇਸ ਪ੍ਰਤਿ ਹਮਦਰਦੀ ਨਹੀਂ ਸੀ ਰੱਖਦਾ।

"ਕਵੀ" ਰਿਸਾਲੇ ਵਿਚ ਪੁਸਤਕ ਰਿਵੀਊ ਇਕ ਸਥਾਈ ਕਾਲਮ ਸੀ। ਇਸ ਦੇ ਪਹਿਲੇ ਅੰਕ

ਵਿਚ ਸਚਿੰਦ੍ਰਨਾਥ ਸਾਨਿਆਲ ਦੀ ਪੁਸਤਕ ਦੇ ਪੰਜਾਬੀ ਅਨੁਵਾਦ "ਬੰਦੀ ਜੀਵਨ" ਦੇ ਪਹਿਲੇ ਭਾਗ ਦਾ ਰਿਵੀਊ ਦਿੱਤਾ ਗਿਆ ਸੀ। ਕਿਰਪਾ ਸਾਗਰ ਦੀ "ਮਨ ਤਰੰਗ" ਤੇ ਨਾਟਕ 'ਮਹਾਰਾਜਾ ਰਣਜੀਤ ਸਿੰਘ ਦੂਜਾ ਭਾਗ' ਦਾ ਤੇ ਬਾਵਾ ਬੁਧ ਸਿੰਘ ਦੇ ਨਾਟਕ "ਮੁੰਦ੍ਰੀ ਛਲ" ਦਾ ਰਿਵੀਊ ਵੀ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਤਤਕਾਲੀਨ ਪਰਚਿਆਂ ਬਾਰੇ ਤੇ ਉਹਨਾਂ ਦੇ ਵਿਸ਼ੇਸ਼ ਅੰਕਾਂ ਦੇ ਰਿਵੀਊ ਵੀ ਛਾਪੇ ਗਏ ਸਨ। ਕੌਮੀ ਆਜ਼ਾਦੀ ਪ੍ਰਕਾਸ਼ਿਤ ਰਚਨਾਵਾਂ ਤੇ ਸਾਹਿਤ ਅਤੇ ਸਾਹਿਤ ਪੱਤਰਕਾਰੀ ਬਾਰੇ ਰਿਵੀਊ ਕਰਨਾ ਇਕ ਨਿਸ਼ਚਿਤ ਦ੍ਰਿਸ਼ਟੀ ਵੱਲ ਸੰਕੇਤ ਕਰਦਾ ਹੈ। ਇਹ ਰਿਵੀਊ ਵਿਸ਼ੇਸ਼ ਕਰਕੇ ਦੁਖੀ ਜਾਂ ਭਿਖਾਰੀ ਹੀ ਕਰਦੇ ਸਨ। ਇਹਨਾਂ ਵਿਚ ਆਲੋਚਨਾਤਮਕ ਵਿਸ਼ਲੇਸ਼ਣ ਦੀ ਘਾਟ ਵੇਖੀ ਜਾ ਸਕਦੀ ਹੈ। ਪੁਸਤਕ ਦੇ ਰਿਵੀਊ ਦਾ ਉਦੇਸ਼ ਪੰਜਾਬੀ ਜ਼ੁਬਾਨ ਦੀ ਤਰੱਕੀ ਲਈ ਉਪਯੋਗੀ ਜਾਂ ਅਣ-ਉਪਯੋਗੀ ਦੱਸਣਾ ਹੀ ਸੀ। "ਬੰਦੀ ਜੀਵਨ" ਬਾਰੇ ਕੇਵਲ ਇਨ੍ਹਾਂ ਹੀ ਦੱਸਿਆ ਗਿਆ ਹੈ ਕਿ ਇਸ ਦਾ ਵਿਸ਼ਾ 1914-15 ਵਿਚ ਹੋ ਰਹੀਆਂ ਗ਼ਦਰ ਸਰਗਰਮੀਆਂ ਨਾਲ ਸੀ। ਆਲੋਚਨਾਤਮਕ ਦ੍ਰਿਸ਼ਟੀ ਦੀ ਘਾਟ ਕਰਕੇ ਰਿਵੀਊ ਲਈ ਚੁਣੀਆਂ ਪੁਸਤਕਾਂ ਦੇ ਪਿੱਛੇ ਕਾਰਜਸ਼ੀਲ ਉਦੇਸ਼ ਸਾਰਥਕ ਰੂਪ ਧਾਰਨ ਕਰਨ ਤੋਂ ਅਸਮਰਥ ਰਹਿੰਦਾ ਹੈ।

ਸਾਰੇ ਅਧਿਐਨ ਨੂੰ ਸਹੀ ਪਰਿਪੇਖ ਵਿਚ ਰਖ ਕੇ ਵੇਖਣ ਲਈ "ਕਵੀ" ਦਾ ਸੰਪਾਦਨ ਕਾਰਜ ਵਿਸ਼ੇਸ਼ ਮਹੱਤਵ ਰਖਦਾ ਹੈ। ਇਹ 'ਕਵੀ ਕੁਟੀਆ' ਸੰਸਥਾ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਮਾਸਿਕ ਪੱਤਰ ਸੀ ਜੋ ਕਲਕੱਤੇ ਤੋਂ 1927 ਵਿਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ ਤੇ 1930 ਤਕ ਜਾਰੀ ਰਿਹਾ। ਕਵੀ ਕੁਟੀਆ 1923 ਵਿਚ ਹੋਂਦ ਵਿਚ ਆਈ ਸੀ। ਭਾਵੇਂ ਇਸ ਦਾ ਜ਼ਾਹਰੀ ਉਦੇਸ਼ ਸਾਹਿਤ ਦੀ ਸੇਵਾ ਕਰਨਾ ਸੀ ਤੇ ਇਸ ਨੇ ਪੰਦਰ੍ਹਾਂ ਟ੍ਰੈਕਟ ਤੇ ਤਿੰਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਸਨ, ਪਰ ਗੁੱਝੇ ਰੂਪ ਵਿਚ ਕਲਕੱਤੇ ਦੇ ਬੰਗਾਲ ਦੇ ਸਿੱਖਾਂ ਵਿਚ ਰਾਜਨੀਤਕ ਚੇਤਨਾ ਵਿਕਸਿਤ ਕਰਨਾ ਤੇ ਜਥੇਬੰਦ ਕਰਨਾ ਸੀ। ਕਵੀ ਦੇ ਸੰਪਾਦਕ ਮੁਨਸ਼ਾ ਸਿੰਘ ਦੁਖੀ ਸਨ ਜੋ ਕ੍ਰਾਂਤੀਕਾਰੀ ਰਾਜਨੀਤਕ ਵਿਚਾਰ ਰਖਦੇ ਸਨ। ਉਹ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਗ਼ਦਰ ਪਾਰਟੀ ਦੇ ਯੁਗਾਂਤਰ ਆਸ਼ਰਮ ਦੇ ਪ੍ਰਤਿਨਿਧੀ ਰਹੇ ਸਨ। ਰਾਜਨੀਤਕ ਵਿਚਾਰਾਂ ਕਰਕੇ ਉਹ ਸਜ਼ਾ ਵੀ ਕੱਟ ਚੁੱਕੇ ਸਨ।[10] ਸੰਪਾਦਨ ਕਾਰਜ ਵਿਚ ਉਹਨਾਂ ਦੇ ਸਹਿਯੋਗੀ ਸਨ ਸੌਦਾਗਰ ਸਿੰਘ ਭਿਖਾਰੀ। ਭਾਵੇਂ ਦੁਖੀ ਵਾਂਗ ਉਹ ਰਾਜਨੀਤੀ ਵਿਚ ਵਧੇਰੇ ਸਰਗਰਮ ਨਹੀਂ ਸਨ, ਪਰ ਦੇਸ਼ ਨੂੰ ਸੁਤੰਤਰ ਕਰਨ ਦਾ ਵਲਵਲਾ ਉਹਨਾਂ ਦੇ ਦਿਲ ਵਿਚ ਜ਼ਰੂਰ ਸੀ। ਬਾਅਦ ਵਿਚ ਸਿਹਤ ਠੀਕ ਨ ਰਹਿਣ ਕਾਰਨ ਸੰਪਾਦਨ ਕਾਰਜ ਵਿਚ ਸਹਿਯੋਗ ਨ ਦੇ ਸਕੇ। ਇਸ ਤਰ੍ਹਾਂ ਸੰਪਾਦਨ ਦਾ ਸਾਰਾ ਕੰਮ ਦੁਖੀ ਹੁਰਾਂ ਉਤੇ ਹੀ ਸੀ। ਉਹਨਾਂ ਦੀਆਂ ਰਾਜਨੀਤਕ ਸਰਗਰਮੀਆਂ ਬਾਰੇ ਸਰਕਾਰ ਚੌਕਸ ਸੀ। ਆਪਣੇ ਇਕ ਸੰਪਾਦਕੀ ਵਿਚ ਉਹ ਲਿਖਦੇ ਹਨ "ਕਵੀ ਦੇ ਪ੍ਰਕਾਸ਼ਿਤ ਹੋਣ ਨਾਲ ਬੰਗਾਲ ਗਵਰਨਮੈਂਟ ਨੂੰ ਖਵਰੇ ਕਿਉਂ ਪਿੱਸੂ ਪੈ ਗਏ ਹਨ। ਐਡੀਟਰ ਸਾਹਿਬ ਤੇ ਪਹਿਰਾ ਲਗ ਗਿਆ ਅਤੇ ਸੀ. ਆਈ. ਡੀ. ਦਾ ਇਕ ਅੱਧਾ ਸੱਜਣ ਦੂਜੇ ਕੁ ਦਿਨ ਕੁਟੀਆ ਵਿਚ ਭੀ ਦਰਸ਼ਨ ਦੇ ਜਾਂਦਾ ਹੈ।"[11] ਇਸ ਤੋਂ ਉਹਨਾਂ ਦੀ ਬੰਗਾਲ ਵਿਚ ਰਾਜਨੀਤਕ ਸਰਗਰਮੀ ਦਾ ਸੰਕੇਤ ਮਿਲਦਾ ਹੈ। ਦੁਖੀ ਦਾ ਬਹੁਤਾ ਸਮਾਂ ਰਾਜਨੀਤਕ ਸਰਗਰਮੀਆਂ ਵਿਚ ਗੁਜ਼ਰਦਾ ਸੀ। ਕਦੀ ਉਹ ਕਿਰਤੀ ਪਾਰਟੀ ਲਈ ਫੰਡ ਇਕੱਤਰ ਕਰਦੇ ਫਿਰਦੇ ਤੇ ਕਦੀਂ ਕਿਸੇ ਰਾਜਨੀਤਕ ਕਾਨਫਰੰਸ ਵਿਚ ਗਏ ਹੁੰਦੇ। 1929 ਵਿਚ ਸਿੱਖ ਲੀਗ ਦੀ ਕਾਨਫਰੰਸ ਦੇ ਸਿਲਸਿਲੇ ਵਿਚ ਲਾਇਲਪੁਰ ਗਏ ਸਨ। ਦਰਅਸਲ ਉਨ੍ਹਾਂ ਦੀ ਮੂਲ ਪ੍ਰਤਿਬੱਧਤਾ ਰਾਜਨੀਤੀ ਨਾਲ ਸੀ, ਸਾਹਿਤ ਤਾਂ ਇਕ ਸਾਧਨ ਮਾਤਰ ਸੀ। ਉਹਨਾਂ ਦੇ ਬੰਕਿਮ ਚੰਦਰ ਦੇ

ਬੰਗਾਲੀ ਨਾਵਲ 'ਆਨੰਦ ਮਠ' ਦਾ 'ਦੇਸ਼ ਭਗਤੀ' ਨਾਂ ਹੇਠ ਅਨੁਵਾਦ ਕੀਤਾ ਸੀ। ਬੰਗਾਲ ਦੇ ਕ੍ਰਾਂਤਕਾਰੀ ਨੌਜਵਾਨਾਂ ਨੂੰ ਜਥੇਬੰਦੀ ਵਿਚ ਲਿਆਉਣ ਲਈ ਇਸ ਦੀ ਵਰਤੋਂ ਕਰਦੇ ਸਨ। ਦੂਜੇ ਪਾਸੇ ਉਹਨਾਂ ਦੀ ਸਾਹਿਤ ਪ੍ਰਤਿਭਾ ਸੀਮਿਤ ਸੀ। ਉਹ ਖ਼ੁਦ ਇਸ ਤੋਂ ਸੁਚੇਤ ਸਨ। 'ਕਵੀ' ਦੇ ਪਹਿਲੇ ਅੰਕ ਦੇ ਸੰਪਾਦਕੀ ਵਿਚ ਉਹ ਕਹਿੰਦੇ ਹਨ, "ਇਸ ਕੰਮ ਨੂੰ ਜੇ ਕੋਈ ਪੰਜਾਬੀ ਦੇ ਕਾਵਿ ਕਲਾ ਨਿਪੁੰਨ ਵਿਦਵਾਨ ਕਰਦੇ, ਤਾਂ ਬਹੁਤ ਲਾਭਕਾਰੀ ਹੁੰਦਾ। ਅਸੀਂ ਨਾ ਤਾਂ ਵਿਦਵਾਨ, ਨਾ ਕਵੀ ਤੇ ਨਾ ਕਾਵਿ ਕਲਾ ਦੇ ਐਨੇ ਵਧੀਕ ਜਾਣੂ ਹੀ ਹਾਂ, ਜੋ ਦੂਜਿਆਂ ਨੂੰ ਦੱਸ ਸਕਦੀਏ।"[12] ਉਹ ਆਪਣੇ ਆਪ ਨੂੰ ਸਾਹਿਤ ਦਾ ਰਸੀਆ ਸਮਝਦਾ ਹੈ। ਉਸ ਦਾ ਕਲਾ ਅਵਚੇਤਨ ਤਤਕਾਲੀਨ ਪਰੰਪਰਾਗਤ ਸਾਹਿਤ ਤੋਂ ਪ੍ਰਭਾਵਿਤ ਹੈ। ਉਸ ਦੀ ਸੰਪਾਦਨ ਕਲਾ ਦਾ ਇਹ ਅਹਿਮ ਤੇ ਕੇਂਦਰੀ ਧੁਰਾ ਹੈ।

'ਕਵੀ' ਵਿਚ ਪ੍ਰਕਾਸ਼ਿਤ ਬਹੁਤੀਆਂ ਕਵਿਤਾਵਾਂ ਪਰੰਪਰਾਗਤ ਤੇ ਆਮ ਭਾਵਾਂ ਦੀਆਂ ਹਨ। ਇਸੇ ਕਰਕੇ ਕੋਈ ਅਜੇਹੀ ਕਵਿਤਾ ਦੇਖਣ ਨੂੰ ਨਹੀਂ ਮਿਲਦੀ ਜੋ ਨਿਵੇਕਲੇ ਖ਼ਿਆਲਾਂ ਦੀ ਹੋਵੇ। ਦੇਸ਼ ਪ੍ਰੇਮ ਨਾਲ ਸੰਬੰਧਤ ਉਸ ਦੀਆਂ ਆਪਣੀਆਂ ਕਵਿਤਾਵਾਂ ਪਰੰਪਰਾਗਤ ਚੌਖਟੇ 'ਚੋਂ ਬਾਹਰ ਨਹੀਂ ਨਿਕਲਦੀਆਂ। ਇਹਨਾਂ ਵਿਚ ਰਾਜਨੀਤਕ ਸੂਝ ਦੀ ਘਾਟ ਨਜ਼ਰ ਆਉਂਦੀ ਹੈ। ਇਹ ਇਕ ਪਾਸੇ ਤਾਂ ਉਸਦੀ ਵਿਚਾਰਧਾਰਕ ਸੂਝ ਦੀ ਅਸਪਸ਼ਟਤਾ ਵੱਲ ਸੰਕੇਤ ਹੈ ਤੇ ਦੂਜੇ ਪਾਸੇ ਰਾਜਨੀਤਕ ਵਿਚਾਰਾਂ ਦੇ ਸਾਹਿਤਕ ਰੂਪਾਂਤਰਨ ਪ੍ਰਤਿ ਅਸਮਰਥਾ ਦਾ। ਇਸੇ ਲਈ ਉਹ ਰਾਜਨੀਤੀ ਵਿਚ ਪਰਿਵਰਤਨ ਦੀ ਕਾਮਨਾ ਤਾਂ ਰੱਖਦੇ ਸਨ, ਪਰ ਸਾਹਿਤ ਵਿਚ ਪਰਿਵਰਤਨ ਦੇ ਪੱਖ ਵਿਚ ਨਹੀਂ ਸਨ। "ਕਵੀ" ਵਿਚ ਪ੍ਰਗਟਾਏ ਕਾਵਿ ਸੰਬੰਧੀ ਵਿਚਾਰ ਵਧੇਰੇ ਕਰਕੇ ਤਤਕਾਲੀਨ ਸੂਝ ਨੂੰ ਪੇਸ਼ ਕਰਦੇ ਹਨ। ਇਸ ਵਿਚ ਕਾਵਿ ਅਨੁਭਵ ਨੂੰ ਗਿਆਨ ਦਾ ਅਧਿਐਨ ਨਾ ਬਨਾਉਣ ਦੀ ਪ੍ਰਚਲਿਤ ਪਹੁੰਚ ਲੜਖੜਾਂਦੀ ਨਜ਼ਰ ਆਉਂਦੀ ਜਦੋਂ ਕਾਵਿ ਨੂੰ ਪਰਿਵਰਤਨਸ਼ੀਲ ਮੰਨਦਿਆਂ ਇਤਿਹਾਸ ਨਾਲ ਜੋੜ ਕੇ ਵੇਖਣ ਦਾ ਜਤਨ ਕੀਤਾ ਜਾਂਦਾ ਹੈ। ਆਪਣੇ ਸਮੇਂ ਦੇ ਕਾਵਿ ਬਾਰੇ ਵਿਚਾਰ ਕਰਨਾ ਵੀ ਇਸੇ ਪਰਿਵਰਤਨ ਦੀ ਹੋਂਦ ਨੂੰ ਸਵੀਕਾਰਨਾ ਹੈ। ਇਸ ਸਮੇਂ ਕਾਵਿ ਸੰਬੰਧੀ ਵਿਚਾਰ ਚਰਚਾ ਵਿਚ ਮਹੱਤਵਪੂਰਨ ਉਲਾਂਘ ਪੁੱਟੀ ਜਾਂਦੀ ਹੈ, ਜਦੋਂ ਕਾਵਿ ਵਿਚ ਖ਼ਿਆਲਾਂ ਨੂੰ ਪ੍ਰਮੁੱਖ ਸਥਾਨ ਦਿੱਤਾ ਜਾਂਦਾ। ਕਿਉਂਕਿ ਖ਼ਿਆਲ ਪਰਿਵਰਤਨਸ਼ੀਲ ਤੇ ਵਿਵਿਧ ਆਯਾਮੀ ਹੁੰਦੇ ਹਨ। ਇਸ ਤਰ੍ਹਾਂ ਕਾਵਿ ਜਟਿਲ, ਬਹੁ ਅਰਥੀ ਤੇ ਪਰਿਵਰਤਨਸ਼ੀਲ ਕਲਾ ਦਾ ਰੂਪ ਧਾਰਦਾ ਹੈ। ਇਸ ਸੰਦਰਭ ਵਿਚ ਸੰਪਾਦਕ ਦੀ ਸਾਹਿਤਕ ਸੂਝ ਪਿਛਾਂਹ-ਖਿਚੂ ਹੋ ਜਾਂਦੀ ਹੈ। ਉਹ ਨਵੇਂ ਵਿਚਾਰਾਂ ਵਾਲੇ ਕਵੀਆਂ ਦਾ ਵਿਰੋਧ ਕਰਦਾ ਹੈ। ਰਿਵੀਊ ਵਿਚ ਉਸ ਦੀ ਰਾਜਨੀਤਕ ਸੂਝ ਤੇ ਆਲੋਚਨਾਤਮਕ ਸਮਰੱਥਾ ਦਾ ਖੋਖਲਾਪਨ ਸਾਹਮਣੇ ਆ ਜਾਂਦਾ ਹੈ।

ਇਹ ਕਮੀਆਂ 'ਕਵੀ' ਦੀ ਸਮਰੱਥਾ ਦੀਆਂ ਸੀਮਾਵਾਂ ਨਿਰਧਾਰਿਤ ਕਰਦੀਆਂ ਹਨ। ਪਰ ਇਹਨਾਂ ਸੀਮਾਵਾਂ ਦੇ ਬਾਵਜੂਦ 'ਕਵੀ' ਦਾ ਆਪਣੇ ਸਮੇਂ ਦੀ ਸਾਹਿਤਕ ਪੱਤਰਕਾਰੀ ਵਿਚ ਯੋਗਦਾਨ ਘੱਟ ਨਹੀਂ ਹੈ। ਸੰਸਥਾਈ ਢੰਗ ਨਾਲ ਸਾਹਿਤ ਦੀ ਲਹਿਰ ਉਸਾਰਨ ਦਾ ਉਪਰਲਾ ਪੰਜਾਬੀ ਵਿਚ ਨਵਾਂ ਹੈ। ਇਸੇ ਦਾ ਵਿਕਸਿਤ ਪਰ ਵੱਖਰਾ ਰੂਪ 1933 ਵਿਚ 'ਪ੍ਰੀਤਲੜੀ' ਦੇ ਪ੍ਰਕਾਸ਼ਨ ਵਿਚ ਵੇਖਿਆ ਜਾ ਸਕਦਾ ਹੈ। ਇਸ ਸੰਕ੍ਰਾਂਤੀ ਕਾਲ ਵਿਚ ਜਦੋਂ ਪਰੰਪਰਾਗਤ ਸਾਹਿਤ ਪੱਛਮੀ ਪ੍ਰਭਾਵ ਅਧੀਨ ਨਵੇਂ ਰੂਪ ਨੂੰ ਸਿਰਜਣ ਦਾ ਯਤਨ ਕਰ ਰਿਹਾ ਸੀ, ਕਵਿਤਾ ਬਾਰੇ ਸਾਹਿਤਕ ਪੱਤਰ ਕੱਢਣਾ ਤੇ ਕਾਵਿ ਬਾਰੇ ਵਿਚਾਰ ਚਰਚਾ ਨੂੰ ਉਤਸ਼ਾਹਤ ਕਰਨਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਤਤਕਾਲੀਨ ਰਾਜਨੀਤਕ ਰਚਨਾਵਾਂ ਤੇ ਸਾਹਿਤ ਵਿਚ ਮਹੱਤਵਪੂਰਨ ਸਿਰਜਣਾ ਨੂੰ ਵਿਚਾਰ ਗੋਚਰੇ ਲਿਆਉਣਾ ਵਿਕਾਸਸ਼ੀਲ ਰਾਜਨੀਤਕ

ਚੇਤਨ ਤੇ ਸਾਹਿਤਕ ਸੋਝੀ ਦਾ ਸੰਕੇਤ ਹੈ। ਸਾਹਿਤ-ਪੱਤਰਕਾਰੀ ਦੇ ਖੇਤਰ ਵਿਚ 'ਕਵੀ' ਦੇ ਯੋਗਦਾਨ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਉਸ ਵੇਲੇ ਦੀ ਲੋਕ ਚੇਤਨਾ ਨੂੰ ਸਮਝਣ ਦੀ ਲੋੜ ਹੈ। ਲੋਕ ਚੇਤਨਾ ਵਿਚ ਆਸਾਂ ਵੱਧ ਸਨ ਤੇ ਕੋਈ ਸੰਗਠਿਤ ਯਤਨ ਨਹੀਂ ਸਨ। ਇਸੇ ਤਰ੍ਹਾਂ ਰਾਜਨੀਤਕ ਸਰਗਰਮੀ ਨਾਲੋਂ ਵੱਧ ਰਾਜਨੀਤਕ ਭਾਸ਼ਣਕਾਰੀ ਸੀ ਤੇ ਸਾਹਿਤ ਇਸ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ। ਐਸੀ ਹਾਲਤ ਵਿਚ 'ਕਵੀ' ਦਾ ਪ੍ਰਕਾਸ਼ਨ ਮਹੱਤਵਪੂਰਨ ਘਟਨਾ ਸੀ।

◆

## ਵੇਰਵੇ ਤੇ ਟਿੱਪਣੀਆਂ


1. ਕਵੀ, ਜਿਲਦ 1, ਅੰਕ 1, 1927 "ਆਦਰਸ਼", ਪੰਨਾ 5.
2. ਉਹੀ, ਪੰਨਾ 47.
3. ਉਹੀ, ਪੰਨਾ 5.
4. ਉਹੀ, ਪੰਨਾ 4.
5. ਧਨੀ ਰਾਮ ਚਾਤ੍ਰਿਕ, "ਕਾਵਿ" ਕਵੀ, ਪੰਨਾ 20.
6. ਕਵੀ, ਜਿਲਦ 2, ਅੰਕ 1, 1927, ਪੰਨਾ 5-6.
7. ਕਵੀ, ਜਿਲਦ 1, ਅੰਕ 1, ਪੰਨਾ 4.
8. ਉਹੀ, ਜਿਲਦ 2, ਅੰਕ 4, ਪੰਨਾ 161.
9. ਉਹੀ, ਜਿਲਦ 5, ਅੰਕ 1, 1929, ਪੰਨਾ 23
10. The Ghaddr Directory, Punjabi University, Patiala 1934 Reprint 1997.
11. ਕਵੀ, ਜਿਲਦ 1, ਅੰਕ 4, ਪੰਨਾ 195.
12. ਉਹੀ, ਜਿਲਦ 1, ਅੰਕ 1, ਪੰਨਾ 5.
13. Amarjit Kaur, "The Nascent Sikh Politics : 1919-1921, (Unpub lished Ph.D. Thesis), G.N.D.University, Amritsar. 1992, P. 389.


◆

# ਭਿਖਾਰੀ ਜੀ ਦੀ ਕਵਿਤਾ : ਸਵੈ-ਚੇਤਨਾ ਤੋਂ ਸਮੂਹ-ਚੇਤਨਾ ਦਾ ਸਫ਼ਰ

◆

-ਪ੍ਰੋ. ਹਰਚਰਨ ਸਿੰਘ ਬੋਪਾਰਾਏ

ਜੇਕਰ ਮਨੁੱਖੀ ਚੇਤਨਾ ਨੂੰ ਦਾਇਰਿਆਂ ਨਾਲ ਮਾਪਿਆ ਜਾਏ ਤਾਂ ਇਹ ਦਾਇਰੇ ਸਵੈ-ਚੇਤਨਾ ਤੋਂ ਸ਼ੁਰੂ ਹੋ ਕੇ ਸਮੂਹ-ਚੇਤਨਾ ਤੀਕ ਵੱਡੇ ਹੁੰਦੇ ਜਾਂਦੇ ਹਨ। ਜੇਕਰ ਮਨੁੱਖੀ ਚੇਤਨਾ ਦੇ ਵਿਸ਼ਾਲ ਤਲਾਬ ਵਿਚ ਇਕ ਛੋਟਾ ਜਿਹਾ ਕੰਕਰ ਸੁਟਿਆ ਜਾਏ ਤਾਂ ਉਸ ਦੀਆਂ ਲਹਿਰਾਂ ਦਾ ਘੇਰਾ ਥੋੜ੍ਹੀ ਦੂਰ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਪਰ ਜੇਕਰ ਇਕ ਬਹੁਤ ਵੱਡਾ ਪੱਥਰ ਉਚਾਈ ਤੋਂ ਇਸ ਵਿਚ ਸੁੱਟਿਆ ਜਾਵੇ ਤਾਂ ਇਹ ਲਹਿਰਾਂ ਕੇਂਦਰ ਤੋਂ ਸ਼ੁਰੂ ਹੋ ਕੇ ਕਿਨਾਰਿਆਂ ਤੀਕ ਪੁੱਜ ਜਾਂਦੀਆਂ ਹਨ। ਅਸੀਂ ਸਭ ਤੋਂ ਛੋਟੇ ਇਸ ਦਾਇਰੇ ਨੂੰ ਸਵੈ-ਚੇਤਨਾ ਦਾ ਦਾਇਰਾ ਅਤੇ ਸਭ ਤੋਂ ਵੱਡੇ ਦਾਇਰੇ ਨੂੰ ਬ੍ਰਹਿਮੰਡ ਦਾ ਦਾਇਰਾ ਆਖ ਸਕਦੇ ਹਾਂ। ਇਹਨਾਂ ਦੋਹਾਂ ਦਾਇਰਿਆਂ ਦੇ ਵਿਚਕਾਰ ਬਾਕੀ ਦਾਇਰੇ ਆਉਂਦੇ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਅੱਗੇ ਕਰਾਂਗੇ।

ਚੇਤਨਾ ਦੇ ਪੱਖੋਂ ਜੇ ਕਰ ਕਵੀਆਂ ਉਤੇ ਪੰਛੀ ਝਾਤ ਪਾਈ ਜਾਵੇ ਤਾਂ ਬਹੁਤ ਸਾਰੇ ਕਵੀ ਸਾਨੂੰ ਸਵੈ-ਚੇਤਨਾ ਦੇ ਦਾਇਰੇ ਅੰਦਰ ਹੀ ਸੀਮਤ ਨਜ਼ਰ ਆਉਂਦੇ ਹਨ। ਉਹਨਾਂ ਦੀ ਦ੍ਰਿਸ਼ਟੀ ਆਪਣੇ ਆਪ ਤੀਕ ਹੀ ਘੁੰਮਦੀ ਹੈ ਜਾਂ ਇਸਦਾ ਘੇਰਾ ਇਕ ਹੋਰ ਵਿਅਕਤੀ ਤੀਕ, ਜੋ ਉਹਨਾਂ ਦਾ ਪ੍ਰੇਮ-ਸ੍ਰੋਤ ਹੁੰਦਾ ਹੈ—ਸੀਮਤ ਹੁੰਦਾ ਹੈ। ਇਸ ਦ੍ਰਿਸ਼ਟੀ ਵਿਚੋਂ ਪਿਆਰ ਅਤੇ ਉਸ ਨਾਲ ਸਬੰਧਤ ਸਾਰੇ ਹਾਵ-ਭਾਵ ਜਨਮ ਲੈਂਦੇ ਹਨ। ਇਸ ਕਵਿਤਾ ਦਾ ਵੀ ਆਪਣਾ ਅਸਥਾਨ ਹੈ ਕਿਉਂਕਿ ਪਿਆਰ ਇਕ ਸਰਵ-ਵਿਆਪੀ ਜਜ਼ਬਾ ਹੈ।

ਪਰ ਜਦੋਂ ਉਪਰੋਕਤ ਸਵੈ-ਚੇਤਨਾ ਦੇ ਦਾਇਰੇ ਚੋਂ ਨਿਕਲ ਕੇ ਕਵੀ ਪ੍ਰੋ: ਮੋਹਨ ਸਿੰਘ ਵਾਂਗ ਮਿੱਤਰਾਂ ਦੇ ਗ਼ਮ ਤੋਂ ਲੋਕਾਂ ਦੇ ਗ਼ਮ ਵਿਚ ਸ਼ਰੀਕ ਹੁੰਦਾ ਹੈ, ਤਾਂ ਉਸ ਦੀ ਚੇਤਨਾ ਦਾ ਘੇਰਾ ਵਿਸ਼ਾਲ ਹੋ ਕੇ ਸਮੂਹ-ਚੇਤਨਾ ਦਾ ਦਾਇਰਾ ਬਣ ਜਾਂਦਾ ਹੈ। ਇਹ ਸਮੂਹਿਕ ਦਾਇਰਾ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਾਂਗ (ਆਤਮਾ-ਪ੍ਰਮਾਤਮਾ) ਦੇ ਵਿਸ਼ਾਲ ਦਾਇਰੇ ਤੀਕ ਪੁੱਜਦਾ ਸਮੂਹਿਕ ਪੀੜਾ ਦੇ ਦਾਇਰੇ ਵਿਚੋਂ ਲੰਘਦਾ ਇਸ ਵਿਚੋਂ ਫਿਰ ਬਾਬਰ ਬਾਣੀ ਜਨਮ ਲੈਂਦੀ ਹੈ। ਜਿਸ ਵਿਚ ਕਵੀ ਮਨੁੱਖਤਾ ਦੇ ਦਰਦ ਨੂੰ ਸੀਨੇ ਵਿਚ ਸਮੋ ਕੇ ਪ੍ਰਮਾਤਮਾ ਨੂੰ ਵੀ ਸਵਾਲ ਕਰਦਾ ਹੈ :

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ

ਭਿਖਾਰੀ ਜੀ ਦੀ ਕਵਿਤਾ ਵੀ ਸਾਨੂੰ ਉਪਰੋਕਤ ਪੈੜਾਂ ਉਤੇ ਚਲਦੀ ਹੋਈ ਸਵੈ-ਚੇਤਨਾ ਦੇ ਦਾਇਰੇ ਤੋਂ ਸਮੂਹਿਕ ਚੇਤਨਾ ਦੇ ਵਿਸ਼ਾਲ ਦਾਇਰੇ ਵੱਲ ਸਫ਼ਰ ਕਰਦੀ ਨਜ਼ਰ ਆਉਂਦੀ ਹੈ।

ਇਸ ਕਵਿਤਾ ਉਤੇ ਪੰਛੀ ਝਾਤ ਪਾਉਂਦਿਆ ਇਹ ਗੱਲ ਵੀ ਮਨ ਵਿਚ ਰਖਣੀ ਜ਼ਰੂਰੀ ਹੈ ਕਿ ਇਹ ਕਵਿਤਾ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਸ਼ੁਰੂ ਹੋ ਕੇ ਸਤਵੇਂ ਦਹਾਕੇ ਤੀਕ ਲਿਖੀ ਗਈ, ਭਾਵੇਂ ਇਸ ਦਾ ਬਹੁਤ ਹਿੱਸਾ ਦੂਜੇ, ਤੀਜੇ ਦਹਾਕੇ ਅਤੇ ਕਵੀ ਦੇ ਭਰ-ਜਵਾਨੀ ਦੇ ਸਮੇਂ ਦਾ ਹੈ। ਇਹ ਉਹ ਸਮਾਂ ਹੈ ਜਦੋਂ ਭਿਖਾਰੀ ਜੀ ਇਕ ਪਾਸੇ ਗ਼ਮੇ-ਰੁਜ਼ਗਾਰ ਨਾਲ ਜੂਝਦੇ, ਜਗਤ-ਤਮਾਸ਼ਾ ਵੇਖਦੇ ਅੰਮ੍ਰਿਤਸਰ ਤੋਂ ਕਲਕੱਤੇ-ਬੰਬਈ, ਨੈਰੋਬੀ ਹੁੰਦੇ ਫੇਰ ਭਾਰਤ ਪਰਤਦੇ ਹਨ। ਇਹ ਸਮਾਂ ਜਿਥੇ ਸਿੱਖ ਜਗਤ ਵਿਚ ਗੁਰਦੁਆਰਾ ਲਹਿਰ ਦਾ ਹੈ। ਉਥੇ ਭਾਰਤ ਵਿਚ ਜਲ੍ਹਿਆਂ ਵਾਲੇ ਬਾਗ ਅਤੇ ਉਭਰਦੀ ਆਜ਼ਾਦੀ ਲਹਿਰ ਦਾ ਵੀ ਹੈ। ਇਸ ਸਮੇਂ ਪੰਜਾਬੀ ਸਾਹਿਤ ਵਿਚ ਮੌਲਾ ਬਖ਼ਸ਼ ਕੁਸ਼ਤਾ, ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਦੀਵਾਨ ਸਿੰਘ ਕਾਲੇਪਾਣੀ, ਚਰਨ ਸਿੰਘ ਸ਼ਹੀਦ, ਮੁਨਸ਼ਾ ਸਿੰਘ ਦੁਖੀ, ਆਦਿ ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਸਨ। ਇਹੋ ਜਿਹੇ ਸਮੇਂ ਕਲਕੱਤਾ ਸ਼ਹਿਰ ਵਿਚ 'ਕਵੀ' ਰਿਸਾਲੇ ਦਾ ਇਜਰਾ ਕਰਨਾ ਅਤੇ 'ਕਵੀ ਕੁਟੀਆ' ਦੀ ਸਥਾਪਨਾ ਜਿੱਥੇ ਪੰਜਾਬੀ ਮਾਂ-ਬੋਲੀ ਦੀ ਅਮੁੱਲੀ ਸੇਵਾ ਹੁੰਦੀ ਸੀ, ਉਥੇ ਇਹ ਯਤਨ ਇਨਕਲਾਬੀ ਯੋਧਿਆਂ ਲਈ ਵਿਚਾਰ-ਕੇਂਦਰ ਅਤੇ ਪ੍ਰੇਰਨਾ ਸ੍ਰੋਤ ਵੀ ਸੀ। ਸੋ ਭਿਖਾਰੀ ਜੀ ਦੀ ਕਵਿਤਾ ਇਸ ਸੰਦਰਭ ਵਿਚ ਜਿੱਥੇ ਸਵੈ ਦੀ ਗੱਲ ਕਰਦੀ ਹੈ ਉਥੇ ਉਹ ਆਪਣੀ (ਸਿੱਖ) ਕੌਮ, ਅੰਗ੍ਰੇਜ਼ੀ ਅਤਿਆਚਾਰ ਇਨਕਲਾਬੀ ਰੋਹ ਦੇਸ਼ ਪਿਆਰ, ਗਰੀਬਾਂ ਦੇ ਸੋਸ਼ਨ ਦੀ ਗੱਲ ਕਰਦੀ ਹੈ। ਭਿਖਾਰੀ ਜੀ ਦੀ ਕਵਿਤਾ ਇਕ ਛਪੀ ਪੁਸਤਕ "ਪ੍ਰੇਮ ਲਹਿਰਾਂ" ਅਤੇ ਦੋ ਹੱਥ ਲਿਖਤ ਡਾਇਰੀਆਂ ਵਿਚ ਹੈ, ਜਿਨ੍ਹਾਂ ਨੂੰ ਇਸੇ ਪਰਚੇ ਵਿਚ ਡਾਇਰੀ I ਅਤੇ ਡਾਇਰੀ II ਕਿਹਾ ਗਿਆ ਹੈ।

ਪ੍ਰੇਮ ਲਹਿਰਾਂ ਦੇ ਸੁਰ ਵਿਚ ਹੀ ਆਪਣੀ ਅਰਾਧਨਾ ਵਿਚ ਕਵੀ ਆਪਣੇ ਉਦੇਸ਼ ਦੀ ਗੱਲ ਇੰਜ ਕਰਦਾ ਹੈ:

ਰਾਜ ਦੀ ਨ ਲੋੜ, ਸੁਖ ਸਾਜ ਦੀ ਨ ਲੋੜ ਰਹੇ,
ਮੋਖ ਦੀ ਨ ਲੋੜ, ਚਾਹ ਏਹੋ ਉਮਗੀ ਰਹੇ।
ਜੋਗ ਦੀ ਨ ਲੋੜ, ਜਗ ਭੋਗ ਦੀ ਨ ਲੋੜ ਕੋਈ,
ਭੈੜੀ ਕਾਮ ਚਾਹ ਮੈਥੋ ਦੂਰ ਹੀ ਭਗੀ ਰਹੇ।
ਨੇਕੀ, ਉਪਕਾਰ, ਸੱਚ, ਸ਼ੀਲਤਾ, ਪਿਆਰ—
ਦਯਾ, ਨਿਮ੍ਰਤਾ ਦੀ ਜੋਤ ਮੇਰੇ ਹਿਰਦੇ ਜਗੀ ਰਹੇ।
ਸੰਗਤ ਦੀ ਸੇਵਾ ਮੇਰਾ ਜੀਵਨ ਉਦੇਸ਼ ਹੋਵੇ,
ਗੁਰੂ ਬਾਣੀ ਹਿਤ ਸਦਾ ਲਗਨ ਮੇਰੀ ਲਗੀ ਰਹੇ।

(ਆਖਰੀ ਪੰਗਤੀ ਦੀ ਸੋਧ ਕਵੀ ਨੇ ਆਪਣੇ ਹੱਥੀਂ ਇੰਜ ਕੀਤੀ ਹੈ:)

ਗੁਰੂ ਚਰਨਾਂ 'ਚਿ ਮੇਰੀ ਲਗਨ ਲਗੀ ਰਹੇ

(ਪ੍ਰੇਮ ਲਹਿਰਾਂ: "ਅਰਦਾਸ" ਪੰਨਾ 3)

ਉਪਰੋਕਤ 'ਅਰਦਾਸ' ਕਵੀ ਦੀ ਸਮੂਹ-ਚੇਤਨਾ ਨੂੰ ਦਰਸਾਉਂਦੀ ਹੈ ਅਤੇ ਇਹ ਚੇਤਨਾ ਉਸ ਦੀ ਕਵਿਤਾ ਦਾ ਮੁੱਖ ਅੰਗ ਹੈ।

ਪਰ ਇਸ ਤੋਂ ਪਹਿਲੋਂ ਕਵੀ ਨੇ ਜੋ ਸੱਟਾਂ ਆਪਣੇ ਨਿਕਟ ਸੰਬੰਧੀਆਂ ਵਲੋਂ ਖਾਧੀਆਂ, ਉਹ ਉਸ

ਦੀ ਸਵੈ-ਚੇਤਨਾ ਦਾ ਭਾਗ ਬਣ ਗਈਆਂ। ਉਹ ਲਿਖਦਾ ਹੈ :

ਅਣ ਹੋਣੇ ਮੇਹਣੇ ਮਾਰ ਮਾਰ ਮੇਰਾ ਸੀਤਲ ਹਿਰਦਾ ਲੂਹ ਦਿੱਤਾ,
ਕੀ ਦੱਸਾਂ ਵੇ ਲੋਕੋ ? ਮੇਰੇ ਦਿਲ ਤੇ ਪੈ ਗਏ ਸੌ ਸੌ ਛਾਲੇ ਨੇ।
ਮੈਂ ਆਪਣਾ ਫਰਜ਼ ਨਿਭਾਣ ਲਈ ਤਨ ਧਨ ਸਰਬੰਸ ਲੁਟਾ ਦਿੱਤਾ।
ਅਫਸੋਸ ! ਅਜੇ ਵੀ ਰੀਝੇ ਨਾ ਬੇਰਹਿਮ ਇਸ ਦੁਨੀਆਂ ਵਾਲੇ ਨੇ।

(ਪ੍ਰੇਮ ਲਹਿਰਾਂ : 'ਸਬਰ ਪਿਆਲੇ', ਪੰਨਾ 90-1)

ਆਪਣਿਆਂ ਦਾ ਇਹ ਵਿਚਾਰ 'ਕਿੰਗ ਲੀਅਰ' ਦੇ 'filial ingratitude' ਵਾਂਗ ਕਵੀ ਦੇ ਕੋਮਲ ਹਿਰਦੇ ਨੂੰ ਵਲੂੰਦਰ ਗਿਆ ਜਾਪਦਾ ਹੈ ਕਿਉਂ ਕਿ ਉਹ 'ਮੇਰਾ ਚਸਕਾ' ਵਿਚ ਇਸ ਦਾ ਜ਼ਿਕਰ ਕਰਦਾ ਹੈ :

'ਮੇਰੇ ਕੀਤੇ ਦੀ ਕਦਰ ਕੁਝ ਪਾਉਣੀ ਸੀ,
ਅੱਗੋਂ ਕੀਤਾ ਜੇ ਸਗੋਂ ਤ੍ਰਿਸਕਾਰ ਮੇਰਾ।
ਮਾਰ ਮਾਰ ਮਿਹਣੇ ਹਿਰਦਾ ਲੂਹਿਆ ਜੇ,
ਸਾਰਾ ਪਯਾਰ ਦਿਤਾ ਜੇ ਵਿਸਾਰ ਮੇਰਾ।'

(ਪ੍ਰੇਮ ਲਹਿਰਾਂ, ਪੰਨਾ 105)

ਇਸ ਸਵੈ-ਚੇਤਨਾ ਦੇ ਘੇਰੇ ਵਿਚ ਕਵੀ ਦਾ ਬਚਪਨ ਵਿਲੀਅਮ ਵਰਡਜ਼ਵਰਥ (William Wordsworth) ਦੀਆਂ ਬਚਪਨ ਦੀਆਂ ਯਾਦਾਂ ਵਾਂਗ ਇੰਜ ਉਘੜਦਾ ਹੈ :

'ਨ ਪੁੰਨ ਦੀ ਖੁਸ਼ੀ ਸੀ, ਨ ਭੈ ਪਾਪ ਦਾ ਸੀ,
ਬਿਨਾ ਗਯਾਨ ਮੁਕਤੀ ਚਰਨ ਚੁੰਮ ਰਹੀ ਸੀ।
ਨ ਛਲ ਕਪਟ ਦੁਨੀਆਂ ਦੇ ਢੁਕਦੇ ਸੀ ਨੇੜੇ,
ਚੁਫੇਰ ਮੇਰੇ ਮੈਤਰੀ ਘੁੰਮ ਰਹੀ ਸੀ।

- - - - - - - - - - - - - -

ਮੈਂ ਸਾਂ ਨਿਸਕਲੰਕੀ ਤ੍ਰਿਲੋਕੀ ਦਾ ਰਾਜਾ,
ਇਲਾਹੀ ਸਮੇਂ ਦਾ ਅਮਿਟ ਸ੍ਵਾਦ ਰਹਿ ਸੀ।
ਮੇਰੇ ਬਾਲਪਨ-ਬਾਦਸ਼ਾਹੀ ਸਮੇਂ ਦੀ,
ਖਿੜਾਂਦੀ ਮੇਰੀ ਆਤਮਾ ਯਾਦ ਰਹਿ ਸੀ।

(ਪ੍ਰੇਮ ਲਹਿਰਾਂ : "ਬਚਪਨ ਦੀ ਯਾਦ", ਪੰਨਾ 43)

ਭਿਖਾਰੀ ਜੀ ਨੇ 'ਕਵੀ' ਦੀ ਸੇਵਾ ਵਿਚ ਜਿਸ ਲਗਣ ਨਾਲ ਕੰਮ ਕੀਤਾ ਉਸ ਦਾ ਵਰਨਣ ਵੀ ਉਹਨਾਂ ਦੀ ਸਵੈ-ਚੇਤਨਾ ਦਾ ਹਿੱਸਾ ਬਣ ਕੇ ਇੰਜ ਉਭਰਦਾ ਹੈ :

'ਕੁਟੀਆ' ਤੇ ਸੇਵ 'ਕਵੀ' ਦੇ ਵਿਚ
ਰਾਤਾਂ ਦੇ ਦੋ ਦੋ ਵਜ ਜਾਂਦੇ
ਫਿਰ ਵੀ ਨਾ ਮੁਕਦਾ ਕੰਮ ਸਜਨ
ਪੈ ਰਹੇ ਰੁਝੇਵੇਂ ਭਾਰੇ ਨੇ।

- - - - - - - - - - - -

ਮਿਲਦੇ ਹੀ ਰਹਿਣ, ਮਿਲੇ ਹੀ ਰਹਿਣ

'ਭਿਖਾਰੀ' 'ਦੁਖੀ' ਪਿਆਰੇ ਨੇ।

ਇਸ ਸਵੈ-ਚੇਤਨਾ ਦੇ ਘੇਰੇ ਵਿਚੋਂ ਨਿਕਲ ਕੇ ਭਿਖਾਰੀ ਜੀ ਦੀ ਕਵਿਤਾ ਹੁਣ ਸਮੂਹਿਕ-ਚੇਤਨਾ ਵੱਲ ਵਧਦੀ ਹੈ। ਇਸ ਵਿਚ ਪਹਿਲਾ ਪੜਾਅ ਆਪਣੀ ਕੌਮ (ਸਿੱਖ) ਦੇ ਉਸ ਸੰਘਰਸ਼ ਦਾ ਆਉਂਦਾ ਹੈ, ਜਿਸ ਨੂੰ 'ਗੁਰਦੁਆਰਾ ਲਹਿਰ' ਦਾ ਨਾਂ ਦਿੱਤਾ ਗਿਆ। ਇਸ ਸ਼ਾਂਤ-ਮਈ ਅਹਿੰਸਕ ਲਹਿਰ ਤੋਂ ਗਾਂਧੀ ਜੀ ਵੀ ਪਰਭਾਵਿਤ ਹੋਇਆਂ ਬਗੈਰ ਨਾ ਰਹਿ ਸਕੇ। ਭਿਖਾਰੀ ਜੀ ਦੀ ਕਵਿਤਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਇਸ ਨੂੰ ਸਿੱਖ ਮਾਨਸਿਕਤਾ ਦਾ ਹਿੱਸਾ ਬਣਾ ਦਿੱਤਾ ਹੈ। ਉਹਨਾਂ ਨੇ ਨਨਕਾਣਾ ਸਾਹਿਬ ਦੇ ਸਾਕੇ, 'ਗੁਰੂ ਕਾ ਬਾਗ' ਮੋਰਚੇ ਅਤੇ ਇਹਨਾਂ ਸਾਕਿਆਂ ਵਿਚ ਭਾਗ ਲੈਣ ਵਾਲੇ ਯੋਧਿਆਂ ਦੀ ਬੀਰਤਾ, ਸਹਿਣਸ਼ੀਲਤਾ ਅਤੇ ਸਵੈ-ਸੰਜਮ ਨੂੰ ਸਿੱਖ ਇਤਿਹਾਸ ਦਾ ਸੁਨਹਿਰੀ ਭਾਗ ਬਣਾ ਦਿੱਤਾ ਹੈ। 'ਸਾਕਾ ਨਨਕਾਣਾ' ਵਿਚ ਲਿਖਦੇ ਹਨ :

ਦੇਖੋ ਦੇਂਵਦਾ ਜੰਡ ਗਵਾਹੀਆਂ ਹੈ
ਜੀਹਦੇ ਨਾਲ ਬਨ੍ਹ ਬਨ੍ਹ ਕਈ ਬੀਰ ਮਾਰੇ।
ਨਹੀਂ ਤਾਂ ਫੋਲਕੇ ਲੋਅ ਔਹ ਭੱਠਾ,
ਕਈ ਜੀਵਦੇ ਹੀ ਜਿਸ ਦੇ ਵਿਚ ਸਾੜੇ।
ਅੰਗ ਅੰਗ ਕੱਟੇ ਕਈ ਜੋਧਿਆਂ ਦੇ,
ਭੁੰਨ ਦਾਣਿਆਂ ਵਾਂਗ ਸਰੀਰ ਸਾਰੇ।
ਸੁਣਨ ਵਾਲਿਓ! ਕਾਲਜੇ ਥੰਮ ਕੇ ਤੇ,
ਦੱਸੋ ਧਾਰ ਗਏ ਕਿਤਨੀ ਧੀਰ ਪਯਾਰੇ।

(ਡਾਇਰੀ I, *ਪ੍ਰੇਮ ਛੱਲਾਂ*, ਪੰਨਾ 199)

"ਪ੍ਰੇਮ ਛੱਲਾਂ" ਡਾਇਰੀ ਵਿਚ ਕਵੀ ਸਿੱਖ ਸ਼ਹੀਦਾਂ ਦੀ ਹੀ ਗੱਲ ਨਹੀਂ ਕਰਦਾ ਸਗੋਂ ਜਲ੍ਹਿਆਂ ਵਾਲੇ ਬਾਗ ਦਾ ਦਰਦਨਾਕ ਕੌਮੀ ਸਾਕਾ ਉਸਦੀ ਸਮੂਹ-ਚੇਤਨਾ ਦਾ ਹਿੱਸਾ ਬਣਦਾ ਹੈ :

ਮਾਵਾਂ ਪੁੱਤ ਓਵੇਂ ਮਿੱਟੀ ਵਿਚ ਰੁਲਦੇ,
ਦਿਸਣ ਭਾਈ ਭੈਣਾਂ, ਪਤੀ ਨਾਰੀਆਂ ਦੇ।
ਓਸੇ ਤਰ੍ਹਾਂ ਸ਼ਹੀਦਾਂ ਦਾ ਖ਼ੂਨ ਵਹਿ ਕੇ
ਠਾਠਾਂ ਮਾਰਦਾ ਫਿਰੇ ਵਿਚ ਕਯਾਰੀਆਂ ਦੇ

(ਡਾਇਰੀ I, ਪ੍ਰੇਮ ਛੱਲਾਂ, ਪੰਨਾ 297)

ਦੇਸ਼ ਪਿਆਰ ਦੀ ਸਮੂਹ-ਚੇਤਨਾ ਕਵੀ ਦੇ ਦੇਸ਼ ਪਿਆਰ, ਉਸ ਦੀਆਂ ਰੁੱਤਾਂ, ਉਸ ਦੇ ਹੁਸਨ ਤੇ ਖੇੜੇ, ਉਸ ਦੀ ਭਿੰਨਤਾ ਅਤੇ ਵਿਛੋੜੇ ਦੇ ਸੱਲ ਨੂੰ ਦਰਸਾਉਂਦੀ ਹੈ। ਆਪਣੇ ਦੇਸ਼ ਦੇ ਹੁਸਨ ਅਤੇ ਖੇੜੇ ਨੂੰ ਇੰਜ ਬਿਆਨ ਕਰਦੇ ਹਨ, ਜਿਵੇਂ ਕੋਈ ਆਪਣੀ ਮਹਿਬੂਬਾ ਦਾ ਹੁਸਨ ਬਿਆਨ ਕਰ ਰਿਹਾ ਹੋਵੇ :

ਗੰਗਾ ਦੀ ਲਹਿਰ ਤੇ ਲਟਕ ਦੇਖੋ ਜਮਨਾ ਦੀ
ਅਟਕ ਮਟਕ ਨਾਲ ਚਲਦਾ ਗੁਮਾਨ ਵਿਚ।
ਸਤਲੁਜ, ਬਿਆਸ, ਰਾਵੀ, ਜਿਹਲਮ, ਚਨਾਬ ਦੇਖੋ
ਸਿਫਤ ਜਿਨ੍ਹਾਂ ਦੀ ਨਹੀਂ ਆਉਂਦੀ ਬਿਆਨ ਵਿਚ।
ਸੋਹਣੇ ਸੋਹਣੇ ਬਾਗਾਂ 'ਚਿ ਕਲੋਲ ਦੇਖੋ ਪੰਛੀਆਂ ਦੇ,

ਹਵਾ ਖੋਰੀ ਕਰੋ ਹਰਿਆਵਲੇ ਮੈਦਾਨ ਵਿਚ।
ਸ਼ਿਮਲਾ, ਮਸੂਰੀ, ਕਸ਼ਮੀਰ ਦੇਖਿ ਸੱਚ ਦੱਸੋ,
ਮੇਰੇ ਦੇਸ਼ ਜਿਹਾ ਕੇੜ੍ਹਾ ਦੇਸ਼ ਹੈ ਜਹਾਨ ਵਿਚ

(ਡਾਇਰੀ I, "ਮੇਰਾ ਦੇਸ਼", 1934, ਪੰਨਾ 40)

ਅੱਜ ਤੋਂ 64 ਸਾਲ ਪਹਿਲੋਂ ਲਿਖੀ ਇਹ ਕਵਿਤਾ ਉਸ ਸਵੱਛ ਅਤੇ ਸੁਹਣੇ ਦੇਸ਼ ਦਾ ਵਰਨਣ ਕਰਦੀ ਹੈ ਜੋ ਅੱਜ ਪ੍ਰਦੂਸ਼ਨ ਦੀ ਬਲੀ ਚੜ੍ਹ ਰਿਹਾ ਹੈ। ਇਸੇ ਤਰ੍ਹਾਂ ਵਰਖਾ, ਸਿਆਲ ਅਤੇ ਬਸੰਤ ਰੁੱਤ ਦਾ ਵਰਣਨ ਕਵੀ ਦੇ ਆਪਣੇ ਦੇਸ਼ ਨਾਲ ਮੋਹ ਨੂੰ ਉਜਾਗਰ ਕਰਦਾ ਹੈ। ਕੁਝ ਸ਼ਿਅਰ ਨੋਟ ਕਰਨਾ :

ਅਕਾਸ਼ 'ਚਿ ਬੱਦਲ ਗਜਿਆ, ਬਿਜਲੀ ਨੇ ਚਮਕ ਦਿਖਾ ਦਿੱਤੀ।
ਮੋਰਾਂ ਨੇ ਰਾਗ ਅਲਾਪਿਆ, ਬਿੰਡੇ ਨੇ ਬੀਨ ਵਜਾ ਦਿੱਤੀ।
ਕਿਣ ਮਿਣ ਕਣੀਆਂ ਨੇ ਲਾ ਦਿਤੀ, ਕਿਆ ਅਜਬ ਬਹਾਰ ਬਣਾ ਦਿੱਤੀ।
ਇਕ ਆਏ ਜ਼ੋਰ ਦੇ, ਮਲ ਮਲ ਕੇ ਧਰਤਿ ਨੁਹਾ ਦਿੱਤੀ।

(ਪ੍ਰੇਮ ਲਹਿਰਾਂ, "ਬਰਖਾ ਰੁੱਤ", ਪੰਨੇ 53-4)

ਹੁਣ ਜ਼ਰਾਂ ਸਿਆਲ ਰੁੱਤ ਦਾ ਵਰਣਨ ਵੇਖੋ :

ਤਪਦੀਆਂ ਭੱਠੀਆਂ ਤੇ ਭੁਜਦੇ ਨੇ ਦਾਣੇ ਕਿਤੇ,
ਗਲੀਆਂ ਦੇ ਬੂਹੇ ਅਗੇ ਰੌਣਕ ਕਮਾਲ ਦੀ।
ਮਟਕ ਮਟਕ ਪਏ ਚੱਬਦੇ ਨੇ ਨਿੱਕੇ ਵੱਡੇ,
ਆਉਂਦੀ ਲੱਜ਼ਤ, ਮੋਏ ਮਨਾਂ ਨੂੰ ਜਿਵਾਲ ਦੀ।
ਚੂਪਦੇ ਨੇ ਗੰਨੇ ਕਿਤੇ ਸੇਕਦੇ ਨੇ ਧੂੰਏ ਬੈਠਿ,
ਮਿਠੜੀਆਂ ਬਾਤਾਂ ਪੈਂਦੀਆਂ ਨੇ ਨਾਲ ਨਾਲ ਦੀ।

(ਪ੍ਰੇਮ ਲਹਿਰਾਂ, "ਸਿਆਲ ਰੁੱਤ", ਪੰਨਾ 57)

ਇਸੇ ਪ੍ਰਕਾਰ ਮਨ-ਮੋਹਣੀ ਬਸੰਤ ਬਹਾਰ ਵਿਚ ਲਿਖਦੇ ਹਨ :

"ਟਹਿਕੀਆਂ ਉਜਾੜਾਂ, ਮਹਿਕ ਉਠੇ ਨੇ ਬਗੀਚੇ ਸਭ,
ਪ੍ਰਿਥਵੀ ਨੇ ਲਿਆ ਤਨ ਆਪਨਾ ਸ਼ਿੰਗਾਰ ਹੈ।
ਜਿਥੇ ਜਿਥੇ ਵੇਖੇ ਮਨ ਵੇਂਦ੍ਰਿਆਂ ਪ੍ਰਫੁੱਲ ਹੋਵੇ,
ਕੂਲੇ ਕੂਲੇ ਪੱਤਾਂ ਵਿਚ ਹੋ ਰਿਹਾ ਮਲ੍ਹਾਰ ਹੈ।

(ਪ੍ਰੇਮ ਲਹਿਰਾਂ, "ਬਸੰਤ ਬਹਾਰ", ਪੰਨਾ 50)

ਭਿਖਾਰੀ ਜੀ ਦੀ ਸਮੂਹ ਚੇਤਨਾ ਜਿਥੇ ਦੇਸ਼ ਦੀਆਂ ਰੁੱਤਾਂ ਦੀ ਵੰਨਗੀ ਉਤੇ ਪਿਆਰ ਕਰਦੀ ਹੈ ਉਥੇ ਇਸ ਦੀਆਂ ਲਾ-ਮਿਸਾਲ ਨਿਆਮਤਾਂ ਨੂੰ ਵੀ ਆਪਣੀ ਸਮੂਹਿਕ ਚੇਤਨਾ ਦੇ ਕਲਾਵੇ ਵਿਚ ਲੈਂਦੀ ਹੈ :

ਅੰਬ ਖਾਓ, ਆੜੂ ਖਾਓ, ਜਾਮਨੂੰ, ਅਨਾਰ ਖਾਓ,
ਸੰਤਰੇ ਦਾ ਸਵਾਦ ਜਾਨ ਪਾਉਂਦਾ ਬੇਜ਼ਾਨ ਵਿਚ।
ਖੀਰੇ, ਖਰਬੂਜੇ ਖਾਓ, ਤਰਾਂ, ਹਦਵਾਣੇ ਖਾਓ,
ਦੇਖੋ ਕੈਸਾ ਰਸ ਹੈ ਪਪੀਤਾ, ਸੇਬ ਖਾਨ ਵਿਚ।

ਸਰਸੋਂ ਦਾ ਸਾਗ ਖਾਓ, ਰੋਟੀਆਂ ਜਵਾਰ ਦੀਆਂ,
ਦੁਧ, ਘਿਓ ਖਾਓ, ਘੁਲੋ ਨਿਕਲ ਮੈਦਾਨ ਵਿਚ।
ਕਾਠੇ, ਕਾਹੂ, ਪੋਲੇ ਗੰਨੇ ਚੂਪ ਸੱਚੋ ਸੱਚ ਦੱਸੋ,
ਮੇਰੇ ਦੇਸ਼ ਜੇਹਾ ਕੋਈ ਦੇਸ਼ ਹੈ ਜਹਾਨ ਵਿਚ ?

(ਡਾਇਰੀ II, "ਮੇਰਾ ਦੇਸ਼", ਪੰਨੇ 39-40,1934)

ਇਹ ਪੰਗਤੀਆਂ ਜਿਥੇ 64 ਵਰ੍ਹੇ ਪਹਿਲੋਂ ਦੀ ਸਾਡੀ ਬਹੁਲਤਾ ਅਤੇ ਬਾਇਓ-ਵੰਨਗੀ ਦਰਸਾਉਂਦੀਆਂ ਇਕ ਇਤਿਹਾਸਕ ਡਾਕੂਮੈਂਟ ਹਨ, ਉਥੇ ਅੱਜ ਦੀ ਥੁੜੋਂ ਭੁੱਖ ਅਤੇ ਸਾਡੇ ਖਾਣ-ਪੀਣ ਦੀਆਂ ਵਸਤਾਂ ਦਾ ਅਲੋਪ ਹੋਣਾ ਵੀ ਦਰਸਾਉਂਦੀਆਂ ਹਨ। ਨਾ ਤਾਂ ਹੁਣ ਕਾਠੇ ਅਤੇ ਕਾਹੂ ਕਮਾਦ ਹਨ, ਅਤੇ ਨਾ ਹੀ ਦੁੱਧ ਘਿਓ ਅਤੇ ਨਾ ਹੀ ਘੁਲਣ ਵਾਲੇ ਗੱਭਰੂ।

ਇਹੋ ਜਿਹੇ ਸੁਹਣੇ ਦੇਸ਼ ਤੋਂ ਜੁਦਾ ਹੁੰਦਿਆਂ ਭਿਖਾਰੀ ਜੀ ਦੀ ਸਮੂਹ-ਚੇਤਨਾ ਤੜਪ ਉਠਦੀ ਹੈ। ਪਹਿਲੋਂ ਤਾਂ ਕਲਕੱਤੇ ਤੋਂ ਵਿਦਾਇਗੀ ਲੈਂਦਿਆਂ ਉਸ ਦੀ ਮਿੱਠੀ ਯਾਦ ਨਾਲ ਲੈ ਜਾਂਦੇ ਹਨ :

ਮੇਰੇ ਵਰ੍ਹਿਆਂ ਦੇ ਮਹਿਰਮ ਮਿੱਠੜੇ–ਦਿਲਦਾਰ ਕਲਕੱਤੇ !
ਸੁਖੀ ਵਸਦਾ ਰਹੋ, ਸਾਨੂੰ ਵਿਦਾ ਦਿਹ ਯਾਰ ਕਲਕੱਤੇ।

- - - - - - - - - - -

ਲੈ ਸਤ ਸ੍ਰੀ ਕਾਲ, ਗੁਡ ਬਾਈ, ਰਤਾ ਹੁਣ ਮੁਸਕਰਾ ਸੱਜਣ !
ਸੁਖੀ ਵੱਸੋ, ਦਿਓ ਸਾਨੂੰ, ਵਿਦਾ ਸੱਜਣ ! ਵਿਦਾ ਸੱਜਣ।

(ਡਾਇਰੀ II, "ਕਲਕੱਤਾ", 16.8.1937)

ਪਰ ਜਦੋਂ ਬੰਬਈ ਤੋਂ ਨੈਰੋਬੀ ਲਈ ਰਵਾਨਾ ਹੁੰਦੇ ਹਨ ਤਾਂ ਦਿਲ ਨੂੰ ਧੂਹ ਪੈਂਦੀ ਹੈ :

"ਫਿਰ ਵਿਸਲ ਸਟੀਮਰ ਦੇ, ਮੂਲੋਂ ਜਿੰਦ ਕਢ ਲਿਤੀ।
ਪੱਥਰ ਦਾ ਬੁੱਤ ਬਣਿਆ, ਮੈਂ ਧੀਰਜ ਛੱਡ ਦਿਤੀ।"

(ਡਾਇਰੀ I, "ਦੇਸ਼ ਵਿਛੋੜਾ", ਪੰਨਾ 152, 18.1.1939)

ਪਰ ਛੇ ਮਹੀਨੇ ਬਾਅਦ ਜਦੋਂ ਵਤਨ ਵਾਪਸ ਮੁੜਦੇ ਹਨ ਤਾਂ ਦਿਲ ਵਿਚ ਵਤਨ ਲਈ ਜੀਣ/ਮਰਨ ਦੀ ਚਾਹ ਹੈ :

"ਵਤਨਾਂ ਨੂੰ ਚੱਲੇ ਹਾਂ, ਜੀਵਾਂਗੇ ਵਤਨ ਲਈ।
ਮਰਸਾਂ ਗੇ ਵਤਨ ਲਈ, ਥੀਵਾਂਗੇ ਵਤਨ ਲਈ।

(ਡਾਇਰੀ II, "ਮੋੜਾ", ਪੰਨਾ 173, 13.7.1939)

ਦੇਸ਼ ਪਿਆਰ ਦੇ ਨਾਲ ਨਾਲ ਭਿਖਾਰੀ ਜੀ ਨੂੰ ਜੋ ਜੋ ਕੋੜ ਅਤੇ ਕੁਰੀਤੀਆਂ ਨਜ਼ਰ ਆਈਆਂ, ਉਹਨਾਂ ਨੇ ਉਸ ਉਤੇ ਵੀ ਚਾਨਣਾ ਪਾਇਆ, ਜਿਵੇਂ ਕਿ ਉਹ ਹਿੰਦੂ ਮੁਸਲਿਮ ਈਰਖਾ ਨੂੰ ਦੇਸ਼ ਦੀ ਆਜ਼ਾਦੀ ਦੇ ਰਾਹ ਵਿਚ ਰੁਕਾਵਟ ਸਮਝਦੇ ਹਨ :

ਭਾਰਤ ਵਰਸ਼ ਕਿਸ ਤਰ੍ਹਾਂ ਆਜ਼ਾਦ ਹੋਵੇ ?
ਗੱਲ ਗੱਲ ਉਤੇ ਪਲ ਪਲ ਅੰਦਰ,
ਹਿੰਦੂ ਮੁਸਲਮਾਨਾਂ ਦਾ ਫਸਾਦ ਹੋਵੇ।

ਦੱਸੋ ਛੁਟਿ ਗੁਲਾਮੀ ਦੀ ਕੈਦ ਵਿਚੋਂ
ਭਾਰਤ ਵਰਸ਼ ਕਿਸ ਤਰ੍ਹਾਂ ਆਜ਼ਾਦ ਹੋਵੇ ? (ਪ੍ਰੇਮ ਲਹਿਰਾਂ, ਪੰਨਾ 105)

ਇਸੇ ਤਰ੍ਹਾਂ ਉਹਨਾਂ ਕੋਲ 'ਬੇਅਦਲੀ ਦਾ ਰਾਜ' ਅਤੇ 'ਦੁਖੀ ਗਰੀਬਾਂ' ਨਾਲ ਅਨਿਆਂ ਬਰਦਾਸ਼ਤ ਨਹੀਂ ਹੁੰਦਾ : "ਬੇਅਦਲੀ ਦਾ ਰਾਜ ਛਾ ਗਿਆ, ਜ਼ੁਲਮ ਜੁਆਲਾ ਜਗ ਰਹੀਏ।/ਦੁਖੀ ਗਰੀਬਾਂ ਮਜ਼ਲੂਮਾਂ ਸਿਰ, ਕਹਿਰ ਅਨ੍ਹੇਰੀ ਵਗ ਰਹੀ ਏ" (ਪ੍ਰੇਮ ਲਹਿਰਾਂ, "ਪ੍ਰੇਮ-ਜੋਦੜੀ", ਪੰਨਾ 12)।

ਪਰ ਕਵੀ ਨੇ ਟੈਗੋਰ ਵਾਂਗ ਜਿਸ ਆਜ਼ਾਦੀ ਦੇ ਸੁਪਨੇ ਲਏ ਉਹ ਪੂਰੇ ਨਾ ਹੁੰਦੇ ਵੇਖ ਕੇ ਉਹ ਅੱਜ ਦੇ ਲੀਡਰਾਂ ਤੇ ਕਟਾਖਸ਼ ਕਰਨੋ ਨਹੀਂ ਰਹਿ ਸਕਦਾ : "ਵੱਡੇ ਵੱਡੇ ਆਦਮੀ ਬਥੇਰੇ ਦੇਖੇ ਜਗ ਵਿਚ,/ਬਾਹਰੋਂ ਕੁਝ ਹੋਰ, ਅੰਦਰੋਂ ਉਹ ਕੁਝ ਹੋਰ ਨੇ।/ਗੁਣੀ ਗਿਆਨੀ ਲੀਡਰ ਮਹਾਤਮਾ ਪੁਰਖ ਡਿੱਠੇ,/ਦੇਖਣ ਨੂੰ ਸਾਧ ਪਰ ਵਿਚੋਂ ਪੂਰੇ ਚੋਰ ਨੇ।" (ਡਾਇਰੀ II, ਪੰਨਾ 112)। ਆਜ਼ਾਦੀ ਦੇ ਵੀਹ ਸਾਲ ਬਾਅਦ ਦੇਸ਼ ਦੀ ਦੁਰਦਸ਼ਾ ਹੁੰਦੀ ਵੇਖ ਕੇ ਉਸ ਦੀ ਸਮੂਹ-ਚੇਤਨਾ ਭਗਵਾਨ ਅੱਗੇ ਕੁਰਲਾਅ ਉਠਦੀ ਹੈ :

ਜਗਤ ਦੇ ਰਚਨਹਾਰੇ, ਹੁਣ ਕੋਈ ਤੂਫ਼ਾਨ ਪੈਦਾ ਕਰ।
ਉਡਾ ਲੈ ਜਾਹ (ਇਹ) ਸਭ ਹੈਵਾਨ, ਤੇ ਇਨਸਾਨ ਪੈਦਾ ਕਰ।

- - - - - - - - - - - - - -

ਮਿਲਾਵਟ ਦੁੱਧ ਵਿਚ, ਘਿਉ ਵਿਚ, ਮਿਲਾਵਟ ਤੇਲ ਮਿੱਟੀ ਵਿਚ;
ਭਿਆਨਕ ਰੋਗ (ਇਹ) ਕੱਟਣ ਨੂੰ ਕੋਈ ਲੁਕਮਾਨ ਪੈਦਾ ਕਰ।
ਭਰੇ ਗੋਦਾਮ ਆਟੇ ਦੇ, ਗਰੀਬਾਂ ਨੂੰ ਨਾ ਪਾ ਲੱਭੇ;
ਇਨ੍ਹਾਂ ਕੰਸਾਂ ਦੇ ਮਾਰਨ ਨੂੰ, ਕ੍ਰਿਸ਼ਨ ਭਗਵਾਨ ਪੈਦਾ ਕਰ।

(ਡਾਇਰੀ–, ਪੰਨੇ 195-96, ਫਰਵਰੀ, 1967)

ਭਿਖਾਰੀ ਜੀ ਤਾਂ ਅੱਜ ਸਾਡੇ ਵਿਚ ਨਹੀਂ ਹਨ, ਪਰ ਉਹਨਾਂ ਦੀ ਸਮੂਹ-ਚੇਤਨਾ ਸਾਨੂੰ ਵੰਗਾਰ ਰਹੀ ਹੈ ਕਿ ਅਸੀਂ 'ਇੰਨ੍ਹਾਂ ਕੰਸਾਂ' ਦੀ ਜਕੜ ਤੋਂ ਦੇਸ਼ ਨੂੰ ਮੁਕਤ ਕਰਵਾ ਕੇ ਉਹਨਾਂ ਦੇ ਆਦਰਸ਼ਿਕ ਭਾਰਤ ਦਾ ਨਿਰਮਾਣ ਕਰੀਏ।

◆

# 'ਪ੍ਰੇਮ ਲਹਿਰਾਂ' ਦਾ ਭਾਵ ਜਗਤ

◆

-ਇਕਬਾਲ ਕੌਰ

'ਪ੍ਰੇਮ ਲਹਿਰਾਂ' ਪੁਸਤਕ ਦੇ ਆਰੰਭ ਵਿਚ ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਦੀ ਭੂਮਿਕਾ ਜੋ 'ਜਾਣ ਪਛਾਣ' ਉਨਵਾਨ ਦੇ ਅੰਤਰਗਤ ਸ਼ਾਮਲ ਹੈ ਤੇ ਪੁਸਤਕ ਦੇ ਆਖਰੀ ਭਾਗ ਵਿਚ ਅੰਕਿਤ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰਾਂ ਦੀਆਂ ਭਿਖਾਰੀ ਜੀ ਦੀ ਰਚਨਾ 'ਪ੍ਰੇਮ ਲਹਿਰਾਂ' ਬਾਰੇ ਪੇਸ਼ ਰਾਵਾਂ ਤੋਂ ਛੁੱਟ 62 ਕਵਿਤਾਵਾਂ ਦਾ ਕਾਵਿ ਸੰਗ੍ਰਹਿ ਹੈ। ਇਨ੍ਹਾਂ ਕਵਿਤਾਵਾਂ ਨੂੰ ਭਾਵ ਦੀ ਦ੍ਰਿਸ਼ਟੀ ਤੋਂ ਪੁਸਤਕ ਦੇ ਕਰਤਾ ਨੇ ਪੰਜ ਰੰਗਾਂ ਅਰਥਾਤ ਪੰਜ ਭਾਗਾਂ, "ਸ਼ਰਧਾ ਦੇ ਫੁੱਲ", "ਸਾਹਿਤਯ ਬੀਨ", "ਵੈਰਾਗ ਬਿਹਾਗ", "ਅਨੁਵਾਦ ਭਾਗ" ਅਤੇ "ਕੌਮੀ ਤਰਾਨੇ" ਵਿਚ ਵੰਡਿਆ ਹੈ। 'ਪ੍ਰੇਮ ਲਹਿਰਾਂ' ਦੇ ਭਾਵਗਤ ਅਧਿਐਨ, ਜੋ ਇਸ ਖੋਜ ਪੱਤਰ ਦੀ ਮੂਲ ਸਮੱਸਿਆ ਹੈ ਤੋਂ ਪ੍ਰਾਪਤ ਸਿੱਟਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਮੂਲ ਰੂਪ ਵਿਚ ਇਸ ਰਚਨਾ ਦੀ ਵਸਤੂ ਸਾਮਗ੍ਰੀ ਦੋ ਪ੍ਰਮੁੱਖ ਖੇਤਰਾਂ ਸਿੱਖ ਧਰਮ ਪਰੰਪਰਾ ਅਤੇ ਭਾਰਤੀ ਰਾਸ਼ਟਰ ਦੀ ਭਗਤੀ ਨਾਲ ਹੀ ਸੰਬੰਧਤ ਹੈ, ਭਾਵੇਂ ਇਸ ਰਚਨਾ ਵਿਚ ਸ਼ਾਮਲ ਕਵਿਤਾਵਾਂ ਦਾ ਸੰਬੰਧ ਸਾਹਿਤ, ਧਰਮ, ਰਾਸ਼ਟਰ ਅਤੇ ਮਨੁੱਖੀ ਨੈਤਿਕਤਾ ਆਦਿ ਪੱਖਾਂ ਨਾਲ ਜੁੜੇ ਕਈ ਵਿਕੋਲਿਤ੍ਰੇ ਵਿਸ਼ਿਆਂ ਨਾਲ ਵੀ ਜੁੜਦਾ ਹੈ। ਕਵੀ ਦੇ ਮਨ ਵਿਚ ਸਿੱਖੀ ਦੀ ਰਵਾਇਤਾਂ ਤੇ ਸੁਤੰਤਰਤਾ ਸੰਗਰਾਮੀਆਂ ਲਈ ਡੂੰਘਾ ਸਤਿਕਾਰ ਹੈ ਜਿਨ੍ਹਾਂ ਦੇ ਆਧਾਰ ਉਤੇ ਦੇਸ਼ ਵਿਚ ਅਨਿਆਇ ਦੇ ਵਿਰੁੱਧ ਡਟਣ ਤੇ ਸਰਬਤ ਦੇ ਭਲੇ ਲਈ ਕੁਰਬਾਨ ਹੋਣ ਲਈ ਸਭ ਵਰਗਾਂ ਦੇ ਲੋਕ ਜਾਗਰੂਕ ਹੋਏ ਸਨ। ਭਾਰਤ ਦੀ ਭੂਮੀ ਅਤੇ ਇਸ ਦੀ ਸੁਤੰਤਰਤਾ ਲਈ ਕੀਤੇ ਸੰਗਰਾਮ ਨਾਲ ਕਵੀ ਨੂੰ ਡੂੰਘਾ ਪਿਆਰ ਅਤੇ ਸ਼ਰਧਾ ਹੈ। ਕਵੀ ਦੇ ਇਹ ਭਾਵ ਪੁਸਤਕ ਦੀਆਂ ਕਈ ਕਵਿਤਾਵਾਂ ਅਤੇ 'ਕਵੀ' ਮਾਸਿਕ ਪਤ੍ਰਿਕਾ ਵਿਚ ਪ੍ਰਕਾਸ਼ਿਤ ਨਜ਼ਮਾਂ ਵਿਚ ਵੀ ਪੇਸ਼ ਹੋਏ ਹਨ ਪਰੰਤੂ 'ਸ਼ਰਧਾ ਦੇ ਫੁੱਲ' ਅਤੇ 'ਕੌਮੀ ਤਰਾਨੇ' ਦੋ ਰੰਗ ਵਿਸ਼ੇਸ਼ ਤੌਰ ਤੇ ਇਨ੍ਹਾਂ ਵਿਸ਼ਿਆਂ ਉਤੇ ਹੀ ਆਧਾਰਤ ਭਾਗ ਹਨ। ਇਸ ਕਾਰਨ ਇਸ ਖੋਜ ਪੱਤਰ ਵਿਚ ਪ੍ਰਸਤੁਤ ਅਧਿਐਨ ਇਨ੍ਹਾਂ ਭਾਗਾਂ ਵਿਚ ਸ਼ਾਮਲ ਕਵਿਤਾਵਾਂ ਉਤੇ ਹੀ ਕੇਂਦ੍ਰਿਤ ਹੈ। ਕਈ ਥਾਵਾਂ ਤੇ ਇਹ ਦੋਵੇਂ ਭਾਗ, ਗੁਰੂ ਪਰੰਪਰਾ ਤੇ ਕਵੀ ਦੀ ਜਨਮ ਭੂਮੀ ਭਾਰਤ ਦੀ ਵਿਵਸਥਾ ਭਾਵ ਅਧਿਆਤਮਕ ਤੇ ਸਮਾਜਕ ਅਨੁਭਵ ਸੰਜੁਗਤ ਰੂਪ ਵਿਚ ਵੀ ਪੇਸ਼ ਹੋਏ ਹਨ ਜਿਵੇਂ :

ਸੰਗਤ ਦੀ ਸੇਵਾ ਮੇਰਾ ਜੀਵਨ ਉਦੇਸ਼ ਹੋਵੇ।
ਗੁਰੂ ਚਰਨਾ 'ਚਿ ਮੇਰੀ ਲਗਨ ਲਗੀ ਰਹੇ। (ਅਰਦਾਸ)

- - - - - - - - - - - -

ਵਤਨ ਤੋਂ ਕੌਮ ਦਾ ਮੇਰੇ
ਸਿਰੋਂ ਕਰਜ਼ ਅਦਾ ਹੋਵੇ।
ਵਤਨ ਤੋਂ ਕੌਮ ਤੋਂ ਸਤਿਗੁਰ
ਮੇਰੀ ਜ਼ਿੰਦੜੀ ਫਿਦਾ ਹੋਵੇ। (ਵਤਨ-ਪ੍ਰੇਮ)

ਕਵੀ ਕਟਾਖਸ਼ੀ ਕਾਵਿ ਜੁਗਤ ਰਾਹੀਂ ਸਮਕਾਲੀ ਧਰਮਾਂ ਤੇ ਸਮਾਜ ਦੀਆਂ ਪ੍ਰਾਪਤੀਆਂ ਦਾ ਖੰਡਨ ਕਰਕੇ ਸਮਾਜ, ਦੇਸ਼ ਦੇ ਕਲਿਆਣ, ਭਾਈਚਾਰਕ ਸਾਂਝ ਅਤੇ ਉੱਚੀਆਂ ਆਚਰਣਕ ਕੀਮਤਾਂ ਨੂੰ ਦ੍ਰਿੜਾਉਂਦਾ ਹੈ। ਇਨ੍ਹਾਂ ਕੀਮਤਾਂ ਦਾ ਆਧਾਰ ਸਦਾਚਾਰਕ ਮਾਪਦੰਡ ਬਣਦੇ ਹਨ। ਇਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਣ ਵਾਲੇ ਹਰ ਵਰਗ ਤੇ ਮਜ਼ਹਬ ਦੇ ਨਾਇਕਾਂ ਦੇ ਕੰਮ ਨਾਲ ਕਵੀ ਦਾ ਡੂੰਘਾ ਤੁਆਰਫ਼ ਹੈ। ਉਨ੍ਹਾਂ ਦੀ ਬਹਾਦਰੀ ਲਈ ਪ੍ਰਸੰਸਾ ਹੈ, ਸਿਫਤਿ ਸਲਾਹ ਹੈ, ਸ਼ਰਧਾ ਹੈ ਅਤੇ ਦਿਲ ਵਿਚ ਡੂੰਘਾ ਦਰਦ ਹੈ। ਆਜ਼ਾਦੀ ਦੇ ਪਰਵਾਨਿਆਂ ਦੀ ਜੀਵਨ ਜਾਚ ਗੁਰਮੁਖਤਾ ਦਾ ਮਾਰਗ ਹੈ। ਜਿਸ ਵਿਚ ਬਦੀ ਲਈ ਘ੍ਰਿਣਾ ਅਤੇ ਨੇਕੀ ਲਈ ਪਿਆਰ ਉਪਜਦਾ ਹੈ। ਗੁਰਮੁਖ ਦੀ ਜੀਵਨ ਜਾਚ ਮਾਨਵੀ ਸੇਵਾ ਦਾ ਸ਼ੰਦੇਸ਼ ਹੈ। ਵੱਖ ਵੱਖ ਕਵਿਤਾਵਾਂ ਦੇ ਅਧਿਐਨ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਕਵੀ, ਸਿੱਖ ਧਰਮਾਂ ਦੇ ਸਿਧਾਂਤਾਂ ਦੇ ਵਿਵਿਹਾਰਕ ਵਰਤਾਰੇ ਨੂੰ, ਸਮਾਜਵਾਦ ਦੇ ਡੂੰਘੇ ਅਧਿਐਨ ਦੀ ਰੋਸ਼ਨੀ ਵਿਚ ਸਮਾਜ ਸੇਵਾ ਦੇ ਅਰਥ ਵਿਚ ਪਛਾਨਣ ਦੇ ਸਮਰੱਥ ਹੈ। ਆਪਣੇ ਜੀਵਨ ਦਾ ਮੁੱਖ ਟੀਚਾ ਵੀ ਕਵੀ ਸੰਗਤ ਦੀ ਸੇਵਾ ਅਰਥਾਤ ਲੋਕ ਕਲਿਆਣ ਵਿਚ ਮਿਥਦਾ ਹੈ। ਉਸਨੂੰ ਇਸ ਟੀਚੇ ਦੀ ਪ੍ਰਾਪਤੀ ਵਿਚ ਕਿਸੇ ਉਚੇਰੀ ਆਦ੍ਰਿਸ਼ਟ ਸ਼ਕਤੀ ਦੇ ਵਰਦਾਨ ਦੀ ਲੋੜ ਦਾ ਵੀ ਅਹਿਸਾਸ ਹੁੰਦਾ ਹੈ ਭਾਵ ਆਸਤਿਕਤਾ ਦੇ ਭਾਵ ਉਸਦੀ ਜੀਵਨ ਜਾਚ ਲਈ ਬਣੇ ਵਿਸ਼ਵਾਸ਼ਾਂ ਵਿਚ ਘਰ ਕਰ ਚੁੱਕੇ ਹਨ। ਭਾਰਤ ਦੀ ਭੂਮੀ ਪ੍ਰਤੀ ਆਪਣੇ ਪਿਆਰ ਦੀ ਪੂਰਤੀ ਅਤੇ ਇਸ ਧਰਤੀ ਦੀ ਸੁਤੰਤਰਤਾ, ਸੁਰੱਖਿਆ ਅਤੇ ਪ੍ਰਗਤੀ ਲਈ ਕਾਰਜਸ਼ੀਲ ਹੋਣ ਲਈ ਗੁਰੂਆਂ ਦੀ ਕੁਰਬਾਨੀ ਦੀ ਦੇਣ ਨੂੰ ਯਾਦ ਕਰਕੇ ਬਲ ਪ੍ਰਾਪਤ ਕਰਨ ਦੀ ਵਿਧੀ ਨੂੰ ਅਗਰਭੂਮਿਨ ਵਿਚ ਲਿਆਉਂਦਾ ਹੈ। ਕਵੀ ਦੇ ਜ਼ਿਹਨ ਵਿਚ ਸਮੁੱਚੀ ਗੁਰੂ ਪਰੰਪਰਾ ਦੀ ਸਮਾਜ, ਸਾਹਿਤ ਅਤੇ ਦੇਸ਼ ਨੂੰ ਦੇਣ ਉਕਰੀ ਹੋਈ ਹੈ ਜਿਸ ਦਾ ਉਲੇਖ ਥਾਂ ਪਰ ਥਾਂ ਹੋਇਆ ਹੈ, ਪਰ ਗੁਰੂ ਅਰਜਨ ਦੇਵ ਦੀ ਸ਼ਹੀਦੀ ਅਤੇ ਸ਼ਹਿਨਸ਼ੀਲਤਾ, ਗੁਰੂ ਗੋਬਿੰਦ ਸਿੰਘ ਤੇ ਸਾਹਿਬਜ਼ਾਦਿਆਂ, ਸਾਹਿਬਜਾਦਾ ਅਜੀਤ ਸਿੰਘ ਦੀ ਬੀਰਤਾ ਦੇ ਕਈ ਬਿਰਤਾਂਤ ਕਈ ਕਵਿਤਾਵਾਂ ਦੇ ਸਾਰ ਹਨ। ਕਵੀ ਨੇ ਹਰ ਥਾਂ ਗੁਰੂਆਂ ਦਾ ਬਿੰਬ ਭਾਰਤੀ ਭੂਮੀ ਤੇ ਮਜ਼ਲੂਮਾਂ ਦੇ ਰੱਖਿਅਕ ਰੂਪ ਵਿਚ ਪੇਸ਼ ਕੀਤਾ ਹੈ :

ਤੂੰ ਧੰਨ, ਧਾਮ ਸਰਬੰਸ ਆਪਾ ਲਗਾ ਕੇ।
ਦੁਖੀ ਹਿੰਦ ਦੇ ਪ੍ਰਾਣ ਜਾਂਦੇ ਬਚਾਏ।
ਤੂੰ ਡਿੱਗੇ ਉਠਾਏ, ਸਹਿਕਦੇ ਬਚਾਏ।
ਨਿਮਾਣਯਾਂ ਨਿਤਾਣਯਾਂ ਦੇ ਅੱਥਰੂ ਪੂੰਝਾਏ।
ਤੂੰ ਨੀਚਾਂ ਨੂੰ ਅਪਨਾ ਕੇ ਗਲ ਨਾਲ ਲਾਯਾ।
ਰਿਹਾ ਖੁੱਲ੍ਹਾ ਮਿਹਰਾਂ ਦਾ ਭੰਡਾਰ ਤੇਰਾ।
ਮੇਰੇ ਸਤਿਗੁਰੂ! ਪਾਤਸ਼ਾਹ ਕਲਗੀਧਰ ਜੀ,
ਮੈਂ ਕੀਕਰ ਲਿਖਾਂ ਕੀ ਕੀ ਉਪਕਾਰ ਤੇਰਾ। (ਦਸ਼ਮੇਸ਼ ਉਪਕਾਰ)

ਵੈਰੀਆਂ ਕਟਕ ਵਿਚ ਬੰਨ੍ਹ ਗਾਨੇ ਹੱਥੀਂ,
ਤੋਰ ਦਯਾ ਲਾਲ ਲਾਈ ਨਹੀਂ ਢਿੱਲ ਸੀ,
ਅੱਖੀਆਂ ਸਾਹਮਣੇ ਜੂਝਦੇ ਦੇਖਕੇ
ਹੱਲਿਆਂ ਨਾ ਤੇਰਾ ਦਿਲ ਅਣਹਿੱਲ ਸੀ।
"ਸ਼ੁਕਰ ਕਰਤਾਰ! ਹਨ ਦੇਸ਼ ਹਿਤ ਲਗ ਗਏ।"
ਖਿਲ ਕੇ ਕਿਹਾ ਫੁੱਲ ਮਹਿਕਸੀ ਖਿਲ ਸੀ।
ਦੁਖੀ ਭਾਰਤ ਲਈ ਵਾਰਨਾਂ ਸਭ ਕੁੱਝ,
ਧੰਨ ਦਸ਼ਮੇਸ਼! ਇਹ ਤੇਰਾ ਦਿਲ ਸੀ। (ਦਸ਼ਮੇਸ਼ ਦਿਲ)

ਗੁਰੂਆਂ ਅਤੇ ਦੇਸ਼ ਭਗਤਾਂ ਦੀ ਦੇਸ਼ ਸੇਵਾ ਅਤੇ ਲਾਸਾਨੀ ਕੁਰਬਾਨੀ ਦੀ ਯਾਦ ਕਵੀ ਲਈ ਇਕ ਡੂੰਘੀ ਟੁੰਬ ਬਣੀ ਹੈ। ਭਾਰਤ ਦੇ ਇਤਿਹਾਸ ਤੇ ਸਮਕਾਲ ਦੀ ਸਥਿਤੀ ਤੇ ਨਜ਼ਰਸਾਨੀ ਦੇ ਫਲਸਰੂਪ ਕਵੀ ਦੇ ਮਨ ਵਿਚ ਸ਼ਰਧਾ ਤੇ ਕਰੁਣਾ ਦੇ ਭਾਵ ਜਾਗ੍ਰਿਤ ਹੋ ਕੇ ਲਹਿਰ ਰੂਪ ਵਿਚ ਪੇਸ਼ ਹੁੰਦੇ ਹਨ ਤੇ ਦੇਸ਼ ਭਗਤੀ ਦਾ ਅਥਾਹ ਜਜ਼ਬਾ ਡੂੰਘੇ ਮਾਨਸਿਕ ਦਰਦ ਦੇ ਰੂਪ ਵਿਚ ਵੱਟ ਜਾਂਦਾ ਹੈ:

ਦੇਖ ਤਰਸ-ਮਯ ਦਸ਼ਾ ਦੇਸ਼ ਦੀ
ਮਿਹਰ ਨਿਗਾਹ ਇਕ ਧਾਰ ਦਿਉ।
ਹੈ ਕਰੁਣਾ ਨਿਧਿ! ਕਰੁਣਾ ਕਰਕੇ
ਡੁਬਦਾ ਭਾਰਤ ਤਾਰ ਦਿਉ। (ਪ੍ਰੇਮ–ਜੋਦੜੀ)

- - - - - - - - -

ਬੇਅਦਲੀ ਦਾ ਰਾਜ ਛਾ ਗਿਆ
ਜੁਲਮ ਜੁਆਲਾ ਜਗ ਰਹੀ ਏਂ।
ਦੁਖੀ ਗਰੀਬਾਂ ਮਜਲੂਮਾਂ ਸਿਰ
ਕਹਿਰ ਅਨ੍ਹੇਰੀ ਵਗ ਰਹੀ ਏਂ

- - - - - - - -

ਦਯਾ ਸਿੰਧੁ ਹੈ! ਦਯਾ ਧਾਰ ਕੇ
ਡੁਬਦਾ ਭਾਰਤ ਤਾਰ ਦਿਉ। (ਪ੍ਰੇਮ–ਜੋਦੜੀ)

- - - - - - - -

ਕੌਮ ਪਯਾਰ ਦੀ ਰੂਹ ਫੂਕ ਕੇ ਦੇਸ਼ ਸਿਰੋਂ ਦੁਖ ਟਾਰ ਦਿਉ
(ਪ੍ਰੇਮ–ਜੋਦੜੀ)

- - - - - - - - - - -

ਜਾਤ ਗਰਬ ਵਿਚ ਸੜੀ ਬਲੀ ਖਲਕਿਤ ਆਪੋ ਵਿਚ ਘੁਲਗੀ
ਖੁਦੀ ਬਖੀਲੀ ਤੇ ਤਕਬਰੀ, ਹਿੰਦ 'ਚਿ ਨੇਰੀ ਝੁਲਗੀ
ਵੀਰ ਵੀਰ ਦਾ ਵੈਰੀ ਹੋਯਾ ਦੇਖਿ ਦੁਖੀ ਅੱਖ ਡੁਲ੍ਹ ਗਈ। (ਪ੍ਰੇਮ–ਜੋਦੜੀ)

'ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ' ਕਵਿਤਾ ਵਿਚ ਦਰਦ ਦੀ ਡੂੰਘੀ ਵੇਦਨਾ ਪੇਸ਼ ਹੈ। ਇਹ ਕਵਿਤਾ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੇ ਮੁੱਢਲੇ ਪੜਾਅ ਉਤੇ ਹੋਏ ਸ੍ਰੀ ਨਨਕਾਣਾ ਸਾਹਿਬ,

ਗੁਰੂ ਕਾ ਬਾਗ ਤੇ ਜੈਤੋ ਦੇ ਮੋਰਚੇ ਵਿਚ ਹੋਏ ਸ਼ਹੀਦਾਂ ਦੀ ਡੂੰਘੀ ਯਾਦ ਨੂੰ ਸਮਰਪਿਤ ਹੈ। ਭਿਖਾਰੀ ਜੀ ਦੀ ਕਾਵਿ ਰਚਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਸ਼ਹੀਦੀ ਸਾਕਿਆਂ ਦੀ ਦਰਦਮਈ ਤਸਵੀਰ ਕਸ਼ੀ ਰਾਹੀਂ ਭਾਰਤਵਾਸੀਆਂ ਨੂੰ ਜੂਝ ਮਰਨ ਚੁਨੌਤੀ ਪੇਸ਼ ਕੀਤੀ ਹੈ:

"ਗੁਰੂ ਬਾਗ ਸਾਕਾ" ਨਾ ਭੁੱਲਿਆ ਕਿਸੇ ਤੋਂ।
ਤੇ 'ਜੈਤੋਂ' 'ਚਿ ਜਿਵੇਂ ਖੂਨ ਡੁਲਿਆ ਕਿਸੇ ਤੋਂ।
ਉਹੀ ਸਾਕਾ ਅੱਜ ਫਿਰ ਉੱਚੀ ਕਹਿ ਰਿਹਾ ਏ
ਸੰਭਲ ਪੰਥ! ਸੂਰਜ ਤੇਰਾ ਲਹਿ ਰਿਹਾ ਏ

(ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ)

ਦੇਸ਼ ਦੀ ਸੇਵਾ ਵਿਚ ਜ਼ਿੰਦ ਜਾਨ ਵਾਰਨ ਵਾਲੇ ਬੀਰ ਯੋਧਿਆਂ ਦਾ ਵਿਛੋੜਾ ਕਵੀ ਦੇ ਮਨ ਨੂੰ ਦ੍ਰਵਿਤ ਕਰਦਾ ਹੈ। ਅਕਾਲੀ ਲਹਿਰ ਦੇ ਮੁੱਢਲੇ ਸ਼ਹੀਦ ਸ. ਤੇਜਾ ਸਿੰਘ ਸਿੰਘ ਸਮੁੰਦਰੀ ਦੇ ਅਕਾਲ ਚਲਾਣੇ ਅਤੇ ਸਮੁੱਚੇ ਭਾਰਤੀਆਂ ਦੇ ਹਰਮਨ ਪਿਆਰੇ ਬੰਗਾਲੀ ਨੇਤਾ ਸੀ. ਆਰ. ਦਾਸ ਦੇ ਅੰਤਮ ਦਰਸ਼ਨਾਂ ਸਮੇਂ ਕਵੀ ਦੇ ਸ਼ੋਕ ਦੇ ਅੱਥਰੂ ਵਹਿ ਤੁਰਦੇ ਹਨ। ਭਾਰਤ ਵਾਸੀਆਂ ਦੀਆਂ ਇਨ੍ਹਾਂ ਅਤਿਅੰਤ ਦੁੱਖ ਦੀਆਂ ਘੜੀਆਂ ਦਾ ਕਵੀ ਨੇ ਸਾਰਥਿਕ ਚਿੱਤਰ ਪੇਸ਼ ਕੀਤਾ ਹੈ। ਇਸ ਜੁਗਤ ਦੁਆਰਾ ਵੀ ਪੁਸਤਕ ਦੇ ਕਰਤਾ ਨੇ ਦੇਸ਼ ਭਗਤੀ ਤੇ ਰੰਗ, ਜਾਤ, ਵਰਣ ਦੇ ਭੇਦਾਂ ਤੋਂ ਉਪਰ ਉਠ ਕੇ ਪੈਦਾ ਹੋਏ ਜਜ਼ਬੇ ਨੂੰ ਹੀ ਪ੍ਰਕਾਸ਼ਮਾਨ ਕੀਤਾ ਹੈ। ਕਵੀ ਲਿਖਦਾ ਹੈ:

ਭਾਰਤਵਰਸ਼ ਉਸਦੀ ਸੇਵਾ ਯਾਦ ਕਰਿ ਕਰਿ
ਵੇਖ ਹੰਝੂਆਂ ਹਾਰ ਪਰੋ ਰਹੀ ਹੈ! (ਸ਼ੋਕ ਦੇ ਅਥਰੂ)

- - - - - - - - - -

ਸੋਹਣੀ ਸੱਦ ਆਜ਼ਾਦੀ ਦੀ ਲਾਉਣ ਵਾਲਾ
ਛੱਡ ਲੋਕ ਪਰਲੋਕ ਨੂੰ ਮਲ ਬਸਿਆ। (ਸੀ. ਆਰ. ਦਾਸ ਦੇ ਅੰਤਮ ਦਰਸ਼ਨ)

ਕਵੀ ਦੀਆਂ 'ਅਰਦਾਸ' ਤੇ 'ਪ੍ਰੇਮ ਜੋਦੜੀ' ਕਵਿਤਾਵਾਂ ਵੀ ਦੇਸ਼ ਭਗਤੀ ਦੇ ਜਜ਼ਬੇ ਦੀ ਨਿਸ਼ਾਨ ਦੇਹੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਵਿਚ ਸਮਾਜਕ ਮਨੁੱਖ ਦੀ ਸਾਂਝੇ ਸਮਾਜ ਦੀ ਉਸਾਰੀ ਦੀ ਅਕਾਂਖਿਆ ਪੇਸ਼ ਹੋਈ ਹੈ। ਕਾਵਿ ਮੈਂ ਨੇ ਵੱਖ ਵੱਖ ਪੱਧਰਾਂ ਉਤੇ ਸਮਾਜ ਸੁਧਾਰ ਤੇ ਸੇਵਾ ਨੂੰ ਹੀ ਉਚਿਆਇਆ ਹੈ। 'ਭੈਣ ਦੀ ਤਾਂਘ' ਕਵਿਤਾ ਰਾਹੀਂ ਕਵੀ ਗੁਰੂ ਨਾਨਕ ਦੀ ਬਹੁਪੱਖੀ ਪ੍ਰਤਿਭਾ ਦੇ ਦਰਸ਼ਨ ਕਰਾਉਂਦਾ ਹੈ ਤੇ ਉਸਦੀ ਧਰਤ-ਲੋਕਾਈ ਦੇ ਸੁਧਾਰ ਦੇ ਖੇਤਰ ਦੀ ਕਾਰਜਸ਼ੀਲਤਾ ਨੂੰ ਦ੍ਰਿਸ਼ਟੀਗੋਚਰ ਕਰਕੇ ਸੱਚੀ ਸ਼ਰਧਾਂਜਲੀ ਭੇਟ ਕਰਦਾ ਹੈ ਜਿਵੇਂ:

ਤੇਰੇ "ਜਗਤ ਡੁਬਦੇ ਨੂੰ ਤਾਰਨ" ਤੋਂ ਸਦਕੇ,
ਤੇਰੇ "ਮਾਨੀਆਂ ਨੂੰ ਸੁਧਾਰਨ" ਤੋਂ ਸਦਕੇ,
ਤੇਰੇ "ਸ੍ਰਿਸ਼ਟ ਸੜਦੀ ਨੂੰ ਠਾਰਨ" ਤੋਂ ਸਕਦੇ। (ਭੈਣ ਦੀ ਤਾਂਘ)

'ਪ੍ਰੇਮ ਲਹਿਰਾਂ' ਦੀਆਂ ਕਵਿਤਾਵਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਇਸ ਦਾ ਰਚੈਤਾ ਧਰਮ ਸਾਹਿਤ, ਸਮਾਜ ਅਤੇ ਦੇਸ਼ ਭਗਤੀ ਆਦਿ ਕਿਸੇ ਵੀ ਵਿਸ਼ੇ ਖੇਤਰ ਦੀ ਗੱਲ ਕਰੇ ਉਸਦਾ ਧਿਆਨ ਧਰਤੀ ਤੇ ਟਿਕਿਆ ਰਹਿੰਦਾ ਹੈ। 'ਵੈਰਾਗ ਬਿਰਾਗ' ਰੰਗ ਵਿਚ ਵੀ ਸੰਸਾਰੀ ਮਨੁੱਖ ਨੂੰ 'ਮੌਤ' ਦੇ ਸੱਚ ਦੇ ਸਾਹਵੇਂ ਕਰਕੇ ਚੰਗਿਆਈ ਬੁਰਿਆਈ ਦੇ ਅੰਤਰ ਦੀ ਚੇਤਨਾ ਪੈਦਾ ਕੀਤੀ ਗਈ ਹੈ। ਉਸਨੂੰ ਸਾਂਝੇ

ਮਾਨਵੀ ਭਾਈਚਾਰੇ, ਵਤਨੇ ਹਿੰਦ ਦੀ ਆਨ ਸ਼ਾਨ, ਸਿੱਖ ਗੁਰੂਆਂ ਦੀਆਂ ਵਿਲੱਖਣ ਪਰੰਪਰਾਵਾਂ ਦੇਸ਼ ਭਗਤ ਯੋਧਿਆਂ, ਆਦਰਸ਼ ਲਈ ਮਰ ਮਿਟਣ ਵਾਲੇ ਸੂਰਬੀਰਾਂ, ਕੌਮੀ ਸ਼ਹੀਦਾਂ ਅਤੇ ਭਾਰਤ ਦੀਆਂ ਵੰਨ-ਸੁਵੰਨੀਆਂ ਰੁੱਤਾਂ, ਕੁਦਰਤੀ ਰੰਗਾਂ ਅਤੇ ਹੋਰ ਭਾਸ਼ਾਵਾਂ ਦੇ ਸਾਹਿਤ ਲਈ ਅਥਾਹ ਪਿਆਰ, ਸ਼ਰਧਾ ਅਤੇ ਡੂੰਘਾ ਸਤਿਕਾਰ ਹੈ। ਵਤਨ ਲਈ ਅਥਾਹ ਜਜ਼ਬੇ ਨੂੰ ਉਹ 'ਵਤਨ ਦੀ ਮਿੱਟੀਏ' ਕਵਿਤਾ ਵਿਚ ਵਿਸਥਾਰ ਨਾਲ ਪੇਸ਼ ਕਰਦਾ ਹੈ। ਕਵਿਤਾ ਦੇ ਅੰਤ ਵਿਚ ਕਵੀ ਲਿਖਦਾ ਹੈ :

ਆਉ ਠੰਡ ਪਾਉ ਮੇਰੇ, ਮਸਤਕ ਸੁਹਾਉ ਮੇਰੇ
ਵਤਨ ਤੋਂ ਉਡਿ ਮੇਰੇ ਵਤਨ ਦੀ ਮਿੱਟੀਏ। (ਵਤਨ ਦੀ ਮਿੱਟੀ)

ਦੇਸ਼ ਭਗਤੀ ਦੇ ਜਜ਼ਬੇ ਵਿਚ ਰੰਗੇ ਭਿਖਾਰੀ ਦੀ ਦਿਲੀ ਕਾਮਨਾ 'ਵਤਨ-ਪ੍ਰੇਮ' ਵਿਚ ਪ੍ਰਸਤੁਤ ਹੋਈ ਹੈ :

ਮੈਂ ਬੁਜ਼ਦਿਲ ਹਾਂ ਤਾਂ ਤੂੰ ਦਿਲ ਦੇਹ
ਬਿਪਤ ਵੇਲੇ ਡੁਲਾਵਾਂ ਨਾ।
ਮੈਂ ਹਾਂ ਕੰਮਜ਼ੋਰ ਤਾਂ ਬਲ ਦੇਹ
ਜਿਵੇਂ ਮਰਨੋਂ ਸੰਗਾਵਾਂ ਨਾ।
ਮੈਂ ਕਾਇਰ ਹਾਂ, ਤਾਂ ਤੂੰ ਕਰ ਸ਼ੇਰ
ਭੈ ਕਿਸੇ ਤੋਂ ਵੀ ਖਾਵਾਂ ਨਾ।
ਵਤਨ ਖਾਤਰ ਚੜ੍ਹਾਂ ਸੂਲੀ,
ਮੱਥੇ ਤੇ ਵੱਟ ਪਾਵਾਂ ਨਾ। (ਵਤਨ–ਪ੍ਰੇਮ)

ਕਵੀ ਦੇ ਮਨ ਵਿਚ ਸਾਂਝੀ ਮਨੁੱਖਤਾ ਅਤੇ ਦੇਸ਼ ਲਈ ਪੈਦਾ ਹੋਏ ਸੱਚੇ ਸੁੱਚੇ ਜਜ਼ਬਿਆਂ ਲਈ ਡੂੰਘੀ ਕਦਰ ਹੈ। ਇਸ ਦਿਸ਼ਾ ਵਿਚ ਠੋਸ ਪ੍ਰਾਪਤੀਆਂ ਨੂੰ ਹੀ ਉਹ ਦੇਸ਼, ਕੌਮ, ਪੰਥ ਦਾ ਸੱਚਾ ਸਰਮਾਇਆ ਮੰਨਦਾ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਦੀ ਪੂਰੀ ਲਗਨ ਨਾਲ ਸੇਵਾ ਅਤੇ ਕਾਵਿ ਰਚਨਾ ਰਾਹੀਂ ਸਾਂਝੀਵਾਲਤਾ ਦੀ ਸੰਦੇਸ਼ ਸਿਖਿਆ ਦੇਣ ਕਾਰਨ ਭਿਖਾਰੀ ਜੀ ਨੂੰ ਪੰਜਾਬੀ ਸਾਹਿਤ ਦੇ ਲੇਖਕਾਂ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ।

◆

# ਸੌਦਾਗਰ ਸਿੰਘ ਭਿਖਾਰੀ : ਵਤਨ ਦੀ ਆਜ਼ਾਦੀ ਲਈ ਸੰਘਰਸ਼ ਪੁਸਤਕ ਪ੍ਰੇਮ ਲਹਿਰਾਂ ਦੇ ਆਧਾਰ ਉਤੇ

◆

-ਰਾਇਜਸਬੀਰ ਸਿੰਘ

ਸੌਦਾਗਰ ਸਿੰਘ ਭਿਖਾਰੀ ਅਜਿਹੀ ਬਹੁਪੱਖੀ ਸ਼ਖਸੀਅਤ ਸਨ ਜਿਨ੍ਹਾਂ ਨੇ ਦੇਸ਼ ਦੇ ਸੁਤੰਤਰਤਾ ਸੰਘਰਸ਼ ਵਿਚ ਤਨ, ਮਨ ਅਤੇ ਕਲਮ ਨਾਲ ਯੋਗਦਾਨ ਪਾਇਆ। ਉਨ੍ਹਾਂ ਦਾ ਕਾਰਜ ਖੇਤਰ ਕਲਕੱਤਾ, ਬੰਗਾਲ ਸੀ, ਜਿਥੇ ਉਨ੍ਹਾਂ ਨੇ ਕਵੀ ਕੁਟੀਆ (1921) ਕਾਇਮ ਕੀਤੀ, *ਕਵੀ* ਰਸਾਲਾ ਕੱਢਿਆ ਅਤੇ *ਪ੍ਰੇਮ ਲਹਿਰਾਂ* (1930), *ਦੇਵੀ ਚੌਧਰਾਣੀ* (ਨਾਵਲ) ਤੇ *ਪੰਚ ਪਰਮੇਸ਼ਰ* (ਕਹਾਣੀ) ਨਾਮੀ ਰਚਨਾਵਾਂ ਕੀਤੀਆਂ। ਇਸ ਲੇਖ ਵਿਚ ਅਸੀਂ ਵਤਨ ਪਿਆਰ ਦੇ ਸੰਕਲਪ ਦਾ ਅਧਿਐਨ ਕਰਾਂਗੇ।

ਭਿਖਾਰੀ ਜੀ (ਜਨਮ 1897) ਗਰੀਬੀ ਨਾਲ ਤੇ ਕਿੱਤਾ ਭਾਲ ਲਈ ਸੰਘਰਸ਼ ਕਰਨ ਲਈ 1907 ਵਿਚ ਹੀ ਘਰੋਂ ਬਾਹਰ ਚਲੇ ਗਏ ਅਤੇ ਅਖ਼ੀਰ ਅਮ੍ਰਿਤਸਰ, ਕਰਾਚੀ, ਨੈਰੋਬੀ (ਪੂ. ਅਫਰੀਕਾ) ਤੋਂ ਹੁੰਦੇ ਹੋਏ 1917 ਵਿਚ ਕਲਕੱਤਾ ਆ ਵੱਸੇ। ਏਥੇ ਕਿਸੇ ਸੇਠ ਪਾਸ ਮਕੈਨੀਕਲ ਕੰਮ ਦੀ ਨੌਕਰੀ ਆਰੰਭ ਕੀਤੀ। ਜਿਸ ਦੌਰਾਨ ਇਨ੍ਹਾਂ ਨੂੰ ਮਾਲਕ ਤੇ ਕਾਮੇ ਦੇ ਆਪਸੀ ਸੰਬੰਧਾਂ ਦਾ ਅਮਲੀ ਅਨੁਭਵ ਹੋਇਆ।[1]

ਇਨ੍ਹਾਂ ਦੇ ਸਮੇਂ ਦੀਆਂ ਪ੍ਰਸਿਥਤੀਆਂ ਇਉਂ ਸਨ। ਵੀਹਵੀਂ ਸਦੀ ਦੇ ਮੁੱਢ ਵਿਚ ਹੀ, ਬੰਗਾਲ ਦੀ ਵੰਡ ਹੋਈ। ਬੰਗਾਲ ਦੀ ਵੰਡ ਨੇ ਰਾਸ਼ਟਰੀ ਸੁਤੰਤਰਤਾ ਦਾ ਸੰਘਰਸ਼ ਭਖਾ ਦਿੱਤਾ। 1907 ਵਿਚ ਲਾਇਲਪੁਰ ਅੰਦੋਲਨ ਨੇ ਪੰਜਾਬ ਦੀਆਂ ਬਾਰਾਂ ਦੇ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਅਜੀਤ ਸਿੰਘ, ਲਾਜਪਤ ਰਾਏ ਅਧੀਨ ਪੰਜਾਬ ਵਿਚ ਸੂਝ ਪੈਦਾ ਕੀਤੀ।[2] 1914-16 ਵਿਚ ਗਦਰ ਲਹਿਰ ਨੇ ਪੰਜਾਬ ਤੇ ਬੰਗਾਲ ਸਮੇਤ ਸਾਰੇ ਭਾਰਤ ਤੇ ਹੋਰ ਦੇਸ਼ਾਂ ਵਿਚ *ਗਦਰ ਗੂੰਜਾਂ* ਰਾਹੀਂ ਅਤੇ ਵਿਹਾਰਕ ਪੱਖੋਂ ਵੀ ਸੰਘਰਸ਼ ਨੂੰ ਗਰਮ ਕੀਤਾ।[3] 1919 ਵਿਚ ਸੰਸਾਰ ਯੁੱਧ ਤੋਂ ਬਾਅਦ ਰੋਲਟ ਐਕਟ ਦੇ ਵਿਰੋਧ ਵਿਚ ਜਲ੍ਹਿਆਂ ਵਾਲਾ ਦਾ ਸਾਕਾ ਹੋਇਆ। ਇਸ ਦੇ ਖ਼ਿਲਾਫ ਰੋਸ ਪ੍ਰਗਟ ਕਰਨ ਲਈ ਰਾਬਿੰਦਰ ਨਾਥ ਟੈਗੋਰ ਨੇ ਆਪਣਾ ਸਰ ਦਾ ਖਿਤਾਬ ਵਾਪਸ ਕਰ ਦਿਤਾ।[4] 1920-25 ਵਿਚ ਗੁਰਦੁਆਰਾ ਸੁਤੰਤਰਤਾ ਲਹਿਰ ਦੀਆਂ ਘਟਨਾਵਾਂ-ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਤੇ ਜੈਤੋ ਦੇ ਮੋਰਚਾ ਨੇ ਰਾਸ਼ਟਰੀ ਪੱਧਰ ਤੇ ਰਾਸ਼ਟਰੀ ਹਿਲਜੁੱਲ ਪੈਦਾ ਕਰ ਦਿੱਤੀ।[5] ਚਾਬੀਆਂ ਦੇ ਮੋਰਚੇ ਨੂੰ ਮਹਾਤਮਾ ਗਾਂਧੀ ਨੇ ਸੁਤੰਤਰਤਾ ਦੀ ਲੜਾਈ ਦੀ ਪਹਿਲੀ ਜਿੱਤ ਆਖਿਆ।[6] ਜੈਤੋ ਦੇ ਮੋਰਚੇ ਵਿਚ

ਪੰਡਿਤ ਨਹਿਰੂ ਨੇ ਗ੍ਰਿਫਤਾਰੀ ਦਿੱਤੀ।[7] ਬੱਬਰ ਲਹਿਰ ਦੀ ਏਨੀ ਦਹਿਸ਼ਤ ਫੈਲ ਗਈ ਕਿ ਦੁਆਬੇ ਦੇ ਕੁਝ ਇਲਾਕੇ ਦੇਸੀ ਰਿਆਸਤ ਕਪੂਰਥਲਾ ਵਿਚ ਮਿਲਾ ਦੇਣ ਦਾ ਸੁਆਲ ਉਠ ਖੜਾ ਹੋਇਆ।[8] ਭਾਰਤ ਨੌਜਵਾਨ ਸਭਾ, ਆਮ ਜਨਤਾ ਵਲੋਂ ਸਾਈਮਨ ਕਮਿਸ਼ਨ ਦਾ ਵਿਰੋਧ ਤੇ ਪਬਲਿਕ ਸੇਫਟੀ ਐਕਟ ਦੇ ਵਿਰੋਧ ਵਿਚ ਅਸੈਂਬਲੀ ਵਿਚ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਬੰਬ ਸੁੱਟਣਾ ਕੌਮੀ ਮਨ ਨੂੰ ਹਿਲੂਣਾ ਦੇਣ ਵਾਲੀਆਂ ਘਟਨਾਵਾਂ ਸਨ।[9] ਇਹ ਸੀ ਪਿਛੋਕੜ ਜਿਸ ਵਿਚ ਇਹ ਪੁਸਤਕ ਛਪ ਕੇ ਤਿਆਰ ਹੋਈ।

ਪ੍ਰੇਮ ਲਹਿਰਾਂ ਵਿਚ ਸੰਮਿਲਤ ਕਵਿਤਾਵਾਂ ਦੇ ਪੰਜ ਰੰਗ (ਭਾਗ) ਹਨ—ਸ਼ਰਧਾ ਦੇ ਫੁੱਲ, ਸਾਹਿਤਯ ਬੀਨ, ਵੈਰਾਗ ਬਿਹਾਗ, ਅਨੁਵਾਦ ਭਾਗ, ਕੌਮੀ ਤਰਾਨੇ। ਅਸੀਂ ਉਨ੍ਹਾਂ ਦੀਆਂ ਦੇਸ਼ ਪਿਆਰ ਨਾਲ ਸੰਬੰਧਿਤ ਕਵਿਤਾਵਾਂ ਦਾ ਇਸ ਪੁਸਤਕ ਦੇ ਆਧਾਰ ਤੇ ਅਧਿਐਨ ਕਰਾਂਗੇ।

ਸ. ਸੌਦਾਗਰ ਸਿੰਘ ਦਾ ਮੁੱਖ ਵਿਸ਼ਾ ਦੇਸ਼ ਭਗਤੀ ਹੈ। ਉਨ੍ਹਾਂ ਦਾ ਮੰਤਵ ਜੋ ਇਸ ਪੁਸਤਕ ਵਿਚੋਂ ਉਘੜਦਾ ਹੈ, ਦੇਸ਼ ਭਗਤੀ ਦੇ ਵਿਸ਼ੇ ਦਾ ਪ੍ਰਸਾਰਣ ਕਰਨਾ ਹੈ। ਇਸ ਵਾਸਤੇ ਉਹ ਲੋਕਾਂ ਤਕ ਪਹੁੰਚਣ ਲਈ ਆਪਣੇ ਸਮੇਂ ਦੀਆਂ ਖ਼ਾਸ ਕਲਾ ਜੁਗਤਾਂ ਦੀ ਵਰਤੋਂ ਕਰਦੇ ਹਨ।

ਉਨ੍ਹਾਂ ਦਾ ਪ੍ਰਸਾਰਣ ਘੇਰਾ ਭਾਰਤ ਖਾਸ ਕਰਕੇ ਬੰਗਾਲ ਤੇ ਪੰਜਾਬ ਹੈ, ਪਰ ਉਹ ਵਿਰਸੇ ਦੇ ਪ੍ਰਭਾਵ ਕਰਕੇ ਆਪਣੇ ਆਪ ਨੂੰ ਸਿੱਖਾਂ ਤਕ ਸੀਮਤ ਕਰ ਲੈਂਦੇ ਹਨ। ਉਨ੍ਹਾਂ ਦੇ ਅਵਚੇਤਨ ਵਿਚੋਂ ਸਿੱਖੀ ਆਪਾ ਜ਼ਰੂਰ ਹੀ ਝਲਕ ਉਠਦਾ ਹੈ। ਉਨ੍ਹਾਂ ਅਨੁਸਾਰ ਦੇਸ਼ ਭਗਤੀ ਦਾ ਸ੍ਰੋਤ, ਦੇਸ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਹਨ। ਮੁੱਢ ਵਿਚ ਉਹ ਗੁਰੂ ਜੀ ਦੇ ਤੀਰਾਂ ਦੀ ਉਸਤਤਿ ਕਰਦੇ ਹਨ :

ਭਗਤ ਵਛਲ ਦੁਸਟਨ ਦਮਨ,
ਦੇਣ ਅਧੀਰਨ ਧੀਰ।
ਦੁਖੀਆਂ ਦੀ ਰਖਿਆ ਕਰਨ,
ਸਤਿਗੁਰ! ਤੇਰੇ ਤੀਰ।[10]

ਉਹ ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ ਤਿਥੈ ਨ ਦਰਿ ਤੇਰੀ ਬਖਸੀਸ।[11]

ਅਤੇ

ਹਾਥੀ ਕੀ ਪੁਕਾਰ ਪਲ ਪਾਛੈ ਪੁਹੰਚਨ ਤਾਹਿ
ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈ।[12]

ਇਸ ਆਧਾਰ ਉਤੇ ਉਹੀ ਦੁਖੀ ਦਲਿਤ ਵਰਗ ਦੀ ਤਹਿ ਤਕ ਪਹੁੰਚ ਕੇ ਆਪਣੀ ਵਿਚਾਰਧਾਰਾ ਦਾ ਪ੍ਰਸਾਰਣ ਕਰਨ ਦੇ ਕਾਇਲ ਸਨ।

ਉਹ ਇਸ ਵਾਸਤੇ ਆਪਣੇ, ਦੇਸ਼ ਭਗਤੀ ਦੇ ਪ੍ਰੇਰਨਾ ਸ੍ਰੋਤ ਅੱਗੇ ਪ੍ਰੇਮ ਜੋਦੜੀ ਕਰਦੇ ਹਨ :

ਦੇਖਿ ਤਰਸ-ਮਯ ਦਸ਼ਾ ਦੇਸ਼ ਦੀ, ਮਿਹਰ ਨਿਗਾਹ ਇਕ ਧਾਰ ਦਿਓ।
ਹੇ ਕਰੁਣਾ ਨਿਧਿ ਕਰੁਣਾ ਕਰਕੇ, ਡੁਬਦਾ ਭਾਰਤ ਤਾਰ ਦਿਓ।[13]

ਉਹ ਹੋਰ ਆਖਦੇ ਹਨ :

ਝੱਖੜ ਵੈਰ ਵਿਰੋਧ ਕਪਟ ਦੇ, ਫਿਰ ਭਾਰਤ ਪਰ ਝੁਲਦੇ ਹਨ।
ਸਰਮ ਧਰਮ ਸ਼ੁਭ ਕਰਮ ਪਰਸਪਰ, ਪਯਾਰ ਗਾਰ ਵਿਚ ਰੁਲਦੇ ਹਨ।
ਪੰਡਿਤ ਮੁੱਲਾਂ ਦਵੈਸ਼ ਦਬਾਏ, ਪਹਿਣ ਜਾਂਘੀਏ ਘੁਲਦੇ ਨੇ।
ਕੌਮ ਪਯਾਰ ਦੀ ਰੂਹ ਫੂਕ ਕੇ, ਦੇਸ਼ ਸਿਰੋਂ ਦੁਖ ਟਾਰ ਦਿਓ।

ਉਹ ਗੁਰੂ ਸਾਹਿਬ ਦੀਆਂ ਆਪਣੇ ਸਮੇਂ ਦੀ ਜ਼ਾਲਮ ਹਕੂਮਤ ਦੇ ਵਿਰੋਧ ਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਵਾਸਤੇ ਪ੍ਰਾਪਤੀਆਂ ਦਾ ਉਲੇਖ ਕਰਦੇ ਹਨ :

ਧਰਮ ਛੁਪ ਗਿਆ ਪਾਪ ਦਾ ਰਾਜ ਹੋਯਾ,
ਝਖੜ ਜ਼ੁਲਮ ਦੇ ਅਨਿਆਇ ਦੇ ਝੁਲ ਰਹੇ ਸਨ।
ਅਠੇ ਪਹਿਰ ਨਿਰਦੋਸ਼ ਧਰਮੀ ਕੁਹੀਂਦੇ,
ਦੁਖੀ ਦੀਨ ਸਾਧੂ ਬੇਬਸ ਡੁੱਲ੍ਹ ਰਹੇ ਸਨ।
ਕਪਟ ਈਰਖਾ ਕਹਿਰ ਦੀ ਅਗ ਵਰਦੀ,
ਦਯਾ ਪ੍ਰੇਮ ਪੈਰਾਂ ਥੱਲੇ ਰੁਲ ਰਹੇ ਸਨ।
ਦੁਖੀ ਹਿੰਦ ਅਬਲਾ ਦੇ ਮਾਸੂਮ ਬੱਚੇ,
ਬਿਦੇਸ਼ਾਂ ਵਿਚ ਜਾ ਜਾ ਕੇ ਵਿਕ ਮੁੱਲ ਰਹੇ ਸਨ।
ਅਜੇਹੇ ਭਿਆਨਕ ਸਮੇਂ ਹਿੰਦ ਪਾਲਕ,
ਜਗਤ ਵਿਚ ਹੋਯਾ ਸੀ ਅਵਤਾਰ ਤੇਰਾ।
ਜਿਵੇਂ ਕਸ਼ਟ ਸਹਿ ਦੇਸ਼ ਡੁਬਦਾ ਬਚਾਯਾ,
ਮੈਂ ਕੀ ਕੀ ਲਿਖਾਂ ਨਾਥ ਉਪਕਾਰ ਤੇਰਾ।

ਅਤੇ ਇਹ ਦਰਸਾਉਂਦੇ ਹਨ ਕਿ ਅਜਿਹੇ ਉਪਕਾਰਾਂ ਦਾ ਕਰਤਾ ਦਸ਼ਮੇਸ਼ ਹੀ ਹੁਣ ਵੀ ਦੇਸ਼ ਦੀ ਡੁਬਦੀ ਬੇੜੀ ਬਚਾ ਸਕਦਾ ਹੈ ਅਤੇ ਦੇਸ਼ ਭਗਤੀ ਪੈਦਾ ਕਰਕੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਪ੍ਰੇਰਿਤ ਕਰ ਸਕਦਾ ਹੈ।

ਅਜਿਹੀਆਂ ਹੋਰ ਕਵਿਤਾਵਾਂ 'ਦਸ਼ਮੇਸ਼ ਦਿਲ', 'ਦਸ਼ਮੇਸ਼ ਤਲਵਾਰ' ਆਦਿ ਹਨ, ਜਿਨ੍ਹਾਂ ਵਿਚ ਵੀ ਇਸ ਵਰ੍ਹੇ ਨੂੰ ਨਿਭਾਇਆ ਗਿਆ ਹੈ।

ਇਸੇ ਭਾਵ ਹੇਠ ਉਹ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੀ ਕੁਰਬਾਨੀ ਦੀ ਭਾਰਤ ਦੇ ਲੋਕਾਂ ਅੱਗੇ ਪੇਸ਼ਕਾਰੀ ਕਰਦਾ ਹੈ :

ਭਾਰਤ ਵਾਸੀਓ ਵੇ ਮੇਰੇ ਸਤਿਗੁਰੂ ਦੇ,
ਅੱਜ ਤੁਸੀਂ ਭੀ ਰੱਜ ਦੀਦਾਰ ਕਰ ਲਉ।
ਚਰਨ ਪਰਸ ਵਾਲੀ ਦੋ ਜਹਾਨ ਦੇ ਦੇ,
ਰਤੀ ਤਪਤ ਹਿਰਦੇ ਠੰਡ ਠਾਰ ਕਰ ਲਓ।
ਸਬਕ ਸਿਖ ਕੇ ਤੇ ਸਹਿਨ-ਸ਼ੀਲਤਾ ਦਾ
ਜਨਮ ਸਫਲ ਇਹ ਵਿਚ ਸੰਸਾਰ ਕਰ ਲਓ।
ਦਰਦਾਂ ਵਾਲਿਓ ! ਕਾਲਜੇ ਥੰਮ ਕੇ ਤੇ,

ਮੇਰੇ ਗੁਰੂ ਦੇ ਯਾਦ ਉਪਕਾਰ ਕਰ ਲਓ।[16]

ਇਉਂ ਉਹ ਗੁਰੂ ਅਰਜਨ ਦੇਵ ਨੂੰ ਬਿਲਕੁਲ ਹੀ ਸਿੱਖਾਂ ਤਕ ਜਾਂ ਆਪਣੇ ਆਪ ਤਕ ਸੀਮਤ ਕਰਕੇ ਵੇਖਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਪਰਿਸਥਿਤੀਆਂ ਵਿਚ ਦੇਸ਼ ਜਾਂ ਵਿਸ਼ਵ ਵਿਆਪੀ ਪ੍ਰਸਿੱਧੀ ਵਾਲੇ ਧਾਰਮਿਕ ਆਗੂ ਵੀ ਸੰਪ੍ਰਦਾਵਾਂ ਵਿਚ ਵੰਡੇ ਗਏ ਹਨ ਅਤੇ ਗੁਰੂ ਸਾਹਿਬਾਨ ਸਿੱਖਾਂ ਤਕ ਹੀ ਸੀਮਤ ਹੋ ਗਏ ਹਨ। 'ਨਿਰਾਲੇ ਕੌਤਕ' ਕਵਿਤਾ ਤੋਂ ਵੀ ਅਜਿਹਾ ਹੀ ਪਤਾ ਲਗਦਾ ਹੈ।

ਚੌਥੇ ਰੰਗ ਵਿਚ ਭਿਖਾਰੀ ਸਾਹਿਬ ਦੇਸ਼ ਭਗਤੀ ਲਈ ਪ੍ਰਤਿਗਿਆ ਕਰਦੇ ਹੋਏ ਆਖਦੇ ਹਨ :

ਹੇ ਜਨਮ ਭੂਮਿ ਮਾਤਾ, ਆਦਰ ਤੇਰਾ ਕਰਾਂਗਾ।
ਨਿਜ ਬਾਹੂ ਬਲ ਤੋਂ ਤੇਰੇ, ਦੁਖੜੇ ਸਭੇ ਹਰਾਂਗਾ।
ਬੁੱਧੀ ਤੇ ਵਾਕ ਬਲ ਤੋਂ, ਸਾਹਿਤਯ ਘਰ ਭਰਾਂਗਾ।
ਧਨ ਮਾਨ ਆਪਣਾ ਸਾਰਾ, ਚਰਨੀ ਤੇਰੀ ਧਰਾਂਗਾ।
ਤਨ ਮਨ ਬਚਨ ਤੋਂ ਧਨ ਤੋਂ, ਸੇਵਾ ਤੇਰੀ ਕਰਾਂਗਾ।
ਤੇਰੇ ਲਈ ਜੀਆਂਗਾ, ਤੇਰੀ ਲਈ ਮਰਾਂਗਾ।[17]

ਇਸ ਕਵਿਤਾ ਤੋਂ ਉਨ੍ਹਾਂ ਦੀ ਜੀਵਨ ਨੀਤੀ ਤੇ ਮੰਤਵ ਦੀ ਪੁਖ਼ਤਗੀ ਦਾ ਪਤਾ ਲਗਦਾ ਹੈ। ਪ੍ਰਤੀਤ ਹੁੰਦਾ ਹੈ ਕਿ ਉਹ ਖ਼ਾਸ ਮੰਤਵ ਨੂੰ ਸਾਹਮਣੇ ਰੱਖ ਕੇ ਚੱਲ ਰਹੇ ਸਨ, ਜਿਵੇਂ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਫੁਰਮਾਇਆ ਹੈ :

ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੌਂ।[18]

ਅਤੇ

ਯਾਹੀ ਕਾਜਾ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਨਿ।[19]

ਉਹ ਵਤਨ ਤੇ ਕੌਮ ਤੋਂ ਕੁਰਬਾਨ ਹੋਣਾ ਲੋਚਦੇ ਹਨ। ਉਨ੍ਹਾਂ ਦੇ ਅਵਚੇਤਨ ਵਿਚ ਦੇਸ਼ ਪਿਆਰ ਇਸ ਹੱਦ ਤਕ ਭਰ ਗਿਆ ਸੀ ਕਿ

ਮੇਰੇ ਅੰਤਮ ਸਮੇਂ ਜਦ ਭੌਰ,
ਇਸ ਤਨ ਤੋਂ ਵਿਦਾ ਹੋਵੇ।
ਵਤਨ ਤੋਂ ਕੌਮ ਤੋਂ ਸਤਿਗੁਰ,
ਮੇਰੀ ਜ਼ਿੰਦੜੀ ਫਿਦਾ ਹੋਵੇ।[20]

ਵਤਨ ਪਿਆਰ ਵਿਚ ਜੀਣਾ ਅਤੇ ਫਿਰ ਵਤਨ ਲਈ ਮਰਨ ਲਈ ਹਰਦਮ ਤਿਆਰੀ ਖਾਸ ਕਿਸਮ ਦਾ ਜੀਵਨ ਅਨੁਭਵ ਹੈ। ਜਿਸ ਨਾਲ ਭਿਖਾਰੀ ਜੀ ਸਰਸਾਰ ਹਨ। ਉਹ ਇਹ ਵੀ ਆਖਦੇ ਹਨ :

ਜਦੋਂ ਤਕ ਦੇਸ਼ ਪਰਤੰਤਰ, ਨਾ ਸੁਖ ਦਾ ਸਾਹ ਲਵਾਂ ਤਦ ਤਕ।
ਜਦੋਂ ਤਕ ਬਿਪਤਾ ਦੁਖੀਆਂ ਤੇ, ਨਾ ਐਸ਼ 'ਚ ਪਲ ਬਹਾਂ ਤਦ ਤਕ।[21]

ਉਨ੍ਹਾਂ ਦਾ ਵਤਨ ਪਿਆਰ ਦੁਖੀਆਂ ਦੇ ਪਿਆਰ ਵਿਚ ਵਟ ਕੇ ਭਗਤ ਸਿੰਘ ਦੀ ਸਮਾਜਵਾਦੀ

ਵਿਚਾਰਧਾਰਾ ਦਾ ਹਾਨੀ ਬਣਦਾ ਹੈ। ਉਹ ਨਾ ਤਾਂ ਸਤਿਗੁਰ ਦੀ ਓਟ ਲਏ ਬਿਨਾਂ ਰਹਿ ਸਕਦੇ ਹਨ ਅਤੇ ਨਾ ਹੀ 'ਨੀਚਾਂ ਅੰਦਰ ਨੀਚੁ ਜਾਤ' ਦਾ ਪੱਖ ਲਏ ਬਿਨਾਂ ਜੀ ਸਕਦੇ ਹਨ।

ਇਸ ਤੋਂ ਅੱਗੇ ਉਨ੍ਹਾਂ ਨੇ ਉਨ੍ਹਾਂ ਸਮੱਸਿਆਵਾਂ ਨੂੰ ਲਿਆ ਹੈ ਜੋ ਵਤਨ ਦੀ ਆਜ਼ਾਦੀ ਵਿਚ ਰੋੜਾ ਸਾਬਤ ਹੋ ਰਹੀਆਂ ਹਨ। ਉਸ ਸਮੇਂ ਫਿਰਕਾਪ੍ਰਸਤੀ ਅਤੇ ਧਰਮ ਦੇ ਨਾਂ ਤੇ ਫਸਾਦ ਵੱਡੀ ਸਮੱਸਿਆ ਸੀ ਜੋ ਮੰਤਵ ਪੂਰਾ ਹੋਣ ਨਹੀਂ ਸੀ ਦੇ ਰਹੀ। ਇਸ ਬਾਰੇ ਉਹ ਆਖਦੇ ਹਨ :

ਗਲ ਗਲ ਉਤੇ ਪਲ ਪਲ ਅੰਦਰ
ਹਿੰਦੂ ਮੁਸਲਮਾਨਾਂ ਦਾ ਫਸਾਦ ਹੋਵੇ।
ਦੱਸੋ ਛੁਟਿ ਗੁਲਾਮੀ ਦੀ ਕੈਦ ਵਿਚੋਂ
ਭਾਰਤਵਰਸ਼ ਕਿਸ ਤਰ੍ਹਾਂ ਆਜ਼ਾਦ ਹੋਵੇ ?
ਜਾਤੀ ਰੰਗ ਨੇ ਰੰਗਿਆ ਹਿੰਦ ਤਾਈਂ
ਇਕ ਖਾਣ ਪੈਂਦਾ ਦੂਜੀ ਜਿੰਦ ਤਾਈਂ,
ਉਨਤੀ ਖ਼ੂਬ ਹੋਵੇ ਹਿੰਦੁਸਤਾਨ ਅੰਦਰ,
ਝਗੜਾ ਨਵੇਂ ਤੋਂ ਨਵਾਂ ਈਜਾਦ ਹੋਵੇ।

ਇਸ ਤੋਂ ਇਲਾਵਾ ਉਹ ਸਮੇਂ ਦੇ ਸਿਆਸੀ ਲੀਡਰਾਂ ਉਪਰ ਵਿਅੰਗ ਕੱਸ ਕੇ ਦੱਸਦੇ ਹਨ ਕਿ ਉਨ੍ਹਾਂ ਦਾ ਅਸਲੀ ਕਿਰਦਾਰ ਕੀ ਹੈ ਅਤੇ ਇਹ ਵੀ ਸਵਾਲ ਹੈ ਕਿ ਕੀ ਉਹ ਦੇਸ਼ ਦੀ ਸੁਤੰਤਰਤਾ ਦੇ ਰਾਹ ਵੱਲ ਚੱਲ ਰਹੇ ਹਨ ਜਾਂ ਨਹੀਂ :

ਜਾਤੀ ਰੰਗ ਵੰਡਿਆ ਤੇ ਫੰਡਿਆ ਏ ਹਿੰਦ ਤਾਈਂ
ਦਿਨੇ ਰਾਤ ਲਗੇ ਰੈਣ੍ਹ, ਵੇਖੋ ਘਲੂਘਾਰੇ ਨੇ।
ਵੈਮ੍ਹੀ ਵੈਮ੍ਹੀ ਵਹੇਵੀਰ ਵੀਰਨਾਂ ਦੇ ਵੈਰੀ ਹੋਏ,
ਲੀਰ ਲੀਰ ਪਰ ਨ ਫਰਜ਼ ਲੀਡਰਾਂ ਵਿਚਾਰੇ ਨੇ।
ਸੱਚ ਨੂੰ ਛੁਪਾਏ ਸੱਤੇ ਆਪਣੀ ਹੀ ਮਾਰਦੇ ਨੇ,
ਲੋੜ ਵੇਲੇ ਭੱਜ ਜਾਂਦੇ ਲੰਡਨ ਨੂੰ ਸਾਰੇ ਨੇ।
ਕਿਉਂ ਨਾ ਹੋਊ ਭਾਰਤ ਆਜ਼ਾਦ ਨੇ ਮੌਜੂਦ ਜਦੋਂ,
ਐਸੇ ਹਿੰਦ ਮਾਤਾ ਦੀਆਂ ਅਖੀਆਂ ਦੇ ਤਾਰੇ ਨੇ ?[23]

ਅਤੇ

ਹਵਾ ਤਬਦੀਲੀ ਲਈ ਨੱਠਦੇ ਨੇ ਸ਼ਿਮਲੇ ਨੂੰ,
ਚੋਟੀ ਉਤੇ ਬੈਠਿ ਲੈਣ ਠੰਡ ਦੇ ਹੁਲਾਰੇ ਨੇ।
ਕੌਮ ਮਰੇ ਜੀਵੇ ਭਾਵੇਂ ਆਪ ਮੌਜਾਂ ਮਾਣਦੇ ਨੇ,
ਲੀਡਰੀ ਦੀ ਪੂਛ ਪਰ ਲਾਈ ਫਿਰਨ ਸਾਰੇ ਨੇ।[24]

ਇਸ ਦੇ ਨਾਲ ਹੀ ਉਹ ਅਕਾਲੀ ਮਰ ਜੀਵੜੀਆਂ ਰਾਹੀਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਤਸੀਹੇ ਸਹਾਰਨ ਰਾਹੀਂ ਹੀ ਦੇਸ਼ ਦੇ ਉਧਾਰ ਤੇ ਆਜ਼ਾਦੀ ਦੀ ਸੰਭਾਵਨਾ ਨੂੰ ਮੰਨਦੇ ਹਨ :

ਲਗਿਆ ਏ ਜੰਗ ਨੌਕ੍ਰ ਸ਼ਾਹੀ ਤੇ ਅਕਾਲੀਆਂ ਦਾ,
ਦੋਹਾਂ ਹੀ ਧਿਰਾਂ ਨੇ ਖ਼ੂਬ ਹੌਸਲੇ ਸੰਭਾਰੇ ਨੇ।

ਉਹ ਮਾਰੀ ਜਾਣ, ਉਹ ਸਹਾਰੀ ਜਾਣ ਹੱਸ ਹੱਸ,
ਵਾਰੀ ਜਾਣ ਜਾਨਾਂ ਗੁਰੂ ਨਾਨਕ ਦੇ ਪਿਆਰੇ ਨੇ।
ਜਾਲਿਮ ਭੀ ਦੰਗ ਤੰਗ ਆਯਾ, ਕੌਮੀ ਪਯਾਰ ਦੇਖਿ,
ਘਰ ਬਾਰ ਬੀਰ ਰਸ ਰੱਤਿਆਂ ਵਿਸਾਰੇ ਨੇ।
ਕਿਉਂ ਨਾ ਹੋਊ ਦੇਸ ਦਾ ਉਧਾਰ ਨੇ ਮੌਜੂਦ ਜਦੋਂ ?
ਐਸੇ ਹਿੰਦ ਮਾਤਾ ਦੀਆਂ ਅਖੀਆਂ ਦੇ ਤਾਰੇ ਨੇ।[25]

ਭਿਖਾਰੀ ਜੀ ਇਹ ਬੇਨਤੀ ਕਰਦੇ ਹਨ ਕਿ ਹੇ ਸਤਿਗੁਰੂ ਫਿਰਕਾਪ੍ਰਸਤੀ ਦੀਆਂ ਲੜਾਈਆਂ ਨੂੰ ਸ਼ਾਂਤ ਕਰ ਦਿਓ :

ਹਾਂ ! ਕਿਹਾ ਕਾਲ ਦਾ ਗੇੜ ਉਲਟਾ ਪਿਆ।
ਹੇ ਪ੍ਰਭੂ ! ਫਿਰ ਨਜ਼ਰ ਮਿਹਰ ਦੀ ਪਾ ਦਿਓ।
ਸੈਂਢਿਆਂ ਭੇੜ ਭਿੜ ਰਹੇ ਅੰਮਾ ਜਾਏ,
ਦਵੈਤ ਹਰ ਕੇ ਵੀਰ, ਵੀਰ ਗਲਿ ਲਾ ਦਿਓ।
ਮਜ਼ਹਬੀ ਜੋਸ਼ ਜੁਆਲਾ ਦੇਸ ਝੁਲਸਿਆ,
ਪ੍ਰੇਮ ਜਲ ਛਿੜਕ ਕੇ ਠੰਡ ਵਰਤਾ ਦਿਓ।[26]

ਇਸ ਤੋਂ ਇਸ ਸੰਬੰਧੀ ਸਮੱਸਿਆਂ ਦੀ ਉਲਝਣ ਦੀ ਸ਼ਿੱਦਤ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਇਸ ਸਮੱਸਿਆਵਾਂ ਦੇ ਹੱਲ ਲਈ ਦੈਵੀ ਸਹਾਇਤਾ ਵਾਸਤੇ ਬੇਨਤੀ ਕੀਤੀ ਜਾ ਰਹੀ ਹੈ।

ਕਵੀ ਅਜੋਕੀ ਹਾਲਤ ਉਤੇ ਦੁਖੀ ਹੁੰਦਾ ਹੋਇਆ ਨਨਕਾਣਾ ਸਾਹਿਬ, ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਸਮੇਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ :

ਉਵੇਂ ਸੂਰਿਆਂ ਦਾ ਜਥਾ ਜਾ ਰਿਹਾ ਸੀ।
ਗੁਰੂ ਪ੍ਰੇਮ ਵਿਚ ਗੁਰੂ ਸ਼ਬਦ ਗਾ ਰਿਹਾ ਸੀ।
ਗੁਰੂ ਘਰ ਪਹੁੰਚੇ ਦੁਸ਼ਟ ਸਤਿਕਾਰ ਕੀਤਾ।
ਅਮਨ ਚੈਨ ਵੀਰਾਂ ਤੇ ਚੁੱਕ ਵਾਰ ਕੀਤਾ।
ਕੜਾ ਕੜ ਉਹ ਫੇਰ ਗੋਲੀਆਂ ਕਰੀ ਗਏ।
ਉਹ ਰਹਿ ਸ਼ਾਂਤ ਚਿਤ ਕਸ਼ਟ ਸੱਭੇ ਜਰੀ ਗਏ।[27]

'ਗੁਰੂ ਬਾਗ ਸਾਕਾ' ਨਾ ਭੁਲਿਆ ਕਿਸੇ ਤੋਂ।
ਤੇ "ਜੈਤੋ 'ਚਿ ਜਿਵੇਂ ਖੂਨ ਡੁਲਿਆ" ਕਿਸੇ ਤੋਂ।
ਉਹੀ ਸਾਕਾ ਅੱਜ ਫਿਰ ਉੱਚੀ ਕਹਿ ਰਿਹਾ ਏ
'ਸੰਭਲ ਪੰਥ' ਸੂਰਜ ਤੇਰਾ ਲਹਿ ਰਿਹਾ ਹੈ।

ਮਹਾ ਸੋਕ ਫੁਟ ਚੰਦਰੀ ਤੇਰਾ ਲਾ ਕੇ।
ਕਰੇ ਨਾਸ ਆਪਸ 'ਚਿ ਸਾਨੂੰ ਲੜਾਕੇ।[28]

ਇਉਂ ਪਤਾ ਲਗਦਾ ਹੈ ਕਿ ਭਿਖਾਰੀ ਜੀ ਦੇਸ਼ ਦੀ ਅਜੋਕੀ ਫਿਰਕਾਪ੍ਰਸਤੀ ਵਾਲੀ ਹਾਲਤ ਤੋਂ ਡਾਢੇ ਔਖੇ ਹਨ ਅਤੇ ਉਹ ਹਰ ਤਰੀਕੇ ਨਾਲ ਇਸ ਤੋਂ ਦੇਸ਼ ਦਾ ਛੁਟਕਾਰਾ ਚਾਹੁੰਦੇ ਹਨ।

ਦੇਸ਼ ਭਗਤੀ ਦੇ ਜਜ਼ਬੇ ਹੇਠ ਉਹ ਤੇਜਾ ਸਿੰਘ ਸਮੁੰਦਰੀ ਤੇ ਸੀ. ਆਰ. ਦਾਸ ਦੇ ਦੇਹਾਂਤ ਹੇਠ ਉਹ ਏਨੇ ਜਜ਼ਬਾਤੀ ਹੋ ਜਾਂਦੇ ਹਨ ਕਿ :

ਓ ਬੇਰਹਮ ! ਤੇਰਾ ਸਤਯਨਾਸ ਹੋਵੇ,
ਸਾਡੇ ਜਿਗਰ ਦਾ ਖ਼ੂਨ ਨਿਚੋੜਿਆ ਈ।
ਦ੍ਰਿੜਤਾ ਬੀਰਤਾ ਦਾ, ਸਿਦਕ ਬਾਗ ਵਿਚੋਂ,
ਸੁਹਣਾ ਮਹਿਕਦਾ ਫੁੱਲ ਇਕ ਤੋੜਿਆ ਈ।[29]

ਅਤੇ

ਹੋਣੀ ਕਹਿਰ ਢਾਯਾ ਆਜ਼ਿਜ ਹਿੰਦ ਉੱਤੇ,
ਤੇਤੀ ਕ੍ਰੋੜ ਦਾ ਕਾਲਜਾ ਮ੍ਰੋੜ ਦਿੱਤਾ।[30]

ਏਥੋਂ ਉਹ ਅਚੇਤ ਹੀ ਸੀ. ਆਰ. ਦਾਸ ਦੇ ਦੇਹਾਂਤ ਸਮੇਂ ਆਖਰੀ ਦਰਸ਼ਨਾਂ ਵਾਸਤੇ ਜਾ ਰਹੇ ਭਾਰਤੀ ਲੋਕਾਂ ਵਿਚੋਂ ਸਿੱਖਾਂ ਨੂੰ ਵੱਖ ਕੱਢ ਕੇ ਵੇਖਦੇ ਹਨ।

ਅੱਗੇ ਝੂਲ ਦੇ ਸਨ ਦੋ ਨਿਸ਼ਾਨ ਕੌਮੀ,
ਕੌਮੀ ਸ਼ਾਨ ਚੌਗੁਣਾ ਵਧਾ ਰਹੇ ਸਨ।
ਨਾਲ ਨਾਲ ਦਸਮੇਸ਼ ਦੇ ਬੀਰ ਬਾਂਕੇ,
ਮਿਲ ਵੈਰਾਗਮਈ ਕੀਰਤਨ ਗਾ ਰਹੇ ਸਨ।
ਹਿੰਦੂ ਮੁਸਲਿਮ ਪਿੱਛੇ ਕਈ ਲੱਖਾਂ,
ਉਸ ਦੀ ਦੇਸ਼ ਸੇਵਾ ਨੂੰ ਵਡਿਆ ਰਹੇ ਸਨ।[31]

ਕਿਰਤੀ ਦੇ ਦਿਲੀ ਵਲਵਲੇ ਵਿਚ ਉਹ ਬ੍ਰਹਮਾ ਤਨ ਨੂੰ ਰੁਆ ਦੇਣ ਲਈ ਬਿਪਤਾ ਦਾ ਸੀਨ ਖਿੱਚਦੇ ਹਨ :

ਜੋ ਕੁਝ ਮਿਲਦਾ ਨ ਉਸ ਤੋਂ,
    ਆਪਣਾ ਹੀ ਢਿੱਡ ਭਰਦਾ ਹੈ।
ਉਧਰ ਬਿਨ ਖਰਚ ਦੇ ਟੱਬਰ,
    ਪਿਆ ਭੁੱਖਾਂ ਹੀ ਮਰਦਾ ਏ।
ਏਧਰ ਸੇਠਾਂ ਦੇ ਕਰਜੇ ਨੇ,
    ਸਕੰਜੇ ਜਾਨ ਦਿੱਤੀ ਹੈ।
ਅਜੇਹੇ ਕਸ਼ਟਮਯ ਜੀਵਨ ਨੂੰ,
    ਬਸ ਜੀ ਨਾ ਕਰਦਾ ਹੈ।[32]

ਉਹ ਕਸ਼ਟਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਵੀ ਕਰ ਲੈਂਦੇ ਹਨ ਪਰ :

ਵਿਧਾਤਾ ! ਕਹੁ ਭਲਾ ਇਸ ਵਿਚ,
ਤੇਰੀ ਕੀ ਏ ਨਿਆਂਕਾਰੀ ?
ਕਰੇ ਮਿਹਨਤ ਕੋਈ ਉਸ ਤੋਂ
ਉਡਾਵੇ ਐਸ਼ ਕੋਈ ਭਾਰੀ।[33]

ਸਮੱਸਿਆ ਦੇ ਕਾਰਨਾਂ ਵਿਚੋਂ ਦੈਵੀ ਰੰਗਣ ਅਜੇ ਜਾ ਨਹੀਂ ਸਕਦੀ। ਉਸ ਨੂੰ ਪਤਾ ਹੈ ਕਿ ਉਹ

ਆਪ ਹੀ ਇਨ੍ਹਾਂ ਸਮੱਸਿਆਵਾਂ ਦਾ ਹਲ ਕਰ ਸਕੇਗਾ :

ਮੈਂ ਆਪਣੀ ਮੁਸ਼ਕਲਾਂ ਦਾ,
ਆਪ ਹੀ ਦਾਰੂ ਬਣਾਵਾਂਗਾ।
ਗੁਰੂ ਕੀਤੀ ਤਾਂ ਛੁਟਕਾਰਾ
ਤੁਰਤ ਦੁਖਾਂ ਤੋਂ ਪਾਵਾਂਗਾ।
ਮੇਰੇ ਕਰਤਬ ਨੂੰ ਦੇਖੇਗਾ,
ਜਗਤ ਦਾ ਤਖ਼ਤ ਹਿੱਲੇਗਾ,
ਮੈਂ ਜਗਤ ਤੋਂ ਨਿਰਧਨੀ,
ਧਨਵਾਨ ਦਾ ਨਾਂ ਹੀ ਮਿਟਾਵਾਗਾਂ।[34]

ਪਰ ਉਸ ਨੂੰ ਏਥੇ ਗੁਰੂ ਦੀ ਸਹਾਇਤਾ ਦੀ ਲੋੜ ਪੈਂਦੀ ਹੈ।

ਸੌਦਾਗਰ ਸਿੰਘ ਭਿਖਾਰੀ ਨਿਰਸੰਦੇਹ ਦੇਸ਼ ਭਗਤੀ ਦਾ ਕਵੀ ਹੈ। ਉਸਨੂੰ ਆਪਣੇ ਦੇਸ਼ ਦੀਆਂ ਤਤਕਾਲੀ ਸਮੱਸਿਆਵਾਂ ਦੀ ਪੂਰੀ ਸਮਝ ਹੈ। ਉਸ ਨੂੰ ਕਿਰਤੀ ਜੀਵਨ ਦੀਆਂ ਮੁਸ਼ਕਿਲਾਂ ਦਾ ਵੀ ਪੂਰਾ ਅਨੁਭਵ ਹੈ। ਉਸ ਦੇ ਅਵਚੇਤਨ ਵਿਚ ਹਰ ਸਮੱਸਿਆਵਾਂ ਦੇ ਹੱਲ ਲਈ ਦੈਵੀ ਹੱਥ ਤੇ ਸਹਾਇਤਾ ਦੀ ਲੋੜ ਮਹਿਸੂਸ ਹੁੰਦੀ ਹੈ। ਉਹ ਫਿਰਕਾਪ੍ਰਸਤੀ ਦਾ ਵਿਰੋਧੀ ਹੁੰਦਾ ਹੋਇਆ ਪੰਜਾਬੀ/ਬੰਗਾਲੀ ਜਾਂ ਭਾਰਤੀ ਪ੍ਰਤੀਤ ਹੁੰਦਾ ਹੈ, ਪਰ ਉਸ ਦਾ ਸਿੱਖ ਆਪਾ ਝਲਕਾਂ ਮਾਰੇ ਬਿਨਾ ਨਹੀਂ ਰਹਿ ਸਕਦਾ। ਉਸ ਦੀ ਭਾਸ਼ਾ ਤਤਕਾਲੀ ਹਿੰਦੁਸਤਾਨੀ ਤੇ ਬੰਗਾਲੀ ਪ੍ਰਭਾਵ ਹੇਠ ਅਰਬੀ ਫਾਰਸੀ ਪ੍ਰਭਾਵ ਤੋਂ ਤਕਰੀਬਨ ਬਿਲਕੁਲ ਸਾਫ਼ ਪੰਜਾਬੀ ਹੈ, ਜਿਸ ਨਾਲ ਆਪਣੇ ਕਾਵਿ ਵਲਵਲੇ ਉਹ ਪਾਠਕਾਂ ਦੇ ਮਨ ਦੇ ਧੁਰ ਅੰਦਰ ਤਕ ਪਹੁੰਚਾਉਣ ਤਕ ਕਾਮਯਾਬ ਹੋ ਸਕਿਆ ਹੈ।

◆

## ਹਵਾਲੇ ਤੇ ਟਿੱਪਣੀਆਂ


1. ਸ: ਸੌਦਾਗਰ ਸਿੰਘ ਭਿਖਾਰੀ, ਹਰਮੁਖ ਪ੍ਰਿੰਟਰਜ, ਮਹਾਂ ਸਿੰਘ ਮਾਰਕਿਟ, ਅੰਮ੍ਰਿਤਸਰ, ਮਿਤੀ ਰਹਿਤ ਪੰਨਾ 1-2.
2. ਪੰਜਾਬ (ਸੰਪਾ. ਗੰਡਾ ਸਿੰਘ) ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1962, ਪੰਨਾ 53.
3. ਗੁਰਚਰਨ ਸਿੰਘ ਸਹਿੰਸਰਾ, ਗ਼ਦਰ ਪਾਰਟੀ ਦਾ ਇਤਿਹਾਸ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1969.
4. V.N. Datta, Jallianwala Bagh, Punjabi University, Patiala, Patiala, 1974, foreword.
5. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਆਰਸੀ ਪਬਿਲਸ਼ਰਜ਼, ਦਿੱਲੀ,1977.
6. ਉਹੀ, ਪੰਨਾ 133.
7. ਉਹੀ, ਪੰਨੇ 272-73.
8. ਸੁੰਦਰ ਸਿੰਘ ਮਖਸੂਸਪੁਰੀ, ਬਾਬਰ ਅਕਾਲੀ ਲਹਿਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1970 ਪੰਨਾ 21.

9. ਜਗਮੋਹਨ ਸਿੰਘ, ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਲਿਖਤਾਂ, ਰੈਡੀਕਲ ਪਬਲਿਕੇਸ਼ਨਜ਼, ਮੋਗਾ, 1985.
10. ਸੌਦਾਗਰ ਸਿੰਘ ਭਿਖਾਰੀ, ਪ੍ਰੇਮ ਲਹਿਰਾਂ, ਕਵੀ ਕੁਟੀਆ, ਕਲਕੱਤਾ, 1930 ਪੰਨਾ 2.
11. ਗੁਰੂ ਗ੍ਰੰਥ, ਪੰਨਾ 15.
12. ਦਸਮ ਗ੍ਰੰਥ, ਪੰਨਾ 36.
13. ਪ੍ਰੇਮ ਲਹਿਰਾਂ, ਪੰਨਾ 11.
14. ਉਹੀ
੧੫ ਉਹੀ, ਪੰਨੇ 16-17.
16. ਉਹੀ, ਪੰਨੇ 31-32.
17. ਉਹੀ, ਪੰਨਾ 113.
18. ਦਸਮ ਗ੍ਰੰਥ, ਪੰਨਾ 99.
19. ਉਹੀ, ਪੰਨਾ 57.
20. ਪ੍ਰੇਮ ਲਹਿਰਾਂ, ਪੰਨਾ 145.
21. ਉਹੀ, ਪੰਨਾ 146.
22. ਉਹੀ, ਪੰਨੇ 148-49.
23. ਉਹੀ, ਪੰਨਾ 151.
24. ਉਹੀ
25. ਉਹੀ, ਪੰਨਾ 152.
26. ਉਹੀ, ਪੰਨਾ 153.
27. ਉਹੀ, ਪੰਨਾ 156.
28. ਉਹੀ, ਪੰਨਾ 157.
29. ਉਹੀ, ਪੰਨਾ 160.
30. ਉਹੀ, ਪੰਨਾ 162.
31. ਉਹੀ, ਪੰਨਾ 165.
32. ਉਹੀ, ਪੰਨਾ 168.
33. ਉਹੀ, ਪੰਨੇ 168-69.
34. ਉਹੀ, ਪੰਨਾ 171.

◆

# .ਗਦਰ ਕਾਵਿ ਤੋਂ ਕਲਕੱਤੇ ਦੇ 'ਕਵੀ' ਤਕ

◆

–ਹਰਚੰਦ ਸਿੰਘ ਬੇਦੀ

ਮੁੱਢਲੀ ਪੰਜਾਬੀ ਅਦਬੀ ਪੱਤਰਕਾਰੀ ਦਾ ਚਰਿੱਤਰ, ਦੇਸ਼ ਆਜ਼ਾਦੀ ਦੇ ਬੁਨਿਆਦੀ ਤੇ ਕੇਂਦਰੀ ਸਰੋਕਾਰ ਤੇ ਕੇਂਦ੍ਰਿਤ ਨਜ਼ਰ ਆਉਂਦਾ ਹੈ। ਅੰਗਰੇਜ਼ ਸਾਮਰਾਜੀਆਂ ਦੀਆਂ, ਜਨ-ਹਿੱਤ ਦੇ ਵਿਰੋਧ ਵਿਚ, ਆਪਣੀ ਭੂਮਿਕਾ ਸਥਾਪਤ ਕਰਦੀਆਂ ਨੀਤੀਆਂ, ਅੰਗਰੇਜ਼ ਦੀ ਸਵੈ-ਹਿੱਤ ਨਾਲ ਬੱਝੀ ਕਾਰਜਲੀਲ੍ਹਾ ਅਤੇ ਭਾਰਤੀਆਂ ਦੇ ਸ਼ੋਸ਼ਣ ਦੇ ਖਿਲਾਫ਼, ਵਿਚਾਰਧਾਰਾਈ, ਜੋਸ਼-ਕੇਂਦ੍ਰਿਤ, ਵਿਰੋਧੀ ਗਤੀਵਿਧੀਆਂ ਨੂੰ ਪ੍ਰੇਰਿਤ ਕਰਨ, ਉਤੇਜਿਤ ਕਰਨ ਅਤੇ ਆਪਣੀ ਹੋਂਦ ਤੇ ਹਸਤੀ ਤੇ ਸੁਤੰਤਰ ਅਰਥ ਸਿਰਜਣ ਦੀ ਕਾਮਨਾ ਨਾਲ ਓਤਪੋਤ ਸੀ। ਵਰਤਮਾਨ ਪੱਤਰਕਾਰੀ ਆਜ਼ਾਦ ਭਾਰਤ ਵਿਚ, ਵਿਗਿਆਨਕ, ਮਕਾਨਕੀ, ਕੰਪਿਊਟਰਕ੍ਰਿਤ ਤੇ ਸੰਚਾਰੀ-ਸੁਵਿਧਾਵਾਂ ਦੇ ਹੜ੍ਹ ਦੇ ਸਨਮੁੱਖ ਜੇ ਪੰਜਾਬੀ ਅਦਬੀ ਪੱਤਰਕਾਰੀ ਦੇ ਆਰੰਭਲੇ ਦੌਰ ਦਾ ਤੁਲਨਾਤਮਕ ਪ੍ਰਸੰਗ ਤੇ ਪਰਿਪੇਖ ਬਣਾਉਣ ਦੀ ਕੋਸ਼ਿਸ਼ ਕਰੀਏ ਤਾਂ ਉਨ੍ਹਾਂ ਕਰਮਯੋਗੀ ਪੱਤਰਕਾਰਾਂ/ ਸਾਹਿਤਕਾਰਾਂ ਦੀ ਘਾਲ-ਕਮਾਈ ਨੂੰ ਸਲਾਮ ਕਰਨਾ ਬਣਦਾ ਹੈ; ਜਿਨ੍ਹਾਂ ਨੇ ਸੁਵਿਧਾਵਾਂ ਦੀ ਘਾਟ ਤੇ ਆਰਥਿਕ ਮੰਦਹਾਲੀ ਦੇ ਬਾਵਜੂਦ, ਯਥਾਸ਼ਕਤੀ ਆਪਣੀ ਜਾਨਦਾਰ, ਯਾਦਗਾਰੀ ਤੇ ਇਤਿਹਾਸਕ ਭੂਮਿਕਾ ਨਿਭਾਈ। ਇਸ ਭੂਮਿਕਾ ਪਿੱਛੇ ਨਿਰਸੰਦੇਹ ਉਨ੍ਹਾਂ ਦੇ ਵਿਅਕਤੀਗਤ, ਜੀਵਨ-ਸ਼ੈਲੀ ਦੇ ਸੰਜਮੀ, ਦ੍ਰਿੜ, ਪ੍ਰਤਿਬੱਧ ਤੇ ਹਿੰਮਤੀ ਵਰਤਾਰੇ ਨੇ ਪਰਦੇਸਾਂ ਵਿਚ ਵੀ, ਵਿਚਾਰ ਦੀ ਜੋਤ ਜਗਾਈ ਰੱਖਣ ਲਈ, ਆਪਣੀ ਲੜਾਈ ਜਾਰੀ ਰੱਖਣ ਲਈ ਭਾਸ਼ਾ ਦੀ ਸ਼ਾਸਤਰੀ ਸਮਰੱਥਾ ਦਾ, ਸ਼ਸਤਰ ਵਾਂਗ ਪ੍ਰਯੋਗ ਕਰਕੇ, ਵਿਚਾਰ ਦੀ ਯਾਤਰਾ ਨੂੰ ਯਕੀਨੀ ਬਣਾਉਣ ਵਿਚ ਅਹਿਮ ਕਿਰਦਾਰ ਅਦਾ ਕੀਤਾ। '.ਗਦਰ ਕਾਵਿ' ਅਤੇ ਕਲਕੱਤੇ ਦੇ 'ਕਵੀ' ਰਸਾਲੇ ਵਿਚ ਛਪੀ ਸਮੱਗਰੀ ਇਸ ਦ੍ਰਿਸ਼ਟੀ-ਬਿੰਦੂ ਤੋਂ ਪੂਰਕ ਅਤੇ ਪ੍ਰਸੰਗਿਕ ਪ੍ਰਤੀਤ ਹੁੰਦੀ ਹੈ।

ਪੰਜਾਬੀ ਅਦਬੀ ਪੱਤਰਕਾਰੀ ਦੀ ਇਤਿਹਾਸਕ ਵਿਕਾਸ ਰੇਖਾ 'ਤੇ ਝਾਤੀ ਮਾਰੀਏ ਤਾਂ ਇਸ ਪੱਤਰਕਾਰੀ ਦੇ ਕੁਝ ਪ੍ਰਕਾਸ਼–ਬਿੰਦੂ ਦ੍ਰਿਸ਼ਟੀਗੋਚਰ ਹੁੰਦੇ ਹਨ :

*(ੳ) ਆਜ਼ਾਦੀ ਪ੍ਰਾਪਤੀ ਲਈ ਵੰਗਾਰ ਤੇ ਪ੍ਰੇਰਨਾ,*

*(ਅ) ਅੰਗਰੇਜ਼ਾਂ ਦੇ ਸ਼ੋਸ਼ਣ-ਤੰਤਰ ਦੀ ਨੁਕਾਬ ਕੁਸ਼ਾਈ,*

*(ੲ) ਆਜ਼ਾਦੀ ਪ੍ਰਾਪਤੀ ਲਈ ਤੁਲਨਾਤਮਕ ਮਾਰਗ ਦਰਸ਼ਨ,*

*(ਸ) ਸਿੱਖ ਧਰਮ ਦੇ ਨਾਇਕਾਂ ਦੇ ਪ੍ਰੇਰਣਾ ਮਾਡਲ,*

(ਹ) ਧਰਮ ਤੋਂ ਧਰਮ ਨਿਰਪੇਖਤਾ ਵੱਲ ਵਿਚਾਰ-ਯਾਤਰਾ,

(ਕ) ਦੇਸ਼ੋਂ ਬਾਹਰ ਤੇ ਦੇਸ਼ ਅੰਦਰ, ਅਦਬੀ ਪੰਜਾਬੀ ਪੱਤਰਕਾਰੀ ਦੇ ਉੱਦਮ,

(ਖ) ਆਧੁਨਿਕ ਪੰਜਾਬੀ ਪੱਤਰਕਾਰੀ ਤੇ ਅਦਬੀ ਪੱਤਰਕਾਰੀ ਦਾ ਪ੍ਰਭਾਵ।

ਆਰੰਭਲੇ ਪੜਾਅ 'ਤੇ ਇਕ ਹੀ ਕੇਂਦਰੀ ਤੇ ਮਹੱਤਵਪੂਰਨ ਵਿਸ਼ਾ ਆਜ਼ਾਦੀ ਸੀ, ਇਸ ਲਈ ਅਦਬੀ ਸਿਰਜਣਾ ਦਾ ਕੇਂਦਰੀ ਸਰੋਕਾਰ ਵੀ ਆਜ਼ਾਦੀ ਪ੍ਰਾਪਤੀ ਲਈ ਨਿਰੰਤਰ ਜਦੋ-ਜਹਿਦ ਲਈ ਪ੍ਰੇਰਨਾ ਤੇ ਲੋਕ-ਮਨ ਲਈ ਵਿਚਾਰ ਸਮੱਗਰੀ ਪੈਦਾ ਕਰਨਾ ਸੀ। ਇਸ ਦਿਸ਼ਾ ਵਿਚ ਦੇਸੋਂ ਬਾਹਰ *ਗ਼ਦਰੀ ਬਾਬਿਆਂ* ਦੀ ਸਿਧਾਂਤਕ ਤੇ ਵਿਹਾਰਕ ਭੂਮਿਕਾ, ਆਪਣਾ ਇਨਕਲਾਬੀ ਤੇ ਇਤਿਹਾਸਕ ਰੋਲ ਅਦਾ ਕਰਦੀ ਹੈ। ਬਦੇਸ਼ਾਂ ਵਿਚ ਰਹਿ ਕੇ, ਆਜ਼ਾਦੀ ਤੇ ਆਜ਼ਾਦੀ ਲਈ ਸ਼ਊਰ, ਸੰਵੇਦਨਾ ਤੇ ਚੇਤਨਾ ਪੈਦਾ ਕਰਨ ਲਈ, ਪਹਿਲ, ਗ਼ਦਰੀਆਂ ਦੇ ਗ਼ਦਰ-ਕਾਵਿ ਨੇ ਕੀਤੀ। ਗ਼ਦਰ ਅਖ਼ਬਾਰ ਨੇ ਹੀ ਗ਼ਦਰ ਲਹਿਰ ਦੀ ਕਵਿਤਾ ਛਾਪੀ ਜੋ ਯੁਗੰਤਰ ਆਸ਼ਰਮ (ਸਾਨਫਰਾਂਸਿਸਕੋ) ਵਲੋਂ ਪ੍ਰਕਾਸ਼ਿਤ ਹੁੰਦਾ ਸੀ। ਇਸ ਕਵਿਤਾ ਦਾ ਇਕੱਤ੍ਰੀਕਰਣ 'ਗ਼ਦਰ ਗੂੰਜ' ਦੇ ਨਾਮ ਹੇਠ ਕੀਤਾ ਗਿਆ। ਬਾਅਦ ਵਿਚ ਸਰਕਾਰ ਨੇ ਇਸ ਨੂੰ ਜ਼ਬਤ ਕਰ ਲਿਆ। ਗ਼ਦਰ ਲਹਿਰ ਦੇ ਪ੍ਰਚਾਰ ਲਈ ਹੋਰ ਕਿਤਾਬੜੀਆਂ ਵੀ ਛਾਪੀਆਂ ਗਈਆਂ। ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ ਸਿੰਘ, ਕਾਸ਼ੀ ਰਾਮ ਤੇ ਹੋਰ ਲੋਕਾਂ ਵੱਲੋਂ ਇਕ ਟ੍ਰੈਕਟ *ਐਲਾਨੇ ਜੰਗ* ਤਿਆਰ ਕੀਤਾ ਗਿਆ, ਜਿਸ ਵਿਚ ਅੰਕਿਤ ਸੀ ਕਿ ਰਾਜਨੀਤਕ ਵਿਚਾਰਾਂ ਤੇ ਰਾਜਨੀਤਕ ਆਜ਼ਾਦੀ ਹੀ ਕਾਫ਼ੀ ਨਹੀਂ, ਆਰਥਿਕ ਬਰਾਬਰੀ 'ਤੇ ਵੀ ਬਲ ਦਿੱਤਾ ਗਿਆ।

*ਗ਼ਦਰ ਲਹਿਰ* ਦੇ ਪ੍ਰੇਰਣਾ-ਸੂਤਰਾਂ ਦੇ ਫਲਸਰੂਪ ਪੈਦਾ ਹੋਈ ਸੰਵੇਦਨਾ ਨੇ, ਜਦੋਂ ਜੁਝਾਰੂ ਪੱਧਰ 'ਤੇ ਆਜ਼ਾਦੀ ਦੇ ਵਿਚਾਰਧਾਰਕ ਪ੍ਰਕਾਰਜ ਅਤੇ ਪ੍ਰੇਰਨਾ ਦੀਆਂ ਲੋੜਾਂ ਅਨੁਭਵ ਕੀਤੀਆਂ ਤਾਂ ਪਹਿਲਾ ਮਾਧਿਅਮ ਪਰਵਾਸੀ ਪੰਜਾਬੀ ਗ਼ਦਰ-ਕਾਵਿ ਬਣਿਆ, ਜਿਸ ਨੇ ਇਸ ਲਹਿਰ ਦੇ ਵਿਚਾਰਧਾਰਾਈ ਸ਼ਾਸਤਰ ਨੂੰ ਨੈਤਿਕ ਸ਼ਾਸਤਰ ਵਾਂਗ ਵਰਤੇ ਜਾਣ ਦਾ ਅੰਤਰਬੋਧ ਪੈਦਾ ਕੀਤਾ। ਆਜ਼ਾਦੀ ਪ੍ਰਾਪਤੀ ਦੇ ਇਸ ਸੰਗਰਾਮ ਦੌਰਾਨ ਰਚੀ ਗਈ ਪਰਵਾਸੀ ਪੰਜਾਬੀ ਕਵਿਤਾ ਦਾ ਮੂਲ ਸਫ਼ਰ ਭਾਵੇਂ ਦੇਸ਼-ਆਜ਼ਾਦੀ ਅਤੇ ਫਰੰਗੀਆਂ ਦਾ ਵਿਰੋਧ ਸੀ ਅਤੇ ਇਹ ਵਿਰੋਧ ਉਸ ਵੇਲੇ ਹੋਰ ਪ੍ਰਚੰਡ ਰੂਪ ਧਾਰਨ ਕਰਦਾ ਹੈ। ਜਦੋਂ ਇਸ ਦੀਆਂ ਧਾਰਨਾਵਾਂ ਅਤੇ ਪ੍ਰੇਰਨਾਵਾਂ ਦੇ ਵਿਚਾਰਧਾਰਾਈ ਸਰੋਤ ਦੇਸ਼ ਲਈ ਕੁਝ ਕਰ ਗੁਜ਼ਰਨ ਦਾ ਹਲੂਣਾ ਹੋ ਨਿਬੜਦੇ ਹਨ। ਭਾਰਤ ਦੀ ਆਜ਼ਾਦੀ ਲਈ ਪਰਵਾਸੀ ਦੇਸ਼-ਭਗਤਾਂ ਵੱਲੋਂ ਆਰੰਭੀ ਗਈ ਇਹ ਪਹਿਲੀ ਲੜਾਈ ਕਵਿਤਾ ਦੇ ਬਲ ਅਤੇ ਪ੍ਰਭਾਵ 'ਤੇ ਕੇਂਦ੍ਰਿਤ ਹੋਣ ਕਰਕੇ, ਗੁਰੀਲਾ ਯੁੱਧ ਦੇ ਪਰਿਆਇਵਾਚੀ ਮੰਨੀ ਜਾਣੀ ਚਾਹੀਦੀ ਹੈ। ਆਜ਼ਾਦੀ ਦੀ ਸੰਵੇਦਨਾ ਦੀ ਸਭਿਆਚਾਰਕ ਧੁਨੀ, ਅੱਜ ਦੀ ਪਰਵਾਸੀ ਪੰਜਾਬੀ ਕਵਿਤਾ ਵਿਚ ਰਮੀ ਹੋਈ ਹੈ। ਸਾਡੇ ਇਸ ਸ਼ਾਨਦਾਰ ਵਿਰਸੇ ਦੀਆਂ ਸਿਮਰਤੀਆਂ, ਕਿਸੇ ਵੀ ਵਿਵਸਥਾ ਵਿਚ, ਆਜ਼ਾਦੀ ਪ੍ਰਾਪਤੀ ਲਈ ਪ੍ਰੇਰਨਾ ਬਿੰਦੂ ਬਣਦੀਆਂ ਹਨ। ਪਰਵਾਸੀ ਪੰਜਾਬੀ ਕਵਿਤਾ ਵਿਚ ਆਜ਼ਾਦੀ ਦੇ ਸੰਕਲਪ ਦੇ ਵਿਸਥਾਰ ਦਾ ਆਧਾਰ ਬਿੰਦੂ, ਅਦ੍ਰਿਸ਼ਟ ਰੂਪ ਵਿਚ ਗ਼ਦਰੀ ਕਵਿਤਾ ਦੇ ਦਰਸ਼ਨ ਸ਼ਾਸਤਰ ਦੀ ਗੂੰਜ ਹੀ ਹੈ।

*ਗ਼ਦਰ-ਕਾਵਿ* ਜ਼ਬਤ ਵੀ ਹੋਇਆ ਅਤੇ ਪ੍ਰਤਿਕਰਮ ਦਾ ਪਾਤਰ ਵੀ ਬਣਿਆ। ਗ਼ਦਰ ਕਾਵਿ ਦੀ ਨਿਰੰਤਰ ਸਿਰਜਣਾ, ਵਿਚਾਰਧਾਰਕ ਪ੍ਰਤਿਬੱਧਤਾ ਤੇ ਨਿਸ਼ਠਾ ਦਾ ਹੀ ਪ੍ਰਮਾਣ ਹੈ। ਇਹ ਕਾਵਿ ਸੰਬੋਧਨੀ ਮੁਹਾਵਰੇ ਅਤੇ ਛੰਦ-ਪ੍ਰਬੰਧ ਦਾ ਅਨੁਸਾਰੀ ਰਿਹਾ। ਇਸ ਕਾਵਿ ਦੀ ਭਾਸ਼ਾ ਸਰਲ ਅਤੇ ਸੰਚਾਰੀ ਹੋਣ ਕਰਕੇ ਆਪਣੇ ਪ੍ਰਭਾਵ ਦੇ ਦਾਇਰੇ ਨੂੰ ਵਸੀਹ ਕਰ ਲੈਂਦੀ ਸੀ। ਇਹ ਕਵਿਤਾ ਆਜ਼ਾਦੀ ਦੀ

ਸੰਵੇਦਨਾ ਨੂੰ ਨਵੇਂ ਗਿਆਨ–ਤੰਤਰ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ।

ਗ਼ਦਰ ਕਾਵਿ ਦਾ ਮੂਲ ਚਰਿਤਰ, ਪਰਵਾਸ ਵਿਚ ਰਹਿੰਦਿਆਂ ਦੇਸ਼ ਆਜ਼ਾਦੀ ਦੇ ਚਿੰਤਾ-ਚਿੰਤਨ ਨਾਲ ਜੁੜਿਆ ਹੋਇਆ ਹੈ। ਗ਼ਦਰ–ਕਾਵਿ ਵਿਚ ਬਹੁਤੀਆਂ ਉਹ ਰਚਨਾਵਾਂ ਹਨ ਜੋ ਛੰਦ-ਪ੍ਰਬੰਧ ਜਾਂ ਰਵਾਇਤੀ ਅਰੂਜ਼ ਦਾ ਪਾਲਣ ਕਰਦੀਆਂ ਹੋਈਆਂ ਸਟੇਜੀ ਚਰਿਤਰ ਤੇ ਸੰਬੋਧਨੀ ਮੁਹਾਵਰਾ ਗ੍ਰਹਿਣ ਕਰ ਜਾਂਦੀਆਂ ਹਨ। ਪ੍ਰਚਾਰ ਤੇ ਸੰਬੋਧਨ, ਇਕ ਕਾਵਿ ਦੇ ਸਿਰਮੌਰ ਗੁਣ ਹਨ। ਇਸ ਕਾਵਿ ਦੇ ਕਵੀਆਂ ਨੇ ਕੇਵਲ ਸ਼ਬਦ ਪੱਧਰ ਤੋਂ ਹੀ ਆਜ਼ਾਦੀ ਪ੍ਰਾਪਤ ਦਾ ਵਾਤਾਵਰਣ ਤੇ ਕੈਫ਼ੀਅਤ ਪੈਦਾ ਨਹੀਂ ਕੀਤੀ ਸਗੋਂ ਵਿਹਾਰਕ ਅਤੇ ਕ੍ਰਿਆਤਮਕ ਪੱਧਰ 'ਤੇ ਵੀ ਆਜ਼ਾਦੀ ਦੀ ਜੰਗ ਵਿਚ ਹਿੱਸਾ ਲਿਆ ਅਤੇ ਜੇਲ੍ਹਾਂ ਕੱਟੀਆਂ।

ਅੱਜ ਇਹ ਕਾਵਿ ਭਾਵੇਂ ਸਾਧਾਰਨ-ਸੰਵੇਦਨਾ ਅਤੇ ਮੁਹਾਵਰੇ ਵਾਲਾ ਜਾਂ ਇਕਹਿਰੇ ਚਰਿਤਰ ਵਾਲਾ ਪ੍ਰਤੀਤ ਹੁੰਦਾ ਹੈ, ਪਰ ਜੇ ਇਸ ਨੂੰ ਉਸ ਕਾਲ-ਖੰਡ ਨਾਲ ਜੋੜ ਕੇ ਵੇਖੀਏ ਤਾਂ ਇਹ ਪ੍ਰਕਾਰਜੀ ਮਹੱਤਤਾ ਹੀ ਗ੍ਰਹਿਣ ਨਹੀਂ ਕਰਦਾ ਸਗੋਂ ਆਜ਼ਾਦੀ ਦੇ ਵਿਸ਼ਵ–ਦਰਸ਼ਨ ਪ੍ਰਤਿ ਆਪਣੀ ਪਹੁੰਚ ਦਾ ਪ੍ਰਦਰਸ਼ਨ ਵੀ ਕਰਦਾ ਹੈ।

ਇਸ ਗ਼ਦਰ-ਕਾਵਿ ਦੇ ਬਹੁਤੇ ਕਵੀਆਂ ਨੇ ਗੁੰਮਨਾਮ ਰਹਿ ਕੇ ਕਾਵਿ–ਸਿਰਜਣਾ ਕੀਤੀ ਜਿਥੋਂ ਉਨ੍ਹਾਂ ਦੀ ਲੜਾਈ ਦੀ ਵਿਚਾਰਧਾਰਕ ਪਹੁੰਚ ਪ੍ਰਤਿ ਇਕ ਸਿਪਾਹੀ ਵਾਂਗ ਲੜੇ ਜਾਣ ਦੇ ਸੰਕੇਤ ਮਿਲਦੇ ਹਨ। ਕੁਝ ਕੁ ਕਵੀਆਂ ਦੀ ਕਵਿਤਾ ਅਸਲ ਨਾਵਾਂ ਹੇਠ ਵੀ ਪ੍ਰਾਪਤ ਹੈ। ਗ਼ਦਰ ਲਹਿਰ ਨੇ ਦੇਸ ਵਾਸੀਆਂ ਨੂੰ ਆਜ਼ਾਦੀ ਦੇ ਚਰਿਤਰ ਨਾਲ ਹੀ ਪ੍ਰੀਚਿੱਤ ਨਹੀਂ ਕਰਵਾਇਆ ਸਗੋਂ ਭਾਰਤੀਆਂ ਨੂੰ ਗਫ਼ਲਤ ਦੀ ਨੀਂਦ ਤੋਂ ਜਗਾ ਕੇ ਫ਼ਰੰਗੀਆਂ ਦੇ ਖ਼ਿਲਾਫ ਫੈਸਲਾਕੁੰਨ ਯੁੱਧ ਦਾ ਸੱਦਾ ਦਿੱਤਾ ਹੈ ਜੋ ਸਾਡੇ ਦੇਸ਼ ਨੂੰ ਆਰਥਿਕ ਪੱਖੋਂ ਵੀ ਘੁਣ ਵਾਂਗ ਖਾ ਰਿਹਾ ਹੈ। ਇਹ ਕਾਵਿ ਸਮੁੱਚੀ ਪੰਜਾਬੀ ਕਵਿਤਾ ਲਈ ਇਕ ਵਿਸ਼ੇਸ਼ ਪ੍ਰੇਰਨਾ ਬਿੰਦੂ ਹੈ।

ਇਸ ਕਵਿਤਾ ਦਾ ਦੂਜਾ ਪਰਿਪੇਖ ਤੇ ਵਿਸਤਾਰ, ਵਿਚਾਰਧਾਰਾਈ 'ਤੇ ਕਵੀ ਕੁਟੀਆ ਨਾਲ ਜਾ ਜੁੜਦਾ ਹੈ। 'ਕਵੀ' ਦੀ ਕਵਿਤਾ ਦੇ ਜਜ਼ਬੇ ਨਾਲ ਜ਼ੁਲਮ ਦੇ ਗ਼ੁਲਾਮੀ ਦੇ ਖ਼ਿਲਾਫ ਰੋਹ ਤੇ ਵਿਦਰੋਹ ਦਾ ਪ੍ਰਗਟਾਵਾ ਕਰਦੀ ਸੀ। ਇਉਂ ਆਜ਼ਾਦੀ ਦੇ ਘੋਲ ਨੂੰ ਤਿਖੇਰਾ ਕਰਨ ਵਿਚ ਇਸ ਦਾ ਵੀ ਹਿੱਸਾ ਸੀ। ਗ਼ਦਰੀਆਂ ਦੀ ਵਿਚਾਰਧਾਰਾਈ ਇਨਕਲਾਬੀ ਪ੍ਰਚਾਰ ਯੋਜਨਾ ਨੂੰ ਸੂਤਰਿਕ ਰੂਪ ਵਿਚ ਗ੍ਰਹਿਣ ਕਰਕੇ; ਲਹਿਰ ਦੀ ਵਿਆਕਰਣ ਤੇ ਲੜਾਈ ਦੇ ਬੀਜ ਗਣਿਤ ਨੂੰ ਸਮਝਦਿਆਂ ਹੋਇਆਂ 'ਕਵੀ' ਵਿਚਲੇ ਕਵੀਆਂ ਦੀ ਮੂਲ ਸੁਰ ਵਿਰੋਧ ਦੀ ਸੁਰ ਸੀ ਜੋ ਆਜ਼ਾਦੀ ਦੀ ਪ੍ਰਾਪਤੀ ਵੱਲ ਸੇਧਿਤ ਸੀ, ਭਾਵੇਂ ਜ਼ਾਹਿਰਾ ਤੌਰ 'ਤੇ ਉਹ ਅਕਾਲੀ ਮੋਰਚਿਆਂ ਤੋਂ ਪ੍ਰਭਾਵਿਤ ਹੋਵੇ ਜਾਂ ਕਿਸੇ ਹੋਰ ਘਟਨਾਤਮਕ ਵੇਰਵੇ ਤੋਂ ਕੇਂਦਰੀ ਮੁੱਦਾ ਆਜ਼ਾਦੀ ਤੇ ਇਨਕਲਾਬ ਸੀ।

'ਕਵੀ' ਦੀ ਕਵਿਤਾ ਗ਼ਦਰ ਕਾਵਿ ਨਾਲੋਂ ਅਦਬੀ ਜ਼ੌਕ ਦੀ ਪੱਧਰ 'ਤੇ ਅੱਗੇ ਅਤੇ ਵਧੇਰੇ ਸਾਹਿਤਕ ਗੁਣਾਂ ਦਾ ਅਨੁਕਰਣ ਕਰਦੀ ਹੈ ਪਰ ਭਾਵਨਾ ਦੀ ਪੱਧਰ 'ਤੇ, ਸਥਾਪਤੀ ਨਾਲ ਵਿਰੋਧ ਦਾ ਰਿਸ਼ਤਾ ਸਥਾਪਤ ਕਰੀ ਰਖਦੀ ਹੈ। ਗਿਆਨੀ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਤੋਂ ਵਾਪਸ ਜਦੋਂ ਬਜਬਜਘਾਟ ਪੁੱਜੇ ਤਾਂ ਉਥੇ ਜੋ ਸਾਕਾ ਵਾਪਰਿਆ, ਉਸਦੇ ਅਣਮਨੁੱਖੀ ਵੇਰਵੇ, ਇਤਿਹਾਸ ਦੀ ਕੁੱਖ ਵਿਚ ਸਾਂਭੇ ਪਏ ਹਨ। ਏਸੇ ਪ੍ਰਸੰਗ ਵਿਚ ਮੁਨਸ਼ਾ ਸਿੰਘ ਦੁਖੀ ਵੀ ਪੇਸ਼ ਹਨ ਅਤੇ ਉਹ ਰੂਪੋਸ਼ ਹੋ ਕੇ ਗਏ। ਮੁਨਸ਼ਾ ਸਿੰਘ ਦੁਖੀ ਹੋਰਾਂ ਨੂੰ ਵੀ ਆਜ਼ਾਦੀ ਤੇ ਗ਼ੁਲਾਮੀ ਦਾ ਅੰਤਰਬੋਧ ਹੋ ਚੁੱਕਾ ਸੀ ਅਤੇ ਉਨ੍ਹਾਂ

ਗ਼ਦਰੀਆਂ ਦੀ ਨੀਤੀ ਤੇ ਸੋਚ ਨਾਲ ਸਮਰੂਪਤਾ ਸੀ; ਇਸ ਲਈ ਇਹ ਗ਼ਦਰੀ–ਸੰਵੇਦਨਾ ਤੇ ਆਜ਼ਾਦੀ ਪ੍ਰਾਪਤੀ ਦੀ ਇੱਛਾ ਨਿਰੰਤਰ ਉਨ੍ਹਾਂ ਦੇ ਕੰਮ ਤੇ ਵਿਹਾਰ ਦਾ ਅਟੁੱਟ ਅੰਗ ਰਹੀ। ਉਨ੍ਹਾਂ ਜੇਲ੍ਹ ਯਾਤਰਾ ਵੀ ਕੀਤੀ। ਉਨ੍ਹਾਂ ਦੇ ਦੂਸਰੇ ਸ੍ਰ. ਸੌਦਾਗਰ ਸਿੰਘ ਭਿਖਾਰੀ ਸਨ; ਜਿਨ੍ਹਾਂ ਨੇ ਤਨੋ, ਮਨੋ ਤੇ ਧਨੋ, ਦੁਖੀ ਜੀ ਦੀ ਹਰ ਯੋਜਨਾ ਦਾ ਸਾਥ ਦਿੱਤਾ। ਇਨ੍ਹਾਂ ਨੇ 'ਕਵੀ ਕੁਟੀਆ' ਨਾਂ ਦੀ ਸੰਸਥਾ ਬਣਾਈ। 'ਕਵੀ' ਨਾਂ ਦਾ ਮੈਗ਼ਜ਼ੀਨ ਪ੍ਰਕਾਸ਼ਿਤ ਕੀਤਾ। ਭਿਖਾਰੀ ਜੀ ਕਿੱਤੇ ਵਜੋਂ ਇੰਜੀਨੀਅਰ ਸਨ, ਪਰ ਇਨ੍ਹਾਂ ਦੋਹਾਂ ਦੀ (ਭਿਖਾਰੀ ਤੇ ਦੁਖੀ) ਜੁਗਲਬੰਦੀ ਨੇ ਕਲਕੱਤੇ ਵਿਚ ਅਦਬੀ ਸਰਗਰਮੀਆਂ ਦੀ ਅਜਿਹੀ ਮਸ਼ਾਲ ਬਾਲੀ ਕਿ ਇਨ੍ਹਾਂ ਦਾ ਮੈਗ਼ਜ਼ੀਨ ਵੀ ਚਲ ਨਿਕਲਿਆ ਅਤੇ ਹੋਰ ਦੋਸਤ ਵੀ ਸ਼ਾਮਿਲ ਹੁੰਦੇ ਗਏ। ਗ਼ਦਰੀ ਵਿਚਾਰ ਤੇ ਭਾਵਨਾਵਾਂ ਮਨ ਵਿਚ ਨਿਰੰਤਰ ਯਾਤਰਾ ਕਰਦੀਆਂ ਤੇ ਖੌਰੂ ਪਾਉਂਦੀਆਂ ਕਵਿਤਾ ਦੇ ਰੂਪ ਵਿਚ ਉਜਾਗਰ ਹੁੰਦੀਆਂ। ਆਰੰਭ ਵਿਚ ਤਾਂ ਇਹ ਗੁਰਪੁਰਬਾਂ ਉਤੇ ਟ੍ਰੈਕਟ ਛਾਪ ਕੇ ਵੰਡਿਆ ਕਰਦੇ ਸਨ, ਪਰ ਕਵੀ ਦੀ ਸੰਪਾਦਨਾ ਵਿਚ ਸ੍ਰ. ਸੌਦਾਗਰ ਸਿੰਘ ਭਿਖਾਰੀ ਹੋਰਾਂ ਦੀ ਅਦ੍ਰਿਸ਼ਟ ਪਰ ਸਹਿਜ ਭੂਮਿਕਾ ਹਮੇਸ਼ਾ ਕਵੀ ਲਈ ਗੁਣਕਾਰੀ ਸਿੱਧ ਹੁੰਦੀ ਰਹੀ। ਇਸ ਜੋੜੀ ਦੀ ਸੰਪਾਦਨਾ–ਯੋਗਤਾ ਤੇ ਸੰਪਾਦਨ ਸ਼ਊਰ ਦਾ ਕਮਾਲ ਇਹ ਸੀ ਕਿ ਉਨ੍ਹਾਂ ਕਵਿਤਾ ਦੀ ਸਿਰਜਣ ਕਲਾ, ਇਸ ਦੇ ਪਿੰਗਲ ਪ੍ਰਬੰਧ ਅਤੇ ਕਵਿਤਾ ਦਾ ਉਦੇਸ਼ ਤੇ ਆਦਰਸ਼ ਵਰਗੇ ਮਸਲਿਆਂ ਸੰਬੰਧੀ ਬੜੀ ਸੰਜੀਦਾ ਪ੍ਰਸ਼ਨੋਤਰੀ ਦੀ ਸਿਰਜਣਾ ਕੀਤੀ। 'ਕਵੀ' ਦੇ ਪਹਿਲੇ ਅੰਕ ਵਿਚ ਵੀ ਬੜੀ ਖੂਬਸੂਰਤ ਤੇ ਸੰਜੀਦਾ ਵਾਰਤਕ ਦੇ ਦੀਦਾਰ ਹੁੰਦੇ ਹਨ; ਜਿਸ ਵਿਚ

- ਧਨੀ ਰਾਮ ਚਾਤ੍ਰਿਕ ਦਾ ਕਾਵਯ
- ਚਰਨ ਸਿੰਘ ਸ਼ਹੀਦ ਦਾ ਪਿੰਗਲ ਦੀ ਲੋੜ ਕਿੰਨੀ ਕੁ ਹੈ ?
- ਬਾਵਾ ਬੁਧ ਸਿੰਘ ਦਾ ਕਵਿਤਾ ਕੀ ਏ ?

ਲੇਖ ਕਾਵਿ–ਸਿਰਜਣਾ ਤੇ ਕਾਵਿ–ਮਨੋਰਥ ਦੇ ਬੁਨਿਆਦੀ ਪ੍ਰਸ਼ਨ ਦੀ ਪ੍ਰਕਿਰਤੀ ਨਾਲ ਰਿਸ਼ਤਾ ਜੋੜਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਕਾਵਯ ਸਿੱਖਿਆ ਦੇ ਸਿਰਲੇਖ ਹੇਠ ਨਵੇਂ ਕਵੀਆਂ ਦਾ ਮਾਰਗ ਦਰਸ਼ਨ ਕੀਤਾ ਗਿਆ ਅਤੇ ਸ਼ਬਦ–ਭੇਦਾਂ, ਅਰਥ-ਭੇਦਾਂ, ਛੰਦ, ਅਲੰਕਾਰ ਤੇ ਰਸ ਦੀ ਵਰਤੋਂ ਵਿਹਾਰ ਬਾਰੇ ਚਾਨਣਾ ਪਾਇਆ ਜਾਂਦਾ।

ਕਵੀ ਨੇ ਪ੍ਰਸਿੱਧ ਹਿੰਦੀ ਤੇ ਬੰਗਾਲੀ ਕਲਮਕਾਰਾਂ ਦੀਆਂ ਰਚਨਾਵਾਂ ਦੇ ਅਨੁਵਾਦ ਵੀ ਛਾਪੇ। ਅਨੁਵਾਦ ਦੇ ਖੇਤਰ ਵਿਚ ਸ੍ਰ. ਸੌਦਾਗਰ ਸਿੰਘ ਭਿਖਾਰੀ ਹੋਰਾਂ ਵੀ ਚੋਖਾ ਕੰਮ ਕੀਤਾ। ਜਿਵੇਂ ਬੰਕਮ ਚੰਦਰ ਚਟੋਪਾਧਿਆਇ ਦਾ ਪ੍ਰਸਿੱਧ ਨਾਵਲ *ਦੇਵੀ ਚੌਧਰਾਣੀ* ਦੋ ਹਿੱਸਿਆਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਕ ਲੰਬੀ ਕਹਾਣੀ *ਸ਼ਾਦੀ ਕਿ ਬਰਬਾਦੀ* ਵਿਹਾਰ ਸੁਧਾਰ ਵਿਚ ਪ੍ਰਕਾਸ਼ਿਤ ਹੋਈ। ਦਿਵਜੇਂਦਰ ਲਾਲ ਰਾਏ ਦਾ ਨਾਟਕ *ਦੁਰਗਾ ਦਾਸ* ਅਤੇ ਪ੍ਰਮੋਥੋ ਨਾਥ ਚਟੋਪਾਧਿਆਇ ਦਾ ਨਾਵਲ *ਰਾਜਪੂਤਨੀ* ਵੀ ਅਨੁਵਾਦ ਕੀਤੇ। ਆਪ ਦੀਆਂ ਕਵਿਤਾਵਾਂ ਅਤੇ ਕਵਿਤਾਵਾਂ ਦੇ ਟ੍ਰੈਕਟ ਵੀ ਛਪੇ। 1930 ਵਿਚ ਆਪ ਦਾ ਕਾਵਿ ਸੰਗ੍ਰਹਿ *ਪ੍ਰੇਮ ਲਹਿਰਾਂ* ਕਵੀ ਕੁਟੀਆ ਵੱਲੋਂ ਵੀ ਪ੍ਰਕਾਸ਼ਿਤ ਕੀਤਾ ਗਿਆ। ਕਿਉਂਕਿ ਆਪ ਕਵਿਤਾ ਸਹਿਜੇ ਹੀ ਰਚ ਲੈਂਦੇ ਹਨ। ਇਸ ਲਈ ਗੁੰਮਨਾਮ ਕਵੀਆਂ ਦੇ ਨਾਂ ਹੇਠਾਂ ਵੀ ਲਿਖਦੇ ਰਹੇ। ਸ੍ਰ ਸਿੰਘ ਕਲਕੱਤਾ ਦੇ ਨਾਂ ਹੇਠ, ਤਾਂ ਜੋ ਆਪਣੇ ਨਾਂ ਥੱਲੇ ਵਧੇਰੇ ਲਿਖਤਾਂ ਛਪਣ ਨਾਲ ਗ਼ਲਤ ਪ੍ਰਭਾਵ ਨਾ ਜਾਵੇ।

ਸੌਦਾਗਰ ਸਿੰਘ ਭਿਖਾਰੀ ਜੀ ਦੀ ਕਵਿਤਾ ਦਾ ਮੂਲ ਚਰਿਤਰ ਇਨਕਲਾਬੀ ਤੇ ਸਮਾਜ ਸੁਧਾਰਕ ਸੀ; ਕਵਿਤਾ ਭਾਵੇਂ ਧਰਮ ਦੇ ਹਵਾਲੇ ਨਾਲ ਲਿਖੀ ਹੋਵੇ ਭਾਵੇਂ ਧਾਰਮਿਕ ਇਤਿਹਾਸ 'ਤੇ ਕੇਂਦ੍ਰਿਤ ਹੋਵੇ। ਭਿਖਾਰੀ ਜੀ ਨੇ ਚਾਰ ਸਾਲ ਨਿਰੰਤਰ 'ਕਵੀ' ਦੀ ਖਿਦਮਤ ਕੀਤੀ। ਸਿਰਜਨਾਤਮਕ ਕਵੀ ਵਜੋਂ ਅਤੇ

ਸੰਪਾਦਨ ਸਹਾਇਕ ਵਜੋਂ ਆਪ ਦੀ ਘਾਲਣਾ ਦੇ ਸਾਂਝੇ ਫਲ ਵਜੋਂ ਅਦਬੀ ਪਰਖ ਪੜਚੋਲ ਵੀ ਆਰੰਭ ਹੋਈ। ਪ੍ਰੋ. ਮੋਹਨ ਸਿੰਘ ਦੀ ਇਕ ਨਜ਼ਮ ਦੀ ਇਕ ਪੰਗਤੀ, 'ਕਿਤੇ ਦੰਦੋ ਦੰਦ ਕਟੋਰੇ ਨੇਂ', ਉਤੇ ਬੜੀ ਲੰਮੀ ਬਹਿਸ ਚਲੀ ਕਿ 'ਨੱਕੋ ਨੱਕ' ਤਾਂ ਹੋ ਸਕਦਾ ਹੈ ਇਹ 'ਦੰਦੋ ਦੰਦ' ਕੀ ਹੋਇਆ? ਓੜਕ ਪ੍ਰਿੰਸੀਪਲ ਤੇਜਾ ਸਿੰਘ ਦੀ ਦਖ਼ਲਅੰਦਾਜ਼ੀ 'ਤੇ ਇਹ ਬਹਿਸ ਨੇ ਮੁੰਦਾਵਣੀ ਗ੍ਰਹਿਣ ਕੀਤੀ ਕਿ ਇਹ ਪੋਠੋਹਾਰੀ ਸ਼ਬਦ ਹੈ ਅਤੇ ਇਸ ਦੇ ਸਮਾਨ ਅਰਥ ਹਨ। ਮੁਨਸ਼ਾ ਸਿੰਘ ਦੁਖੀ ਕਿਉਂਕਿ ਗ਼ਦਰੀਆਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ; ਇਸ ਲਈ ਧਰਮ ਜਾਂ ਸੰਪਰਦਾਇਕਤਾ ਜਾਂ ਅਜਿਹੀਆਂ ਸੌੜੀਆਂ ਭਾਵਨਾਵਾਂ, ਇਸ ਦਿਸ਼ਾ ਵਿਚ ਨਿਕਾਰੀਆਂ ਗਈਆਂ। ਮਨੁੱਖਤਾਵਾਦੀ, ਸਰਬੱਤ ਦੇ ਭਲੇ ਵਾਲੀਆਂ, ਰਾਸ਼ਟਰੀਅਤਾ ਅਤੇ ਪੰਜਾਬੀਅਤ ਦੀ ਚਿੰਤਨਧਾਰਾ ਨਾਲ ਜੁੜੇ ਰਹਿਣ ਦੀਆਂ ਭਾਵਨਾਵਾਂ ਦਾ ਖੁੱਲ੍ਹ ਕੇ ਨਿਰੂਪਣ ਹੁੰਦਾ ਰਿਹਾ। ਗ਼ਦਰੀ ਕਾਵਿ ਦਾ ਪ੍ਰਭਾਵ ਇਸ 'ਕਵੀ' ਦੀ ਕਵਿਤਾ ਉਤੇ ਤਾਂ ਰਿਹਾ ਹੈ; ਗ਼ਦਰ ਕਾਵਿ ਦਾ ਪ੍ਰਭਾਵ ਅੱਜ ਵੀ ਅਤਿ ਆਧੁਨਿਕ ਕਵਿਤਾ 'ਤੇ ਵੀ ਰੂਪਾਂਤ੍ਰਿਤ ਹੋਇਆ ਵੇਖਿਆ ਜਾ ਸਕਦਾ ਹੈ।

'ਕਵੀ' ਰਾਹੀਂ ਕੇਵਲ ਕਵਿਤਾ, ਸਿਰਜਣ, ਉਦੇਸ਼ ਤੇ ਪ੍ਰਕਾਰਜ ਨਾਲ ਹੀ ਲੇਖ ਨਹੀਂ ਛਾਪੇ ਗਏ ਸਗੋਂ ਭਾਸ਼ਾ ਤੇ ਵਿਆਕਰਣ ਨਾਲ ਸੰਬੰਧਿਤ ਨੁਕਤਿਆਂ 'ਤੇ ਵੀ ਵਿਚਾਰ ਕੇਂਦ੍ਰਿਤ ਕੀਤੇ ਗਏ। ਜਿਵੇਂ:

- *ਵਿਸ਼ਰਾਮ ਚਿੰਨ੍ਹ ਦੀ ਵਰਤੋਂ–ਤੇਜਾ ਸਿੰਘ*
- *ਮਾਤ ਬੋਲੀ ਪੰਜਾਬੀ ਦੀ ਸੱਚੀ ਮੁੱਚੀ ਉੱਨਤੀ ਕਿਵੇਂ ਹੋ ਸਕਦੀ ਹੈ?–ਗੁਰਾਂਦਿੱਤਾ ਖੰਨਾ*
- *ਪੰਜਾਬੀ ਬੋਲੀ ਵਿਚ ਓਪਰੇ ਲਫ਼ਜ਼–ਧਨੀ ਰਾਮ ਚਾਤ੍ਰਿਕ*
- *ਪੰਜਾਬੀ ਲਿਖਤ ਵਿਚ ਸ਼ਬਦ-ਜੋੜ–ਧਨੀ ਰਾਮ ਚਾਤ੍ਰਿਕ*

ਇਨ੍ਹਾਂ ਮੁੱਦਿਆਂ ਉਤੇ ਛਪੇ ਲੇਖ ਇਸ ਗੱਲ ਦੀ ਨਿਸ਼ਾਨਦੇਹੀ ਕਰਦੇ ਹਨ ਕਿ ਉਸ ਵੇਲੇ ਲੇਖਕ ਤੇ ਸੰਪਾਦਕ ਭਾਸ਼ਾਈ ਅਤੇ ਵਿਆਕਰਣਕ ਸਮੱਸਿਆਵਾਂ ਅਤੇ ਸ਼ਬਦ-ਜੋੜਾਂ ਦੀ ਵਰਤੋਂ ਦੇ ਆਪਹੁਦਰੇਪਨ ਤੋਂ ਸੁਚੇਤ ਸਨ ਪਰ ਇਹ ਸਮੱਸਿਆ ਅੱਜ ਵਧੇਰੇ ਦੀਰਘ ਹੁੰਦੀ ਹੈ ਤੇ ਪੰਜਾਬੀ ਸ਼ਬਦ ਜੋੜਾਂ ਪ੍ਰਤਿ ਅਤਿਅੰਤ ਕਿਸਮ ਦੀ ਉਦਾਸੀਨਤਾ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ, ਜਿਸਦੇ ਫਲਸਰੂਪ ਪੰਜਾਬੀ ਬੋਲੀ ਦਾ ਆਪਣਾ ਮੁਹਾਵਰਾ ਤੇ ਸ਼ਨਾਖ਼ਤ ਸ਼ਹਿਰੀ ਪੰਜਾਬੀ ਵਿਚੋਂ ਗਾਇਬ ਹੋ ਰਹੇ ਹਨ ਤੇ ਟੀ. ਵੀ. ਨੇ ਪੰਜਾਬੀ ਜੋੜਾਂ ਨੂੰ ਹੋਰ ਵੀ ਢਾਹ ਲਾਈ ਹੈ।

ਗ਼ਦਰੀਆਂ ਨੇ ਦੇਸੋਂ ਬਾਹਰ ਰਾਸ਼ਟਰੀਅਤਾ ਤੇ ਪੰਜਾਬੀਅਤ ਨੂੰ ਵੀ ਜਿਉਂਦਿਆਂ ਰੱਖਿਆ ਤੇ ਦੇਸ਼ ਆਜ਼ਾਦੀ ਲਈ ਜ਼ਮੀਨ ਤਿਆਰ ਕੀਤੀ ਤੇ ਜੱਦੋ-ਜਹਿਦ ਜਾਰੀ ਰੱਖੀ ਅਤੇ ਉਨ੍ਹਾਂ ਨੇ ਕਵਿਤਾ ਤੇ ਪੱਤਰਕਾਰੀ ਨੂੰ ਹਥਿਆਰ ਬਣਾਇਆ। ਮੁਨਸ਼ਾ ਸਿੰਘ ਦੁਖੀ ਤੇ ਸੌਦਾਗਰ ਸਿੰਘ ਭਿਖਾਰੀ ਨੇ ਪੰਜਾਬੋਂ ਬਾਹਰ ਬੰਗਾਲ ਦੇ ਸ਼ਹਿਰ ਕਲਕੱਤੇ ਵਿਚ ਇਨਕਲਾਬੀ ਵਿਚਾਰਧਾਰਾ ਤੇ ਆਜ਼ਾਦੀ, ਅਣਖ ਤੇ ਲੜਾਈ ਨੂੰ ਸਿੱਧੇ ਅਸਿੱਧੇ ਢੰਗ ਨਾਲ ਜਾਰੀ ਰੱਖਣ ਵਿਚ ਆਪਣੀ ਲਾਮਿਸਾਲ ਭੂਮਿਕਾ ਨਿਭਾਈ। ਉਥੇ ਪ੍ਰਦੇਸ ਵਿਚ ਰਹਿੰਦਿਆਂ ਪੰਜਾਬੀ ਭਾਸ਼ਾ, ਬੋਲੀ, ਮੁਹਾਵਰੇ, ਕਾਵਿ ਸਿਰਜਣ ਤੇ ਕਾਵਿ ਜਾਚ ਜੇਹੇ ਮੁੱਦਿਆਂ 'ਤੇ ਗੰਭੀਰ ਚਿੰਤਨ ਦਾ ਆਰੰਭ ਕੀਤਾ। ਉਨ੍ਹਾਂ ਦੀ ਸੰਪਾਦਨ ਕਲਾ ਦਾ ਕਮਾਲ ਹੈ ਕਿ ਅੱਜ ਵੀ ਉਨ੍ਹਾਂ ਦੀ ਪੱਤਰਕਾਰਤਾ ਦੀ ਨੁਹਾਰ ਬੀਜ ਰੂਪ ਵਿਚ ਆਧੁਨਿਕ ਪੱਤਰਕਾਰੀ ਦੇ ਮਿਸ਼੍ਰਿਤ ਚਰਿਤਰ ਵਿਚ ਸਹਿਜੇ ਹੀ ਰਮੀ ਹੋਈ ਵੇਖੀ ਜਾ ਸਕਦੀ ਹੈ।

ਭਿਖਾਰੀ ਜੀ ਦੀ ਸਾਹਿਤਕ ਘਾਲਣਾ ਤੇ ਕਾਰਗੁਜ਼ਰਾਰੀ ਬਾਰੇ ਬਹੁਤ ਸਾਰੇ ਲੇਖਕਾਂ ਨੇ ਆਪਣੇ ਵਿਚਾਰ ਅੰਕਿਤ ਕੀਤੇ ਜਿਨ੍ਹਾਂ ਵਿਚੋਂ ਪ੍ਰੋ. ਬ੍ਰਿਜ ਲਾਲ ਸ਼ਾਸਤਰੀ, ਬਾਵਾ ਬੁਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ,

ਪ੍ਰੋ. ਪ੍ਰੀਤਮ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਰਾਜਾ ਸਰ ਦਲਜੀਤ ਸਿੰਘ, ਕੁਲਬੀਰ ਸਿੰਘ ਕਾਂਗ ਤੇ ਊਸ਼ਾ ਖੰਨਾ ਨੇ ਵੀ ਭਰਪੂਰ ਸ਼ਬਦਾਂ ਵਿਚ ਉਨ੍ਹਾਂ ਦੀ ਕੀਰਤੀ ਤੇ ਕਮਾਈ ਦਾ ਉਲੇਖ ਕੀਤਾ ਹੈ।

ਅੱਜ ਜੇ ਅਸੀਂ ਉਸ ਕਾਲ–ਬਿੰਦੂ ਤੇ ਖਲੋ ਕੇ ਦੁਖੀ ਤੇ ਭਿਖਾਰੀ ਜੀ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਈਏ ਤਾਂ ਨਿਰਸੰਦੇਹ ਉਨ੍ਹਾਂ ਨੇ ਸਹਿਤ ਸਿਰਜਣਾ ਤੇ ਸਾਹਿਤ ਆਲੋਚਨਾ ਦੇ ਖੇਤਰ ਵਿਚ ਬੜਾ ਵਡਮੁੱਲਾ ਯੋਗਦਾਨ ਪਾਇਆ ਹੈ। ਅੱਜ ਵੀ ਉਹ ਪ੍ਰਸ਼ਨ, ਮੁੱਦੇ ਤੇ ਸਰੋਕਾਰ ਮਹੱਤਵਪੂਰਨ ਹਨ ਜਿਹੜੇ ਉਨ੍ਹਾਂ ਨੇ ਉਸ ਕਾਲ ਵਿਚ ਪ੍ਰਦੇਸ ਵਿਚ ਰਹਿੰਦਿਆਂ ਉਪਜੀਵਕਾ ਦੀ ਲੜਾਈ ਲੜਦਿਆਂ ਛੇੜੇ।

ਪੰਜਾਬੀ ਅਦਬੀ ਪੱਤਰਕਾਰੀ ਦੇ ਵਿਕਾਸ ਨੂੰ ਗ਼ਦਰ ਪ੍ਰਕਾਸ਼ਨਾ ਤੋਂ ਆਰੰਭ ਕਰਨ ਦੀ ਜ਼ਾਹਰਾ ਤੌਰ 'ਤੇ ਕਈ ਦੋਸਤਾਂ ਨੂੰ ਸਿੱਧੀ ਪ੍ਰਸੰਗਿਕਤਾ ਬਣਦੀ ਦ੍ਰਿਸ਼ਟੀਗੋਚਰ ਨਾ ਹੋਵੇ, ਪਰ ਇਸ ਰਸਾਲੇ ਦਾ ਚਰਿਤਰ ਤੇ ਕਵੀਆਂ ਦੀਆਂ ਕਵਿਤਾਵਾਂ ਦਾ ਰੁਖ ਤੇ ਵਿਚਾਰ-ਪ੍ਰਬੰਧ ਦੀ ਦਿਸ਼ਾ, ਥੋੜ੍ਹੇ ਫ਼ਰਕ ਨਾਲ ਭਾਵ ਪੱਧਰ 'ਗ਼ਦਰ-ਕਾਵਿ ਤੇ ਸਮਾਨਾਂਤਰ ਚਲਦੀ ਹੈ। ਇਹ ਵਿਕਾਸ ਇਸ ਕਾਵਿ ਸਿਰਜਣਧਾਰਾ ਦਾ ਸਾਂਝਾ ਲੱਛਣ ਹੈ। ਪ੍ਰਚਾਰ, ਪ੍ਰਸਾਰ ਤੇ ਵਿਚਾਰ ਤਿੰਨੇ ਅੰਗ ਸੰਗ ਰਹਿ ਕੇ ਇਸ ਪੱਤਰਕਾਰੀ ਦੇ ਮਾਧਿਅਮ ਰਾਹੀਂ ਨਿਰੰਤਰ ਵਿਦਰੋਹੀ ਸੁਰ ਵਿਚ ਯਾਤਰਾ ਕਰਦੇ ਹਨ। ਇਨ੍ਹਾਂ ਬਜ਼ੁਰਗਾਂ ਦੀ ਇਹ ਪੱਤਰਕਾਰੀ ਤੇ ਸਾਹਿਤਕਾਰੀ ਦੇ ਮਿਸ਼੍ਰਿਤ ਉਦਮ ਦੀ ਪ੍ਰਸ਼ੰਸਾ ਕਰਨੀ ਤੇ ਮੁਲਾਂਕਣ ਕਰਨਾ ਦਰਅਸਲ ਪੁਨਰ-ਸਿਰਜਨ ਹੀ ਨਹੀਂ ਸਗੋਂ ਰਿਣ-ਮੁਕਤ ਹੋਣ ਦੀ ਚੇਸ਼ਟਾ ਕਰਨਾ ਹੈ। ਇਹ ਗ਼ਦਰ-ਕਾਵਿ ਦੀ ਹੀ ਜਾਗ ਸੀ, ਜਿਸਨੇ ਦੁਖੀ ਨੂੰ ਇਸ ਦਿਸ਼ਾ ਵੱਲ ਪ੍ਰੇਰਿਤ ਕੀਤਾ ਅਤੇ ਭਿਖਾਰੀ ਹੋਰੀਂ ਉਨ੍ਹਾਂ ਦੀ ਸੱਜੀ ਬਾਂਹ ਬਣੇ ਰਹੇ। ਗ਼ਦਰ-ਕਾਵਿ ਤੇ ਕਲਕੱਤੇ ਦੇ 'ਕਵੀ' ਵਿਚ ਛਪਿਆ ਕਾਵਿ, ਸਾਡੀ ਆਧੁਨਿਕ, ਜੁਝਾਰੂ ਪੰਜਾਬੀ ਕਵਿਤਾ ਦੀਆਂ ਜੜ੍ਹਾਂ ਹਨ ਜੋ ਇਨਕਲਾਬ ਲਈ ਵਿਚਾਰਧਾਰਾਈ ਆਧਾਰਾਂ ਨੂੰ ਠੋਸ ਧਰਤੀ ਪ੍ਰਦਾਨ ਕਰਨ ਦਾ ਉਪਰਾਲਾ ਕਰਦੀ ਹੈ। ਅੱਜ ਅਸੀਂ 'ਕਵੀ' ਤੇ 'ਕਵੀ ਕੁਟੀਆ' ਦੇ ਹਵਾਲੇ ਨਾਲ ਭਿਖਾਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਉਨ੍ਹਾਂ ਦੀ ਕਵਿਤਾ ਦੀ ਵੰਨਗੀ ਹਾਜ਼ਰ ਕਰ ਰਹੇ ਹਾਂ ਜੋ ਸਾਡੇ ਵਿਚਾਰਾਂ ਦੀ ਪੁਸ਼ਟੀ ਕਰੇਗੀ :

> "ਮੈਂ ਆਪਣੀਆਂ ਮੁਸ਼ਕਲਾਂ ਦਾ ਆਪ ਹੀ ਦਾਰੂ ਬਣਾਵਾਂਗਾ।
> ਗੁਰ ਕੀਤੀ ਤਾਂ ਛੁਟਕਾਰਾ ਤੁਰਤ ਦੁਖਾਂ ਤੋਂ ਪਾਵਾਂਗਾ।
> ਮੇਰੇ ਕਰਤਬਾਂ ਨੂੰ ਦੇਖੇਗਾ, ਜਗਤ ਦਾ ਤਖ਼ਤ ਹਿੱਲੇਗਾ।
> ਮੈਂ ਜਗ ਤੋਂ ਨਿਰਧਨ, ਧਨਵਾਨ ਦਾ ਨਾਂ ਹੀ ਮਿਟਾਵਾਂਗਾ।"

ਇਹ ਨਿਬੰਧ ਕਵੀ-ਕੁਟੀਆ, ਕਵੀ ਦੀ ਪ੍ਰਕਾਸ਼ਨਾ ਜਾਂ ਸੰਪਾਦਕਾਂ ਪ੍ਰਤਿ ਮੁਲਾਂਕਣ ਵੱਲ ਰੁਚਿਤ ਨਹੀਂ ਸਗੋਂ ਭਿਖਾਰੀ ਜੀ ਦੀ ਸਾਧਨਾ ਤੇ ਮਿਹਨਤ ਤੇ ਸਿਮਰਨ ਵੱਲ ਰੁਚਿਤ ਹੈ। ਪੱਤਰਕਾਰੀ ਤੇ ਸਾਹਿਤਕਤਾ ਦਾ ਸੁਮੇਲ, ਪੰਜਾਬੀ ਜ਼ੁਬਾਨ ਦੀ ਬਹਿਬੂਦੀ ਲਈ ਸਾਰਥਿਕ ਯਤਨ ਅਤੇ 'ਕਵੀ' ਦਾ ਸਾਹਿਤਕ ਸਫ਼ਰ ਅੱਜ ਵੀ ਮਹੱਤਵਪੂਰਨ ਤੇ ਪ੍ਰਸੰਗਿਕ ਹਨ ਕਿਉਂਕਿ ਇਹ ਸਾਡੇ ਅਦਬੀ ਸ਼ਊਰ ਦਾ ਬੀਤਿਆ ਜ਼ਰਖੇਜ਼ ਕੱਲ੍ਹ ਹੈ।

◆

# ਸ੍ਰ. ਸੌਦਾਗਰ ਸਿੰਘ ਭਿਖਾਰੀ ਇਕ ਯਾਦ

◆

-ਪ੍ਰੀਤਮ ਸਿੰਘ ਪਰਵਾਨਾ

ਅੰਗ੍ਰੇਜ਼ ਸਾਮਰਾਜੀਆਂ ਕੋਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਜੰਗ ਓਨੀ ਹੀ ਲੰਮੀ ਹੈ ਜਿਨ੍ਹਾਂ ਭਾਰਤ ਵਿਚ ਬਿਉਪਾਰ ਦੀ ਖ਼ਾਤਰ ਆਈ ਈਸਟ ਇੰਡੀਆ ਕੰਪਨੀ ਦਾ ਕਿਲ੍ਹੇ ਬੰਦੀਆਂ ਕਰ ਕੇ ਭਾਰਤ ਦੀ ਧਰਤੀ ਉੱਤੇ ਆਪਣੇ ਪੈਰ ਜਮਾਉਣਾ। ਲੜਾਈਆਂ ਉਹ ਭਾਵੇਂ ਪਲਾਸੀ ਜਾਂ ਬਕਸਰ ਵਿਚ ਲੜੀਆਂ ਗਈਆਂ ਹੋਣ ਜਾਂ ਟੀਪੂ ਸੁਲਤਾਨ ਵਲੋਂ ਮੈਸੂਰ ਵਿਚ, ਹੈ ਸਨ ਸਭੇ ਸਾਮਰਾਜ ਵਿਰੋਧੀ। ਪਰ ਇਹ ਗੱਲ ਆਮ ਹੀ ਆਖੀ ਜਾਂਦੀ ਹੈ ਕਿ ਦੇਸ਼ ਦੀ ਪਹਿਲੀ ਜੰਗ-ਇ-ਆਜ਼ਾਦੀ 1857 ਵਿਚ ਲੜੀ ਗਈ। ਗੱਲ ਇਹ ਵੀ ਪ੍ਰਚਲਤ ਹੈ ਕਿ 1857 ਵਿਚ ਪੰਜਾਬੀਆਂ ਨੇ, ਵਿਸ਼ੇਸ਼ ਕਰ ਸਿੱਖਾਂ ਨੇ, ਵੱਧ ਚੜ੍ਹ ਕੇ ਹਿੱਸਾ ਨਹੀਂ ਪਾਇਆ। ਅਸੀਂ ਇਸ ਵਿਵਾਦ ਵਿਚ ਨਾ ਪੈਂਦਿਆ ਹੋਇਆਂ ਇਹ ਕਹਿਣਾ ਚਾਹੁੰਦੇ ਹਾਂ ਕਿ 1857 ਦੀ ਜੰਗ-ਇ-ਆਜ਼ਾਦੀ ਦੇ ਨਾਕਾਮ ਹੋ ਜਾਣ ਬਾਅਦ ਅੰਗ੍ਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਆਜ਼ਾਦੀ ਦਾ ਝੰਡਾ ਚੁੱਕਣ ਵਾਲਾ ਵੀ ਇਕ ਪੰਜਾਬੀ ਹੀ ਸੀ ਜਿਸ ਦਾ ਨਾਮ ਸੀ ਬਾਬਾ ਰਾਮ ਸਿੰਘ। ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਸਾਬਕਾ ਕਰਮਚਾਰੀ ਸੀ। ਉਸ ਵਲੋਂ ਚਲਾਈ ਗਈ ਕੂਕਾ ਲਹਿਰ (ਜਿਸ ਨੂੰ ਨਾਮਧਾਰੀ ਸੰਪਰਦਾ ਵੀ ਕਿਹਾ ਜਾਂਦਾ ਹੈ) ਨੇ ਹਮੇਸ਼ਾ ਦੇਸ਼ ਦੀ ਆਜ਼ਾਦੀ ਦੀ ਜੰਗ ਦਾ ਵਧ ਚੜ੍ਹ ਕੇ ਸਾਥ ਦਿੱਤਾ। ਇਹ ਬਾਬਾ ਰਾਮ ਸਿੰਘ ਹੀ ਸਨ, ਜਿਹਨਾਂ ਨੇ ਸੁਦੇਸ਼ੀ ਦੀ ਧਾਰਨਾ ਸਭ ਤੋਂ ਪਹਿਲਾਂ ਪ੍ਰਚਾਰੀ ਵੀ ਅਤੇ ਉਸ ਉਤੇ ਅਮਲ ਵੀ ਕੀਤਾ। ਬਹਾਦਰ ਸ਼ਾਹ ਜ਼ਫਰ ਤੋਂ ਬਾਅਦ ਦੇਸ਼ ਦੀ ਆਜ਼ਾਦੀ ਲਈ ਜਲਾਵਤਨ ਹੋਣ ਵਾਲੇ ਸ਼ਾਇਦ ਉਹ ਪਹਿਲੇ ਪੰਜਾਬੀ ਅਤੇ ਭਾਰਤੀ ਸਨ। ਉਹ ਵੀ ਜ਼ਫਰ ਵਾਂਗ ਰੰਗੂਨ ਵਿਚ ਹੀ ਸ਼ਹੀਦ ਹੋਏ। ਸ਼ਹੀਦ ਬਾਬਾ ਰਾਮ ਸਿੰਘ ਨੇ ਆਜ਼ਾਦੀ ਦੀ ਜਿਹੜੀ ਚੰਗਿਆੜੀ ਪੰਜਾਬ ਵਿਚ ਲਗਾਈ, ਸ਼ਾਇਦ ਇਹ ਉਸਦਾ ਹੀ ਸਿੱਟਾ ਸੀ ਕਿ ਬਾਅਦ ਵਿਚ ਵੱਖ ਵੱਖ ਦੇਸ਼ ਭਗਤਕ ਲਹਿਰਾਂ ਰਾਹੀਂ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਵਿਤੋਂ ਵੱਧ ਹਿੱਸਾ ਪਾਇਆ। ਇਹ ਹਿੱਸਾ ਉਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਚਲੀਆਂ ਸਮੂਹ ਲਹਿਰਾਂ ਵਿਚ ਪਾਇਆ। ਉਹ ਭਾਵੇਂ ਦੇਸ਼ ਦੇ ਅੰਦਰ ਚਲੀਆਂ ਜਾਂ ਵਿਦੇਸ਼ਾਂ ਵਿਚ। ਪਿਛਲੀ ਸਦੀ ਦੇ ਅੰਤਲੇ ਦਹਾਕੇ ਅਤੇ ਇਸ ਸਦੀ ਦੇ ਸ਼ੁਰੂ ਵਿਚ ਰੋਜ਼ਗਾਰ ਦੀ ਭਾਲ ਵਿਚ ਅਮਰੀਕਾ, ਕੈਨੇਡਾ ਅਤੇ ਲਾਤੀਨੀ ਅਮਰੀਕਾ ਦੇ ਵੱਖ ਵੱਖ ਦੇਸ਼ਾਂ ਵਿਚ ਗਏ ਪੰਜਾਬੀ ਕਿਸਾਨਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਗ਼ਦਰ ਪਾਰਟੀ ਬਣਾ ਕੇ ਇਕ ਖਾੜਕੂ ਲੜਾਈ ਲੜੀ ਅਤੇ ਸਰਾਭੇ ਵਰਗੇ ਸੂਰਬੀਰਾਂ ਨੇ ਫਾਂਸੀ ਦੇ ਰੱਸੇ ਵੀ ਚੁੰਮੇ। 1920ਵਿਆਂ ਵਿਚ ਪੰਜਾਬ ਅੰਦਰ

ਜਿਹੜੀ ਗੁਰਦੁਆਰਾ ਸੁਧਾਰ ਲਹਿਰ ਚਲੀ, ਉਹ ਵੀ ਆਜ਼ਾਦੀ ਸੰਗਰਾਮ ਦਾ ਹੀ ਹਿੱਸਾ ਸੀ। 20ਵਿਆਂ ਦੇ ਅੰਤਾਂ ਤਕ ਆਜ਼ਾਦੀ ਲਹਿਰ ਦੀ ਮੁੱਖ ਧਾਰਾ ਦੀ ਮੰਗ ਦਰਜਾ ਨੌਆਬਾਦੀ ਹੀ ਸੀ। ਪਰ 1929 ਦੀ 31 ਦਸੰਬਰ ਅਤੇ 1930 ਦੀ ਪਹਿਲੀ ਜਨਵਰੀ ਦੀ ਦਰਮਿਆਨੀ ਰਾਤ ਨੂੰ ਰਾਵੀ ਦੇ ਕੰਢੇ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਵਿਚ ਕਾਂਗਰਸ ਦੇ ਸਮਾਗਮ ਨੇ ਜਦੋਂ ਪੂਰਨ-ਆਜ਼ਾਦੀ ਦਾ ਮਤਾ ਪਾਸ ਕਰ ਦਿੱਤਾ ਤਾਂ ਭਾਰਤ ਅਤੇ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿਚ ਇਕ ਗੀਤ ਦੇ ਬੋਲਾਂ ਦੀਆਂ ਗੂੰਜਾਂ ਆਮ ਹੀ ਸੁਣਾਈ ਦੇਂਦੀਆਂ ਸਨ ਜਿਸ ਦੀਆਂ ਪਹਿਲੀਆਂ ਦੋ ਪੰਗਤੀਆਂ ਸਨ :

ਪੂਰੀ ਲੈਣੀ ਏ ਆਜ਼ਾਦੀ, ਲੈਣਾ ਕੁਝ ਘੱਟ ਨਾ।
ਟਿੱਬੇ ਢਾਅ ਮੈਦਾਨ ਬਣਾਉਣਾ, ਛੱਡਣੀ ਕੋਈ ਵੱਟ ਨਾ।

ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਨੇ ਅਤੇ ਬਾਅਦ ਵਿਚ ਭਗਤ ਸਿੰਘ ਹੋਰਾਂ ਦੀ ਸ਼ਹੀਦੀ ਅਤੇ ਪੂਰਨ ਆਜ਼ਾਦੀ ਦੇ ਮਤੇ ਨੇ ਪੰਜਾਬੀ ਸਾਹਿਤਕਾਰਾਂ, ਵਿਸ਼ੇਸ਼ ਕਰ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਗਿਆਨੀ ਗੁਰਮੁਖ ਸਿੰਘ ਮੁਸਾਫਰ, ਵਿਧਾਤਾ ਸਿੰਘ ਤੀਰ, ਹੀਰਾ ਸਿੰਘ ਦਰਦ, ਅਵਤਾਰ ਸਿੰਘ ਆਜ਼ਾਦ ਅਤੇ ਅਨੇਕਾਂ ਹੋਰ ਕਵੀ ਸਟੇਜਾਂ ਉਪਰ ਕਵਿਤਾਵਾਂ ਰਾਹੀਂ ਲੋਕਾਂ ਵਿਚ ਅਥਾਹ ਜੋਸ਼ ਭਰਦੇ ਰਹੇ।

ਇਸ ਦੌਰ ਵਿਚ ਕਈ ਲੋਕਾਂ ਨੂੰ ਪੰਜਾਬ-ਬਦਰ ਵੀ ਕਰ ਦਿੱਤਾ ਗਿਆ। ਉਹਨਾਂ ਵਿਚੋਂ ਕਈ ਕਵੀ ਬੰਗਾਲ ਜਾ ਵੱਸੇ। ਬੰਗਾਲ ਵਿਚਲੇ ਪੰਜਾਬੀ ਕਵੀਆਂ ਵਿਚ ਹੀ ਆ ਰਲੇ ਜ਼ਿਲ੍ਹਾ ਅਮ੍ਰਿਤਸਰ ਦੇ ਭੰਗਾਲੀ ਪਿੰਡ ਦੇ ਜੰਮ-ਪਲ ਸ੍ਰ. ਸੌਦਾਗਰ ਸਿੰਘ 'ਭਿਖਾਰੀ' ਜਿਹੜੇ ਕਿ ਕਾਫੀ ਸਮਾਂ ਆਪਣੇ ਪਿਤਾ ਨਾਲ ਪੂਰਬੀ ਅਫ਼ਰੀਕਾ ਵਿਚ ਮਕੈਨੀਕਲ ਇੰਜੀਨੀਅਰਿੰਗ ਦਾ ਕੰਮ ਕਰਦੇ ਰਹੇ ਸਨ। ਉਹ ਭਾਵੇਂ ਮੁੱਖ ਤੌਰ ਉਤੇ ਇਕ ਧਾਰਮਿਕ ਵਿਅਕਤੀ ਅਤੇ ਸੱਚੇ ਸੁੱਚੇ ਇਨਸਾਨ ਸਨ ਪਰ ਇਸੇ ਗੁਣ ਵਿਚੋਂ ਹੀ ਉਹਨਾਂ ਨੂੰ ਦੇਸ਼ ਭਗਤੀ ਦਾ ਜਜ਼ਬਾ ਮਿਲਿਆ। ਇਧਰ ਪੰਜਾਬ ਵਿਚੋਂ ਹੋਰਾਂ ਦੇ ਨਾਲ ਗਿਆਨੀ ਮਿਹਰ ਸਿੰਘ (ਜਲਾਵਤਨ ਬੰਗਾਲ) ਅਤੇ ਪ੍ਰਸਿੱਧ ਦੇਸ਼ ਭਗਤ ਕਵੀ ਸ੍ਰੀ ਮੁਨਸ਼ਾ ਸਿੰਘ 'ਦੁਖੀ' ਵੀ ਉਥੇ ਪੁੱਜ ਚੁੱਕੇ ਸਨ। 'ਭਿਖਾਰੀ' ਜੀ ਦੀ ਪਹਿਲ ਕਦਮੀ ਉਤੇ 1922 ਵਿਚ ਕਲਕੱਤੇ ਵਿਖੇ ਪੰਜਾਬੀ ਕਵੀਆਂ ਦੀ ਇਕ ਸਭਾ ਹੋਂਦ ਵਿਚ ਆਈ ਜਿਸਨੂੰ 'ਕਵੀ ਕੁਟੀਆ' ਦਾ ਨਾਂ ਦਿੱਤਾ ਗਿਆ। 'ਕਵੀ ਕੁਟੀਆ' ਦਾ ਦਫ਼ਤਰ ਵੀ ਭਿਖਾਰੀ ਜੀ ਦੀ ਕੁਟੀਆ ਹੀ ਸੀ। 'ਕਵੀ ਕੁਟੀਆ' ਪੰਜਾਬੀ ਦੀ ਸ਼ਾਇਦ ਸਭ ਤੋਂ ਪਹਿਲੀ ਪੰਜਾਬੀ ਸਾਹਿਤਕਾਰਾਂ ਦੀ ਜਥੇਬੰਦੀ ਸੀ। ਇਸ ਦੀਆਂ ਮੀਟਿੰਗਾਂ ਜਾਂ ਤਾਂ 'ਭਿਖਾਰੀ' ਜੀ ਦੇ ਘਰ ਹੀ ਹੁੰਦੀਆਂ ਅਤੇ ਜਾਂ ਫਿਰ ਪਾਰਕਾਂ ਵਿਚ।

ਇਸ ਤੋਂ ਪਹਿਲਾਂ ਕਿ 'ਭਿਖਾਰੀ' ਜੀ ਦੀ ਕਵਿਤਾ ਦੇ ਕੁਝ ਤੱਥਾਂ ਬਾਰੇ ਕੁਝ ਕਿਹਾ ਜਾਵੇ, ਮੈਂ ਥੋੜ੍ਹੀ ਕੁ ਗੱਲ ਉਹਨਾਂ ਦੋ ਮਹਾਨ ਦੇਸ਼-ਭਗਤਾਂ ਬਾਰੇ ਕਰਨਾ ਜਰੂਰੀ ਸਮਝਦਾ ਹਾਂ ਜਿਹੜੇ 'ਭਿਖਾਰੀ' ਜੀ ਵਾਂਗ ਹੀ 'ਕਵੀ ਕੁਟੀਆ' ਦੇ ਰੂਹ-ਇ-ਰਵਾਂ ਸਨ। ਇਹਨਾਂ ਦੋਵਾਂ ਦਾ ਸੰਬੰਧ ਵੀ ਅਮ੍ਰਿਤਸਰ ਜ਼ਿਲ੍ਹੇ ਨਾਲ ਹੀ ਸੀ। ਇਕ ਸਨ ਪ੍ਰਸਿੱਧ ਕਵੀ ਸ੍ਰ. ਮੁਨਸ਼ਾ ਸਿੰਘ ਜੀ 'ਦੁਖੀ' ਅਤੇ ਦੂਜੇ ਸਨ ਗਿਆਨੀ ਮਿਹਰ ਸਿੰਘ ਜੀ ਜਲਾਵਤਨ ਬੰਗਾਲ ਜਿਨ੍ਹਾਂ ਦਾ ਸੰਬੰਧ ਅਮ੍ਰਿਤਸਰ ਸ਼ਹਿਰ ਨਾਲ ਹੀ ਸੀ। ਮੈਂ ਆਪਣੇ ਆਪ ਨੂੰ ਬੜੇ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਇਨ੍ਹਾਂ ਤਿੰਨਾਂ ਹੀ ਮਹਾਂਪੁਰਸ਼ਾਂ ਦੇ ਨਾ ਕੇਵਲ ਦਰਸ਼ਨ ਕਰਨ ਦਾ ਹੀ, ਸਗੋਂ ਉਹਨਾਂ ਦੇ ਵਿਚਾਰ ਸੁਣਨ ਦਾ ਅਵਸਰ ਵੀ ਪ੍ਰਾਪਤ ਹੋਇਆ ਹੈ। ਭਿਖਾਰੀ ਜੀ ਜਿੰਨੇ ਸ਼ਾਂਤਚਿੱਤ ਅਤੇ ਧੀਮੀ ਸੁਰ ਵਿਚ ਗੱਲ ਕਰਨ ਵਾਲੇ ਸਨ, ਗਿਆਨੀ ਮਿਹਰ ਸਿੰਘ ਓਨੇ ਹੀ ਸ਼ੋਲਾਅ-ਬਿਆਂ ਮੁਕਰੱਰ

ਸਨ। ਉਨ੍ਹਾਂ ਨੂੰ ਮੈਂ ਬਹੁਤ ਸਾਰੇ ਜਲਸਿਆਂ ਵਿਚ ਭਾਸ਼ਨ ਕਰਦਿਆਂ ਸੁਣਿਆ ਹੈ। ਇਹ ਗੱਲ ਉਹਨਾਂ ਦੀ ਮੈਨੂੰ ਕਦੇ ਨਹੀਂ ਭੁਲਦੀ ਕਿ ਭੁੱਖ ਕੀ ਚੀਜ਼ ਹੁੰਦੀ ਹੈ ? ਗੁਰਦੁਆਰਾ ਸ਼ਹੀਦਾਂ ਦੇ ਨੇੜੇ ਕਾਂਗਰਸ ਵਲੋਂ ਕਰਵਾਏ ਗਏ ਇਕ ਜਲਸੇ ਵਿਚ ਭਾਸ਼ਨ ਕਰਦਿਆਂ ਇਸ ਦੀਆਂ ਉਹਨਾਂ ਦੋ ਮਿਸਾਲਾਂ ਦਿੱਤੀਆਂ। ਪਹਿਲੀ ਸੀ ਚਾਲੀ ਮੁਕਤਿਆਂ ਦੀ ਜਿਹੜੇ ਭੁੱਖ ਦੇ ਦੁਖੋਂ ਦਸਮ ਪਾਤਸ਼ਾਹ ਨੂੰ ਬੇਦਾਵਾ ਦੇ ਆਏ ਸਨ, ਪਰ ਜਦੋਂ ਢਿੱਡੀਂ ਨਾ ਰੋਟੀਆਂ ਪਈਆਂ ਤਾਂ ਉਹੀ ਸਿੰਘ ਮੁਕਤਸਰ ਨੇੜੇ ਭਾਈ ਦਇਆ ਸਿੰਘ ਦੀ ਅਗਵਾਈ ਵਿਚ ਮੁਗਲਾਂ ਵਿਰੁੱਧ ਲੜਦਿਆਂ ਸ਼ਹੀਦ ਹੋ ਕੇ ਦਸ਼ਮ ਪਾਤਸ਼ਾਹ ਤੋਂ ਬੇਦਾਵਾ ਵੀ ਪੜਵਾ ਗਏ ਅਤੇ ਚਾਲੀ ਮੁਕਤੇ ਬਣ ਕੇ ਹਰ ਸਿੱਖ ਵਲੋਂ ਕੀਤੀ ਜਾਂਦੀ ਅਰਦਾਸ ਵਿਚ ਆਪਣਾ ਨਾਮ ਵੀ ਸ਼ਾਮਿਲ ਕਰਵਾ ਗਏ। ਦੂਜੀ ਮਿਸਾਲ ਉਨ੍ਹਾਂ ਦਿੱਤੀ ਉਸ ਮਹਾਰਾਣਾ ਪ੍ਰਤਾਪ ਦੀ ਜਿਨ੍ਹਾਂ ਕਦੇ ਵੀ ਮੁਗਲ ਹਾਕਮਾਂ ਅੱਗੇ ਈਨ ਨਹੀਂ ਸੀ ਮੰਨੀ ਪਰ ਜਦੋਂ ਕਈ ਦਿਨਾਂ ਫਾਕਿਆ ਬਾਅਦ ਨਸੀਬ ਹੋਇਆ ਰੋਟੀ ਦਾ ਟੁਕੜਾ ਵੀ ਬੱਚੀ ਦੇ ਹੱਥੋਂ ਬਿੱਲੀ ਖੋਹ ਕੇ ਲੈ ਗਈ ਤਾਂ ਭੁੱਖੀ ਬੱਚੀ ਦੀ ਨਿਕਲੀ ਚੀਕ ਬਰਦਾਸ਼ਤ ਨਾ ਕਰਦਿਆਂ ਹੋਇਆ ਉਹੋ ਯੋਧਾ ਆਤਮ ਸਮਰਪਣ ਕਰਨ ਤੁਰ ਪਿਆ। ਇਹ ਦੋਵੇਂ ਗੱਲਾਂ ਮੇਰੇ ਚੇਤੇ ਦੀ ਸਲੇਟ ਉਤੇ ਇੰਜ ਉਕਰੀਆਂ ਹੋਈਆਂ ਹਨ ਕਿ ਕਦੇ ਵੀ ਵਿਸਰਦੀਆਂ ਹੀ ਨਹੀਂ।

ਸ੍ਰੀ ਮੁਨਸ਼ਾ ਸਿੰਘ ਜੀ 'ਦੁਖੀ' ਦੇ ਦਰਸ਼ਨ ਅਜਿਹੇ ਸਮੇਂ ਹੋਏ ਜਿਹੜਾ ਅੰਤਾਂ ਦਾ ਦੁਖਾਂ ਭਰਿਆ ਵੀ ਸੀ ਅਤੇ ਕਦੇ ਨਾਂ ਵਿਸਰਨ ਵਾਲਾ ਵੀ। ਪੰਜਾਬ ਦੇ ਮਹਾਂ ਦੇਸ਼ ਭਗਤ ਅਤੇ ਨਵਾਂ ਜ਼ਮਾਨਾ ਦੇ ਉਸ ਸਮੇਂ ਦੇ ਐਡੀਟਰ ਇੰਚਾਰਜ਼ ਕਾਮਰੇਡ ਅਰਜਨ ਸਿੰਘ ਜੀ 'ਗੜਗੱਜ' ਅਮ੍ਰਿਤਸਰ ਕਿਸੇ ਕੰਮ ਆਏ ਅਚਾਨਕ ਹੁਸੈਨਪੁਰੇ ਆਪਣੇ ਰਿਸ਼ਤੇਦਾਰਾਂ ਦੇ ਘਰ ਦਿਲ ਦੀ ਹਰਕਤ ਬੰਦ ਹੋ ਜਾਣ ਕਾਰਨ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦਾ ਸ਼ਰਧਾਂਜਲੀ ਸਮਾਗਮ ਵੀ ਹੁਸੈਨਪੁਰਾ ਚੌਂਕ ਵਿਚ ਹੀ ਹੋਇਆ। ਬੋਲੇ ਹੋਰ ਵੀ ਸੱਜਣ ਸਨ ਪਰ ਜਿਨ੍ਹਾਂ ਸ਼ਬਦਾਂ ਵਿਚ ਸ਼ਰਧਾਂਜਲੀ ਸ੍ਰ ਮੁਨਸ਼ਾ ਸਿੰਘ 'ਦੁਖੀ' ਜੀ ਨੇ ਪੇਸ਼ ਕੀਤੀ, ਨਾ ਉਹ ਕਦੇ ਭੁਲਣੇ ਹਨ ਅਤੇ ਨਾ ਸ਼ਰਧਾਂਜਲੀ ਦੇਣ ਲੱਗਿਆਂ ਸਾਥੀ ਜਗਜੀਤ ਸਿੰਘ ਜੀ ਆਨੰਦ ਵਲੋਂ ਲਗਾਈ ਹੰਝੂਆਂ ਦੀ ਛਹਿਬਰ ਹੀ ਕਦੇ ਵਿਸਰਨੀ ਹੈ। 'ਦੁਖੀ' ਜੀ ਦੀ ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ ਸੀ ਅਤੇ ਬੋਲਣ ਦਾ ਢੰਗ ਬੜਾ ਜਚਵਾਂ ਤੁਲਵਾਂ ਅਤੇ ਠਰ੍ਹੰਮੇ ਭਰਿਆ।

'ਭਿਖਾਰੀ' ਜੀ ਦੇ ਦਰਸ਼ਨ ਉਦੋਂ ਹੋਏ ਜਦੋਂ 11-01-82 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਲੋਕ ਲਿਖਾਰੀ ਸਭਾ, ਅਮ੍ਰਿਤਸਰ, ਦੇ ਸਹਿਯੋਗ ਨਾਲ 'ਭਿਖਾਰੀ' ਜੀ ਅਤੇ ਸ੍ਰੀ ਗੁਰਾਂਦਿਤਾ ਜੀ ਖੰਨਾ ਦੇ ਕੀਤੇ ਜਾਣ ਵਾਲੇ ਸਨਮਾਨ ਦੇ ਸੰਬੰਧ ਵਿਚ ਡਾ. ਕੁਲਬੀਰ ਸਿੰਘ 'ਕਾਂਗ' ਅਤੇ ਕੁਝ ਹੋਰ ਸਾਥੀਆਂ ਨਾਲ ਮੈਂ ਉਨ੍ਹਾਂ ਦੇ ਘਰ ਰਾਣੀ ਬਾਗ਼ ਅਮ੍ਰਿਤਸਰ ਵਿਖੇ ਮੁਲਾਕਾਤ ਕਰਨ ਗਿਆ। ਦਰਮਿਆਨਾ ਕੱਦ, ਸਫ਼ੈਦ ਬਸਤਰ ਪਹਿਨੀ ਅਤੇ ਸਫ਼ੈਦ ਲੰਮੀ ਦਾਹੜੀ ਚਿਹਰੇ ਤੇ ਸਜਾਈ ਉਹ ਕੁਰਸੀ ਉਤੇ ਬੈਠੇ ਸਾਡਾ ਇੰਤਜ਼ਾਰ ਕਰ ਰਹੇ ਸਨ। ਬੋਲਾਂ ਵਿਚ ਠਰ੍ਹੰਮਾਂ, ਸ਼ਬਦ ਜਚੇ ਤੁਲੇ ਸੁਰ ਧੀਮੀ ਅਤੇ ਮਿਠਾਸ ਭਰੀ-ਹੌਲੀ ਹੌਲੀ ਉਨ੍ਹਾਂ ਆਪਣੀ ਸਾਰੀ ਜੀਵਨ ਯਾਤਰਾ ਦੇ ਵੇਰਵਿਆਂ ਤੋਂ ਸਾਨੂੰ ਜਾਣੂ ਕਰਵਾਇਆ। ਉਥੇ ਹੀ ਪਤਾ ਲੱਗਾ ਕਿ ਸਾਡੀ ਸਭਾ ਦੇ ਸਭ ਤੋਂ ਬਜੁਰਗ ਅਤੇ ਇਸ ਦੇ ਜਨਮ ਤੋਂ ਹੀ ਇਸ ਨਾਲ ਜੁੜੇ ਸ੍ਰੀ ਗੁਰਾਂਦਿਤਾ ਜੀ ਖੰਨਾ ਦਾ ਵੀ 'ਕਵੀ ਕੁਟੀਆ' ਨਾਲ ਬੜਾ ਨੇੜਲਾ ਸੰਬੰਧ ਰਿਹਾ ਸੀ। ਖੰਨਾ ਜੀ ਤਾਂ ਅਜਿਹੇ ਬਜ਼ੁਰਗ ਸਨ ਜਿਹੜਾ ਪਹਿਲੀ ਮੁਲਾਕਾਤ ਵਿਚ ਹੀ ਹਰੇਕ ਦਾ ਮਨ ਮੋਹ ਲੈਂਦੇ ਸਨ।

ਇਸ ਮੁਲਾਕਾਤ ਵਿਚ 'ਕਵੀ ਕੁਟੀਆ' ਦੀ ਸਥਾਪਨਾ, ਉਸ ਦੀਆਂ ਗਤੀਵਿਧੀਆਂ ਅਤੇ ਸਮੇਂ ਸਮੇਂ ਲੋੜ ਅਨੁਸਾਰ ਪੰਜਾਬੋਂ ਗਏ ਅਤੇ ਦੂਜੇ ਭਾਰਤੀ ਦੇਸ਼ ਭਗਤਾਂ ਦੀ ਵਿਤ ਅਨੁਸਾਰ ਇਸ

ਵਲੋਂ ਕੀਤੀ ਜਾਣ ਵਾਲੀ ਸੇਵਾ ਦੇ ਵੇਰਵੇਂ ਉਨ੍ਹਾਂ ਸਾਨੂੰ ਦੱਸੇ ਜਿਹੜੇ ਸਨਮਾਨ ਸਮਾਰੋਹ ਦੇ ਸੰਬੰਧ ਵਿਚ ਪ੍ਰਕਾਸ਼ਿਤ ਪੈਂਫਲਿਟ ਵਿਚ ਉਦੋਂ ਛਾਪ ਦਿੱਤੇ ਗਏ ਸਨ।

ਜਿੱਥੋਂ ਤਕ 'ਭਿਖਾਰੀ' ਜੀ ਦੀ ਕਵਿਤਾ ਦਾ ਸੰਬੰਧ ਹੈ, ਉਹਨਾਂ ਦੀ ਪੁਸਤਕ 'ਪ੍ਰੇਮ ਲਹਿਰਾਂ' ਉਪਰ ਮੈਨੂੰ ਝਾਤੀ ਮਾਰਨ ਦਾ ਅਵਸਰ ਮਿਲਿਆ ਹੈ। ਕਵਿਤਾ ਬਾਰੇ ਜੋ ਕੁਝ 'ਜਾਣ ਪਛਾਣ' ਵਿਚ ਪੰਜਾਬੀ ਦੇ ਸਿਰਮੌਰ ਅਤੇ ਬਜ਼ੁਰਗ ਕਵੀ ਲਾਲਾ ਧਨੀ ਰਾਮ 'ਚਾਤ੍ਰਿਕ' ਨੇ ਕਹਿ ਦਿੱਤਾ ਹੈ, ਉਸ ਤੋਂ ਬਾਅਦ ਮੇਰੇ ਵਰਗੇ ਵਿਅਕਤੀ ਲਈ ਕੁਝ ਕਹਿਣਾ "ਸੂਰਜ ਨੂੰ ਦੀਵਾ" ਦਿਖਾਉਣ ਦੇ ਤੁਲ ਹੈ। ਮੇਰੀ ਇਹ ਖੁਸ਼ਕਿਸਮਤੀ ਸਮਝੋ ਕਿ ਮੈਂ ਨਾ ਕੇਵਲ ਚਾਤ੍ਰਿਕ ਜੀ ਦੇ ਦਰਸ਼ਨ ਕੀਤੇ ਹੋਏ ਹਨ, ਅਮਰ ਚਿੱਤਰਕਾਰ ਅਤੇ ਕੁਝ ਹੋਰ ਦੋਸਤਾਂ ਨਾਲ ਮਿਲ ਕੇ ਕਰਵਾਏ ਗਏ ਇਕ ਸਾਵਣ ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਵੀ ਉਨ੍ਹਾਂ ਨੂੰ ਮੈਂ ਵੇਖਿਆ ਅਤੇ ਇਕ ਖ਼ੂਬਸੂਰਤ ਕਵਿਤਾ ਪੜ੍ਹਦਿਆਂ ਵੀ ਸੁਣਿਆ ਸੀ।

'ਪ੍ਰੇਮ ਲਹਿਰਾਂ' ਪੜ੍ਹਨ ਤੋਂ ਬਾਅਦ ਹੀ ਮੈਨੂੰ ਇਹ ਸਮਝ ਪਈ ਕਿ ਸ੍ਰ. ਸੌਦਾਗਰ ਸਿੰਘ ਹੋਰਾਂ ਆਪਣਾ ਤਖ਼ਲਸ 'ਭਿਖਾਰੀ' ਕਿਉਂ ਰੱਖਿਆ ਸੀ। ਉਹ ਭਿਖਾਰੀ ਸਨ 'ਸੰਗਤ ਦੀ ਸੇਵਾ' ਦਾ ਵਰਦਾਨ ਮੰਗਣ ਦੇ, ਐਸਾ ਸਮਾਜ ਸਿਰਜਨਾ ਵਿਚ ਹਿੱਸਾ ਪਾਉਣ ਦੇ ਜਿਸ ਵਿਚ ਕਿਸੇ ਨੂੰ "ਮਾੜੇ ਦਿਨ" ਨਾ ਵੇਖਣੇ ਪੈਣ। ਉਹ ਭਿਖਿਆ ਮੰਗਦੇ ਸਨ ਕਿ ਉਨ੍ਹਾਂ ਦੇ ਦੇਸ਼ ਉਤੇ ਆਜ਼ਾਦੀ ਦੀ "ਬਸੰਤ ਬਹਾਰ" ਆਵੇ, ਸਾਰੀ ਲੁਕਾਈ ਇਕ ਦੂਜੇ ਨੂੰ "ਪ੍ਰੇਮ" ਕਰੇ, ਫਿਰਕਾਪ੍ਰਸਤੀ ਦੀ ਲਾਅਨਤ ਖ਼ਤਮ ਹੋਵੇ, ਜਾਤ ਪਾਤ ਦੀਆਂ ਵੰਡੀਆਂ ਖ਼ਤਮ ਹੋਣ। ਦੇਸ਼ ਭਗਤਾਂ ਅਤੇ ਸਾਮਰਾਜ ਦੇ ਦੁਸ਼ਮਣਾਂ ਨੂੰ ਏਨਾਂ ਪ੍ਰੇਮ ਕਰਦੇ ਸਨ ਕਿ ਪੰਜਾਬ ਦੇ ਮਹਾਨ ਸਪੂਤ ਸ੍ਰ. ਤੇਜਾ ਸਿੰਘ ਜੀ ਸਮੁੰਦਰੀ ਜਦੋਂ ਸਦੀਵੀਂ ਵਿਛੋੜਾ ਦੇ ਗਏ ਤਾਂ ਭਿਖਾਰੀ ਜੀ ਨੇ "ਸ਼ੋਕ ਦੇ ਅੱਥਰੂ" ਵਹਾਏ। ਸੀ. ਆਰ. ਦਾਸ ਵਰਗੇ ਦੇਸ਼ ਭਗਤ ਦੀ "ਅੰਤਮ-ਯਾਤਰਾ" ਦਾ ਜੋ ਨਕਸ਼ਾ ਭਿਖਾਰੀ ਜੀ ਨੇ ਆਪਣੀ ਕਵਿਤਾ ਵਿਚ ਖਿੱਚਿਆ ਏ, ਉਹ ਹਰੇਕ ਨੂੰ ਪੜ੍ਹਨਾ ਚਾਹੀਦਾ ਏ।

ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਏ ਕਿ ਉਸ ਨੇ ਸੋਹਬਤ ਕਿਹੋ ਜਿਹੇ ਵਿਅਕਤੀਆਂ ਦੀ ਕੀਤੀ। ਜਿਹੜੇ ਕੁਝ ਮਹਾਂਪੁਰਸ਼ਾਂ ਦਾ ਜ਼ਿਕਰ ਅਸਾਂ ਪਹਿਲਾਂ ਕੀਤਾ; ਉਨ੍ਹਾਂ ਦੀ ਸੰਗਤ ਨੇ "ਭਿਖਾਰੀ" ਜੀ ਦੀ ਸ਼ਖ਼ਸੀਅਤ ਨੂੰ ਉਭਾਰਨ ਸੰਵਾਰਨ ਵਿਚ ਅਤੇ "ਭਿਖਾਰੀ" ਜੀ ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਮਾਲਾ ਮਾਲ ਕਰਨ ਵਿਚ ਭਰਪੂਰ ਹਿੱਸਾ ਪਾਇਆ।

"ਭਿਖਾਰੀ" ਜੀ ਦੀ ਜਨਮ-ਸ਼ਤਾਬਦੀ ਸਮੇਂ ਉਨ੍ਹਾਂ ਦੇ ਪਰਵਾਰ ਵਲੋਂ, ਖ਼ਾਸ ਕਰ ਉਨ੍ਹਾਂ ਦੇ ਸਪੁੱਤਰ ਅਤੇ ਸਾਡੇ ਮਿੱਤਰ ਅਤੇ ਵੱਡੇ ਵੀਰ ਸ੍ਰ. ਪ੍ਰਤਾਪ ਸਿੰਘ ਸਿੰਘ ਜੀ ਵਲੋਂ ਜੋ ਸਮ੍ਰਿਤੀ ਗ੍ਰੰਥ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਇਨ੍ਹਾਂ ਕੁਝ ਸ਼ਬਦਾਂ ਰਾਹੀਂ ਅਸੀਂ ਉਸ ਵਿਚ ਹਿੱਸਾ ਪਾ ਕੇ ਆਪਣੇ ਆਪ ਨੂੰ ਵੱਡਾ ਵੱਡਾ ਮਹਿਸੂਸ ਵੀ ਕਰਦੇ ਹਾਂ ਅਤੇ 'ਭਿਖਾਰੀ' ਜੀ ਦੇ ਚਰਨਾਂ ਵਿਚ ਸਤ ਸਤ ਪ੍ਰਣਾਮ ਵੀ ਕਰਦੇ ਹਾਂ।

◆

# ਯੁੱਗ ਪਲਟਾਊ ਸ਼ਖ਼ਸੀਅਤ : ਸ੍ਰ. ਸੌਦਾਗਰ ਸਿੰਘ 'ਭਿਖਾਰੀ'

◆

**-ਪ੍ਰਿੰ. ਜਗਦੀਸ਼ ਸਿੰਘ**

ਭਾਰਤ ਦੀ ਆਜ਼ਾਦੀ ਲੰਮੀ ਜੱਦੋ-ਜਹਿਦ ਦਾ ਨਤੀਜਾ ਹੈ। ਜੱਦੋ-ਜਹਿਦ ਹਰ ਪੱਧਰ 'ਤੇ ਹੋਈ। ਯੋਗ ਦਾਨ ਹਰ ਆਜ਼ਾਦੀ ਪਸੰਦ ਭਾਰਤੀ ਨੇ ਪਾਇਆ। ਆਜ਼ਾਦੀ ਦੀ ਚਿਣਗ ਲਾਉਣ ਵਾਲੇ ਭਾਵੇਂ ਸਾਰੇ ਆਜ਼ਾਦ ਹਵਾ ਦਾ ਆਨੰਦ ਨਾ ਲੈ ਸਕੇ ਪ੍ਰੰਤੂ ਦੇਸ਼ ਵਾਸੀਆਂ ਲਈ ਉਹ ਫਿਜ਼ਾ ਛੱਡ ਗਏ। ਜਿਸ ਵਿਚ ਅਸੀਂ ਸਾਰੇ ਆਪਣੇ ਆਪ ਨੂੰ ਆਜ਼ਾਦ ਮਹਿਸੂਸਣ ਲੱਗੇ ਸਾਂ। ਜਦੋਂ ਉਨ੍ਹਾਂ ਮਹਾਨ ਕੌਮੀ ਪਰਵਾਨਿਆਂ ਦੇ ਜੀਵਨ ਵੱਲ ਝਾਤੀ ਮਾਰੀਏ ਤਾਂ ਇੰਝ ਲਗਦਾ ਹੈ ਕਿ ਉਨ੍ਹਾਂ ਨੇ ਆਪਣਾ ਜੀਵਨ ਸਾਡੀ ਆਜ਼ਾਦੀ ਲਈ ਹੀ ਦਾਅ 'ਤੇ ਲਾ ਛੱਡਿਆ ਸੀ ਉਹ ਕਹਿੰਦੇ ਹੋਣਗੇ 'ਅਸੀਂ ਮਰੀਏ ਦੇਸ਼ ਜੀਵੇ'। ਉਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਚੋਂ ਇਕ ਸਨ ਪਿੰਡ ਭੰਗਾਲੀ ਜ਼ਿਲ੍ਹਾ ਅਮ੍ਰਿਤਸਰ ਦੇ ਜਮਪਲ ਸ੍ਰ. ਸੌਦਾਗਰ ਸਿੰਘ ਭਿਖਾਰੀ। ਜਨਮ ਤੇ ਬਾਲਪਨ ਜਿਨ੍ਹਾਂ ਦਾ ਪਿੰਡ ਵਿਚ ਹੀ ਗੁਜਰਿਆ, ਮੁੱਛ ਫੁੱਟਣ ਦੀ ਭਾਲ ਵਿਚ ਪਹਿਲਾਂ ਅਫਰੀਕਾ ਗਏ ਤੇ ਫੇਰ ਕਲਕੱਤੇ ਵੱਸ ਗਏ। ਪੜ੍ਹੇ ਤਾਂ ਬਹੁਤੇ ਹੈ ਨਹੀਂ ਸਨ। ਹੱਥੀਂ ਕੰਮ ਵਿਚ ਗੁੜ੍ਹੇ ਸਨ ਜਿਸ ਕਾਰਨ ਇਕ ਬਹੁਤ ਵੱਡੀ ਪ੍ਰਾਈਵੇਟ ਫਰਮ ਵਿਚ ਫੋਰਮੈਨ ਬਣ ਗਏ। ਔਲਾਦ ਨੂੰ ਚੰਗੇਰੀ ਤੇ ਉਚੇਰੀ ਵਿਦਿਆ ਦਿੱਤੀ।

ਹੱਥ ਕਾਰ ਵੱਲ ਤੇ ਦਿਲ ਯਾਰ ਵੱਲ ਦੀ ਕਹਾਵਤ ਅਨੁਸਾਰ ਲਗਨ ਲੱਗੀ ਹੋਈ ਸੀ, ਦੇਸ਼ ਦੀ ਆਜ਼ਾਦੀ ਨੂੰ ਪ੍ਰਾਪਤ ਕਰਨ ਹਿੱਤ ਹਿੱਸਾ ਪਾਉਣ ਦੀ। ਹਿੱਸਾ ਪੈਂਦਾ ਸੀ। ਦੇਸ਼ ਭਗਤਾਂ ਨਾਲ ਗੁਪਤ ਕਾਰਾਂ ਕਰਨ ਤੇ ਫਿਰ ਉਨ੍ਹਾਂ ਨੂੰ ਹੀ ਪ੍ਰੈਕਟੀਕਲ ਰੂਪ ਦੇਣ ਨਾਲ। ਕ੍ਰਿਆਤਮਕ ਰੂਪ ਲਈ ਲੋੜ ਸੀ। ਜੰਤਾ ਨੂੰ ਜਾਗਰੂਕ ਕਰਨ ਦੀ, ਦੇਸ਼ ਭਗਤੀ ਦੀ ਗੱਲ ਜੰਤਾ ਤਕ ਪਚਾਉਣ ਦੀ। ਉਸ ਦਾ ਇਕੋ ਨਿਮਾਣਾ ਸਾਧਨ ਸੀ 'ਛਾਪਾਖਾਨਾ'। ਉਸ ਰਾਹੀਂ ਚੋਰੀ ਛਾਪ ਕੇ ਸੁਤੰਤਰਤਾ ਸੰਬੰਧੀ ਸਾਹਿਤ ਦੀ ਵੰਡ ਕਰਨਾ। ਭਿਖਾਰੀ ਜੀ ਨੇ ਇਹ ਬੀੜਾ ਆਪਣੇ ਸਿਰ ਲਿਆ। ਦਿਨ ਵੇਲੇ ਫੈਕਟਰੀ ਵਿਚ ਪੂਰੀ ਈਮਾਨਦਾਰੀ ਤੇ ਤਨਦੇਹੀ ਨਾਲ ਨਮਕ ਹਲਾਲ ਕਰਨਾ ਅਤੇ ਬਾਕੀ ਸਾਰਾ ਸਮਾਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਰਪਨ ਕਰਨਾ। 'ਕਵੀ ਕੁਟੀਆ' ਵਿਚ ਪੁਲਿਸ ਤੋਂ ਬਚ ਕੇ ਸਾਹਿਤਕ ਸਰਗਰਮੀਆਂ ਦੇ ਆੜ ਹੇਠ ਅੰਗ੍ਰੇਜ਼ਾਂ ਨੂੰ ਭਾਰਤ ਚੋਂ ਕੱਢਣ ਲਈ ਯੋਜਨਾਵਾਂ ਤਿਆਰ ਕਰਨੀਆਂ। ਮੁਨਸ਼ਾ ਸਿੰਘ ਦੁਖੀ, ਗੁਰਮੁਖ ਸਿੰਘ ਮੁਸਾਫ਼ਿਰ, ਲਾਲਾ ਧਨੀ ਰਾਮ ਚਾਤ੍ਰਿਕ, ਆਦਿ ਉਸ ਸਮੇਂ ਦੇ ਮਹਾਨ ਦੇਸ਼ ਭਗਤਾਂ ਨਾਲ ਮਿਲਕੇ ਕਵਿਤਾ ਤੇ ਲੇਖਾਂ ਦੇ ਜ਼ਮੀਮੇ ਛਾਪਣੇ, ਛੋਟੀਆਂ ਛੋਟੀਆਂ ਇਕਤਰਤਾਵਾਂ ਕਰਨੀਆਂ, ਭਾਰਤੀਆਂ ਨੂੰ ਉਨ੍ਹਾਂ ਦੇ ਜਮਾਂਦਰੂ ਹੱਕ ਆਜ਼ਾਦੀ ਲਈ ਪ੍ਰੇਰਨਾ, ਇਹ ਜ਼ੁੰਮੇਵਾਰੀਆਂ ਭਿਖਾਰੀ ਜੀ ਨਿਭਾਉਂਦੇ।

ਸ਼ਮਾਂ ਦੇ ਪਰਵਾਨਿਆਂ ਦੇ ਪ੍ਰਵਾਰਾ ਦਾ ਹਾਲ ਤਾਂ ਨਿਤ ਤੇ ਛਾਪਿਆ ਕਾਰਨ ਬੁਰਾ ਹੀ ਰਹਿੰਦਾ ਹੈ। ਭਿਖਾਰੀ ਜੀ ਦੇ ਪ੍ਰਵਾਰ ਦਾ ਹਾਲ ਵੀ ਇੰਝ ਹੀ ਸੀ। ਪ੍ਰੰਤੂ ਉਹ ਹਮੇਸ਼ਾ ਪੁਲਿਸ ਦੀ ਅੱਖ

ਤੋਂ ਬਚ ਨਿਕਲਦੇ। ਗੁਰਦੁਆਰਿਆਂ ਨੂੰ ਸ਼ੁਰੂ ਕਰਨ ਅਤੇ ਉਸਾਰਨ ਵਿਚ ਪੂਰਾ ਮਿਲਵਰਤਨ ਦੇਂਦੇ। ਲੰਗਰ ਦੀ ਸੇਵਾ ਕਰਦੇ ਅਤੇ ਕਵਿਤਾਵਾਂ ਲਿਖਦੇ ਤੇ ਦੀਵਾਨਾਂ ਵਿਚ ਸੁਣਾ ਕੇ ਰੌਣਕਾਂ ਵੀ ਲਾਉਂਦੇ।

ਐਸੀ ਸ਼ਖ਼ਸੀਅਤ ਜਿਸ ਨੇ ਪੰਜਾਬ ਵਿਚ ਜਨਮ ਲੈ ਕੇ ਬੰਗਾਲ ਵਿਚ ਪੰਜਾਬੀ ਤੇ ਬੰਗਾਲੀ ਦੀ Revolutionary ਸਾਂਝ ਦੀ ਜੋਤ ਜਗਾਉਣ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਦੋਹਾਂ ਸੂਬਿਆਂ ਦੇ ਆਜ਼ਾਦੀ ਦੇ ਘੁਲਾਟੀਆਂ ਦੀਆਂ ਆਪਸੀ ਸਾਂਝਾਂ ਬਣਾਈਆਂ, ਨੇੜਤਾ ਪੈਦਾ ਕੀਤੀ ਅਤੇ ਆਜ਼ਾਦੀ ਦੇ ਘੋਲ ਨੂੰ ਤੇਜ਼ ਕੀਤਾ ਅਤੇ ਅੰਗਰੇਜ਼ਾ ਨੂੰ ਭਾਰਤ ਛੱਡਣ ਲਈ ਮਜ਼ਬੂਰ ਕਰਨ ਵਿਚ ਨੁਮਾਇਆ ਹਿੱਸਾ ਪਾਇਆ। ਭਿਖਾਰੀ ਜੀ ਨੇ ਪੰਜਾਬੀ ਬੋਲੀ ਪਹਿਲਾਂ ਸਿੱਖੀ। ਫਿਰ ਪ੍ਰਚਾਰ ਕੀਤਾ। ਮਾਂ ਬੋਲੀ ਦੀ ਉਸ ਸਮੇਂ ਸੇਵਾ ਕਰਨੀ ਜਦੋਂ ਬਿਦੇਸ਼ੀ ਹਕੂਮਤ ਨੇ ਭਾਰਤ ਦੀਆਂ ਬੋਲੀਆਂ ਨੂੰ ਅੰਗਰੇਜ਼ੀ ਬੋਲੀ ਦਾ ਪਿਛਲੱਗ ਬਣਾ ਦਿੱਤਾ ਸੀ ਅਤੇ ਹਰ ਕੋਈ ਅੰਗਰੇਜ਼ੀ ਨੂੰ ਪਸੰਦ ਕਰਦਾ ਸੀ। ਇਸ ਸਮੇਂ ਇਹ ਕਹਿਣਾ ਸਭ ਤੋਂ ਵਧੀਆ 'ਵਿਦਿਆ' ਮਾਂ ਬੋਲੀ ਵਿਚ ਮਿਲ ਸਕਦੀ ਹੈ ਅਤੇ ਮਾਂ ਬੋਲੀ ਰਾਹੀਂ ਹੀ ਦੇਸ਼ ਨੂੰ ਆਜ਼ਾਦੀ ਪ੍ਰਾਪਤ ਹੋ ਸਕਦੀ ਹੈ, ਉਸ ਸਮੇਂ ਦੀ ਹਕੂਮਤ ਨੂੰ ਇਕ ਚੈਲਿੰਜ਼ ਸੀ। ਲੁਕਵੀਆਂ ਥਾਵਾਂ ਤੇ ਗ਼ਦਰੀਆਂ ਦੀ ਇਕੱਤਰਤਾ ਕਰਾਉਣੀਆਂ ਤੇ ਫਿਰ ਕੀਤੇ ਫੈਸਲਿਆਂ ਤੋਂ ਆਪ ਜੰਤਾ ਤਕ ਪਹੁੰਚਾਉਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਇਨ੍ਹਾਂ ਦੇ ਬਹੁਤੇ ਸਾਥੀ ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਜਾਨਾਂ ਵਾਰ ਗਏ ਅਤੇ ਬਾਕੀ ਫਾਂਸੀ ਦੇ ਰੱਸੇ ਚੁੰਮ ਕੇ ਸ਼ਹੀਦੀਆਂ ਪਾ ਗਏ। ਪੁਲਿਸ ਛਾਪਿਆਂ ਵਿਚੋਂ ਬਚ ਨਿਕਲਦੇ ਰਹੇ ਨਹੀਂ ਤਾਂ ਸ਼ਾਇਦ ਇਹ ਆਪਣੇ ਦੇਸ਼ ਭਗਤਾਂ ਵੀਰਾਂ ਦੇ ਨਾਲ ਸ਼ਹੀਦੀ ਪ੍ਰਾਪਤ ਕਰ ਜਾਂਦੇ।

ਇੰਜੀਨੀਅਰ ਵਿਲਾ ਰਾਣੀ ਕੇ ਬਾਗ਼ ਅਮ੍ਰਿਤਸਰ ਜਦ ਵੀ ਉਨ੍ਹਾਂ ਦੇ ਪ੍ਰਵਾਰ ਨੂੰ ਮਿਲਣ ਜਾਂਦੇ ਸਾਂ ਤਾਂ ਉਹ ਸ਼ਾਂਤ ਚਿੱਤ ਅਡੋਲ ਆਪਣੀ ਆਰਾਮ ਕੁਰਸੀ ਤੇ ਬੈਠੇ ਹੁੰਦੇ ਸਨ, ਫ਼ਤਹਿ ਦਾ ਜੁਆਬ ਦੇਂਦੇ, ਪਿਆਰ ਵੰਡਦੇ ਤੇ ਸ੍ਰ. ਪ੍ਰਤਾਪ ਸਿੰਘ ਹੰਸਪਾਲ ਜੋ ਸੁਪਰਡੈਂਟ ਇੰਜੀਨੀਅਰ ਸਨ ਤੇ ਫਿਰ ਰਿਟਾਇਰ ਹੋਏ ਨੂੰ ਬੁਲਵਾ ਮੁਲਾਕਾਤ ਕਰਵਾ ਦੇਂਦੇ। ਵਾਹਿਗੁਰੂ ਦਾ ਸ਼ੁਕਰਾਨਾ ਹਮੇਸ਼ਾ ਕਰਦੇ ਜਿਸ ਨੇ ਭਾਰਤ ਨੂੰ ਗ਼ੁਲਾਮੀ ਤੋਂ ਛੁਟਕਾਰਾ ਦਿੱਤਾ, ਯਾਦ ਕਰਦੇ ਉਨ੍ਹਾਂ ਮਹਾਨ ਸੂਰਵੀਰਾਂ ਨੂੰ ਜਿਨ੍ਹਾਂ ਆਜ਼ਾਦੀ ਦੇ ਘੋਲ ਵਿਚ ਜਾਨਾਂ ਵਾਰੀਆਂ, ਯਾਦ ਕਰਦੇ ਉਨ੍ਹਾਂ ਕਲਕੱਤੇ ਦੀਆਂ ਗਲੀਆਂ ਅਤੇ ਆਪਣੇ ਘਰ ਨੂੰ ਜਿੱਥੇ ਉਨ੍ਹਾਂ ਤੇ ਉਨ੍ਹਾਂ ਦੇ ਗ਼ਦਰੀ ਮਿੱਤਰਾਂ ਨੇ ਆਜ਼ਾਦੀ ਵਿਚ ਹਿੱਸਾ ਪਾਇਆ।

ਸ੍ਰ. ਪ੍ਰਤਾਪ ਸਿੰਘ ਬਾਰੇ ਵੀ ਜ਼ਿਕਰ ਕਰਦੇ ਕਿ ਕਿਵੇਂ ਇਸ ਨੇ ਬਨਾਰਸ ਯੂਨੀਵਰਸਿਟੀ ਵਿਚ ਇੰਜੀਨੀਅਰਿੰਗ ਦੀ ਡਿਗਰੀ ਕਰਦਿਆਂ ਆਜ਼ਾਦੀ ਅੰਦੋਲਨ ਵਿਚ ਹਿੱਸਾ ਲਿਆ, ਕਿਵੇਂ ਡੀ. ਸੀ. ਦੇ ਹੱਥ ਵਿਚੋਂ ਜਦੋਂ ਉਹ ਵਿਦਿਆਰਥੀਆਂ ਵੱਲ ਪਿਸਤੌਲ ਤਾਨ ਕੇ ਖੜ੍ਹਾ ਸੀ ਨੂੰ ਠੁੱਡ ਮਾਰ ਕੇ ਥੱਲੇ ਸੁੱਟ ਦਿੱਤਾ ਤੇ ਕਿਵੇਂ ਇਸ ਨੂੰ ਪੁਲਿਸ ਨੇ ਮਾਰ ਕੁਟਾਈ ਕੀਤੀ ਤੇ ਜੇਲ੍ਹ ਦੀ ਹਵਾ ਭਖੀ। ਉਸ ਦਾ ਇਸ ਨੂੰ ਆਜ਼ਾਦੀ ਤੋਂ ਪਿਛੋਂ ਨੌਕਰੀ ਦੀ ਸਿਨੀਆਰਟੀ ਵਿਚ ਕਿੰਨਾ ਨੁਕਸਾਨ ਹੋਇਆ ਪਰ ਹਮੇਸ਼ਾ ਖੁਸ਼ ਰਹਿੰਦੇ ਸਨ ਕਿ ਉਨ੍ਹਾਂ ਦੀ ਔਲਾਦ ਨੇ ਵੀ ਉਨ੍ਹਾਂ ਵਾਂਗ ਆਪਣੀ ਜਾਨ ਤੇ ਖੇਡ ਕੇ ਵੀ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਹਿੱਸਾ ਪਾਇਆ।

ਭਿਖਾਰੀ ਜੀ ਦੂਰ ਅੰਦੇਸ਼ੀ ਸਮੇਂ ਦੀ ਨਬਜ਼ ਨੂੰ ਪਹਿਚਾਨਣ ਸ਼ਕਤੀ ਅਤੇ ਦੇਸ਼ ਲਈ ਕੁਰਬਾਨੀ ਦੇ ਜਜ਼ਬੇ ਕਾਰਨ ਹੀ ਉਨ੍ਹਾਂ ਦਾ ਪ੍ਰਵਾਰ ਸਾਥੀ ਸਮੇਤ ਹਤੈਸ਼ੀ ਹਮੇਸ਼ਾ ਹੀ ਯਾਦ ਕਰਦੇ ਰਹਿਣਗੇ। ਪਰਿਵਾਰ ਧੰਨਭਾਗਾ ਹੈ ਕਿ ਉਹ 100ਵਰ੍ਹੇ ਗੰਢ ਮਨਾ ਰਿਹਾ ਹੈ।

◆

# ਸ੍ਰ. ਸੌਦਾਗਰ ਸਿੰਘ ਭਿਖਾਰੀ : ਸ਼ਰਧਾ ਸੁਮਨ

◆

-ਗੁਰਦਿਆਲ ਸਿੰਘ

ਸਤਿਕਾਰ ਅਤੇ ਪੂਜਯ ਸ਼ਖ਼ਸੀਅਤ, ਮਹਾਨ ਦੇਸ਼ ਭਗਤ ਉਘੇ ਸਵਤੰਤਰਤਾ ਸੰਗਰਾਮੀਏ, ਅਜੋਕੀ ਪੀੜ੍ਹੀ ਲਈ ਪ੍ਰੇਰਨਾ ਸ੍ਰੋਤ ਅਤੇ ਪੰਜਾਬੀ ਦੇ ਪ੍ਰਮੁੱਖ ਕਵੀ ਸ੍ਰ. ਸੌਦਾਗਰ ਸਿੰਘ ਭਿਖਾਰੀ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿਚ ਸ਼ਰਧਾ ਸੁਮਨ :

ਕੁਝ ਉਹ ਜਿਨ੍ਹਾਂ ਨੇ ਦੇਸ਼ ਤੋਂ ਹੱਸ ਕੇ ਵਾਰੀ ਜ਼ਿੰਦਗੀ
ਕੁਝ ਉਹ ਜਿਨ੍ਹਾਂ ਨੇ ਮੁਸ਼ਕਲਾਂ ਸਹਿ ਸਹਿ ਗੁਜ਼ਾਰੀ ਜ਼ਿੰਦਗੀ
ਕੁਝ ਉਹ ਬਹਾਦਰ ਸੂਰਮੇ ਬਾਪੂ ਸੌਦਾਗਰ ਸਿੰਘ ਜਿਹੇ
ਅਣਥੱਕ ਜਿਨ੍ਹਾਂ ਘਾਲਣਾ ਘਾਲੀ ਹੈ ਸਾਰੀ ਜ਼ਿੰਦਗੀ

ਭਿਖਾਰੀ ਜੀ ਦੀ ਜ਼ਿੰਦਗੀ, ਕੁਝ ਕਰਨ ਦਾ ਸੰਦੇਸ਼ ਹੈ
ਕਿਸੇ ਉਚ ਆਦਰਸ਼ ਖ਼ਾਤਰ ਮਰਨ ਦਾ ਸੰਦੇਸ਼ ਹੈ
ਜ਼ਿੰਦਗੀ ਨੂੰ ਕਿਸੇ ਲੇਖੇ ਲਾਉਣ ਦੀ ਲਲਕਾਰ ਹੈ
ਸੱਚ ਤੇ ਇਨਸਾਫ਼ ਦੇ ਲਈ ਲੜਨ ਦਾ ਸੰਦੇਸ਼ ਹੈ

ਭਿਖਾਰੀ ਜੀ ਦੀ ਲਾਲਸਾ : ਉਨ੍ਹਾਂ ਦੇ ਸ਼ਬਦਾਂ ਵਿਚ :

ਕਿਸੇ ਨੇ ਪੁੱਛਿਆ "ਦੋਹਾਂ ਚੋਂ ਕੀ ਸ਼ੈਅ ਦੇ ਦਿਆਂ ਤੈਨੂੰ"
ਆਜ਼ਾਦੀ ਤੇ ਖ਼ੁਦਾ ਦਾ ਇਕ ਭੁਲੇਖਾ ਪੈ ਗਿਆ ਮੈਨੂੰ
ਸੋਚ ਕੇ ਆਖਿਆ ਕਿ "ਕੀ ਕਰੂੰ ਮੰਦਰ ਦੇ ਕੈਦੀ ਨੂੰ" ?
ਜਿਹਨੂੰ ਰੱਬ ਸਹਿਕਦਾ ਯਾਰੋ, ਆਜ਼ਾਦੀ ਦੇ ਦਿਉ ਮੈਨੂੰ

◆

# 'ਭਿਖਾਰੀ' ਅਤੇ ਪੰਜਾਬੀ ਗਲਪਕਾਰੀ

◆

**-ਸੁਖਦੇਵ ਸਿੰਘ ਖਾਹਰਾ**

ਸ. ਪ੍ਰਤਾਪ ਸਿੰਘ ਇੰਜੀਨੀਅਰ ਸ. ਸੌਦਾਗਰ ਸਿੰਘ 'ਭਿਖਾਰੀ' ਹੁਰਾਂ ਦੇ ਸਪੁੱਤਰ ਹਨ। ਉਹ ਸਾਡੇ ਬਜ਼ੁਰਗ ਮਿੱਤਰ ਹਨ। ਬਜ਼ੁਰਗ ਤੋਂ ਭਾਵ ਬੁਢਾਪੇ ਤੋਂ ਨਹੀਂ ਇਹ ਉਨ੍ਹਾਂ ਦੀ ਸਿਆਣਪ ਲਈ ਵਰਤਿਆ ਗਿਆ ਸ਼ਬਦ ਹੈ। 'ਮਿੱਤਰ' ਪਦ ਦੀ ਵਰਤੋਂ ਵੀ ਕੁਝ ਅਜੀਬ ਲਗ ਸਕਦੀ ਹੈ; ਖ਼ਾਸ ਕਰਕੇ ਉਮਰਾਂ ਵਿਚਲੇ ਫ਼ਰਕ ਦੇ ਹਵਾਲੇ ਨਾਲ। ਪਰ ਉਹ ਉਮਰਾਂ ਤੋਂ ਪਾਰ ਹਨ। ਕਈ ਵਰ੍ਹਿਆਂ ਤੋਂ ਸਾਹਿਤਕ, ਸਭਿਆਚਾਰਕ, ਅਕਾਦਮਿਕ, ਸਿਆਸੀ ਸਮਾਗਮਾਂ ਉਪਰ ਉਨ੍ਹਾਂ ਨਾਲ ਮੇਲ ਹੁੰਦਾ ਆ ਰਿਹਾ ਹੈ। ਉਹ ਬਹੁਤ ਹੀ ਉੱਦਮੀ ਸੱਜਣ ਹਨ। ਉਹ ਅਜਿਹੇ ਸਮਾਗਮਾਂ, ਗੋਸ਼ਟੀਆਂ ਵਿਚ ਆਪਣੀ ਸ਼ਿਰਕਤ ਬਾਰੇ ਪੂਰੀ ਤਰ੍ਹਾਂ ਜਾਗਰੂਕ ਹਨ। ਉਨ੍ਹਾਂ ਦੇ ਵਿਚਾਰ ਸੁਣਨ ਦਾ ਮੌਕਾ ਅਕਸਰ ਮਿਲਦਾ ਰਹਿੰਦਾ ਹੈ। ਉਨ੍ਹਾਂ ਨਾਲ ਗੁਫ਼ਤਗੂ ਕਰਨ ਦਾ ਆਪਣਾ ਸਵਾਦ ਹੈ। ਉਨ੍ਹਾਂ ਦੀ ਸ਼ਖ਼ਸੀਅਤ ਚਲਦਾ ਫਿਰਦਾ ਇਤਿਹਾਸ, ਵਰਤਮਾਨ ਦੀ ਚਿੰਤਨ-ਚੇਤਨਾ ਨਾਲ ਇਕ ਸੁਰ ਤੇ ਸਭ ਤੋਂ ਵੱਧ ਕਦੀ ਵੀ ਨਾ ਡੋਲਣ ਵਾਲਾ ਆਸ਼ਾਵਾਦ ਉਨ੍ਹਾਂ ਦੇ ਚਿਹਰੇ ਤੇ ਡਲਕਦਾ ਨਜ਼ਰ ਆਉਂਦਾ ਹੈ। ਉਹ ਆਪਣਾ ਹਰ ਸਵਾਸ ਸਾਰਥਕ ਤਬਦੀਲੀ ਨੂੰ ਅਰਪਤ ਕਰਨ ਲਈ ਤਤਪਰ ਰਹਿੰਦੇ ਹਨ। ਦਿਲ ਦੀ ਬਾਈਪਾਸ ਸਰਜਰੀ ਤੋਂ ਬਾਅਦ ਤਾਂ ਉਹਨਾਂ ਦੀ ਅਜਿਹੀ ਤਤਪਰਤਾ ਵਿਚ ਹੋਰ ਵੀ ਵਾਧਾ ਹੋਇਆ ਹੈ। ਪਰਤਾਪ ਸਿੰਘ ਹੁਰਾਂ ਦੇ ਅਜਿਹੇ ਵਿਅਕਤੀਤਵ ਦਾ ਆਖ਼ਰ ਰਾਜ਼ ਕੀ ਹੈ ? ਇਸ ਰਾਜ਼ ਦੀ ਨੀਂਹ ਹੈ, ਉਨ੍ਹਾਂ ਦੇ ਪਿਤਾ ਸੌਦਾਗਰ ਸਿੰਘ ਭਿਖਾਰੀ ਹੁਰਾਂ ਦਾ ਵਿਅਕਤੀਤਵ। 'ਭਿਖਾਰੀ' ਹੁਰਾਂ ਦੇ ਵਿਅਕਤੀਤਵ ਦਾ ਮਹੱਤਵ ਸ. ਪਰਤਾਪ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਲਈ ਤਾਂ ਹੈ ਹੀ; ਇਸ ਤੋਂ ਵੀ ਅੱਗੇ ਉਨ੍ਹਾਂ ਦੀ ਅਹਿਮੀਅਤ ਕੌਮੀ ਪ੍ਰਸੰਗ ਵਿਚ ਵੀ ਹੈ। ਇਸ ਕੌਮੀ ਪ੍ਰਸੰਗ ਦਾ ਤਾਅਲੁੱਕ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਵਿਚ ਪਾਏ ਗਏ ਯੋਗਦਾਨ ਨਾਲ ਹੈ।

ਕੁਝ ਵਰ੍ਹੇ ਪਹਿਲਾਂ ਪ੍ਰੋਫ਼ੈਸਰ ਪ੍ਰੀਤਮ ਸਿੰਘ ਨੇ 'ਭਿਖਾਰੀ' ਜੀ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪੰਜਾਬੀ ਸਾਹਿਤ ਦੀ ਤਰੱਕੀ ਲਈ ਨਿਭਾਈ ਗਈ ਭੂਮਿਕਾ ਵੱਲ ਧਿਆਨ ਦਿਵਾਉਣ ਦਾ ਉਪਰਾਲਾ ਕੀਤਾ ਸੀ। ਇਸ ਉਪਰਾਲੇ ਨਾਲ ਇਨ੍ਹਾਂ ਲੇਖਕਾਂ ਬਾਰੇ ਜਿਸ ਪ੍ਰਕਾਰ ਦੀ ਵਿਚਾਰ ਚਰਚਾ ਦਾ ਸਿਲਸਿਲਾ ਅੱਗੇ ਤੁਰਨਾ ਚਾਹੀਦਾ ਸੀ, ਉਹ ਨਹੀਂ ਤੁਰਿਆ। 1981-82 ਈ. ਤੋਂ 1998 ਈ. ਤਕ ਨਿਰੰਤਰ ਚੁੱਪ। ਪੰਜਾਬੀ ਸਾਹਿਤ ਦੇ ਇਤਿਹਾਸ ਤਾਂ ਇਨ੍ਹਾਂ ਬਾਰੇ ਪਹਿਲਾਂ ਹੀ ਚੁੱਪ ਹਨ। ਪਰਤਾਪ ਸਿੰਘ ਤੇ ਉਨ੍ਹਾਂ ਦਾ ਪਰਿਵਾਰ 'ਭਿਖਾਰੀ' ਜੀ ਦੀ ਸ਼ਤਾਬਦੀ ਦੇ ਮੌਕੇ ਦਾ ਲਾਹਾ ਲੈ ਕੇ ਇਸ ਚੁੱਪ ਨੂੰ ਤੋੜਨ ਦਾ ਜਤਨ ਕਰ ਰਹੇ

ਹਨ। ਪਰਤਾਪ ਸਿੰਘ ਹੁਰੀਂ ਅਜਿਹਾ ਕੇਵਲ ਇਸ ਲਈ ਹੀ ਨਹੀਂ ਕਰ ਰਹੇ ਕਿ ਸੌਦਾਗਰ ਸਿੰਘ 'ਭਿਖਾਰੀ' ਉਨ੍ਹਾਂ ਦੇ ਪਿਤਾ ਸਨ। ਉਹ ਰਸਮੀ ਸ਼ਰਧਾਂਜਲੀ ਦੇ ਕਾਇਲ ਨਹੀਂ। ਉਨ੍ਹਾਂ ਇਸ ਮੌਕੇ ਨੂੰ ਮੁੱਲਵਾਨ ਬਣਾਉਣ ਲਈ ਪੜ੍ਹਨ ਲਿਖਣ ਵਾਲਿਆਂ ਨੂੰ ਖੁੱਲ੍ਹਾ ਸੱਦਾ ਦਿਤਾ ਹੈ ਕਿ ਉਹ ਭਿਖਾਰੀ ਜੀ ਤੇ ਉਨ੍ਹਾਂ ਦੇ ਸਾਥੀਆਂ ਦੇ ਕੰਮ ਦੇ ਹਵਾਲੇ ਨਾਲ ਬੇਬਾਕ ਪਰ ਸੁਹਿਰਦ ਹੋ ਕੇ ਉਸ ਯੁੱਗ ਦੇ ਸਾਹਿਤਕ ਤੇ ਇਤਿਹਾਸਕ ਵਰਤਾਰਿਆਂ ਬਾਰੇ ਤੱਥਾਂ 'ਤੇ ਆਧਾਰਿਤ ਖੋਜ ਕਰਨ। ਤੱਥ ਆਧਾਰਿਤ ਖੋਜ ਹੀ ਕਿਸੇ ਨਵੀਂ ਅੰਤਰ-ਦ੍ਰਿਸ਼ਟੀ ਨੂੰ ਪੈਦਾ ਕਰ ਸਕਦੀ ਹੈ। ਪ੍ਰਤਾਪ ਸਿੰਘ ਹੁਰਾਂ ਦੇ ਇਸ ਪ੍ਰਸਤਾਵ ਅਤੇ ਯੋਜਨਾ ਦੇ ਤਹਿਤ ਹੀ ਭਿਖਾਰੀ ਜੀ ਦੀਆਂ ਕੁਝ ਗਲਪ ਰਚਨਾਵਾਂ ਅਤੇ ਉਨ੍ਹਾਂ ਦੇ ਸਮਕਾਲ ਦੀ ਪੰਜਾਬੀ ਗਲਪਕਾਰੀ ਬਾਰੇ ਚਰਚਾ ਕਰਨ ਦਾ ਯਤਨ ਕੀਤਾ ਗਿਆ ਹੈ।

ਸੌਦਾਗਰ ਸਿੰਘ ਭਿਖਾਰੀ ਹੁਰਾਂ ਨੇ ਸੁਤੰਤਰ ਰੂਪ ਵਿਚ ਵੀ ਗਲਪ ਰਚਨਾ ਕੀਤੀ ਅਤੇ ਸਾਥੀ ਲੇਖਕਾਂ ਨਾਲ ਸਾਂਝੇ ਤੌਰ ਤੇ ਵੀ ਪ੍ਰਯੋਗ ਕੀਤੇ। ਉਨ੍ਹਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ ਦੋਵਾਂ ਹੀ ਰੂਪਾਂ ਵਿਚ ਪ੍ਰਾਪਤ ਹਨ। ਭਾਵੇਂ ਬਹੁਤੀਆਂ ਪ੍ਰਕਾਸ਼ਿਤ ਰਚਨਾਵਾਂ ਉਪਰ ਸਾਲ ਸੰਮਤ ਅੰਕਿਤ ਨਹੀਂ ਹਨ, ਪਰ ਉਨ੍ਹਾਂ ਦੇ ਅੰਦਰਲੇ ਅਤੇ ਬਾਹਰਲੇ ਹਵਾਲਿਆਂ ਦੀ ਮਦਦ ਨਾਲ ਇਨ੍ਹਾਂ ਦੇ ਪ੍ਰਕਾਸ਼ਨ ਸਮੇਂ ਦਾ ਅੰਦਾਜ਼ਾ ਹੋ ਜਾਂਦਾ ਹੈ। ਇਹ ਵੀਹਵੀਂ ਸਦੀ ਦੇ ਵੀਹਵਿਆਂ ਅਤੇ ਤੀਹਵਿਆਂ ਦਾ ਸਮਾਂ ਸੀ। ਇਸ ਦੀ ਪੁਸ਼ਟੀ ਉਨ੍ਹਾਂ ਦੀਆਂ ਕਹਾਣੀਆਂ ਦੇ ਉਸ ਖਰੜੇ ਤੋਂ ਵੀ ਹੋ ਜਾਂਦੀ ਹੈ, ਜਿਸ ਨੂੰ ਉਨ੍ਹਾਂ ਆਪਣੀਆਂ ਪੋਤਰੀਆਂ ਤੋਂ ਲਿਖਵਾਇਆ ਅਤੇ ਜਿਸ ਵਿਚ ਬਹੁਤੀਆਂ ਕਹਾਣੀਆਂ ਦੇ ਅੰਤ ਉਤੇ ਉਨ੍ਹਾਂ ਦਾ ਰਚਨ-ਵਰ੍ਹਾ ਅੰਕਿਤ ਹੈ। ਆਧੁਨਿਕ ਪੰਜਾਬੀ ਗਲਪ ਦੇ ਇਤਿਹਾਸ ਵਿਚ ਵੀਹਵਿਆਂ ਤੇ ਤੀਹਵਿਆਂ ਦਾ ਸਮਾਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਦੌਰ ਵਿੱਚ ਆਧੁਨਿਕ ਗਲਪ ਦੀਆਂ ਵੰਨਗੀਆਂ ਆਪਣੇ ਉਦਭਵ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੀਆਂ ਹੋਈਆਂ ਆਪਣੇ ਵਾਸਤਵਿਕ ਸਰੂਪ ਨਾਲ ਜੁੜਨ ਲਈ ਅਹੁਲਦੀਆਂ ਨਜ਼ਰ ਆਉਂਦੀਆਂ ਹਨ। ਇਸ ਦੇ ਨਾਲ ਹੀ ਇਹ ਭਾਰਤੀ ਰਾਸ਼ਟਰਵਾਦ ਦੇ ਵੀ ਆਪਣੇ ਇਹ ਲੌਕਿਕ ਖ਼ਾਸੇ ਨਾਲ ਉਤਰਨ ਦਾ ਸਮਾਂ ਸੀ। ਇਨ੍ਹਾਂ ਸੰਦਰਭਾਂ ਵਿਚ ਭਿਖਾਰੀ ਹੁਰਾਂ ਦੇ ਗਲਪ ਬਾਰੇ ਚਰਚਾ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।

ਭਿਖਾਰੀ ਹੁਰਾਂ ਦੇ ਦੋ ਨਾਵਲ ਉਤਮ ਸਿੰਘ ਸਾਥੀ ਨਾਲ ਪ੍ਰਕਾਸ਼ਿਤ ਹੋਏ। ਇਹ ਹਨ : *ਡਾਕੂ ਫਜੇ ਖਾਂ ਤੇ ਜਾਸੂਸ ਕਰਮ ਚੰਦ* ਅਤੇ *ਚੰਦ੍ਰਾਵਤੀ*। ਪਹਿਲਾ ਨਾਵਲ ਜਾਸੂਸੀ ਤਰਜ਼ ਦਾ ਹੈ। ਪੰਜਾਬੀ ਗ਼ਲਪ ਦੀ ਇਤਿਹਾਸਕਾਰੀ ਵਿਚ ਕੁਝ ਇਕ ਥਾਵਾਂ 'ਤੇ ਵੀਹਵੀਂ ਸਦੀ ਦੇ ਆਰੰਭਲੇ ਦਹਾਕਿਆਂ ਵਿਚ ਜਾਸੂਸੀ ਨਾਵਲਾਂ ਦੇ ਵੱਡੀ ਤਾਦਾਦ ਵਿਚ ਛਪਣ ਬਾਰੇ ਸੰਕੇਤ ਕੀਤੇ ਗਏ ਹਨ, ਪਰ ਕਿਧਰੇ ਵੀ ਇਨ੍ਹਾਂ ਵਿਚੋਂ ਕਿਸੇ ਨਾਵਲ ਦਾ ਨਾਂ ਦੱਸ ਕੇ ਅਜਿਹੀਆਂ ਰਚਨਾਵਾਂ ਦੀ ਅਹਿਮੀਅਤ ਨੂੰ ਉਜਾਗਰ ਨਹੀਂ ਕੀਤਾ ਗਿਆ। ਇਸ ਪੱਖੋਂ *ਡਾਕੂ ਫਜੇ ਖਾਂ ਤੇ ਜਾਸੂਸ ਕਰਮ ਚੰਦ* ਇਕ ਐਸਾ ਨਮੂਨਾ ਹੈ, ਜਿਸ ਦੀ ਮਦਦ ਨਾਲ ਜਾਸੂਸੀ ਗ਼ਲਪ ਦੀ ਪ੍ਰਸੰਗਿਕਤਾ ਨੂੰ ਪਛਾਣਿਆ ਜਾ ਸਕਦਾ ਹੈ। ਇਸ ਨਾਵਲ ਦਾ ਵਾਯੂਮੰਡਲ ਰਿਆਸਤੀ ਦੌਰ ਵਿਚ ਕਾਨੂੰਨ ਤੇ ਵਿਵਸਥਾ ਦੀ ਵਿਗੜੀ ਹੋਈ ਸਥਿਤੀ ਦੇ ਚਿਤ੍ਰਨ ਰਾਹੀਂ ਉਸਰਿਆ ਹੈ। ਇਹ ਵਾਯੂਮੰਡਲ ਪਾਤਰਾਂ ਦੀ ਭੇਦਭਰੀ ਭੇਸ ਬਦਲੀ, ਚਕਮਾ ਦੇਣ ਦੀ ਚੁਸਤੀ-ਚਲਾਕੀ, ਮਨੁੱਖੀ ਪੱਧਰ ਤੋਂ ਉਚੇਰੇ ਸਾਹਸੀ ਕਾਰਜ ਤੇ ਰੌਚਿਕਤਾ ਲਈ ਲੋੜੀਂਦੇ ਰਹੱਸ-ਸਿਰਜਨ ਤੇ ਉਤਸੁਕਤਾ ਦੇ ਮਾਧਿਅਮ ਰਾਹੀਂ ਜਾਸੂਸੀ ਰੰਗਤ ਅਖ਼ਤਿਆਰ ਕਰ ਲੈਂਦਾ ਹੈ। ਇਹ ਜੁਗਤਾਂ ਆਮ ਪਾਠਕ ਨੂੰ ਗ਼ਲਪ ਦੀ ਪੜ੍ਹਤ ਲਈ ਕੀਲਣ ਦਾ ਪ੍ਰਯੋਜਨ ਨਿਭਾਉਂਦੀਆਂ ਹਨ। ਇਸ ਨਾਲ ਨਿਸਚੇ ਹੀ ਗੰਭੀਰ ਗ਼ਲਪ

ਲਈ ਪਾਠਕ ਵਰਗ ਤਿਆਰ ਕਰਨ ਅਤੇ ਗੰਭੀਰ ਗਲਪ ਨੂੰ ਲੋਕ-ਪ੍ਰਿਯ ਬਣਾਉਣ ਵਿਚ ਵੱਡੀ ਸਹਾਇਤਾ ਮਿਲਦੀ ਹੈ। ਇਸ ਪ੍ਰਕਾਰ ਸਟੀਰੀਊ ਟਾਇਪ ਬਣਤ ਦੇ ਬਾਵਜੂਦ ਇਹ ਗਲਪ, ਗੰਭੀਰ ਗਲਪ ਲਈ ਭੂਮੀ ਤਿਆਰ ਕਰਦਾ ਹੈ। ਨਾਵਲ ਵਿਚਲੇ ਰਾਜਤੰਤਰ ਦੀ ਪੁਲਿਸ ਸੰਸਥਾ ਦੀ ਨਾਕਸ ਕਾਰਗੁਜ਼ਾਰੀ ਨੂੰ ਜਿਸ ਉਪਰਾਮ ਦੀ ਭਾਗੀ ਦਰਸਾਇਆ ਗਿਆ ਹੈ, ਉਹ ਇਕ ਤਰ੍ਹਾਂ ਨਾਲ ਸਮਕਾਲ ਦੇ ਸਾਮਰਾਜ ਹੇਠਲੇ ਰਿਆਸਤੀ ਪ੍ਰਬੰਧ ਦੀ ਸਟੇਟ ਮਸ਼ੀਨਰੀ ਉਪਰ ਹੀ ਟਕੋਰ ਹੈ। *ਚੰਦ੍ਰਾਵਤੀ* ਨਾਵਲ ਦੀ ਕਹਾਣੀ ਭਾਵੇਂ ਰਾਜਿਆਂ ਦੇ ਸਮੇਂ ਨਾਲ ਸੰਬੰਧਿਤ ਹੈ, ਪਰ ਇਨ੍ਹਾਂ ਰਾਜਿਆਂ ਦੇ ਸਮੇਂ ਨੂੰ ਸਾਮਰਾਜ ਤੋਂ ਪਹਿਲਾਂ ਦੇ ਦੌਰ ਦਾ ਦਰਸਾਇਆ ਗਿਆ ਹੈ। ਅਜਿਹਾ ਅੰਗਰੇਜ਼ੀ ਰਾਜ ਪ੍ਰਤੀ ਮੂਕ ਪੱਧਰ ਦੀ ਨਾ ਪਸੰਦਗੀ ਦੀ ਪ੍ਰਤਿਕਿਰਿਆ ਵਜੋਂ ਇਕ ਨਵੇਂ ਜਾਵੀਏ ਦੀ ਘਾੜਤ ਲਈ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਇਸ ਨਾਵਲ ਦਾ ਵਾਯੂਮੰਡਲ ਵੀ ਕਾਫ਼ੀ ਹੱਦ ਤਕ ਜਾਸੂਸੀ ਗਲਪ ਦੇ ਦਾਇਰੇ ਦੀ ਹੀ ਵਸਤ ਹੈ, ਪਰ ਇਸ ਦੇ ਮਾਧਿਅਮ ਰਾਹੀਂ ਜਿਸ ਨਵੇਂ ਜਾਵੀਏ ਦੀ ਘਾੜਤ ਕੀਤੀ ਗਈ ਹੈ, ਉਸ ਅਨੁਸਾਰ ਦੇਸੀ ਰਾਜ ਪ੍ਰਬੰਧ ਦੀ ਇਨਸਾਫ਼ ਪਸੰਦੀ ਦੀ ਮਹਿਮਾ ਕੀਤੀ ਗਈ ਹੈ। ਨਾਵਲ ਵਿਚ ਰਾਜ ਭਾਗ ਗਵਾ ਚੁੱਕੇ ਪੁਰਖਿਆਂ ਦੀ ਗੁਰਬਤ ਵਿਚ ਰਹਿ ਰਹੀ ਅਣਸ ਸਰੂਪ ਨੂੰ ਆਪਣੀ ਸਿਆਣਪ, ਮਿਹਨਤ, ਲਗਨ ਤੇ ਸੰਘਰਸ਼ ਨਾਲ ਮਹਾਰਾਜ ਸਰੂਪ ਦੇ ਪਦ ਤਕ ਪਹੁੰਚਦੇ ਦਰਸਾਇਆ ਗਿਆ ਹੈ। ਭਿਖਾਰੀ ਜੀ ਦੇ ਸਮਕਾਲ ਵਿਚ ਆਪਣਾ ਰਾਜ ਗਵਾ ਚੁੱਕੇ ਲੋਕਾਂ ਲਈ ਇਹ ਇਕ ਮਹੱਤਵਪੂਰਣ ਸੰਕੇਤ ਬਣ ਜਾਂਦਾ ਹੈ। ਇਨਸਾਫ ਪਸੰਦੀ ਦੇ ਗੁਣ ਤੋਂ ਇਲਾਵਾ ਮਹਾਰਾਜਾ ਸਰੂਪ ਨੂੰ ਕਥਨੀ ਅਤੇ ਕਰਨੀ ਵਿਚ ਇਕ ਰੂਪ ਚਰਿਤਰ ਵਜੋਂ ਸਾਕਾਰ ਕੀਤਾ ਗਿਆ ਹੈ। ਅਜਿਹਾ ਪੱਛਮੀ ਸਭਿਅਤਾ ਦੇ ਆਸ਼ਕਾਂ ਦੇ ਦੋਗਲੇ ਚਰਿਤਰ ਦਾ ਪ੍ਰਤਿਉਤਰ ਦੇਣ ਲਈ ਉਸਾਰੇ ਗਏ ਪੈਂਤੜੇ ਹਿੱਤ ਕੀਤਾ ਗਿਆ ਹੈ, ਜਿਸ ਦਾ ਉਲੇਖ ਲੇਖਕ ਨੇ 'ਮੁੱਖ ਬੰਦ' ਵਿਚ ਵੀ ਕੀਤਾ ਹੈ। ਪੱਛਮੀ ਸਭਿਅਤਾ ਦੇ ਆਸ਼ਕਾਂ ਦੇ ਦੋਗਲੇ ਚਰਿਤਰ ਦਾ ਪ੍ਰਤਿਉਤਰ ਟੇਢੇ ਢੰਗ ਨਾਲ ਸਾਮਰਾਜ ਦੇ ਸਭਿਆਚਾਰਕ ਪੈਂਤੜੇ ਦਾ ਹੀ ਵਿਰੋਧ ਬਣ ਜਾਂਦਾ ਹੈ।

ਮੁਨਸ਼ਾ ਸਿੰਘ ਦੁਖੀ ਹੁਰਾਂ ਨਾਲ ਸਾਂਝੇ ਤੌਰ 'ਤੇ ਪ੍ਰਕਾਸ਼ਿਤ ਕੀਤੇ ਗਏ ਭਿਖਾਰੀ ਜੀ ਦੇ ਦੋ ਨਾਵਲ *ਪਰਾਧੀਨ ਜੀਵਨ* ਅਤੇ *ਮੁਸਤਫ਼ਾ ਸਗੀਰ* ਉਚੇਚੀ ਤਵੱਜੋ ਦੀ ਮੰਗ ਕਰਦੇ ਹਨ। *ਪਰਾਧੀਨ ਜੀਵਨ* ਨਾਵਲ ਦਾ ਸਿਰਲੇਖ ਬਗ਼ੈਰ ਕਿਸੇ ਲੁਕੋ ਤੋਂ ਬੇਝਿਜਕ ਹੋ ਕੇ ਸਮਕਾਲ ਦੀ ਪਰਾਧੀਨਤਾ ਵੱਲ ਇਸ਼ਾਰਾ ਕਰ ਦੇਂਦਾ ਹੈ। ਇਸ ਨਾਵਲ ਵਿਚ ਇਤਿਹਾਸ ਅਤੇ ਵਰਤਮਾਨ ਪੂਰੀ ਤਰ੍ਹਾਂ ਇਕ ਦੂਜੇ ਵਿਚ ਘੁਲੇ ਮਿਲੇ ਹੋਏ ਹਨ। ਇਸ ਦੇ ਬਿਰਤਾਂਤ ਦਾ ਮੁੱਖ ਬਲ ਗ਼ੁਲਾਮ-ਪ੍ਰਥਾ ਨਾਲ ਜੁੜੀ ਹੋਏ ਅਮਾਨਵੀਕਰਣ ਦੇ ਅਮਲ ਨੂੰ ਸਮੂਰਤ ਕਰਨਾ ਹੈ। ਇਸ ਸਮੂਰਤਨ ਵਿਚ ਪਰਾਧੀਨ ਜੀਵਨ ਦੇ ਦੁਖਾਂਤ ਨੂੰ ਜਬਰ, ਤਸੀਹੇ, ਤ੍ਰਾਸ ਨਾਲ ਜੁੜੇ ਪਾਸ਼ਵਿਕ ਵਤੀਰੇ ਅਤੇ ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੇ ਮਨੋਭਾਵਾਂ ਦੀ ਮਦਦ ਨਾਲ ਸਿਰਜਿਆ ਗਿਆ ਹੈ। ਜਬਰ ਨੂੰ ਸਹਿਨ ਕਰ ਰਹੇ ਗੁਲਾਮ ਪਾਤਰਾਂ ਲਈ ਗੁਰਬਾਣੀ ਇਸ ਨਾਲ ਮੁਕਾਬਲੇ ਦੀ ਢਾਲ ਵੀ ਬਣਦੀ ਹੈ ਤੇ ਇਸ ਤੋਂ ਮੁਨਕਰੀ ਦਾ ਰਾਹ ਵੀ ਖੋਲ੍ਹਦੀ ਹੈ। ਨਾਵਲ ਦਾ ਮੁੱਖ ਪਾਤਰ ਚਾਚਾ ਤਿਲੋਕਾ ਇਸੇ ਢਾਲ ਆਸਰੇ ਨਾਲ ਜ਼ਾਲਮ ਖਾਂ ਦੇ ਜਬਰ ਨੂੰ ਸਹਿਨ ਕਰਦਾ ਹੋਇਆ ਵੀ ਉਸਦੇ ਗ਼ਲਤ ਹੁਕਮ ਦੀ ਅਦੂਲੀ ਦਾ ਸਾਹਸ ਕਰਦਾ ਹੈ। ਇਸੇ ਸਾਹਸ ਦੇ ਤਹਿਤ ਉਹ ਮੁਨਕਰੀ ਨੂੰ ਪੁਗਾਉਣ ਲਈ ਮੌਤ ਨੂੰ ਕਬੂਲ ਕਰ ਲੈਂਦਾ ਹੈ। ਮੁਨਕਰੀ ਨਾਲ ਜੁੜੀ ਉਸ ਦੀ ਮੌਤ ਵਿਦ੍ਰੋਹ ਦਾ ਇਕ ਅਜਿਹਾ ਸੰਕੇਤਕ ਹੈ, ਜੋ ਗ਼ੁਲਾਮ-ਪ੍ਰਥਾ ਦੇ ਖ਼ਾਤਮੇ ਦਾ ਪ੍ਰੇਰਕ ਬਣਦਾ ਹੈ। ਨਾਵਲ ਦੇ ਅੰਤ ਉਤੇ 'ਚਾਚੇ ਤਿਲੋਕੇ ਦੀ ਜੈਂ' ਦਾ ਜੈਕਾਰਾ ਇਸ ਵਿਦਰੋਹ ਦੀ ਜਿੱਤ ਦੀ ਪ੍ਰਬਲ ਅਕਾਂਖਿਆ ਦੀ ਹੀ ਅਲਾਮਤ ਹੈ, ਜਿਸ

ਦੀ ਸਮਕਾਲ ਦੇ ਪਰਾਧੀਨ ਜੀਵਨ ਨਾਲ ਨਜਿੱਠਨ ਲਈ ਕਾਰਗਰ ਪ੍ਰਸੰਗਿਕਤਾ ਬਣ ਜਾਂਦੀ ਹੈ।

*ਮੁਸਤਫ਼ਾ ਸਗੀਰ* ਸ਼ਾਇਦ ਪੰਜਾਬੀ ਦਾ ਇਕੋ ਇਕ ਅਜਿਹਾ ਨਾਵਲ ਹੈ, ਜਿਸ ਵਿਚ ਵੀਹਵੀਂ ਸਦੀ ਦੀ ਇਕ ਮਹੱਤਵਪੂਰਣ ਤਹਿਰੀਕ ਖਿਲਾਫ਼ਤ ਦੇ ਮੂਲ ਸਰੋਕਾਰਾਂ ਨੂੰ ਉਜਾਗਰ ਕੀਤਾ ਗਿਆ ਹੈ। ਤੁਰਕੀ ਆਧਾਰਿਤ ਇਸ ਲਹਿਰ ਨੇ ਇਸਲਾਮ ਤੇ ਕੌਮਵਾਦ ਦੇ ਜੋੜ ਮੇਲ ਰਾਹੀਂ ਏਸ਼ੀਆ ਦੇ ਸੁਤੰਤਰਤਾ ਸੰਗਰਾਮਾਂ ਨੂੰ ਪ੍ਰੇਰਣਾ ਤੇ ਬਲ ਪ੍ਰਦਾਨ ਕੀਤਾ। ਇਥੇ ਧਰਮ, ਸਿਆਸਤ ਦੀ ਵਿਰੋਧੀ ਧਿਰ ਨਹੀਂ, ਸਗੋਂ ਸਹਾਇਕ ਸ਼ਕਤੀ ਦੇ ਰੂਪ ਵਿਚ ਪੂਰਕ ਬਣਦਾ ਨਜ਼ਰ ਆਉਂਦਾ ਹੈ। ਇਸ ਨਾਵਲ ਵਿਚ ਪ੍ਰਸਤੁਤ ਹੋਇਆ ਲਹਿਰ ਦਾ ਤਾਣਾ ਉਕਤ ਜੋੜ ਮੇਲ ਦੇ ਹਵਾਲੇ ਨਾਲ ਏਸ਼ੀਆ ਦੇ ਸੁਤੰਤਰਤਾ ਸੰਗਰਾਮਾਂ ਅਤੇ ਕੌਮਵਾਦ ਦੇ ਪੈਰਾਡਾਈਮ ਨੂੰ ਸਮਝਣ ਦੀ ਸਮੱਗਰੀ ਮੁਹੱਈਆ ਕਰਦਾ ਹੈ। ਮੁਸਤਫ਼ਾ ਸਗੀਰ ਹਿੰਦੁਸਤਾਨ ਵਿਚ ਜੰਮਿਆ ਪਲਿਆ, ਪਰ ਇੰਗਲੈਂਡ ਵਿਚ ਪੜ੍ਹਿਆ ਤੇ ਸਿਖਿਅਤ ਹੋਇਆ ਸਾਮਰਾਜ ਦਾ ਜਾਸੂਸ ਹੈ, ਜੋ ਤੁਰਕੀ ਵਿਖੇ ਖ਼ਿਲਾਫਤ ਲਹਿਰ ਦੇ ਗੁਪਤ ਤਾਣੇ ਦੇ ਭੇਦਾਂ ਨੂੰ ਲੱਭਣ ਅਤੇ ਇਨ੍ਹਾਂ ਨੂੰ ਸਾਮਰਾਜ ਤਾਈਂ ਨਸ਼ਰ ਕਰਨ ਲਈ ਕੰਮ ਕਰਦਾ ਹੈ। ਨਾਵਲ ਵਿਚ ਦਿੱਖ ਦੀ ਪੱਧਰ ਉਤੇ ਇਸ ਨੂੰ ਅਗਰਗਾਮੀ ਦਰਸਾਇਆ ਗਿਆ ਹੈ। ਇਸ ਅਗਰਗਾਮਤਾ ਦੇ ਭੇਸ ਦਾ ਕਵਚ ਪਹਿਨ ਕੇ ਹੀ ਉਹ ਦੇਸ਼ ਭਗਤਕ ਸਭਾ ਵਿਚ ਦਾਖ਼ਲ ਹੁੰਦਾ ਹੈ। ਤੱਤ ਦੀ ਪੱਧਰ ਉਤੇ ਉਸਦਾ ਕਿਰਦਾਰ ਖ਼ਲਨਾਇਕ ਵਾਲਾ ਹੈ ਪਰ ਇਹ ਖ਼ਲਨਾਇਕਤਵ ਐਸਾ ਵੀ ਨਹੀਂ ਕਿ ਉਸਦਾ ਕੋਈ ਮਨੁੱਖੀ ਪਹਿਲੂ ਹੈ ਹੀ ਨਹੀਂ। ਉਹ ਪੂਰੀ ਸ਼ਿੱਦਤ ਅਤੇ ਸੁਹਿਰਦਤਾ ਨਾਲ ਨਾਵਲ ਦੀ ਨਾਇਕਾ ਤੁਰਕੀ ਕੁੜੀ ਜ਼ੰਨਾਨ ਨਾਲ ਮੁਹੱਬਤ ਕਰਦਾ ਹੈ। ਮੁਸਤਫ਼ਾ ਸਗੀਰ ਦੇ ਪਾਤਰ ਦੀ ਦਿੱਖ ਤੇ ਤੱਤ ਵਿਚਲਾ ਅੰਤਰ ਅਤੇ ਉਸਦੀ ਮੁਹੱਬਤ ਦੇ ਪਹਿਲੂ ਮੁੱਢਲੇ ਪੰਜਾਬੀ ਨਾਵਲ ਦੇ ਮੁਕਾਬਲੇ ਨਾਵਲ ਦੇ ਯਥਾਰਥਵਾਦ ਨੂੰ ਮਨੁੱਖੀ ਚਰਿਤਰ ਦੀ ਜਟਿਲਤਾ ਦੇ ਪ੍ਰਸੰਗ ਵਿਚ ਨਵਾਂ ਪਾਸਾਰ ਪ੍ਰਦਾਨ ਕਰਦੇ ਹਨ। ਜ਼ੰਨਾਨ ਦੇ ਸਨਮੁੱਖ ਵੀ ਮੁਸਤਫਾ ਸਗੀਰ ਦੇ ਅਹਿਸਾਨ, ਮੁਹੱਬਤ ਅਤੇ ਆਪਣੇ ਦੇਸ਼ ਪ੍ਰਤੀ ਲਗਾਉ ਦੇ ਰੂਪ ਵਿਚ ਇਕ ਜਟਿਲ ਸਥਿਤੀ ਹੈ। ਉਹ ਵੀ ਆਪਣੇ ਅੰਤਰ ਮਨ ਵਿਚ ਉਸਦੀਆਂ ਸ਼ੱਕੀ ਤੇ ਖੁਫ਼ੀਆ ਗਤੀਵਿਧੀਆਂ ਨੂੰ ਨਾ ਪਸੰਦ ਕਰਦੀ ਹੈ ਪਰ ਉਸਦੀ ਮਾਇਕ ਸਹਾਇਤਾ ਦੇ ਅਹਿਸਾਨਾਂ ਹੇਠ ਦੱਬੀ ਹੋਈ ਮੁਹੱਬਤ ਦਾ ਸਵਾਂਗ ਰਚਨ ਲਈ ਮਜਬੂਰ ਹੈ। ਉਸ ਦੀ ਅਜਿਹੀ ਮਜਬੂਰੀ ਅੱਗੇ ਜਾ ਕੇ ਦੇਸ਼-ਭਗਤੀ ਦੇ ਰਾਹ ਵਿਚ ਉਸਦੀ ਸਫਲਤਾ ਦੀ ਜੁਗਤ ਬਣ ਜਾਂਦੀ ਹੈ। ਇਸੇ ਸਵਾਂਗ ਰਾਹੀਂ ਹੀ ਉਹ ਦੇਸ਼ ਭਗਤਾਂ ਤਾਈਂ ਮੁਸਤਫ਼ਾ ਸਗੀਰ ਦੀ ਅਸਲੀਅਤ ਨੂੰ ਜ਼ਾਹਰ ਕਰਨ ਵਿਚ ਕਾਮਯਾਬ ਹੁੰਦੀ ਹੈ। ਇਸ ਪ੍ਰਕਾਰ ਜ਼ੰਨਾਨ ਵੀ ਇਕ ਜਟਿਲ ਪਾਤਰ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਨਾਵਲ ਵਿਚ ਸਿਆਸਤ ਵਿਚ ਨਾਰੀ ਦੀ ਸਿਰਕਤ ਰਾਹੀਂ ਕੌਮਵਾਦੀਆਂ ਦੀ ਜਿੱਤ ਦਿਖਾਈ ਗਈ ਹੈ। ਇਹ ਤੀਹਵਿਆਂ ਦੌਰਾਨ ਸਾਡੇ ਅਜ਼ਾਦੀ ਦੇ ਸੰਘਰਸ਼ ਵਿਚ ਔਰਤਾਂ ਦੀ ਸ਼ਮੂਲੀਅਤ ਵੱਲ ਸੰਕੇਤ ਜਾਂ ਇਸ ਦਾ ਪ੍ਰਭਾਵ ਵੀ ਹੋ ਸਕਦਾ ਹੈ।

*ਸ਼ਾਦੀ ਕਿ ਬਰਬਾਦੀ* ਅਤੇ *ਪੰਚ ਪ੍ਰਮੇਸ਼ਵਰ* ਭਿਖਾਰੀ ਹੁਰਾਂ ਦੇ ਦੋ ਨਾਵਿਲਟ ਹਨ। *ਸ਼ਾਦੀ ਕਿ ਬਰਬਾਦੀ* ਨਾਵਲਿਟ ਵਿਚ ਸਾਡੇ ਸਭਿਆਚਾਰ ਵਿਚ ਸ਼ਾਦੀ ਦੇ ਸਾਰਥ ਦੌਰਾਨ ਫਜ਼ੂਲ ਖਰਚੀ ਨਾਲ ਜੁੜੀਆਂ ਰਸਮਾਂ ਰਾਹੀਂ ਹੁੰਦੀ ਬਰਬਾਦੀ ਦੀ ਨੁਹਾਰ ਨੂੰ ਇਕ ਟੱਬਰ ਦੇ ਬਿਰਤਾਂਤ ਰਾਹੀਂ ਉਲੀਕਿਆ ਗਿਆ ਹੈ। ਜਿਸ ਜੀਵੰਤ ਰੂਪ ਵਿਚ ਇਸ ਬਿਰਤਾਂਤ ਦੀਆਂ ਝਾਕੀਆਂ ਦੀ ਲੜੀ ਬੱਝਦੀ ਤੇ ਅੱਗੇ ਤੁਰਦੀ ਹੈ ਉਸ ਤੋਂ ਅਨੁਭਵ ਉਪਰ ਲੇਖਕ ਦੀ ਡੂੰਘੀ ਪਕੜ ਦਾ ਪਤਾ ਲਗਦਾ ਹੈ। ਇਹ ਡੂੰਘੀ ਪਕੜ ਅਨੁਭਵ ਦੇ ਹੱਡ-ਹੰਢਾਏ ਹੋਣ ਦਾ ਪ੍ਰਭਾਵ ਦੇਂਦੀ ਹੈ। ਇਹ ਪ੍ਰਭਾਵ ਲੇਖਕ ਦੀ ਯਥਾਰਥਕ ਸੋਝੀ ਦਾ ਪ੍ਰਮਾਣ

ਬਣਦਾ ਹੈ। ਸਰਸਰੀ ਨਜ਼ਰੇ ਵੇਖਣ ਤੋਂ ਇਸ ਨਾਵਲ ਦਾ ਸੰਗਠਨ ਬੜਾ ਸਰਲ ਨਜ਼ਰ ਆਉਂਦਾ ਹੈ ਪਰ ਇਸ ਸੰਗਠਨ ਵਿਚ ਸਿਰਜੇ ਗਏ ਉਸ ਤਨਾਉ ਉਪਰ ਧਿਆਨ ਕੇਂਦ੍ਰਿਤ ਕਰਨ ਦੀ ਲੋੜ ਹੈ, ਜਿਸ ਵਿਚ ਇਕ ਪਾਸੇ ਗੁਰਮਤਿ, ਸਿੰਘ 'ਸਭੀਏ', ਨਾਮਧਾਰੀ ਤੇ ਅਕਾਲੀ ਲਹਿਰਾ ਦੇ ਸੁਧਾਰਕ ਵਿਚਾਰਾਂ ਤੋਂ ਪ੍ਰਭਾਵਿਤ ਕੁਝ ਵਿਅਕਤੀ ਪਾਤਰ ਹਨ ; ਦੂਜੇ ਪਾਸੇ ਸਦੀਆਂ ਤੋਂ ਚਲਿਆ ਆ ਰਿਹਾ ਰੂੜ੍ਹ ਹੋ ਚੁਕਿਆ ਪਰੰਪਰਾਵਾਦ ਹੈ। ਲੇਖਕ ਨੇ ਇਨ੍ਹਾਂ ਦੋਵਾਂ ਧਿਰਾਂ ਦੇ ਤਨਾਉ ਨੂੰ ਇਸਦੀਆਂ ਗੁੰਝਲਾਂ ਸਮੇਤ ਬਾਰੀਕੀ ਨਾਲ ਚਿਤਿਰਆ ਹੈ। ਰੂੜ੍ਹ ਹੋ ਚੁੱਕੇ ਪਰੰਪਰਾਵਾਦ ਦੀ ਜਕੜ ਬੜੀ ਪੀਡੀ ਹੈ, ਜਿਸ ਦੇ ਸਨਮੁੱਖ ਨਵੇਂ ਵਿਚਾਰ ਲਿਫ਼ਦੇ ਹਨ। ਉਕਤ ਤਨਾਉ ਦਾ ਸਿਰਜਨ ਅਤੇ ਪਰੰਪਰਾਵਾਦ ਦੀ ਵਿਜੈ ਲੇਖਕ ਦੀ ਆਧੁਨਿਕ ਗਲਪ ਦੇ ਮਰਕਜ਼ੀ ਸੂਤਰ ਨੂੰ ਸਮਝਣ ਦੀ ਯੋਗਤਾ ਅਤੇ ਉਸਦੇ ਹਕੀਕਤ ਪਸੰਦੀ ਵਾਲੇ ਨਜ਼ਰੀਏ ਦੇ ਸਬੂਤ ਹਨ। ਨਾਵਲਿਟ ਵਿਚ ਸ਼ਾਦੀ ਦਾ ਮਸਲਾ ਪੂਰੀ ਸੰਸਕ੍ਰਿਤੀ ਦੇ ਮਸਲੇ ਦੇ ਰੂਪ ਵਿਚ ਫੈਲਦਾ ਦਿਸਦਾ ਹੈ। ਭਾਈਚਾਰੇ ਦੇ ਦਬਾਉ ਹੇਠ ਸ਼ਾਦੀ ਦੇ ਮੌਕੇ ਮਰਯਾਦਾ ਦੀ ਲੱਜ ਪਾਲਣ ਲਈ ਚੁਕਿਆ ਗਿਆ ਕਰਜ਼ਾ ਇਕ ਐਸੇ ਸੰਕਟ ਨੂੰ ਪੈਦਾ ਕਰਦਾ ਹੈ, ਜੋ ਸੰਬੰਧਿਤ ਪਾਤਰਾਂ ਦੀ ਹੱਡ-ਭੰਨਣੀ ਕਮਾਈ ਦੇ ਬਾਵਜੂਦ ਵੀ ਹੱਲ ਹੋਣ ਦੀ ਥਾਂਵੇਂ ਲਗਾਤਾਰ ਡੂੰਘਾ ਹੁੰਦਾ ਜਾਂਦਾ ਹੈ। ਇਸ ਪ੍ਰਸੰਗ ਵਿਚ ਲੇਖਕ ਨੇ ਸਮਕਾਲ ਦੇ ਸੰਦਰਭ ਵਿਚ ਸੂਦਖ਼ੋਰੀ ਦੀ ਸਿਰਜਨਾਤਮਕ ਧਰਾਤਲ ਉੱਪਰ ਬਹੁਤ ਹੀ ਭਾਵ ਪੂਰਤ ਵਿਆਖਿਆ ਕੀਤੀ ਹੈ। ਇਸ ਪ੍ਰਕਾਰ ਇਸ ਨਾਵਲਟ ਵਿਚ ਇਕੋ ਵੇਲੇ ਸੰਸਕ੍ਰਿਤੀ ਦੇ ਸਮੱਸਿਆਕਾਰੀ ਪਹਿਲੂਆਂ ਦਾ ਵਿਸ਼ਲੇਸ਼ਣ ਵੀ ਪ੍ਰਸਤੁਤ ਹੋਇਆ ਹੈ; ਇਸ ਵਿਚੋਂ ਵੇਲੇ ਦੀਆਂ ਧਾਰਮਿਕ, ਸਮਾਜ-ਸੁਧਾਰਕ ਤੇ ਸਿਆਸੀ ਲਹਿਰਾਂ ਦੀਆਂ ਪ੍ਰਤਿ ਧੁਨੀਆਂ ਵੀ ਗੂੰਜਦੀਆਂ ਹਨ ਅਤੇ ਸੰਸਕ੍ਰਿਤੀ ਦੇ ਸੰਕਟ ਦੇ ਆਰਥਿਕ ਵਿਵੇਕ ਦੇ ਸਿਰਜਨ ਨੂੰ ਅਭਿਵਿਅਕਤੀ ਵੀ ਮਿਲੀ ਹੈ। ਇਸੇ ਕਰਕੇ ਸ਼ਾਦੀ ਦੇ ਖੁਸ਼ੀ ਨਾਲ ਸੰਬੰਧਿਤ ਸ਼ਾਬਦਿਕ ਅਰਥ ਬਰਬਾਦੀ ਦਾ ਰੂਪ ਧਾਰਨ ਕਰਕੇ ਵਿਡੰਬਨਾ ਦੇ ਭਾਗੀ ਬਣਦੇ ਹਨ। ਇਹ ਵਿਡੰਬਨਾ ਨਾਵਲਿਟ ਦੇ ਵਿਰੋਧਾਭਾਸੀ ਸਿਰਲੇਖ ਵਿਚ ਵੀ ਨਿਹਿਤ ਹੈ ਅਤੇ ਇਸਦੀ ਬਿਰਤਾਂਤਕ ਬੁਣਤੀ ਦਾ ਹਰ ਤੰਦ ਵਿਚ ਵੀ ਸਮਾਈ ਹੋਈ ਹੈ।

ਸਾਮਰਾਜ ਦੇ ਅਧੀਨ ਆਉਣ ਤੋਂ ਬਾਅਦ ਨਵੀਂ ਵਿਵਸਥਾ ਦੇ ਸਥਾਪਿਤ ਹੋਣ ਨਾਲ ਪੰਜਾਬ ਵਿਚ ਵੀ ਕੁਝ ਮਹੱਤਵਪੂਰਨ ਪਰੰਪਰਕ ਸੰਸਥਾਵਾਂ ਨੂੰ ਖੋਰਾ ਲਗਣਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਵਿਚ ਬਰਾਦਰੀ ਅਤੇ ਪੰਚਾਇਤ ਆਦਿ ਸੰਸਥਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਨਾਵਲਿਟ *ਪੰਚ ਪਰਮੇਸ਼ਰ* ਅਜਿਹੀ ਸਥਿਤੀ ਦਾ ਪ੍ਰਤਿਕਰਮ ਹੀ ਜਾਪਦਾ ਹੈ। ਨਵੀਂ ਪ੍ਰਕਾਰ ਦੀ ਨਿਆਇ-ਪ੍ਰਣਾਲੀ ਹੋਂਦ ਵਿਚ ਆਉਣ ਨਾਲ ਝਗੜਿਆਂ ਦੇ ਮੁਕੱਦਮੇ ਸ਼ਹਿਰਾਂ ਦੀਆਂ ਅਦਾਲਤਾਂ ਵਿਚ ਜਾਣ ਲੱਗੇ। ਇਹ ਨਿਆਇ-ਪ੍ਰਣਾਲੀ ਪੇਚੀਦਾ ਹੋਣ ਦੇ ਨਾਲ ਨਾਲ ਮਹਿੰਗੀ ਵੀ ਸੀ। ਇਸ ਨਾਲ ਇਨਸਾਫ਼ ਆਮ ਆਦਮੀ ਦੀ ਪਹੁੰਚ ਤੋਂ ਬਾਹਰੀ ਚੀਜ਼ ਬਣ ਜਾਂਦਾ ਹੈ। ਸਮਕਾਲ ਦੇ ਇਸ ਪਰਿਵਰਤਿਤ ਹੋਏ ਦ੍ਰਿਸ਼ ਦੇ ਪ੍ਰਸੰਗ ਵਿਚ *ਪੰਚ ਪਰਮੇਸ਼ਰ* ਵਿਚਲੇ ਆਦਰਸ਼ ਦੀ ਸਾਰਥਿਕਤਾ ਸਮਝ ਆਉਂਦੀ ਹੈ। ਲੇਖਕ ਨੇ 'ਪੰਚ ਪਰਮੇਸ਼ਰ' ਦੇ ਆਦਰਸ਼ ਨੂੰ *ਜਪੁਜੀ* ਦੀਆਂ ਤੁੱਕਾਂ "ਪੰਚ ਪਰਵਾਨ, ਪੰਚ ਪਰਧਾਨ। ਪੰਚ ਪਾਵਹਿ, ਦਰਗਹਿ ਮਾਨੁ।" ਨਾਲ ਜੋੜ ਕੇ ਇਸ ਉਪਰ ਗੁਰਮਤਿ ਦੀ ਪ੍ਰਵਾਨਗੀ ਦੀ ਮੋਹਰ ਵੀ ਲਾਈ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਪੰਚਾਇਤ ਦਾ ਇਨਸਾਫ਼ ਕੇਵਲ ਸਿੱਖਾਂ ਤਕ ਹੀ ਮਹਿਦੂਦ ਹੈ। ਨਾਵਲਿਟ ਵਿਚ ਸਾਰੇ ਧਰਮਾਂ ਲਈ ਇਸਦੀ ਇਕੋਂ ਜਿੰਨੀ ਗਰੰਟੀ ਦਿਤੀ ਗਈ ਹੈ। ਲੇਖਕ ਨੇ ਇਸ ਨਾਵਲਿਟ ਨੂੰ ਮੁਨਸ਼ੀ ਪ੍ਰੇਮ ਚੰਦ ਦੀ ਲਿਖਤ ਤੇ ਆਧਾਰਿਤ ਦੱਸਿਆ ਹੈ ਪਰ ਪੰਜਾਬ ਦੀ ਫਿਜ਼ਾ ਅਨੁਸਾਰ ਕੀਤਾ ਗਿਆ ਇਸਦਾ ਰੂਪਾਂਤਰ

ਇਸ ਨੂੰ ਇਕ ਤਰ੍ਹਾਂ ਨਾਲ ਮੌਲਿਕ ਕ੍ਰਿਤ ਹੀ ਬਣਾ ਦੇਂਦਾ ਹੈ।

ਸ. ਸੌਦਾਗਰ ਸਿੰਘ 'ਭਿਖਾਰੀ' ਦੀਆਂ ਅਣਪ੍ਰਕਾਸ਼ਿਤ ਕਹਾਣੀਆਂ ਦੇ ਵਿਸ਼ੇ ਵੀ ਲੇਖਕ ਦੀ ਸਮਕਾਲ ਬਾਰੇ ਜਾਗਰੂਕਤਾ ਦਾ ਪ੍ਰਮਾਣ ਪ੍ਰਸਤੁਤ ਕਰਦੇ ਹਨ। "ਪ੍ਰੇਮ ਆਸ਼ਰਮ" ਕਹਾਣੀ ਵਿਚ ਇਸਤਰੀ ਵਿਦਿਆ ਦੇ ਮਹੱਤਵ ਅਤੇ "ਸਫਲ ਵਿਸਾਖੀ" ਵਿਚ ਛੂਤ ਛਾਤ ਵਰਗੀ ਲਾਹਨਤ ਨੂੰ ਕੱਜਣ ਦਾ ਪ੍ਰਸਤਾਵ ਕੀਤਾ ਗਿਆ ਹੈ। ਭਾਈ ਮੋਹਨ ਸਿੰਘ ਵੈਦ ਅਤੇ ਨਾਨਕ ਸਿੰਘ ਦੀਆਂ ਗਲਪ ਰਚਨਾਵਾਂ ਵਿਚ ਇਹ ਵਿਸ਼ੇ ਉਭਰਵੇਂ ਰੂਪ ਵਿਚ ਸਾਹਮਣੇ ਆਉਂਦੇ ਹਨ। ਭਾਈਚਾਰਕ ਸੁਧਾਰ ਦੇ ਇਹ ਮੁੱਦੇ ਸੁਤੰਤਰਤਾ ਸੰਗਰਾਮ ਦੁਆਰਾ ਸੰਚਾਲਿਤ ਸਾਡੇ ਕੌਮੀ ਜਾਗਰਨ ਦੇ ਏਜੰਡੇ ਦਾ ਮਹੱਤਵਪੂਰਣ ਭਾਗ ਸਨ। ਇਨ੍ਹਾਂ ਕਹਾਣੀਆਂ ਵਿਚ ਸਿੱਖ ਮਤ ਦੇ ਅਸੂਲਾਂ ਦੀ ਇਸ ਕੌਮੀ ਜਾਗਰਨ ਦੇ ਸੰਦਰਭ ਵਿਚ ਹੀ ਵਿਆਖਿਆ ਕੀਤੀ ਗਈ ਹੈ। ਗੁਰੂ ਸਾਹਿਬਾਨ ਦੇ ਗੁਰਪੁਰਬਾਂ ਨੂੰ ਵੀ ਇਸ ਨਵ-ਜਾਗਰਤੀ ਦੇ ਉਥਾਨ ਲਈ ਹੀ ਮਨਾਇਆ ਜਾਂਦਾ ਸੀ। "ਚਪੇੜਾਂ" ਅਤੇ "ਵੈਰੀਆਂ ਦਾ ਦੋਸਤ" ਕਹਾਣੀਆਂ ਵਿਚ ਇਸੇ ਨੀਤੀ ਦੇ ਤਹਿਤ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਜੀ ਨੂੰ ਕੌਮੀ ਨਾਇਕਾਂ ਦੇ ਰੂਪ ਵਿਚ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਕਰਕੇ "ਦੈਂਤ ਤੋਂ ਦੇਵ" ਕਹਾਣੀ ਵਿਚ ਨਾਇਕਾਂ ਦੀ ਬਾਣੀ ਦੇ ਅਸਰ ਹੇਠ ਡਾਕੂ ਸ਼ੇਰੂ ਵਰਗੇ ਖੂੰਖਾਰ ਪਾਤਰ ਦਾ ਉਧਾਰ ਹੁੰਦਾ ਵਿਖਾਇਆ ਹੈ। "ਘੋੜ-ਦੌੜ" ਅਤੇ "ਬਦਲਾ" ਕਹਾਣੀਆਂ ਵਿਚ ਚਰਿਤਰ ਦਾ ਨਿਘਾਰ ਕੇਂਦਰੀ ਨੁਕਤਾ ਬਣ ਕੇ ਉਭਰਦਾ ਹੈ। ਜਿਥੇ "ਬਦਲਾ" ਕਹਾਣੀ ਵਿਚ ਇਸ ਨਿਘਾਰ ਦੇ ਕਾਰਨਾਂ ਨੂੰ ਨਾਨਕ ਸਿੰਘ ਦੇ ਨਾਵਲ *ਚਿੱਟਾ ਲਹੂ* ਦੀ ਤਰ੍ਹਾਂ ਹਿੰਦੂ ਸਮਾਜ ਦੀ ਕਠੋਰਤਾ ਦਾ ਫਲ ਦੱਸ ਕੇ ਇਸ ਦੀ ਆਲੋਚਨਾ ਕੀਤੀ ਗਈ ਹੈ, ਉਥੇ "ਘੋੜ-ਦੌੜ" ਕਹਾਣੀ ਵਿਚ ਪੱਛਮੀ ਸੰਸਕ੍ਰਿਤੀ ਦੇ ਮੰਦ ਪ੍ਰਭਾਵ ਇਸ ਦਾ ਸਬੱਬ ਬਣਦੇ ਹਨ। ਇਨ੍ਹਾਂ ਕਹਾਣੀਆਂ ਵਿਚ ਦੇਸੀ ਸੰਸਕ੍ਰਿਤੀ ਦੇ ਵਿਗਾੜਾਂ ਦੀ ਸਵੈ-ਪੜਚੋਲ ਅਤੇ ਪੱਛਮੀ ਸੰਸਕ੍ਰਿਤੀ ਦੇ ਦੇਸੀ ਰਹਿਤਲ ਉਪਰ ਆਕ੍ਰਮਣ ਨੂੰ ਸੰਤੁਲਿਤ ਰੂਪ ਵਿਚ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ। ਜਿਥੇ ਸਵੈ-ਪੜਚੋਲ ਦਾ ਸੰਬੰਧ ਯਥਾਰਥ ਨੂੰ ਇਸ ਦੇ ਵਾਸਤਵਿਕ ਸਰੂਪ ਸਮੇਤ ਪ੍ਰਤੱਖਣ ਦੀ ਕੋਸ਼ਿਸ਼ ਨਾਲ ਹੈ, ਉਥੇ ਪੱਛਮੀ ਸੰਸਕ੍ਰਿਤੀ ਨੂੰ ਮੰਦ ਪ੍ਰਭਾਵੀ ਕਹਿਣਾ ਅਗਰਗਾਮੀ ਸਿਆਸੀ ਦ੍ਰਿਸ਼ਟੀਕੋਣ ਬਣ ਜਾਂਦਾ ਹੈ। ਭਿਖਾਰੀ ਜੀ ਦੁਆਰਾ ਦੂਜੀਆਂ ਜ਼ੁਬਾਨਾਂ ਦੀਆਂ ਗਲਪ-ਰਚਨਾਵਾਂ ਦੇ ਉਲਥੇ ਵੀ ਹੋਰਨਾਂ ਵਿਸ਼ਿਆਂ ਦੇ ਹਵਾਲੇ ਨਾਲ ਇਸ ਦ੍ਰਿਸ਼ਟੀਕੋਣ ਨੂੰ ਵਿਸਥਾਰ ਦੇਂਦੇ ਅਤੇ ਇਸ ਦੀ ਪ੍ਰੋੜ੍ਹਤਾ ਕਰਦੇ ਹਨ।

ਉਪਰੋਕਤ ਚਰਚਾ ਨੂੰ ਸਾਰਬੱਧ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਭਿਖਾਰੀ ਜੀ ਦੁਆਰਾ ਰਚਿਆ ਗਿਆ ਗਲਪ ਪੰਜਾਬੀ ਦੇ ਇਤਿਹਾਸ ਵਿਚ ਸੰਕ੍ਰਾਂਤੀ ਦੀ ਭੂਮਿਕਾ ਨਿਭਾਉਂਦਾ ਹੈ। ਇਸ ਸੰਕ੍ਰਾਂਤੀ ਦਾ ਸੰਬੰਧ ਗੰਭੀਰ ਗਲਪਕਾਰ ਲਈ ਲੋੜੀਂਦੇ ਪਸਮੰਜ਼ਰ ਨੂੰ ਤਿਆਰ ਕਰਨਾ ਸੀ। ਇਸ ਪਸਮੰਜ਼ਰ ਵਿਚ ਯਥਾਰਥਵਾਦ ਦੀ ਸੋਝੀ ਵਿਚ ਇਜ਼ਾਫੇ ਦੇ ਨਾਲ ਨਾਲ ਦੇਸ਼ ਭਗਤੀ ਦੇ ਪੈਂਤੜੇ ਦੀ ਪੁਖ਼ਤਗੀ ਵੀ ਸ਼ਾਮਿਲ ਸੀ। ਇਸ ਨਾਲ ਆਧੁਨਿਕ ਪੰਜਾਬੀ ਗਲਪ ਦੀਆਂ ਵੰਨਗੀਆਂ ਤਕਨੀਕੀ ਪੱਖੋਂ ਵੀ ਪਰਿਪੱਕਤਾ ਨਾਲ ਜੁੜਦੀਆਂ ਹਨ ਅਤੇ ਇਨ੍ਹਾਂ ਦੇ ਸਿਆਸੀ ਨਜ਼ਰੀਏ ਵਿਚ ਵੀ ਸਪਸ਼ਟਤਾ ਆਉਂਦੀ ਹੈ। ਨਿਸਚੈ ਹੀ ਇਹ ਉਨ੍ਹਾਂ ਦੇ ਗਲਪ ਦਾ ਮਹੱਤਵਪੂਰਣ ਯੋਗਦਾਨ ਬਣ ਜਾਂਦਾ ਹੈ। ਇਸ ਯੋਗਦਾਨ ਦੀ ਪਛਾਣ ਰਾਹੀਂ "ਸੌਦਾਗਰ" ਦੀ ਗਲਪ-ਰੂਪੀ ਦੌਲਤ ਦਾ ਮਹਾਤਮ ਉਜਾਗਰ ਹੋ ਸਕਦਾ ਹੈ।

◆

# ਭਿਖਾਰੀ ਜੀ : ਸਾਡਾ ਵਿਰਸਾ ਤੇ ਵਰਤਮਾਨ

◆

-ਹਰਿਭਜਨ ਸਿੰਘ ਭਾਟੀਆ

ਰਸੂਲ ਹਮਜ਼ਾਤੋਵ ਦਾ ਕਥਨ ਹੈ ਕਿ "ਜੇ ਬੀਤੇ ਉਤੇ ਪਿਸਤੌਲ ਨਾਲ ਗੋਲੀ ਚਲਾਉਗੇ, ਤਾਂ ਭਵਿੱਖ ਤਹਾਨੂੰ ਤੋਪ ਨਾਲ ਫੁੰਡੇਗਾ।" ਵਿਰਸੇ ਨੂੰ ਜਾਣਨ ਤੇ ਸਮਝਣ ਦੀ ਹਮੇਸ਼ਾਂ ਲੋੜ ਹੁੰਦੀ ਹੈ। ਇਹੋ ਸਮਝ ਹੀ ਅਸਲ ਵਿਚ ਇਨਸਾਨ ਨੂੰ ਵਰਤਮਾਨ ਨੂੰ ਘੋਖਣ ਦੀ ਨੀਝ ਅਤੇ ਭਵਿੱਖ ਨੂੰ ਮਨਵਾਂਛਿਤ ਦਿਸ਼ਾ ਪ੍ਰਦਾਨ ਕਰਨ ਲਈ ਦ੍ਰਿਸ਼ਟੀ ਮੁਹੱਈਆ ਕਰਦੀ ਹੈ। ਇਸ ਢੰਗ ਨਾਲ ਅਤੀਤ ਵਰਤਮਾਨ ਅਤੇ ਭਵਿੱਖ ਹਮੇਸ਼ਾਂ ਇਕ ਜੀਵੰਤ ਤੇ ਸਾਰਥਕ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਕਈ ਵਾਰ ਏਦਾਂ ਵੀ ਵਾਪਰਦਾ ਹੈ ਕਿ "ਬੁੱਧੀਜੀਵੀ ਲੋਕ" ਅਤੀਤ ਵਿਚਲੇ ਤੱਥਾਂ ਵਿਚ ਆਪਣੀ ਮਨਮਰਜ਼ੀ ਦੇ ਰੰਗ ਭਰ ਕੇ ਉਸਨੂੰ ਉਚਿਆਉਣਾ ਜਾਂ ਆਦਰਸ਼ਿਆਉਣਾ ਆਰੰਭ ਕਰ ਦੇਂਦੇ ਹਨ। ਉਨ੍ਹਾਂ ਦੀ ਇੱਛਾ ਅਤੀਤ ਨੂੰ ਮਰਜ਼ੀ ਦੇ ਰੂਪ ਵਿਚ ਪੇਸ਼ ਕਰਨ ਅਤੇ ਆਪਣੀ ਬੁੱਧੀ ਦੇ ਚਮਤਕਾਰ ਦਿਖਾਉਣ ਦੀ ਹੁੰਦੀ ਹੈ। ਉਨ੍ਹਾਂ ਦੀ ਏਸ ਬੌਧਿਕ ਚਲਾਕੀ ਸਦਕਾ ਸਾਧਾਰਣ ਤੱਥ ਅਸਾਧਾਰਣ, ਚਮਤਕਾਰੀ ਅਤੇ ਅਲੌਕਿਕ ਅਰਥਾਂ ਦੇ ਧਾਰਣੀ ਹੋ ਨਿਬੜਦੇ ਹਨ। ਇੰਜ ਅਤੀਤ ਜਾਂ ਵਿਰਸੇ ਵਿਚਲੇ ਤੱਥਾਂ ਨੂੰ ਉਨ੍ਹਾਂ ਦੇ ਠੀਕ ਅਤੇ ਅਸਲੀ ਰੰਗ ਵਿਚ ਪਛਾਣਨ ਦੀ ਜਰੂਰਤ ਹਮੇਸ਼ਾਂ ਬਣੀ ਰਹਿੰਦੀ ਹੈ। ਸੁਆਲ ਕੀਤਾ ਜਾਂਦਾ ਹੈ ਕਿ ਤੱਥਾਂ ਦਾ ਅਸਲੀ ਰੰਗ ਕਿਵੇਂ ਪਛਾਣਿਆ ਜਾਵੇ? ਤਰਕ ਦਿੱਤਾ ਜਾਂਦਾ ਹੈ ਕਿ ਉਹ ਤਾਂ ਖ਼ਾਲੀ ਬੋਰਿਆਂ ਵਰਗੀ ਸ਼ੈਅ ਹੁੰਦੇ ਹਨ ਅਤੇ ਚਿੰਤਕ, ਅਧਿਏਤਾ ਜਾਂ ਇਤਿਹਾਸਕਾਰ ਨੇ ਉਨ੍ਹਾਂ ਅੰਦਰ ਅਰਥ ਭਰਣੇ ਹੁੰਦੇ ਹਨ। ਪਰੰਤੂ ਸੁਆਲ ਵਿਚੋਂ ਹੀ ਸੁਆਲ ਪੈਦਾ ਹੁੰਦਾ ਹੈ ਕਿ ਕੀ ਉਸਨੇ ਤੱਥਾਂ ਨੂੰ ਤੋੜ-ਮਰੋੜ ਕੇ ਹੀ ਪੇਸ਼ ਕਰਨਾ ਹੁੰਦਾ ਹੈ? ਅਤੀਤ ਵਿਚਲੇ ਜਿਹੜੇ ਤੱਤ ਵਰਤਮਾਨ ਤਕ ਅਪੜਦਿਆਂ ਸਾਹ-ਸਤ ਹੀਨ ਜਾਂ ਮੁਰਦਾ ਕਿਸਮ ਦੇ ਹੋ ਜਾਂਦੇ ਹਨ ਉਨ੍ਹਾਂ ਨੂੰ ਧਿੰਙੋਜ਼ੋਰੀ ਵਰਤਮਾਨ ਦੇ ਹਾਣ ਦਾ ਬਣਾਉਣ ਦੀ ਬਜਾਏ ਉਨ੍ਹਾਂ ਦੀਆਂ ਇਤਿਹਾਸਕ ਸੀਮਾਵਾਂ ਨੂੰ ਗੌਲਣ-ਘੋਖਣ ਦੀ ਜ਼ਰੂਰਤ ਵਧੇਰੇ ਹੁੰਦੀ ਹੈ। ਉਂਜ ਵੀ ਤੱਥਾਂ ਦੇ ਇਰਦ-ਗਿਰਦ ਬਥੇਰੀਆਂ ਗਵਾਹੀਆਂ ਪਈਆਂ ਹੁੰਦੀਆਂ ਹਨ। ਇਕ ਗਵਾਹੀ ਨੂੰ ਦੂਸਰੀ ਨਾਲ ਮੇਚ-ਮਾਪ ਕੇ ਸਮੇਂ ਦੇ ਸੱਚ ਤਕ ਅਪੜਿਆ ਜਾ ਸਕਦਾ ਹੈ। ਕੁਝ ਤੱਥਾਂ ਵਿਚ ਮਰਜ਼ੀ ਦੇ ਰੰਗ ਭਰਣ ਨਾਲ ਦੂਸਰਿਆਂ ਨਾਲ ਅਨਰਥ ਵਾਪਰਦਾ ਹੈ ਜਿਸ ਤੋਂ ਬਚਣਾ ਜ਼ਰੂਰੀ ਹੁੰਦਾ ਹੈ। ਸੌਦਾਗਰ ਸਿੰਘ ਭਿਖਾਰੀ, ਗੁਰਾਂਦਿੱਤਾ ਖੰਨਾ, ਮੁਨਸ਼ਾ ਸਿੰਘ ਦੁਖੀ, ਹੀਰਾ ਸਿੰਘ ਦਰਦ ਅਤੇ ਸੋਹਣ ਸਿੰਘ ਜੋਸ਼ ਆਦਿ ਵਰਗੀਆਂ ਸ਼ਖ਼ਸੀਅਤਾਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨਾਲ ਅਜੇਹਾ ਹੀ ਵਾਪਰਿਆ ਹੈ ਜਿਸ ਸਦਕਾ ਉਨ੍ਹਾਂ ਦੀ ਦੇਣ ਦੇ ਠੀਕ ਨੈਣ-ਨਕਸ਼

ਵਰਤਮਾਨ ਪੀੜ੍ਹੀ ਦੀ ਮਾਨਸਿਕਤਾ ਅੰਦਰ ਸਾਖ਼ਸ਼ਾਤ ਨਹੀਂ ਹੋ ਸਕੇ। ਇਨ੍ਹਾਂ ਅਤੇ ਇਨ੍ਹਾਂ ਜੇਹੀਆਂ ਹੋਰ ਸ਼ਖ਼ਸੀਅਤਾਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਮੁੜ ਘੋਖੇ-ਪੜਚੋਲੇ ਜਾਣ ਦੀ ਮੰਗ ਕਰਦੀ ਹੈ। ਫ਼ਿਲਹਾਲ ਅਸੀਂ ਆਪਣੇ ਇਸ ਮਜ਼ਮੂਨ ਨੂੰ ਭਿਖਾਰੀ ਜੀ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਤਕ ਹੀ ਮਹਿਦੂਦ ਰੱਖਾਂਗੇ।

ਭਿਖਾਰੀ ਜੀ ਦੀ ਸ਼ਖ਼ਸੀਅਤ ਮਿਸਾਲੀ ਕਿਸਮ ਦੀ ਸੀ। ਇਸ ਸ਼ਖ਼ਸੀਅਤ ਦੇ ਬਹੁਤ ਸਾਰੇ ਪਾਸਾਰ ਹਨ, ਅਜੋਕੇ ਮਨੁੱਖ ਵਾਂਗ ਬਹੁਤ ਸਾਰੀਆਂ ਪਰਤਾਂ ਨਹੀਂ। ਅਜੋਕਾ ਮੱਧਵਰਗੀ ਮਨੁੱਖ ਹਮੇਸ਼ਾਂ ਆਪਣੀ ਨਿੱਕੀ ਜੇਹੀ ਟੱਬਰੀ ਲਈ ਚੌਵੀ ਘੰਟੇ ਭੰਬੀਰੀ ਜਾਂ ਲਾਟੂ ਜਾਂ ਚਾਬੀ ਵਾਲੇ ਖਿਡੌਣੇ ਵਾਂਗੂੰ ਘੁੰਮਦਾ ਫਿਰਦਾ ਹੈ। ਉਸਨੂੰ ਲਗਾਤਾਰ ਨਾਂ ਕਮਾਉਣ ਅਤੇ ਨਾਵਾਂ ਤੇ ਵਸਤਾਂ ਇਕੱਠੀਆਂ ਕਰਨ ਦਾ ਫਿਕਰ ਖਾਂਦਾ ਰਹਿੰਦਾ ਹੈ। ਏਸੇ ਲਈ ਉਹ ਸਵੇਰ ਤੋਂ ਰਾਤ ਤਕ ਕਈ ਫਰੇਬ ਕਰਦਾ ਹੈ। ਪਾਰਦਰਸ਼ੀ ਉਹ ਕਦੀ ਵੀ ਨਹੀਂ ਹੁੰਦਾ। ਅਜੇਹੇ ਲੋਕ ਘੱਟ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਨਿੱਜੀ ਜਾਂ ਪਰਿਵਾਰਿਕ ਫ਼ਿਕਰਾਂ ਨਾਲੋਂ ਜ਼ਮਾਨੇ ਦਾ ਵੀ ਗ਼ਮ ਹੁੰਦਾ ਹੈ। ਭਿਖਾਰੀ ਜੀ ਅਜੇਹੀਆਂ ਵਿਰਲੀਆਂ-ਟਾਵੀਆਂ ਸ਼ਖ਼ਸੀਅਤਾਂ ਵਿਚੋਂ ਸਨ। ਉਨ੍ਹਾਂ ਆਪਦੀ ਪਰਿਵਾਰਿਕ ਜ਼ਿੰਦਗੀ ਨੂੰ ਅਣਡਿੱਠ ਨਹੀਂ ਸੀ ਕੀਤਾ ਹੋਇਆ ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਦੇ ਧਾਰਮਿਕ, ਸਮਾਜਕ, ਰਾਜਨੀਤਕ ਅਤੇ ਸਾਹਿਤਕ ਪਾਸਾਰ ਵੀ ਸਨ। ਮੁਲਕ ਨੂੰ ਆਜ਼ਾਦ ਵੇਖਣ ਦੀ ਤੀਬਰ-ਤੀਖਣ ਲੋਚਾ ਨੇ ਉਨ੍ਹਾਂ ਦੀ ਸ਼ਖ਼ਸੀਅਤ ਤੇ ਲਿਖਤਾਂ ਨੂੰ ਵਿਸ਼ੇਸ਼ ਦਿਸ਼ਾ ਪ੍ਰਦਾਨ ਕੀਤੀ ਹੋਈ ਸੀ। ਉਨ੍ਹਾਂ ਦੀ ਸਾਹਿਤਕ ਕਾਰਗੁਜ਼ਾਰੀ ਦੇ ਨਾਲ ਨਾਲ ਸੰਪਾਦਨ ਤੇ ਅਨੁਵਾਦ ਦੇ ਕਾਰਜ ਵੀ ਇਸੇ ਬਿੰਦੂ ਤੋਂ ਲੋਅ ਹਾਸਲ ਕਰਦੇ ਦਿਖਾਈ ਦੇਂਦੇ ਸਨ। ਮੁਲਕ ਦੀ ਆਜ਼ਾਦੀ ਦੇ ਨਾਲ ਨਾਲ ਜ਼ੁਬਾਨ ਤੇ ਸਾਹਿਤ ਦੀ ਤਰੱਕੀ ਦੇ ਸਰੋਕਾਰ ਵੀ ਉਨ੍ਹਾਂ ਲਈ ਮਹੱਤਵਪੂਰਨ ਬਣੇ। ਇਨ੍ਹਾਂ ਮਕਸਦਾਂ ਦੀ ਪੂਰਤੀ ਲਈ ਉਨ੍ਹਾਂ 'ਕਵੀ' ਰਿਸਾਲਾ ਵੀ (ਅਪਰੈਲ 1927 ਤੋਂ ਲੈ ਕੇ ਮਾਰਚ 1931 ਤਕ) ਕੱਢਿਆ। ਵਡੇਰੇ ਮਨੋਰਥ ਤੇ ਉਚੇਰੇ ਆਦਰਸ਼ਾਂ ਨਾਲ ਜੁੜੇ ਹੋਣ ਸਦਕਾ ਉਨ੍ਹਾਂ ਆਪਣੀ ਜ਼ਿੰਦਗੀ ਮਾਇਆ ਇਕੱਠੀ ਕਰਨ ਦੇ ਆਹਰ ਵਿਚ ਨਹੀਂ ਗੁਆਈ। ਉਨ੍ਹਾਂ ਦਾ ਪਰਿਵਾਰਕ ਜੀਵਨ ਤੰਗੀ ਤੁਰਸ਼ੀ, ਆਰਥਿਕ ਮਜ਼ਬੂਰੀਆਂ, ਤੰਗ ਦਸਤੀ ਅਤੇ ਕਿਰਤ-ਮੁਸ਼ੱਕਤ ਵਿਚ ਗੁਜ਼ਰਿਆ। ਅਜਿਹਾ ਮਾਹੌਲ ਵੀ ਉਨ੍ਹਾਂ ਨੂੰ ਉਨ੍ਹਾਂ ਦੇ ਆਦਰਸ਼ਾਂ ਤੋਂ ਲਾਂਭੇ ਨਾ ਹਟਾ ਸਕਿਆ। ਤੰਗੀ-ਤੁਰਸ਼ੀ ਦੇ ਜ਼ਮਾਨੇ ਵਿਚ ਉਨ੍ਹਾਂ ਸਗੋਂ ਆਦਰਸ਼ਾਂ ਦਾ ਪੱਲਾ ਹੋਰ ਪੀਡੀ ਤਰ੍ਹਾਂ ਪਕੜਿਆ। ਕਿਤਾਬੀ ਗਿਆਨ ਜਾਂ ਇਲਮ ਤੋਂ ਵਧੇਰੇ ਮੁਨਾਫ਼ੇ ਦੀ ਕਾਣੀ ਵੰਡ ਦੀ ਸੋਝੀ ਉਨ੍ਹਾਂ ਨੂੰ ਮੁਸ਼ੱਕਤ ਰਾਹੀਂ ਹੋਈ। ਏਸੇ ਵਿਚੋਂ ਹੀ ਉਨ੍ਹਾਂ ਨੂੰ ਕਿਰਤ ਦੀ ਲੁੱਟ ਦਾ ਅਹਿਸਾਸ ਹੋਇਆ। ਕਿਰਤ-ਮੁਸ਼ੱਕਤ ਨੇ ਉਨ੍ਹਾਂ ਨੂੰ "ਕਿਸਮਤ" ਦੇ ਫੋਕਟ ਅਰਥਾਂ ਤੋਂ ਜਾਣੂ ਕਰਵਾਇਆ। ਨਿਰਸੰਦੇਹ ਭਿਖਾਰੀ ਜੀ ਇਕ ਧਾਰਮਿਕ ਪੁਰਸ਼ ਸਨ ਪਰੰਤੂ ਉਹ ਸੰਪਰਦਾਇਕ ਹਰਗਿਜ਼ ਨਹੀਂ ਸਨ। ਸਿੱਖ ਧਰਮ ਦੇ "ਸਰਬਤ ਦੇ ਭਲੇ" ਦੇ ਸੰਕਲਪ ਵਿਚ ਉਨ੍ਹਾਂ ਦਾ ਅਟੁੱਟ ਵਿਸ਼ਵਾਸ਼ ਸੀ। ਸਿੱਖ ਇਤਿਹਾਸ ਦੇ ਇਨਕਲਾਬੀ ਪੱਖ ਤੇ ਪ੍ਰਸੰਗ ਉਨ੍ਹਾਂ ਨੂੰ ਵਧੇਰੇ ਪੋਂਹਦੇ ਸਨ। ਅਮਲ ਤੋਂ ਟੁੱਟੇ "ਪਾਠ" ਨੂੰ ਉਹ "ਤੋਤੇ ਰਟ" ਤੋਂ ਵੱਧ ਕੁਝ ਨਹੀਂ ਸਨ ਸਮਝਦੇ। ਖ਼ੁਦ ਤਾਂ ਉਹ ਵਹਿਮਾਂ ਭਰਮਾਂ, ਰੀਤੀਵਾਦ, ਕਿਸਮਤ ਅਤੇ ਹੋਣੀ ਆਦਿ ਦੀ ਅਸਲੀਅਤ ਤੋਂ ਵਾਕਿਫ਼ ਸਨ ਹੀ ਨਾਲ ਹੀ ਲੋਕਾਂ ਨੂੰ ਵੀ ਇਨ੍ਹਾ ਦੀ ਹਕਕੀਤ ਤੋਂ ਜਾਣੂ ਕਰਵਾਉਣਾ ਲੋਚਦੇ ਸਨ। ਉਨ੍ਹਾਂ ਦੇ ਇਨਕਲਾਬੀ ਜੀਵਨ ਦੀ ਟੇਕ ਗੁਰਬਾਣੀ ਵਿਚਲਾ 'ਸੁਨੇਹਾ' ਬਣਿਆ। ਅਜੋਕਾ ਯੁੱਗ ਢੰਡੋਰੇ ਦਾ ਯੁੱਗ ਹੈ। ਹਰ ਕੋਈ ਆਪਣੀ ਮਸ਼ਹੂਰੀ ਲਈ ਆਪੋ-ਆਪਣਾ ਲਾਊਡ ਸਪੀਕਰ ਮੋਢਿਆਂ ਉਪਰ ਚੁੱਕੀ ਫਿਰਦਾ ਹੈ। ਭਿਖਾਰੀ ਜੀ ਦਾ ਯਕੀਨ ਗੁੰਮਨਾਮੀ ਵਿਚ ਸੀ। ਉਨ੍ਹਾਂ ਨੇ ਗੁੰਮਨਾਮ ਰਹਿ ਕੇ ਜ਼ੁਲਮ ਗੁਲਾਮੀ ਅਤੇ ਵਧੀਕੀਆਂ ਦੇ ਖ਼ਿਲਾਫ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਯੁੱਧ ਛੇੜਿਆ। ਪ੍ਰੋ. ਪ੍ਰੀਤਮ ਸਿੰਘ

ਹੋਰਾਂ "ਯਾਦਾਂ ਕਵੀ ਦੀਆਂ" ਲਿਖਦੇ ਹੋਏ ਦਰੁਸਤ ਲਿਖਿਆ ਹੈ ਕਿ "ਕੁਰਬਾਨੀ, ਸੰਘਰਸ਼, ਗੁਪਤ-ਵਾਸ, ਬਦੇਸ਼ ਫੇਰੀ, ਜੇਲ੍ਹ-ਯਾਤਰਾ ਤੇ ਟੱਬਜ-ਟੀਰ ਦੀ ਦੁੱਖ-ਦਸ਼ਾ ਆਦਿ ਦਾ ਜਿਹੜਾ ਚੱਕਰ ਉਸ ਵੇਲੇ ਦੇ ਦੇਸ਼ ਭਗਤਾਂ ਉਤੇ ਚਲਦਾ ਹੁੰਦਾ ਸੀ, ਉਹ "ਦੁਖੀ" ਜੀ ਉਤੇ ਵੀ ਚੱਲਿਆ।" ਦੁਖੀ ਜੀ ਅਤੇ ਦੂਸਰੇ ਦੇਸ਼ ਭਗਤਾਂ ਵਾਂਗ ਭਿਖਾਰੀ ਜੀ ਨੂੰ ਵੀ ਇਸ ਵਿਹੁ-ਚੱਕਰ ਥਾਣੀਂ ਗੁਜ਼ਰਨਾ ਪਿਆ। ਭਿਖਾਰੀ ਜੀ ਦਾ ਘਰ ਹਮੇਸ਼ਾਂ ਇਨਕਲਾਬੀਆਂ ਤੇ ਬੁੱਧੀਜੀਵੀਆਂ ਲਈ ਚੌੜ-ਚਪੱਟ ਖੁਲ੍ਹਾ ਰਿਹਾ। ਗੁਰਦੁਆਰਾ ਸੁਧਾਰ ਲਹਿਰ ਰਾਹੀਂ ਉਹ ਵੀ 1923 ਈ. ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦੇ। ਰਾਸ਼ਟਰੀਅਤਾ ਦੇ ਉਹ ਅਲੰਮਬਰਦਾਰ ਸਨ ਅਤੇ ਸੰਪਰਦਾਇਕਤਾ ਨਿਰਪੇਖ ਪੰਜਾਬੀਅਤ ਵਿਚ ਉਨ੍ਹਾਂ ਦਾ ਬੇਥਿੜਕ ਵਿਸ਼ਵਾਸ ਸੀ। ਕਵੀ ਕੁਟੀਆ ਦੇ ਵੀ ਦੋ ਰੂਪ ਸਨ : ਪਹਿਲਾ ਪ੍ਰਗਟ ਤੇ ਦੂਸਰਾ ਅਪ੍ਰਗਟ ਜਾਂ ਛੁਪਿਆ ਹੋਇਆ। ਪ੍ਰਗਟ ਰੂਪ ਵਿਚ ਇਹ ਕਵੀਆਂ ਨੂੰ ਸਿਰਜਣਾ ਦਾ ਮਾਹੌਲ ਅਤੇ ਲੋੜੀਂਦੀ ਦਿਸ਼ਾ ਦੇਣ ਦਾ ਟਿਕਾਣਾ ਸੀ ਅਤੇ ਅਪ੍ਰਗਟ ਜਾਂ ਗੁੱਝੇ ਰੂਪ ਵਿਚ ਇਹ ਇਕ ਭਾਂਤ ਦੀ ਇਨਕਲਾਬੀਆਂ ਦੇ ਵਾਸ ਲਈ ਗੁਫ਼ਾ ਸੀ। ਇਸ ਕਵੀ ਕੁਟੀਆ ਨਾਲ ਕਵੀ ਵੀ ਐਸੇ ਨਹੀਂ ਸਨ ਜੁੜੇ ਹੋਏ ਜਿਹੜੇ ਸ਼ਾਇਰੀ ਨੂੰ ਜਿਹੜੀ ਅੱਯਾਸ਼ੀ ਦਾ ਜ਼ਰੀਆ ਤਸੱਵੁਰ ਕਰਦੇ ਹੋਣ ਸਗੋਂ ਇਸ ਨਾਲ ਅਜਿਹੇ ਕਵੀਆਂ ਦਾ ਰਿਸ਼ਤਾ ਸੀ ਜਿਹੜੇ ਦੇਸ਼ ਪਿਆਰ, ਸਮਾਜ-ਸੁਧਾਰ, ਸੁਚੱਜੀ ਸੁੱਚੀ ਜੀਵਨ-ਜਾਚ, ਮਾਨਵੀ ਕਦਰਾਂ-ਕੀਮਤਾਂ ਅਤੇ ਸੰਬਾਦ ਵਿਚ ਬੇਪਨਾਹ ਭਰੋਸਾ ਰੱਖਦੇ ਸਨ। ਕਵੀ ਕੁਟੀਆ ਅਤੇ ਕਵੀ ਰਿਸਾਲੇ ਦਾ ਗੁੱਝਾ ਮਨੋਰਥ ਰਾਜਸੀ ਸੀ। ਉਹ ਪੱਤਰਕਾਰੀ ਤੇ ਸਾਹਿਤਕਾਰੀ ਨੂੰ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਸਮਝਦੇ ਸਨ।

ਕਾਵਿ-ਸਿਰਜਣਾ, ਗਲਪਕਾਰੀ, ਅਨੁਵਾਦ ਅਤੇ ਰਿਸਾਲੇ ਦਾ ਸੰਪਾਦਨ ਭਿਖਾਰੀ ਜੀ ਦੀ ਸਾਹਿਤਕ ਸ਼ਖ਼ਸੀਅਤ ਦੇ ਪਾਸਾਰ ਸਨ। ਉਨ੍ਹਾ ਦੂਸਰੇ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਕਵੀ ਰਿਸਾਲੇ ਵਿਚ ਛਾਪਿਆ ਹੀ ਨਹੀਂ ਸਗੋਂ ਖ਼ੁਦ ਵੀ ਬਾਸਕਸਦ ਸ਼ਾਇਰੀ ਕੀਤੀ। ਉਨ੍ਹਾਂ ਵਲੋਂ ਰਚੀ ਗਈ ਸ਼ਾਇਰੀ ਉਨ੍ਹਾਂ ਦੇ ਸਮਕਾਲੀ ਸ਼ਾਇਰਾਂ ਜਿਵੇਂ ਭਾਈ ਵੀਰ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਬਾਵਾ ਬੁਧ ਸਿੰਘ, ਮੁਨਸ਼ਾ ਸਿੰਘ ਦੁਖੀ ਅਤੇ ਧਨੀ ਰਾਮ ਚਾਤ੍ਰਿਕ ਆਦਿ ਦੁਆਰਾ ਸਰਾਹੀ ਗਈ। ਉਸ ਜ਼ਮਾਨੇ ਦੇ ਚਿੰਤਕਾਂ ਜਿਵੇਂ ਮੌਲਾ ਬਖ਼ਸ਼ ਕੁਸ਼ਤਾ, ਕਾਹਨ ਸਿੰਘ ਨਾਭਾ ਅਤੇ ਪ੍ਰਿੰ. ਤੇਜਾ ਸਿੰਘ ਆਦਿ ਨੇ ਵੀ ਇਸ ਸ਼ਾਇਰੀ ਦੀ ਭਰਵੀਂ ਸ਼ੋਭਾ ਕੀਤੀ। ਭਾਈ ਵੀਰ ਸਿੰਘ ਨੇ ਪ੍ਰੇਮ ਲਹਿਰਾਂ ਦੇ ਸਿਰਲੇਖ ਹੇਠ ਛਪੀ ਪੁਸਤਕ ਵਿਚੋਂ ਪ੍ਰੇਮ ਵੈਰਾਗ ਦੇ ਵਲਵਲਿਆਂ ਤੋਂ ਇਲਾਵਾ, ਹਾਸ ਬਿਲਾਸ, ਸਿੱਖੀ ਭਾਵਨਾ ਤੇ ਕੌਮੀ ਦਰਦ ਨੂੰ ਪਛਾਣਿਆ। ਜਿੱਥੇ ਕੁਸ਼ਤਾ ਨੇ ਇਸ ਵਿਚੋਂ ਧਾਰਮਿਕ ਤੇ ਕੁਦਰਤੀ ਰੰਗ ਦੇ ਨਾਲ ਨਾਲ ਕੌਮੀ ਤੇ ਮੁਲਕੀ ਤਰਾਣਿਆਂ ਦੇ ਦੀਦਾਰ ਕੀਤੇ ਉਥੇ ਬਾਵਾ ਬੁਧ ਸਿੰਘ ਨੇ ਇਸ ਨੂੰ ਕਰਮ-ਪ੍ਰਧਾਨ ਸ਼ਾਇਰੀ ਦਾ ਨਾਂ ਦਿੱਤਾ। ਸ਼ਾਇਰੀ ਰਾਹੀਂ ਸ਼ਾਇਰ ਦੀ ਸ਼ਖ਼ਸੀਅਤ ਦਾ ਮੁਹਾਂਦਰਾ ਉਲੀਕਦੇ ਹੋਏ ਦੀਵਾਨ ਸਿੰਘ ਕਾਲੇਪਾਣੀ ਨੇ ਟਿੱਪਣੀ ਕੀਤੀ ਕਿ :

> ਹਰ ਜ਼ਮਾਨੇ ਦੇ ਕਵੀਆਂ ਵਾਂਗ 'ਭਿਖਾਰੀ' ਜੀ ਨੂੰ ਵੀ ਮਾਇਆ ਦੀ ਮੁਸ਼ਕਲਾਂ, ਘਰੋਗੀ ਝੇੜਿਆਂ, ਗ੍ਰਿਹਿਸਥ ਦੀਆਂ ਗੁੰਝਲਾਂ ਤੇ ਜ਼ਮਾਨੇ ਦੀਆਂ ਸਖ਼ਤੀਆਂ ਨੇ ਖਰਾ ਔਖਾ ਕੀਤਾ ਜਾਪਦਾ ਹੈ। ਆਪ ਦੇ ਦਿਲ ਵਿਚ ਸ਼ਿਕਾਇਤਾਂ, ਸ਼ਿਕਵਿਆਂ, ਹਸਰਤਾਂ ਯਾਦਾਂ ਤੇ ਨਿਹੋਰਿਆਂ ਦੇ ਭੰਡਾਰ ਭਰੇ ਹਨ। ਆਪ ਨੇ ਇਹਨਾਂ ਨਿੱਜੀ ਸਾਥੀਆਂ ਦਾ ਰੋਣਾ ਭੀ ਰੋਇਆ ਹੈ ਤੇ ਖ਼ੂਬ ਰੋਇਆ ਹੈ—ਐਸਾ ਕਿ ਪੱਥਰ ਭੀ ਪੰਘਰ ਪੈਣ ਤੇ ਵਾਧਾ ਇਹ ਕਿ ਭਾਵੇਂ ਆਪ ਦੇ ਨਿੱਜੀ ਰੋਣੇ ਹਨ ਪਰ ਹਰ ਇਕ ਪੜ੍ਹਣ ਵਾਲਾ ਸਮਝਦਾ ਹੈ

ਕਿ ਇਹ ਮੇਰੇ ਹੀ ਹਾਲੇਜ਼ਾਰ ਦੀ ਤਸਵੀਰ ਹੈ।

ਭਿਖਾਰੀ ਦਾ ਨਿੱਜੀ ਦਰਦ ਤੇ ਜ਼ਮਾਨੇ ਦਾ ਦਰਦ ਇਕ ਦੂਸਰੇ ਵਿਚ ਓਤਪੋਤ ਸਨ। ਉਨ੍ਹਾਂ ਦਾ ਨਿੱਜੀ ਦਰਦ ਵੀ ਜ਼ਮਾਨੇ ਦੀ ਦਾਸਤਾਨ ਪੇਸ਼ ਕਰਦਾ ਹੈ। ਸਮਕਾਲੀ ਤੇ ਰਾਜਸੀ ਹਾਲਤ ਨੂੰ ਪੇਸ਼ ਕਰਨ ਦੀ ਇਸ ਸ਼ਾਇਰੀ ਨੂੰ ਵਧੇਰੇ ਚਿੰਤਾ ਹੈ। ਇਸ ਵਿਚ ਪੇਸ਼ ਪਰਿਵਾਰਿਕ ਤੰਗੀ ਤੁਰਸ਼ੀ ਦੀਆਂ ਤਸਵੀਰਾਂ ਉਸ ਜ਼ਮਾਨੇ ਦੇ ਬਹੁਤੇ ਲੋਕਾਂ ਦੀ ਨਿੱਘਰੀ ਹਾਲਤ ਦਾ ਅਕਸ ਪੇਸ਼ ਕਰਦੀਆਂ ਹਨ। "ਵਤਨ ਤੋਂ ਕੌਮ ਤੋਂ ਸਤਿਗੁਰ ਮੇਰੀ ਜਿੰਦੜੀ ਫਿਦਾ ਹੋਵੇ" ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦੀ ਧਾਰਮਿਕਤਾ ਅਤੇ ਦੇਸ਼ ਪਿਆਰ ਦਾ ਗਹਿਰਾ ਰਿਸ਼ਤਾ ਹੈ। ਸਿੱਖ ਇਤਿਹਾਸ ਦੇ ਸੰਘਰਸ਼ ਨਾਲ ਸੰਬੰਧਿਤ ਪ੍ਰਸੰਗਾਂ ਨੂੰ ਜੇਕਰ ਉਹ ਆਪਣੀ ਸ਼ਾਇਰੀ ਵਿਚ ਮਾਧਿਅਮ ਬਣਾਉਂਦੇ ਹਨ ਤਾਂ ਇਨ੍ਹਾਂ ਦਾ ਵਿਸ਼ੇਸ਼ ਰਾਜਸੀ ਮਕਸਦ ਹੈ। ਉਂਜ ਵੀ ਅਜਿਹੇ ਪ੍ਰਸੰਗ ਉਸ ਜ਼ਮਾਨੇ ਵਿਚ ਰਚੀ ਗਈ ਸ਼ਾਇਰੀ ਵਿਚ ਇਕ ਰੂੜ੍ਹੀ ਵਜੋਂ ਕਾਰਜਸ਼ੀਲ ਦਿਖਾਈ ਦੇਂਦੇ ਹਨ। ਇਸ ਰਚਨਾ ਵਿਚ ਦੇਸ਼ ਦੀ ਆਜ਼ਾਦੀ ਅਤੇ ਦੇਸ਼ ਭਗਤੀ ਸੰਬੰਧੀ ਸਿੱਧੀਆਂ, ਸਪੱਸ਼ਟ ਨਜ਼ਮਾਂ ਵੀ ਦਰਜ ਹਨ। ਪਰੰਤੂ ਇਸ ਵਿਚ ਦਰਜ ਨਿੱਜ ਨਾਲ ਸੰਬੰਧਿਤ ਰਚਨਾਵਾਂ ਵੀ ਇਸੇ ਵਡੇਰੇ ਪ੍ਰਸੰਗ ਨਾਲ ਜੁੜੀਆਂ ਹੋਈਆਂ ਹਨ। ਇਸ ਵਿਚਲੀ "ਸਿੱਖੀ ਭਾਵਨਾ" ਵੀ ਕੌਮੀ ਦਰਦ ਦੀ ਪ੍ਰਸਤੁਤੀ ਅਤੇ ਆਜ਼ਾਦੀ ਦੀ ਲੋਚਾ ਦਾ ਮਾਧਿਅਮ ਹੀ ਬਣੀ ਦਿਖਾਈ ਦੇਂਦੀ ਹੈ। ਸ਼ਾਇਰ ਇਸ ਰਚਨਾ ਵਿਚ ਮੁੜ ਮੁੜ ਗੁਲਾਮ ਭਾਰਤ ਨੂੰ ਡੁਬਦੇ ਭਾਰਤ, ਬਰਤਾਨਵੀ ਰਾਜ ਨੂੰ ਬੇਅਦਲੀ ਦੇ ਰਾਜ, ਬਰਤਾਨਵੀ ਹਕੂਮਤ ਦੀਆਂ ਵਧੀਕੀਆਂ ਨੂੰ ਜ਼ੁਲਮ ਜੁਆਲਾ, ਸਮੁੱਚੇ ਮਾਹੌਲ ਨੂੰ ਕਹਿਰ ਅਨ੍ਹੇਰੀ ਅਤੇ ਲੋਕਾਂ ਦੀ ਹਾਲਤ ਨੂੰ ਦੁਖੀ ਤੇ ਬੇਬਸੀ ਭਰੀ ਦੱਸਦਾ ਹੈ। ਆਮ ਲੋਕਾਂ ਨੂੰ ਖ਼ਾਸਕਰ ਕਿਰਤੀ ਵਰਗ ਦੀਆਂ ਮੁਸ਼ਕਲਾਂ ਦਾ ਉਸ ਪਾਸ ਤਨ ਵਰਿਆ ਅਨੁਭਵ ਹੈ। ਸਮਾਜ ਦੀ ਫੌਰੀ ਜ਼ਰੂਰਤ ਆਜ਼ਾਦੀ ਲਈ ਉਹ ਵਚਨਬੱਧ ਹੈ। ਉਸ ਦੀ ਸ਼ਾਇਰੀ ਵਿਚ ਧਾਰਮਿਕਤਾ ਦਾ ਪਛਾਨਣ ਯੋਗ ਰੰਗ ਹੈ, ਜਿਸ ਫਿਰਕਾਪ੍ਰਸਤੀ ਜਾਂ ਸੰਪਰਦਾਇਕਤਾ ਦੀ ਭਾਵਨਾ ਨੂੰ ਉਹ ਇਸ ਰੰਗ ਦੇ ਨੇੜੇ ਨਹੀਂ ਢੁੱਕਣ ਦੇਂਦਾ। ਕਈ ਵਾਰ ਉਸਦੀ ਧਾਰਮਿਕ ਬਿਰਤੀ ਉਸਦੀ ਸਮਾਜੀ ਤੇ ਸਿਆਸੀ ਸੂਝ ਉਪਰ ਹਾਵੀ ਵੀ ਹੋ ਜਾਂਦੀ ਹੈ। ਸੁਤਕਾਲੀ ਸੰਕਟ ਦੇ ਖ਼ਾਤਮੇ ਲਈ ਦੈਵੀ ਆਸਰੇ ਦੀ ਟੇਕ ਦਾ ਪ੍ਰਭਾਵ ਵੀ ਕਿਧਰੇ ਕਿਧਰੇ ਇਹ ਸਿਰਜਦੀ ਹੈ। ਸਮੁੱਚੇ ਰੂਪ ਵਿਚ ਇਸ ਸ਼ਾਇਰੀ ਦੀ ਸੁਰ ਲੋਕ ਪੀੜਾ ਨੂੰ ਚਿਤਰਣ ਦੇ ਵਤਨਪ੍ਰਸਤੀ ਦੀ ਭਾਵਨਾ ਨੂੰ ਪੇਸ਼ ਕਰਨ ਦੀ ਹੈ। ਮਨੋਰਥ-ਯੁਕਤ ਹੋਣ ਸਦਕਾ ਸਿੱਧਾ ਸੰਬੋਧਨ, ਕੌੜੀ ਪ੍ਰਤੀਕਿਰਿਆ, ਪ੍ਰਤੱਖ ਸਪਾਟ ਢੰਗ ਇਸਦੇ ਅੰਦਾਜ਼ੇ ਬਿਆਂ ਜਾਂ ਪੇਸ਼ਕਾਰੀ ਦੇ ਢੰਗ ਦਾ ਹਿੱਸਾ ਹਨ।

ਭਿਖਾਰੀ ਜੀ ਦੇ ਦੋ ਨਾਵਲ *ਡਾਕੂ ਫਜੇ ਖਾਂ* ਤੇ *ਜਸੂਸ ਕਰਮ ਚੰਦ* ਅਤੇ *ਚੰਦ੍ਰਾਵਤੀ* ਅਤੇ ਕੁਝ ਕਹਾਣੀਆਂ ਵੀ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਾਹਿਤਕ ਪਾਸਾਰ ਦਾ ਹਿੱਸਾ ਹਨ। ਇਸ ਤੋਂ ਇਲਾਵਾ ਬੰਕਮ ਬਾਬੂ ਦਾ ਨਾਵਲ *ਦੇਵੀ ਚੌਧਰਾਣੀ*, ਦ੍ਵਿਜੇਂਦਰ ਲਾਲ ਰਾਏ ਦਾ ਨਾਵਲ *ਦੁਰਗਾਦਾਸ* ਅਤੇ ਪ੍ਰਮਥੋਨਾਥ ਚਟੋਪਾਧਿਆਏ ਦਾ ਨਾਵਲ *ਰਾਜਪੂਤ ਬਾਲਾ* ਉਨ੍ਹਾਂ ਦੁਆਰਾ ਅਨੁਵਾਦਤ ਰਚਨਾਵਾਂ ਹਨ। ਉਨ੍ਹਾਂ ਦੁਆਰਾ ਰਚੇ ਨਾਵਲ, ਕਹਾਣੀਆਂ ਅਤੇ ਅਨੁਵਾਦ ਵੀ ਲੋਕਾਂ ਦੀ ਪੀੜਾ-ਭਰਪੂਰ ਤੇ ਦੁਖ-ਭਰੀ ਅਵਸਥਾ ਨੂੰ ਚਿਤਰਣ, ਉਨ੍ਹਾਂ ਅੰਦਰ ਚੇਤਨਾ ਪੈਦਾ ਕਰਨ ਫੋਕੀਆਂ ਰਸਮਾਂ ਦੀ ਅਸਲੀਅਤ ਨੂੰ ਪ੍ਰਗਟ ਕਰਨ ਅਤੇ ਮੁਲਕ ਦੀ ਆਜ਼ਾਦੀ ਦੇ ਵਡੇਰੇ ਮਨੋਰਥ ਨਾਲ ਜੁੜੇ ਹੋਏ ਹਨ। ਵੀਹਵੀਂ ਸਦੀ ਦੇ ਦੂਸਰੇ ਤੇ ਤੀਸਰੇ ਦਹਾਕੇ ਦੇ ਆਸ-ਪਾਸ ਰਚੀਆਂ ਗਈਆਂ ਇਹ ਲਿਖਤਾਂ ਮੁੱਢਲੇ ਪੰਜਾਬੀ ਨਾਵਲ ਦੀ ਵਿਧਾ ਨੂੰ ਗਤੀਸ਼ੀਲਤਾ ਤਾਂ ਪ੍ਰਦਾਨ ਕਰਦੀਆਂ ਹੀ ਹਨ ਨਾਲ ਹੀ ਨਾਲ ਗਲਪ ਨੂੰ ਵਿਸ਼ੇਸ਼ ਮਕਸਦ ਦੀ ਪੂਰਤੀ ਦਾ ਮਾਧਿਅਮ

ਵੀ ਬਣਾਉਂਦੀਆਂ ਹਨ। ਗਲਪਕਾਰ ਦੀ ਵਤਨ ਪ੍ਰਸਤੀ ਦੀ ਭਾਵਨਾ ਅਤੇ ਬਰਤਾਨਵੀ ਸਾਮਰਾਜ ਵਿਰੋਧੀ ਸੁਰ ਇਨ੍ਹਾਂ ਰਚਨਾਵਾਂ ਵਿਚੋਂ ਸਹਿਜ ਰੂਪ ਵਿਚ ਪਛਾਣੀ ਜਾ ਸਕਦੀ ਹੈ। ਜਿਵੇਂ ਸਿੱਖ ਇਤਿਹਾਸ ਵਿਚੋਂ ਬਹੁਤ ਸਾਰੇ ਹਵਾਲੇ ਭਿਖਾਰੀ ਜੀ ਨੇ ਆਪਣੀ ਕਵਿਤਾ ਵਿਚ ਵਰਤੇ ਹਨ ਠੀਕ ਉਸੇ ਤਰ੍ਹਾਂ ਸਿੱਖ ਇਤਿਹਾਸ ਵਿਚਲੇ ਨਾਇਕਾਂ ਤੇ ਉਨ੍ਹਾ ਦੇ ਇਨਕਲਾਬੀ ਕਾਰਨਾਮਿਆਂ ਦੇ ਸੰਕੇਤ ਉਹਨਾਂ ਕਹਾਣੀਆਂ ਵਿਚ ਵੀ ਮਿਲ ਜਾਂਦੇ ਹਨ। ਇਨ੍ਹਾਂ ਵੇਰਵਿਆਂ ਨੂੰ ਸਮਾਜ ਸੁਧਾਰ, ਲੋਕ ਚੇਤਨਾ ਪੈਦਾ ਕਰਨ ਅਤੇ ਵਤਨ-ਪ੍ਰਸਤੀ ਦੀ ਭਾਵਨਾ ਨੂੰ ਜਗਾਉਣ ਦੇ ਮਕਸਦ ਹਿਤ ਵਰਤਦੇ ਦਿਖਾਈ ਦੇ ਹਨ।

ਭਿਖਾਰੀ ਜੀ ਅਤੇ ਮੁਨਸ਼ਾ ਸਿੰਘ ਦੁਖੀ ਵਲੋਂ ਸਾਂਝੇ ਤੌਰ ਉਪਰ ਸੰਪਾਦਿਤ ਰਿਸਾਲਾ *ਕਵੀ* (1927-1931) ਪੰਜਾਬੀ ਪੱਤਕਾਰੀ ਦੇ ਇਤਿਹਾਸ ਵਿਚ, ਇਤਿਹਾਸਕ ਮਹੱਤਵ ਦਾ ਧਾਰਣੀ ਹੈ। ਪੱਤਰਕਾਰੀ ਉਨ੍ਹਾਂ ਲਈ ਆਰਥਿਕ ਲਾਭ ਦਾ ਵਸੀਲਾ ਨਹੀਂ ਸਗੋਂ ਸਮਾਜਕ ਪਰਿਵਰਤਨ ਦਾ ਮਾਧਿਅਮ ਸੀ। ਅੰਗਰੇਜ਼ਾਂ ਦੀ ਗੁਲਾਮੀ ਤੋਂ ਨਿਜਾਤ, ਆਰਥਿਕ ਕਾਣੀ ਵੰਡ ਨੂੰ ਖ਼ਤਮ ਕਰਨਾ, ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨਾ, ਚਿੰਤਨ-ਕਾਰਜ ਦੀ ਗਤੀ ਨੂੰ ਤੇਜ਼ ਕਰਨਾ, ਕਵੀਆਂ ਨੂੰ ਤਕਨੀਕੀ ਗਿਆਨ ਤੋਂ ਵਾਕਿਫ਼ ਕਰਾਉਣਾ, ਪਾਠਕਾਂ ਨੂੰ ਸਾਹਿਤ ਪੜ੍ਹਨ ਦੀ ਜਾਚ ਸਿਖਾਉਣਾ ਅਤੇ ਬਦਲ ਰਹੇ ਸਮੇਂ ਦਾ ਸਾਹਿਤ ਲੋਕਾਂ ਤਕ ਅਪੜਦਿਆਂ ਕਰਨਾ ਆਦਿ ਵੀ ਉਨ੍ਹਾਂ ਦੀ ਪੱਤਰਕਾਰੀ ਦੇ ਉਦੇਸ਼ਾਂ ਵਿਚ ਸ਼ਾਮਿਲ ਸਨ। ਇਸ ਵਿਚ ਪ੍ਰਕਾਸ਼ਿਤ ਆਲੋਚਨਾ ਨੂੰ "ਬੇਲਿਹਾਜ਼ ਆਲੋਚਨਾ" ਦਾ ਨਾਂ ਦੇਂਦੇ ਹੋਏ ਪ੍ਰੋ. ਪ੍ਰੀਤਮ ਸਿੰਘ ਹੋਰਾਂ ਨੇ ਇਕਬਾਲੀਆ ਸੁਰ ਵਿਚ ਲਿਖਿਆ ਹੈ ਕਿ "ਮੈਂ ਆਲੋਚਨਾ ਦਾ ਪਹਿਲਾ ਸਬਕ "ਕਵੀ" ਤੋਂ ਸਿਖਿਆ ਸੀ; ਮੈਂ ਕਵੀ ਨਹੀਂ ਹਾਂ, ਪਰ ਪਿੰਗਲ ਅਨੁਸਾਰ ਅੰਗ-ਨਿਖੇੜ ਦੀ ਕਲਾ ਦਾ ਪਹਿਲਾ ਪ੍ਰਦਰਸ਼ਨ "ਕਵੀ" ਦੇ ਪੱਤਰਿਆਂ ਵਿਚ ਹੀ ਵੇਖਿਆ ਸੀ।" ਰਾਜਸੀ ਮਨੋਰਥ ਦੀ ਪੂਰਤੀ ਤੋਂ ਇਲਾਵਾ ਇਸ ਰਿਸਾਲੇ ਨੇ ਵੱਡੇ ਮਕਸਦਾਂ ਦੀ ਪੂਰਤੀ ਕੀਤੀ ਅਤੇ ਉਹ ਮਕਸਦ ਸੀ ਆਲੋਚਨਾ ਦੇ ਮਹੱਤਵ ਦੀ ਪਛਾਣ ਅਤੇ ਉਸ ਸਮਝ ਨੂੰ ਵਿਹਾਰ ਰਾਹੀਂ ਸਾਖਸ਼ਾਤ ਕਰਨ ਦੀ ਕੋਸ਼ਿਸ਼। ਪੰਜਾਬੀ ਚਿੰਤਕ ਉਸ ਸਮੇਂ ਮੁੱਢਲੀ ਅਵਸਥਾ ਵਿਚ ਸੀ। ਬਾਵਾ ਬੁਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਭਾਈ ਕਾਨ੍ਹ ਸਿੰਘ ਨਾਭਾ, ਮੁਨਸ਼ਾ ਸਿੰਘ ਦੁਖੀ, ਪ੍ਰਿੰ. ਤੇਜਾ ਸਿੰਘ ਅਤੇ ਗੁਰਾਂਦਿੱਤਾ ਖੰਨਾ ਇਸ ਖੇਤਰ ਵਿਚ ਚੋਖੇ ਗਤੀਸ਼ੀਲ ਸਨ। ਇਸ ਰਿਸਾਲੇ ਨੇ ਬੁੱਧੀਜੀਵੀਆਂ ਨੂੰ ਸਾਹਿਤ ਚਿੰਤਨ ਕਰਨ ਲਈ ਇਕ ਫ਼ਿਜ਼ਾ ਪ੍ਰਦਾਨ ਕੀਤੀ। ਕਵਿਤਾ ਦੀ ਪਰਖ ਦੇ ਮੁੱਢਲੇ ਪੈਮਾਨੇ ਇਨ੍ਹਾਂ ਚਿੰਤਕਾਂ ਦੀਆਂ ਲਿਖਤਾਂ ਵਿਚ ਮੌਜੂਦ ਹਨ। ਪੰਜਾਬੀ ਚਿੰਤਨ ਜਗਤ ਵਿਚ ਭਾਰਤੀ ਕਾਵਿ ਸ਼ਾਸਤਰ ਨੂੰ ਬਾਕਾਇਦਾ ਪਰੰਪਰਾ ਦੀ ਪੱਧਰ ਉਪਰ ਘੋਖਣ ਦਾ ਕਾਰਜ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਸ਼ੁਰੂ ਕੀਤੀ। ਪਰੰਤੂ ਇਸ ਪੱਤ੍ਰਿਕਾ ਵਿਚ ਇਸ ਵਿਸ਼ੇ ਨਾਲ ਸੰਬੰਧਿਤ ਚੋਖੀ ਸਾਮਗ੍ਰੀ ਇਸਦੇ ਸੰਪਾਦਕਾਂ ਦੇ ਉਚੇਚੇ ਯਤਨਾਂ ਸਦਕਾ ਪ੍ਰਕਾਸ਼ਿਤ ਕੀਤੀ ਗਈ। "ਕਾਵਯ ਸਿਖਿਆ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਹੋਈ ਇਹ ਸਾਮਗ੍ਰੀ ਚੋਖੀ ਮੁੱਲਵਾਨ ਹੈ। ਇਸ ਤੋਂ ਇਲਾਵਾ ਕਵਿਤਾ, ਅਲੰਕਾਰ, ਆਲੋਚਨਾ (ਜਿਸ ਨੂੰ ਉਸ ਸਮੇਂ ਦੇ ਚਿੰਤਕ ਨੁਕਤਾਚੀਨੀ ਦਾ ਨਾਂ ਦੇਂਦੇ ਸਨ) ਕਵਿਤਾ ਦੀ ਬੋਲੀ, ਰਸ ਅਤੇ ਕਾਵਯ ਦੀ ਕਦਰ ਸੰਬੰਧੀ ਵਿਚ ਇਸ ਰਿਸਾਲੇ ਵਿਚ ਮਜ਼ਮੂਨ ਦਰਜ ਹਨ। ਇਸ ਸਾਮਗ੍ਰੀ ਦੀ ਘੋਖ-ਪੜਤਾਲ ਕਰਕੇ ਉਸ ਜ਼ਮਾਨੇ ਦੇ ਚਿੰਤਨ-ਪੱਧਰ ਨੂੰ ਬੇਹਤਰ ਢੰਗ ਨਾਲ ਸਮਝਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮੱਧਕਾਲ ਦੇ ਸ਼ਾਹਕਾਰ ਸਾਹਿਤਕਾਰਾਂ ਜਿਵੇਂ ਸ਼ਾਹ ਹੁਸੈਨ, ਵਾਰਿਸ ਅਤੇ ਸ਼ਾਹ ਮੁਹੰਮਦ ਸੰਬੰਧੀ ਵੀ ਕ੍ਰਮਵਾਰ ਬਾਵਾ ਬੁਧ ਸਿੰਘ, ਦੀਵਾਨ ਸਿੰਘ ਕਾਲੇਪਾਣੀ ਅਤੇ ਮੁਨਸ਼ਾ ਸਿੰਘ ਦੁਖੀ ਦੇ ਮਜ਼ਮੂਨ ਦਰਜ ਹਨ। ਇਸ ਰਿਸਾਲੇ ਵਿਚ ਸਮੇਂ ਦੀ ਹਾਣੀ ਕਵਿਤਾ ਨੂੰ ਛਾਪਣ ਦੀ ਰੀਝ ਵੀ

ਦਿਖਾਈ ਦੇਂਦੀ ਹੈ ਅਤੇ ਉਸ ਸੰਬੰਧੀ ਟਿੱਪਣੀ ਕਰਨ ਦੀ ਰੁਚੀ ਵੀ। ਮਿਸਾਲ ਵਜੋਂ ਇਸ ਰਿਸਾਲੇ ਵਿਚ ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚਲੇ ਇਕ ਮੁਹਾਵਰੇ "ਦੰਦੋ ਦੰਦ ਕਟੋਰੇ" ਸੰਬੰਧੀ ਡੇਢ੍ਹ-ਵਰ੍ਹਾ ਵਿਚਾਰ-ਚਰਚਾ ਚਲਦੀ ਰਹੀ। ਇਸ ਬਹਿਸ ਜਾਂ ਵਿਚਾਰ-ਚਰਚਾ ਨੂੰ ਪੰਜਾਬੀ ਸਾਹਿਤ ਸਭਿਆਚਾਰ ਵਿਚ ਸੰਬਾਦ ਤੇ ਆਰੰਭ ਦਾ ਨਾਂ ਦਿੱਤਾ ਜਾ ਸਕਦਾ ਹੈ। ਅੱਜ ਇਹ ਬਹਿਸ ਜਾਂ ਇਸ ਰਿਸਾਲੇ ਵਿਚ ਦਰਜ਼ ਮਜ਼ਮੂਨਾਂ ਦਾ ਪੱਧਰ ਸਾਨੂੰ ਸਾਧਾਰਨ ਜੇਹਾ ਹੀ ਲੱਗੇ ਪਰੰਤੂ ਇਨ੍ਹਾਂ ਨੂੰ ਉਸ ਜ਼ਮਾਨੇ ਦੇ ਸੰਦਰਭ ਵਿਚ ਰੱਖ ਕੇ ਘੋਖਿਆਂ ਇਨ੍ਹਾਂ ਦਾ ਇਤਿਹਾਸਕ ਮਹੱਤਵ ਸਹਿਜ ਰੂਪ ਵਿਚ ਵੀ ਪ੍ਰਗਟ ਹੋ ਜਾਂਦਾ ਹੈ। ਅਪਰੈਲ 1927 ਦੇ "ਕਵੀ" ਦੇ ਪ੍ਰਥਮ ਅੰਕ ਦੇ ਪ੍ਰਥਮ ਪੰਨੇ ਉਪਰ ਦਰਜ ਕਾਵਿ-ਪੰਗਤੀਆਂ ਵਿਚੋਂ ਇਸ ਰਿਸਾਲੇ ਦੇ ਮੂਲ ਸਰੋਕਾਰਾਂ ਨੂੰ ਭਲੀ ਭਾਂਤ ਪਛਾਣਿਆ ਜਾ ਸਕਦਾ ਹੈ:

(ੳ) ਕੌਮਾਂ ਡਿੱਗੀਆਂ ਨੂੰ ਮੁੜ ਕੇ ਕਰਨ ਖੜੀਆਂ
ਰਾਖੇ ਦੇਸ਼ ਦੀ ਸ਼ਾਨ ਦੇ ਕਵੀ ਹੁੰਦੇ।
ਰੂਹਾਂ ਫੂਕ ਦੇਂਦੇ ਮੁਰਦੇ ਦਿਲਾਂ ਅੰਦਰ
ਮਾਲਕ ਗਜ਼ਬ ਦੇ ਤ੍ਰਾਨ ਦੇ ਕਵੀ ਹੁੰਦੇ।

(ਅ) ਹੁੰਦੀ ਦੇਖ ਪੰਜਾਬੀ ਦੀ ਦੁਰਦਸ਼ਾ ਨੂੰ
ਨਵਾਂ ਸਾਹਿਤ-ਸੰਸਾਰ ਵਿਚ ਕਵੀ ਆਯਾ।
ਜਾਗੋ ਵਿਦਵਾਨੋ, ਕਵੀਓ, ਕਾਵਯ-ਰਸਕੋ!
ਕਾਵਯ-ਕਲਾ ਮੈਦਾਨ ਵਿਚ ਕਵੀ ਆਯਾ।

ਇਨ੍ਹਾਂ ਮੁੱਢਲੀਆਂ ਪੰਗਤੀਆਂ ਵਿਚ ਇਹ ਸੰਪਾਦਕ ਜੋੜੀ ਕਵੀ ਨੂੰ ਬਹੁਤ ਉਚੇ ਸਥਾਨ ਉੱਪਰ ਰੱਖਦੀ ਹੈ। ਉਸਨੂੰ ਡਿੱਗੀਆਂ ਕੌਮਾਂ ਨੂੰ ਮੁੜ ਖੜ੍ਹੇ ਕਰਨ, ਦੇਸ਼ ਦੀ ਸ਼ਾਨ ਦੇ ਰਾਖੇ ਹੋਣ, ਮੁਰਦਾ ਦਿਲਾਂ ਅੰਦਰ ਕਵੀ ਰੂਹ ਫੂਕਣ ਅਤੇ ਦੁਖੀ ਦਿਲਾਂ ਦੇ ਵਲਵਲਿਆਂ ਨੂੰ ਸਮਝਣ ਵਾਲੇ ਦੱਸਦਾ ਹੈ। ਨਾਲ ਹੀ ਨਾਲ ਇਸ ਵਿਚ ਪੰਜਾਬੀ ਦੀ ਦੁਰਦਸ਼ਾ ਦਾ ਹਾਲ ਵੀ ਇਸਦੇ "ਆਦਰਸ਼" ਸਿਰਲੇਖ ਵਿਚ ਦਰਸਾਇਆ ਗਿਆ ਹੈ ਅਤੇ ਸ਼ਾਇਰਾਂ ਨੂੰ ਜਾਗਣ ਦੀ ਚੁਣੌਤੀ ਦਿੱਤੀ ਗਈ ਹੈ। ਮੁੱਢਲੇ ਅੰਕ ਵਿਚ ਕੀਤੇ ਵਾਅਦਿਆਂ ਨੂੰ ਮੁੜ ਕੇ ਲਗਾਤਾਰ ਪੂਰਿਆਂ ਕਰਨ ਦਾ ਸੁਚੇਤ ਉਪਰਾਲਾ ਕੀਤਾ ਗਿਆ ਹੈ। ਇਸ ਰਿਸਾਲੇ ਵਿਚੋਂ ਸੰਪਾਦਕਾਂ ਦੀ ਪੰਜਾਬੀ ਭਾਸ਼ਾ, ਸ਼ਾਇਰੀ ਅਤੇ ਚਿੰਤਨ ਦੇ ਵਿਕਾਸ ਪ੍ਰਤਿ ਵਚਨਬੱਧਤਾ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਉੱਤਮ ਸਾਹਿਤ ਵਿਚ ਵਾਧਾ ਕਰਨਾ, ਰਸਿਕਾਂ ਦਾ ਮਨ ਪਰਚਾਵਾ ਕਰਨਾ, ਨਵੇਂ ਕਵੀਆਂ ਨੂੰ ਨਵਾਂ ਚਾਨਣ ਦੇਣਾ ਅਤੇ ਪੰਜਾਬੀ ਕਵਿਤਾ ਨੂੰ ਭਾਰਤੀ ਸਭਿਅਤਾ ਦੇ ਅਨੁਕੂਲ ਲੀਹਾਂ ਉੱਪਰ ਢਾਲਣਾ ਅੱਗੋਂ ਇਸ ਵਚਨਬੱਧਤਾ ਦੇ ਪਾਸਾਰ ਹਨ। ਕਵਿਤਾ ਦੀ ਪੜਚੋਲ ਅਤੇ ਨਵੀਂ ਕਵਿਤਾ ਦੇ ਪ੍ਰਕਾਸ਼ਨ ਵਿਚ ਪੱਤ੍ਰਿਕਾ ਦੀ ਵਿਸ਼ੇਸ਼ ਦਿਲਚਸਪੀ ਰਹੀ ਹੈ। ਬਾਵਾ ਬੁਧ ਸਿੰਘ, ਧਨੀ ਰਾਮ ਚਾਤ੍ਰਿਕ, ਮੌਲਾ ਬਖ਼ਸ਼ ਕੁਸ਼ਤਾ, ਕਿਰਪਾ ਸਾਗਰ, ਦੀਵਾਨ ਸਿੰਘ ਕਾਲੇਪਾਣੀ, ਬ੍ਰਿਜ ਲਾਲ ਸ਼ਾਸਤਰੀ, ਗੁਰਾਂਦਿੱਤਾ ਖੰਨਾ ਅਤੇ ਫੀਰੋਜ਼ਦੀਨ ਸ਼ਰਫ ਆਦਿ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਇਸ ਰਿਸਾਲੇ ਵਿਚੋਂ ਮਿਲ ਜਾਂਦੀਆ ਹਨ। ਇਸ ਵਿਚ ਦਰਜ਼ ਵਧੇਰੇ ਸ਼ਾਇਰੀ ਪਰੰਪਰਾਗਤ ਅੰਦਾਜ਼ ਦੀ ਹੈ ਅਤੇ ਇਸਦੀ ਉਭਰਵੀਂ ਥੀਮਿਕ ਸੁਰ ਮੁਲਕ ਦੀ ਆਜ਼ਾਦੀ ਦੀ ਹੈ। ਉਸ ਜ਼ਮਾਨੇ ਦੇ ਚਿੰਤਕ ਨਵੀਂ ਸੰਵੇਦਨਾ ਨਾਲੋਂ ਕਲਾਸਿਕੀ ਪ੍ਰਤਿਮਾਨਾਂ ਉਪਰ ਵੱਧ ਬਲ ਦੇਂਦੇ ਦਿਖਾਈ ਦੇਂਦੇ ਹਨ। ਮੋਹਨ ਸਿੰਘ ਦੇ ਕਾਵਿ-ਮੁਹਾਵਰੇ ਸੰਬੰਧੀ ਹੋਈ

ਵਿਚਾਰ-ਚਰਚਾ ਨੂੰ ਵੀ ਇਸ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਇਸ ਵਿਚਾਰ-ਚਰਚਾ ਪ੍ਰਤਿ ਮੋਹਨ ਸਿੰਘ ਵਲੋਂ ਪੂਰੀ ਖਿਝ ਨਾਲ ਪ੍ਰਗਟ ਕੀਤਾ ਗਿਆ ਪ੍ਰਤਿਕਰਮ ਵੀ ਅਣਗੌਲਿਆਂ ਕਰਨਾ ਯੋਗ ਨਹੀਂ।

*ਕਵੀ* ਦੇ ਸੰਪਾਦਕ ਦੁਨੀਆਂ ਦਾ ਤਖ਼ਤ ਉਲਟਾ ਦੇਣ ਨੂੰ ਕਵਿਤਾ ਦਾ ਮਕਸਦ ਤਸੱਵੁਰ ਕਰਦੇ ਹਨ। ਮਕਸਦ ਪ੍ਰਤਿ ਪ੍ਰਤਿਬੱਧਤਾ ਸਦਕਾ ਸਾਦਗੀ ਸਰਲਤਾ ਅਤੇ ਸਪੱਸ਼ਟਤਾ ਨੂੰ ਇਹ ਕਵਿਤਾ ਦਾ ਗੁਣ ਦੱਸਦੇ ਹਨ। ਪੱਛਮੀ ਕਾਵਿ ਦੇ ਪ੍ਰਭਾਵ ਅਧੀਨ ਰਚੀ ਗਈ ਸ਼ਾਇਰੀ ਵੀ ਇਨ੍ਹਾਂ ਨੂੰ ਕਬੂਲ ਨਹੀਂ ਅਤੇ ਕਲਾ-ਹੀਨ ਸ਼ਾਇਰੀ ਦੀ ਵੀ ਵਿਰੋਧਤਾ ਕਰਦੇ ਹਨ। ਕਥਨ ਦੀ ਪੱਧਰ ਉੱਪਰ ਕਲਾ-ਹੀਨ ਕਵਿਤਾ ਦਾ ਵਿਰੋਧ ਕਰਦੇ ਹੋਏ ਕਈ ਵਾਰ ਇਹ ਨਿਰੀ ਤੁਕ-ਬੰਦੀ ਨੂੰ ਵੀ ਸ਼ਾਇਰੀ ਦੇ ਨਾਂ ਹੇਠ ਛਾਪ ਲੈਂਦੇ ਹਨ। ਕਲਾ-ਯੁਕਤ ਨਾਲੋਂ ਖਿਆਲ-ਯੁਕਤ ਸ਼ਾਇਰੀ ਨੂੰ ਇਹ ਵਧੇਰੇ ਤਰਜੀਹ ਦੇਂਦੇ ਪ੍ਰਤੀਤ ਹੁੰਦੇ ਹਨ।

*ਕਵੀ* ਪੱਤ੍ਰਿਕਾ ਤੋਂ ਪੂਰਵ *ਫੁਲਵਾੜੀ* (1924) ਅਤੇ *ਕਿਰਤੀ* (1925) ਵਿਚ ਪ੍ਰਕਾਸ਼ਿਤ ਹੋ ਰਹੇ ਸਨ। ਇਨ੍ਹਾਂ ਵਿਚੋਂ ਪਹਿਲੇ ਦੀ ਪ੍ਰਤਿਬੱਧਤਾ ਪ੍ਰਮੁੱਖ ਰੂਪ ਵਿਚ ਸਾਹਿਤਕ ਸੀ ਅਤੇ ਦੂਸਰੇ ਦੀ ਰਾਜਨੀਤਕ। 1931 ਈ. ਵਿਚ *ਕਵੀ* ਰਿਸਾਲਾ ਬੰਦ ਹੋ ਗਿਆ ਅਤੇ 1933 ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਨੇ *ਪ੍ਰੀਤਲੜੀ* ਰਿਸਾਲਾ ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਉਸ ਜ਼ਮਾਨੇ ਦੇ ਰਾਜਸੀ, ਸਮਾਜੀ, ਸਭਿਆਚਾਰਕ, ਵਿਚਾਰਧਾਰਕ ਅਤੇ ਸਾਹਿਤਕ ਸਭਿਆਚਾਰ ਨੂੰ ਜਾਨਣ ਸਮਝਣ ਲਈ ਇਹ ਸਭ ਰਿਸਾਲੇ ਮਹੱਤਵਪੂਰਨ ਸਮਾਗ੍ਰੀ ਆਪਣੇ ਅੰਦਰ ਸਮੋਈ ਬੈਠੇ ਹਨ। ਏਨਾ ਨਿਰਵਿਵਾਦ ਹੈ ਕਿ ਇਹ ਰਿਸਾਲਾ ਆਪਣੇ ਤੋਂ ਮਗਰੋਂ ਪੈਦਾ ਹੋਣ ਵਾਲੀ ਪੱਤਰਕਾਰੀ ਲਈ ਪਰੰਪਰਾ ਦੀ ਭੂਮਿਕਾ ਨਿਭਾਉਂਦਾ ਦਿਖਾਈ ਦੇਂਦਾ ਹੈ। ਤਮਾਮ ਸਮੱਸਿਆਵਾਂ ਅਤੇ ਆਰਥਿਕ ਤੰਗੀ ਦੇ ਬਾਵਜੂਦ ਇਸ ਰਿਸਾਲੇ ਨੂੰ ਪ੍ਰਕਾਸ਼ਿਤ ਕਰਨਾ ਅਤੇ ਇਸਦਾ ਸੰਪਾਦਨ ਕਰਨਾ ਆਪਣੇ ਆਪ ਵਿਚ ਇਤਿਹਾਸਕ ਮਹੱਤਵ ਦਾ ਧਾਰਣੀ ਹੈ।

ਭਿਖਾਰੀ ਜੀ ਨੂੰ ਉਨ੍ਹਾਂ ਦੇ ਪਰਿਵਾਰ ਵਲੋਂ ਸੌਦਾਗਰ ਸਿੰਘ ਨਾਂ ਪ੍ਰਾਪਤ ਹੋਇਆ। ਪਰੰਤੂ ਸਾਰੀ ਉਮਰ ਉਨ੍ਹਾਂ ਨਾ ਆਪਣੀ ਕਿਰਤਾ ਦਾ ਸੌਦਾ ਕੀਤਾ ਅਤੇ ਨਾ ਕਿਰਦਾਰ ਦਾ। ਉਨ੍ਹਾਂ ਦੀਆਂ ਲਿਖਤਾਂ ਅਤੇ ਦੂਸਰੀ ਸਾਹਿਤਕ ਕਾਰਗੁਜ਼ਾਰੀ ਉਨ੍ਹਾਂ ਦੇ ਬੁਲੰਦ ਕਿਰਦਾਰ ਦੀਆਂ ਜ਼ਾਮਨ ਹਨ। ਨਿਮਰਤਾ ਦੇ ਪ੍ਰਗਟਾਵੇ ਲਈ ਉਨ੍ਹਾਂ ਨੇ ਆਪਣੇ ਨਾਂ ਨਾਲ ਭਿਖਾਰੀ ਤਖ਼ੱਲਸ ਜੋੜਿਆ। ਲੁਕ-ਛਿਪ ਕੇ ਜਾਂ ਪਰਦੇ ਦੇ ਪਿੱਛੇ ਰਹਿ ਕੇ ਉਨ੍ਹਾਂ ਨਿੱਠ ਕੇ ਸਾਧਨਾ ਕੀਤੀ। ਅਜੋਕੇ ਮਨੁੱਖ ਪਾਸੋਂ ਅਜਿਹੇ ਆਦਰਸ਼ ਅਤੇ ਉਚੇਰੀਆਂ ਕਦਰਾਂ ਕੀਮਤਾਂ ਖੁੱਸ ਗਈਆਂ ਹਨ। ਉਹ ਪੈਸੇ ਅਤੇ ਗਰਜ਼ ਦਾ ਚਲਾਇਆ ਚਲ ਰਿਹਾ ਹੈ। ਕਾਮਯਾਬੀ ਜਾਂ ਸਫਲਤਾ ਉਸਦਾ ਇਕੋ ਇਕ ਮਨੋਰਥ ਬਣੀ ਹੋਈ ਹੈ। ਇਸ ਸਫਲਤਾ ਦੀ ਪ੍ਰਾਪਤੀ ਲਈ ਵਰਤੇ ਜਾਣ ਵਾਲੇ ਗ਼ਲਤ ਅਤੇ ਅਨੁਚਿਤ ਢੰਗ ਤਰੀਕਿਆਂ ਨੂੰ ਉਹ ਅਨੈਤਿਕ ਨਹੀਂ ਸਮਝਦਾ। ਉਸਦੇ ਕਿਰਦਾਰ ਅਤੇ ਗੱਲਬਾਤ ਵਿਚ ਨਾ ਪੂਰਿਆ ਜਾਣ ਵਾਲਾ ਖੱਪਾ ਪੈਦਾ ਹੋ ਗਿਆ ਹੈ। ਅਜੇਹੀ ਸਥਿਤੀ ਵਿਚ ਉਚੇਰੇ ਆਦਰਸ਼ਾਂ ਨਾਲ ਜੁੜੇ ਅਤੇ ਸ੍ਵੈ-ਹਿਤ ਤੋਂ ਉੱਪਰ ਉੱਠ ਕੇ ਦੂਸਰਿਆਂ ਦੀ ਬੇਹਤਰੀ ਲਈ ਪੂਰੀ ਸੰਜੀਦਗੀ ਨਾਲ ਸੋਚਣ ਅਤੇ ਕੁਝ ਕਰਨ ਵਾਲਿਆਂ ਦੀ ਭਿਖਾਰੀ ਜੀ ਵਰਗਿਆਂ ਦੀ ਜੀਵਨ-ਸ਼ੈਲੀ ਸਚਮੁੱਚ ਹੀ ਅਨੁਕਰਣ-ਯੋਗ ਜਾਪਦੀ ਹੈ।

◆

# ਜੀਵਨ-ਬਿਓਰਾ

| | | |
|---|---|---|
| ਨਾਮ | : | ਸ. ਸੌਦਾਗਰ ਸਿੰਘ "ਭਿਖਾਰੀ" |
| ਜਨਮ ਤਿਥੀ | : | 15 ਨਵੰਬਰ 1898 |
| ਪਿਤਾ ਦਾ ਨਾਮ | : | ਸ. ਦੇਵਾ ਸਿੰਘ ਸਪੁੱਤਰ ਜਮੀਤ ਸਿੰਘ |
| ਮਾਤਾ ਦਾ ਨਾਮ | : | ਸ. ਜੀਵਨ ਕੌਰ |
| ਜਨਮ ਅਸਥਾਨ | : | ਪਿੰਡ ਭੰਗਾਲੀ, ਜ਼ਿਲ੍ਹਾ ਅਮ੍ਰਿਤਸਰ |
| ਜੀਵਣ ਸਾਥਣ | : | ਸ. ਆਸ ਕੌਰ |
| ਸੰਤਾਨ | : | ਪਰਤਾਪ ਸਿੰਘ, ਬੀ. ਐਸ. ਸੀ. ਇੰਜੀ: ਜਨਮ 8-2-22<br>ਕੁਲਵੰਤ ਕੌਰ, ਜਨਮ 1-4-25<br>ਕੁਲਦੀਪ ਸਿੰਘ, ਬੀ. ਐਸ. ਸੀ. ਇੰਜੀ: ਜਨਮ 17-10-1928<br>ਹਰਬਖਸ਼ ਸਿੰਘ ਐਮ. ਏ., ਜਨਮ 16-2-1933<br>ਬ੍ਰਿੰਦਰ ਕੌਰ, ਬੀ. ਏ. ਬੀ. ਐਡੱ, ਜਨਮ 1-11-1935 |
| ਵਿਦਿਆ | : | ਤੀਸਰੀ ਜਮਾਤ ਤਕ ਪਿੰਡ ਪੜ੍ਹੇ |

ਤਕਨੀਕੀ ਸਿਖਿਆ ਤੇ ਜੀਵੀਕਾ :

ਅਪ੍ਰੈਂਟਿਸ ਰੇਲ ਵਰਕਸ਼ਾਪ ਕਰਾਚੀ (1909-1910) ਆਰਟ ਸਕੂਲ ਅਮ੍ਰਿਤਸਰ (1911) ਯੂਰੰਡਾ ਰੇਲ ਵਰਕਸ਼ਾਪ ਨੈਰੋਬੀ ਈਸਟ ਅਫ਼ਰੀਕਾ ਮਕੈਨਿਕ ਤੇ ਮਸ਼ੀਨਿਸਟ (1912-1916) ਐਲਬੀਅਨ ਸ਼ੈਲ ਫੈਕਟਰੀ ਕਲਕੱਤਾ ਮਸ਼ੀਨਿਸਟ (1917-1918) ਰਸਾ ਇੰਜੀਨੀਅਰਿੰਗ ਵਰਕਸ ਕਲਕੱਤਾ ਮਸ਼ੀਨਿਸਟ (1919) ਬੀ. ਐਮ. ਸਿੰਘ ਐਂਡ ਸੰਨਜ਼ (1920-1954) ਚੀਫ਼ ਇੰਜੀਨੀਅਰ

ਲੋਕ ਜਥੇਬੰਦੀਆਂ ਵਲੋਂ ਸਨਮਾਨ :

1. ਕਾਵਿ ਫੁਲਵਾੜੀ ਨੈਰੋਬੀ (ਈਸਟ ਅਫਰੀਕਾ) ਵਲੋਂ ਮਾਨ ਪੱਤਰ 26-2-1939
2. ਕਵੀ ਮਾਲਾ ਦਿੱਲੀ ਵਲੋਂ ਮਾਨ ਪੱਤਰ 4-4-1950
3. ਕੇਂਦਰੀ ਪੰਜਾਬੀ ਲੇਖਕ ਸਭਾ ਅਮ੍ਰਿਤਸਰ ਵਲੋਂ ਮਾਨ ਪੱਤਰ 11-1-1981
4. ਐਸ. ਐਸ. ਐਸ. ਐਸ. ਪੁਰਸਕਾਰ ਅਮ੍ਰਿਤਸਰ ਵਲੋਂ (ਮਰਨ ਉਪਰੰਤ) ਮਾਨ ਪੱਤਰ 11-5-1996

ਪ੍ਰਕਾਸ਼ਨ :

1. 'ਪ੍ਰੇਮ ਲਹਿਰਾਂ' ਕਵਿਤਾ ਸੰਗ੍ਰਹਿ, 1930, ਕਵੀ ਕੁਟੀਆ, ਕਲਕੱਤਾ
2. 'ਪੰਚ ਪਰਮੇਸ਼ਰ' ਲੰਮੀ ਕਹਾਣੀ, 1928, ਕਵੀ ਕੁਟੀਆ, ਕਲਕੱਤਾ

3. 'ਸ਼ਾਦੀ ਕਿ ਬਰਬਾਦੀ' ਲੰਮੀ ਕਹਾਣੀ, 1935, ਵਿਹਾਰ ਸੁਧਾਰ, ਫਗਵਾੜਾ
4. ਠਾਕਰ ਸਿੰਘ ਆਰਟਿਸਟ ਦਾ ਮੁਲੰਕਣ–1933, ਫਾਈਨ ਆਰਟ ਐਸੋਸੀਏਸ਼ਨ, ਕਲਕੱਤਾ
5. 'ਦੇਵੀ ਚੌਧਰਾਣੀ' ਨਾਵਲ ਉਲਥਾ ਬੰਕਮ ਚੰਦਰ ਦਾ ਬੰਗਾਲੀ ਤੋਂ 1931 ਮੈਨੇਜਰ ਮੌਜੀ, ਅਮ੍ਰਿਤਸਰ
6. 'ਦੇਸ਼ ਭਗਤੀ' ਦੁਖੀ ਜੀ ਨਾਲ, ਨਾਵਲ, ਉਲਥਾ ਬੰਕਮ ਦਾ ਨਾਵਲ 'ਅਨੰਦ ਮਠ' 1930 ਕਵੀ ਕੁਟੀਆ, ਅਮ੍ਰਿਤਸਰ
7. 'ਮੁਸ਼ਤਫਾ ਸਗੀਰ' ਲਘੂ ਨਾਵਲ 1930 ਕਵੀ ਕੁਟੀਆ, ਕਲਕੱਤਾ
8. ਡਾਕੂ ਫਜੇ ਖਾਂ ਤੇ ਜਸੂਸ ਕਰਮ ਚੰਦ, ਡਾ. ਉਤਮ ਸਿੰਘ ਸਾਥੀ ਨਾਲ, ਕਵੀ ਕੁਟੀਆ, ਕਲਕੱਤਾ
9. 'ਚੰਦਰਾਵਤੀ' ਨਾਵਲ, ਡਾ. ਉਤਮ ਸਿੰਘ ਸਾਥੀ ਨਾਲ
10. 'ਪਰਾਧੀਨ ਜੀਵਨ' ਦੁਖੀ ਜੀ ਨਾਲ, ਕਵੀ ਕੁਟੀਆ, ਕਲਕੱਤਾ
11. 'ਕਵੀ' ਮਾਸਿਕ ਪੱਤਰ, ਛੇ ਜਿਲਦਾਂ, 36 ਪਰਚੇ
12. ਕਵੀ ਕੁਟੀਆ ਵਲੋਂ ਪ੍ਰਕਾਸ਼ਿਤ ਟ੍ਰੈਕਟ, ਪਹਿਲਾਂ ਪ੍ਰਕਾਸ਼ਿਤ ਹੋਇਆ ਟ੍ਰੈਕਟ ਭਾਈ ਪ੍ਰਤਾਪ ਸਿੰਘ ਤੇ ਸੁੰਦਰ ਸਿੰਘ ਅਮ੍ਰਿਤਸਰ ਵਲੋਂ ਤੇ ਬਾਕੀ ਦੇ ਸਾਰੇ ਕਵੀ ਕੁਟੀਆ ਵੱਲੋਂ
    1. ਦਸ਼ਮੇਸ਼ ਨਜ਼ਾਰੇ (1922) 2 ਚੋਜੀ ਪ੍ਰੀਤਮ (1923)
    3. ਨਿਰੰਕਾਰੀ ਝਲਕ (1924) 4 ਦਸ਼ਮੇਸ਼ ਦਰਸ਼ਨ (1924)
    5. ਬੀਰ ਪ੍ਰਕਾਸ਼ (1925) 6 ਪੀਰ ਨਾਨਕ (1925)
    7. ਸ਼ਹੀਦੀ ਯਾਦ (1925) 8 ਦੇਗ ਤੇਗ ਵਾਲੀ (1925)
    9. ਸ਼ਾਂਤਿ ਪੁੰਜ (1926) 10 ਕਲਗੀਧਰ (1926)
    11. ਸੁਭਾਗ ਵਿਸਾਖੀ (1927) 12 ਕਲਗੀਵਾਲਾ (1927)
    13. ਮਾਨ ਪੱਤਰ (1929) 14 ਦਸ਼ਮੇਸ਼ ਤਲਵਾਰ (1930)
    15. ਰੱਬੀ ਨੂਰ (1930) 16 ਇਲਾਹੀ ਕਿਰਨਾਂ (1931)

ਖਰੜੇ :

1. 'ਪ੍ਰੇਮ ਛੱਲਾਂ' ਕਵਿਤਾ ਸੰਗ੍ਰਹਿ
2 'ਪ੍ਰੇਮ ਲਹਿਰਾਂ' ਕਵਿਤਾ ਸੰਗ੍ਰਹਿ
3 'ਦੁਰਗਾਦਾਸ' ਨਾਟਕ ਉਲਥਾ, ਡੀ. ਐਲ. ਰਾਏ ਬੰਗਾਲੀ ਤੋਂ
4. 'ਰਾਜ ਪੂਤਣੀ' ਨਾਵਲ ਉਲਥਾ, ਪੀ. ਐਨ. ਚੈਟਰਜੀ ਦੇ 'ਰਾਜਪੂਤ ਬਾਲਾ' ਬੰਗਾਲੀ ਤੋਂ
5. ਕਹਾਣੀਆਂ, ਦੋ ਦਰਜਨ ਦੇ ਕਰੀਬ

ਸਾਹਿਤਕ ਸਰਗਰਮੀਆਂ :

- ਨੈਰੋਬੀ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ ਗੁਰਪੁਰਬ ਤੇ ਕਵੀ ਦਰਬਾਰ ਵਿਚ ਕਵਿਤਾਵਾਂ ਪੜ੍ਹਨੀਆਂ।
- 1922 ਵਿਚ ਕਲਕੱਤੇ 'ਕਵੀ ਕੁਟੀਆ' ਸਾਹਿਤਕ ਸੰਸਥਾ ਦੀ ਸਥਾਪਨਾ ਕੀਤੀ

ਪੰਜਾਬੀ ਸਾਹਿਤ ਦਾ ਪ੍ਰਕਾਸ਼ਨ ਤੇ ਟ੍ਰੈਕਟ ਛਾਪਣੇ।

- ਪਾਰਕਾਂ ਵਿਚ ਬੈਠਕਾਂ, ਦਫਤਰ 'ਭਿਖਾਰੀ' ਜੀ ਦਾ ਘਰ ਹੁੰਦਾ ਸੀ।
- 1927 ਵਿਚ 'ਕਵੀ' ਮਾਸਿਕ ਪੱਤਰ ਜਾਰੀ ਕੀਤਾ।

  ਰਚਨਾਵਾਂ ਪੰਜਾਬੋਂ ਪ੍ਰਕਾਸ਼ਤ ਹੁੰਦੇ ਰਿਸਾਲੇ ਹਫ਼ਤਾਵਾਰ ਤੇ ਮਾਸਿਕ ਵਿਚ ਛਪਦੀਆਂ ਰਹੀਆਂ। ਫੁਲਵਾੜੀ, ਕਿਰਤੀ, ਪ੍ਰਤੀਮ, ਫਤਹਿ, ਮੌਜੀ, ਪਤਰਕਾਵਾਂ ਵਿਚ।
- 1927 ਵਿਚ 'ਕਵੀ ਪ੍ਰੈੱਸ' ਕਲਕੱਤੇ ਹਰੀਸ਼ ਮੁਕਰਜੀ ਰੋਡ ਭਵਾਨੀਪੁਰ ਸ਼ੁਰੂ ਕੀਤਾ।

  'ਦੇਸ਼ ਦਰਪਨ' ਪੰਜਾਬੀ ਰੋਜ਼ਾਨਾ ਅਖ਼ਬਾਰ 1930 ਵਿਚ ਸ਼ੁਰੂ ਕੀਤਾ, ਜੋ ਅਜੇ ਤਕ ਚਲ ਰਿਹਾ ਹੈ।

**ਸਹਿਯੋਗੀ :**

ਸ. ਮੁਨਸ਼ਾ ਸਿੰਘ 'ਦੁਖੀ' ਗ਼ਦਰੀ ਸੰਪਾਦਕ 'ਕਵੀ'
ਐਸ. ਜੀ ਠਾਕਰ ਸਿੰਘ ਆਰਟਿਸਟ
ਸ. ਦਰਬਾਰਾ ਸਿੰਘ, ਪ੍ਰਧਾਨ ਸਿੰਘ ਸਭਾ ਕਲਕੱਤਾ
ਸ. ਬਚਿੰਤ ਸਿੰਘ ਟ੍ਰਾਂਸਪੋਰਟਰ
ਸ: ਸ. ਨਿਰੰਜਨ ਸਿੰਘ 'ਤਾਲਿਬ' ਵਜੀਰ ਪੰਜਾਬ ਸਕੱਤਰ
ਸ. ਰਘਬੀਰ ਸਿੰਘ ਬੀਰ, ਐਡ : ਆਤਮ ਸਾਇੰਸ
ਡਾ. ਦੀਵਾਨ ਸਿੰਘ ਕਾਲੇਪਾਣੀ
ਡਾ. ਉਤਮ ਸਿੰਘ ਸਾਥੀ
ਸ. ਸਾਹਿਬ ਸਿੰਘ ਇੰਜੀਨੀਅਰ
ਸ. ਜਵਾਲਾ ਸਿੰਘ ਇੰਜੀਨੀਅਰ
ਸ. ਮਹਿਤਾਬ ਸਿੰਘ ਸ਼ਿਲਪਕਾਰ
ਲਾਲਾ ਗੁਰਾਂਦਿੱਤਾ ਖੰਨਾ ਲਿਖਾਰੀ
ਸ. ਮੇਹਰ ਸਿੰਘ ਜਲਾਵਤਨ
ਸ. ਚਰਨ ਸਿੰਘ ਸ਼ਹੀਦ
ਲਾਲਾ ਧਨੀ ਰਾਮ ਚਾਤ੍ਰਿਕ
ਮੌਲਾ ਬਖ਼ਸ਼ ਕੁਸ਼ਤਾ
ਬਾਊ ਫਿਰੋਜ਼ਦੀਨ 'ਸ਼ਰਫ'

**ਦੇਹਾਂਤ :**

ਅੰਮ੍ਰਿਤਸਰ 20-1-1982 ਸਵੇਰੇ ਸਾਢੇ ਅੱਠ ਵਜੇ ਗੁਰੂ ਨਾਨਕ ਦੇਵ ਹਸਪਤਾਲ ਮਜੀਠਾ ਰੋਡ, ਅੰਮ੍ਰਿਤਸਰ ਵਿਖੇ ਸਵਾਸ ਤਿਆਗ ਗਏ। ਉਸ ਵੇਲੇ ਇਨ੍ਹਾਂ ਦੇ ਪੋਤਰੇ ਡਾ. ਨਵਪ੍ਰੀਤ ਸਿੰਘ ਤੇ ਇਨ੍ਹਾਂ ਦੀ ਨੂੰਹ ਬਲਵੰਤ ਕੌਰ ਨੇ ਆਖ਼ਰੀ ਧੜਕਨ ਸੁਣੀ।

◆

